

ਸਿੰਘਨਾਦ



ਗੁਰਤੇਜ ਸਿੰਘ

ਸਰਦਾਰ ਗੁਰਤੇਜ ਸਿੰਘ ਦੇ 'ਸਿੰਘਨਾਦ' ਵਿਚਲੇ ਲੇਖਾਂ ਦੀ ਵਿਲੱਖਣਤਾ ਅਤੇ ਵੱਡੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਇਤਿਹਾਸਕ, ਦਾਰਸ਼ਨਿਕ, ਰਾਜਨੀਤਕ ਅਤੇ ਧਰਮ-ਗ੍ਰੰਥ ਅਧਿਐਨ ਵਿਸ਼ਿਆਂ ਨੂੰ ਪਾਠਕ-ਪਾਲ ਸਾਹਿਤਕ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ। ਪੰਜਾਬੀ ਸਾਹਿਤ ਵਿਚ ਇਸ ਤਰਜ਼ ਦੀ ਲਿਖਤ ਪਹਿਲਾਂ ਸਿਰਫ਼ ਸਿਰਦਾਰ ਕਪੂਰ ਸਿੰਘ ਦੇ ਕੁਝ ਲੇਖਾਂ ਵਿਚ ਮਿਲਦੀ ਹੈ। ਉਪਰੰਤ ਇਸ ਰਚਨਾ-ਸ਼ੈਲੀ ਦੀ ਤਕਰੀਬਨ ਅਣਹੋਂਦ ਨੂੰ ਗੁਰਤੇਜ ਸਿੰਘ ਨੇ ਇਨ੍ਹਾਂ ਲੇਖਾਂ ਰਾਹੀਂ ਪੂਰਾ ਕੀਤਾ ਹੈ।

ਬੇਖ਼ੌਫ਼ ਹੋ ਕੇ ਬੋਲਣ, ਲਿਖਣ ਅਤੇ ਰੋਸ ਪ੍ਰਗਟ ਕਰਨ ਦੀ ਆਜ਼ਾਦੀ ਦੇ ਬੁਨਿਆਦੀ ਹੱਕ ਦੀ ਵਰਤੋਂ ਕਰਕੇ ਲੇਖਕ ਨੇ ਹਰ ਸੰਭਵ ਜੁਗਤ ਅਤੇ ਉਪਾਉ ਨਾਲ ਸਿਖ ਮਸਲੇ ਨੂੰ ਮੁਕੰਮਲ ਪਾਸਾਰ ਵਿਚ ਪਾਠਕਾਂ ਸਾਹਮਣੇ ਰੱਖਿਆ ਹੈ। ਗੁਰੂ ਤੋਂ ਬਖ਼ਸ਼ੇ ਸਿੱਖੀ, ਵਿਸਾਹ, ਭਰੋਸਾ ਅਤੇ ਨਾਮ ਦੇ ਦਾਨ ਤੋਂ ਮਿਲੀ ਬਰਕਤ ਨਾਲ ਲੇਖਕ ਨੇ ਝੂਠ ਤੋਂ ਤਮਾਮ ਪਰਦੇ ਲਾਹ ਕੇ ਸੱਚ ਨੂੰ ਬੇਨਕਾਬ ਕੀਤਾ ਹੈ ਤਾਂ ਕਿ ਮਨੁੱਖਤਾ ਪ੍ਰੇਮੀ ਧਰਮ ਪ੍ਰਾਇਣ ਹਿੰਦੂ ਅਤੇ ਦੁਨੀਆ ਭਰ ਦੇ ਲੋਕ ਵਿਸ਼ਵ ਕਲਿਆਣਕਾਰੀ ਸਿਖ ਧਰਮ ਦੇ ਪੈਰੋਕਾਰਾਂ ਦੀ ਦਰਦਨਾਕ ਹੋਣੀ ਦੀ ਹਕੀਕਤ ਨੂੰ ਸਮਝ ਕੇ ਜ਼ਮੀਰ ਦੀ ਆਵਾਜ਼ ਨਾਲ ਸਿੱਖਾਂ ਲਈ ਆਜ਼ਾਦ ਹਸਤੀ ਵਜੋਂ ਜੀਉਣ ਦੇ ਸਾਜ਼ਗਾਰ ਹਾਲਾਤ ਪੈਦਾ ਕਰਨ ਤਾਂ ਕਿ ਸਿਰਦਾਰ ਕਪੂਰ ਸਿੰਘ ਦੇ ਲਫ਼ਜ਼ਾਂ ਵਿਚ 'ਦਸਮ ਪਾਤਸ਼ਾਹ ਦਾ ਦੂਲਾ ਪੰਥ' ਸਮਸਤ ਸੰਸਾਰ ਨੂੰ ਟਕਰਾਉ, ਨਫ਼ਰਤ ਅਤੇ ਗਿਲਾਨੀ ਦੇ ਆਲਮ ਵਿੱਚੋਂ ਕੱਢਣ ਦਾ ਆਪਣਾ ਹੱਕੀ ਰੋਲ ਅਦਾ ਕਰ ਸਕੇ।



ਸਰਦਾਰ ਗੁਰਤੇਜ ਸਿੰਘ ਮਾਲਵੇ ਦੇ ਇਕ ਸਾਧਾਰਣ ਕਿਰਸਾਣ ਪਰਿਵਾਰ ਵਿਚ ਜਨਮੇ। ਸਕੂਲ, ਕਾਲਜ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਇਤਿਹਾਸ ਦੀ ਐਮ.ਏ. ਪਾਸ ਕੀਤੀ। ਫਿਰ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਅਤੇ ਗੁਰਮਤ ਕਾਲਜ, ਪਟਿਆਲਾ ਵਿਚ ਕੁਝ ਸਮਾਂ ਅਧਿਆਪਨ ਦੀ ਸੇਵਾ ਕੀਤੀ। ਫਿਰ ਆਈ.ਏ.ਐਸ. ਦਾ ਇਮਤਿਹਾਨ ਪਾਸ ਕਰ ਕੇ ਆਹਲਾ ਸਰਕਾਰੀ ਅਹੁਦਿਆਂ 'ਤੇ ਬਿਰਾਜਮਾਨ ਰਹੇ।

ਜ਼ਿੰਦਗੀ ਦੇ ਵਿਭਿੰਨ ਪੜਾਵਾਂ ਦੌਰਾਨ ਉਨ੍ਹਾਂ ਨੇ ਗੁਰਮਤ ਦਾ ਗੰਭੀਰ ਮੁਤਾਲਾ ਕੀਤਾ। ਖ਼ਾਲਸਾ ਪੰਥ ਨੂੰ ਸਹੀ ਮਨੋਰਥ ਵੱਲ ਤੋਰਨ ਲਈ ਉਹਨਾਂ ਸਿਖ-ਸਿਆਸਤ ਵਿਚ ਵੀ ਦਿਲਚਸਪੀ ਕਾਇਮ ਰੱਖੀ। ਧਰਮ ਯੁੱਧ ਮੋਰਚੇ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਜ਼ਦੀਕ ਰਹਿ ਕੇ ਸਿਖ ਕੌਮ ਦੇ ਵਰਤਮਾਨ ਇਤਿਹਾਸ ਵਿਚ ਆਪਣਾ ਯੋਗਦਾਨ ਪਾਇਆ ਭਾਰਤ ਸਰਕਾਰ ਉਨ੍ਹਾਂ ਦੀਆਂ ਸਰਗਰਮੀਆਂ ਬਰਦਾਸ਼ਤ ਨਾ ਕਰ ਸਕੀ। ਸਰਕਾਰ ਉਨ੍ਹਾਂ ਨੂੰ ਰਾਜ-ਕੋਪ ਦਾ ਸ਼ਿਕਾਰ ਬਣਾਉਣ ਦੀ ਵਿਉਂਤ ਬਣਾ ਹੀ ਰਹੀ ਸੀ ਕਿ ਸ. ਗੁਰਤੇਜ ਸਿੰਘ ਨੇ ਪ੍ਰਤਿਸ਼ਠਿਤ ਅਹੁਦੇ ਆਈ.ਏ.ਐਸ. ਤੋਂ ਝੱਟ ਅਸਤੀਫ਼ਾ ਦੇ ਦਿੱਤਾ।

ਉਨ੍ਹਾਂ ਦੀ ਬੌਧਿਕ ਯੋਗਤਾ ਅਤੇ ਪੰਥਕ ਸੇਵਾਵਾਂ ਨੂੰ ਧਿਆਨ 'ਚ ਰੱਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਉਨ੍ਹਾਂ ਨੂੰ 'ਪ੍ਰੋਫ਼ੈਸਰ ਔਵ ਸਿਖਇਜ਼ਮ' ਦਾ ਖ਼ਿਤਾਬ ਬਖ਼ਸ਼ਿਆ ਗਿਆ।

ਉਨ੍ਹਾਂ ਨੇ ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਦੀ ਸੰਗਤ ਦਾ ਆਨੰਦ ਮਾਣਿਆ ਹੈ। ਸਿਰਦਾਰ ਸਾਹਿਬ ਦੀ ਸ਼ਖ਼ਸੀਅਤ ਦੇ ਕੁਝ ਵਿਸ਼ੇਸ਼ ਗੁਣ ਸ. ਗੁਰਤੇਜ ਸਿੰਘ ਵਿਚ ਦੇਖੇ ਜਾ ਸਕਦੇ ਹਨ। ਇਸੇ ਕਾਰਣ ਮੌਜੂਦਾ ਸਿਖ ਦੌਰ ਵਿਚ ਸਿਰਦਾਰ ਸਾਹਿਬ ਦੀ ਪਿਰਤ ਨੂੰ ਅਗਾਂਹ ਤੋਰਨ ਵਾਲਾ ਸ. ਗੁਰਤੇਜ ਸਿੰਘ ਹੀ ਸਿਰਦਾਰ ਕਪੂਰ ਸਿੰਘ ਦਾ ਅਸਲ ਵਾਰਸ ਹੈ।

332ਵਾਂ ਪੰਨਾ-7 ਤੇ ਹੈ।

ਏਸੇ ਕਲਮ ਤੋਂ :

- *Sikhism : An Oecumenical Religion (1993) - Edited*
- *ਕਿਛੁ ਸੁਣੀਐ ਕਿਛੁ ਕਹੀਐ (1994)*
- *Episodes from the lives of the Guru (1995) - Co-authored*
- *Tandav of the Centaur (1997)*
- *Chakravyuh : Web of Indian Secularism (2000)*
- *ਸਿੱਖ ਚੇਤਨਾ ਤੇ ਭਗਤ ਸਿੰਘ (2001) - ਸੰਪਾਦਿਤ*
- *ਸ਼ਹੀਦ ਬਿਲਾਸ ਸੰਤ ਜਰਨੈਲ ਸਿੰਘ (2001) - ਸੰਪਾਦਿਤ*

SINGHNĀD

(A Collection of Articles on Socio-political Philosophy of Sikhism)

by

GURTEJ SINGH
(Professor of Sikhism)
742, Sector 8, Chandigarh
Tele : 0172-780449

ਸੰਪਾਦਕ :
ਹਰਪਾਲ ਸਿੰਘ
ਅਵਤਾਰ ਸਿੰਘ

ISBN 81-7205-266-9
ਪਹਿਲੀ ਵਾਰ ਜੂਨ 2002
ਮੁੱਲ : 180-00 ਰੁਪਏ

ਪ੍ਰਕਾਸ਼ਕ :
ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006


•

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ - 143 001
E-mail : singhbro@vsnl.com
Website : www.singhbrothers.com

ਪ੍ਰਿੰਟਰਜ਼ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਰਦਾਰਨੀ ਸੁਰਿੰਦਰਪਾਲ ਕੌਰ
ਰਾਹੀਂ ਪੰਜਾਬ ਦੀ ਸਿਦਕਵਾਨ ਨਾਰੀ ਨੂੰ,
ਜਿਸ ਦਾ ਸਬਰ ਸਦੀਆਂ ਤੋਂ ਪੰਜਾਬ ਦੀ ਅਣਖ
ਦਾ ਜਾਮਨ ਰਿਹਾ ਹੈ।

ਸਿੰਘਨਾਦ



ਗੁਰਤੇਜ ਸਿੰਘ

ਤਤਕਰਾ

ਜਾਣ-ਪਛਾਣ

ਸਿੱਖਾਂ ਦੇ ਧਾਰਮਿਕ, ਰਾਜਸੀ, ਸਮਾਜਿਕ ਤੇ ਸਭਿਆਚਾਰਕ ਮਸਲਿਆਂ ਨੂੰ ਅਕਾਦਮਿਕ ਪੱਧਰ 'ਤੇ ਸੋਚਣ ਤੇ ਸਮਝਣ ਵਾਲੇ ਸਿਖ ਹਲਕਿਆਂ ਵਿਚ ਸਰਦਾਰ ਗੁਰਤੇਜ ਸਿੰਘ ਦਾ ਨਾਂ ਕੋਈ ਓਪਰਾ ਨਹੀਂ ਹੈ। ਅਖ਼ਬਾਰਾਂ, ਰਸਾਲਿਆਂ, ਸੈਮੀਨਾਰਾਂ, ਕਾਨਫ਼ਰੰਸਾਂ ਅਤੇ ਕੋਈ ਅੱਧੀ ਦਰਜਨ ਦੇ ਕਰੀਬ ਪੁਸਤਕਾਂ ਰਾਹੀਂ ਉਹ ਸੁਹਿਰਦ ਤੇ ਸੂਝਵਾਨ ਸਿਖ ਵਿਦਿਅਕ ਹਲਕਿਆਂ ਵਿਚ ਹਰਮਨ ਪਿਆਰੇ ਅਤੇ ਸਤਿਕਾਰਯੋਗ ਸ਼ਖ਼ਸ ਵਜੋਂ ਮਕਬੂਲ ਹੋ ਚੁੱਕੇ ਹਨ।

ਸਰਦਾਰ ਗੁਰਤੇਜ ਸਿੰਘ ਨੇ ਮਾਲਵੇ ਦੇ ਧੁਰ ਕੇਂਦਰ ਵਿਚ ਇਕ ਪਿੰਡ ਦੇ ਕਿਰਸਾਣ ਪਰਿਵਾਰ ਵਿਚ ਜਨਮ ਲੈ ਕੇ ਪੇਂਡੂ ਜੀਵਨ ਦੇ ਹੁਲਾਰੇ ਮਾਣਦਿਆਂ ਆਪਣੀ ਮੁੱਢਲੀ ਵਿਦਿਆ ਗ੍ਰਹਿਣ ਕੀਤੀ। ਕਾਲਜ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਇਤਿਹਾਸ ਦੇ ਵਿਦਿਆਰਥੀ ਬਣੇ। ਫਿਰ ਉਨ੍ਹਾਂ ਕੁਝ ਚਿਰ ਅਧਿਆਪਨ ਦਾ ਕਾਰਜ ਵੀ ਕੀਤਾ; ਪਰ ਛੇਤੀ ਹੀ ਉਹ ਭਾਰਤ ਦੀ ਉੱਚ ਪਦਵੀ ਆਈ.ਏ.ਐੱਸ. ਵਿਚ ਚਲੇ ਗਏ। ਧਰਮ ਯੁੱਧ ਮੋਰਚੇ ਦੇ ਐਨ ਸਿਖਰ ਉੱਤੇ ਉਨ੍ਹਾਂ ਇਸ ਉੱਚ ਪਦਵੀ ਨੂੰ ਤਿਆਗ ਦਿੱਤਾ ਅਤੇ ਉਹ ਸਿਖ ਸਿਆਸਤ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਹਿਤ ਸਿਆਸਤ ਵਿਚ ਪ੍ਰਵੇਸ਼ ਕਰ ਗਏ।

ਦਰਅਸਲ ਸਰਦਾਰ ਗੁਰਤੇਜ ਸਿੰਘ ਦੀ ਜਾਣ-ਪਛਾਣ ਇਹ ਨਹੀਂ ਕਿ ਉਹ ਕਿਸ ਇਲਾਕੇ ਵਿਚ ਜੰਮੇ ਪਲੇ, ਕਿਸ ਸਕੂਲ ਵਿਚ ਵਿਦਿਆ ਗ੍ਰਹਿਣ ਕੀਤੀ ਅਤੇ ਜੀਵਨ ਰੋਜ਼ੀ ਕਮਾਉਂਦਿਆਂ ਕਿਨ੍ਹਾਂ ਥਾਵਾਂ 'ਤੇ ਵਿਚਰਦੇ ਰਹੇ; ਸਗੋਂ ਉਨ੍ਹਾਂ ਦੀ ਸ਼ਖ਼ਸੀਅਤ ਦੇ, ਇਨ੍ਹਾਂ ਆਮ ਗੱਲਾਂ ਤੋਂ ਹਟ ਕੇ, ਕੁਝ ਵੱਖਰੇ ਪਹਿਲੂ ਹਨ, ਜੋ ਉਨ੍ਹਾਂ ਦੀ ਸੱਚੀ ਜਾਣ-ਪਛਾਣ ਹਨ।

ਸਰਦਾਰ ਗੁਰਤੇਜ ਸਿੰਘ ਇਕ ਗੰਭੀਰ ਵਿਅਕਤੀ ਹਨ। ਉਨ੍ਹਾਂ ਦੀ ਗੰਭੀਰਤਾ ਉਸ ਕਿਸਮ ਦੀ ਨਹੀਂ, ਜਿਹੋ ਜਿਹੀ ਜ਼ਿੰਦਗੀ ਦੇ ਸਹਿਜ ਤੋਂ ਟੁੱਟੇ ਹੋਏ, ਬੌਧਿਕ ਘੁਮੰਡ ਦੇ ਸ਼ਿਕਾਰ, ਫ਼ਜ਼ੂਲ ਕਿਸਮ ਦੀਆਂ ਸੋਚਾਂ ਦੇ ਤਾਣੇ-ਬਾਣੇ ਵਿਚ ਉਲਝੇ ਹੋਏ ਉਦਾਸੀਨ ਫ਼ਿਲਾਸਫ਼ਰਾਂ ਦੀ ਹੁੰਦੀ ਹੈ। ਇਕ ਸਰਲ ਸੁਭਾਅ ਅਤੇ ਸੱਚੇ ਸਿਖ ਵਾਲੀ ਗੰਭੀਰਤਾ ਉਨ੍ਹਾਂ ਦੇ ਮੁਖੜੇ ਦਾ ਭੂਸ਼ਣ ਹੈ। ਬਹੁਤ ਘੱਟ, ਪਰ ਢੁਕਵੇਂ ਸਮਿਆਂ 'ਤੇ ਹਾਸੇ ਠੱਠੇ ਦੀ ਵਰਤੋਂ ਉਨ੍ਹਾਂ ਦੇ ਸੁਭਾਅ ਦਾ ਇਕ ਵਿਸ਼ੇਸ਼ ਲੱਛਣ ਹੈ। ਕਈ ਸਿਹਤਮੰਦ ਚੁਟਕਲੇ, ਸਜਿੰਦ ਵਾਕਿਆਤ ਅਤੇ ਰੂਹ ਅਫ਼ਜ਼ਾ ਖ਼ਿਆਲ ਉਨ੍ਹਾਂ ਦੀਆਂ ਯਾਦਾਂ ਦੀ ਝੋਲ ਦੇ ਸ਼ਿੰਗਾਰ ਹਨ। ਇਸ ਯਾਦਾਸ਼ਤ ਦੇ ਅਣਮੁੱਲੇ ਮੋਤੀ ਆਪਣੀ ਗੱਲਬਾਤ ਵਿਚ ਪਰੋ ਕੇ ਹਰ ਆਮ ਖ਼ਾਸ ਮਹਿਫ਼ਲਾਂ ਵਿਚ ਆਪਣੇ ਵਿਚਾਰਾਂ ਨੂੰ ਦ੍ਰਿੜ੍ਹ ਕਰਵਾਉਣ ਦੇ ਉਹ ਬੇਹੱਦ ਮਾਹਿਰ ਹਨ।

ਸੈਮੀਨਾਰਾਂ ਅਤੇ ਕਾਨਫ਼ਰੰਸਾਂ ਵਿਚ ਬੋਲਦਿਆਂ ਆਪਣੇ ਵਿਚਾਰਾਂ ਵਿਚ ਜਾਦੂਮਈ ਖਿੱਚ ਪੈਦਾ ਕਰ ਲੈਣੀ ਅਤੇ ਫਿਰ ਸਭ ਹਾਜ਼ਰ ਵਿਅਕਤੀਆਂ ਨੂੰ ਆਪਣੀ ਗੱਲ ਨਾਲ ਸਹਿਮਤ ਕਰ ਲੈਣ ਦਾ ਉਨ੍ਹਾਂ ਕੋਲ ਇਕ ਅਜੀਬ ਕ੍ਰਿਸ਼ਮਾ ਹੈ। ਸਾਦਾ ਅਤੇ ਸਾਫ਼ ਸੁਥਰੇ ਪਹਿਰਾਵੇ ਵਿਚ, ਸੋਹਣੀ ਫੱਬਤ ਵਾਲਾ, ਫੁਰਤੀਲਾ ਸਰਦਾਰ, ਜਦ ਕਿਸੇ ਦੀਵਾਨ ਵਿਚ ਮਾਈਕ ਸਾਹਮਣੇ ਖੜ੍ਹਾ ਹੁੰਦਾ ਹੈ ਤਾਂ ਸਿਖ ਸੰਗਤਾਂ ਦੇ ਮਨਾਂ ਵਿਚ ਉਸ ਨੂੰ ਦੇਖਣ ਅਤੇ ਸੁਣਨ ਦੀ ਬਰਾਬਰ ਅਤੇ ਅਸੀਮ ਉਤਸੁਕਤਾ ਪੈਦਾ ਹੁੰਦੀ ਹੈ। ਬੌਧਿਕ ਅਹੰਕਾਰ ਅਤੇ ਥੋਥੀ ਹੱਠ-ਧਰਮੀ ਤੋਂ ਪੂਰੀ ਤਰ੍ਹਾਂ ਮੁਕਤ ਸਰਦਾਰ ਜਦ ਗੁਰਸਿੱਖਾਂ ਵਾਲੀ ਨਿਮਰਤਾ ਅਤੇ ਮਿੱਠਤ ਭਰੇ ਬੋਲ ਸੰਗਤ ਵਿਚ ਉਚਾਰਦਾ ਹੈ ਤਾਂ ਉਸ ਦੇ ਦਲੀਲਮਈ ਅਤੇ ਉਕਤੀਆਂ ਯੁਕਤੀਆਂ ਨਾਲ ਭਰਪੂਰ ਸੁਤੰਤਰ ਖ਼ਿਆਲ ਹਰ ਕਿਸੇ ਦੇ ਮਨ ਨੂੰ ਕੀਲ ਲੈਂਦੇ ਹਨ।

ਸਰਦਾਰ ਗੁਰਤੇਜ ਸਿੰਘ ਦੀ ਲੇਖਣੀ ਵਿਚ ਵੀ ਇਕ ਅਜੀਬ ਕ੍ਰਿਸ਼ਮਾ ਹੈ; ਉਸਦਾ ਆਪਣਾ ਵੱਖਰਾ ਅਤੇ ਪੁਰਅਸਰ ਅੰਦਾਜ਼ ਹੈ। ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਹੋਣ ਤੋਂ ਲੈ ਕੇ ਅੱਜ ਤਕ ਅਖ਼ਬਾਰਾਂ, ਰਸਾਲਿਆਂ ਵਿਚ ਉਸਦੇ ਲੇਖ ਛਪਦੇ ਰਹੇ ਹਨ। ਇਨ੍ਹਾਂ ਲੇਖਾਂ ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਹਰ ਕਿਸਮ ਦੀ ਬੌਧਿਕ ਵੰਗਾਰ ਨੂੰ ਕਬੂਲਿਆ ਹੈ ਅਤੇ ਉਸਦਾ ਢੁਕਵਾਂ ਉੱਤਰ ਵੀ ਦਿੱਤਾ ਹੈ। 1982-83 ਵਿਚ ਜਦੋਂ ਹਿੰਦੁਸਤਾਨ ਦੀ ਬਹੁ-ਗਿਣਤੀ ਦੀ ਬੋਲੀ ਬੋਲਣ ਵਾਲੇ ਪੱਤਰਕਾਰ, ਲੇਖਕ ਅਤੇ ਸਿਆਸਤਦਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ 'ਤੇ ਕਈ ਤਰ੍ਹਾਂ ਦਾ ਚਿੱਕੜ ਉਛਾਲ ਰਹੇ ਸਨ ਅਤੇ ਸਰਕਾਰ ਨੂੰ ਉਕਸਾ ਰਹੇ ਸਨ ਕਿ ਸੰਤ ਜੀ ਨੂੰ ਮਾਰ ਮੁਕਾ ਕੇ, ਕੋਈ ਕਾਰਵਾਈ ਕਰਕੇ, ਦਰਬਾਰ ਸਾਹਿਬ 'ਤੇ ਭਰਪੂਰ ਹਮਲਾ ਕਰਕੇ ਸਿੱਖਾਂ ਦੀਆਂ ਸਭ ਪ੍ਰਕਾਰ ਦੀਆਂ ਗਤੀਵਿਧੀਆਂ ਦਾ ਖ਼ਾਤਮਾ ਕੀਤਾ ਜਾਵੇ, ਤਾਂ ਉਸ ਵਕਤ ਸਰਦਾਰ ਗੁਰਤੇਜ ਸਿੰਘ ਨੇ ਇਕ ਲੇਖ ਲਿਖ ਕੇ ਹਿੰਦੁਸਤਾਨ ਦੀ ਸਰਕਾਰ ਅਤੇ ਇਸ ਦੇ ਪਿੱਠ-ਠੋਕਿਆਂ ਨੂੰ ਜ਼ਬਰਦਸਤ ਚਿਤਾਵਨੀ ਦਿੱਤੀ ਸੀ ਕਿ ਦਰਬਾਰ ਸਾਹਿਬ 'ਤੇ ਕੀਤਾ ਹਮਲਾ ਹਿੰਦੁਸਤਾਨ ਦੀ ਆਪਣੀ ਟੁੱਟ ਭੱਜ ਅਤੇ ਖ਼ਾਤਮੇ ਦੀ ਸ਼ੁਰੂਆਤ ਹੋਵੇਗਾ। ਭਾਵੇਂ ਉਸ ਵੇਲੇ ਰਾਜ ਸੱਤਾ 'ਤੇ ਕਾਬਜ਼ ਅਸੀਮ ਸ਼ਕਤੀਆਂ ਦੇ ਅਫ਼ੀਮ ਜਿਹੇ ਨਸ਼ੇ ਵਿਚ ਧੁਤ, ਅਕਾਲ ਪੁਰਖ ਦੇ ਅਦਲੀ ਸੁਭਾਅ ਤੋਂ ਅਣਜਾਣ, ਲੋਕਾਂ ਨੇ ਇਸ ਕਥਨ ਨੂੰ ਅਤਕਥਨੀ ਹੀ ਸਮਝਿਆ, ਪਰ ਕਈ ਸੂਝਵਾਨ ਅਤੇ ਦੂਰਦਰਸ਼ ਲੋਕਾਂ ਨੇ ਇਸ ਕਥਨ ਵਿਚ ਨਿਹਿਤ ਚਟਾਨ ਵਰਗੇ ਸੱਚ ਨੂੰ ਭਾਂਪ ਲਿਆ ਸੀ; ਇਹ ਉਹੀ ਸੱਚ ਹੈ ਜਿਧਰ ਨੂੰ ਅੱਜ ਹਿੰਦੁਸਤਾਨ ਦਿਨ ਪ੍ਰਤੀ ਦਿਨ ਵਧ ਰਿਹਾ ਹੈ। ਸਰਦਾਰ ਗੁਰਤੇਜ ਸਿੰਘ ਦੀ ਲੇਖਣੀ ਵਿਚ ਕਈ ਗੁਣਾਂ ਦਾ ਮਿਸ਼ਰਣ ਹੈ; ਪਰਬਤਾਂ ਦੀਆਂ ਚੋਟੀਆਂ ਜਿਹੀ ਬੁਲੰਦੀ, ਝਰਨਿਆਂ ਜਿਹੀ ਨਿਰਮਲਤਾ, ਦਰਿਆਵਾਂ ਜਿਹਾ ਵੇਗ, ਕਿਸੇ ਅਨੰਤ ਝੀਲ ਵਰਗੀ ਗੰਭੀਰਤਾ ਅਤੇ ਸਾਗਰਾਂ ਜਿਹਾ ਠਰ੍ਹੰਮਾ ਉਸ ਦੀ ਲੇਖਣੀ ਦੇ ਅਲੰਕਾਰ ਹਨ।

ਸਰਦਾਰ ਗੁਰਤੇਜ ਸਿੰਘ ਦੀਆਂ ਲਿਖਤਾਂ ਪੜ੍ਹਨ ਉਪਰੰਤ ਮਲੂਮ ਹੁੰਦਾ ਹੈ ਕਿ ਉਸ ਦੀ ਦਲੀਲ ਪਿੱਛੇ ਕੋਈ ਓਪਰਾ ਜਾਂ ਪੇਤਲੀ ਕਿਸਮ ਦਾ ਪਾਠ ਪਠਨ ਨਹੀਂ ਹੈ, ਸਗੋਂ ਅਨੇਕ ਫ਼ਲਸਫ਼ਿਆਂ, ਧਰਮਾਂ ਅਤੇ ਇਤਿਹਾਸ ਦਾ ਅਗਾਧ ਬੋਧ ਉਸ ਦੀ ਸੋਚ ਨੂੰ ਦਲੇਰੀ ਅਤੇ ਨਿੱਗਰਤਾ ਪ੍ਰਦਾਨ ਕਰਦਾ ਹੈ। ਉਸ ਦੀਆਂ ਲਿਖਤਾਂ ਕਿਸੇ ਜਨ ਸਮੂਹਾਂ ਅਤੇ ਕੌਮਾਂ ਦੇ ਆਪਸੀ ਮੁੱਠ-ਭੇੜ, ਟਕਰਾ ਅਤੇ ਸ੍ਵੈ-ਵਿਰੋਧਾਂ ਦਾ ਸਤੱਹੀ ਕਿਸਮ ਦਾ ਹੀ ਹੱਲ ਨਹੀਂ ਦੱਸਦੀਆਂ; ਸਗੋਂ ਸਾਨੂੰ ਜਾਣੂ ਕਰਾਉਂਦੀਆਂ ਹਨ ਕਿ ਕੌਮਾਂ ਦੇ ਆਪਣੇ ਧਰਮਾਂ, ਵਿਸ਼ਵਾਸਾਂ

ਅਤੇ ਅਕੀਦਿਆਂ ਵਿਚ ਨਿਹਿਤ ਉਹ ਕਿਹੜੇ ਮਾਰੂ ਤੱਥ ਹਨ, ਜਿਨ੍ਹਾਂ ਨੇ ਮਨੁੱਖੀ ਰੁਚੀਆਂ ਅਤੇ ਕੌਮਾਂ ਦੇ ਸੁਭਾਅ ਦਾ ਨਿਰਮਾਣ ਇਸ ਢੰਗ ਦਾ ਕੀਤਾ ਕਿ ਉਹ ਇਕ ਦੂਸਰੇ ਨੂੰ ਨਸ਼ਟ-ਭ੍ਰਸ਼ਟ ਕਰਨ ਜਾਂ ਮਾਰ ਮੁਕਾਉਣ ਦੇ ਮਨਸੂਬੇ ਘੜਨ ਤੋਂ ਇਲਾਵਾ ਹੋਰ ਕੋਈ ਨਿਰਮਲ ਭਾਵਨਾ ਇਖ਼ਤਿਆਰ ਹੀ ਨਹੀਂ ਕਰ ਸਕਦੀਆਂ। ਇਹ ਸਰਦਾਰ ਗੁਰਤੇਜ ਸਿੰਘ ਦਾ ਵਿਸ਼ਾਲ ਅਧਿਐਨ ਹੀ ਹੈ, ਜਿਸ ਕਰਕੇ ਉਸ ਦੀਆਂ ਲਿਖਤਾਂ ਨੂੰ ਪੜ੍ਹਨ ਵਾਲੇ ਪਾਠਕ ਜਨ ਪੰਛੀਆਂ ਵਾਂਗ ਉੱਚੀਆਂ ਉਡਾਰੀਆਂ ਦਾ ਅਨੰਦ ਮਾਣਦੇ ਹਨ ਅਤੇ ਸ਼ੇਰਾਂ ਜਿਹੀ ਜ਼ਿੰਦਾ-ਦਿਲੀ ਅਤੇ ਦਲੇਰੀ ਨਾਲ ਸਾਂਝ ਪਾਉਂਦੇ ਹਨ।

ਸਰਦਾਰ ਗੁਰਤੇਜ ਸਿੰਘ ਇਤਿਹਾਸ ਦਾ ਵਿਦਿਆਰਥੀ ਹੋਣ ਕਰਕੇ ਇਤਿਹਾਸ ਦੀਆਂ ਸੂਖਮ ਰਮਜ਼ਾਂ ਦਾ ਜਾਣੂ ਹੈ; ਉਸ ਨੇ ਸਿਖ ਇਤਿਹਾਸ ਦੀ ਹਰ ਘਟਨਾ ਨੂੰ ਬਰੀਕ ਬੀਨੀ ਨਾਲ ਵਾਚਿਆ ਹੈ। ਉਹ ਹਮੇਸ਼ਾ ਇਤਿਹਾਸ ਦੇ ਸਨਮੁਖ ਹੋ ਕੇ ਵਰਤਮਾਨ ਹਾਲਾਤ ਬਾਬਤ ਕੋਈ ਟਿਪਣੀ ਕਰਦਾ ਹੈ। ਸਿਖ ਇਤਿਹਾਸ ਦੇ ਹਰ ਵਾਕਿਆ ਦੀ ਦਾਸਤਾਂ ਉਸ ਨੂੰ ਕੱਲ੍ਹ ਦੀ ਗੱਲ ਵਾਂਗ ਯਾਦ ਹੈ। ਸਿਖ ਸਿਧਾਂਤ ਨੂੰ ਸਮਝਣ ਲਈ ਉਸ ਨੇ ਗੁਰਬਾਣੀ ਦਾ ਗੂੜ੍ਹ ਮੁਤਾਲਿਆ ਕੀਤਾ ਹੈ। ਉਸ ਦੇ ਲੇਖਾਂ ਵਿਚ ਗੁਰਬਾਣੀ ਦੇ ਕਈ ਸ਼ਬਦਾਂ ਅਤੇ ਤੁਕਾਂ ਦੀ ਬੜੀ ਖ਼ੂਬਸੂਰਤ ਵਿਆਖਿਆ ਕੀਤੀ ਹੋਈ ਅਸੀਂ ਅਕਸਰ ਦੇਖ ਸਕਦੇ ਹਾਂ। ਅਮੁਕ ਸ਼ਰਧਾ ਅਤੇ ਕਠਿਨ ਤਪੱਸਿਆ ਜਿਹੀ ਸਖ਼ਤ ਘਾਲਣਾ ਸਦਕਾ ਉਸ ਨੇ ਇਹ ਹੁਨਰ ਹਾਸਲ ਕੀਤਾ ਹੈ। ਗੁਰਬਾਣੀ ਦੀ ਮਨਮੋਹਕ ਪੁਸ਼ਾਕ ਵਿਚ ਸਜੇ ਅਟੱਲ ਸਿੱਖੀ ਸਿਧਾਂਤ ਦੀ ਨਕਸ਼-ਨੁਹਾਰ ਨੂੰ ਪਕੜਨ ਦੇ ਹੁਨਰ ਪਿੱਛੇ ਭਾਈ ਸਾਹਿਬ ਸਿਰਦਾਰ ਕਪੂਰ ਸਿੰਘ, ਨੈਸ਼ਨਲ ਪ੍ਰੋਫ਼ੈਸਰ ਔਵ ਸਿਖਇਜ਼ਮ ਦੀ ਲੰਮੀ ਸੰਗਤ ਦੇ ਅਸਰ ਨੂੰ ਤਾਂ ਉਹ ਖ਼ੁਦ ਵੀ ਕਬੂਲਦੇ ਹਨ; ਅਤੇ ਇਸ ਗੱਲ ਵਿਚ ਫ਼ਖ਼ਰ ਵੀ ਮਹਿਸੂਸ ਕਰਦੇ ਹਨ। ਸਰਦਾਰ ਗੁਰਤੇਜ ਸਿੰਘ ਦੱਸਦੇ ਹਨ ਕਿ ਇਕ ਸਮੇਂ ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਨੇ ਖ਼ੁਦ ਉਨ੍ਹਾਂ ਜ਼ਿੰਮੇ ਇਹ ਸੇਵਾ ਲਗਾਈ ਸੀ ਕਿ ਕਦੀ ਸਿਖ ਸਿਧਾਂਤ ਦਾ ਪੱਲਾ ਨਹੀਂ ਛੱਡਣਾ ਅਤੇ ਜਦ ਕਦੀ ਐਸਾ ਮਹਿਸੂਸ ਹੋਵੇ ਕਿ ਸਿਖ ਸਿਆਸਤ ਦਾ ਕੋਈ ਧੜਾ ਆਪਣੇ ਸੌੜੇ ਰਾਜਨੀਤਿਕ ਹਿਤਾਂ ਨੂੰ ਸਾਹਮਣੇ ਰੱਖ ਕੇ ਸਿਖ ਸਿਧਾਂਤ ਨੂੰ ਤੋੜ-ਮਰੋੜ ਰਿਹਾ ਹੈ ਜਾਂ ਸਹਿਵਨ ਹੀ ਸਿਖ ਸਿਧਾਂਤ ਦੀ ਗ਼ਲਤ ਵਿਆਖਿਆ ਹੋ ਰਹੀ ਹੈ ਤਾਂ ਉਥੇ ਸ਼ੁਧ ਸਿੱਖੀ ਸਿਧਾਂਤ ਨੂੰ ਕਾਇਮ ਰੱਖਣ ਲਈ, ਅਕਾਲ ਪੁਰਖ ਦੇ ਆਸਰੇ, ਚਟਾਨ ਵਾਂਗ ਅੜ ਜਾਣਾ ਹੈ ਅਤੇ ਕਿਸੇ ਦਾ ਵੀ ਡਰ ਭਉ ਮਨ ਵਿਚ ਨਹੀਂ ਰੱਖਣਾ। ਇਸ ਕਰਕੇ ਜਦ ਕਦੀ ਸਿੱਖਾਂ ਦੀ ਵਰਤਮਾਨ ਜੱਦੋ-ਜਹਿਦ ਦੀ ਗੱਲ ਛਿੜਦੀ ਹੈ ਤਾਂ ਉਹ ਸਿਖ ਸਿਧਾਂਤ ਦੇ ਪਹਿਰੇਦਾਰ ਅਤੇ ਅਲਮਬਰਦਾਰ ਦੇ ਰੂਪ ਵਿਚ ਸਾਮ੍ਹਣੇ ਆਉਂਦੇ ਹਨ। ਇਤਿਹਾਸ ਵਿਚ ਸਿਧਾਂਤ ਦੇਖਣਾ ਅਤੇ ਸਿਧਾਂਤ ਵਿਚ ਇਤਿਹਾਸ ਦੇਖਣਾ ਉਨ੍ਹਾਂ ਦਾ ਰੁਝਾਨ ਹੈ।

ਆਪਣੇ ਨਿੱਜੀ ਹਿੱਤਾਂ ਨੂੰ ਸਾਹਮਣੇ ਰੱਖ ਕੇ, ਅੰਤਹਕਰਣ ਵਿਚ ਵੱਸ ਚੁੱਕੇ ਕਿਸੇ ਨਿਰਮੂਲ ਭੈ ਕਾਰਣ "ਜੂਝ ਮਰਉ ਤਉ ਸਾਚ ਪਤੀਜੈ" ਦੇ ਸਿਧਾਂਤ ਨੂੰ ਤਿਲਾਂਜਲੀ ਦੇ ਕੇ, ਮੌਕਾ ਦੇਖ ਕੇ, ਲੋੜ ਮੁਤਾਬਿਕ ਬਦਲ ਜਾਣ ਨੂੰ ਅਸਲ ਰਾਜਨੀਤੀ ਜਾਣਨ ਵਾਲੇ ਅਤੇ ਝੂਠ, ਫ਼ਰੇਬ ਅਤੇ ਦੰਭ ਨੂੰ ਰਾਜਨੀਤੀ ਦੀ ਖ਼ੁਰਾਕ ਸਮਝਣ ਵਾਲੇ ਕਿਸੇ ਵੀ ਵਿਅਕਤੀ ਨਾਲ ਉਨ੍ਹਾਂ ਦੀ ਸਾਂਝ ਨਹੀਂ ਪੁਗ ਸਕਦੀ। ਉਸ ਨੂੰ ਕੂੜਿਆਰਾਂ ਨਾਲ ਦੋਸਤੀ ਨਾ ਪੁਗ ਸਕਣ ਕਾਰਨ "ਸਚਿਆਰ ਸਿਖ ਬੈਠੇ ਸਤਿਗੁਰ ਪਾਸਿ" ਦੇ ਮਹਾਂਵਾਕ 'ਤੇ ਦ੍ਰਿੜ੍ਹ ਰਹਿਣ ਸਦਕਾ

ਅੱਜ ਦੇ ਰਾਜਨੀਤਕ ਪਿੜਾਂ ਅੰਦਰ ਇਕ ਪਛੜਿਆ ਹੋਇਆ ਵਿਅਕਤੀ ਵੀ ਕਿਹਾ ਜਾ ਸਕਦਾ ਹੈ; ਕਿਉਂਜੁ ਪੰਥਕ ਸਫ਼ਾਂ ਅੰਦਰ ਕੁਝ ਇਹੋ ਜਿਹੇ ਵਿਅਕਤੀ ਹਮੇਸ਼ਾ ਹੀ ਘੁਸਪੈਠ ਕਰੀ ਰੱਖਦੇ ਹਨ, ਜੋ ਪੰਥ ਵਿਚ ਕਿਸੇ ਈਮਾਨਦਾਰ, ਸੁਲਝੇ ਹੋਏ, ਸਿਦਕਵਾਨ, ਪੜ੍ਹੇ-ਲਿਖੇ ਅਤੇ ਪੰਥ ਲਈ ਕੁਝ ਕਰ ਗੁਜ਼ਰਨ ਵਾਲੇ ਵਿਅਕਤੀ ਨੂੰ ਬਦਨਾਮ ਕਰਕੇ ਰਾਜਨੀਤੀ 'ਚੋਂ ਬਾਹਰ ਧਕੇਲਣ ਲਈ ਤਤਪਰ ਰਹਿੰਦੇ ਹਨ। ਇਹੋ ਜਿਹੇ ਸਮੇਂ ਸਰਦਾਰ ਗੁਰਤੇਜ ਸਿੰਘ ਪੰਥ ਘਾਤੀਆਂ ਦੇ ਅਤਿ ਨਿੰਦਣੀ ਮਨਸੂਬਿਆਂ ਦਾ ਪਰਦਾ ਫਾਸ਼ ਕਰਨ ਦੀ ਮਹਾਨ ਸੇਵਾ ਨਿਭਾਉਂਦੇ ਹਨ। ਉਹ ਦ੍ਰਿੜ੍ਹਤਾ ਨਾਲ ਸੱਚੀ ਗੱਲ ਕਹਿਣ ਤੋਂ ਕਦੀ ਡਰਦੇ ਨਹੀਂ ਹਨ।

ਸਰਦਾਰ ਗੁਰਤੇਜ ਸਿੰਘ ਨੇ ਸਿਖ ਸਿਆਸਤ ਅਤੇ ਸਿਖ ਜੱਦੋ-ਜਹਿਦ ਦਾ ਮੁਕੰਮਲ ਲੇਖਾ-ਜੋਖਾ ਕੀਤਾ ਹੈ। ਹਰ ਪ੍ਰਕਾਰ ਦੀ ਪੰਥਕ ਕਾਰਗੁਜ਼ਾਰੀ ਦਾ ਪੂਰਨ ਵੇਰਵਾ ਉਨ੍ਹਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਉਨ੍ਹਾਂ ਨੇ ਪੰਥ ਦੀ ਹਰ ਪੀੜ੍ਹੀ ਦਾ ਮਾਰਗ ਦਰਸ਼ਨ ਕਰਨ ਦਾ ਯਤਨ ਕੀਤਾ ਹੈ। ਇਸ ਯੋਜਨਾ ਵਿਚ ਉਨ੍ਹਾਂ ਅੰਗਰੇਜ਼ੀ ਭਾਸ਼ਾ ਵਿਚ ਸਿਖ ਸ਼ਹੀਦਾਂ ਬਾਬਤ ਬੜੀਆਂ ਉੱਚ ਕੋਟੀ ਦੀਆਂ ਕਹਾਣੀਆਂ ਲਿਖੀਆਂ ਹਨ, ਜੋ ਉਨ੍ਹਾਂ ਦੇ ਲੇਖਣੀ-ਅੰਦਾਜ਼ ਦੇ ਕਮਾਲ ਦੀ ਮਿਸਾਲ ਹਨ।

ਸਰਦਾਰ ਗੁਰਤੇਜ ਸਿੰਘ ਦਾ ਸਮੁੱਚਾ ਜੀਵਨ ਪੰਥ ਨੂੰ ਸਮਰਪਿਤ ਹੈ। ਉਨ੍ਹਾਂ ਨੇ ਸਮੁੱਚਾ ਗਿਆਨ ਸਿੱਖੀ ਦੀ ਰੌਸ਼ਨੀ ਵਿਚ ਪ੍ਰਾਪਤ ਕੀਤਾ ਹੈ। ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਤੋਂ ਬਾਅਦ ਉਹ ਦੂਜੇ ਵਿਅਕਤੀ ਹਨ, ਜਿਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਤੋਂ 'ਪ੍ਰੋਫ਼ੈਸਰ ਔਵ ਸਿੱਖਇਜ਼ਮ' ਦੇ ਮਹਾਨ ਖ਼ਿਤਾਬ ਨਾਲ ਨਿਵਾਜਿਆ ਗਿਆ ਹੈ।

ਸਰਦਾਰ ਗੁਰਤੇਜ ਸਿੰਘ ਅੱਜ ਦੇ ਸਮੇਂ ਵਿਚ ਸਿਖ ਜੱਦੋ-ਜਹਿਦ ਦਾ ਚੇਤੰਨ ਨਿਗਾਹਬਾਨ ਵੀ ਹੈ ਅਤੇ ਸਿਖ ਦੂਰ-ਦ੍ਰਿਸ਼ਟੀਵੇਤਾ ਵੀ। ਅਨਿਨ ਸ਼ਰਧਾ, ਅਮੁਕ ਵਿਸ਼ਵਾਸ, ਇਕਾਗਰਤਾ ਅਤੇ ਸੁਚੇਤ ਰੂਪ ਵਿਚ ਸਿਖ ਸਿਧਾਂਤ 'ਤੇ ਪਹਿਰਾ ਦਿੰਦਿਆਂ ਉਹ ਸਿਰਦਾਰ ਕਪੂਰ ਸਿੰਘ ਦਾ ਅਸਲ ਵਾਰਿਸ ਹੈ।

ਸਿੰਘਨਾਦ ਸ: ਗੁਰਤੇਜ ਸਿੰਘ ਦੀ ਇਕ ਨਵੇਕਲੀ ਪੁਸਤਕ ਹੈ। ਵਿਸ਼ੇ ਦੀ ਵਿਵਿਧਤਾ ਅਤੇ ਨਵੇਕਲੀ ਨੁਹਾਰ ਪੱਖੋਂ ਉੱਚ-ਕੋਟੀ ਦੀਆਂ ਪੰਜਾਬੀ ਪੁਸਤਕਾਂ ਵਿਚ ਇਸ ਨੂੰ ਸ਼ੁਮਾਰ ਕੀਤਾ ਜਾ ਸਕਦਾ ਹੈ। ਇਸ ਵਿਚ ਅਕੱਟ ਦਲੀਲਾਂ ਦੀ ਨੋਕ 'ਤੇ ਧਰੇ ਵਿਚਾਰਾਂ ਦੇ ਸੋਮੇ ਫੁਟ ਫੁਟ ਪੈਂਦੇ ਹਨ। ਸ਼ੈਲੀ ਅਤੇ ਸ਼ਬਦ-ਚੋਣ ਪਿੱਛੇ ਪੰਜਾਬ ਦੇ ਪੇਂਡੂ ਜੀਵਨ ਦਾ ਗੰਭੀਰ ਅਨੁਭਵ ਜ਼ਾਹਿਰ ਹੈ। ਇਨ੍ਹਾਂ ਲੇਖਾਂ ਵਿਚ ਲੇਖਕ ਦਾ ਗੁਰਮਤਿ ਨਾਲ ਰਿਸ਼ਤਾ ਨਾ ਤਾਂ ਅੰਨ੍ਹੀ ਸ਼ਰਧਾ ਵਾਲਾ ਹੈ ਅਤੇ ਨਾ ਹੀ ਸਨਕੀ ਬੌਧਿਕਤਾ ਵਾਲਾ। ਵਿਸ਼ਾਲ ਅਧਿਐਨ, ਗੰਭੀਰ ਅਨੁਭਵ ਅਤੇ ਸੁਹਿਰਦ ਭਾਵਨਾ ਰਾਹੀਂ ਲੇਖਕ ਨੇ ਸਿੱਖੀ ਨਾਲ ਰਿਸ਼ਤਾ ਜੋੜਿਆ ਹੈ। ਵਿਰਸੇ ਵਿਚ ਮਿਲੀ ਅਮੁਕ ਸ਼ਰਧਾ ਅਤੇ ਵਿਸ਼ਵਾਸ ਪੁਸਤਕ ਵਿਚ ਪੇਸ਼ ਵਿਵੇਚਨ ਦੀ ਪਿਠ ਭੂਮੀ ਵਜੋਂ ਕ੍ਰਿਆਸ਼ੀਲ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਰਦਾਰ ਗੁਰਤੇਜ ਸਿੰਘ ਨੂੰ 'ਪ੍ਰੋਫ਼ੈਸਰ ਔਵ ਸਿੱਖਇਜ਼ਮ' ਦਾ ਮਹਾਨ ਖ਼ਿਤਾਬ ਦੇ ਕੇ, ਸਿਖ ਸਿਧਾਂਤ ਉੱਤੇ ਪਹਿਰਾ ਦੇਣ ਦੀ ਜੋ ਜ਼ਿੰਮੇਵਾਰੀ ਸੌਂਪੀ ਗਈ ਸੀ, ਇਹ ਲੇਖ ਇਸ ਜ਼ਿੰਮੇਵਾਰੀ ਨੂੰ ਪੂਰੀ ਲਗਨ ਅਤੇ ਤਨਦੇਹੀ ਨਾਲ ਨਿਭਾਉਣ ਦੇ ਜ਼ਾਮਨ ਹਨ।

ਇਸ ਲੇਖ-ਸੰਗ੍ਰਹਿ ਨੂੰ ਪੁਸਤਕ ਰੂਪ ਵਿਚ ਛਾਪ ਕੇ ਪਾਠਕਾਂ ਤਕ ਅਪੜਾਉਣ ਦਾ ਕਾਰਜ ਮਨੋਰਥ ਰਹਿਤ ਨਹੀਂ। ਬਿਬੇਕਮਈ ਦਲੀਲ ਨੂੰ ਮਸਤਕ ਝੁਕਾਉਣ ਵਾਲੇ, ਪੰਜਾਬੀ ਭਾਸ਼ਾ ਦੀ ਖ਼ੂਬਸੂਰਤ, ਠੁਕ ਅਤੇ ਦਰਿਆਵਾਂ ਜਿਹੇ ਰੌਂ ਨੂੰ ਤੱਕ ਕੇ ਅਸ਼ ਅਸ਼ ਕਰਨ ਵਾਲੇ ਪਾਠਕਾਂ ਦੀ ਸੇਵਾ ਵਿਚ ਇਹ ਪੁਸਤਕ ਅਰਪਣ ਕੀਤੀ ਜਾ ਰਹੀ ਹੈ। ਆਪਣੇ ਵਿਚਾਰਾਂ ਦੀ ਪੇਸ਼ਕਾਰੀ ਵਿਚ ਨਿਡਰਤਾ ਅਤੇ ਨਿਰਮਾਣਤਾ ਦਾ ਸੁਮੇਲ, ਸ਼ਬਦਾਂ ਦੀ ਸਹੀ ਚੋਣ ਅਤੇ ਜੜਤ, ਭਾਸ਼ਾ ਦੀ ਚੋਟ ਟਿਕਾਣੇ 'ਤੇ ਮਾਰਨ ਲਈ ਵਿਸ਼ੇਸ਼ ਵਾਕ ਬਣਤਰ ਅਤੇ ਪੁਰਅਸਰ ਵਿਅੰਗ ਦੀ ਵਰਤੋਂ ਇਸ ਪੁਸਤਕ ਦੀਆਂ ਜ਼ਿਕਰਯੋਗ ਖ਼ੂਬੀਆਂ ਹਨ।

ਇਸ ਪੁਸਤਕ ਵਿਚ ਦਰਜ ਲੇਖਾਂ ਦੀ ਪ੍ਰਸੰਗਿਕਤਾ ਦੇ ਸੰਬੰਧ ਵਿਚ ਸਰਦਾਰ ਗੁਰਤੇਜ ਸਿੰਘ ਦੀਆਂ ਪਿਛਲੇ ਚੌਂਹ ਸਾਲਾਂ ਵਿਚ ਛਪੀਆਂ ਦੋ ਅੰਗਰੇਜ਼ੀ ਪੁਸਤਕਾਂ ਦਾ ਜ਼ਿਕਰ ਕਰਨਾ ਬੇਹੱਦ ਜ਼ਰੂਰੀ ਹੈ। ਇਨ੍ਹਾਂ ਦੇ ਨਾਂ ਹਨ : ***Tandav of the Centaur*** ਅਤੇ ***Chakravyuh***. ਦੋਵੇਂ ਹੀ ਨਾਂ ਤਬਾਹੀ ਅਤੇ ਮੌਤ ਦਾ ਪ੍ਰਤੀਕ ਹਨ। ਪਹਿਲੀ ਕਿਤਾਬ ਵਿਚ ਸੁਤੰਤਰਤਾ ਸੰਘਰਸ਼ ਦੀਆਂ ਪ੍ਰਚੱਲਤ ਧਾਰਨਾਵਾਂ ਦੀ ਪਰਖ ਤੋਂ ਲੈ ਕੇ ਮੌਜੂਦਾ ਸਮੇਂ ਤਕ ਸਿੱਖਾਂ ਵਿਰੁੱਧ ਅਪਣਾਈਆਂ ਗਈਆਂ ਸਾਜ਼ਿਸ਼ੀ ਨੀਤੀਆਂ ਦਾ ਵੇਰਵਾ ਇਤਿਹਾਸ ਦੇ ਰੂਪ ਵਿਚ ਪੇਸ਼ ਕੀਤਾ ਗਿਆ। ਇਹ ਵਿਸ਼ਾ ਲੇਖਕ ਦਾ ਮਨ-ਭਾਉਂਦਾ ਹੈ, ਕਿਉਂਕਿ ਇਸ ਦੌਰ ਦੀਆਂ ਘਟਨਾਵਾਂ ਦੀ ਚੂਲ ਦੁਆਲੇ ਉਹ ਬਹੁ-ਗਿਣਤੀ ਹਿੰਦੂ ਮਾਨਸਿਕਤਾ ਘੁੰਮਦੀ ਹੈ, ਜੋ ਇਤਿਹਾਸ ਨੂੰ ਲਗਾਤਾਰ ਭੰਨ-ਤੋੜ ਕੇ ਅਤੇ ਮੁਲੰਮਾ ਚਾੜ੍ਹ ਕੇ ਪੇਸ਼ ਕਰਨ ਲਈ ਕ੍ਰਿਆਸ਼ੀਲ ਰਹਿੰਦੀ ਹੈ। ਜਿਵੇਂ ਸ਼ਿਵਜੀ ਦਾ ਤਾਂਡਵ ਨਾਚ ਤਬਾਹੀ ਅਤੇ ਪਰਲੋ ਦਾ ਐਲਾਨ ਹੈ, ਉਵੇਂ ਭਾਰਤੀ ਰਾਜ ਬਣਤਰ ਨਿਰਪੱਖ ਰਾਜ ਦੇ ਪਰਦੇ ਉਹਲੇ ਸਿਖ ਧਰਮ ਅਤੇ ਸਿਖ ਕੌਮ ਦੀ ਅਧੋਗਤੀ ਅਤੇ ਸਰਵਨਾਸ਼ ਦਾ ਅਣ-ਐਲਾਨਿਆ ਬੰਦੋਬਸਤ ਵਿਢਿਆ ਹੋਇਆ ਹੈ।

ਦੂਜੀ ਕਿਤਾਬ *ਚੱਕਰਵਿਊਹ* ਵਿਚ ਕੁਝ ਦਸਤਾਵੇਜ਼ੀ ਸਬੂਤ ਜੁਟਾਏ ਗਏ ਹਨ। ਜ਼ਾਹਿਰ ਹੈ, ਇਹ ਉਹ ਬਚੇ-ਖੁਚੇ ਕੁਝ ਨਿਸ਼ਾਨ ਮਾਤਰ ਹਨ, ਜਿਨ੍ਹਾਂ ਤੋਂ ਉਸ ਜ਼ਹਿਨੀਅਤ ਦਾ ਪਤਾ ਲੱਗਦਾ ਹੈ, ਜਿਸ ਨੇ ਸਿਖ ਧਰਮ ਦੀ ਵਿਲੱਖਣਤਾ ਅਤੇ ਵਡਿਆਈ ਨੂੰ ਮੁਢੋਂ ਹੀ ਕਬੂਲ ਨਹੀਂ ਕੀਤਾ। ਇਨ੍ਹਾਂ ਦਸਤਾਵੇਜ਼ਾਂ ਵਿਚ ਗੁਰੂ ਸਾਹਿਬ ਦੀ ਆਪਣੀ ਗਵਾਹੀ ਵੀ ਹੈ ਅਤੇ ਪ੍ਰੋ. ਪੂਰਨ ਸਿੰਘ ਵਰਗੇ ਦਰਵੇਸ਼ ਲੇਖਕ ਦੀ ਵੀ। ਵਿਸਾਹਘਾਤੀ ਸਿਖ ਲੀਡਰਾਂ ਦਾ ਪਾਜ ਉਘਾੜਦੇ ਦਸਤਾਵੇਜ਼ ਵੀ ਹਨ ਅਤੇ ਉੱਜਲ ਮੁੱਖ ਦਰਸ਼ਨ ਸਿੰਘ ਫੇਰੂਮਾਨ ਅਤੇ ਭਾਈ ਨੰਦ ਸਿੰਘ ਦੀਆਂ ਸ਼ਹੀਦੀਆਂ ਦੀ ਕਦਮ ਪੈੜ ਵੀ ਨਜ਼ਰ ਆਉਂਦੀ ਹੈ। ਸਿਦਕ ਸ੍ਵੈ-ਮਾਣ ਵਾਲੇ ਸਿਖ ਅਫ਼ਸਰਾਂ ਦੀ ਤਰੱਕੀ ਦੇ ਰਾਹ ਰੋਕਣ ਦੀਆਂ ਕੁਚਾਲਾਂ ਅਤੇ ਮਨਘੜਤ ਦੋਸ਼ਾਂ ਤਹਿਤ ਕਈ ਹੋਰਨਾਂ ਨੂੰ ਨੌਕਰੀਓਂ ਕੱਢਣ ਦੇ ਮੂੰਹ ਬੋਲਦੇ ਸਬੂਤ ਇਸ ਪੁਸਤਕ ਦੇ ਵਿਸ਼ੇਸ਼ ਹਾਸਲ ਹਨ। ਇਸ ਕਿਤਾਬ ਦਾ ਸਿਰਲੇਖ ਮਹਾਂਭਾਰਤ ਵਿਚ ਦਰਜ ਉਸ ਦਿਲ-ਕੰਬਾਊ ਘਟਨਾ ਤੋਂ ਪ੍ਰੇਰਿਤ ਹੈ, ਜਿਥੇ ਇਕ ਘਾਤਕ ਫ਼ੌਜੀ ਰਣਨੀਤੀ ਰਾਹੀਂ ਕੌਰਵ ਅਤੇ ਪਾਂਡਵ-ਪੁੱਤਰਾਂ ਦੇ ਸਾਂਝੇ ਉਸਤਾਦ ਰਹਿ ਚੁੱਕੇ ਕੌਰਵਾਂ ਦੇ ਚੀਫ਼ ਕਮਾਂਡਰ ਗੁਰੂ ਦ੍ਰੋਣਾਚਾਰਯ ਸਮੇਤ ਸੱਤ ਸੂਰਮੇ ਜਰਨੈਲਾਂ ਨੇ ਨਿਹੱਥੇ-ਨਬਾਲਗ ਅਰਜਨ-ਪੁੱਤਰ ਅਭਿਮਨਯੂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਅਤੇ ਉਹ ਵੀ ਜ਼ਮੀਰ ਬੋਝ ਤੋਂ ਮੁਕੰਮਲ ਮੁਕਤ ਰਹਿ ਕੇ। ਸਰਦਾਰ ਗੁਰਤੇਜ ਸਿੰਘ ਨੂੰ ਹਿੰਦੂ ਬਹੁਗਿਣਤੀ ਭਾਰਤ ਸਰਕਾਰ ਵੱਲੋਂ ਹੁਣ ਤਕ ਸਿੱਖਾਂ ਪ੍ਰਤਿ ਅਪਣਾਈਆਂ ਬਰਬਰਤਾ ਭਰਪੂਰ ਅਨੈਤਿਕ ਚਾਲਾਂ ਅਜਿਹੇ ਹੀ ਮੌਤ-ਫੰਦੇ ਦਾ ਸਮਰੂਪ ਦਿਸਦੀਆਂ ਹਨ।

ਸਰਦਾਰ ਗੁਰਤੇਜ ਸਿੰਘ ਦੇ *ਸਿੰਘਨਾਦ* ਵਿਚਲੇ ਲੇਖਾਂ ਦੀ ਵਿਲੱਖਣਤਾ ਅਤੇ ਵੱਡੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਇਤਿਹਾਸਕ, ਦਾਰਸ਼ਨਿਕ, ਰਾਜਨੀਤਕ ਅਤੇ ਧਰਮ-ਗ੍ਰੰਥ ਅਧਿਐਨ ਵਿਸ਼ਿਆਂ ਨੂੰ ਪਾਠਕ-ਪਾਲ ਸਾਹਿਤਕ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ। ਪੰਜਾਬੀ ਸਾਹਿਤ ਵਿਚ ਇਸ ਤਰਜ਼ ਦੀ ਲਿਖਤ ਪਹਿਲਾਂ ਸਿਰਫ਼ ਸਿਰਦਾਰ ਕਪੂਰ ਸਿੰਘ ਦੇ ਕੁਝ ਲੇਖਾਂ ਵਿਚ ਮਿਲਦੀ ਹੈ। ਉਪਰੰਤ ਇਸ ਰਚਨਾ-ਸ਼ੈਲੀ ਦੀ ਤਕਰੀਬਨ ਅਣਹੋਂਦ ਨੂੰ ਗੁਰਤੇਜ ਸਿੰਘ ਨੇ ਇਨ੍ਹਾਂ ਲੇਖਾਂ ਰਾਹੀਂ ਪੂਰਾ ਕੀਤਾ ਹੈ।

ਹਾਲਾਂਕਿ ਲੇਖਾਂ ਨੂੰ ਇਕ ਤੋਂ ਵਧੇਰੇ ਵਿਚਾਰਧਾਰਾਈ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ, ਪਰ ਇਤਿਹਾਸ ਦੀ ਪਾਰਦਰਸ਼ੀ ਅਤੇ ਗੰਭੀਰ ਸੂਝ ਕਿਤਾਬ ਵਿਚ ਛੋਹੇ ਸਾਰੇ ਵਿਸ਼ਿਆਂ ਦੇ ਪਿਛੋਕੜ ਵਿਚ ਸੁਚੇਤ ਪੱਧਰ 'ਤੇ ਕਾਰਜਸ਼ੀਲ ਦੇਖੀ ਜਾ ਸਕਦੀ ਹੈ। ਹਰ ਵੇਲੇ ਅੰਗ-ਸੰਗ, ਲੇਖਕ ਦਾ ਸਿਖ-ਫ਼ਿਕਰ (Sikh Concern) ਇਨ੍ਹਾਂ ਨੂੰ ਇਕ ਲੜੀ ਵਿਚ ਪ੍ਰੋਂਦਾ ਹੈ।

ਭਾਰਤ ਦੇ ਸੁਤੰਤਰਤਾ ਪ੍ਰਾਪਤੀ ਅੰਦੋਲਨ ਦੀ ਪ੍ਰਚੱਲਤ ਮਿੱਥ ਨੂੰ ਤੋੜਦਾ ਹੋਇਆ ਲੇਖਕ ਬ੍ਰਾਹਮਣਵਾਦੀ ਮਾਨਸਿਕਤਾ ਦਾ ਉਹ ਚਿਹਰਾ ਦਿਖਾਲਦਾ ਹੈ, ਜਿਸ ਵਿੱਚੋਂ ਆਜ਼ਾਦ ਭਾਰਤ ਵਿਚ ਸਿੱਖਾਂ 'ਤੇ ਹੋ ਰਹੇ ਬਹੁ-ਦਿਸ਼ਾਵੀ ਅਤੇ ਬਹੁ-ਪੜਾਵੀ ਹਮਲਿਆਂ ਦੀ ਸਹੀ ਸਮਝ ਪੈਂਦੀ ਹੈ। ਦਰਵੇਸ਼ ਸਾਹਿਤਕਾਰ ਵਜੋਂ ਜਾਣੇ ਜਾਂਦੇ ਰਬਿੰਦਰਨਾਥ ਟੈਗੋਰ ਤੋਂ ਲੈ ਕੇ ਮੌਜੂਦਾ ਨੋਬਲ ਇਨਾਮ ਜੇਤੂ ਨਾਇਪਾਲ ਤਕ ਸਾਰੇ ਇੱਕੋ ਰੰਗ ਵਿਚ ਰੰਗੇ ਨਜ਼ਰ ਆਉਂਦੇ ਹਨ। ਖ਼ਾਲਸਾ ਸਿਧਾਂਤ ਅਤੇ ਸਿਖ ਇਤਿਹਾਸ ਨੂੰ ਹਿੰਦੂ ਲੇਖਕਾਂ ਅਤੇ ਵਿਚਾਰਵਾਨਾਂ ਵੱਲੋਂ ਨਿਗੂਣੇ ਅਤੇ ਨਕਾਰਾਤਮਕ ਢੰਗ ਨਾਲ ਪੇਸ਼ ਕਰਨ ਦੇ ਅਮੁੱਕ ਸਿਲਸਿਲੇ ਪਿੱਛੇ ਕੰਮ ਕਰ ਰਹੀ ਮਲੀਨ ਬਿਰਤੀ ਇਸੇ ਤੌਰ (Trend) ਦਾ ਪ੍ਰਤਿਬਿੰਬ ਹੈ।

ਸਿਖ ਕੌਮ ਦੀ ਆਤਮਿਕ ਸ਼ਕਤੀ ਦੇ ਸ੍ਰੋਤ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਨੂੰ ਸੰਦਿਗਧ ਬਣਾਉਣ ਵਿਚ ਦੇਖਣ ਨੂੰ ਤਾਂ ਹਰ ਹੀਲੇ ਕੁਝ ਨਵਾਂ ਖੋਜ-ਕਾਰਨਾਮਾ ਕਰਨ ਲਈ ਤਤਪਰ ਸਿਖ ਵਿਦਵਾਨ ਹੀ ਨਜ਼ਰ ਆਉਂਦੇ ਹਨ, ਪਰ ਇਹ ਸ਼ਾਇਦ ਉਨ੍ਹਾਂ ਨੂੰ ਵੀ ਮਾਲੂਮ ਨਹੀਂ ਹੁੰਦਾ ਕਿ ਉਹ ਕਿਸ ਸਿਖ-ਵਿਰੋਧੀ ਵਿਰਾਟ ਮੁਹਿੰਮ ਦੇ ਵਫ਼ਾਦਾਰ ਸਿਪਾਹੀਆਂ ਦੀ ਕਤਾਰ ਵਿਚ ਆ ਰਲਦੇ ਹਨ। ਪੰਜਾਬ ਅਤੇ ਦੁਨੀਆ ਦੀਆਂ ਵਿਸ਼ਿਸ਼ਟ ਯੂਨੀਵਰਸਿਟੀਆਂ ਵੱਲੋਂ ਸਰਪ੍ਰਸਤੀ ਅਤੇ ਮਾਨਤਾ ਪ੍ਰਾਪਤ ਅਜਿਹੇ ਕੁਚੇਸ਼ਟਾ ਪੂਰਨ ਯਤਨਾਂ ਨੂੰ ਲਲਕਾਰਨ ਅਤੇ ਨਕਾਰਨ ਵਾਲੇ ਵਿਦਵਾਨਾਂ ਵਿਚ ਗੁਰਤੇਜ ਸਿੰਘ ਨੇ ਮੋਹਰੀ ਰੋਲ ਨਿਭਾਇਆ ਹੈ। ਡਾ. ਪਿਆਰ ਸਿੰਘ ਅਤੇ ਪਸ਼ੌਰਾ ਸਿੰਘ ਦੀ ਇਸ ਦਿਸ਼ਾ ਵਿਚ ਹੱਠ-ਧਰਮੀ ਦਾ ਲੱਕ ਤੋੜਨਾ ਵੀ ਲੇਖਕ ਦੀ ਵੱਡੀ ਪ੍ਰਾਪਤੀ ਗਿਣੀ ਜਾਵੇਗੀ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੂੰ ਗ਼ਲਤ ਰੰਗ ਦੇਣ ਅਤੇ ਛੁਟਿਆਉਣ ਦੀ ਵਿਆਪਕ ਪੱਧਰ 'ਤੇ ਕੀਤੀ ਗਈ ਹਿੰਦੂ ਵਿਦਵਾਨਾਂ ਦੀ ਕੋਸ਼ਿਸ਼ ਕੋਈ ਐਵੇਂ ਵਾਪਰੀ ਉਕਾਈ ਜਾਂ ਭੁੱਲ ਨਹੀਂ, ਸਗੋਂ ਇਸ ਪਿੱਛੇ ਇਕ ਕਰੂਰ ਮਾਨਸਿਕਤਾ ਕਾਰਜਸ਼ੀਲ ਹੈ, ਵਰਨਾ ਮੁਲਕ ਦੀ ਅਜ਼ਮਤ ਦੇ ਰਾਖੇ 'ਹਿੰਦ ਦੀ ਚਾਦਰ' ਦਾ ਅਕਸ ਵਿਗਾੜਨ ਲਈ ਇਹ ਵਿਦਵਾਨ ਪੱਬਾਂ ਭਾਰ ਕਿਉਂ ਹੋਣ! ਇਸ ਦਿਸ਼ਾ ਵਿਚ ਗੁਰਤੇਜ ਸਿੰਘ ਦਾ ਯਤਨ ਇਸ ਕਿਤਾਬ ਵਿਚ ਛਪੇ ਲੇਖ ਤਕ ਹੀ ਸੀਮਿਤ ਨਹੀਂ, ਸਗੋਂ ਸਿਰਕੱਢ ਹਿੰਦੂ ਵਿਦਵਾਨਾਂ ਵੱਲੋਂ ਅੰਗਰੇਜ਼ੀ ਪ੍ਰੈਸ ਵਿਚ ਛਪੇ ਮਜ਼ਮੂਨਾਂ ਦੇ ਸਮੇਂ ਸਮੇਂ ਸਿਰ ਦਿੱਤੇ ਮੂੰਹ ਤੋੜ ਜਵਾਬ ਲੇਖਕ ਦੀ ਅਕਾਦਮਿਕ ਜ਼ਿੰਮੇਦਾਰੀ ਦਾ ਅਹਿਸਾਸ ਕਰਾਉਂਦੇ ਹਨ।

ਸਰਦਾਰ ਗੁਰਤੇਜ ਸਿੰਘ ਨੇ ਇਸ ਰਹੱਸਾਤਮਕ ਗੁੰਝਲ ਨੂੰ ਵੀ ਸੁਲਝਾਇਆ ਹੈ ਕਿ ਆਖ਼ਰ ਸਿਖ ਲੀਡਰਸ਼ਿਪ ਨੂੰ ਕੀ ਹੋ ਗਿਆ ਹੈ ਕਿ ਐਸੀ ਸਿਖ ਵਿਰੋਧੀ ਕਹਿਰ ਦੀ ਹਨੇਰੀ ਵਿਚ ਵੀ ਉਹ ਨਾ-ਸਿਰਫ਼ ਸਿਖ ਕੌਮ ਦੀ ਹੋਣੀ ਅਤੇ ਨਿਸ਼ਾਨੇ ਤੋਂ ਉੱਕਾ ਹੀ ਬੇਖ਼ਬਰ ਹੈ, ਸਗੋਂ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲੇ ਸਿਖ ਲੀਡਰਾਂ ਅਤੇ ਵਿਦਵਾਨਾਂ ਵਿਰੁੱਧ ਹਾਕਮ ਜਮਾਤ ਦਾ ਪੱਖ ਪੂਰਦੀ ਹੈ। ਸਿੱਖਾਂ ਵਿਚ ਕਿਸੇ ਦ੍ਰਿੜ੍ਹ ਇਰਾਦੇ ਵਾਲੇ, ਦਿਆਨਤਦਾਰ ਅਤੇ ਸਿਖ ਸਮਰਪਤ ਸੋਚ ਵਾਲੇ ਲੀਡਰ ਨੂੰ ਹਰ ਹੀਲੇ ਉਭਰਨ ਤੋਂ ਰੋਕਣਾ ਅਤੇ ਉਤਸ਼ਾਹ-ਹੀਣ ਕਰਨਾ, ਅਤੇ ਰਾਜ ਸ਼ਕਤੀ ਦੇ ਅਥਾਹ ਵਸੀਲਿਆਂ ਦੀ ਲੁਕਵੀਂ ਅਤੇ ਲੋੜ ਪੈਣ 'ਤੇ ਜ਼ਾਹਿਰਾ ਵਰਤੋਂ ਕਰਕੇ ਨਿਗੂਣੇ ਵਿਅਕਤੀਆਂ ਨੂੰ ਅੱਗੇ ਲਿਆਉਣ ਅਤੇ ਸੁਹਿਰਦ ਲੀਡਰਾਂ ਬਾਰੇ ਭੰਬਲਭੂਸੇ ਪੈਦਾ ਕਰ ਬਦਨਾਮ ਕਰਕੇ ਲਾਂਭੇ ਕਰਨ ਦਾ ਦਰਦਨਾਕ ਨਜ਼ਾਰਾ ਲੇਖਕ ਮੁਤਾਬਿਕ ਪਿਛਲੀ ਅੱਧੀ ਸਦੀ ਤੋਂ ਵੱਧ ਸਮੇਂ ਦਾ ਅਕਾਲੀ-ਪਾਰਟੀ ਇਤਿਹਾਸ ਹੈ।

ਕੀ ਅਜਿਹੇ ਮਾਯੂਸਕੁਨ ਹਾਲਾਤ ਨੇ ਲੇਖਕ ਨੂੰ ਬੇਦਿਲ ਕਰ ਦਿੱਤਾ ਹੈ ? ਹਰਗਿਜ਼ ਨਹੀਂ। ਉਹ ਸਿਖ ਲੀਡਰਾਂ ਨੂੰ ਵੰਗਾਰਦਾ ਵੀ ਹੈ ਅਤੇ ਉਨ੍ਹਾਂ ਨੂੰ ਭੁੱਲੀ ਭਟਕੀ ਅਤੇ ਘੱਟੇ ਰੁਲੀ ਕੌਮ 'ਤੇ ਤਰਸ ਕਰਨ ਦੀ ਅਪੀਲ ਵੀ ਕਰਦਾ ਹੈ, ਅਤੇ ਕੌਮ ਦੇ ਰਾਜਸੀ ਨਿਸ਼ਾਨੇ ਦੇ ਤਰਜਮਾਨ ਅਨੰਦਪੁਰ ਸਾਹਿਬ ਦੇ ਅਸਲ ਮਤੇ ਨੂੰ ਸਾਹਮਣੇ ਲਿਆ ਰਿਹਾ ਹੈ। ਕਦੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੀ ਸਿਖ ਕੌਮ ਨੂੰ ਮੁਹਤਾਜ ਹੋਣ ਤੋਂ ਰੋਕਣ ਲਈ ਦਿੱਤੀ ਸ਼ਹੀਦੀ ਦਾ ਵਾਸਤਾ ਪਾ ਕੇ ਨਿੱਕੇ ਸਿਖ ਬਾਲਾਂ ਨੂੰ ਵੱਡੇ ਸੰਘਰਸ਼ ਲਈ ਤਿਆਰ ਕਰ ਰਿਹਾ ਹੈ।

ਉਸ ਨੂੰ ਸਿਖ ਧਰਮ ਦੇ ਇਤਿਹਾਸ ਦਾ ਮੁਖ ਮੋੜਨ ਦੀ ਸਮਰੱਥਾ ਉੱਤੇ ਅਥਾਹ ਭਰੋਸਾ ਹੈ, ਜਿਸ ਤੋਂ ਪ੍ਰੇਰਣਾ ਲੈ ਕੇ ਦੱਖਣੀ ਭਾਰਤ ਦੇ ਹਿੰਦੂ ਪਰਿਵਾਰ 'ਚੋਂ ਸਿੰਘ ਸਜਿਆ ਭਾਈ ਨੰਦ ਸਿੰਘ ਸਿਖ ਸਿਧਾਂਤਾਂ 'ਤੇ ਪਹਿਰਾ ਦਿੰਦਾ ਹੋਇਆ ਸ਼ਹੀਦੀ ਪਾਉਂਦਾ ਹੈ ਅਤੇ ਵਿਸਾਹਘਾਤੀ ਸਿਖ ਲੀਡਰਾਂ ਨੂੰ ਸ਼ਰਮਸਾਰ ਕਰਦਾ ਹੈ ਅਤੇ ਲਾਹਨਤਾਂ ਪਾਉਂਦਾ ਨਜ਼ਰ ਆਉਂਦਾ ਹੈ। ਇਹ ਸਿਖ ਧਰਮ ਦੀ ਸਿਧਾਂਤਕ ਅਤੇ ਸਭਿਆਚਾਰਕ ਕਸ਼ਿਸ਼ ਹੀ ਸੀ, ਜਿਸ ਸਦਕਾ ਦੂਰ-ਅੰਦੇਸ਼ ਡਾ. ਅੰਬੇਦਕਰ ਜਾਤ-ਪਾਤ ਆਧਾਰਿਤ ਬ੍ਰਾਹਮਣਵਾਦੀ ਸਮਾਜ ਤੋਂ ਕਿਨਾਰਾਕਸ਼ੀ ਕਰਨ ਲਈ ਮਜਬੂਰ ਹੋਇਆ ਸੀ। ਕਿਸ ਕੁਟਲ ਰਾਜਨੀਤੀ ਨਾਲ ਉਸ ਦੀਆਂ ਤਮਾਮ ਕੋਸ਼ਿਸ਼ਾਂ ਮਹਾਤਮਾ ਦੇ ਲਿਬਾਸ ਵਿਚ ਚਤੁਰ ਗਾਂਧੀ ਨੇ ਨਿਹਫਲ ਬਣਾ ਦਿੱਤੀਆਂ, ਇਹ ਦਾਸਤਾਨ ਹੁਣ ਇਤਿਹਾਸ ਦੇ ਅਧਿਆਇ ਦੇ ਰੂਪ ਵਿਚ ਲੇਖਕ ਨੇ ਪ੍ਰਸਤੁਤ ਕੀਤੀ ਹੈ।

ਨੁਮਾਇੰਦਾ ਬਹੁ-ਗਿਣਤੀ ਹਿੰਦੂ ਸੋਚ ਦੇ ਤਰਜਮਾਨ ਭਾਰਤੀ ਵਿਧਾਨ ਕੋਲੋਂ ਪੀੜਤ ਸਿਖ ਸਮਾਜ ਲਈ ਰਾਹਤ ਹਾਸਲ ਕਰਨ ਦੀ ਅਕਾਂਖਿਆ ਦਾ ਪੱਲਾ ਵੀ ਲੇਖਕ ਹੱਥੋਂ ਨਹੀਂ ਛੱਡਦਾ। ਸਰਕਾਰੀ ਜਬਰ ਰਾਹੀਂ ਅਤਿਵਾਦ ਵਿਰੁੱਧ ਲੜਾਈ ਦੇ ਬਹਾਨੇ ਹਜ਼ਾਰਾਂ ਦੀ ਗਿਣਤੀ ਵਿਚ ਮਾਰ ਮੁਕਾਏ ਸਿਰਲੱਥ ਜੁਝਾਰੂ ਅਤੇ ਮਾਸੂਮ ਸਿੱਖਾਂ ਦੀਆਂ ਗੁਮਨਾਮ ਸ਼ਹੀਦੀਆਂ ਦਾ ਹਿਸਾਬ ਮੰਗ ਕੇ ਦੁਨੀਆ ਦੇ ਸਭ ਤੋਂ ਵੱਡੇ ਲੋਕ ਰਾਜ ਹੋਣ ਦਾ ਦਾਅਵਾ ਕਰਨ ਵਾਲੇ ਕੌਮੀ ਲੀਡਰਾਂ ਅਤੇ ਆਪਣੀ ਕੁਰਸੀ ਅਤੇ ਜ਼ਾਤੀ ਸੁਆਰਥ ਖ਼ਾਤਰ ਸਾਜ਼ਿਸ਼ੀ ਚੁੱਪ ਵੱਟ ਗਏ ਸਿਖ ਲੀਡਰਾਂ ਤੋਂ ਲੇਖਕ ਦੁਨੀਆ ਦੀ ਅਦਾਲਤ ਵਿਚ ਜਵਾਬ ਮੰਗਦਾ ਹੈ। ਇਸੇ ਦਿਸ਼ਾ ਵਿਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਦੇਵਗੌੜਾ ਨੂੰ ਦਿੱਤਾ ਯਾਦ ਪੱਤਰ

ਸਿੱਖਾਂ ਨਾਲ ਹੋਈਆਂ ਬੇਇਨਸਾਫ਼ੀਆਂ ਦੇ ਸੱਚ ਨੂੰ ਮੁਲਕ ਦੇ ਸਰਬਰਾਹ ਸਾਹਮਣੇ ਰੱਖਣ ਦਾ ਦਲੇਰਾਨਾ ਉਪਰਾਲਾ ਹੈ।

ਬੇਖ਼ੌਫ਼ ਹੋ ਕੇ ਬੋਲਣ, ਲਿਖਣ ਅਤੇ ਰੋਸ ਪ੍ਰਗਟ ਕਰਨ ਦੀ ਆਜ਼ਾਦੀ ਦੇ ਬੁਨਿਆਦੀ ਹੱਕ ਦੀ ਵਰਤੋਂ ਕਰਕੇ ਲੇਖਕ ਨੇ ਹਰ ਸੰਭਵ ਜੁਗਤ ਅਤੇ ਉਪਾਉ ਨਾਲ ਸਿਖ ਮਸਲੇ ਨੂੰ ਮੁਕੰਮਲ ਪਾਸਾਰ ਵਿਚ ਪਾਠਕਾਂ ਸਾਹਮਣੇ ਰੱਖਿਆ ਹੈ। ਗੁਰੂ ਤੋਂ ਬਖ਼ਸ਼ੇ ਸਿੱਖੀ, ਵਿਸਾਹ, ਭਰੋਸਾ ਅਤੇ ਨਾਮ ਦੇ ਦਾਨ ਤੋਂ ਮਿਲੀ ਬਰਕਤ ਨਾਲ ਲੇਖਕ ਨੇ ਝੂਠ ਤੋਂ ਤਮਾਮ ਪਰਦੇ ਲਾਹ ਕੇ ਸੱਚ ਨੂੰ ਬੇਨਕਾਬ ਕੀਤਾ ਹੈ ਤਾਂ ਕਿ ਮਨੁੱਖਤਾ ਪ੍ਰੇਮੀ ਧਰਮ ਪ੍ਰਾਇਣ ਹਿੰਦੂ ਅਤੇ ਦੁਨੀਆ ਭਰ ਦੇ ਲੋਕ ਵਿਸ਼ਵ ਕਲਿਆਣਕਾਰੀ ਸਿਖ ਧਰਮ ਦੇ ਪੈਰੋਕਾਰਾਂ ਦੀ ਦਰਦਨਾਕ ਹੋਣੀ ਦੀ ਹਕੀਕਤ ਨੂੰ ਸਮਝ ਕੇ ਜ਼ਮੀਰ ਦੀ ਆਵਾਜ਼ ਨਾਲ ਸਿੱਖਾਂ ਲਈ ਆਜ਼ਾਦ ਹਸਤੀ ਵਜੋਂ ਜੀਊਣ ਦੇ ਸਾਜ਼ਗਾਰ ਹਾਲਾਤ ਪੈਦਾ ਕਰਨ ਤਾਂ ਕਿ ਸਿਰਦਾਰ ਕਪੂਰ ਸਿੰਘ ਦੇ ਲਫ਼ਜ਼ਾਂ ਵਿਚ 'ਦਸਮ ਪਾਤਸ਼ਾਹ ਦਾ ਦੂਲਾ ਪੰਥ' ਸਮਸਤ ਸੰਸਾਰ ਨੂੰ ਟਕਰਾਉ, ਨਫ਼ਰਤ ਅਤੇ ਗਿਲਾਨੀ ਦੇ ਆਲਮ ਵਿੱਚੋਂ ਕੱਢਣ ਦਾ ਆਪਣਾ ਹੱਕੀ ਰੋਲ ਅਦਾ ਕਰ ਸਕੇ।

ਇਸ ਪੁਸਤਕ ਵਿਚ ਸ਼ਾਮਲ ਲੇਖਾਂ ਦੀ ਗਿਣਤੀ ਅਠੱਤੀ ਹੋਣ ਦਾ ਇਕ ਵਿਸ਼ੇਸ਼ ਰਹੱਸ ਹੈ। ਜਿਵੇਂ ਮਨੁੱਖ ਲਈ ਧਰਮ ਦੀ ਅਵਘਟ ਘਾਟੀ ਦੇ ਬਿਖੜੇ ਪੈਂਡੇ ਨੂੰ ਅਡੋਲ ਰਹਿੰਦਿਆਂ ਸਫਲਤਾ ਪੂਰਵਕ ਸਰ ਕਰਨ ਲਈ ਗੁਰੂ ਨਾਨਕ ਸਾਹਿਬ ਨੇ ਜਪੁਜੀ ਦੀਆਂ ਅਠੱਤੀ ਪਉੜੀਆਂ ਰਚੀਆਂ ਹਨ, ਉਵੇਂ ਹੀ ਸਿਖ ਪੰਥ ਨੂੰ ਬ੍ਰਾਹਮਣੀ ਭਵਜਲ ਵਿਚ ਫੈਲੇ ਸਰਕਾਰੀ ਤੰਦੂਆ ਜਾਲ ਵਿੱਚੋਂ ਮੁਕਤੀ ਦਾ ਰਾਹ ਦਰਸਾਉਣ ਲਈ ਸੱਚ ਦੀ ਆਵਾਜ਼ ਨੂੰ ਬੁਲੰਦ ਸੁਰ ਵਿਚ *ਸਿੰਘਨਾਦ* ਰਾਹੀਂ ਪ੍ਰਗਟ ਕਰਨ ਹਿਤ ਇਹ ਅਠੱਤੀ ਲੇਖ ਚੁਣ ਕੇ ਪੇਸ਼ ਕੀਤੇ ਗਏ ਹਨ।

ਇਸ ਪੁਸਤਕ ਦੇ ਨਾਂ *ਸਿੰਘਨਾਦ* ਦਾ ਅਰਥ-ਭਾਵ ਉਹੀ ਹੈ, ਜੋ ਪ੍ਰਾਚੀਨ ਬੋਧੀ ਧਰਮ ਗ੍ਰੰਥਾਂ ਵਿਚ ਅੰਕਿਤ ਹੈ। ਜਿਥੇ ਸੱਚ ਦੀ ਭਾਲ ਵਿਚ ਤੁਰੇ ਹੋਏ, ਭਰ ਜਾਗੇ ਹੋਏ, ਪੂਰਨ ਪੁਰਸ਼ ਲਈ 'ਸਿੰਘ' ਸ਼ਬਦ ਵਰਤਿਆ ਗਿਆ ਹੈ ਅਤੇ ਉਸ ਦੇ ਸੁਭਾਅ ਦੇ ਅੰਤਰੀਵ ਲੱਛਣ ਦਰਸਾਏ ਗਏ ਹਨ ਕਿ ਜੰਗਲ ਦਾ ਬਾਦਸ਼ਾਹ ਸਿੰਘ ਭਾਵ ਸ਼ੇਰ ਆਪਣੀ ਗੁਫ਼ਾ ਵਿੱਚੋਂ ਬਾਹਰ ਨਿਕਲ ਕੇ ਇਕ ਸ਼ਾਹਾਨਾ ਅੰਗੜਾਈ ਲੈਂਦਾ ਹੈ ਅਤੇ ਫਿਰ ਚਾਰੇ ਪਾਸੇ ਘੋਖਵੀਂ ਨਜ਼ਰੇ ਤੱਕਦਾ ਹੈ। ਫਿਰ ਉਹ ਆਪਣੇ ਪੂਰੇ ਜੋਸ਼ ਵਿਚ ਤਿੰਨ ਵਾਰ ਗਰਜਦਾ ਹੈ ਅਤੇ ਸ਼ਿਕਾਰ ਦੀ ਭਾਲ ਵਿਚ ਨਿਕਲ ਤੁਰਦਾ ਹੈ। ਸ਼ੇਰ ਦੇ ਇਸ ਅਜਬ ਕੌਤਕ ਦਾ ਤਾਤਪਰਜ ਇਹ ਦੱਸਿਆ ਗਿਆ ਹੈ ਕਿ ਇਸ ਤਰ੍ਹਾਂ ਕਰਕੇ ਉਹ ਆਪਣੀ ਹੋਂਦ ਦਾ ਇਜ਼ਹਾਰ ਕਰਦਾ ਹੋਇਆ ਆਪਣੀ ਖ਼ੁਦ ਮੁਖ਼ਤਿਆਰ ਸ਼ਾਹੀ ਪ੍ਰਭੁਤਾ ਦਾ ਐਲਾਨ ਕਰਦਾ ਹੈ।

ਬੱਸ ਐਨ ਇਨ੍ਹਾਂ ਅਰਥਾਂ ਵਿਚ ਹੀ ਸਰਦਾਰ ਗੁਰਤੇਜ ਸਿੰਘ ਦੀ ਇਹ ਪੁਸਤਕ ਸਿਰਫ਼ ਗੁਰਤੇਜ ਸਿੰਘ ਦੀ ਨਿਜੀ ਪੁਕਾਰ ਨਹੀਂ ਹੈ, ਬਲਕਿ ਖ਼ਾਲਸਾ ਪੰਥ ਦਾ ਅਦੁੱਤੀ ਸਿੰਘਨਾਦ ਹੈ।

ਹਰਪਾਲ ਸਿੰਘ
(ਸੰਪਾਦਕ)
ਸਿਖ ਨੈਸ਼ਨਲ ਕਾਲਜ, ਬੰਗਾ

ਅਵਤਾਰ ਸਿੰਘ
(ਸੰਪਾਦਕ)
ਰਾਮਗੜ੍ਹੀਆ ਕਾਲਜ, ਫਗਵਾੜਾ

ਸਿੱਖੀ ਵਿਚ ਸ਼ਹਾਦਤ*

'ਸ਼ਹੀਦ' ਅਰਬੀ ਦਾ ਲਫ਼ਜ਼ ਹੈ ਅਤੇ ਨਿਰਜਿੰਦ ਸ਼ਬਦ ਕੋਸ਼ਾਂ ਵਿਚ ਇਸ ਦਾ ਅਰਥ ਹੈ ਗਵਾਹੀ ਦੇਣ ਵਾਲਾ ਜਾਂ ਅਜਿਹਾ ਕਾਰਨਾਮਾ ਕਰਨ ਵਾਲਾ ਜੋ ਪ੍ਰਮਾਣ ਹੋ ਨਿਬੜੇ। ਸਿੱਖੀ ਵਿਚ ਇਹ ਸ਼ਬਦ ਉਸ ਅਤਿਅੰਤ ਸਚਿਆਰ ਮਹਾਂਪੁਰਖ ਵਾਸਤੇ ਵਰਤਿਆ ਜਾਂਦਾ ਹੈ, ਜੋ ਸੱਚ ਦੀ ਖ਼ਾਤਰ ਸਿਰ ਧੜ ਦੀ ਬਾਜ਼ੀ ਨਿਸੰਗ ਹੋ ਕੇ ਲਾ ਦੇਵੇ ਅਤੇ ਸੱਚ ਨੂੰ ਦੋਹਾਂ ਜਹਾਨਾਂ ਵਿਚ ਪ੍ਰਤੱਖ ਕਰਨ ਖ਼ਾਤਰ ਆਪਣੇ ਜੀਵਨ ਨੂੰ ਲੇਖੇ ਲਾ ਦੇਵੇ। ਅਰਬੀ ਦੇ ਏਸ ਲਫ਼ਜ਼ ਵਿਚ ਜੋ ਸਿੱਖੀ ਨੇ ਜਾਨ ਪਾਈ, ਉਸ ਦੇ ਨਤੀਜੇ ਵਜੋਂ, ਇਹ ਸ਼ਬਦ ਇਕ ਨਿਰਾਲੀ ਦਿਖ ਵਾਲੇ ਹੀਰੇ ਵਾਂਗ ਸਾਹਿਤ ਦੀ ਦੁਨੀਆ ਵਿਚ ਚਮਕ ਰੱਖਦਾ ਹੈ। ਸ਼ਰਧਾ ਦਾ ਭਾਵ ਏਸ ਵਿਚ ਇਸ ਹੱਦ ਤਕ ਘੁਲ ਮਿਲ ਗਿਆ ਹੈ ਕਿ ਸ਼ਬਦ ਸੁਣਦਿਆਂ ਸਿਖ ਦਾ ਸਿਰ ਆਪਣੇ ਆਪ ਸਤਿਕਾਰ ਨਾਲ ਝੁਕ ਜਾਂਦਾ ਹੈ। ਪੁਰਾਤਨ ਸਿੰਘਾਂ ਦੀ ਮਨੌਤ ਸੀ ਕਿ ਕੇਵਲ ਸ਼ਹੀਦ ਦਾ ਨਾਂ ਜ਼ੁਬਾਨ 'ਤੇ ਲਿਆਉਣ ਨਾਲ ਬੱਜਰ ਪਾਪੀ ਦੇ ਵੀ ਹਜ਼ਾਰਾਂ ਅਪਰਾਧ ਇਕ ਖਿਨ ਵਿਚ ਧੋਤੇ ਜਾਂਦੇ ਹਨ।

ਸਵਾਲ ਉਠਦਾ ਹੈ ਕਿ ਭਾਰਤ ਵਿਚ ਕਈ ਭਾਸ਼ਾਵਾਂ ਪ੍ਰਚੱਲਤ ਸਨ, ਸੰਸਕ੍ਰਿਤ ਦੇ ਪੁਜਾਰੀ ਏਸ ਦੀ ਸਰਬ-ਸਮਰੱਥਤਾ ਦੇ ਗੁਣ ਗਾਉਂਦੇ ਨਹੀਂ ਥੱਕਦੇ, ਫੇਰ ਕਿਉਂ ਸੰਸਕ੍ਰਿਤ, ਹਿੰਦੀ, ਉੜੀਆ, ਤੈਲਗੂ ਆਦਿ ਵਿੱਚੋਂ ਕੋਈ ਸ਼ਬਦ ਸਿੱਖੀ ਨੇ ਨਾ ਅਪਣਾਇਆ ? ਜੁਆਬ ਸਪੱਸ਼ਟ ਹੈ, ਸਿੱਖੀ ਤੋਂ ਪਹਿਲਾਂ ਦੇ ਭਾਰਤੀ ਚਿੰਤਨ ਵਿਚ ਸ਼ਹੀਦੀ ਦਾ ਸੰਕਲਪ ਹੀ ਨਹੀਂ ਸੀ; ਸ਼ਹਾਦਤ ਨੂੰ ਪ੍ਰਗਟ ਕਰਨ ਲਈ ਸ਼ਬਦ ਕਿੱਥੋਂ ਹੋਣੇ ਸਨ ! ਧਰਮ ਦਾ ਦੂਜਾ ਨਾਂ ਹੀ ਵਰਣ ਆਸ਼ਰਮ ਧਰਮ ਸੀ, ਜੋ ਅਨਿਆਂ ਦਾ ਕੋਹੇਤੂਰ ਸੀ। ਵੰਡੀਆਂ ਏਨੀਆਂ ਸਨ ਕਿ ਹਿੰਦੂ ਧਰਮ ਦੀ ਪਰਿਭਾਸ਼ਾ ਅਜੇ ਤਕ ਨਹੀਂ ਮਿਲਦੀ; ਧਰਮ ਵਾਸਤੇ ਕੌਣ ਸਿਰ ਧੜ ਦੀ ਬਾਜ਼ੀ ਲਾਉਂਦਾ ਅਤੇ ਕਿਹੜੇ ਧਰਮ ਲਈ ? ਅਜਿਹੇ ਵਾਤਾਵਰਣ ਵਿਚ ਧਰਮ, ਨਿਆਂ, ਸੱਚ ਅਤੇ ਹੱਕ ਦੇ ਮਸਲੇ ਤਾਂ ਚਰਚਾਜੋਗ ਵੀ ਨਹੀਂ ਸਨ ਬਣ ਸਕਦੇ, ਕਿਸੇ ਨੂੰ ਸ਼ਹੀਦੀ ਲਈ ਕਿਵੇਂ ਪ੍ਰੇਰਦੇ ? ਮਹਿਮੂਦ ਵਰਗੇ ਧਾੜਵੀ ਕੇਵਲ ਤੀਹ ਹਜ਼ਾਰ ਦੀ ਫ਼ੌਜ ਨਾਲ ਸੋਮਨਾਥ ਦੇ ਮੰਦਿਰ ਨੂੰ ਲੁੱਟ ਸਕਦੇ ਸਨ, ਜਦ ਕਿ ਮੰਦਰ ਦੇ ਅਧੀਨ ਤੀਹ ਹਜ਼ਾਰ ਪਿੰਡ ਸਨ।

ਰਾਜਨੀਤੀ ਦੇ ਖੇਤਰ ਵਿਚ ਵੀ ਭਾਰਤ ਦੇ ਮੂੰਹ ਉੱਤੇ ਉਹੋ ਮੁਰਦੇਹਾਣੀ ਛਾਈ ਹੋਈ ਸੀ। ਰਾਜਾ ਪਰਮਾਤਮਾ ਦੀ ਛਾਂ ਸੀ ਅਤੇ ਪਰਜਾ ਦਾ ਕੋਈ ਹੱਕ ਨਹੀਂ ਸੀ, ਅਣਖ ਸ੍ਵੈਮਾਣ ਦੀ ਤਾਂ ਗੱਲ ਹੀ ਕੀ ਕਰਨੀ। ਪਰਜਾ ਦਾ ਕੰਮ, ਜੋ ਰਾਜਾ ਆਖੇ, ਉਸ ਸਾਹਮਣੇ

* ਪਾਤਿਸ਼ਾਹੀ ਦਾਅਵੇ ਨੂੰ ਗੁਰੂ ਦੀ ਬਖ਼ਸ਼ਿਸ਼ ਵਜੋਂ ਹਾਸਲ ਕਰਕੇ ਆਪਣੇ ਜਨਮ ਤੋਂ ਲੈ ਕੇ ਸਦੀਆਂ ਦੇ ਸਫ਼ਰ ਵਿਚ ਸਿਖ ਕੌਮ ਨੇ ਸ਼ਹੀਦੀਆਂ ਨਾਲ ਜਿਵੇਂ ਕਾਇਮ ਰੱਖਿਆ, ਉਸ ਹੈਰਾਨਕੁਨ ਵਰਤਾਰੇ ਦੀ ਦਾਸਤਾਨ ਬਿਆਨ ਕਰਦਾ ਇਹ ਲੇਖ ਧਰਮ-ਯੁੱਧ ਮੋਰਚੇ ਦੌਰਾਨ 1983 ਵਿਚ ਲਿਖਿਆ ਗਿਆ ਸੀ। ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪ੍ਰਚਾਰ ਹਿੱਤ ਛਪਵਾ ਕੇ ਪਹਿਲੋਂ ਪਹਿਲ ਵੰਡਿਆ ਸੀ।

ਸਿਰ ਝੁਕਾ ਕੇ ਤਨ, ਮਨ, ਧਨ ਹਾਜ਼ਰ ਕਰਨ ਦਾ ਹੀ ਸੀ; ਅਜਿਹਾ ਕਰਨਾ ਧਰਮ ਦਾ ਅੰਗ ਅਤੇ ਸ਼ਾਸਤਰਾਂ ਦਾ ਆਦੇਸ਼ ਸੀ। ਮੁਸਲਮਾਨ ਰਾਜ ਦੇ ਕਹਿਰ ਦੇ ਦਗਦੇ ਸੂਰਜ ਦੀ ਦੁਪਹਿਰ ਵਿਚ ਸੂਰਦਾਸ (ਜਨਮ 1483 ਈਸਵੀ) ਅਤੇ ਤੁਲਸੀ ਦਾਸ (1534-1623 ਈਸਵੀ) ਮਣਾਂ-ਮੂੰਹੀ ਕਵਿਤਾ ਰਚਦੇ ਰਹੇ, ਪਰੰਤੂ ਉਹਨਾਂ ਨੇ ਆਪਣੀ ਸਭਿਅਤਾ ਅਤੇ ਧਰਮ ਦੇ ਸਿਰ ਉੱਤੇ ਜੁੱਤੀ ਦੀ ਅੱਡੀ ਰੱਖ ਕੇ ਬੈਠੇ ਯਵਨਾਂ ਵਿਰੁੱਧ ਇਕ ਸ਼ਬਦ ਵੀ ਨਾ ਲਿਖਿਆ। "ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ" ਦੀ ਹੂਕ ਮੱਧ ਕਾਲ ਦੇ ਸਾਰੇ ਬ੍ਰਜ ਭਾਸ਼ੀ ਸਾਹਿਤ ਵਿਚ ਸੁਣਨ ਨੂੰ ਨਹੀਂ ਮਿਲਦੀ ਅਤੇ ਨਾ ਹੀ "ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ" ਦੀ ਪੁਕਾਰ। ਬਲਕਿ ਗ਼ੁਲਾਮੀ ਦੇ ਸੰਗਲਾਂ ਨੂੰ ਚਾਅ ਨਾਲ ਚੁੰਮ ਕੇ ਗਲ ਪਾਉਣ ਦੀ ਚਾਹ ਕਈ ਲਿਖਤਾਂ ਤੋਂ ਪ੍ਰਗਟ ਹੁੰਦੀ ਹੈ। *ਸ਼ੂਨਯ ਪੁਰਾਣ* ਦਾ ਕਰਤਾ ਬੰਗਾਲ ਦਾ ਰਮਾਈ ਪੰਡਿਤ ਲਿਖਦਾ ਹੈ, "ਧਰਮ ਰਖਸ਼ਕ ਦੇਵਤਿਆਂ ਨੇ ਧਰਮ ਦੀ ਰਖਸ਼ਾ ਲਈ ਰੂਪ ਬਦਲਿਆ। ਬ੍ਰਹਮਾ ਮੁਹੰਮਦ ਹੋ ਗਏ, ਵਿਸ਼ਨੂੰ ਪੈਗ਼ੰਬਰ ਹੋ ਗਏ; ਮਹਾਂਦੇਵ ਆਦਮ, ਗਣੇਸ਼ ਗ਼ਾਜ਼ੀ, ਕਾਰਤਿਕ ਕਾਜ਼ੀ ਤੇ ਰਿਸ਼ੀਗਣ ਫ਼ਕੀਰ ਬਣ ਗਏ; ਨਾਰਦ ਵੇਸ ਬਦਲ ਕੇ ਸ਼ੈਖ਼ ਬਣੇ, ਇੰਦਰ ਮੌਲਾਨਾ ਬਣ ਗਏ ਅਤੇ ਚੰਡਿਕਾ ਹਾਯਾ ਬੀਬੀ ਬਣ ਗਈ। ਸਭ ਦੇਵਗਣ ਮੁਸਲਮਾਨ ਭੇਸ ਬਦਲ ਕੇ ਆਏ।" ਇਸ ਤਰ੍ਹਾਂ "ਧਰਮ ਕੇ ਪਾਂਵ ਪਕੜ ਕਰ 'ਰਮਾਈ' ਪੰਡਤ ਗਾਤੇ ਹੈਂ।" ਕਰਨੀ ਦੇ ਮੈਦਾਨ ਦੀਆਂ ਕੇਵਲ ਦੋ ਇਤਿਹਾਸਕ ਘਟਨਾਵਾਂ ਚਿਤਾਰਨ ਨਾਲ ਹੀ ਹਿੰਦੁਸਤਾਨ ਦੇ ਲੋਕਾਂ ਦੀ ਮਨੋਬਿਰਤੀ ਉਭਰ ਕੇ ਸਾਹਮਣੇ ਆ ਜਾਂਦੀ ਹੈ। ਬੰਗਾਲ ਵਿਚ ਇਸਲਾਮੀ ਰਾਜ ਦੀ ਸਥਾਪਨਾ ਬਖ਼ਤਿਆਰ ਖ਼ਿਲਜੀ ਨੇ ਕੇਵਲ ਸਤਾਰਾਂ ਸਿਪਾਹੀਆਂ ਨਾਲ ਸੇਨ ਰਾਜੇ ਨੂੰ ਤਖ਼ਤੋਂ ਲਾਹ ਕੇ ਕੀਤੀ ਸੀ ਅਤੇ ਪਲਾਸੀ ਦੀ ਲੜਾਈ (ਜੂਨ 1757 ਈਸਵੀ), ਜਿਸ ਤੋਂ ਅੰਗਰੇਜ਼ ਰਾਜ ਦਾ ਸੂਰਜ ਉਦੇ ਹੋਇਆ ਸੀ, ਵਿਚ ਮਹਿਤਾ ਚੌਕ ਦੀ ਪੁਲਿਸ ਫ਼ਾਇਰਿੰਗ ਨਾਲੋਂ ਵੀ ਘੱਟ ਮੌਤਾਂ ਹੋਈਆਂ ਸਨ। ਜਦ ਰਾਜਨੀਤੀ ਦਾ ਕੋਈ ਅਟੱਲ ਸੱਚ ਹੈ ਹੀ ਨਹੀਂ ਸੀ ਤਾਂ ਸਿਰ ਦੇ ਕੇ ਪ੍ਰਗਟ ਕਿਸ ਨੇ ਕਰਨਾ ਸੀ! ਰਾਜਪੂਤ ਯੋਧੇ ਈਰਖਾ ਅਧੀਨ ਤਾਂ ਸਨਮੁਖ ਹੋ ਜੂਝਦੇ ਸਨ ਅਤੇ ਕੁਲ ਤਕ ਦੀ ਬਲੀ ਚੜ੍ਹਾ ਦਿੰਦੇ ਸਨ, ਪਰੰਤੂ ਕਿਸੇ ਵਿਸ਼ਵ-ਵਿਆਪੀ ਅਸੂਲ ਲਈ, ਜਾਨ ਹੂਲਣਾ ਤਾਂ ਪਾਸੇ ਰਿਹਾ, ਛੋਟੀ ਉਂਗਲ ਕਟਵਾਣ ਲਈ ਵੀ ਕਦੇ ਤਿਆਰ ਨਹੀਂ ਸਨ ਹੋਏ। ਰਾਣਾ ਪ੍ਰਤਾਪ ਦੀ ਅਣਖ ਦੀ ਚਿੰਗਾਰੀ ਬਲਦੀ ਰਹੀ ਸੀ ਤਾਂ ਕੇਵਲ ਬਾਬਾ ਸ੍ਰੀ ਚੰਦ ਜੀ ਦੇ ਸਿੱਖੀ ਉਪਦੇਸ਼ਾਂ ਕਾਰਣ। ਸਿੱਖੀ ਦੇ ਅਸੂਲਾਂ ਦੇ ਜੜ੍ਹ ਫੜਨ ਤੋਂ ਪਹਿਲਾਂ ਨਾ ਤਾਂ ਭਾਰਤ ਦੀ ਏਸ ਅਭਾਗੀ ਧਰਤੀ ਨੇ ਕਿਸੇ ਰਾਜਸੀ ਸ਼ਹੀਦ ਦੇ ਚਰਨ ਚੁੰਮੇ ਸਨ ਅਤੇ ਨਾ ਏਸ ਦੇ ਮੱਥੇ ਉੱਤੇ ਕਿਸੇ ਮਰਦੇ ਮੁਜਾਹਿਦ ਦੇ ਖ਼ੂਨ ਦਾ ਸੰਧੂਰ ਸਜਿਆ ਸੀ।

ਸਦੀਆਂ ਦੀ ਮਾਰੂ ਚੁੱਪ ਤੋਂ ਬਾਅਦ ਪਹਿਲੋਂ ਪਹਿਲ ਅਣਖ ਅਤੇ ਸੱਚ ਦੀ ਦੋਹੀ ਦੇਣ ਵਾਲੀ ਸਾਹਿਬ ਸਤਿਗੁਰੂ ਨਾਨਕ ਦੀ ਆਵਾਜ਼ ਹੀ ਸੀ। ਸਭ ਤੋਂ ਪਹਿਲਾਂ ਆਪ ਨੇ ਹੀ ਭਾਰਤ ਦੇ ਰਾਜਸੀ ਚਿੰਤਨ ਨੂੰ ਇਹ ਅਣਮੁੱਲਾ ਵਿਚਾਰ ਦਿੱਤਾ ਕਿ ਪਰਜਾ ਦੇ ਵੀ ਹੱਕ ਹੁੰਦੇ ਹਨ ਅਤੇ ਉਹਨਾਂ ਹੱਕਾਂ ਦੀ ਰਾਖੀ ਲਈ ਅਜਿਹਾ ਸਮਾਂ ਆਉਂਦਾ ਹੈ, ਜਦੋਂ ਜੂਝ ਮਰਨਾ ਜਿਉਂਦੇ ਰਹਿਣ ਨਾਲੋਂ ਵਧੇਰੇ ਸੋਭਨੀਕ ਹੁੰਦਾ ਹੈ; "ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥" ਸਿਆਸੀ ਅਤੇ ਧਾਰਮਿਕ ਜੀਵਨ ਦੇ ਸੁਮੇਲ ਦੀ ਲੜੀ ਵਿਚ ਇਕ ਹੋਰ ਭੇਤ ਦੀ ਗੱਲ ਹਜ਼ੂਰ ਫ਼ੁਰਮਾਉਂਦੇ ਹਨ ਕਿ ਰਾਜੇ ਕੁਝ ਦਿਨਾਂ ਦੇ

ਹੀ ਪ੍ਰਾਹੁਣੇ ਹੁੰਦੇ ਹਨ "ਆਵਨਿ ਅਠਤਰੈ ਜਾਨਿ ਸਤਾਨਵੈ" ਅਤੇ ਉਹਨਾਂ ਨੂੰ ਪਰਮਾਤਮਾ ਵੱਲੋਂ ਜ਼ੁਲਮ ਕਰਨ ਦਾ ਕੋਈ ਅਧਿਕਾਰ ਨਹੀਂ ਹੁੰਦਾ। ਸੱਚ ਦੇ ਰਾਹ ਉੱਤੇ ਮੌਤ ਕਬੂਲਣ ਨੂੰ ਸਿੱਖੀ ਜੀਵਨ ਦਾ ਆਰੰਭ ਆਪ ਨੇ ਦੱਸਿਆ। ਆਪ ਫ਼ੁਰਮਾਉਂਦੇ ਹਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

(ਸਲੋਕ ਵਾਰਾਂ ਤੇ ਵਧੀਕ, ਪੰਨਾ 1412)

ਤ੍ਰੈਕਾਲ ਦਰਸ਼ੀ ਸਤਿਗੁਰਾਂ ਦੀ ਅਗੰਮੀ ਸੂਝ ਕਾਰਣ ਸਿਖ ਧਰਮ ਸਾਰੇ ਸੰਸਾਰ ਦੇ ਭਲੇ ਲਈ ਸਭ ਦਾ ਸਾਂਝਾ ਧਰਮ ਹੋ ਨਿਬੜਿਆ; ਕਿਉਂਕਿ ਏਸ ਦੀਆਂ ਕਦਰਾਂ-ਕੀਮਤਾਂ ਵਿਸ਼ਵ-ਕਲਿਆਣਕਾਰੀ ਅਤੇ ਨਿਰਸੰਦੇਹ ਪਰਮਾਤਮਾ ਦੇ ਆਸ਼ੇ ਅਨੁਸਾਰ ਹਨ। ਗੁਰੂ ਸਾਹਿਬਾਨ ਨੇ ਧਾਰਮਿਕ ਅਤੇ ਰਾਜਨੀਤਿਕ ਜੀਵਨ ਦੀਆਂ ਅਜਿਹੀਆਂ ਕਦਰਾਂ-ਕੀਮਤਾਂ ਪ੍ਰਗਟ ਕੀਤੀਆਂ, ਜਿਨ੍ਹਾਂ ਦੀ ਮਾਨਤਾ ਅਤੇ ਬੁਲੰਦੀ ਸੰਸਾਰ ਦੇ ਸਾਰੇ ਜੀਵਾਂ ਦੇ ਭਲੇ ਅਤੇ ਵਾਧੇ ਲਈ ਹੈ। ਕੇਵਲ ਏਨਾ ਹੀ ਨਹੀਂ ਕਿ ਉਹ ਏਸ ਨਿਰਮਲ ਗੰਗਾ ਨੂੰ ਵਗਾ ਕੇ ਸ਼ਾਂਤ ਬੈਠ ਗਏ, ਉਹਨਾਂ ਏਸ ਦੀ ਸੁਰੱਖਿਆ ਹਿੱਤ ਪਹਿਲਾਂ ਸਿਰ ਦੇ ਕੇ ਸ਼ਹੀਦੀਆਂ ਪਾਉਣ ਦੀ ਪਰੰਪਰਾ ਵੀ ਚਲਾਈ।

ਏਨੀ ਕੁ ਵਿਚਾਰ ਤੋਂ ਬਾਅਦ ਸਿੱਖੀ ਵਿਚ ਸ਼ਹਾਦਤ ਦੇ ਸਿਧਾਂਤ ਨੂੰ ਸਮਝਣ ਲਈ ਕੇਵਲ ਕੁਝ ਕੁ ਨੁਕਤਿਆਂ 'ਤੇ ਗੌਰ ਕਰਨਾ ਹੀ ਬਾਕੀ ਰਹਿ ਜਾਂਦਾ ਹੈ। ਸਿੱਖੀ ਅਨੁਸਾਰ ਸਭ ਮਨੁੱਖ ਮਾਤਰ ਨੂੰ ਪਰਮ ਕ੍ਰਿਪਾਲੂ ਪਿਤਾ ਨੇ ਅਮਿਟ ਅਧਿਕਾਰ ਦਿੱਤਾ ਹੈ ਕਿ ਉਹ ਨਿਰ-ਵਿਘਨ ਖੇੜੇ ਅਤੇ ਖ਼ੁਸ਼ੀਆਂ ਦਾ ਜੀਵਨ ਜਿਉ ਸਕਣ; "ਹਰਖ ਅਨੰਤ ਸੋਗ ਨਹੀ ਬੀਆ" ਅਤੇ "ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ"। ਪਰਮਾਤਮਾ ਨੂੰ ਇਹੋ ਮਨਜ਼ੂਰ ਹੈ ਕਿ ਧਰਮ ਵਿਸ਼ਵ-ਕਲਿਆਣਕਾਰੀ ਹੋਵੇ ਅਤੇ ਸੰਸਾਰ ਦੇ ਹਰ ਦੂਜੇ ਧਰਮਾਂ ਲਈ ਭਾਈਚਾਰੇ ਅਤੇ ਸਦਭਾਵਨਾ ਦੇ ਵਿਚਾਰ ਰੱਖਦਾ ਹੋਵੇ। ਏਸੇ ਲਈ ਪੰਜਵੇਂ ਪਾਤਿਸ਼ਾਹ ਨੇ ਮੁਸਲਮਾਨਾਂ ਨੂੰ ਰਾਜਸੀ ਹੰਕਾਰ ਅਤੇ ਧਰਮ ਆਧਾਰਿਤ ਵਿਤਕਰੇ ਦੀ ਨੀਤੀ ਤਿਆਗ ਕੇ 'ਮੋਮ ਦਿਲ' ਹੋਣ ਦੀ ਪ੍ਰੇਰਨਾ ਕੀਤੀ ਸੀ। ਰਾਜਨੀਤੀ ਉਹੋ ਹੀ ਪਰਮਾਤਮਾ ਦੇ ਹੁਕਮ ਅਨੁਸਾਰ ਹੋ ਸਕਦੀ ਹੈ, ਜਿਹੜੀ ਮਨੁੱਖ ਦੇ ਖੇੜੇ ਖ਼ੁਸ਼ੀਆਂ ਦੇ ਹੱਕ ਨੂੰ ਨਿਰਸੰਕੋਚ ਤਸਲੀਮ ਕਰੇ ਅਤੇ ਹਰ ਮਨੁੱਖ ਦੇ ਆਪਣੀ ਜ਼ਮੀਰ ਅਨੁਸਾਰ ਜਿਊਣ ਦੇ ਹੱਕ ਨੂੰ ਸਪੱਸ਼ਟ ਮੰਨੇ। ਹਰ ਮਨੁੱਖ ਦੇ ਸ੍ਵੈਮਾਣ ਅਤੇ ਅਣਖ ਨਾਲ ਜਿਊਣ ਦੇ ਹੱਕ ਦੀ ਰਾਖੀ ਕਰਨਾ ਰਾਜਨੀਤੀ ਦਾ ਪਹਿਲਾ ਫ਼ਰਜ਼ ਹੈ; "ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥" ਸੰਸਾਰ ਦੀਆਂ ਬਾਦਸ਼ਾਹੀਆਂ ਸੱਚਾ ਪਾਤਿਸ਼ਾਹ ਆਪ ਸਿਰਜਦਾ ਹੈ ਅਤੇ ਇਹਨਾਂ ਨੂੰ ਕੇਵਲ ਉਦੋਂ ਤਕ ਕਾਇਮ ਰੱਖਦਾ ਹੈ, ਜਦੋਂ ਤਕ ਉਹ ਆਪਣੀ ਸ਼ਕਤੀ ਨੂੰ ਉਸ ਦੇ ਆਸ਼ੇ ਅਨੁਸਾਰ ਵਰਤਦੀਆਂ ਹਨ। ਜੇ ਉਹ ਅਨਿਆਂਕਾਰੀ ਜਾਂ ਫ਼ਿਕਰਾਦਾਰਾਨਾ ਹੋ ਜਾਣ ਤਾਂ ਸਿਰਜਣ ਵਾਲਾ ਉਹਨਾਂ ਨੂੰ ਬਲ-ਹੀਣ ਕਰ ਕੇ ਰਾਜ ਕਰਨ ਦੇ ਅਧਿਕਾਰ ਤੋਂ ਵਾਂਝਾ ਕਰ ਦਿੰਦਾ ਹੈ; "ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥" ਜਦੋਂ ਐਸੀਆਂ ਅਲਾਮਤਾਂ ਪ੍ਰਗਟ ਹੋ ਜਾਣ ਤਾਂ ਹਰ ਧਰਮੀ ਮਨੁੱਖ, ਪਰਮਾਤਮਾ ਦਾ ਭੈਅ ਰੱਖਣ ਵਾਲੇ ਇਨਸਾਨ ਦਾ ਫ਼ਰਜ਼ ਬਣਦਾ ਹੈ ਕਿ ਉਹ ਅਜਿਹੀ ਰਾਜਸੀ ਸ਼ਕਤੀ (ਬਾਦਸ਼ਾਹਤ) ਦਾ ਤਖ਼ਤਾ ਉਲਟਾਉਣ ਲਈ ਟਿੱਲ ਲਾ ਦੇਵੇ, ਜੋ ਪਰਮਾਤਮਾ ਦੇ ਰਾਹ ਨੂੰ ਵਿਸਾਰ ਚੁੱਕੀ ਹੈ ਅਤੇ ਫਲਸਰੂਪ ਰਾਜ ਕਰਨ ਦਾ ਅਧਿਕਾਰ ਗੁਆ ਚੁੱਕੀ ਹੈ।

ਆਦਿ ਸਮੇਂ ਤੋਂ ਲੈ ਕੇ ਕਲ੍ਹ ਤਕ ਦੇ ਸਿਖ ਸ਼ਹੀਦਾਂ ਦੇ ਜੀਵਨ ਨੂੰ ਵਿਚਾਰਨ ਤੋਂ ਇਕ ਠੋਸ ਕੇਂਦਰੀ ਨੁਕਤਾ ਖ਼ਾਲਸੇ ਦੀ ਸਰਦਾਰੀ ਹੀ ਦਿੱਸ ਆਉਂਦਾ ਹੈ। ਸਾਰੇ ਸ਼ਹੀਦਾਂ ਦਾ ਪਵਿੱਤਰ ਮਕਸਦ ਪਰਮਾਤਮਾ ਦੇ ਇਸ਼ਕ ਵਿਚ ਰੱਤੇ ਖ਼ਾਲਸੇ ਦੀ ਅਤਿਅੰਤ ਨਿਆਂਕਾਰੀ ਅਤੇ ਧਰਮ ਨਿਰਪੱਖ ਰਾਜਸੀ ਸ਼ਕਤੀ ਕਾਇਮ ਕਰਨਾ ਹੀ ਸੀ। ਉਨ੍ਹਾਂ ਦੇ ਦਿਲਾਂ-ਦਿਮਾਗ਼ਾਂ ਉੱਤੇ ਕੇਵਲ 'ਰਾਜ ਕਰੇਗਾ ਖ਼ਾਲਸਾ' ਹੀ ਉਕਰਿਆ ਹੋਇਆ ਸੀ। ਬਜ਼ੁਰਗ ਸੰਤ, ਸਰਬੰਸ ਦਾਨੀ ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰਨ ਦਾ ਉਸੇ ਵੇਲੇ ਫ਼ੈਸਲਾ ਹੋ ਗਿਆ, ਜਦੋਂ ਉਹਨਾਂ ਨਿਝੱਕ ਖ਼ਾਲਸਾ ਰਾਜ ਦੀਆਂ ਗੱਲਾਂ ਕੀਤੀਆਂ ਅਤੇ ਖ਼ਾਲਸੇ ਦੀ ਫ਼ਤਹਿ ਦਾ ਨਿਸ਼ਚਾ ਸੂਬੇਦਾਰ ਦੇ ਸਾਹਮਣੇ ਭਰੀ ਕਚਹਿਰੀ ਵਿਚ ਜਾ ਦੁਹਰਾਇਆ। ਮਿਥ ਕੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਭਾਈ ਬੋਤਾ ਸਿੰਘ ਤਾਂ ਕੇਵਲ ਮਸਫੁਟ ਗਭਰੂ ਹੀ ਸਨ; ਅਜੇ ਛਕਿਆ ਅੰਮ੍ਰਿਤ ਵੀ ਉਹਨਾਂ ਦੇ ਗਲੋਂ ਥੱਲੇ ਨਹੀਂ ਸੀ ਲੱਥਾ। ਉਹ ਅੰਮ੍ਰਿਤਸਰ ਤੋਂ ਅੰਮ੍ਰਿਤ ਛਕ ਕੇ ਜਾ ਰਹੇ ਸਨ ਕਿ ਸਿੱਖੀ ਦੇ ਸੂਰਜ ਵਾਂਗ ਰੌਸ਼ਨ ਮੁਕੰਮਲ ਖ਼ੁਦ-ਮੁਖ਼ਤਿਆਰੀ ਦੇ ਨਿਸ਼ਚੇ ਨੂੰ ਸਿਰ ਦੇ ਕੇ ਪ੍ਰਗਟਾਉਣ ਦਾ ਸਬੱਬ ਰਾਹ ਵਿਚ ਹੀ ਬਣ ਗਿਆ। ਉਨ੍ਹਾਂ ਨੇ ਏਸ ਸੱਚ, ਕਿ ਸਰਬ ਸਮਰੱਥ ਹੋਣ ਕਾਰਣ ਖ਼ਾਲਸਾ ਹੀ ਕਰ ਉਗਰਾਉਣ ਦਾ ਇੱਕੋ ਇਕ ਅਧਿਕਾਰੀ ਹੈ, ਨੂੰ ਪ੍ਰਚਾਰਨ ਹਿੱਤ ਸ਼ਹੀਦੀ ਪ੍ਰਾਪਤ ਕਰਨ ਦਾ ਨਿਸ਼ਚਾ ਕਰ ਲਿਆ। ਉਹ ਸੋਟਾ ਫੜ ਮੈਦਾਨ ਵਿਚ ਉਤਰੇ ਅਤੇ ਤੀਹ ਸਿਪਾਹੀਆਂ ਨੂੰ ਮਾਰ ਕੇ ਸ਼ਹੀਦ ਹੋ ਗਏ :

ਦੌਲਤ ਕੇ ਨਹਿ ਭੂਖੇ ਥੇ ਸਿੰਘ, ਚਰਚਾ ਪੰਥ ਚਲਾਣ ਚਹੀ।

ਸਿੱਖੀ ਵਿਚ ਸ਼ਹੀਦੀ ਦਰਜਾ ਪ੍ਰਾਪਤ ਕਰਨ ਸੰਬੰਧੀ ਇਕ ਹੋਰ ਵਚਿੱਤਰ ਗੱਲ ਇਹ ਹੈ ਕਿ ਏਸ ਦੀ ਸੰਭਾਵਨਾ ਨੇ ਗਹਿਰ ਗੰਭੀਰ ਬਜ਼ੁਰਗਾਂ ਤੋਂ ਲੈ ਕੇ ਮਨਚਲੇ ਨੌਜਵਾਨਾਂ, ਬੱਚਿਆਂ ਅਤੇ ਸਿੰਘਣੀਆਂ ਤਕ ਨੂੰ ਇਉਂ ਆਪਣੇ ਵੱਲ ਖਿਚਿਆ, ਜਿਵੇਂ ਮਿਕਨਾਤੀਸ ਲੋਹੇ ਨੂੰ ਖਿੱਚਦਾ ਹੈ। ਸ਼ਹੀਦੀ ਦਾ ਉੱਤਮ ਦਰਜਾ ਪ੍ਰਾਪਤ ਕਰਨ ਲਈ ਜਿਥੇ ਭਾਈ ਗਰਜਾ ਸਿੰਘ ਵਰਗੇ ਅਨਪੜ੍ਹ ਅਤੇ ਅਲ੍ਹੜ ਨੌਜਵਾਨ ਉਤਾਵਲੇ ਰਹੇ, ਉਥੇ ਸ੍ਰੀ ਦਸਮੇਸ਼ ਦੇ ਮੁਬਾਰਕ ਹੱਥਾਂ ਤੋਂ ਅੰਮ੍ਰਿਤ ਛਕਣ ਵਾਲੇ ਗੁਰੂ ਗ੍ਰੰਥ ਸਾਹਿਬ ਦਾ ਅਰਬੀ ਅਤੇ ਫ਼ਾਰਸੀ ਵਿਚ ਉਲਥਾ ਕਰਨ ਵਾਲੇ ਮਹਾਂ ਵਿਦਵਾਨ, ਸ਼ਾਂਤ ਸੁਭਾਅ, ਬਾਬਾ ਦੀਪ ਸਿੰਘ ਜੀ ਵੀ ਇਕ ਹੱਥ ਖੰਡਾ ਲੈ, ਦੂਜੇ 'ਤੇ ਸੀਸ ਰੱਖ ਕੇ ਜਾ ਜੂਝੇ। ਜਿਸ ਕੋਲੋਂ ਜਿਵੇਂ ਵੀ ਸੇਵਾ ਬਣ ਆਈ, ਕੀਤੀ। ਪਰੰਤੂ ਜਦੋਂ ਮਾਹੀ ਦੀ ਸੱਦ ਕੰਨੀ ਪਈ, ਵਿੱਚੇ ਕਲਮ ਛੱਡ ਕੇ, ਬਲਦਾਂ ਨੂੰ ਪੰਜਾਲੀਆਂ ਵਿਚ ਛੱਡ ਕੇ, ਮਹਿਲਾਂ ਦੇ ਸੁਖ ਤਿਆਗ ਕੇ ਜ਼ਾਲਮ ਦੀ ਤੇਗ਼ ਨੂੰ ਜਾ ਗਲ ਲਾਇਆ। ਪੰਜਵੇਂ ਪਾਤਿਸ਼ਾਹ ਹਜ਼ੂਰ ਤੋਂ ਲੈ ਕੇ ਭਾਈ ਅਮਰਜੀਤ ਸਿੰਘ ਤਕ ਸਭ ਸ਼ਹੀਦਾਂ ਮੁਰੀਦਾਂ ਦੇ ਮਨਾਂ ਵਿਚ ਸ਼ਹੀਦੀਆਂ ਪਾਉਣ ਦਾ ਚਾਅ ਪ੍ਰਤੱਖ ਦਿੱਸ ਆਉਂਦਾ ਹੈ।

ਸ਼ਹੀਦਾਂ ਨੂੰ ਪਾਏ ਪਰਚਿਆਂ ਤੋਂ ਪਤਾ ਲੱਗਦਾ ਹੈ ਕਿ ਜੇ ਉਹ ਚਾਹੁੰਦੇ ਤਾਂ ਸਦਾ ਆਪਣੀ ਜਾਨ ਬਚਾਅ ਸਕਦੇ ਸਨ। ਉਹਨਾਂ ਨੂੰ ਚੋਣ ਦਾ ਮੌਕਾ ਦਿੱਤਾ ਜਾਂਦਾ ਸੀ ਅਤੇ ਉਹ ਹਮੇਸ਼ਾ ਆਪਣੇ ਧਰਮ, ਆਪਣੀ ਅਣਖ, ਆਪਣੇ ਦਾਈਏ ਅਤੇ ਸ੍ਵੈਮਾਣ ਨੂੰ ਚੁਣਦੇ ਸਨ; ਫੋਕੀ ਸ਼ੁਹਰਤ, ਗ਼ੈਰਾਂ ਦਾ ਧਰਮ ਅਤੇ ਸਰਕਾਰੀ ਰੁਤਬੇ ਸੰਗਤ ਦੇ ਚਰਨਾਂ ਦੀ ਧੂੜ ਉਤੋਂ ਵਗਾਹ ਕੇ ਮਾਰਦੇ ਸਨ। ਉਹਨਾਂ ਦੀ ਕਥਨੀ ਅਤੇ ਕਰਨੀ ਵਿਚ ਫ਼ਰਕ ਨਹੀਂ ਸੀ ਹੁੰਦਾ ਅਤੇ ਉਹ ਕਿਸੇ ਸਮੇਂ ਮੁਤਾਬਿਕ ਪ੍ਰਵਾਣਿਤ ਬਾਣੀ ਨੂੰ ਜ਼ੁਬਾਨ ਉੱਤੇ ਲਿਆਉਣ ਦੇ ਵਿਚਾਰ ਨੂੰ ਮੁੱਢੋਂ ਹੀ ਜ਼ਹਿਰ ਜਾਣ ਕੇ ਨੇੜੇ ਨਹੀਂ ਸਨ ਫਟਕਣ ਦਿੰਦੇ। ਇਹਨਾਂ ਵਿਚਾਰਾਂ

ਦੀ ਪੁਸ਼ਟੀ ਲਾਹੌਰ ਦੇ ਰਹਿਣ ਵਾਲੇ ਭਾਈ ਸੁਬੇਗ ਸਿੰਘ ਜੰਬਰ ਦੀ ਨਿਰਾਲੀ ਕਥਾ ਤੋਂ ਭਲੀ ਪ੍ਰਕਾਰ ਹੋ ਜਾਂਦੀ ਹੈ। ਇਹਨਾਂ ਦੇ ਵਡਿੱਕੇ ਤੀਜੀ ਪਾਤਿਸ਼ਾਹੀ ਵੇਲੇ ਸਿਖ ਬਣੇ ਸਨ। ਭਾਈ ਸੁਬੇਗ ਸਿੰਘ ਆਪਣੇ ਪਿਉ ਦਾਦੇ ਵਾਂਗ ਸਰਕਾਰੀ ਨੌਕਰ ਸਨ। ਇਹਨਾਂ ਦਾ ਇਕਲੌਤਾ ਲੜਕਾ ਸ਼ਾਹਬਾਜ਼ ਸਿੰਘ ਵੀ ਸਰਕਾਰੀ ਨੌਕਰੀ ਲਈ ਅਰਬੀ, ਫ਼ਾਰਸੀ ਦਾ ਇਲਮ ਗ੍ਰਹਿਣ ਕਰ ਰਿਹਾ ਸੀ। ਇਹਨਾਂ ਨੇ ਮੁਹੰਮਦ ਅਸਲਮ ਖ਼ਾਂ, ਦਲੇਰ ਜੰਗ ਅਤੇ ਖ਼ਾਨ ਬਹਾਦਰ ਜ਼ਕਰੀਆ ਖ਼ਾਂ ਵਰਗੇ ਜ਼ਾਲਮ ਅਤੇ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਸੂਬੇਦਾਰਾਂ ਅਧੀਨ ਵੀ ਉੱਚੇ ਅਹੁਦਿਆਂ ਉੱਤੇ ਪੂਰੀ ਵਫ਼ਾਦਾਰੀ ਨਾਲ ਨੌਕਰੀ ਕੀਤੀ; ਪਰੰਤੂ ਆਪਣੀ ਆਤਮਾ ਨੂੰ ਆਂਚ ਨਾ ਆਉਣ ਦਿੱਤੀ। ਕਈ ਪ੍ਰਮੁੱਖ ਸਿੱਖਾਂ ਦੀਆਂ ਸ਼ਹੀਦੀਆਂ ਆਪ ਦੇ ਲਾਹੌਰ ਦਾ ਕੋਤਵਾਲ ਹੁੰਦਿਆਂ ਹੋਈਆਂ ਸਨ। ਸੰਨ 1733 ਈਸਵੀ ਵਿਚ ਜਦੋਂ ਆਪ ਸੂਬੇ ਵੱਲੋਂ ਨਵਾਬੀ ਦੀ ਖਿੱਲਤ ਲੈ ਕੇ ਅਕਾਲ ਤਖ਼ਤ ਉੱਤੇ ਪੇਸ਼ ਹੋਏ ਸਨ ਤਾਂ ਤੁਰਕ ਦਾ ਨੌਕਰ ਹੋਣ ਕਾਰਣ ਰਸਮੀ ਤਨਖ਼ਾਹ ਲਾਉਣ ਤੋਂ ਬਾਅਦ ਖ਼ਾਲਸੇ ਦੇ ਸਮੂਹ ਨੇ ਆਪਣਾ ਅੰਗ ਸਮਝ ਕੇ ਸਤਿਕਾਰਿਆ ਸੀ; ਏਸ ਲਈ ਕਿ ਉਹਨਾਂ ਦੀ ਆਤਮਾ ਗੰਗਾ ਜਲ ਵਾਂਗ ਪਵਿੱਤਰ ਸੀ ਅਤੇ ਗੁਰੂ ਉੱਤੇ ਉਹਨਾਂ ਦਾ ਨਿਸ਼ਚਾ ਦ੍ਰਿੜ੍ਹ ਸੀ। ਜਦੋਂ ਪਰਚਾ ਪਿਆ ਤਾਂ ਆਪ ਨੇ ਖ਼ਾਲਸੇ ਦੇ ਧਾਰਮਿਕ ਅਤੇ ਰਾਜਸੀ ਅਕੀਦਿਆਂ ਉੱਤੇ ਡੱਟ ਕੇ ਪਹਿਰਾ ਦਿੱਤਾ। ਜਦੋਂ ਆਪ ਨੂੰ ਸੁਝਾਅ ਦਿੱਤਾ ਗਿਆ ਕਿ ਕੇਵਲ ਕੁਲ ਰੱਖਣ ਖ਼ਾਤਰ ਆਪਣੇ ਬੱਚੇ ਨੂੰ ਸਿੱਖੀ ਤਿਆਗਣ ਦੀ ਇਜਾਜ਼ਤ ਦੇਣ ਤਾਂ ਆਪ ਨੇ ਬੜੇ ਹੌਸਲੇ ਨਾਲ ਕਿਹਾ: 'ਹਮ ਕਾਰਣ ਗੁਰ ਕੁਲਹ ਗਵਾਈ। ਹਮ ਕੁਲ ਰਾਖੇ ਕਵਨ ਵਡਿਆਈ।' ਆਪਣੇ ਆਪ ਨੂੰ ਅਤੇ ਆਪਣੇ ਇਕਲੌਤੇ ਪੁੱਤਰ ਨੂੰ ਚਰਖੜੀ ਦੇ ਬੇਰਹਿਮ ਰੱਤ ਪੀਣੇ ਦੰਦਿਆਂ ਸਾਹਮਣੇ ਖੜੇ ਵੇਖ ਕੇ ਆਪ ਨੇ ਅਰਦਾਸ ਕੀਤੀ ਸੀ:

ਧੰਨਯ ਘੜੀ ਸੋ ਧੰਨਯ ਚਰਖੜੀ, ਧੰਨਯ ਨਿਆਉਂ ਤੁਮਾਰਾ।
ਧਰਮ ਹੇਤ ਜੋ ਚੜ੍ਹੇ ਚਰਖੜੀ, ਧੰਨਯ ਵਜੂਦ ਹਮਾਰਾ।

ਦੋਨੋਂ ਸਿੰਘ ਜਪੁਜੀ ਸਾਹਿਬ ਦਾ ਪਾਠ ਕਰਦੇ ਹੋਏ, ਅਡੋਲ ਰਹਿ ਕੇ, ਸਿੱਖੀ ਨੂੰ ਸੰਪੂਰਨ ਕਰ ਗਏ। ਦੋਨੋਂ ਸੂਰਬੀਰ ਉਹ ਅਕਹਿ ਕਹਾਣੀ ਕਹਿ ਗਏ, ਜਿਸ ਨੂੰ ਲਫ਼ਜ਼ਾਂ ਵਿਚ ਨਹੀਂ ਕਿਹਾ ਜਾ ਸਕਦਾ। ਇਹਨਾਂ ਦੀ ਲਾ-ਮਿਸਾਲ ਸ਼ਹੀਦੀ ਦਾ ਮੁਕਾਬਲਾ ਕਿਸੇ ਹੱਦ ਤਕ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਮਾਸੂਮ ਬੇਟੇ ਅਜੈ ਸਿੰਘ ਦੀ ਸ਼ਹੀਦੀ ਨਾਲ ਹੀ ਕੀਤਾ ਜਾ ਸਕਦਾ ਹੈ।

ਇਹਨਾਂ ਬਿਦੇਹ ਸਿੰਘਾਂ ਦੀ ਸ਼ਹੀਦੀ ਵੇਖਦੇ ਹੋਏ ਭੱਟ ਦੇ ਵੀ ਦੰਦ ਜੁੜ ਗਏ ਅਤੇ ਉਹ ਕੇਵਲ ਏਨਾ ਹੀ ਕਹਿ ਸਕਿਆ: 'ਹੇਠਾਂ ਧਰਤੀ ਉੱਤੇ ਅੰਬਰ, ਵਿਚ ਫਿਰੇ ਸੁਬੇਗ ਸਿੰਘ ਜੰਬਰ।'

ਸ਼ਹਾਦਤ ਸਬੰਧੀ ਸਿੱਖੀ ਦੇ ਸਿਧਾਂਤ ਨੂੰ ਵਿਸਥਾਰ ਵਿਚ ਸਮਝਣ ਲਈ ਅਸਾਨੂੰ ਨੀਲੇ ਕੱਪੜਿਆਂ ਵਾਲੇ ਭੁਝੰਗੀ ਗੁਰਬਖ਼ਸ਼ ਸਿੰਘ ਨਿਹੰਗ ਦੀ ਕਥਾ ਚਿਤਾਰਨ ਦੀ ਲੋੜ ਹੈ। ਇਹ ਖੇਮਕਰਨ ਨੇੜੇ ਲੀਲ ਪਿੰਡ ਵਿਚ ਪੈਦਾ ਹੋਏ ਸਨ ਅਤੇ ਇਹਨਾਂ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਸੀ। *ਪੰਥ ਪ੍ਰਕਾਸ਼* ਦੇ ਕਰਤਾ ਅਨੁਸਾਰ ਜ਼ਮਾਨਾ ਉਹਨਾਂ ਨੂੰ 'ਹਠੀ ਜਤੀ ਔ ਤਪੀ, ਦਾਤਾ ਪੂਰਾ ਸੂਰਾ' ਕਰਕੇ ਜਾਣਦਾ ਸੀ। ਉਹਨਾਂ ਦੀ ਮੁਰਦਾ ਰੂਹਾਂ ਵਿਚ ਜਾਨ ਪਾਉਣ ਵਾਲੀ ਸ਼ਹੀਦੀ 1 ਦਸੰਬਰ 1764 ਈਸਵੀ ਨੂੰ ਅਹਿਮਦ ਸ਼ਾਹ ਅਬਦਾਲੀ ਦੇ ਸੱਤਵੇਂ ਹੱਲੇ ਦੌਰਾਨ ਹੋਈ ਸੀ।

ਅਬਦਾਲੀ, ਜਵਾਹਰ ਮੱਲ ਜਾਟ ਦੇ ਖ਼ਿਲਾਫ਼, ਨਜੀਬ ਖ਼ਾਂ ਦੀ ਮਦਦ ਵਾਸਤੇ ਆਇਆ ਹੋਇਆ ਸੀ। ਇਕ ਦਿਨ ਰਹਰਾਸਿ ਵੇਲੇ ਗੁਰੂ ਚਰਨਾਂ ਵਿਚ ਜੁੜੇ ਸਿੰਘਾਂ ਨੂੰ ਖ਼ਬਰ ਮਿਲੀ ਕਿ ਅਬਦਾਲੀ ਉਹਨਾਂ ਉੱਤੇ ਹਮਲਾ ਕਰਨ ਲਈ ਲਾਹੌਰੋਂ ਚੱਲ ਚੁੱਕਾ ਹੈ। ਡਟ ਕੇ ਰੜੇ ਮੈਦਾਨ ਵਿਚ ਮੁਕਾਬਲਾ ਕਰਨਾ ਮੁੱਠੀ ਭਰ ਸਿੰਘਾਂ ਵਾਸਤੇ ਕਿਸੇ ਪੱਖੋਂ ਵੀ ਯੁੱਧ ਨੀਤੀ ਨਹੀਂ ਸੀ। ਏਸ ਲਈ ਫ਼ੈਸਲਾ ਕੀਤਾ ਗਿਆ ਕਿ ਖ਼ਾਲਸਾ ਹਰਨ ਹੋ ਜਾਵੇ ਅਤੇ ਆਸੇ ਪਾਸੇ ਹੋ ਕੇ ਮੁਸੀਬਤ ਨੂੰ ਟਾਲ ਦੇਵੇ। ਗੁਰਮਤਾ ਪ੍ਰਵਾਨ ਹੋਣ ਤੋਂ ਬਾਅਦ ਭਾਈ ਗੁਰਬਖ਼ਸ਼ ਸਿੰਘ ਨਿਹੰਗ ਉਠ ਖੜੇ ਹੋਏ ਅਤੇ ਬੇਨਤੀ ਕੀਤੀ ਕਿ ਉਹਨਾਂ ਦੇ ਮਨ ਵਿਚ ਗੁਰੂ ਦੇ ਦੁਆਰ ਸ਼ਹੀਦ ਹੋਣ ਦੀ ਤੀਬਰ ਇੱਛਾ ਹੈ। ਏਸ ਲਈ ਪੰਥ ਗੁਰਮਤਾ ਉਹਨਾਂ ਸਿੰਘਾਂ ਉੱਤੇ ਲਾਗੂ ਨਾ ਕਰੇ, ਜੋ ਇਹ ਇੱਛਾ ਰੱਖਦੇ ਹਨ। ਪ੍ਰਵਾਨਗੀ ਮਿਲਣ 'ਤੇ ਉਹਨਾਂ ਨੇ ਇਉਂ ਵੰਗਾਰ ਪਾਈ :

ਹੈ ਕੋਈ ਸਿੰਘ ਇਸ ਪੰਥ ਮਝਾਰ।
ਲਾਇ ਸੀਸ ਕਰੇ ਦਰਗਾਹ ਪੁਕਾਰ।
ਸੋ ਪੁਕਾਰ ਉਸ ਮੰਨੇ ਕਰਤਾਰ।
ਹਠੀਆ ਤਪੀਆ ਜਪੀਆ ਜੋਇ।
ਰਹਿਤਵਾਨ ਸਚਿਆਰ ਵੀ ਹੋਇ।
ਪਰਸਵਾਰਥ ਹਿੱਤ ਦੇਹਿ ਸੁ ਲਾਵੈ।
ਵਾਂਗ ਤਾਰੂ ਸਿੰਘ ਤੁਰਕਨ ਗਲਾਵੈ।

ਉਹਨਾਂ ਦੀ ਪੁਕਾਰ ਹਰ ਸਿੰਘ ਦੇ ਦਿਲ ਨੂੰ ਟੁੰਬ ਗਈ, ਪਰੰਤੂ ਅੰਤ ਵਿਚ ਕੇਵਲ ਤੀਹਾਂ ਨੂੰ ਹੀ ਗੁਰਮਤੇ ਦੀ ਛੋਟ ਦਿੱਤੀ ਗਈ। ਇਹ ਸਿੰਘ ਬੜੇ ਚਾਅ ਨਾਲ ਸ਼ਹੀਦੀ ਦੀ ਤਿਆਰੀ ਵਿਚ ਰੁਝ ਗਏ। ਸ਼ਹੀਦੀ ਵਾਲੇ ਦਿਨ ਇਹਨਾਂ ਨੇ ਇਸ਼ਨਾਨ ਕਰ ਕੇ ਨੀਲੇ, ਸਫ਼ੈਦ ਅਰ ਕੇਸਰੀ ਬਾਣੇ ਸਜਾਏ। ਉਹ ਸਰੀਰਾਂ ਉੱਤੇ ਅਤਰ, ਅੰਬੀਰ ਆਦਿ ਲਾ ਕੇ ਫੁੱਲਾਂ ਦੇ ਸਿਹਰੇ ਸਜਾ ਕੇ ਸ਼ਹੀਦ ਹੋਣ ਲਈ ਇਉਂ ਤਿਆਰ ਹੋਏ, ਜਿਵੇਂ ਕੋਈ ਲਾੜਾ ਸ਼ਗਨਾਂ ਦੇ ਗਾਨੇ ਬੰਨ੍ਹ ਕੇ ਲਾੜੀ ਵਰਨ ਲਈ ਜਾਂਦਾ ਹੈ।

ਤੀਹ ਹਜ਼ਾਰ ਫ਼ੌਜ ਸਮੇਤ ਕੂਚ ਕਰਦੇ ਹੋਏ ਅਹਿਮਦ ਸ਼ਾਹ ਨੇ ਬੱਤੀ ਮੀਲ ਦੇ ਫ਼ਾਸਲੇ ਨੂੰ ਤਿੰਨ ਦਿਨਾਂ ਵਿਚ ਤੈਅ ਕੀਤਾ ਅਤੇ ਚੌਥੇ ਦਿਨ ਅੰਮ੍ਰਿਤਸਰ ਦੀ ਪਾਕ ਹਦੂਦ ਵਿਚ ਦਾਖ਼ਲ ਹੋਇਆ ਅਤੇ ਉਹ ਦਰਬਾਰ ਸਾਹਿਬ ਵੱਲ ਵਧਿਆ, ਜਿਥੇ ਕਿ ਉਸ ਦੀਆਂ ਅੱਖਾਂ ਦੇ ਸਾਹਮਣੇ ਹੀ ਉਸਦਾ ਆਪਣਾ ਨੜੋਆ ਤੀਹ ਸਿੰਘਾਂ ਦੇ ਚਰਨਾਂ ਦੀ ਖ਼ਾਕ ਵਿਚ ਰੁਲਣਾ ਸੀ। *ਜੰਗਨਾਮਾ* ਲਿਖਣ ਵਾਲਾ ਕਾਜ਼ੀ ਨੂਰ ਮੁਹੰਮਦ, ਜੋ ਏਸ ਮੁਹਿੰਮ ਵਿਚ ਅਬਦਾਲੀ ਦਾ ਹਮਰਕਾਬ ਸੀ, ਲਿਖਦਾ ਹੈ ਕਿ ਇਹਨਾਂ ਤੀਹ ਬੱਬਰ ਸ਼ੇਰਾਂ ਦੇ ਦਮਕਦੇ ਚਿਹਰਿਆਂ ਉੱਤੇ 'ਨਾ ਕਤਲੇਆਮ ਦਾ ਡਰ ਸੀ, ਨਾ ਮੌਤ ਦਾ ਭੈਅ'। ਇਉਂ ਇਹਨਾਂ ਤੀਹ ਸਨਮੁਖ ਸਿੰਘਾਂ ਨੇ ਜੁਗੋ ਜੁਗ ਅਟੱਲ ਸ੍ਰੀ ਅਕਾਲ ਤਖ਼ਤ ਅਤੇ ਭਗਤੀ ਦੇ ਸੋਮੇ ਸ੍ਰੀ ਦਰਬਾਰ ਸਾਹਿਬ ਦੇ ਸਾਂਝੇ ਅਹਾਤੇ ਵਿਚ ਮੌਤ ਨੂੰ ਠੱਠਾ ਕਰਦਿਆਂ ਸੂਰਮਗਤੀ ਪ੍ਰਾਪਤ ਕੀਤੀ। ਸ਼ਹੀਦੀ ਪ੍ਰਾਪਤ ਕਰਨ ਨਾਲ ਇਹਨਾਂ ਲਈ ਗੁਰੂ ਦਰਬਾਰ ਦੇ ਬੂਹੇ ਖੁਲ੍ਹ ਗਏ ਅਤੇ ਉਹ ਪੁਕਾਰ ਕਰਨ ਦੀ ਇਜਾਜ਼ਤ ਮਿਲ ਗਈ, ਜਿਸ ਦੀ ਤਮੰਨਾ ਲੈ ਕੇ ਇਹਨਾਂ ਨੇ ਸੀਸ ਲਾਇਆ ਸੀ। ਉਹਨਾਂ ਦੀ ਪੁਕਾਰ ਇਹ ਸੀ :

ਪੰਜਾਬ ਦੌਲਤ ਯਾਹੀ ਤੇ ਸਿਖ ਖਾਹਿ। ਦਖਣੀ ਪੱਛਮੀ ਕਿਮ ਲੈ ਜਾਹਿ।
ਬਚਨ ਸਿੰਘ ਸੁਨ ਗੁਰ ਖੁਸ਼ ਭਏ। 'ਤਥਾ ਅਸਤ' ਸਤਿਗੁਰ ਬਚ ਕਹੇ।

ਗੁਰਬਖ਼ਸ਼ ਸਿੰਘ ਸ਼ਹੀਦ ਅਤੇ ਉਹਨਾਂ ਦੇ ਸਾਥੀਆਂ ਦੀਆਂ ਸ਼ਹੀਦੀਆਂ ਤੋਂ ਜ਼ਾਹਿਰ ਹੈ ਕਿ ਸ਼ਹੀਦੀ ਉਹੋ ਹੀ ਲੋਚ ਸਕਦਾ ਹੈ ਜੋ ਪੂਰਨ ਰਹਿਤਵਾਨ, ਨਿਰਵੈਰ, ਸਚਿਆਰ ਅਤੇ ਪਰਉਪਕਾਰੀ ਹੋਵੇ। ਸ਼ਹੀਦੀ ਵਾਸਤੇ ਮਨ ਵਿਚ ਚਾਅ ਅਤੇ ਖੇੜਾ ਜ਼ਰੂਰੀ ਹੈ, ਜਿਵੇਂ ਇਨ੍ਹਾਂ ਦੇ ਮਨਾਂ ਵਿਚ ਗੁਰੂ ਦਰਬਾਰ ਦੇ ਦਰਸ਼ਨਾਂ ਦਾ ਅਤੇ ਗੁਰੂ ਦੇ ਸਾਹਮਣੇ ਪੁਕਾਰ ਕਰਨ ਦਾ ਚਾਅ ਸੀ। ਸ਼ਹੀਦ ਉਹ ਹੈ ਜੋ ਮੋਰ ਵਾਂਗ ਪੈਲ ਪਾਉਂਦਾ ਤੇਗ਼ ਦੇ ਜੌਹਰ ਵਿਖਾਵੇ। 'ਜਿਸ ਧੱਜ ਸੇ ਕੋਈ ਮਕਤਲ ਮੇਂ ਗਯਾ, ਵੁਹ ਸ਼ਾਨ ਸਲਾਮਤ ਰਹਿਤੀ ਹੈ। ਯਹ ਜਾਨ ਤੋ ਆਨੀ ਜਾਨੀ ਹੈ, ਇਸ ਜਾਂ ਕੀ ਤੋ ਕੋਈ ਬਾਤ ਨਹੀਂ।' ਹਰ ਸ਼ਹੀਦੀ ਖ਼ਾਲਸੇ ਦੀ ਬਾਦਸ਼ਾਹੀ ਦੀ ਸਥਾਪਨਾ ਵਾਸਤੇ ਦਿੱਤੀ ਜਾਂਦੀ ਰਹੀ। ਰਾਜਸੀ ਸ਼ਕਤੀਆਂ ਸਿਰਜਣ ਵਾਲੇ ਗੁਰੂ ਪਰਮੇਸ਼ਰ ਦੇ ਦਰਬਾਰ ਵਿਚ ਸ਼ਹੀਦ ਦਾ ਮੌਜੂਦ ਹੋਣਾ ਹੀ ਪੱਕੀ ਗਵਾਹੀ ਹੈ ਕਿ ਸੰਸਾਰ ਦੇ ਸੰਬੰਧਤ ਖਿੱਤੇ ਵਿਚ ਰਾਜਸੀ ਨਿਜ਼ਾਮ ਭਰਿਸ਼ਟਿਆ ਜਾ ਚੁੱਕਾ ਹੈ ਅਤੇ ਸ਼ਹੀਦਾਂ ਵਰਗੀ ਪਵਿੱਤਰ ਆਤਮਾ ਵਾਲੇ ਇਨਸਾਨਾਂ ਦਾ ਜਿਊਣਾ ਮੁਹਾਲ ਹੋ ਚੁੱਕਿਆ ਹੈ ਅਤੇ ਧਰਮ ਕਰਮ ਅਸਲੋਂ ਸੰਭਵ ਨਹੀਂ। ਆਪਣੀ ਉੱਮਤ ਨੂੰ ਧਰਮ ਦੇ ਰਾਹ ਚੱਲਦਿਆਂ ਖੇੜੇ ਖ਼ੁਸ਼ੀਆਂ ਦਾ ਜੀਵਨ ਬਤੀਤ ਕਰਦੇ ਦੇਖਣ ਦਾ ਚਾਹਵਾਨ ਪਰਮਾਤਮਾ, ਸੰਸਾਰ ਸਿਰਜਣ ਦੇ ਆਸ਼ੇ ਦਾ ਵਿਰੋਧ ਅਤੇ ਮਨੁੱਖੀ ਜੀਵਨ ਦੇ ਮਨੋਰਥ ਦਾ ਅੰਤ ਹੁੰਦਾ ਵੇਖ ਕੇ, ਤੁਰੰਤ ਨਕਾਰਾ ਰਾਜਸੀ ਸ਼ਕਤੀ ਨੂੰ ਸੱਤਾਹੀਣ ਕਰ ਕੇ, ਨਵੇਂ ਨਿਜ਼ਾਮ ਦੀਆਂ ਜੜ੍ਹਾਂ ਪੱਕੀਆਂ ਕਰ ਦੇਂਦਾ ਹੈ। ਇੰਨ ਬਿੰਨ ਇਹੋ ਸਿਧਾਂਤ ਸਾਨੂੰ ਉਸ ਗੁਰਮਤੇ ਵਿਚ ਮਿਲਦਾ ਹੈ, ਜੋ ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਨੇ ਕੀਤਾ ਸੀ। 'ਅਬ ਈਹਾਂ ਕਿਛੁ ਦੰਗਾ ਮਚਾਈਏ, ਤੁਰਕਨ ਸਿਰ ਦੇ ਝੂਠੇ ਕਰਾਈਏ। ਫਿਰ ਖ਼ਾਲਸੇ ਕੀ ਚਰਚਾ ਹੋਇ, ਪਾਤਸ਼ਾਹੀ ਦਾਵਾ ਚਾਹੇ ਜੋਇ।' ਸ਼ਹੀਦੀ ਤੋਂ ਉਪਰੰਤ ਸ਼ਹੀਦ ਦੇ ਧਰਮ ਭਰਾਵਾਂ, ਸਹਿਯੋਗੀਆਂ, ਹਮਦਰਦਾਂ, ਪੈਰੋਕਾਰਾਂ ਦਾ ਫ਼ਰਜ਼ ਬਣਦਾ ਹੈ ਕਿ ਜੜ੍ਹਾਂ ਤੋਂ ਪੁੱਟੀ ਜਾ ਚੁੱਕੀ ਖੋਖਲੀ ਸ਼ਕਤੀ ਦਾ ਖੁਰਾ-ਖੋਜ ਮਿਟਾ ਦੇਣ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਹਜ਼ੂਰ ਦਸਵੇਂ ਪਾਤਿਸ਼ਾਹ ਨੇ ਕਾਹੀ ਦੇ ਬੂਟੇ ਨੂੰ ਤੀਰ ਨਾਲ ਜੜ੍ਹੋਂ ਉਖੇੜ ਕੇ ਇਹੋ ਸਿਧਾਂਤ ਪ੍ਰਗਟ ਕੀਤਾ ਸੀ। ਏਸੇ ਲਈ ਸੱਚੇ ਪਾਤਿਸ਼ਾਹ ਹਜ਼ੂਰ ਨੇ ਮੁਗ਼ਲ ਰਾਜ ਦੀਆਂ ਸਫ਼ਾਂ ਵਲੇਟਣ ਦਾ ਕਾਰਜ ਸਿੰਘਾਂ ਨੂੰ ਨਾਂਦੇੜ ਵਿਚ ਸੌਂਪਿਆ ਸੀ। ਬੰਦਾ ਸਿੰਘ ਬਹਾਦਰ ਦੇ ਸ਼ੰਕੇ ਦੀ ਨਵਿਰਤੀ ਕਰਦਿਆਂ ਆਪ ਨੇ ਫ਼ਰਮਾਇਆ ਸੀ ਕਿ ਮੁਗ਼ਲਾਂ ਦੀ 'ਚੀਰੀ' ਹੁਣ ਦਰਗਾਹ ਵਿਚ ਪਾਟ ਚੁੱਕੀ ਹੈ—"ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ॥"

ਇਸ ਵਿਚ ਰੰਚਕ ਮਾਤਰ ਸ਼ੱਕ ਨਹੀਂ ਕਿ ਸਿੱਖੀ ਵਿਚ ਸ਼ਹਾਦਤ ਪ੍ਰਾਪਤ ਕਰਨ ਦਾ ਮੁੱਢਲਾ ਅਤੇ ਇੱਕੋ ਇਕ ਮੰਤਵ ਖ਼ਾਲਸੇ ਦੀ ਰਾਜਸੀ ਸ਼ਕਤੀ ਸਥਾਪਿਤ ਕਰਨਾ ਹੁੰਦਾ ਹੈ ਤਾਂ ਕਿ ਜਾਤ ਪਾਤ, ਧਰਮ ਕਰਮ, ਰੰਗ ਰੂਪ ਆਦਿ ਦੇ ਭਰਮ ਭੇਦ ਨੂੰ ਭੁਲਾ ਕੇ ਸਾਰੇ ਮਨੁੱਖ ਸਰਬ ਸਾਂਝੇ ਰਾਜ ਵਿਚ ਸੁਖੀ ਰਹਿ ਸਕਣ ਅਤੇ ਆਪਣੇ ਅਕੀਦਿਆਂ ਅਨੁਸਾਰ ਪਰਮਾਤਮਾ ਦੀ ਪੂਜਾ ਬੇਖ਼ੌਫ਼ ਕਰ ਸਕਣ। ਕਿਸੇ ਨੂੰ ਅਜਾਈਂ ਮੌਤ ਮਰਨ ਦਾ ਡਰ ਨਾ ਰਹੇ ਅਤੇ ਸਭ ਇਸਤਰੀ, ਪੁਰਸ਼ ਨਿਡਰ ਹੋ ਵਿਚਰਨ, ਐਸੇ ਰਾਜ ਵਿਚ, ਜੋ ਮੁਕੰਮਲ ਤੌਰ ਉੱਤੇ ਧਰਮ ਨਿਰਪੱਖ ਹੋਵੇ, ਪਰੰਤੂ ਟੀਸੀ ਤੋਂ ਲੈ ਕੇ ਜੜ੍ਹਾਂ ਤਕ ਧਰਮ ਵਿਚ ਰੰਗਿਆ ਹੋਵੇ।

ਭਾਈ ਮਨੀ ਸਿੰਘ ਵਰਗੇ ਬਜ਼ੁਰਗ ਸੰਤ ਨੂੰ ਮੁਗ਼ਲ ਰਾਜ ਦੀਆਂ ਜੜ੍ਹਾਂ ਗਾਲਣ ਵਾਸਤੇ ਸ਼ਹੀਦੀ ਦੇਣੀ ਪਈ, ਕਿਉਂਕਿ ਅਨਿਆਂ ਉੱਤੇ ਆਧਾਰਿਤ ਜ਼ਾਲਮ ਨਿਜ਼ਾਮ ਵਿਚ

ਅਣਖ ਦਾ ਜੀਵਨ, ਜਿਸ ਦਾ ਸਾਰਾ ਮਨੁੱਖ ਮਾਤਰ ਅਧਿਕਾਰੀ ਹੈ, ਉੱਕਾ ਸੰਭਵ ਨਹੀਂ ਸੀ। ਉਹ ਅਤੇ ਉਨ੍ਹਾਂ ਵਰਗੇ ਅਨੇਕ ਸਿੰਘ ਸਿਰ ਦੇ ਕੇ ਸਾਬਤ ਕਰ ਗਏ ਕਿ ਉਹ ਮੁਗ਼ਲ ਰਾਜ, ਜਿਸ ਵਿਚ ਹਠੀਆਂ, ਜਪੀਆਂ, ਤਪੀਆਂ, ਪਰਉਪਕਾਰੀ ਸੰਤਾਂ ਦੀਆਂ ਖੋਪਰੀਆਂ ਉਤਾਰੀਆਂ ਜਾਂਦੀਆਂ ਹਨ, ਬਦਲਣ ਦੇ ਕਾਬਲ ਹੈ। ਏਵੇਂ ਉਹਨਾਂ ਦੇ ਲਹੂ ਦੀ ਲਲਕਾਰ ਨੂੰ ਪੰਥ ਨੇ ਸਮਝਿਆ ਅਤੇ ਸ਼ਹੀਦੀਆਂ ਤੋਂ ਪ੍ਰਭਾਵਿਤ ਹੋ ਕੇ ਅਜਿਹਾ ਖੰਡਾ ਖੜਕਾਇਆ ਕਿ ਤਾਜਾਂ ਦਾ ਮੀਂਹ ਖ਼ਾਲਸੇ ਦੇ ਘੋੜਿਆਂ ਦੀਆਂ ਕਾਠੀਆਂ ਦੇ ਹੰਨਿਆਂ ਉੱਤੇ ਵਰ੍ਹਨ ਲੱਗਾ।

ਅੰਗਰੇਜ਼ ਰਾਜ ਵਿਚ ਗ਼ੁਲਾਮੀ ਦੇ ਪਿੰਜਰੇ ਦੀ ਘੁਟਨ ਸਭ ਤੋਂ ਪਹਿਲਾਂ ਕੂਕੇ ਸਿੰਘਾਂ ਨੇ ਮਹਿਸੂਸ ਕੀਤੀ। ਤੋਪਾਂ ਦੇ ਮੂੰਹਾਂ ਸਾਹਮਣੇ ਖੜ੍ਹੇ ਕੇ ਉਹਨਾਂ ਦਾ ਐਲਾਨ ਸੀ, "ਅਸੀਂ ਏਥੋਂ ਦੇ ਸ਼ਹਿਨਸ਼ਾਹ ਹਾਂ, ਸਾਡਾ ਹੁਕਮ ਏਥੇ ਚੱਲੇਗਾ। ਰਾਜ ਅਸਾਡਾ ਤੇ ਕੁਰਸੀ ਅਸਾਡੀ।" ਗ਼ੁਲਾਮੀ ਨੂੰ ਅਸਹਿ ਵੇਖ ਕੇ ਸ੍ਵੈਮਾਣ ਦੇ ਜੀਵਨ ਨੂੰ ਅਸੰਭਵ ਜਾਣ ਕੇ ਰਾਜ ਪਲਟਾ ਲਿਆਉਣ ਲਈ ਸ਼ਹੀਦੀਆਂ ਦੇਣ ਵਾਲੇ ਸੈਂਕੜੇ ਸਿੰਘਾਂ ਦਾ ਅੰਸ਼ਕ ਰੂਪ ਵਿਚ ਜ਼ਿਕਰ ਅਸੀਂ ਨਿੱਤ ਆਪਣੀ ਅਰਦਾਸ ਵਿਚ ਕਰਦੇ ਹਾਂ। ਇਹਨਾਂ ਸਿੰਘਾਂ ਨੇ ਗੋਲੀਆਂ ਖਾ ਕੇ, ਡਾਂਗਾਂ ਸਹਿ ਕੇ, ਗੱਡੀਆਂ ਅੱਗੇ ਸਿਰ ਦੇ ਕੇ ਇਹ ਸਾਬਤ ਕੀਤਾ ਕਿ ਜ਼ਾਲਮ ਅੰਗਰੇਜ਼ਾਂ ਨੂੰ ਰਾਜ ਕਰਨ ਦਾ ਕੋਈ ਹੱਕ ਨਹੀਂ। ਸਿੰਘਾਂ ਨੇ ਸਿਰ ਦੇ ਕੇ ਉਸ ਰਾਜ ਦੀ ਹਿੰਦੁਸਤਾਨ ਵਿੱਚੋਂ ਸਫ਼ ਵਲ੍ਹੇਟੀ, ਜਿਸ ਉੱਤੇ ਸੂਰਜ ਕਦੇ ਨਹੀਂ ਸੀ ਡੁੱਬਦਾ।

ਸਰਹਿੰਦ ਦੀਆਂ ਨੀਹਾਂ ਵਿੱਚੋਂ ਉਗਮਿਆਂ, ਉਬਲਦੀਆਂ ਦੇਗਾਂ ਵਿਚ ਕੜ੍ਹਿਆ, ਡਾਂਗਾਂ ਦੀਆਂ ਸੰਮਾਂ ਦੀ ਛਾਵੇਂ ਪਲਿਆ ਸ਼ਹਾਦਤ ਸੰਬੰਧੀ ਸਿੱਖੀ ਦਾ ਇਹ ਅਸੂਲ ਸਦਾ ਧ੍ਰੂ ਤਾਰੇ ਵਾਂਗ ਚਮਕਦਾ ਰਿਹਾ। ਰੰਬੀਆਂ ਏਸ ਨੂੰ ਕੱਟ ਨਾ ਸਕੀਆਂ, ਚਰਖੀਆਂ ਦੇ ਦੰਦੇ ਏਸ ਕੋਲ ਆਉਂਦਿਆਂ ਹੀ ਖੁੰਢੇ ਹੋ ਗਏ। ਪਰ ਜਾਪਦਾ ਇਉਂ ਹੈ ਕਿ ਗਾਂਧੀ ਦੇ ਚਰਖੇ ਦੀ ਘੂਕਰ ਨੇ ਏਸ ਨੂੰ ਤਰੰਗੇ ਦਾ ਕਫ਼ਨ ਪਾ ਕੇ ਸਦਾ ਦੀ ਨੀਂਦ ਸੁਆ ਦਿੱਤਾ ਹੈ। ਵੱਡੇ ਸਾਹਿਬਜ਼ਾਦਿਆਂ ਦੇ ਪਾਕ ਖ਼ੂਨ ਨਾਲ ਚਮਕੌਰ ਦੀ ਗੜ੍ਹੀ ਦੀਆਂ ਕੰਧਾਂ ਉੱਤੇ ਉਕਰਿਆ ਇਹ ਅਸੂਲ ਅੱਜ ਕੌਮੀ ਯਾਦਦਾਸ਼ਤ ਦੀਆਂ ਹਨੇਰੀਆਂ ਗੁਫ਼ਾਵਾਂ ਵਿਚ ਉਸਲਵੱਟਾ ਲੈ ਰਿਹਾ ਹੈ।

ਨਿੱਤ ਸੁਣਦੇ ਹਾਂ ਪੂਰਾਂ ਦੇ ਪੂਰ ਰਹਿਤਵਾਨ ਸੰਤਾਂ ਸਿੰਘਾਂ ਬਾਰੇ, ਜੋ ਮੁਕਾਬਲਿਆਂ ਵਿਚ ਸ਼ਹੀਦ ਹੋ ਚੁੱਕੇ ਹਨ। ਪਰੰਤੂ ਜਾਪਦਾ ਹੈ ਕਿ ਜੱਸਾ ਸਿੰਘ, ਕਪੂਰ ਸਿੰਘ ਅਤੇ ਮਹਾਂ ਸਿੰਘ ਦਾ ਖ਼ੂਨ ਕੌਮ ਦੀਆਂ ਰਗਾਂ ਵਿੱਚੋਂ ਸੁੱਕ ਚੁੱਕਾ ਹੈ, ਕਿਉਂਕਿ ਕਦੇ ਨਾਅਰਾ ਨਹੀਂ ਲੱਗਦਾ ਕਿ 'ਰੱਤ ਪੀਣੀ ਸਰਕਾਰ ਨਹੀਂ ਰਹਿਣੀ' ਅਤੇ 'ਰਾਜ ਕਰਨ ਦਾ ਕੇਵਲ ਖ਼ਾਲਸਾ ਹੀ ਅਧਿਕਾਰੀ ਹੈ'। ਕੋਈ ਨਹੀਂ ਕਹਿੰਦਾ ਕਿ ਜਿਨ੍ਹਾਂ ਨੂੰ ਖ਼ਾਲਸੇ ਨੇ ਬੇਓੜਕ ਕੁਰਬਾਨੀਆਂ ਦੇ ਕੇ ਤਖ਼ਤ ਉੱਤੇ ਬਿਠਾਇਆ ਸੀ, ਉਹ ਹੁਣ ਸਿੰਘਾਂ ਦੀ ਰੱਤ ਦੇ ਬੇਅੰਤ ਪਿਆਸੇ ਹਨ ਤਾਂ ਹੁਣ ਇਹ ਨਿਜ਼ਾਮ ਬਦਲਣਾ ਪੈਣਾ ਹੈ। ਗਾਂਧੀ ਦਾ ਤਾਂ 'ਫ਼ਰਜ਼' ਬਣਦਾ ਹੀ ਸੀ ਕਿ ਉਹ ਸਾਡੇ ਸਾਰੇ ਅਸੂਲਾਂ ਨੂੰ ਖੱਦਰ ਦੀਆਂ ਚਾਦਰਾਂ ਵਿਚ ਬੰਨ੍ਹ ਬੰਨ੍ਹ ਕੇ ਅਤੀਤ ਕਾਲ ਦੇ ਬੇਅੰਤ ਸਾਗਰਾਂ ਵਿਚ ਰੋੜ੍ਹ ਦਿੰਦਾ, ਪਰੰਤੂ ਕੀ ਤਲਵਾਰਾਂ ਦੀ ਛਾਵੇਂ ਪਲੇ, ਗੁਰੂ ਹਜ਼ੂਰ ਨੌਵੇਂ ਪਾਤਿਸ਼ਾਹ ਦੀ ਦੇਹਲੀ 'ਤੇ ਸਿਜਦਾ ਕਰਨ ਵਾਲੇ ਸਾਡੇ ਆਪਣੇ ਆਗੂਆਂ ਦਾ ਵੀ ਇਹ ਕਿਰਦਾਰ ਹੋਣਾ ਚਾਹੀਦਾ ਹੈ ਕਿ ਉਹ ਸਾਡੇ ਹੱਥ ਪੈਰ ਬੰਨ੍ਹ ਕੇ, ਕੁਰਬਾਨੀ ਦੇ ਬੱਕਰੇ ਬਣਾ ਬਣਾ ਕੇ, ਕਦੇ ਨਹਿਰੂ ਤੇ ਕਦੇ ਉਸਦੀ ਧੀ ਅੱਗੇ ਸੁੱਟਦੇ ਰਹਿਣ ਅਤੇ ਸਾਨੂੰ ਮੁਕੰਮਲ

ਰਾਜਸੀ ਸੱਤਾ ਲੈਣ ਦੇ ਰਾਹ ਤੋਂ ਸਿਰ ਪਰ ਹੋ ਕੇ ਵਰਜਦੇ ਰਹਿਣ ਅਤੇ ਸੂਬੇਦਾਰੀਆਂ ਨੂੰ ਰਾਜ ਭਾਗ ਆਖ ਆਖ ਕੇ ਸਾਨੂੰ ਪਰਚਾਉਂਦੇ ਰਹਿਣ ?

ਹਮ ਰਾਖਤ ਪਾਤਸ਼ਾਹੀ ਦਾਵਾ।
ਜਾਂ ਇਤ ਕੋ ਜਾਂ ਅਗਲੋ ਪਾਵਾ।
ਜੋ ਸਤਿਗੁਰ ਸਿਖਨ ਕਹੀ ਬਾਤ।
ਹੋਗੁ ਸੋਈ ਨਹਿੰ ਖਾਲੀ ਜਾਤ।
ਧਰੁ ਵਿਧਰਤ ਔ ਧਵਲ ਡੁਲਾਇ।
ਸਤਿਗੁਰ ਬਚਨ ਨਾ ਖਾਲੀ ਜਾਇ।
ਹਮ ਪਾਤਸ਼ਾਹੀ ਸਤਿਗੁਰ ਦਈ ਹੰਨੇ ਹੰਨੇ ਲਾਇ।
ਜਹਿੰ ਜਹਿੰ ਬਹੈਂ ਜ਼ਮੀਨ ਮਲ ਤਹਿੰ ਤਹਿੰ ਤਖ਼ਤ ਬਨਾਇ।

ਸਾਹਿਬ ਨੌਵੇਂ ਪਾਤਿਸ਼ਾਹ ਹਜ਼ੂਰ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਹਜ਼ੂਰ ਦਸਵੇਂ ਪਾਤਿਸ਼ਾਹ ਨੇ ਦਿੱਲੀ ਦੇ ਸ਼ਹਿਨਸ਼ਾਹ ਨੂੰ ਲਿਖਿਆ ਸੀ, "ਮੈਂ ਤੇਰੇ ਘੋੜਿਆਂ ਦੇ ਖੁਰਾਂ ਹੇਠ ਅਜਿਹੀ ਅੱਗ ਬਾਲਾਂਗਾ ਕਿ ਤੂੰ ਪੰਜਾਬ ਦੇ ਪਾਣੀਆਂ ਦਾ ਘੁੱਟ ਨਹੀਂ ਪੀ ਸਕੇਂਗਾ।"

ਚੁਨਾਂ ਆਤਸ਼ ਜ਼ੇਰੇ ਨਾਲਤ ਨਿਹ ਜਿ ਪੰਜਾਬ ਆਬਤ ਨਾ ਖ਼ੁਰਦਨ ਦਿਹਮ।

ਐ ਦਿੱਲੀ ਦੀ ਮਦਮਤੀ ਸਰਕਾਰ! ਸੁਣ, ਸਾਡੇ ਬਜ਼ੁਰਗਾਂ ਦੀ ਲਲਕਾਰ! ਅੱਜ ਭਾਈ ਫੌਜਾ ਸਿੰਘ ਤੋਂ ਲੈ ਕੇ ਭਾਈ ਕੁਲਵੰਤ ਸਿੰਘ ਅਤੇ ਭਾਈ ਗੁਰਮੀਤ ਸਿੰਘ ਦੇ ਖ਼ੂਨ ਦੀ ਲਲਕਾਰ ਹੈ ਅਤੇ ਕਲ੍ਹ ਨੂੰ ਹਰ ਨੌਜਵਾਨ ਦੇ ਦਿਲ ਦੀ ਇਹੋ ਆਵਾਜ਼ ਹੋਵੇਗੀ। ਸਾਡੇ ਕੁਰਸੀਆਂ ਦੇ ਭੁੱਖੇ ਲੀਡਰ ਵਿਚ ਪੈ ਕੇ ਤੈਨੂੰ ਬਚਾਅ ਨਹੀਂ ਸਕਣਗੇ। ਰੱਬੀ ਕਹਿਰ ਤੋਂ ਡਰ, ਸਿੰਘਾਂ ਦਾ ਲਹੂ ਪੀਣਾ ਬੰਦ ਕਰ ਅਤੇ ਧੋਖਿਆਂ, ਫ਼ਰੇਬਾਂ ਨਾਲ ਖੋਹਿਆ ਸਾਡਾ ਰਾਜਸੀ ਸੱਤਾ ਦਾ ਬਣਦਾ ਹੱਕ ਤੁਰੰਤ ਸਾਨੂੰ ਵਾਪਸ ਮੋੜ ਦੇ। ਇਹ ਲਲਕਾਰ ਇਸ ਲਈ ਹੈ ਕਿਉਂਕਿ ਸਿੰਘਾਂ ਨੂੰ ਭਰੋਸਾ ਹੈ ਗੁਰੂ ਦੇ ਬਚਨ ਵਿਚ ਕਿ :

ਤਖ਼ਤ ਦਿੱਲੀ ਪਰ ਬਹੇਗੀ ਆਪ ਗੁਰਾਂ ਕੀ ਫ਼ਉਜ।
ਚਵਰ ਝੁਲੇਂਗੇ ਸੀਸ ਪਰ ਬੜੀ ਕਰੇਂਗੇ ਮਉਜ।

•

ਜਾਤ ਪਾਤ ਸਿੰਘਨ ਕੀ ਦੰਗਾ*

ਆਮ ਤੌਰ 'ਤੇ ਕੋਈ ਵੀ ਆਪਣੇ ਆਪ ਨੂੰ ਹੀਣਾ, ਨਿਮਾਣਾ ਅਤੇ ਨਿਤਾਣਾ ਮੰਨਣ ਲਈ ਜਾਂ ਅਖਵਾਉਣ ਲਈ ਤਿਆਰ ਨਹੀਂ। ਸਿੰਘ ਜਿਥੇ ਆਪਣੇ ਆਪ ਬਾਰੇ ਟਿੱਚਰਾਂ ਘੜਨ ਲਈ ਮਸ਼ਹੂਰ ਹਨ, ਉਥੇ ਕਾਫ਼ੀ ਸਮਾਂ ਆਪਣੀ ਕੌਮ ਨੂੰ ਹੀਣਾ ਸਾਬਤ ਕਰਨ ਵਿਚ ਵੀ ਖ਼ਰਚ ਕਰਦੇ ਹਨ। ਜੇ ਇਹ ਕੇਵਲ ਸ੍ਵੈ-ਪੜਚੋਲ ਦੀ ਕਿਰਿਆ ਦਾ ਹਿੱਸਾ ਹੁੰਦਾ ਤਾਂ ਵਾਹਵਾ ਸੀ, ਪਰ ਕਈ ਵਾਰ ਆਪਣੇ ਆਪ ਨੂੰ ਭੰਡਣ ਦੀ ਹੱਦ ਤਕ ਪਹੁੰਚ ਜਾਂਦਾ ਹੈ। ਸ੍ਵੈ-ਭੰਡੀ ਵਿਚਾਰਧਾਰਾ ਦੇ ਪ੍ਰਮੁੱਖ ਬੁਲਾਰੇ ਲੋਕ-ਮਨ ਨੇ ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ ਅਤੇ ਕਪੂਰ ਸਿੰਘ ਪ੍ਰਵਾਨ ਕਰ ਲਏ ਹਨ। ਸਿਤਮ ਇਹ ਕਿ ਇਹ ਤਿੰਨੇ ਹੀ ਸਿਖ ਫ਼ਲਸਫ਼ੇ, ਇਤਿਹਾਸ ਅਤੇ ਗੌਰਵ ਦੇ ਬੇ-ਹੱਦ ਪ੍ਰਭਾਵਸ਼ਾਲੀ ਵਿਆਖਿਆਕਾਰ ਹਨ, ਜਿਨ੍ਹਾਂ ਵਿਚ ਅਸੀਮ ਸ਼ਰਧਾ ਅਤੇ ਡੂੰਘਾ ਗਿਆਨ ਹੈ। ਏਨੇ ਤੱਤ ਵੇਤਾ ਬ੍ਰਹਮਗਿਆਨੀਆਂ ਦੇ ਨਾਂਵਾਂ ਦਾ ਹਲਕੇ ਠੱਠੇ ਲਈ ਪ੍ਰਮਾਣ ਜੁਟਾਉਣ ਲਈ ਵਰਤਿਆ ਜਾਣਾ ਗਿਆਨ-ਹੀਣ ਕਰਮ ਹੈ।

ਅੱਜ ਅਸੀਂ ਕੇਵਲ ਰਤਨ ਸਿੰਘ ਭੰਗੂ ਦੇ ਲਾਸਾਨੀ *ਪੰਥ ਪ੍ਰਕਾਸ਼* ਦੇ ਗਹਿਰ-ਗੰਭੀਰ ਵਾਕ 'ਜਾਤ ਪਾਤ ਸਿੰਘਨ ਕੀ ਦੰਗਾ। ਦੰਗਾ ਹੀ ਇਨ ਗੁਰ ਤੇ ਮੰਗਾ।' ਬਾਰੇ ਹੀ ਵਿਚਾਰ ਕਰਾਂਗੇ ਜਿਸਦੀ ਕਿ ਇਸ ਸੰਦਰਭ ਵਿਚ ਵਰਤੋਂ ਆਮ ਹੈ। ਅਸੀਂ ਜਾਣਦੇ ਹਾਂ ਕਿ ਅਠ੍ਹਾਰਵੀਂ ਸਦੀ ਦੇ ਅੰਤ ਤਕ ਸਿੰਘਾਂ ਦੀ ਗਿਣਤੀ ਬਹੁਤ ਥੋੜ੍ਹੀ ਸੀ : 'ਤੁਰਕ ਸੁ ਆਟਾ ਸਿੰਘ ਸੁ ਲੂਣ' ਭੰਗੂ ਖ਼ੁਦ ਹੀ ਦੱਸਦੇ ਹਨ। ਇਸੇ ਸਦੀ ਵਿਚ ਸਿੰਘਾਂ ਨੂੰ ਦੋ ਘੱਲੂਘਾਰਿਆਂ ਅਤੇ ਅਨੇਕਾਂ ਛੋਟੀਆਂ ਵੱਡੀਆਂ ਜੰਗਾਂ ਦਾ ਜਾਨੀ ਨੁਕਸਾਨ ਝੱਲਣਾ ਪਿਆ ਸੀ। ਤਿੰਨ ਵਾਰ ਤਾਂ ਹਕੂਮਤ ਐਲਾਨ ਕਰ ਚੁੱਕੀ ਸੀ ਕਿ ਸਿੰਘ ਜੜ੍ਹੋਂ ਖ਼ਤਮ ਕੀਤੇ ਜਾ ਚੁੱਕੇ ਹਨ। ਬੋਤਾ ਸਿੰਘ ਅਤੇ ਗਰਜਾ ਸਿੰਘ ਵਰਗੇ ਮਨਚਲੇ ਨੌਜਵਾਨਾਂ ਦੀ ਸ਼ਹੀਦੀ ਕੇਵਲ ਸਿੰਘਾਂ ਦੀ ਹੋਂਦ ਅਤੇ ਉਨ੍ਹਾਂ ਦੇ ਪਾਤਿਸ਼ਾਹੀ ਦਾਈਏ ਦੇ ਪ੍ਰਚਾਰ ਲਈ ਹੀ ਹੋਈ ਸੀ। ਦਾਈਏ ਦੀ ਦ੍ਰਿੜ੍ਹਤਾ ਦੱਸਣ ਲਈ ਹੀ ਇਨ੍ਹਾਂ ਜਰਨੈਲੀ ਸੜਕ ਉੱਤੇ ਚੁੰਗੀ ਲਾਈ ਸੀ। ਭੰਗੂ ਠੀਕ ਕਹਿੰਦੇ ਹਨ : 'ਦੌਲਤ ਕੇ ਨਹਿ ਭੂਖੇ ਥੇ ਸਿੰਘ ਚਰਚਾ ਪੰਥ ਚਲਾਣ ਚਹੀ।'

ਇਸ ਸਦੀ ਦੇ ਸਿੰਘ ਸਿਖ ਧਰਮ ਦੀ ਨਵੀਂ ਕ੍ਰਾਂਤੀ ਦੀ ਪਹਿਲੀ ਫ਼ਸਲ ਸਨ। ਉਨ੍ਹਾਂ ਨੂੰ ਪੱਕਾ ਯਕੀਨ ਸੀ ਕਿ 'ਹਮ ਪਤਿਸ਼ਾਹੀ ਸਤਿਗੁਰ ਦਈ ਹੰਨੈ ਹੰਨੈ ਲਾਇ। ਜਹਿਂ ਜਹਿਂ ਬਹੈਂ ਜਮੀਨ ਮੱਲ ਤਹਿਂ ਤਹਿਂ ਤਖਤ ਬਨਾਇ।39।' ਉਹ ਇਸ ਸੰਕਲਪ ਉੱਤੇ ਸੁਪਨੇ ਵਿਚ ਵੀ ਕਿੰਤੂ ਨਹੀਂ ਸਨ ਕਰਦੇ : 'ਜੋ ਸਤਿਗੁਰ ਸਿਖਨ ਕਹੀ ਬਾਤ। ਹੋਗੁ ਸਾਈ ਨਹੀਂ

---

* ਗੁਰ-ਸਿਧਾਂਤ ਲਈ ਮਰ ਮਿਟਣ ਦੇ ਗੌਰਵ ਨੂੰ ਸਥਾਪਿਤ ਕਰਦਾ ਇਹ ਲੇਖ *ਪੰਜਾਬੀ ਟ੍ਰਿਬਿਊਨ* ਵਿਚ 22 ਜਨਵਰੀ, 1995 ਨੂੰ ਅਤੇ ਇਸੇ ਸਾਲ *ਸਪੋਕਸਮੈਨ ਵੀਕਲੀ* ਦੇ ਮਾਸਕ ਅੰਕ ਵਿਚ ਫ਼ਰਵਰੀ ਮਹੀਨੇ ਛਪਿਆ।

ਖਾਲੀ ਜਾਤ। ਧਰੂ ਵਿਧਰਤ ਔ ਧਉਲ ਡੁਲਾਇ। ਸਤਿਗੁਰ ਬਚਨ ਨ ਖਾਲੀ ਜਾਇ।' ਇਸ ਲਈ ਇਨ੍ਹਾਂ ਮੁੱਠੀ ਭਰ ਸਿੰਘਾਂ 'ਕੈ ਰਾਜ ਕਰਹਿਂ ਕੈ ਲੜ ਮਰਹਿਂ' ਦੀ ਧਾਰਨਾ ਉੱਤੇ ਮਹਾਂ ਸੰਘਰਸ਼ ਵਿੱਢਿਆ ਹੋਇਆ ਸੀ। ਇਹ ਨਵਾਬੀ ਦੀ ਨਾਂ-ਮਾਤਰ ਅਧੀਨਤਾ ਨੂੰ ਵੀ ਠੁਕਰਾਉਂਦੇ ਸਨ। ਮੁਕੰਮਲ ਸ੍ਵੈਧੀਨਤਾ ਹੀ ਇਨ੍ਹਾਂ ਦਾ ਰਾਜਸੀ ਸੰਕਲਪ ਸੀ।

ਸਿੰਘਾਂ ਦੀ ਗਿਣਤੀ ਥੋੜ੍ਹੀ ਸੀ, ਦਾਈਏ ਵੱਡੇ ਸਨ ਅਤੇ ਜ਼ਿੰਮੇਵਾਰੀਆਂ ਅਤਿ ਗੰਭੀਰ ਸਨ। ਇਨ੍ਹਾਂ ਆਪਣੀ ਕੌਮ ਅਤੇ ਸਿੱਖੀ ਵਿਚਾਰਧਾਰਾ ਦੇ ਗੌਰਵ ਨੂੰ ਸੰਸਾਰ ਉੱਤੇ ਪ੍ਰਗਟ ਕਰਨਾ ਸੀ, ਮੁਗ਼ਲ ਹਕੂਮਤ ਦੇ ਘੋਰ ਅਨਿਆਂ ਨੂੰ ਠੱਲ੍ਹ ਪਾਉਣੀ ਸੀ ਅਤੇ ਸ਼ਾਹੀ (ਸਰਬ-ਸਮਰੱਥਤਾ) ਹਾਸਲ ਕਰਨੀ ਸੀ। ਹਨੇਰੀ ਵਾਂਗ ਝੁਲਦੇ ਮੁਗ਼ਲਾਂ ਦੇ ਦੇਸ ਵਿਚ ਇਹ ਨਿਆਂ, ਅਣਖ ਅਤੇ ਆਜ਼ਾਦੀ ਦੀ ਮਿਸਾਲ ਜਗਦੀ ਰੱਖਣ ਲਈ ਜੂਝ ਰਹੇ ਸਨ। ਆਪਣੀ ਜ਼ਿੰਮੇਵਾਰੀ ਨੂੰ ਸੰਤੋਖਜਨਕ ਤਰੀਕੇ ਨਾਲ ਨਿਭਾਉਣ ਖ਼ਾਤਰ ਇਹਨਾਂ ਉਹ ਰਣਨੀਤੀ ਚੁਣੀ, ਜੋ ਸਦੀਆਂ ਤੋਂ ਕਈ ਜੰਗਜੂ ਕੌਮਾਂ ਅਜ਼ਮਾ ਚੁੱਕੀਆਂ ਸਨ। ਇਸ ਰਾਹੀਂ ਇਨ੍ਹਾਂ ਅਹਿਮਦ, ਨਾਦਰ ਵਰਗੇ ਜ਼ਾਲਮਾਂ ਨੂੰ ਮਾਤ ਦਿੱਤੀ ਅਤੇ ਜੇਤੂ ਬਣ ਉਭਰੇ। ਅਹਿਮਦ ਸ਼ਾਹ ਅਬਦਾਲੀ ਜ਼ਮਾਨੇ ਦੇ ਮਹਾਨ ਜਰਨੈਲਾਂ ਵਿੱਚੋਂ ਸੀ।

ਸਾਮੀ ਧਰਮ ਦੇ ਸਾਂਝੇ ਬਜ਼ੁਰਗਾਂ ਦੇ ਇਤਿਹਾਸ ਉੱਤੇ ਨਜ਼ਰ ਮਾਰਿਆਂ ਅਸਾਨੂੰ ਸਿਖ ਇਤਿਹਾਸ ਨਾਲ ਕਈ ਸਮਾਨਤਾਵਾਂ ਵੇਖਣ ਨੂੰ ਮਿਲਦੀਆਂ ਹਨ। ਪੈਗ਼ੰਬਰ ਮੂਸਾ ਵੇਲੇ ਰੱਬ ਨੇ ਮਿਸਰ ਦੀ ਗ਼ੁਲਾਮੀ ਤੋਂ ਇਨ੍ਹਾਂ ਨੂੰ ਮੁਕਤ ਕੀਤਾ ਅਤੇ ਦਸ ਅਹਿਕਾਮ ਲਾਗੂ ਕਰ ਕੇ ਇਸਰਾਇਲੀ ਕੌਮ ਨਾਲ ਅਹਿਦਨਾਮਾ ਕੀਤਾ। ਇਨ੍ਹਾਂ ਦਸ ਅਹਿਕਾਮ ਦੀ ਇੰਨ-ਬਿੰਨ ਪਾਲਣਾ ਕਰਨੀ ਸੀ ਅਤੇ ਰੱਬ ਨੇ ਇਨ੍ਹਾਂ ਨੂੰ ਸ਼ਹਿਨਸ਼ਾਹੀ ਬਖ਼ਸ਼ਣੀ ਸੀ। ਇਸ ਯਕੀਨ ਨੂੰ ਪ੍ਰਪੱਕ ਕਰਨ ਦੀ ਪ੍ਰਕਿਰਿਆ ਵਜੋਂ ਇਨ੍ਹਾਂ ਨੂੰ ਕਈ ਦਹਾਕੇ ਮਾਰੂਥਲਾਂ ਵਿਚ ਭਟਕਣਾ ਪਿਆ ਅਤੇ ਇਮਤਿਹਾਨਾਂ ਵਿਚਦੀ ਗੁਜ਼ਰਨਾ ਪਿਆ। ਆਖ਼ਰ ਉਹ ਸਮਾਂ ਆ ਗਿਆ ਜਦੋਂ ਕਿ ਸ਼ਹਿਨਸ਼ਾਹੀ ਸਾਹਮਣੇ ਨਜ਼ਰ ਆਉਣ ਲੱਗੀ। ਪੁਰਾਣੀ ਅੰਜੀਲ ਵਿਚ ਤਫ਼ਸੀਲ ਮਿਲਦੀ ਹੈ ਕਿ ਇਸ ਤਰ੍ਹਾਂ ਗ਼ੈਬ ਦੀ ਮਦਦ ਨਾਲ ਵਾਅਦੇ ਵਿਚ ਬਖ਼ਸ਼ੇ ਮੁਲਕ ਉੱਤੇ ਕਬਜ਼ਾ ਕੀਤਾ।

ਮੂਸਾ ਤੋਂ ਬਾਅਦ ਇਨ੍ਹਾਂ ਦਾ ਆਗੂ ਜੋਸ਼ੂਆ ਬਣਿਆ, ਜਿਸ ਨੇ ਮੁਲਕ ਫ਼ਤਹਿ ਕਰਨ ਦਾ ਆਰੰਭ ਕੀਤਾ। ਇਹ ਇਕ ਇਕ ਕਰ ਕੇ ਕਿਲ੍ਹੇ-ਨੁਮਾ ਸ਼ਹਿਰਾਂ ਉੱਤੇ ਕਬਜ਼ਾ ਕਰਨ ਲੱਗੇ। ਅਈ ਸ਼ਹਿਰ ਨੂੰ ਫ਼ਤਹਿ ਕਰਨ ਦੀ ਕਹਾਣੀ ਬੜੀ ਰੌਚਕ ਹੈ। ਜੋਸ਼ੂਆ ਨੇ ਤੀਹ ਹਜ਼ਾਰ ਫ਼ੌਜੀਆਂ ਨੂੰ ਸ਼ਹਿਰ ਦੇ ਆਲੇ-ਦੁਆਲੇ ਪਹਾੜੀਆਂ ਵਿਚ ਬਿਠਾ ਦਿੱਤਾ। ਅਗਲੇ ਦਿਨ ਇਨ੍ਹਾਂ ਥੋੜ੍ਹੀ ਜਿਹੀ ਫ਼ੌਜ ਨਾਲ ਸ਼ਹਿਰ ਉੱਤੇ ਇਕਦਮ ਹੱਲਾ ਬੋਲ ਦਿੱਤਾ। ਜਦੋਂ ਕੈਨਨਆਈਟ ਸ਼ਹਿਰ ਤੋਂ ਬਾਹਰ ਨਿਕਲ ਕੇ ਇਨ੍ਹਾਂ ਦੇ ਵਿਰੁੱਧ ਡਟ ਗਏ ਤਾਂ ਇਹ ਇਕਦਮ ਪਿਛਾਂਹ ਨੂੰ ਭੱਜ ਉੱਠੇ। ਸ਼ਹਿਰ ਤੋਂ ਕਾਫ਼ੀ ਦੂਰ ਆ ਕੇ ਇਨ੍ਹਾਂ ਪਲਟਾ ਖਾਧਾ ਅਤੇ ਟੁੱਟ ਕੇ ਦੁਸ਼ਮਣ ਉੱਤੇ ਪੈ ਗਏ। ਪਿੱਛੋਂ ਇਨ੍ਹਾਂ ਦੇ ਸ਼ਹਿਰ ਦੁਆਲੇ ਲੁਕੇ ਫ਼ੌਜੀਆਂ ਨੇ ਧਾਵਾ ਕਰ ਕੇ ਸ਼ਹਿਰ ਉੱਤੇ ਕਬਜ਼ਾ ਕਰ ਲਿਆ। ਫ਼ੌਜਾਂ ਦਾ ਘੋਰ ਯੁੱਧ ਹੋਇਆ ਅਤੇ ਅੰਤ ਨੂੰ ਫ਼ਤਹਿ ਜੋਸ਼ੂਆ ਦੇ ਹੱਥ ਰਹੀ।

ਗੁੰਜਾਬਾ ਦਾ ਕਾਜ਼ੀ, ਕਲਾਤ ਦੇ ਮੀਰ ਨਸੀਰ ਖ਼ਾਂ ਦਾ ਪੈਰੋਕਾਰ ਸੀ ਅਤੇ ਸ਼ਿਕਾਰਪੁਰ ਜਾਂ ਡੇਰਿਆਂ ਦਾ ਕਾਜ਼ੀ ਬਣਨ ਦੀ ਤਿੱਖੀ ਚਾਹ ਇਸ ਦੇ ਮਨ ਵਿਚ ਸੀ। ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਵਿਰੁੱਧ ਜਹਾਦ ਵਿੱਢਿਆ ਅਤੇ ਜਦੋਂ ਜਹਾਦ ਲਈ ਉਤਾਵਲਾ

ਨਸੀਰ ਖ਼ਾਂ ਉਸ ਦਾ ਹਮ-ਰਕਾਬ ਬਣ ਗਿਆ ਤਾਂ ਕਾਜ਼ੀ ਵੀ 'ਇਕ ਹੱਥ ਵਿਚ ਤਲਵਾਰ ਅਤੇ ਦੂਸਰੇ ਵਿਚ ਕਲਮ' ਲੈ ਕੇ ਜਹਾਦ ਵਿਚ ਸ਼ਾਮਿਲ ਹੋ ਗਿਆ। ਉਸ ਨੂੰ ਉਮੀਦ ਸੀ ਕਿ ਸਿੱਖਾਂ ਨੂੰ ਮਲੀਆਮੇਟ ਕਰਨ ਤੋਂ ਬਾਅਦ ਡੇਰਿਆਂ ਦੇ ਅਤੇ ਸ਼ਿਕਾਰਪੁਰ ਦੇ ਇਲਾਕੇ ਨਸੀਰ ਖ਼ਾਂ ਨੂੰ ਜਾਗੀਰ ਦੇ ਤੌਰ 'ਤੇ ਬਖ਼ਸ਼ੇ ਜਾਣਗੇ। ਜਹਾਦ ਦੇ ਆਰੰਭ ਵਿਚ ਉਸ ਨੇ 1764 ਈਸਵੀ ਵਿਚ 'ਜੰਗਨਾਮਾ' ਲਿਖਣਾ ਸ਼ੁਰੂ ਕੀਤਾ ਅਤੇ ਜੂਨ 1765 ਈਸਵੀ ਵਿਚ ਵਾਪਸ ਜਾ ਕੇ ਮੁਕੰਮਲ ਕੀਤਾ। ਇਸ ਵਿਚ ਉਸ ਨੇ ਅਬਦਾਲੀ ਦੇ ਸੱਤਵੇਂ ਹਮਲੇ ਦਾ ਤਫ਼ਸੀਲ ਨਾਲ ਹਾਲ ਲਿਖਿਆ ਹੈ।

'ਜੰਗਨਾਮੇ' ਦੇ ਸਰਸਰੀ ਪਾਠ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਮਹਾਨ ਜਰਨੈਲ ਦਾ ਇਹ ਸੱਤਵਾਂ ਹਮਲਾ ਮੁਕੰਮਲ ਤੌਰ 'ਤੇ ਨਾਕਾਮ ਰਿਹਾ ਅਤੇ ਉਧਰੋਂ ਸਦੀਆਂ ਤੋਂ ਆ ਰਹੇ ਜਰਵਾਣਿਆਂ ਦੇ ਸਦਾ ਲਈ ਹੌਸਲੇ ਪਸਤ ਕਰਨ ਵਾਲਾ ਸਾਬਤ ਹੋਇਆ। ਹਨੇਰੀ ਵਾਂਗ ਝੁੱਲ ਜਾਣ ਵਾਲੇ ਅਹਿਮਦ ਦੇ ਟਿੱਡੀ ਦਲ ਆਪਣੀ ਛਾਉਣੀ ਵਿਚ ਹੀ ਕੈਦ ਰਹੇ ਅਤੇ ਸਾਰਾ ਸਮਾਂ ਫੂਕ ਫੂਕ ਕੇ ਕਦਮ ਰੱਖਦੇ ਰਹੇ। ਕਈ ਵਾਰ ਉਸ ਨੇ ਜਹਾਦੀ ਜੋਸ਼ ਵਿਚ ਉਬਲ ਰਹੇ ਜਰਨੈਲਾਂ ਨੂੰ ਸਮਝਾਇਆ, "ਹਾਲਾਂਕਿ ਤੁਸੀਂ ਸ਼ੇਰਾਂ ਵਾਂਗ ਬਹਾਦਰ ਹੋ, ਫੇਰ ਵੀ ਤੁਸੀਂ ਬਹੁਤਾ ਅੱਗੇ ਨਹੀਂ ਵਧਣਾ, ਆਪਣੀ ਥਾਵੇਂ ਖੜ ਕੇ ਲੜਨ ਦੀ ਕੋਸ਼ਿਸ਼ ਕਰੋ। ਸਿੰਘ ਬੜੇ ਪੱਕੇ ਇਰਾਦੇ ਦੇ ਹਨ ਅਤੇ ਜੰਗ ਵਿਚ ਭਾਂਬੜ ਬਣ ਮੱਚਦੇ ਹਨ। ਇਨ੍ਹਾਂ ਦੇ ਬਜ਼ੁਰਗ ਵੀ ਇਵੇਂ ਕਰਦੇ ਸਨ ਅਤੇ 'ਕੱਲੇ 'ਕੱਲੇ ਦੁਸ਼ਮਣ ਫ਼ੌਜਾਂ ਨਾਲ ਬੇਖ਼ੌਫ਼ ਜਾ ਟਕਰਾਉਂਦੇ ਸਨ।"

ਇਹ ਕ੍ਰਿਸ਼ਮਾ ਸੀ ਉਸ ਯੁੱਧਨੀਤੀ ਅਤੇ ਰਣਜੁਗਤ ਦਾ ਜੋ ਸਿੰਘਾਂ ਨੇ ਅਹਿਮਦ ਸ਼ਾਹ ਵਿਰੁੱਧ ਵਰਤੀ ਅਤੇ ਜਿਸ ਦੀ ਤਫ਼ਸੀਲ ਸਾਨੂੰ 'ਜੰਗਨਾਮੇ' ਤੋਂ ਪ੍ਰਾਪਤ ਹੁੰਦੀ ਹੈ। ਪੰਜਾਬ ਵਿਚ ਪੈਰ ਰੱਖਣ ਤੋਂ ਲੈ ਕੇ ਸਰਹਿੰਦ ਹੋ ਕੇ ਵਾਪਸ ਨਿਕਲਣ ਤਕ ਜਹਾਦੀਆਂ ਦੇ ਡੇਰਿਆਂ ਵਿਚ ਸਿੰਘਾਂ ਦਾ ਆਤੰਕ ਛਾਇਆ ਰਿਹਾ ਅਤੇ ਸਦਾ ਲਈ ਦੁਸ਼ਮਣ ਦੇ ਮਨ ਉੱਤੇ ਸਿੰਘਾਂ ਦੇ ਜੰਗਜੂ ਸੁਭਾਅ ਦਾ ਲੋਹਾ ਬੈਠ ਗਿਆ। ਆਪਣੀ ਸ਼ਿਕਸਤ ਅਤੇ ਨਮੋਸ਼ੀ ਨੂੰ ਲੁਕਾਉਣ ਲਈ ਪਿੰਡਾਂ ਦੇ ਨਿਹੱਥੇ ਲੋਕਾਂ ਦੇ ਕਤਲੇਆਮ ਅਤੇ ਲੁੱਟ ਮਾਰ ਦਾ ਹੁਕਮ ਦੇ ਕੇ ਉਸ ਨੇ ਸਗੋਂ ਆਪਣੇ ਇਖ਼ਲਾਕ ਉੱਤੇ ਕਦੇ ਨਾ ਮਿਟਣ ਵਾਲਾ ਧੱਬਾ ਲਗਵਾਇਆ। ਦੀਨ ਮਜ਼੍ਹਬ ਲਈ ਲੜੀ ਜਾ ਰਹੀ ਜੰਗ ਦੇ ਮੱਥੇ ਉੱਤੇ ਕਲੰਕ ਉਸ ਨੇ ਉਸ ਵੇਲੇ ਲਗਵਾਇਆ, ਜਦੋਂ ਉਸ ਨੇ ਤੀਹ ਹਜ਼ਾਰ ਦੀ ਫ਼ੌਜ ਨਾਲ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕੀਤਾ। ਹਾਲਾਂਕਿ ਉਥੇ ਬਾਬਾ ਗੁਰਬਖ਼ਸ਼ ਸਿੰਘ ਨਿਹੰਗ, ਮਾਨ ਸਿੰਘ, ਬਸੰਤ ਸਿੰਘ ਅਤੇ ਨਿਹਾਲ ਸਿੰਘ ਸਮੇਤ ਕੇਵਲ ਤੀਹ ਸਿੰਘ ਹੀ ਗੁਰਧਾਮ ਦੀ ਰਾਖੀ ਲਈ ਮੌਜੂਦ ਸਨ। ਚਮਕੌਰ, ਸਾਰਾਗੜ੍ਹੀ ਅਤੇ ਅਕਾਲ ਤਖ਼ਤ ਦੀ ਜੰਗ ਵਾਂਗ ਅਬਦਾਲੀ ਦੀ ਇਹ ਜੰਗ ਸੰਸਾਰ ਦੀਆਂ ਸਭ ਤੋਂ ਅਸਾਵੀਆਂ ਜੰਗਾਂ ਵਿੱਚੋਂ ਸੀ। ਸਨਮੁਖ ਸਿੰਘਾਂ ਨੇ ਵੱਡੇ ਚਾਅ ਨਾਲ ਸ਼ਹੀਦੀਆਂ ਪ੍ਰਾਪਤ ਕਰ ਕੇ ਜਹਾਦੀਆਂ ਨੂੰ ਸਦਾ ਲਈ ਕਲੰਕੀ ਕਰ ਦਿੱਤਾ। ਇਤਿਹਾਸ ਸਦਾ ਪੁੱਛਦਾ ਰਹੇਗਾ ਕਿ ਜੇ ਇਹ ਜਹਾਦੀ ਸਨ ਤਾਂ ਕਾਇਰ ਕੌਣ ਹੁੰਦੇ ਹਨ ? ਇਸ ਤੋਂ ਵੱਡਾ ਕੁਕਰਮ ਇਸ ਨੇ ਸ੍ਰੀ ਦਰਬਾਰ ਸਾਹਿਬ ਨੂੰ ਢੁਆ ਕੇ ਕੀਤਾ, ਜਿਸ ਦੀ ਇੱਟ ਨੱਕ ਉੱਤੇ ਲੱਗਣ ਨਾਲ ਆਖ਼ਰ ਇਸ ਦੀ ਮੌਤ ਹੋਈ। ਇਹ ਜਹਾਦੀ ਬਹਾਦਰ ਦੇ ਕਾਰਨਾਮੇ ਨਹੀਂ ਸਨ, ਬਲਕਿ ਅੰਦਰੋਂ ਡਰੇ ਹੋਏ ਬਾਹਰੋਂ ਭੂਤਰੇ ਜਾਨਵਰ ਦੇ ਕਾਰੇ ਸਨ। ਸ਼ਾਇਦ ਤਾਹੀਓਂ ਸਿੰਘ ਇਸ ਨੂੰ 'ਕਾਬਲੀ ਬਿੱਲਾ' ਆਖਦੇ ਸਨ। ਆਖ਼ਰ ਅਬਦਾਲੀ

ਮੁਕੰਮਲ ਬੇਵਸੀ ਦੀ ਹਾਲਤ ਵਿਚ ਵਾਪਸ ਪਰਤਿਆ। ਚਨਾਬ ਵਾਪਸ ਲੰਘਦਿਆਂ ਸਿੰਘਾਂ ਦੇ ਡਰੋਂ ਉਸ ਦੀ ਫ਼ੌਜ ਵਿਚ ਐਸੀ ਅਫ਼ਰਾ-ਤਫ਼ਰੀ ਪਈ ਕਿ ਕਾਜ਼ੀ ਲਿਖਦਾ ਹੈ: "ਮਾਵਾਂ ਨੇ ਪੁੱਤਾਂ ਨੂੰ ਵੀ ਨਾ ਸੰਭਾਲਿਆ ਅਤੇ ਕਈ ਹਜ਼ਾਰ ਗਾਜ਼ੀ ਦਰਿਆ ਦੀ ਭੇਟ ਚੜ੍ਹ ਗਏ। ਮੁਲਕ ਪਹੁੰਚ ਕੇ ਅਬਦਾਲੀ ਨੇ ਚਨਾਬ, ਝੰਗ, ਮੁਲਤਾਨ ਅਤੇ ਡੇਰਿਆਂ ਨੂੰ ਜਾਗੀਰ ਦੇ ਤੌਰ 'ਤੇ ਦੇਣਾ ਚਾਹਿਆ ਤਾਂ ਮੀਰ ਨਸੀਰ ਖ਼ਾਂ ਸਮੇਤ ਕਿਸੇ ਬਲੋਚ ਸਰਦਾਰ ਨੇ ਇਸ ਨੂੰ ਕਬੂਲ ਨਾ ਕੀਤਾ।"

ਸੂਰਬੀਰ ਸਿੰਘਾਂ ਦੀ ਰਣਨੀਤੀ ਦੀ ਵਿਆਖਿਆ ਕਰਨ ਤੋਂ ਪਹਿਲਾਂ ਆਓ ਇਕ ਪੰਛੀ ਝਾਤ ਯੂਰਪ ਦੇ ਮਹਾਨ ਜੇਤੂ ਜਰਨੈਲ ਦੀਆਂ ਲਿਖੀਆਂ ਸੰਸਾਰ ਪ੍ਰਸਿੱਧ ਅੱਠ ਪੁਸਤਕਾਂ ਉੱਤੇ ਵੀ ਮਾਰ ਲਈਏ, ਜਿਨ੍ਹਾਂ ਵਿਚ ਸਿੰਘਾਂ ਨਾਲ ਮਿਲਦੀ ਯੁੱਧ ਜੁਗਤ ਦਾ ਜ਼ਿਕਰ ਹੈ। ਚੰਗੇਜ਼ ਖ਼ਾਂ, ਨਾਦਰ ਅਤੇ ਅਬਦਾਲੀ ਵਾਂਗ ਰੋਮ ਦਾ ਜੂਲੀਅਸ ਸੀਜ਼ਰ ਵੀ ਇਕ ਮਹਾਨ ਯੋਧਾ ਸੀ। ਉਸ ਨੇ ਯੂਰਪ ਵਿਚ ਕੀਤੇ ਯੁੱਧਾਂ ਦਾ ਆਪਣੀ ਕਲਮ ਨਾਲ ਵਰਣਨ ਕੀਤਾ ਹੈ। ਜਰਮਨੀ ਵਿਚ ਉਸ ਦੇ ਵਿਰੋਧੀ ਉਹ ਮਸ਼ਹੂਰ ਸੈਲਟਿਕ ਗੌਲ ਸਨ, ਜਿਨ੍ਹਾਂ 390 ਈਸਾ ਪੂਰਵ ਵਿਚ ਰੋਮ ਦੀ ਵੀ ਇੱਟ ਨਾਲ ਇੱਟ ਵਜਾ ਦਿੱਤੀ ਸੀ। ਇਨ੍ਹਾਂ ਸਾਰਾ ਰੋਮ ਫ਼ਤਹਿ ਕਰ ਲਿਆ ਸੀ ਅਤੇ ਕੇਵਲ ਕੈਪੀਟਲ ਦੀ ਪਹਾੜੀ ਰਹਿੰਦੀ ਸੀ। ਰੋਮ ਆਪਣਾ ਗੌਰਵਮਈ ਇਤਿਹਾਸ ਸਿਰਜਣ ਤੋਂ ਪਹਿਲਾਂ ਹੀ ਇਤਿਹਾਸ ਦੀ ਧੂੜ ਵਿਚ ਸਮਾ ਜਾਣ ਦੇ ਕੰਢੇ ਖੜਾ ਸੀ। ਇਨ੍ਹਾਂ ਮੂੰਹ ਹਨੇਰੇ ਸੁੱਤੇ ਪਏ ਕੈਪੀਟਲ ਉੱਤੇ ਹਮਲਾ ਕੀਤਾ। ਇਕ ਪਲ ਵਿਚ ਖੇਡ ਖ਼ਤਮ ਹੋ ਜਾਣੀ ਸੀ, ਪਰੰਤੂ ਮੰਦਿਰ ਦੀਆਂ ਪਵਿੱਤਰ ਬਤਖ਼ਾਂ ਨੇ ਕੈਂ ਕੈਂ ਕਰ ਕੇ ਸਭ ਨੂੰ ਜਗਾ ਦਿੱਤਾ ਅਤੇ ਰੋਮ ਬਚ ਗਿਆ। ਇਸ ਦੇ ਨਾਲ ਨਾਲ ਉਹ ਕੈਂਟ ਦੇ ਲੋਕਾਂ ਬਾਰੇ ਵੀ ਲਿਖਦਾ ਹੈ। ਮਹਾਰਾਜਾ ਦਲੀਪ ਸਿੰਘ ਨੂੰ ਜਦੋਂ ਵਲਾਇਤ ਵਸਾਇਆ ਗਿਆ ਸੀ ਤਾਂ ਦੱਸਿਆ ਸੀ ਕਿ ਇਥੋਂ ਦੇ ਲੋਕ ਤੁਹਾਡੇ ਸਾਂਝੇ ਪੂਰਵਜਾਂ ਦੀ ਸੰਤਾਨ ਹਨ।

ਕੈਂਟ ਦੇ ਕੇਸਾਧਾਰੀ ਲੋਕਾਂ ਨਾਲ ਕੀਤੇ ਯੁੱਧ ਬਾਰੇ ਰੋਮ ਦਾ ਜਰਨੈਲ ਜੂਲੀਅਸ ਸੀਜ਼ਰ ਲਿਖਦਾ ਹੈ: "ਇਹ ਲੋਕ ਲੜਦੇ ਲੜਦੇ ਜਾਣਬੁੱਝ ਕੇ ਪਿਛਾਂਹ ਹੱਟ ਜਾਂਦੇ ਹਨ ਅਤੇ ਜਦੋਂ ਸਾਡੇ ਘੋੜ ਸਵਾਰ ਇਨ੍ਹਾਂ ਦਾ ਪਿੱਛਾ ਕਰਦੇ ਦੂਰ ਨਿਕਲ ਜਾਂਦੇ ਤਾਂ ਇਹ ਆਪਣੇ ਰੱਥਾਂ ਨੂੰ ਛੱਡ ਇਨ੍ਹਾਂ ਨਾਲ ਯੁੱਧ ਕਰਦੇ। ਇਹ ਇਕੱਠੇ ਹੋ ਕੇ ਕਦੇ ਨਾ ਲੜਦੇ ਅਤੇ ਸਦਾ ਛੋਟੇ ਛੋਟੇ ਜਥਿਆਂ ਵਿਚ ਆਉਂਦੇ। ਅਸੀਂ ਚਾਹੇ ਹਮਲਾ ਕਰਦੇ, ਚਾਹੇ ਪਿਛਾਂਹ ਪਰਤਦੇ, ਇਨ੍ਹਾਂ ਨਾਲ ਲੜਨਾ ਇੱਕੋ ਜਿੰਨਾ ਖ਼ਤਰਨਾਕ ਸੀ।" ਇਹ ਜ਼ਿਕਰ ਹੈ ਈਸਾ ਤੋਂ 52 ਸਾਲ ਪਹਿਲਾਂ ਲੜੀ ਲੜਾਈ ਦਾ।

ਇਸੇ ਤਰ੍ਹਾਂ 56 ਸਾਲ ਈਸਾ ਪੂਰਵ ਲੜੇ ਗੌਲ ਯੁੱਧ ਦਾ ਵਰਣਨ ਵੀ ਉਹ ਕਰਦਾ ਹੈ: "ਉਹ ਜਾਣਦੇ ਸਨ ਕਿ ਉਨ੍ਹਾਂ ਦਾ ਤਕੜੇ ਤੋਂ ਤਕੜਾ ਕਬੀਲਾ ਆਹਮੋ-ਸਾਹਮਣੇ ਲੜਾਈ ਵਿਚ ਸਾਡਾ ਮੁਕਾਬਲਾ ਨਹੀਂ ਕਰ ਸਕਦਾ। ਇਨ੍ਹਾਂ ਜੰਗਲਾਂ ਵਿਚ ਜਾ ਵਾਸਾ ਕੀਤਾ। ਇਹ ਇਕਦਮ ਬਾਹਰ ਨਿਕਲ ਕੇ ਹਮਲਾ ਕਰਦੇ ਅਤੇ ਛੇਤੀ ਪਰਤ ਜਾਂਦੇ। ਇਨ੍ਹਾਂ ਦਾ ਪਿੱਛਾ ਕਰਦੇ ਸਾਡੇ ਸਿਪਾਹੀ ਮਾਰੇ ਜਾਂਦੇ।" ਇਸ ਸਾਲ ਫੈਰਾਗਰੀ ਸ਼ਹਿਰ ਵਿਚ ਬੈਠੀ ਰੋਮਨ ਫ਼ੌਜ ਨੂੰ ਇਨ੍ਹਾਂ ਇਉਂ ਠਿਠ ਕੀਤਾ: "ਦੁਸ਼ਮਣ ਇਕ ਇਸ਼ਾਰੇ ਉੱਤੇ ਇਕਦਮ ਝਪਟ ਕੇ ਸਾਡੇ ਉੱਤੇ ਹਮਲਾ ਕਰਦੇ, ਸੋਚਣ ਦਾ ਸਮਾਂ ਨਾ ਦਿੰਦੇ, ਜਦੋਂ ਥੱਕ ਕੇ ਪਿਛਾਂਹ ਹਟਦੇ ਤਾਂ ਦੂਸਰੇ ਤਾਜ਼ਾ ਦਮ ਸਿਪਾਹੀ ਆ ਜਾਂਦੇ।"

ਸਿੰਘਾਂ ਦੀ ਰਣਨੀਤੀ, ਜਿਸ ਨੇ ਅਹਿਮਦ ਸ਼ਾਹ ਵਰਗੇ ਜਰਨੈਲ ਦੇ ਪਰ ਕੱਟ ਕੇ

ਰੱਖ ਦਿੱਤੇ, ਇੰਨ-ਬਿੰਨ ਪੁਰਾਤਨ ਇਜ਼ਰਾਈਲ ਕੈਂਟ ਅਤੇ ਗੌਲ ਦੇ ਲੋਕਾਂ ਨਾਲ ਮਿਲਦੀ ਹੈ। ਕਾਜ਼ੀ ਨੂਰ ਮੁਹੰਮਦ ਦਾ ਬਿਆਨ ਹੈ ਕਿ ਅਹਿਮਦ ਸ਼ਾਹ ਸਿੰਘਾਂ ਨਾਲ ਆਹਮਣੇ-ਸਾਹਮਣੇ ਲੜਨ ਨੂੰ ਤਰਸਦਾ ਰਿਹਾ। ਸਿਖ ਫ਼ੌਜ ਅਬਦਾਲੀ ਦੀ ਛਾਉਣੀ ਦੇ ਨੇੜੇ-ਤੇੜੇ ਪਰਛਾਵੇਂ ਵਾਂਗ ਉਸ ਦੇ ਨਾਲ ਰਹੀ, ਪਰੰਤੂ ਕਦੇ ਉਸ ਦੀ ਗ੍ਰਿਫ਼ਤ ਵਿਚ ਨਾ ਆਈ। ਸੈਂਕੜੇ ਮੀਲ ਦੇ ਸਫ਼ਰ ਵਿਚ ਉਨ੍ਹਾਂ ਅਮੂਮਨ ਅਚਾਨਕ ਹਮਲੇ ਕੀਤੇ, ਪਰ ਕਦੇ ਵੀ ਜੰਮ ਕੇ ਜੰਗ ਨਾ ਲੜੀ। ਉਨ੍ਹਾਂ ਰੱਜ ਕੇ ਅਬਦਾਲੀ ਨੂੰ ਕੁੱਟਿਆ, ਲੁੱਟਿਆ ਅਤੇ ਉਸ ਦੀ ਹਿਲਜੁਲ ਉੱਤੇ ਮੁਕੰਮਲ ਕੰਟਰੋਲ ਵੀ ਰੱਖਿਆ। ਸਿੰਘਾਂ ਨੇ ਅਬਦਾਲੀ ਦੇ ਉਦਾਲੇ ਸਖ਼ਤ ਘੇਰਾ ਰੱਖਿਆ ਅਤੇ ਉਸ ਨੂੰ ਡੱਬਾ ਬੰਦ ਕਰ ਕੇ ਸਰਹਿੰਦ ਤਕ ਲੈ ਗਏ। ਥਕਾ ਕੇ, ਖੱਜਲ ਖ਼ੁਆਰ ਕਰ ਕੇ ਅਤੇ ਹੈਰਾਨ-ਪ੍ਰੇਸ਼ਾਨ ਕਰਕੇ ਵਾਪਸ ਕਰ ਦਿੱਤਾ।

ਰਣਨੀਤੀ ਬਾਰੇ ਆਮ ਤੌਰ 'ਤੇ ਕਾਜ਼ੀ ਲਿਖਦਾ ਹੈ : "ਇਹ ਕਿਤੇ ਵੀ ਨਜ਼ਰ ਨਹੀਂ ਆਉਂਦੇ, ਜਿਧਰ ਨੂੰ ਵੀ ਧਾਵਾ ਬੋਲੀਏ ਉਧਰੋਂ ਗ਼ਾਇਬ ਹੋ ਜਾਂਦੇ ਹਨ।" ਆਪਣੀ ਕਿਤਾਬ ਦੇ ਇਕਤਾਲੀਵੇਂ ਹਿੱਸੇ ਵਿਚ ਉਹ ਲਿਖਦਾ ਹੈ : "ਜੇ ਇਨ੍ਹਾਂ ਦੀਆਂ ਫ਼ੌਜਾਂ ਰਣ ਵਿੱਚੋਂ ਇਕਦਮ ਭੱਜ ਜਾਣ ਤਾਂ ਇਸ ਨੂੰ ਅਸਲੀਅਤ ਨਾ ਜਾਣੀ। ਇਹ ਇਨ੍ਹਾਂ ਦੀ ਯੁੱਧ ਜੁਗਤ ਹੈ। ਖ਼ਬਰਦਾਰ! ਦੁਬਾਰੇ ਫੇਰ ਖ਼ਬਰਦਾਰ !! ਇਸ ਚਾਲ ਦਾ ਮਕਸਦ ਹੈ ਗ਼ੁੱਸੇ 'ਚ ਆਏ ਦੁਸ਼ਮਣ ਨੂੰ ਬਾਕੀ ਫ਼ੌਜ ਤੋਂ ਦੂਰ ਖਿੱਚ ਲੈਣਾ। ਫੇਰ ਇਹ ਮੁੜ ਕੇ ਦੁਸ਼ਮਣ ਉੱਤੇ ਟੁੱਟ ਪੈਂਦੇ ਹਨ ਅਤੇ ਪਾਣੀਆਂ ਨੂੰ ਵੀ ਅੱਗ ਲਗਾ ਦਿੰਦੇ ਹਨ।" ਸਦੀਆਂ ਤੋਂ ਬੇਖ਼ੌਫ਼ ਆਉਂਦੇ, ਲੁੱਟ ਮਾਰ ਕਰ ਕੇ ਮਾਲਾਮਾਲ ਹੋ ਅਮਨ ਨਾਲ ਵਾਪਸ ਪਰਤਣ ਦੇ ਆਦੀ ਧਾੜਵੀਆਂ ਦਾ ਇਸ ਰਣਨੀਤੀ ਨੇ ਨੱਕ ਵਿਚ ਦਮ ਕਰ ਦਿੱਤਾ। ਅਬਦਾਲੀ ਨਾ ਲਾਹੌਰ ਵੜ ਸਕਿਆ, ਨਾ ਦਿੱਲੀ ਵੱਲ ਮੂੰਹ ਕਰ ਸਕਿਆ। ਆਖ਼ਰ ਉਸ ਨੂੰ ਕਹਿਣਾ ਪਿਆ, "ਵੇਖੋ ਮੇਰੀ ਆਪਣੀ ਬਾਦਸ਼ਾਹੀ ਦੇ ਦੌਰਾਨ ਖ਼ੁਦ ਮੇਰੀ ਪਾਲਕੀ ਸਿੱਖਾਂ ਦੇ ਡਰ ਤੋਂ ਕੰਬ ਰਹੀ ਹੈ।"

ਸਿੰਘਾਂ ਦੀ ਜਾਂ-ਬਾਜ਼ੀ, ਉੱਚੇ ਆਚਰਣ, ਅਸਤਰ-ਸ਼ਸਤਰ ਵਰਤਣ ਵਿਚ ਮੁਹਾਰਤ, ਜੰਗਜੂ ਸੁਭਾਅ ਅਤੇ ਯੁੱਧਨੀਤੀ ਦੀ ਤਾਰੀਫ਼ ਕਰਦਾ ਹੋਇਆ ਕਾਜ਼ੀ ਨੂਰ ਮੁਹੰਮਦ ਕਹਿੰਦਾ ਹੈ : "ਯੁੱਧਨੀਤੀ ਤੋਂ ਇਲਾਵਾ ਇਨ੍ਹਾਂ ਦੀਆਂ ਹੋਰ ਸਿਫ਼ਤਾਂ ਸੁਣ, ਇਹ ਕਾਇਰ ਨੂੰ ਮਾਰਦੇ ਨਹੀਂ, ਰਣ ਛੱਡ ਕੇ ਭੱਜੇ ਜਾਂਦੇ ਨੂੰ ਰੋਕਦੇ ਨਹੀਂ, ਔਰਤਾਂ ਨੂੰ ਲੁੱਟਦੇ ਨਹੀਂ, ਨਾ ਰਾਣੀ ਨੂੰ ਨਾ ਗੋਲੀ ਨੂੰ; ਤਲਵਾਰੀਏ! ਤੂੰ ਇਹਨਾਂ ਕੋਲੋਂ ਸਿੱਖ ਕਿ ਜੇਤੂਆਂ ਵਾਂਗ ਕਿਵੇਂ ਦੁਸ਼ਮਣ ਦਾ ਮੁਕਾਬਲਾ ਕਰੀਦਾ ਹੈ। ਇਹ ਯੁੱਧ ਦੇ ਸ਼ੇਰ ਹਨ, ਨੇਜ਼ਾ ਚੁੱਕ ਲੈਣ ਤਾਂ ਦੁਸ਼ਮਣ ਨੂੰ ਭਾਜੜਾਂ ਪਾ ਦਿੰਦੇ ਹਨ। ਜਦੋਂ ਇਹ ਕਮਾਨ ਸਾਧ ਕੇ ਚਿੱਲਾ ਕੰਨ ਤਕ ਖਿੱਚਦੇ ਹਨ ਤਾਂ ਦੁਸ਼ਮਣ ਕੰਬਣ ਲੱਗ ਪੈਂਦਾ ਹੈ। ਇਨ੍ਹਾਂ ਦੀ ਕੁਹਾੜੀ ਕਿਸੇ ਬਖ਼ਤਰਬੰਦ ਦੇ ਵੱਜ ਜਾਏ ਤਾਂ ਉਸ ਦਾ ਜ਼ਿਰਾਬਖ਼ਤਰ ਉਸ ਦੀ ਕਬਰ ਬਣ ਜਾਂਦਾ ਹੈ। ਇਉਂ ਜਾਪਦਾ ਹੈ ਕਿ ਬੰਦੂਕ ਲੁਕਮਾਨ ਨੇ ਨਹੀਂ, ਬਲਕਿ ਇਨ੍ਹਾਂ ਈਜਾਦ ਕੀਤੀ ਸੀ। ਇਨ੍ਹਾਂ ਵਰਗਾ ਤੁਫੰਗਚੀ ਕੋਈ ਹੋਰ ਨਹੀਂ..." ਆਦਿ, ਆਦਿ।

ਰਤਨ ਸਿੰਘ ਭੰਗੂ ਦੇ ਮੁੱਢ ਵਿਚ ਦਿੱਤੇ ਵਚਨਾਂ ਨੂੰ ਸਮਝਣ ਲਈ ਏਨੀ ਪਿੱਠ ਭੂਮੀ ਉਸਾਰਨੀ ਲਾਜ਼ਮੀ ਸੀ। ਭੰਗੂ ਇਸ ਰਣਜੁਗਤ ਦੀ ਅਹਿਮੀਅਤ ਬਾਰੇ ਦੱਸਦਾ ਹੋਇਆ ਕਹਿੰਦਾ ਹੈ ਕਿ ਦੰਗੇ ਬਿਨਾਂ ਪਾਤਿਸ਼ਾਹੀ ਹਾਸਲ ਕਰਨ ਦਾ ਹੋਰ ਤਰੀਕਾ ਕੋਈ ਨਹੀਂ ਸੀ, 'ਦੰਗੇ ਹੀ ਤੇ ਪਯੁਗ ਪਤਿਸਾਹੀ।' ਦੰਗਾ ਯੁੱਧ ਜੁਗਤ ਨੂੰ ਹੋਰ ਸਪੱਸ਼ਟ ਕਰਦਾ ਉਹ ਕਹਿੰਦਾ ਹੈ : 'ਸਿੰਘ...ਮਾਰੈਂ ਤਰਕਨ ਕਰਕੇ ਧਾਵਾ' ਅਤੇ 'ਲਰੈਂ ਮਰੈਂ ਸਿੰਘ ਨਠ ਤੁਰੈਂ

ਸੂਰ ਨਠ ਫਿਰਿ ਮੁੜ ਪਾਹਿੰ।' ਹੋਰ ਤਫ਼ਸੀਲ ਵਿਚ ਜਾਂਦਾ ਹੋਇਆ ਉਹ ਲਿਖਦਾ ਹੈ : 'ਲੜਾਈ ਦੇ ਫੱਟ ਕਹੈਂ ਸੁ ਢਾਈ। ਮਿਲਣ ਭੱਜਣ ਇਹ ਸਰ ਦੁਇ। ਲੜ ਮਰ ਮੁੱਕਣ ਆਧਾ ਸੋਇ।' ਭੰਗੂ ਦੱਸਦਾ ਹੈ ਕਿ ਛੋਟੇ ਘੱਲੂਘਾਰੇ ਤੋਂ ਪਹਿਲਾਂ ਵੀ ਏਵੇਂ ਲੜਨ ਦਾ ਫ਼ੈਸਲਾ ਹੋਇਆ ਸੀ : 'ਦੇਖ ਲਸਕਰ ਅਤਿ ਘਣਾ ਸਭ ਖਾਲਸੇ ਲਾਯੋ ਦਿਵਾਨ। ਇਨ ਸੋਂ ਸਨਮੁਖ ਕਿ ਲਰੈਂ ਇਹ ਚਲ ਆਯੋ ਜਹਾਨ। ਜੋਊ ਸੂਰ ਸਿਰ ਤੇ ਬਾਹਰੇ ਤੇਊ ਕਹੈਂ ਲੜੋ ਆਜ। ਜੋਊ ਸਿਆਨੇ ਸੋਊ ਕਹੈਂ ਲੜੋ ਸੁ ਮੁੜ ਮੁੜ ਭਾਜ।'

ਖ਼ਾਲਸੇ ਦੀ ਯੁੱਧ ਨੀਤੀ ਦਾ ਖ਼ੁਲਾਸਾ ਕਰਦਾ ਹੋਇਆ ਭੰਗੂ, ਕਾਜ਼ੀ ਨੂਰ ਮੁਹੰਮਦ ਦੇ ਅੰਦਾਜ਼ ਵਿਚ ਕਹਿੰਦਾ ਹੈ : 'ਜਾਤ ਪਾਤ ਸਿੰਘਨ ਕੀ ਦੰਗਾ। ਦੰਗਾ ਹੀ ਇਨ ਗੁਰ ਤੇ ਮੰਗਾ।' ਜਿਸ ਦਾ ਭਾਵ ਉਸੇ ਵਾਂਗ ਇਹ ਹੈ, ਹਾਲਾਂਕਿ ਇਸ ਯੁਧ ਨੀਤੀ ਨੂੰ ਵਰਤਣ ਵਾਲੇ ਕਈ ਹੋ ਗੁਜ਼ਰੇ ਹਨ ਅਤੇ ਕਈ ਅਗਾਂਹ ਇਸ ਗੁਰੀਲਾ ਜੰਗ ਦੀ ਵਰਤੋਂ ਕਰਨਗੇ, ਪਰੰਤੂ ਖ਼ਾਲਸਾ ਤਾਂ ਆਪਣੀ ਹੋਂਦ ਵਾਂਗ ਹੀ ਇਸ ਵਿਚ ਓਤ-ਪੋਤ ਹੈ। ਅਰਥਾਤ ਸਿੰਘ ਹੀ ਇਸ ਦੀ ਸਭ ਤੋਂ ਵਧੀਆ ਵਰਤੋਂ ਕਰਨ ਵਾਲੇ ਹਨ। ਉਪਰੋਕਤ ਸ਼ਬਦ ਰਤਨ ਸਿੰਘ ਨੇ ਇਸ ਆਸ਼ੇ ਨਾਲ ਹੀ ਲਿਖੇ ਹਨ। ਇਹੋ ਯੁੱਧ ਨੀਤੀ ਇਤਿਹਾਸ ਦੀਆਂ ਕਈ ਯੁੱਗਗਰਦੀਆਂ ਦੀ ਰੀੜ੍ਹ ਦੀ ਹੱਡੀ ਸਾਬਤ ਹੋਈ ਹੈ। ਭੰਗੂ 'ਦੰਗਾ' ਸ਼ਬਦ ਨੂੰ ਗੁਰੀਲਾ ਜੰਗ ਦੇ ਸਮਾਨਅਰਥ ਮੰਨਦਾ ਹੈ ਅਤੇ ਵਰਤਦਾ ਹੈ। ਇਸ ਵਚਨ ਨੂੰ ਹੋਰ ਕਿਵੇਂ ਸਮਝਣਾ ਅਗਿਆਨ ਹੈ !

ਆਓ, ਹੁਣ ਇਸ ਦੇ ਸੰਦਰਭ ਵਿਚ ਅਸਾਡੇ ਅੱਜ ਦੇ ਆਗੂਆਂ ਦੀ ਸਿਆਸੀ ਪ੍ਰਾਪਤੀ ਦਾ ਮੁਲਾਂਕਣ ਕਰੀਏ। ਉਸ ਵੇਲੇ ਅਸੀਂ ਗਿਣਤੀ ਪੱਖੋਂ ਆਟੇ ਵਿਚ ਲੂਣ ਸਾਂ, ਕੋਈ ਵੀਹ ਕੁ ਮਿਸਲਾਂ ਵਿਚ ਵੰਡੇ ਹੋਏ ਸਾਂ, ਰਾਜਸੀ ਸ਼ਕਤੀ ਦਾ ਆਧਾਰ ਜਿਸਮਾਨੀ ਅਤੇ ਫ਼ੌਜੀ ਤਾਕਤ ਸੀ। ਅਜਿਹੇ ਸਮੇਂ ਅਸੀਂ ਆਪਣਾ ਰਾਜਸੀ ਦਾਈਆ ਨਹੀਂ ਛੱਡਿਆ, ਯੋਗ ਅਗਵਾਈ ਕਾਰਣ ਅਸੀਂ ਏਸ਼ੀਆ ਦੀ ਪ੍ਰਮੁੱਖ ਤਾਕਤ ਬਣ ਕੇ ਉਭਰੇ। ਅਸੀਂ ਗੁਪਤ ਅਤੇ ਅਸ਼ੋਕ ਤੋਂ ਵੱਡਾ ਸਾਮਰਾਜ ਉਸਾਰਿਆ ਅਤੇ ਅੱਧੇ ਸੰਸਾਰ ਉੱਤੇ ਰਾਜ ਕਰ ਰਹੇ ਅੰਗਰੇਜ਼ਾਂ ਦੇ ਅਸੀਂ ਹਰ ਜੰਗ ਵਿਚ ਗੋਡੇ ਲਗਵਾਏ। ਅੱਜ ਆਪਣੇ ਸੂਬੇ ਵਿਚ ਅਸੀਂ ਬਹੁ-ਗਿਣਤੀ ਵਿਚ ਹਾਂ। ਸਾਡੇ ਪ੍ਰਮੁੱਖ ਆਗੂ ਹੱਥਾਂ ਦੀਆਂ ਉਂਗਲਾਂ 'ਤੇ ਗਿਣੇ ਜਾਣ ਜੋਗੇ ਹਨ। ਇਨ੍ਹਾਂ ਦੀ ਸਾਲਾਹ ਅਨੁਸਾਰ ਅਸੀਂ ਸਿਆਸੀ ਟੀਚੇ ਮਿੱਥੇ ਅਤੇ ਇਨ੍ਹਾਂ ਦੀ ਅਗਵਾਈ ਹੇਠ ਢਾਈ ਲੱਖ ਲੋਕਾਂ, ਸਾਲਾਂ ਬੱਧੀ ਜੇਲ੍ਹਾਂ ਕੱਟੀਆਂ, ਸਵਾ ਲੱਖ ਨੌਜਵਾਨਾਂ ਸ਼ਹੀਦੀਆਂ ਦਿੱਤੀਆਂ, ਪਰ ਅਸੀਂ ਆਪਣੇ ਸਿਆਸੀ ਨਿਸ਼ਾਨੇ ਵੱਲ ਇਕ ਮੰਜ਼ਿਲ ਅਗਾਂਹ ਨਹੀਂ ਵਧ ਸਕੇ। ਇਨ੍ਹਾਂ ਦੀ ਅਗਵਾਈ ਦਾ ਦੂਜਾ ਪੱਖ ਇਹ ਹੈ ਕਿ ਜਿਨ੍ਹਾਂ ਮਗਰ ਕੇਵਲ ਪੰਜ ਪ੍ਰਤੀਸ਼ਤ ਲੋਕ ਹਨ, ਉਹਨਾਂ ਨੂੰ ਇਨ੍ਹਾਂ ਰਾਜ (ਸੂਬੇ) ਦੀ ਸਿਆਸੀ ਅਗਵਾਈ ਬਖ਼ਸ਼ੀ ਹੋਈ ਹੈ ਅਤੇ ਜਿਨ੍ਹਾਂ ਲੋਕਾਂ ਨੂੰ ਸੌ ਵਿੱਚੋਂ ਅੱਸੀਆਂ ਦਾ ਸਮਰਥਨ ਪ੍ਰਾਪਤ ਹੈ, ਉਹ ਘਸਿਆਰੇ, ਲਾਵਾਰਸ ਬਣ ਕੇ ਜ਼ੁਲਮ ਜਬਰ ਸਹਿ ਰਹੇ ਹਨ।

ਸਾਡੇ ਆਗੂ ਜਾਣਦੇ ਹਨ ਕਿ ਇਹ ਦੋਨੋਂ ਕਹਿਰ ਵਾਪਰਨ ਦਾ ਇੱਕੋ ਇਕ ਕਾਰਣ ਇਨ੍ਹਾਂ ਦੀ ਆਪਸੀ ਫੁੱਟ ਹੈ। ਇਹ ਇਕੱਠੇ ਹੋਣਾ ਵੀ ਚਾਹੁੰਦੇ ਹਨ ਅਤੇ ਇਸ ਮਕਸਦ ਲਈ ਨਿੱਤ ਨਵੇਂ ਸੂਰਜ ਜਾਂ ਤਖ਼ਤ ਉੱਤੇ ਬੈਠਦੇ ਹਨ। ਪਰੰਤੂ ਸਾਰੇ ਹੀ 'ਸਿਧਾਂਤਾਂ ਉੱਤੇ ਏਕਤਾ' ਦੇ ਚਾਹਵਾਨ ਹਨ। ਸਿਆਸੀ ਜਮਾਤਾਂ ਉਸਾਰਨ ਲਈ ਲੋਕਤੰਤਰ ਦਾ ਸਿਧਾਂਤ ਅੱਜ ਸੰਸਾਰ ਦੇ ਹਰ ਕੋਨੇ ਵਿਚ ਮੰਨਿਆ ਜਾਂਦਾ ਹੈ। ਕਾਲੇ ਅਫ਼ਰੀਕਨ ਅਤੇ ਕੱਲ੍ਹ ਤਕ

ਮਾਣਸ ਖਾਣ ਵਾਲੇ ਕਬੀਲੇ ਵੀ ਇਸ ਸਿਧਾਂਤ ਉੱਤੇ ਪਾਰਟੀਆਂ ਬਣਾਉਂਦੇ ਹਨ। ਪਰ ਅਸਾਡੇ ਲੀਡਰਾਂ ਵਿੱਚੋਂ ਇਹ ਜਗਤ ਪ੍ਰਮਾਣਿਤ ਸਿਧਾਂਤ ਕਿਸੇ ਨੂੰ ਰਾਸ ਨਹੀਂ ਆਉਂਦਾ। ਇਹ ਕਿਸੇ ਐਸੇ ਸਿਧਾਂਤ ਦੀ ਤਲਾਸ਼ ਵਿਚ ਹਨ, ਜਿਸ ਰਾਹੀਂ ਇਹ ਸਾਰੇ ਦੇ ਸਾਰੇ ਮੁੱਖ ਮੰਤਰੀ ਬਣ ਸਕਣ। ਸਿਧਾਂਤ ਦੀ ਭਾਲ ਜਾਰੀ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਨੂੰ ਕਿਸੇ ਅਬਦਾਲੀ, ਨਾਦਰ ਨੂੰ ਸੌਂਪਣ ਦੀਆਂ ਤਿਆਰੀਆਂ ਸਾਰੇ ਧੜੇ ਮੁਕੰਮਲ ਕਰੀ ਬੈਠੇ ਹਨ। ਸਿੱਖੀ ਦੇ ਧਾਰਨੀ, ਕਈ ਪੁਰਾਤਨ ਸਭਿਆਤਾਵਾਂ ਦੇ ਵਾਰਸ, ਸੱਚ ਨਾਲ ਸੰਧੀ ਕਰਨ ਵਾਲੇ, ਸੰਸਾਰ ਦੇ ਉਜਲ ਭਵਿੱਖ ਦੇ ਜ਼ਾਮਨ, ਕੁਰਬਾਨੀ ਦੇ ਪੁਤਲੇ ਸਿੰਘ ਲਾਚਾਰ ਅਤੇ ਬੇਬੱਸ ਹਨ। ਅਸਾਡੇ ਤਖ਼ਤ ਨਿਹੱਥੇ ਅਤੇ ਨਿਸੱਤੇ ਹੋ ਚੁੱਕੇ ਹਨ। ਸ਼ਹੀਦੀਆਂ ਨੂੰ ਭੇਡ, ਬੱਕਰੀਆਂ ਦੇ ਬਲੀਦਾਨ ਵਿਚ ਵਟਾਉਣ ਵਾਲੇ ਆਗੂਆਂ ਦੇ ਗਲੀਂ ਅਸੀਂ ਫੁੱਲਾਂ ਦੇ ਹਾਰ ਇਕ ਦੂਜੇ ਤੋਂ ਮੂਹਰੇ ਹੋ ਕੇ ਪਾ ਰਹੇ ਹਾਂ।

•

ਅੰਮ੍ਰਿਤੁ ਕਉਰਾ ਬਿਖਿਆ ਮੀਠੀ*

ਅਖਾਣ ਹੈ ਕਿ ਜਦੋਂ ਮੁਸੀਬਤਾਂ ਆਉਂਦੀਆਂ ਹਨ ਤਾਂ ਇਕ ਇਕ ਕਰ ਕੇ ਨਹੀਂ, ਬਲਕਿ ਡਾਰਾਂ ਬੰਨ੍ਹ ਬੰਨ੍ਹ ਆਉਂਦੀਆਂ ਹਨ। ਕੱਚੇ ਘੜੇ ਉੱਤੇ ਨੈਂਅ ਵਿਚ ਠਿਲ੍ਹਣ ਲੱਗੀ ਸੋਹਣੀ ਆਲੇ-ਦੁਆਲੇ ਨਜ਼ਰ ਮਾਰਦੀ ਹੋਈ ਕਹਿੰਦੀ ਹੈ : 'ਅੱਜ ਤੂਫ਼ਾਨ, ਹਨੇਰੀ, ਛੱਲਾਂ ਸਭ ਨੇ ਕਰੀ ਸਲਾਹ। ਇਹ ਵੀ ਦੁਨੀਆ ਵਾਂਗੂ ਪ੍ਰੀਤ ਦਾ ਰੋਕਣ ਰਾਹ।' ਇਸੇ ਤਰ੍ਹਾਂ ਅੱਜ ਜਿਸ ਪਾਸੇ ਵੀ ਨਿਗ੍ਹਾ ਮਾਰੋ, ਕੋਈ ਨਾ ਕੋਈ ਖ਼ਾਲਸੇ ਦਾ ਸਿਦਕ ਪਰਖਣ ਲਈ ਫਣ ਫੈਲਾਈ ਖੜਾ ਹੈ।

ਅੱਜ ਦਾ ਮਸਲਾ ਬਟਾਲਾ ਮਿਸ਼ਨ ਦੇ ਸ੍ਰੀ ਹਿਊ ਮਕਲਾਊਡ ਦੀ ਮਿਹਰਬਾਨੀ ਸਦਕਾ 1975 ਵਿਚ ਉਠਿਆ। ਇਸ ਅੰਗਰੇਜ਼ ਪਾਦਰੀ ਲਈ ਈਸਾਈ ਮੱਤ ਦੇ ਵਾਧੇ ਖ਼ਾਤਰ ਅਤੇ ਭਾਰਤ ਦੀ ਰਾਜਸੀ ਸਮੱਸਿਆ ਦੇ ਪੱਕੇ ਸਿਆਸੀ ਹੱਲ ਵਾਸਤੇ, ਸਿੱਖੀ ਦੀਆਂ ਚੰਦ ਵਿਲੱਖਣਤਾਵਾਂ ਨੂੰ ਮਲੀਆਮੇਟ ਕਰਨਾ ਜ਼ਰੂਰੀ ਸੀ। ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਤੇ ਇਕ ਜ਼ਬਰਦਸਤ ਹਮਲਾ ਇਹ ਲਿਖ ਕੇ ਕੀਤਾ, "ਕਰਤਾਰਪੁਰੀ ਬੀੜ ਦੇ ਕਈ ਹਿੱਸੇ ਕੋਝੇ ਢੰਗ ਨਾਲ ਮੇਸੇ ਗਏ ਹਨ... ਜਾਪਦਾ ਹੈ ਕਿ ਬੰਨੋ ਵਾਲੀ ਹੀ ਅਸਲ ਬੀੜ ਹੈ ਅਤੇ ਕਰਤਾਰਪੁਰੀ ਬੀੜ ਉਸ ਦਾ ਸੰਖੇਪ ਰੂਪ ਹੈ। ਕੁਝ ਹਿੱਸੇ ਮਿਟਾ ਦਿੱਤੇ ਗਏ, ਕਿਉਂਕਿ ਇਹ ਬਾਅਦ ਵਿਚ ਬਣੀ ਪੰਥਕ ਮਰਿਆਦਾ ਦੇ ਅਨੁਕੂਲ ਨਹੀਂ ਸਨ। ਏਨਾ ਕੁ ਤਾਂ ਸਪੱਸ਼ਟ ਹੀ ਹੈ।" 1979 ਵਿਚ ਏਸ ਪ੍ਰਚਾਰਕ ਨੇ ਲਿਖਿਆ, "ਗੁਰੂ ਅਰਜਨ ਨੇ ਸਭ ਤੋਂ ਪਹਿਲਾਂ ਬੰਨੋ ਵਾਲੀ ਬੀੜ ਲਿਖਵਾਈ। ਵਿਚ-ਵਿਚਾਲੇ ਸੋਧ ਕੇ ਨਿਸ਼ਾਨਾਂ ਵਾਲੀ ਕਰਤਾਰਪੁਰੀ ਬੀੜ ਹੈ, ਜਿਸ ਵਿੱਚੋਂ ਕੁਝ ਸਮੱਗਰੀ ਕੱਢ ਦਿੱਤੀ ਗਈ।" 1989 ਵਿਚ ਇਸ ਨੇ ਮੂੰਹ ਦੂਜੇ ਪਾਸੇ ਕਰ ਲਿਆ ਅਤੇ ਲਿਖਿਆ, "ਦੋਨਾਂ ਦਾ ਮੇਲ ਕਰਨ ਨਾਲ ਤਾਂ ਇਹੀ ਜਾਪਦਾ ਹੈ ਕਿ ਬੰਨੋ ਬੀੜ ਅਸਲ ਹੈ, ਜੋ ਭਾਈ ਗੁਰਦਾਸ ਨੇ ਲਿਖੀ ਸੀ। ਲੇਕਿਨ ਸਭ ਜਾਣਦੇ ਹਨ ਕਿ ਬੰਨੋ ਬੀੜ ਤਾਂ 1642 ਈਸਵੀ ਵਿਚ ਲਿਖੀ ਗਈ ਸੀ।" ਇਉਂ ਸਿੱਖੀ ਦੇ ਧੁਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਤੇ ਇਸ ਦੇ ਪਹਿਲੇ ਹੱਲੇ ਦਾ ਅੰਤ ਹੋਇਆ। ਟਰੰਪ ਤੋਂ ਬਾਅਦ ਜੁਗੋ ਜੁਗ ਅਟੱਲ ਗੁਰੂ ਉੱਤੇ ਇਹ ਸਭ ਤੋਂ ਵੱਡਾ ਹਮਲਾ ਸੀ।

ਮੁੱਢਲੇ ਤੌਰ 'ਤੇ ਮਕਲਾਊਡ ਨੇ ਰਾਮਕਲੀ ਰਾਗ ਦੇ ਸ਼ਬਦ ਉੱਤੇ ਹੜਤਾਲ ਫੇਰਨ ਦਾ ਦੋਸ਼ ਲਾਇਆ ਸੀ, ਹਾਲਾਂਕਿ ਸਭ ਵਿਦਵਾਨ ਜਾਣਦੇ ਹਨ ਕਿ ਇਹ ਤੱਥ ਗ਼ਲਤ ਹੈ। ਉਹ ਸਿੱਧ ਕਰਨਾ ਚਾਹੁੰਦਾ ਸੀ ਕਿ ਸਿਖ ਬਾਹਰੀ ਕਾਰਣਾਂ ਕਰ ਕੇ ਗੁਰਬਾਣੀ ਵਿਚ ਵਾਧਾ ਘਾਟਾ ਕਰਦੇ ਰਹੇ ਹਨ। ਮੁੱਖ ਮਕਸਦ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਅਸਲ ਬੀੜ

* ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਵਿਗਾੜਨ ਦੀ ਕੁਚੇਸ਼ਟਾ ਵਿਰੁੱਧ ਲਿਖਿਆ ਇਹ ਲੇਖ 4 ਅਕਤੂਬਰ, 1992 ਨੂੰ *ਪੰਜਾਬੀ ਟ੍ਰਿਬਿਊਨ* ਵਿਚ ਛਪਿਆ।

ਨੂੰ ਆਖੇਪ ਸਿੱਧ ਕਰ ਕੇ ਸਿਖ ਸਿਧਾਂਤ ਵਿਚ ਭੰਬਲਭੂਸੇ ਦਾ ਰਾਹ ਖੋਲ੍ਹਿਆ ਜਾਵੇ। ਬੇਈਮਾਨੀ ਦੀ ਹੱਦ ਇਹ ਸੀ ਕਿ ਉਸ ਨੇ ਉਪਰੋਕਤ ਸਭ ਕੁਝ ਲਿਖਣ ਤੋਂ ਪਹਿਲਾਂ ਨਾ ਤਾਂ ਬੰਨੋ ਬੀੜ ਨੂੰ ਵੇਖਿਆ ਅਤੇ ਨਾ ਹੀ ਕਰਤਾਰਪੁਰੀ ਬੀੜ ਨੂੰ। 1968 ਵਿਚ ਛਪੀ ਭਾਈ ਜੋਧ ਸਿੰਘ ਦੀ ਪੁਸਤਕ ਅਤੇ 1987 ਵਿਚ ਛਪੀ ਸ੍ਰੀ ਦਲਜੀਤ ਸਿੰਘ ਦੀ ਕਿਤਾਬ ਵਿਚ ਇਸ ਤੱਥ ਨੂੰ ਝੁਠਲਾਇਆ ਗਿਆ ਹੈ ਕਿ ਕਿਸੇ ਅਜਿਹੇ ਸ਼ਬਦ ਉੱਤੇ ਹੜਤਾਲ ਫੇਰੀ ਗਈ ਹੈ। ਸ੍ਰੀ ਦਲਜੀਤ ਸਿੰਘ ਦੀ ਪ੍ਰਮਾਣੀਕ ਕਿਤਾਬ ਛਪਣ ਤੋਂ ਇਸ ਨੇ ਭਾਂਪ ਲਿਆ ਕਿ ਕਾਠ ਦੀ ਹਾਂਡੀ ਦੁਬਾਰਾ ਨਹੀਂ ਚੜ੍ਹ ਸਕਦੀ, ਕਿਉਂਕਿ ਇਸ ਨੇ ਦੋਨਾਂ ਨੂੰ ਨਜ਼ਰ-ਅੰਦਾਜ਼ ਕੀਤਾ ਸੀ। ਇਸ ਲਈ ਇਸ ਉੱਤੇ ਵਾਜਬ ਇਲਜ਼ਾਮ ਲੱਗਿਆ ਸੀ ਕਿ ਇਸ ਨੇ ਪ੍ਰਮਾਣਿਤ ਤੱਥਾਂ ਤੋਂ ਲਾਂਭੇ ਜਾ ਕੇ ਕੁਫ਼ਰ ਤੋਲਿਆ ਹੈ। 1990 ਵਿਚ ਭਾਈ ਬੰਨੋ ਵਾਲੀ ਬੀੜ ਨੂੰ ਅਸਲ ਸਾਬਤ ਕਰਨ ਦਾ ਦਾਅਵਾ ਵਾਪਸ ਲੈਣ ਦਾ ਇਹੋ ਅਸਲ ਕਾਰਣ ਸੀ। ਖੋਤੀ ਦੇ ਗਲ ਲੱਗ ਕੇ ਪਰਤੀ ਘੁਮਿਆਰੀ ਨੇ ਬਿਆਨ ਕੀਤਾ ਕਿ ਉਸ ਨੇ ਭਾਈ ਜੋਧ ਸਿੰਘ ਦੀ ਕਿਤਾਬ ਪੜ੍ਹ ਕੇ ਇਹ ਵਿਚਾਰ ਬਦਲਿਆ ਹੈ। ਪਰ ਭਾਈ ਸਾਹਿਬ ਦੀ ਪੁਸਤਕ ਤਾਂ 1968 ਵਿਚ ਛਪੀ ਸੀ ਅਤੇ 1975 ਵਾਲੀ ਮਕਲਾਊਡ ਦੀ ਕਿਤਾਬ ਵਿਚ ਇਸ ਦੇ ਹਵਾਲੇ ਤੋਂ ਸਪੱਸ਼ਟ ਹੈ ਕਿ *ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ* ਦੇ ਤੱਥਾਂ ਤੋਂ ਮਕਲਾਊਡ ਸ਼ੁਰੂ ਤੋਂ ਹੀ ਵਾਕਫ਼ ਸੀ। ਕੇਵਲ ਇਸੇ ਗੱਲ ਤੋਂ ਹੀ ਇਸ ਦੇ ਸੁਧਾ ਬੇਈਮਾਨ ਹੋਣ ਦਾ ਅੰਦਾਜ਼ਾ ਲੱਗ ਜਾਂਦਾ ਹੈ।

ਰੱਸੀ ਸੜ ਗਈ, ਪਰ ਵੱਟ ਨਾ ਗਿਆ। ਅਕਾਦਮਿਕ ਦੁਨੀਆ ਵਿਚ ਬੇਈਮਾਨੀ ਤੋਂ ਮੁਨਕਰ ਹੋਣਾ ਜ਼ਰੂਰੀ ਸੀ, ਪਰ ਵਿੱਚੋਂ ਦਿਲ ਸਾਫ਼ ਨਾ ਹੋਇਆ। 'ਰੂਹ ਭੱਜ ਵੜੇ ਬੁੱਤਖ਼ਾਨੇ 'ਤੇ ਜਾਹਰ ਜਿਸਮ ਨਮਾਜ਼ੀ।' ਸੋ, ਦੁਬਾਰੇ ਪਸ਼ੌਰਾ ਸਿੰਘ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਢਾਅ ਲਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ। ਉਸ ਨੇ ਮਕਲਾਊਡ ਦੀ ਦੇਖ-ਰੇਖ ਹੇਠ ਆਪਣਾ ਪੀ-ਐਚ.ਡੀ. ਥੀਸਿਸ ਲਿਖਿਆ, ਜਿਸ ਵਿਚ ਟਰੰਪ ਦੀ ਰੂਹ ਨੂੰ ਦੁਬਾਰਾ ਤਾਜ਼ਾ ਕੀਤਾ ਗਿਆ। ਇਤਿਹਾਸ ਗਵਾਹ ਹੈ ਕਿ ਸ੍ਰੀ ਰਾਮ ਰਾਇ ਮੁਸਲਮਾਨ ਦੀ ਥਾਂ ਬੇਈਮਾਨ ਪੜ੍ਹਨ ਕਰ ਕੇ (ਲਿਖਣ ਕਰ ਕੇ ਨਹੀਂ) ਗੁਰੂ ਘਰ ਤੋਂ ਛੇਕੇ ਗਏ ਸਨ ਤੇ ਦਸਵੇਂ ਪਾਤਿਸ਼ਾਹ ਹਜ਼ੂਰ ਨੇ 'ਕੈ' ਦੀ ਥਾਂ 'ਕੇ' ਪੜ੍ਹਨ ਵਾਲੇ ਸਿਖ ਨੂੰ ਭੰਡ ਕੇ ਸਪੱਸ਼ਟ ਕੀਤਾ ਸੀ ਕਿ ਗੁਰਬਾਣੀ ਦੀ ਤੁਕ, ਮਾਤਰਾ, ਕੰਨਾ, ਹੋੜਾ ਆਦਿ ਬਦਲਣਾ ਵੀ ਸਿੱਖੀ ਸਿਧਾਂਤ ਉੱਤੇ ਹਮਲਾ ਕਰਨਾ ਹੈ।

ਇੰਨੇ ਪ੍ਰਮਾਣ ਹੁੰਦਿਆਂ ਪਸ਼ੌਰਾ ਸਿੰਘ ਲਿਖਦਾ ਹੈ : "ਗੁਰੂ ਅਰਜਨ ਨੇ ਮੂਲ-ਮੰਤਰ (ਜਾਂ ਮੰਗਲਾਚਾਰ) ਨੂੰ ਆਖ਼ਰੀ ਸ਼ਕਲ ਦੇਣ ਤੋਂ ਪਹਿਲਾਂ ਕਈ ਖਰੜੇ ਬਣਾਏ। ਗੁਰੂ ਨਾਨਕ ਦੇਵ ਯੂਨੀਵਰਸਿਟੀ ਕੋਲ ਪਹਿਲਾਂ ਦੀ ਬੀੜ ਹੈ, ਜਿਸ ਵਿਚ ਆਖ਼ਰੀ ਸ਼ਕਲ ਦੇਣ ਤੋਂ ਪਹਿਲਾਂ ਦਾ ਮੂਲ-ਮੰਤਰ ਦਰਜ ਹੈ। ਇਸ ਵਿਚ 'ਪੁਰਖ' ਲਫ਼ਜ਼ ਬਾਅਦ ਵਿਚ ਪਾਇਆ ਗਿਆ, ਜਿਸ ਤੋਂ ਸਪੱਸ਼ਟ ਹੈ ਕਿ ਗੁਰੂ ਅਰਜਨ ਦੇ ਸਮੇਂ ਤੋਂ ਪਰਮਾਤਮਾ ਦਾ ਪੁਰਖ ਸਰੂਪ ਪ੍ਰਚੱਲਤ ਹੋਇਆ, ਜਦੋਂ ਕਿ ਗੁਰੂ ਨਾਨਕ ਵੇਲੇ ਨਿਰੰਕਾਰ ਸਰੂਪ ਪ੍ਰਚੱਲਤ ਸੀ। ਗੁਰੂ ਨਾਨਕ ਦੇ ਸਮੇਂ ਤੋਂ ਬਾਅਦ ਸਿਖ ਧਰਮ ਸਿਧਾਂਤ ਅਤੇ ਸਿਖ ਪੰਥ ਦਾ ਬਦਲਿਆ ਹੁਲੀਆ ਇਉਂ ਸਪੱਸ਼ਟ ਹੋ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਰਾਮਦਾਸ ਨੇ ਮੂਲ-ਮੰਤਰ ਵਿਚ 'ਨਿਰਵੈਰ' ਲਫ਼ਜ਼ ਪਾਇਆ, ਜੋ ਕਿ ਉਨ੍ਹਾਂ ਦੇ ਘਰੇਲੂ ਵਿਰੋਧ ਵਿਚ ਨਿਰਵੈਰ ਰਹਿਣ ਦਾ ਸੂਚਕ ਹੈ। ਪਰ ਸਾਬਤ ਕਰਨ ਲਈ ਉਸ ਪਰੰਪਰਾ ਨੂੰ ਚੁਣੌਤੀ ਦੇਣੀ ਪਵੇਗੀ, ਜਿਸ ਅਨੁਸਾਰ ਮੂਲ-ਮੰਤਰ

ਗੁਰੂ ਨਾਨਕ ਦੀ ਰਚਨਾ ਹੈ। ਇਉਂ ਸਿੱਖੀ ਸਿਧਾਂਤ ਵਿਚ ਨਵੇਂ ਸੰਕਲਪ ਜੁੜੇ...ਆਖ਼ਰੀ ਖਰੜੇ ਵਿਚ ਗੁਰੂ ਅਰਜਨ ਨੇ ਸਤਿਗੁਰ ਪ੍ਰਸਾਦਿ (ਸੱਚੇ ਗੁਰੂ ਦੀ ਕਿਰਪਾ) ਨੂੰ 'ਗੁਰ ਪ੍ਰਸਾਦਿ' (ਗੁਰੂ ਦੀ ਕਿਰਪਾ) ਕਰ ਦਿੱਤਾ। ਹੋਰ ਲਫ਼ਜ਼ ਅਤੇ ਛੰਦਬੰਦੀ ਬਦਲਣ ਦੇ ਕਈ ਇਲਜ਼ਾਮ ਗੁਰੂ ਹਜ਼ੂਰ ਉੱਤੇ ਲਾਉਂਦਾ ਹੋਇਆ ਇਹ ਗੁਰੂ ਨਿੰਦਕ ਲਿਖਦਾ ਹੈ : "ਕੁਝ ਖੋਜੀ ਜਪੁਜੀ ਸਾਹਿਬ ਦੇ ਆਖ਼ਰੀ ਸਲੋਕ ਨੂੰ ਗੁਰੂ ਨਾਨਕ ਦੀ ਨਹੀਂ, ਬਲਕਿ ਗੁਰੂ ਅੰਗਦ ਦੀ ਰਚਨਾ ਮੰਨਦੇ ਹਨ" ਅਤੇ ਉਹ 'ਖੋਜੀ' ਮਕਲਾਉਡ ਦਾ ਹਵਾਲਾ ਦਿੰਦਾ ਹੈ। ਖ਼ਵਾਜੇ ਦਾ ਗਵਾਹ ਡੱਡੂ ਜਾਂ ਇਉਂ ਕਹੋ ਡੱਡੂ ਦਾ ਗਵਾਹ ਖ਼ਵਾਜਾ।

ਗੁਰੂ ਨਿੰਦਕ ਪਸ਼ੌਰਾ ਸਿੰਘ ਸਾਬਤ ਕਰਨਾ ਚਾਹੁੰਦਾ ਹੈ—(1) ਕਿ ਗੁਰਬਾਣੀ ਸਿਖ ਬਚਨਾਂ ਅਤੇ ਸਿਖ ਮਨੌਤ ਅਨੁਸਾਰ 'ਧੁਰ ਕੀ ਬਾਣੀ' ਨਹੀਂ, ਬਲਕਿ ਦੁਨਿਆਵੀ ਪੱਖ ਪੂਰਨ ਵਾਸਤੇ ਗਾਹੇ-ਬਗਾਹੇ ਰਚੀ ਗਈ ਕਵਿਤਾ ਹੈ; (2) ਕਿ ਪੰਜਵੇਂ ਪਾਤਿਸ਼ਾਹ ਅਤੇ ਬਾਕੀ ਗੁਰੂ ਸਾਹਿਬਾਨ ਨੇ ਵੀ ਨਿੱਜੀ ਲੋੜ ਅਨੁਸਾਰ ਸਿਖ ਸਿਧਾਂਤ ਨੂੰ ਤੋੜ-ਮੋੜ ਕੇ ਪ੍ਰਚੱਲਤ ਕੀਤਾ; (3) ਕਿ ਗੁਰੂ ਗ੍ਰੰਥ ਸਾਹਿਬ ਨੂੰ ਸਿਖ ਧਰਮ ਸਿਧਾਂਤ ਜਾਣਨ ਲਈ ਪ੍ਰਮਾਣੀਕ ਨਹੀਂ ਮੰਨਿਆ ਜਾ ਸਕਦਾ। ਇਹ ਗੁਰੂ ਸਿਧਾਂਤ ਅਤੇ ਸਿਖ ਮੱਤ ਸਿਧਾਂਤ ਉੱਤੇ ਮੰਦ-ਭਾਵਨਾ ਤੋਂ ਪ੍ਰੇਰਿਤ ਕੋਝੇ ਹਮਲੇ ਹਨ, ਜਿਨ੍ਹਾਂ ਦਾ ਅਕਾਦਮਿਕ ਸੁਤੰਤਰਤਾ ਅਤੇ ਲਿਖਣ ਖੋਜਣ ਦੀ ਆਜ਼ਾਦੀ ਲਈ ਦੂਰ ਦਾ ਵੀ ਸੰਬੰਧ ਨਹੀਂ ਹੈ। ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਇਹ ਸਭ ਪੈਂਤੜੇ ਕੱਟੜ ਕਮਿਊਨਿਸਟ ਵਿਚਾਰਧਾਰਾ ਅਨੁਸਾਰ ਹਨ। ਹੋਰ ਸਪੱਸ਼ਟ ਆਖੀਏ ਤਾਂ ਸਿਖ ਧਰਮ ਦੀਆਂ ਜੜ੍ਹਾਂ ਵਿਚ ਤੇਲ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਦੂਸਰੇ ਧਰਮਾਂ ਦੀ ਸਾਰਥਕਤਾ ਨੂੰ ਆਂਚ ਨਾ ਆਵੇ। "ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ" ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ।

ਇਹ ਮੰਤਵ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ, ਜਦੋਂ ਅਸੀਂ ਜਾਣਦੇ ਹਾਂ ਕਿ ਹਮਲੇ ਦਾ ਇਕ ਆਧਾਰ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਹ ਬੀੜ ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ 1987 ਵਿਚ ਬਜ਼ਾਰ ਮਾਈ ਸੇਵਾਂ ਵਿੱਚੋਂ ਖ਼ਰੀਦੀ। ਇਹ ਉਥੇ ਕਿਵੇਂ ਪਹੁੰਚੀ, ਕਿਸ ਨੇ ਪੁਚਾਈ, ਕਿਉਂ ਪੁਚਾਈ ਤਾਂ ਖੋਜ ਉਪਰੰਤ ਹੀ ਪਤਾ ਚੱਲੇਗਾ, ਪਰ ਏਨੀ ਕੁ ਜਾਣਕਾਰੀ ਹੈ ਕਿ ਇਹ 1984 ਦੇ ਘੱਲੂਘਾਰੇ ਤੋਂ ਬਾਅਦ ਪ੍ਰਗਟ ਹੋਈ। ਚੇਤੇ ਰਹੇ ਕਿ ਐਨ ਉਸ ਵੇਲੇ ਜਦੋਂ ਕਿ ਸਿਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਪ੍ਰਾਪਤ ਸਭ ਪੁਰਾਤਨ ਬੀੜਾਂ ਅਗਨ ਭੇਟ ਕੀਤੀਆਂ ਜਾ ਚੁੱਕੀਆਂ ਸਨ ਜਾਂ ਸਰਕਾਰੀ ਕਬਜ਼ੇ ਵਿਚ ਲਈਆਂ ਜਾ ਚੁੱਕੀਆਂ ਸਨ। ਕਬਜ਼ੇ ਵਿਚ ਲਈ ਸਮੱਗਰੀ ਦਾ ਮਸਲਾ ਓਸ ਵੇਲੇ ਦੇ ਪ੍ਰਧਾਨ ਮੰਤਰੀ ਕੋਲ ਉਠਿਆ ਸੀ ਅਤੇ ਬੜੀ ਉਮੀਦ ਸੀ ਕਿ ਵਾਪਸੀ ਹੋ ਜਾਵੇਗੀ। ਪਰ ਅਜੇ ਤਕ ਕੁਝ ਨਹੀਂ ਨਿਕਲਿਆ। ਦਰਬਾਰ ਸਾਹਿਬ ਉੱਤੇ ਹਮਲੇ ਤੋਂ ਕਈ ਦਿਨ ਬਾਅਦ ਕੁਤਬ ਘਰ ਸਾੜਨ ਦਾ ਕਿਤੇ ਇਹੋ ਮੰਤਵ ਤਾਂ ਨਹੀਂ ਸੀ ?

ਈਸਾਈ ਮੱਤ ਨਾਲ ਸੰਬੰਧਤ ਡੈੱਡ ਸੀਅ ਸਕਰੋਲ ਤਾਂ ਪੰਜਾਹ ਸਾਲ ਬਾਅਦ ਵੀ ਗੁਪਤ ਰੱਖੇ ਜਾ ਰਹੇ ਹਨ, ਪਰ ਸਿਖ ਧਰਮ ਉੱਤੇ ਹਮਲੇ ਲਈ ਇਸ ਬੀੜ ਨੂੰ ਤੁਰੰਤ ਵਰਤ ਲਿਆ ਗਿਆ। 'ਵਹਿੜਕਾ ਖੂਹ ਵਿਚ ਡਿੱਗ ਪਿਆ ਹੈ ਤਾਂ ਨੱਥ ਵੀ ਹੁਣੇ ਪਾ ਲਈ ਜਾਵੇ' ਦੀ ਭਾਵਨਾ ਅਧੀਨ ਇਹ ਹੋਇਆ।

ਇਸ ਬੀੜ ਦੀ ਹੋਰ ਤਾਰੀਫ਼ ਇਹ ਹੈ ਕਿ ਇਸ ਉੱਤੇ ਕੋਈ ਤਾਰੀਖ਼ ਨਹੀਂ ਲਿਖੀ ਹੋਈ, ਨਾ ਲਿਖਾਰੀ ਦਾ ਅਤਾ-ਪਤਾ ਹੈ। ਲਿਖਾਰੀ ਨੇ ਛੇਵੇਂ ਪਾਤਿਸ਼ਾਹ ਦਾ (ਝੂਠਾ ਸੱਚਾ)

ਨਿਸ਼ਾਨ ਇਕ ਪੰਨੇ ਉੱਤੇ ਉਕਰਿਆ ਹੈ, ਜਿਸ ਤੋਂ ਜ਼ਾਹਿਰ ਹੈ ਕਿ ਉਹ ਇਸ ਨੂੰ ਘੱਟੋ ਘੱਟ ਛੇਵੇਂ ਪਾਤਿਸ਼ਾਹ ਵੇਲੇ ਲਿਖੀ ਗਈ ਪ੍ਰਚੱਲਤ ਕਰਨਾ ਚਾਹੁੰਦਾ ਹੈ। ਪਸ਼ੌਰਾ ਸਿੰਘ ਦਾ ਆਪਣਾ ਮੱਤ ਹੈ ਕਿ ਇਹ ਨਿਸ਼ਾਨ ਸ਼ਾਇਦ ਨੌਵੇਂ ਪਾਤਿਸ਼ਾਹ ਦਾ ਹੈ। ਅਜਿਹੀ ਬੀੜ ਨੂੰ ਪਸ਼ੌਰਾ ਸਿੰਘ ਕਰਤਾਰਪੁਰੀ ਬੀੜ ਤੋਂ ਪਹਿਲਾਂ ਦਾ ਲਿਖਿਆ ਉਸੇ ਦਾ ਖਰੜਾ ਬਿਨਾਂ ਹੀਲ-ਹੁਜਤ ਦੇ ਝਟ ਪ੍ਰਵਾਨ ਕਰ ਲੈਂਦਾ ਹੈ। ਉਹ ਇਹ ਵੀ ਪ੍ਰਵਾਨ ਕਰ ਲੈਂਦਾ ਹੈ, ਇਹ ਬੀੜ ਲਿਖੀ ਵੀ ਭਾਈ ਗੁਰਦਾਸ ਜੀ ਦੀ ਹੈ। ਇਹ ਜ਼ਰੂਰੀ ਸੀ ਨਹੀਂ ਤਾਂ ਕਿਵੇਂ ਦੱਸਿਆ ਜਾਂਦਾ ਕਿ ਖਰੜਾ ਲਿਖਣ ਵਾਲੇ ਸਿਖ ਕੋਲੋਂ ਹੀ ਕਰਤਾਰਪੁਰੀ ਬੀੜ ਕਿਉਂ ਨਾ ਲਿਖਵਾਈ ਗਈ। ਇਸ ਦੀ ਹੱਥ-ਲਿਖਤ ਭਾਈ ਗੁਰਦਾਸ ਦੀ ਹੱਥ-ਲਿਖਤ ਨਾਲ ਮੇਲ ਨਹੀਂ ਖਾਂਦੀ। ਇਸ ਮੁਸ਼ਕਲ ਨੂੰ ਹੱਲ ਕਰਨ ਲਈ ਪਸ਼ੌਰਾ ਸਿੰਘ ਲਿਖਦਾ ਹੈ ਕਿ ਭਾਈ ਗੁਰਦਾਸ ਜੀ ਨੇ ਕਰਤਾਰਪੁਰੀ ਬੀੜ ਵਿਚ ਆਪਣੀ ਹੱਥ-ਲਿਖਤ ਨੂੰ ਸੁਧਾਰ ਲਿਆ ਸੀ। ਸ਼ੁਕਰ ਹੈ, ਉਨ੍ਹਾਂ ਇਹ ਨਹੀਂ ਕਿਹਾ ਕਿ ਭਾਈ ਗੁਰਦਾਸ ਨੇ ਧੋਖਾ ਦੇਣ ਲਈ ਇਸ ਖਰੜੇ ਨੂੰ ਕਿਸੇ ਹੋਰ ਦੀ ਹੱਥ-ਲਿਖਤ ਵਿਚ ਲਿਖ ਦਿੱਤਾ ਹੋਵੇਗਾ। *ਐਲਿਸ ਇਨ ਵੰਡਰਲੈਂਡ* ਵਿਚ ਤਾਸ਼ ਦੇ ਗੋਲੇ ਦਾ ਵਕੀਲ ਕਹਿੰਦਾ ਹੈ ਕਿ ਬਗ਼ਾਵਤ ਕਰਵਾਉਣ ਵਾਲੀ ਚਿੱਠੀ ਗੋਲੇ ਨੇ ਨਹੀਂ ਲਿਖੀ, ਕਿਉਂਕਿ ਇਹ ਉਸ ਦੀ ਹੱਥ-ਲਿਖਤ ਵਿਚ ਨਹੀਂ ਹੈ। ਵਿਰੋਧੀ ਵਕੀਲ ਕਹਿੰਦਾ ਹੈ ਕਿ ਵੇਖੋ ਇਹ ਗੋਲਾ ਕਿੰਨਾ ਧੂਰਤ ਅਤੇ ਮਕਾਰ ਹੈ ਕਿ ਇਸ ਨੇ ਚਿੱਠੀ ਆਪਣੀ ਹੱਥ-ਲਿਖਤ ਵਿਚ ਨਹੀਂ ਲਿਖੀ। ਪਸ਼ੌਰਾ ਸਿੰਘ ਪ੍ਰਮਾਣ ਸਿਰਫ਼ ਇਹ ਪੇਸ਼ ਕਰਦਾ ਹੈ ਕਿ ਇਸ ਬੀੜ ਵਿਚ ਲਗਾਂ-ਮਾਤਰਾਂ ਤੋਂ ਬਿਨਾਂ ਗੁਰਮੁਖੀ ਲਿਖੀ ਹੈ, ਜੋ ਕਿ ਗੁਰੂ ਨਾਨਕ ਤੋਂ ਪਹਿਲਾਂ ਪ੍ਰਚੱਲਤ ਸੀ। ਵਾਰੇ ਵਾਰੇ ਜਾਈਏ ਸਾਦਗੀ ਦੇ। ਮੇਰੇ ਬਾਬਾ ਜੀ ਸਰਦਾਰ ਈਸ਼ਰ ਸਿੰਘ ਵੀ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਏ ਸਾਬਤ ਹੁੰਦੇ ਹਨ, ਕਿਉਂਜੁ ਉਹ ਵੀ ਲਗਾਂ-ਮਾਤਰਾਂ ਨਹੀਂ ਸਨ ਵਰਤਦੇ। ਪਿੰਡਾਂ ਵਿਚ ਕੱਲ੍ਹ ਤਕ ਬਿਨਾਂ ਲਗਾਂ-ਮਾਤਰਾਂ ਤੋਂ ਲੰਡੇ ਪ੍ਰਚੱਲਤ ਸਨ। ਵੇਖੋ! ਕਿਵੇਂ ਆਕਾਸ਼ਵੇਲ ਨੂੰ ਪੱਤੇ, ਫੁੱਲ ਅਤੇ ਫਲ ਲੱਗੇ ਹਨ।

ਇਸ ਦਾ ਗੁਰੂ ਕਹਿੰਦਾ ਸੀ ਭਾਈ ਬੰਨੋ ਵਾਲੀ ਬੀੜ ਅਸਲ ਹੈ, ਕਿਉਂਕਿ ਉਸ ਵਿਚ ਸਮੱਗਰੀ ਕਰਤਾਰਪੁਰੀ ਬੀੜ ਨਾਲੋਂ ਵੱਧ ਹੈ। ਹੁਣ ਗੁਰੂ ਦੀ ਸਹਿਮਤੀ ਨਾਲ ਚੇਲਾ ਕਹਿੰਦਾ ਹੈ ਕਿ ਨਵੀਂ ਬੀੜ ਅਸਲ ਖਰੜਾ ਹੈ, ਕਿਉਂਕਿ ਉਸ ਵਿਚ ਸਮੱਗਰੀ ਘੱਟ ਹੈ। 'ਕੌਡੀ ਚਿੱਤ ਪਵੇ ਤਾਂ ਮੈਂ ਜਿੱਤਿਆ, ਪੱਟ ਆਵੇ ਤਾਂ ਤੁਸੀਂ ਹਾਰੇ।'

ਈਸਾਈ ਮੱਤ ਦੀ ਅੰਜੀਲ ਤਕਰੀਬਨ 1400 ਸਾਲ ਵਿਚ ਮੁਕੰਮਲ ਹੋਈ ਸੀ, ਬੁੱਧ ਧਰਮ ਦੇ ਉਪਦੇਸ਼ ਮਹਾਤਮਾ ਤੋਂ ਸੌ ਸਾਲ ਬਾਅਦ ਕਲਮਬੰਦ ਹੋਏ, ਕੁਰਾਨ ਸ਼ਰੀਫ਼ ਨੂੰ ਹਜ਼ਰਤ ਮੁਹੰਮਦ ਸਾਹਿਬ ਤੋਂ ਬਾਅਦ ਇਕੱਠਾ ਕੀਤਾ ਗਿਆ। ਈਸਾ ਮਸੀਹ ਦੇ ਪਹਾੜੀ ਉਪਦੇਸ਼ ਦਾ ਈਸਾ ਦੇ ਜਨਮ ਤੋਂ ਪਹਿਲਾਂ ਦਾ ਖਰੜਾ ਵੀ ਮਿਲਦਾ ਹੈ। ਇਨ੍ਹਾਂ ਸਾਰੇ ਧਰਮ ਗ੍ਰੰਥਾਂ ਦੀ ਪੜਚੋਲ ਪ੍ਰਮਾਣੀਕ ਪੁਰਾਣੀਆਂ ਲਿਖਤਾਂ ਨਾਲ ਕੀਤੀ ਜਾ ਸਕਦੀ ਹੈ। ਉਥੇ ਇਹ ਪੜਚੋਲ ਜਾਇਜ਼ ਹੈ। ਫੇਰ ਵੀ ਬੜੇ ਠਰ੍ਹੰਮੇ ਅਤੇ ਜ਼ਿੰਮੇਵਾਰੀ ਨਾਲ ਕੀਤੀ ਜਾਂਦੀ ਹੈ, ਕਿਉਂਕਿ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਨਾਲ ਇਸ ਦਾ ਸੰਬੰਧ ਹੁੰਦਾ ਹੈ। ਪਰ ਸਿੱਖਾਂ ਦਾ ਕੀ ਹੈ, ਇਹ ਤਾਂ ਅੱਜ-ਕੱਲ੍ਹ ਜਿਊਣ ਦੇ ਹੱਕ ਤੋਂ ਵੀ ਵਾਂਝੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਪੰਜਵੇਂ ਪਾਤਿਸ਼ਾਹ ਨੇ ਆਪ ਲਿਖਵਾਇਆ ਹੈ। ਲਿਖਵਾਉਣ ਦਾ ਇਕ ਕਾਰਣ ਇਹ ਵੀ ਸੀ ਕਿ ਆਖੇਪ ਕੱਚੀ ਬਾਣੀ ਗੁਰੂ ਸਾਹਿਬਾਨ ਦੇ ਨਾਂ ਹੇਠ ਪ੍ਰਚੱਲਤ ਹੋ ਰਹੀ ਸੀ। ਜ਼ਾਹਿਰ ਹੈ ਕਿ ਕੱਚੀ ਬਾਣੀ ਬੀੜ ਤੋਂ ਪਹਿਲਾਂ ਦੀ

ਹੈ। ਬੀੜ ਤੋਂ ਬਾਹਰ ਦੀ ਕੱਚੀ ਬਾਣੀ ਨਾਲ ਗੁਰੂ ਗ੍ਰੰਥ ਦਾ ਮੇਲ ਕਰਨਾ ਸੁਧਾ ਕੁਫ਼ਰ ਹੈ। ਜੋ ਗੁਰੂ ਨਾਨਕ ਪਾਤਿਸ਼ਾਹ ਨੇ ਉਚਾਰਿਆ ਸੀ, ਉਹੋ ਪੰਜਵੇਂ ਪਾਤਿਸ਼ਾਹ ਨੇ ਬੀੜ ਵਿਚ ਦਰਜ ਕੀਤਾ, ਬਾਕੀ ਸਭ ਕੱਚੀ ਬਾਣੀ ਹੈ। ਕਰਤਾਰਪੁਰੀ ਬੀੜ ਦੀ ਗੁਰੂ ਗ੍ਰੰਥ ਦੀ ਵਿਲੱਖਣਤਾ ਇਹੋ ਹੈ ਕਿ ਬਿਨਾਂ ਸ਼ੰਕੇ ਧੁਰ ਕੀ ਬਾਣੀ ਦਾ ਅਸਲ ਸੋਮਾ ਹੈ।

ਹੁਣ ਗੱਲ ਕਰੀਏ ਉਨ੍ਹਾਂ ਸਿੱਧਾਂ ਦੀ ਜੋ ਸਿਖ ਕੌਮ ਦੇ ਗਾੜ੍ਹੇ ਪਸੀਨੇ ਦੀ ਕਮਾਈ ਨਾਲ ਪਲ ਰਹੀਆਂ ਕੁਰਸੀਆਂ ਮੱਲੀ ਯੂਨੀਵਰਸਿਟੀਆਂ ਵਿਚ ਵਧ ਫੁਲ ਰਹੇ ਹਨ। ਜੇ ਇਨ੍ਹਾਂ ਸੱਚ ਨੂੰ ਸੱਚ ਆਖਣਾ ਨਹੀਂ, ਡੱਟ ਕੇ ਕੁਫ਼ਰ ਨੂੰ ਭੰਡਣਾ ਨਹੀਂ ਤਾਂ ਇਨ੍ਹਾਂ ਦੀ ਵਿਦਵਤਾ ਨੂੰ ਕਿਸੇ ਨੇ ਕੀ ਚੱਟਣਾ ਹੈ! ਵਿਦੇਸ਼ੀ ਸੰਗਤਾਂ ਵੀ ਆਪਣਾ ਫ਼ਰਜ਼ ਪਛਾਣਨ ਅਤੇ ਬੇਈਮਾਨ ਖੋਜੀਆਂ ਨੂੰ ਅਕਾਦਮਿਕ ਸੱਚ ਅਤੇ ਕਾਨੂੰਨ ਦਾ ਆਸਰਾ ਲੈ ਕੇ ਨੰਗਾ ਕਰਨ। ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਤਖ਼ਤਾਂ ਦੇ ਜਥੇਦਾਰਾਂ ਤੋਂ ਉਮੀਦ ਰੱਖੀਏ ਕਿ ਉਹ ਕੁਫ਼ਰ ਨੂੰ ਠੱਲ੍ਹ ਪਾਉਣਗੇ? ਸੰਸਾਰ ਦੇ ਸਦੀਵੀ ਕਲਿਆਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਲੱਖਣ ਸਰੂਪ ਜੁਗੋ ਜੁਗ ਅਟੱਲ ਰਹਿਣਾ ਜ਼ਰੂਰੀ ਹੈ। ਜੋ ਸੱਚ ਦਾ ਉਪਾਸ਼ਕ, ਜਿੰਨਾ ਯੋਗਦਾਨ ਇਸ ਮਹਾਂਯੱਗ ਵਿਚ ਪਾ ਸਕਦਾ ਹੈ, ਪਾਵੇ ਅਤੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੇ।

ਪਸ਼ੌਰਾ ਸਿੰਘ ਤੇ ਪਿਆਰ ਸਿੰਘ ਦੀ ਗ਼ਲਤੀ*

1. **ਪ੍ਰਸ਼ਨ :** ਡਾ. ਪਿਆਰ ਸਿੰਘ ਤੇ ਡਾ. ਪਸ਼ੌਰਾ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਉਹ ਕਿਹੜੀਆਂ ਗੱਲਾਂ ਲਿਖੀਆਂ ਹਨ, ਜਿਨ੍ਹਾਂ ਸਦਕਾ ਉਨ੍ਹਾਂ ਨੂੰ ਨਿੰਦਿਆ ਜਾਣਾ ਜ਼ਰੂਰੀ ਸੀ ?

ਉੱਤਰ : (ੳ) ਡਾ. ਪਿਆਰ ਸਿੰਘ ਤੇ ਪਸ਼ੌਰਾ ਸਿੰਘ ਦੂਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਨੂੰ ਅਧਿਐਨ ਦਾ ਵਿਸ਼ਾ ਬਣਾਇਆ, ਜਿਸ ਦਾ ਅਰਥ ਸੀ ਨਵੀਂ ਰਚਨਾ ਦੀ ਲੱਭਤ ਅਤੇ ਪਹਿਲਾਂ ਵਾਲੀ ਰਚਨਾ ਨੂੰ ਨਵੇਂ ਅਰਥ ਦੇਣੇ। ਦੋਵੇਂ ਗੱਲਾਂ ਗ਼ਲਤ ਹਨ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਪਹਿਲੇ ਚਾਰ ਗੁਰੂ ਸਾਹਿਬਾਨ ਨੇ ਇਕੱਤਰ ਕੀਤੀ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਦੇ ਹੁਣ ਵਾਲੇ ਸਰੂਪ ਨੂੰ 1604 ਈਸਵੀ ਵਿਚ ਅੰਤਿਮ ਰੂਪ ਦਿੱਤਾ (ਜਿਸ ਨੂੰ ਕਰਤਾਰਪੁਰੀ ਬੀੜ ਕਿਹਾ ਜਾਂਦਾ ਹੈ) ਅਤੇ ਅੰਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਿਸ਼ਾਹ ਦੀ ਬਾਣੀ ਇਸ ਵਿਚ ਜੋੜਨ ਉਪਰੰਤ ਮੁੰਦਾਵਣੀ ਦੇ ਰੂਪ ਵਿਚ ਅੰਤਿਮ ਮੋਹਰ ਲਾ ਦਿੱਤੀ। ਸਾਰੇ ਗੁਰੂ ਸਾਹਿਬਾਨ ਅਤੇ ਖ਼ਾਸ ਤੌਰ 'ਤੇ ਸੱਤਵੇਂ ਅਤੇ ਦਸਵੇਂ ਗੁਰੂ ਵੱਲੋਂ ਇਹ ਸਿਧਾਂਤ ਪਰਪੱਕ ਕੀਤਾ ਜਾ ਚੁੱਕਾ ਹੈ ਕਿ ਬਾਣੀ ਵਿਚਲਾ ਕੋਈ ਅੱਖਰ ਵੀ ਬਦਲਿਆ ਨਹੀਂ ਜਾ ਸਕਦਾ। ਦੋਹਾਂ 'ਡਾਕਟਰਾਂ' ਨੇ ਯਤਨ ਕੀਤਾ ਹੈ ਕਿ ਦੋ ਗੁਰੂ ਸਾਹਿਬਾਨ ਵੱਲੋਂ ਲਾਈ ਗਈ ਮੁੰਦਾਵਣੀ ਦੀ ਮੋਹਰ ਤੋੜ ਦਿੱਤੀ ਜਾਵੇ ਅਤੇ ਛੇ ਗੁਰੂਆਂ ਦੀ ਬਾਣੀ ਨੂੰ ਨਾਕਾਰ ਦਿੱਤਾ ਜਾਵੇ। ਇਹ ਯਤਨ ਅਤਿ ਨਿੰਦਨੀਯ ਹੈ।

(ਅ) ਆਦਿ ਗ੍ਰੰਥ ਤੋਂ ਪਹਿਲਾਂ ਗੁਰਬਾਣੀ ਦੀ ਕੋਈ ਰਚਨਾ ਮੌਜੂਦ ਨਹੀਂ। ਜੋ ਕੁਝ ਉਪਲਬਧ ਸੀ, ਉਸ ਨੂੰ ਗੁਰੂ ਅਰਜਨ ਦੇਵ ਜੀ ਨੇ ਚੰਗੀ ਤਰ੍ਹਾਂ ਘੋਖਿਆ ਪਰਖਿਆ। ਗੁਰਬਾਣੀ ਦੀ ਹਰ ਉਪਲਬਧ ਤੁਕ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਢੁਕਵੀਂ ਥਾਂ ਦਿੱਤੀ ਗਈ। ਜੋ ਕੁਝ ਬਾਕੀ ਬਚਿਆ, ਉਸ ਨੂੰ ਅੰਤ ਵਿਚ 'ਸਲੋਕ ਵਾਰਾਂ ਤੇ ਵਧੀਕ' ਵਿਚ ਦਰਜ ਕਰ ਦਿੱਤਾ। ਪਹਿਲੇ ਅਤੇ ਤੀਜੇ ਗੁਰੂ ਸਾਹਿਬਾਨ ਦੇ ਦੋ ਨਾ-ਮੁਕੰਮਲ ਵਾਕ ਵੀ ਲਿਖ ਦਿੱਤੇ ਗਏ, ਤਾਂਕਿ ਦੱਸਿਆ ਜਾ ਸਕੇ ਕਿ ਜੋ ਕੁਝ ਵੀ ਉਪਲਬਧ ਸੀ, ਉਸ ਨੂੰ ਦਰਜ ਕਰ ਦਿੱਤਾ ਗਿਆ ਹੈ। ਦੋਵੇਂ ਵਿਦਵਾਨ ਹੁਣ ਇਹ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਗੁਰਬਾਣੀ ਮੌਜੂਦ

---

* ਪ੍ਰਸ਼ਨੋਤਰ ਰੂਪ ਵਿਚ ਇਹ ਮਜ਼ਮੂਨ *ਸਪੋਕਸਮੈਨ ਵੀਕਲੀ* ਦੇ ਮਾਸਕ ਅੰਕ ਮਾਰਚ 1994 ਵਿਚ ਛਪਿਆ।

ਹੈ, ਜਿਸ ਨੂੰ ਦਰਜ ਕੀਤਾ ਜਾਣਾ ਚਾਹੀਦਾ ਹੈ। ਡਾ. ਪਸ਼ੌਰਾ ਸਿੰਘ ਦੇ ਮੁਕਾਬਲੇ ਡਾ. ਪਿਆਰ ਸਿੰਘ ਇਹ ਗੱਲ ਜ਼ਿਆਦਾ ਖੁਲ੍ਹ ਕੇ ਕਹਿੰਦੇ ਹਨ। ਇਹ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਨੂੰ ਚੁਨੌਤੀ ਦੇਣ ਦੇ ਤੁਲ ਹੈ ਅਤੇ ਗੁਰਬਾਣੀ ਬਾਰੇ ਸ਼ੰਕੇ ਪੈਦਾ ਕਰਨਾ ਜਾਂ ਨਵੀਂ 'ਬਾਣੀ' ਪੈਦਾ ਕਰਨਾ ਹੈ। ਉਹ ਸੋਚਦੇ ਹਨ ਕਿ ਜੋ ਕੁਝ ਗੁਰੂ ਅਰਜਨ ਦੇਵ ਜੀ ਨੂੰ ਪਤਾ ਸੀ, ਉਸ ਤੋਂ ਵੱਧ ਇਨ੍ਹਾਂ 'ਡਾਕਟਰਾਂ' ਨੂੰ ਪਤਾ ਹੈ। ਉਹ ਇਹ ਵੀ ਵਿਸ਼ਵਾਸ ਕਰਦੇ ਹਨ ਕਿ ਚਾਰ ਸੌ ਸਾਲ ਪਹਿਲਾਂ ਗੁਰੂ ਅਰਜਨ ਦੇਵ ਜੀ ਗੁਰੂ ਗ੍ਰੰਥ ਸਾਹਿਬ ਨੂੰ ਅੰਤਿਮ ਰੂਪ ਦੇਣ ਵਿਚ ਨਾਕਾਮ ਰਹੇ ਸਨ, ਜਦ ਕਿ ਇਹ ਵਿਦਵਾਨ ਇਹ ਕੰਮ ਕਰ ਸਕਦੇ ਹਨ। ਉਹ ਸਮਝਦੇ ਹਨ ਕਿ ਇਨ੍ਹਾਂ ਦੀ ਸਾਖ ਗੁਰੂ ਸਾਹਿਬ ਨਾਲੋਂ ਵੀ ਜ਼ਿਆਦਾ ਹੈ ਤੇ ਇਹ ਜੋ ਕਹਿਣਗੇ, ਉਸ ਨੂੰ ਸਾਰੇ ਮੰਨ ਲੈਣਗੇ। ਇਨ੍ਹਾਂ ਦੇ ਸੁਝਾਅ ਮੰਨਣ ਦਾ ਤੱਤ ਸਾਰ ਇਹ ਨਿਕਲੇਗਾ ਕਿ ਸਿੱਖਾਂ ਦਾ 'ਜਾਗਤ ਜੋਤਿ' ਗੁਰੂ ਇਨ੍ਹਾਂ ਵਰਗੇ ਵਿਦਵਾਨਾਂ ਦੇ ਰਹਿਮ ਕਰਮ 'ਤੇ ਜਾ ਪਵੇਗਾ। ਉਂਜ ਇਨ੍ਹਾਂ ਦੀ ਗੁਰਬਾਣੀ ਬਾਰੇ ਜਾਣਕਾਰੀ ਏਨੀ ਘੱਟ ਹੈ ਕਿ ਇਕ ਨੇ ਘੱਟੋ ਘੱਟ ਛੇ ਸ਼ਬਦਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਨ ਦੀ ਤਜਵੀਜ਼ ਰੱਖੀ ਹੈ, ਪਰ ਉਸ ਨੂੰ ਇਹ ਵੀ ਪਤਾ ਨਹੀਂ ਇਹ ਸਾਰੇ ਸ਼ਬਦ ਪਹਿਲਾਂ ਹੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ। 'ਕੱਚੀ ਬਾਣੀ' ਨੂੰ 'ਸੱਚੀ ਬਾਣੀ' ਦੇ ਰੂਪ ਵਿਚ ਪੇਸ਼ ਕਰਨ ਦਾ ਇਨ੍ਹਾਂ ਦਾ ਯਤਨ ਕੋਝਾ, ਹੰਕਾਰ ਭਰਿਆ ਤੇ ਸਵਾਰਥ-ਭਰਪੂਰ ਹੈ। ਗੁਰੂ ਗ੍ਰੰਥ ਸਾਹਿਬ ਨੂੰ ਛੁਟਿਆਉਣ ਦਾ ਇਨ੍ਹਾਂ ਦਾ ਯਤਨ ਅਫ਼ਸੋਸਨਾਕ ਹੈ। ਸਿਧਾਂਤਕ ਤੌਰ 'ਤੇ ਇਹ ਕਾਰਾ ਉਸ ਪਾਪੀ ਮਸੰਦ ਦੇ ਕਾਰੇ ਵਰਗਾ ਹੀ ਹੈ, ਜਿਸ ਨੇ ਗੁਰੂ ਤੇਗ਼ ਬਹਾਦਰ ਸਾਹਿਬ ਉੱਤੇ ਗੋਲੀ ਚਲਾ ਦਿੱਤੀ ਸੀ ਜਾਂ ਉਸ ਪਠਾਣ ਵਰਗਾ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ 'ਤੇ ਹਮਲਾ ਕਰ ਦਿੱਤਾ ਸੀ।

(ਏ) ਉਨ੍ਹਾਂ ਦਾ ਵਰਤਾਰਾ ਵਿਦਵਾਨਾਂ ਵਾਲਾ ਨਹੀਂ। ਦੋਵੇਂ ਹੀ ਅਖੌਤੀ ਮੋਹਨ ਪੋਥੀਆਂ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖਰੜਾ ਨੰ: 1245 ਉੱਤੇ ਭਾਰੀ ਟੇਕ ਰੱਖਦੇ ਹਨ—ਤੇ ਇਹ ਦੋਵੇਂ ਹੀ 1604 ਈਸਵੀ ਮਗਰੋਂ ਦੇ ਕਾਲ ਦੀਆਂ ਲੱਭਤਾਂ ਹਨ। ਇਕ ਪੋਥੀ ਉੱਤੇ ਸਾਲ ਮਿਟਾ ਕੇ ਦੁਬਾਰਾ ਲਿਖਿਆ ਗਿਆ ਹੈ। ਪਹਿਲੇ ਹੀ ਸਫ਼ੇ 'ਤੇ ਇਕ ਪੋਥੀ ਵਿਚ ਇਹ ਸਰਾਪ ਦਿੱਤਾ ਗਿਆ ਹੈ ਕਿ ਲੇਖਕ ਵੱਲੋਂ ਦਰਜ ਅਵਤਾਰਾਂ ਦੀ ਲੜੀ ਨੂੰ ਜੋ ਨਹੀਂ ਮੰਨੇਗਾ, ਉਹ ਨਰਕ ਵਿਚ ਜਾਏਗਾ। ਇਸ ਤਰ੍ਹਾਂ ਅੰਤਰੀਵ ਗਵਾਹੀ ਅਨੁਸਾਰ ਇਹ ਸਾਹਿਤ ਮੀਣਿਆਂ ਦੀ ਉਸ ਸੰਪ੍ਰਦਾ ਨਾਲ ਸੰਬੰਧਤ ਹੈ, ਜੋ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਹੀ ਨਹੀਂ ਸੀ ਮੰਨਦੀ। ਨਵਾਂ ਲਿਖਿਆ ਸਾਲ ਵੀ ਇਸ ਨੂੰ 1595 ਈਸਵੀ ਤਕ ਲਿਜਾਂਦਾ ਹੈ। ਇਸ ਦੇ ਬਾਵਜੂਦ ਇਹ ਵਿਦਵਾਨ ਇਸ ਝੂਠ ਨੂੰ ਗਲੇ ਲਾਈ ਬੈਠੇ ਹਨ ਕਿ ਇਨ੍ਹਾਂ ਦੀ ਤਿਆਰੀ ਗੁਰੂ ਅਮਰਦਾਸ ਜੀ (1552-1574) ਨੇ ਕਰਵਾਈ ਸੀ। ਖਰੜਾ ਨੰ: 1245 ਵਿਚ

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਸਾਲ ਉਸੇ ਹੱਥ ਨਾਲ ਤੇ ਉਸੇ ਸਿਆਹੀ ਵਿਚ ਅੰਕਿਤ ਹੈ, ਜਿਸ ਵਿਚ ਬਾਕੀ ਦਾ ਖਰੜਾ ਹੈ। ਇਸ ਵਿਚ ਨੌਵੇਂ ਗੁਰੂ ਦਾ 'ਨਿਸ਼ਾਨ' ਵੀ ਮੌਜੂਦ ਹੈ, ਜੋ ਇਹ ਵਿਦਵਾਨ ਛੇਵੇਂ ਗੁਰੂ ਦਾ ਦੱਸਣਾ ਚਾਹੁੰਦਾ ਹੈ। ਪਸ਼ੌਰਾ ਸਿੰਘ ਨੇ ਤਾਜ਼ਾ ਲਿਖਤ ਵਿਚ ਇਹ ਮੰਨ ਵੀ ਲਿਆ ਹੈ। ਬਿਨਾਂ ਸ਼ੱਕ ਦੋਵੇਂ ਹੀ ਮੀਣਿਆਂ ਦੀ ਸੰਪ੍ਰਦਾ ਦੀਆਂ ਕਿਰਤਾਂ ਹਨ। ਇਹ ਗੱਲ ਅੰਦਰੂਨੀ ਗਵਾਹੀ ਤੋਂ ਹੀ ਪ੍ਰਤੱਖ ਹੈ। ਇਸ ਦੇ ਬਾਵਜੂਦ ਦੋਵੇਂ ਵਿਦਵਾਨ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ, ਇਨ੍ਹਾਂ ਕਿਰਤਾਂ ਨੂੰ ਜ਼ਿਆਦਾ ਭਰੋਸੇਯੋਗ ਸਮਝਦੇ ਹਨ ਤੇ ਚਾਹੁੰਦੇ ਹਨ ਕਿ ਜਿਸ ਨੂੰ ਭਾਈ ਗੁਰਦਾਸ ਨੇ ਵੀ ਪਾਪੀ ਮੀਣਿਆਂ ਦਾ ਪੰਥ ਕਹਿ ਕੇ ਨਿੰਦਿਆ ਹੈ, ਉਸ ਦੀ ਨਕਲੀ ਕਿਰਤ ਨੂੰ ਆਧਾਰ ਮੰਨ ਕੇ ਗੁਰੂ ਗ੍ਰੰਥ ਸਾਹਿਬ ਦੀ ਸੁਧਾਈ ਕੀਤੀ ਜਾਵੇ। ਇਹ ਯਤਨ ਨਾ-ਸਮਝੀ ਵਾਲਾ, ਵਿਦਵਤਾ-ਹੀਣ ਅਤੇ ਨਿੰਦਣਯੋਗ ਹੈ।

(ਸ) ਦੋਵੇਂ ਵਿਦਵਾਨ ਗੁਰਬਾਣੀ ਦੇ ਧੁਰ ਕੀ ਬਾਣੀ ਦੇ ਸਰੂਪ ਨੂੰ ਖ਼ਤਮ ਕਰਨਾ ਚਾਹੁੰਦੇ ਹਨ—ਇਹ ਸਾਬਤ ਕਰ ਕੇ ਕਿ ਇਹ ਬਾਣੀ 'ਉਤਰੀ' ਨਹੀਂ ਸੀ, ਸਗੋਂ ਗੁਰੂਆਂ ਦੀਆਂ ਵਕਤੀ ਲੋੜਾਂ ਅਨੁਸਾਰ ਤਿਆਰ ਕੀਤੀ ਗਈ ਸੀ ਤੇ ਸਮੇਂ ਸਮੇਂ ਖਰੜੇ ਤਿਆਰ ਕੀਤੇ ਗਏ ਸਨ, ਜੋ ਲੋੜ ਪੈਣ 'ਤੇ ਇਸ ਤਰ੍ਹਾਂ ਸੋਧੇ ਗਏ ਕਿ ਪੰਥ ਦੇ ਮੁੱਢਲੇ ਅਸੂਲ ਵੀ ਬਦਲ ਦਿੱਤੇ ਗਏ। ਪਿਛਲੇ ਚਾਰ ਸੌ ਸਾਲਾਂ ਦੇ ਇਤਿਹਾਸ ਵਿਚ ਖਰੜਿਆਂ ਦੀ ਗੱਲ ਕਿਸੇ ਨੇ ਨਹੀਂ ਸੀ ਕੀਤੀ। ਸਭ ਤੋਂ ਪਹਿਲਾਂ ਇਹ ਗੱਲ ਡਾ. ਪਸ਼ੌਰਾ ਸਿੰਘ ਦੀ ਹੁਣ ਦੀ ਰਚਨਾ ਦੇ ਗਾਈਡ ਤੇ ਉਸਤਾਦ ਡਾ. ਹਿਊ ਮੈਕਲਉਡ ਨੇ ਛੇੜੀ ਸੀ। ਇਤਿਹਾਸ ਵਿਚ ਡਾ. ਪਸ਼ੌਰਾ ਸਿੰਘ ਪਹਿਲਾ ਵਿਅਕਤੀ ਹੈ, ਜਿਸ ਨੇ ਆਪਣੇ ਗਾਈਡ ਨੂੰ ਖ਼ੁਸ਼ ਕਰਨ ਲਈ ਇਸ ਫ਼ਜ਼ੂਲ ਸੁਝਾਅ ਨੂੰ ਗੰਭੀਰਤਾ ਨਾਲ ਲੈ ਲਿਆ। ਗੁਰਬਾਣੀ ਧੁਰ ਕੀ ਬਾਣੀ ਹੈ ਤੇ ਮਿਹਨਤ ਨਾਲ ਗੁਰੂਆਂ ਵੱਲੋਂ ਘੜੀ ਗਈ ਕਵਿਤਾ ਨਹੀਂ। ਬਿਨਾਂ ਕਿਸੇ ਗਵਾਹੀ ਦੇ ਜੇ ਉਹ ਅਜਿਹੀ ਗੱਲ ਮੰਨ ਲੈਂਦੇ ਹਨ ਤਾਂ ਇਹ ਸਿੱਖੀ ਦੇ ਮੁੱਢਲੇ ਵਿਸ਼ਵਾਸਾਂ ਅਤੇ ਸੱਚ ਦੇ ਉਲਟ ਹੈ ਤੇ ਇਸ ਲਈ ਨਿੰਦਣਯੋਗ ਹੈ।

(ਹ) ਦੋਵੇਂ ਹੀ ਇਹ ਖੁੱਲ੍ਹ ਕੇ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲਾਂ ਦੇ ਗੁਰੂਆਂ ਦੀ ਬਾਣੀ ਵਿਚ ਇਸ ਤਰ੍ਹਾਂ ਦੀ ਤਬਦੀਲੀ ਕੀਤੀ ਕਿ ਇਸ ਨਾਲ ਪਹਿਲਾਂ ਤੋਂ ਚਾਲੂ ਸਿੱਖੀ ਦੇ ਸਿਧਾਂਤ ਹੀ ਬਦਲ ਗਏ। ਉਹ ਗੁਰੂ ਅਰਜਨ ਦੇਵ ਜੀ 'ਤੇ ਇਹ ਤੁਹਮਤ ਵੀ ਲਾਉਂਦੇ ਹਨ ਕਿ ਉਨ੍ਹਾਂ ਨੇ ਆਪਣੀ ਬਾਣੀ ਨੂੰ ਦੂਜੇ ਗੁਰੂਆਂ ਦੇ ਨਾਂ ਹੇਠ ਦਰਜ ਕਰ ਦਿੱਤਾ ਤੇ ਇਸ ਤਰ੍ਹਾਂ ਨਕਲੀ ਘਾੜਤ ਘੜਨ ਅਤੇ ਪੁੱਠੀ ਤਰ੍ਹਾਂ ਦੀ 'ਬਾਣੀ ਚੋਰੀ' ਦੇ ਦੋਸ਼ੀ ਬਣੇ। ਇਹ ਨਾ-ਕਾਬਲੇ ਬਰਦਾਸ਼ਤ ਹੈ ਤੇ ਨਿੰਦਣਯੋਗ ਹੈ।

ਇਸ ਪ੍ਰਸ਼ਨ ਦੇ ਉੱਤਰ ਵਿਚ ਹੋਰ ਬਹੁਤ ਕੁਝ ਕਿਹਾ ਜਾ ਸਕਦਾ ਹੈ। ਹਾਲ ਦੀ ਘੜੀ ਏਨਾ ਹੀ ਕਾਫ਼ੀ ਹੈ।

2. **ਪ੍ਰਸ਼ਨ :** ਕੀ ਦੋਹਾਂ ਲੇਖਕਾਂ ਦੀ ਮੰਦ-ਭਾਵਨਾ ਦਾ ਕੋਈ ਪੱਕਾ ਸਬੂਤ ਹੈ ?

ਉੱਤਰ : (ੳ) ਕਿਉਂਕਿ ਦੋਹਾਂ ਲੇਖਕਾਂ ਨੇ ਕਿਸੇ ਠੋਸ ਆਧਾਰ ਤੋਂ ਬਗ਼ੈਰ ਹੀ ਬੇਥਵ੍ਹੀਆਂ ਗੱਲਾਂ ਲਿਖੀਆਂ ਹਨ, ਇਸ ਲਈ ਇਹ ਸਾਬਤ ਕਰਨਾ ਇਨ੍ਹਾਂ ਦਾ ਕੰਮ ਹੈ ਕਿ ਇਨ੍ਹਾਂ ਨੇ ਅਜਿਹਾ ਕਿਸੇ ਨਿੱਜੀ ਸਵਾਰਥ ਕਰ ਕੇ ਨਹੀਂ ਕੀਤਾ। ਪਸ਼ੌਰਾ ਸਿੰਘ ਨੇ ਕਰਤਾਰਪੁਰੀ ਬੀੜ ਨੂੰ ਅਸਲੀ ਮੰਨਿਆ ਹੈ, ਪਰ ਨਾਲ ਹੀ ਖਰੜਾ ਨੰ: 1245 ਨੂੰ ਇਸ ਦਾ ਪਹਿਲਾ 'ਡਰਾਫ਼ਟ' ਜਾਂ ਖਰੜਾ ਮੰਨਿਆ ਹੈ। ਇਹ ਗੱਲ ਸਭ ਨੂੰ ਪਤਾ ਹੈ ਕਿ ਖਰੜਾ ਨੰ: 1245 ਵਿਚ ਸ਼ੱਕੀ ਰਚਨਾ ਹੈ, ਜਿਸ ਨੂੰ ਗੁਰੂ ਅਰਜਨ ਦੇਵ ਜੀ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਪਸ਼ੌਰਾ ਸਿੰਘ ਦਾ ਕਥਨ ਇਸ ਬੇਥਵ੍ਹੀ ਗੱਲ ਨੂੰ ਮੰਨਣ ਦੇ ਬਰਾਬਰ ਹੈ ਕਿ 'ਡਰਾਫ਼ਟ' ਵਿਚ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਨਾਂ ਹੇਠ ਸ਼ੱਕੀ ਰਚਨਾ ਦਰਜ ਕੀਤੀ ਤੇ ਫਿਰ ਅੰਤਮ ਸਰੂਪ ਵਿਚ ਮਿਟਾ ਦਿੱਤੀ। (ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਵਿਚ ਇਕ ਫ਼ਿਕਰਾ ਅੰਗਰੇਜ਼ੀ ਦਾ ਅਤੇ ਇਕ ਅਜੋਕੇ ਪ੍ਰੋਫ਼ੈਸਰ ਦੇ ਹੱਥ ਨਾਲ ਲਿਖੇ ਸ਼ਬਦ ਦੀਆਂ ਚਾਰ ਸਤਰਾਂ ਵੀ ਹਨ।) ਇਹ ਗੱਲ ਵੀ ਕਹੀ ਜਾ ਸਕਦੀ ਹੈ ਕਿ ਦੋਹਾਂ ਦਾ ਕੋਈ ਪੱਕਾ ਤੇ ਸਪੱਸ਼ਟ ਮੰਤਵ ਨਹੀਂ। ਦੋਵੇਂ ਬੜੀ ਕਾਹਲ ਵਿਚ ਹਨ। ਖਰੜਾ ਨੰ: 1245 ਦੀ ਪ੍ਰਾਪਤੀ 1987 ਵਿਚ ਹੁੰਦੀ ਹੈ ਜਾਂ ਉਸ ਸਾਲ ਇਹ 'ਪਲਾਂਟ' ਕੀਤਾ ਜਾਂਦਾ ਹੈ। ਦੋਵੇਂ ਉਸੇ ਸਾਲ ਇਸ ਬਾਰੇ ਲਿਖਣਾ ਸ਼ੁਰੂ ਕਰ ਦੇਂਦੇ ਹਨ ਤੇ ਲਗਭਗ ਇੱਕੋ ਸਮੇਂ ਚਰਚਾ ਦਾ ਵਿਸ਼ਾ ਬਣੀਆਂ ਪੁਸਤਕਾਂ ਤਿਆਰ ਕਰ ਦੇਂਦੇ ਹਨ। ਇਹ ਹੈਰਾਨੀ ਵਾਲੀ ਗੱਲ ਹੈ ਕਿ ਦੁਨੀਆ ਦੇ ਦੂਜੇ ਹਿੱਸੇ ਵਿਚ ਬੈਠ ਕੇ ਡਾ. ਪਸ਼ੌਰਾ ਸਿੰਘ ਖਰੜਾ ਨੰ: 1245 ਉੱਤੇ ਕੰਮ ਸ਼ੁਰੂ ਕਰ ਦੇਂਦੇ ਹਨ, ਜਦ ਕਿ ਯੂਨੀਵਰਸਿਟੀ ਨੇ ਅਜੇ ਇਸ ਨੂੰ ਦਰਜ ਵੀ ਨਹੀਂ ਕੀਤਾ। ਕਿਸ ਪੰਛੀ ਨੇ ਉਨ੍ਹਾਂ ਨੂੰ ਇਸ ਖਰੜੇ ਦੀ ਲੱਭਤ ਦੀ ਭਿਣਕ ਪਾ ਦਿੱਤੀ ਸੀ।

(ਅ) ਮੌਜੂਦਾ ਵਿਸ਼ੇ ਨਾਲ ਸੰਬੰਧਤ ਇਕ ਹੋਰ ਘਟਨਾ 1987 ਵਿਚ ਵਾਪਰੀ। ਡਾ. ਸੀ.ਐਚ. ਲੋਹਿਲਿਨ (ਬਟਾਲਾ ਮਿਸ਼ਨਰੀਆਂ 'ਚੋਂ ਇਕ ਹੋਰ) ਦੇ ਨਾਂ ਹੇਠ ਇਕ ਲੇਖ ਛਪਿਆ 'ਦਾ ਨੀਡ ਫ਼ਾਰ ਟੈਕਸਚੂਅਲ ਐਂਡ ਹਿਸਟਾਰੀਕਲ ਕਰਿਟਿਸਿਜ਼ਮ'—ਜਿਸ ਵਿਚ ਉਸ ਨੇ ਦੁਹਾਂ ਡਾਕਟਰਾਂ ਵੱਲੋਂ ਕੀਤੀ ਜਾਣ ਵਾਲੀ ਖੋਜ ਬਾਰੇ ਇਸ਼ਾਰਾ ਕੀਤਾ ਸੀ। ਇਹ ਤੀਜੀ ਵਾਰ ਅਚਾਨਕ ਵਾਪਰੀ ਘਟਨਾ ਕਹੀ ਜਾ ਸਕਦੀ ਸੀ, ਪਰ ਸੱਚ ਇਹ ਸੀ ਕਿ 1983 ਤੋਂ ਲੋਹਿਲਿਨ ਸਰੀਰਕ ਤੌਰ 'ਤੇ ਨਾਕਾਰਾ ਹੋ ਕੇ 1987 ਵਿਚ ਲਗਭਗ ਮੌਤ ਦੇ ਬਿਸਤਰ 'ਤੇ ਲੇਟਿਆ ਹੋਇਆ ਸੀ। ਓਲਡ ਪੀਪਲਜ਼ ਹੋਮ ਦੇ ਇੰਚਾਰਜ ਕੋਲੋਂ ਇਸ ਗੱਲ ਦੀ ਪੁਸ਼ਟੀ ਕਰਵਾਈ ਜਾ ਚੁੱਕੀ ਹੈ ਕਿ ਉਸ ਨੇ ਅਜਿਹਾ ਕੋਈ ਲੇਖ ਨਹੀਂ ਸੀ ਲਿਖਿਆ। ਫਿਰ ਕਿਸ ਨੇ ਲਿਖਿਆ ਸੀ ? ਕਿਉਂਕਿ ਇਸ ਵਿਚ ਮੈਕਲਉਡ ਤੇ ਪਸ਼ੌਰਾ ਸਿੰਘ ਵੱਲੋਂ ਚਾਲੂ ਕੀਤੀ ਜਾ ਚੁੱਕੀ ਖੋਜ ਬਾਰੇ ਜ਼ਿਕਰ ਸੀ, ਇਸ

ਲਈ ਉਨ੍ਹਾਂ ਨੂੰ ਇਕ ਪੱਤਰ ਲਿਖ ਕੇ ਇਸ ਗੱਲ 'ਤੇ ਚਾਨਣਾ ਪਾਉਣ ਲਈ ਕਿਹਾ ਗਿਆ ਕਿ ਇਹ ਨਕਲੀ ਪੱਤਰ ਕਿਸ ਨੇ ਲਿਖਿਆ ਸੀ। ਡੇਢ ਸਾਲ ਬੀਤਣ ਮਗਰੋਂ ਵੀ ਅਜੇ ਤੀਕ ਜਵਾਬ ਨਹੀਂ ਮਿਲਿਆ। ਕੇਵਲ ਇਸ ਇਕ ਘਟਨਾ ਦੀ ਜਾਂਚ ਹੀ ਕਾਫ਼ੀ ਹੋਵੇਗੀ ਨਕਲੀ ਵਿਦਵਾਨਾਂ ਦੇ ਪਾਜ ਖੋਲ੍ਹਣ ਲਈ—ਜਦ ਕਿ ਆਪ ਉਹ ਮਹਾਨ ਖੋਜ ਕਰਨ ਦੇ ਦਾਅਵੇ ਕਰਦੇ ਹਨ। ਕੀ ਇਨ੍ਹਾਂ ਵਿੱਚੋਂ ਇਕ ਵਿਦਵਾਨ ਉਸ ਲੇਖ ਦਾ ਛੁਪਿਆ ਲਿਖਾਰੀ ਨਹੀਂ?

(ੲ) ਖਰੜਾ ਨੰ: 1245 ਦੇ ਆਰੰਭ ਬਾਰੇ ਇਕ ਵਿਚਾਰ ਇਹ ਹੈ ਕਿ ਸਿਖ ਰੈਫ਼ਰੈਂਸ ਲਾਇਬ੍ਰੇਰੀ ਦੀ ਤਬਾਹੀ ਮਗਰੋਂ ਸਿਖ ਮਾਨਸਿਕਤਾ ਵਿਚ ਘਸੋੜੀਆਂ ਜਾ ਰਹੀਆਂ ਲਿਖਤਾਂ 'ਚੋਂ ਇਹ ਇਕ ਲਿਖਤ ਹੈ। ਮਕਸਦ ਸਿਖ ਵਿਚਾਰਧਾਰਾ ਵਿਚ ਬੇਯਕੀਨੀ ਪੈਦਾ ਕਰਨਾ ਹੈ। ਇਸੇ ਲਈ ਲਾਇਬ੍ਰੇਰੀ ਤਬਾਹ ਕੀਤੀ ਗਈ ਸੀ। 1948 ਵਿਚ ਡੈੱਡ ਸੀਅ ਸਕਰੋਲ ਮਿਲੇ ਤਾਂ ਕਈ ਦਹਾਕਿਆਂ ਤਕ ਉਨ੍ਹਾਂ ਦੀ ਪੁਣ-ਛਾਣ ਹੁੰਦੀ ਰਹੀ। ਸਾਡੇ ਵਿਦਵਾਨ ਖਰੜਾ ਨੰ: 1245 ਦੀ ਵਰਤੋਂ ਕਰਨ ਲਈ ਏਨੇ ਕਾਹਲੇ ਕਿਉਂ ਸਨ—ਤੇ ਵਰਤੋਂ ਵੀ ਚੋਰੀ ਛੁਪੇ ਕਰਨ ਲਈ ਤੇ ਸਿਰਫ਼ ਆਪ ਹੀ ਕਰਨ ਲਈ? ਇਸ ਦੇ ਆਧਾਰ 'ਤੇ ਕੋਈ ਦੂਰ-ਰਸ ਨਤੀਜੇ ਕੱਢਣ ਤੋਂ ਪਹਿਲਾਂ ਉਨ੍ਹਾਂ ਨੇ ਇਸ ਦੀ ਜਨਤਕ ਪੜਚੋਲ ਕਰਾਉਣੀ ਕਿਉਂ ਜ਼ਰੂਰੀ ਨਹੀਂ ਸਮਝੀ? ਇਹ ਵੀ ਕੋਈ ਅਚਾਨਕ ਹੀ ਹੋਈ ਗੱਲ ਹੈ ਕਿ ਇਹ ਖਰੜਾ ਇਨ੍ਹਾਂ ਵਿਦਵਾਨਾਂ ਦੀ ਝੋਲੀ ਵਿਚ ਹੀ ਡਿਗਿਆ, ਜਿਨ੍ਹਾਂ ਨੇ ਇਸ ਦੀ ਏਨੀ ਵਰਤੋਂ ਕਰਨੀ ਸੀ? ਜੇ ਕੋਈ ਸਾਬਤ ਕਰਨਾ ਚਾਹੇ ਕਿ ਸਿਖ ਧਰਮ ਵੱਡੇ ਹਿੰਦੂ ਧਰਮ ਦਾ ਭਾਗ ਹੀ ਹੈ ਤਾਂ ਉਸ ਲਈ ਏਨਾ ਹੀ ਕਾਫ਼ੀ ਹੈ ਕਿ ਗੁਰਬਾਣੀ ਨੂੰ ਧੁਰ ਕੀ ਬਾਣੀ ਨਾ ਸਾਬਤ ਹੋਣ ਦੇਵੇ। ਖਰੜਾ ਨੰ: 1245 ਰਾਹੀਂ ਬੱਸ ਕੇਵਲ ਇਹੀ ਕੁਝ ਸਾਬਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। 1984 ਮਗਰੋਂ ਦੇ ਹਾਲਾਤ ਵਿਚ ਇਹ ਗੱਲ ਹੋਰ ਵੀ ਸ਼ੱਕੀ ਬਣ ਜਾਂਦੀ ਹੈ।

ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਇਹ ਨਕਲੀ ਖਰੜਾ, ਵੱਡੀ ਕੀਮਤ ਤਾਰ ਕੇ, ਇਸੇ ਡਾ. ਪਿਆਰ ਸਿੰਘ ਦੀ ਸਿਫ਼ਾਰਸ਼ 'ਤੇ ਹੀ ਖ਼ਰੀਦਿਆ ਗਿਆ ਸੀ।

ਡਾ. ਪਿਆਰ ਸਿੰਘ ਨੂੰ ਉਨ੍ਹਾਂ ਦੇ ਇਕਬਾਲੀਆ ਬਿਆਨ ਦੇ ਆਧਾਰ 'ਤੇ ਅਕਾਲ ਤਖ਼ਤ ਵੱਲੋਂ ਤਨਖ਼ਾਹ ਲਾਈ ਗਈ। ਉਸ ਨੇ ਆਪਣੀ ਮਰਜ਼ੀ ਨਾਲ ਤਨਖ਼ਾਹ ਭੁਗਤਾਈ। ਹੈਰਾਨੀ ਦੀ ਗੱਲ ਹੈ ਕਿ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਫਿਰ ਉਸੇ ਕੰਮ 'ਤੇ ਖੋਜ ਕਰਨ ਲਈ ਨਵੇਂ ਸਿਰਿਉਂ ਨੌਕਰੀ ਦੇ ਦਿੱਤੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਯੂਨੀਵਰਸਿਟੀ ਉੱਤੇ ਕਬਜ਼ਾ ਉਨ੍ਹਾਂ ਤਾਕਤਾਂ ਦਾ ਹੈ, ਜੋ ਸਿਖ ਹਿੱਤਾਂ ਅਤੇ ਸਿਖ ਹੋਂਦ ਦੀਆਂ ਵਿਰੋਧੀ ਹਨ।

ਉਪਰੋਕਤ ਪ੍ਰਸ਼ਨ 'ਤੇ ਵਿਚਾਰ ਕਰਦਿਆਂ, ਇਹ ਖ਼ਦਸ਼ੇ ਮਨ 'ਤੇ ਬੋਝਲ

ਬਣ ਜਾਂਦੇ ਹਨ। ਪਾਠਕ ਆਪ ਨਿਰਣਾ ਲੈ ਲੈਣ ਕਿ ਸਾਜ਼ਿਸ਼ ਦੇ ਸਿਧਾਂਤ ਦੀ ਪੁਸ਼ਟੀ ਤੱਥ ਕਰਦੇ ਹਨ ਕਿ ਨਹੀਂ?

3. **ਪ੍ਰਸ਼ਨ :** ਕੀ ਦੁਹਾਂ ਚਰਚਿਤ ਲੇਖਕਾਂ ਨੇ ਸੱਚਮੁੱਚ ਕੋਈ ਅਜਿਹੀ ਅਵੱਗਿਆ ਕੀਤੀ ਹੈ, ਜਿਸ ਨਾਲ ਸ਼ਰਧਾਲੂ ਸਿੱਖਾਂ ਦੇ ਦਿਲ ਦੁਖੀ ਹੋਏ ਹਨ?

ਉੱਤਰ : ਸਵਾਲ ਦੀ ਮਾਸੂਮੀਅਤ ਵੇਖੋ! ਆਮ ਤੌਰ 'ਤੇ ਸੂਖਮ ਢੰਗ ਦੁਆਰਾ ਅਤੇ ਕਈ ਵਾਰ ਕੁਰੱਖ਼ਤ ਢੰਗ ਰਾਹੀਂ ਵੀ, ਇਹ ਵਿਦਵਾਨ ਇਹ ਸਾਬਤ ਕਰਨਾ ਲੋਚਦੇ ਹਨ ਕਿ ਅੰਤਮ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦਾ ਵਜੂਦ ਨਹੀਂ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਕੋਈ ਅੰਤਮ ਰੂਪ ਨਹੀਂ ਸੀ ਦਿੱਤਾ ਅਤੇ ਗੁਰਬਾਣੀ ਕੋਈ ਧੁਰ ਕੀ ਬਾਣੀ ਜਾਂ ਪਵਿੱਤਰ ਬਾਣੀ ਨਹੀਂ, ਜਿਸ ਨੂੰ ਹੁਣ ਦੀਆਂ ਲੋੜਾਂ ਅਨੁਸਾਰ ਤਬਦੀਲ ਕੀਤਾ ਜਾ ਸਕਦਾ ਹੈ। ਉਹ ਸਾਬਤ ਕਰਨ ਦਾ ਯਤਨ ਕਰਦੇ ਹਨ ਕਿ ਗੁਰੂ ਅਰਜਨ ਦੇਵ ਜੀ ਨਕਲੀ ਘੜਤਾਂ ਘੜਦੇ ਸਨ ਤੇ ਆਪਣੀ ਬਾਣੀ ਲਿਖ ਕੇ ਦੂਜੇ ਗੁਰੂਆਂ ਦੇ ਨਾਂ ਹੇਠ ਪ੍ਰਚਾਰਦੇ ਸਨ ਅਤੇ ਉਹ ਇਕ ਸਿਆਸਤਦਾਨ ਵਾਂਗ ਸਨ, ਜਿਨ੍ਹਾਂ ਨੇ ਆਪਣੇ ਪੈਰੋਕਾਰਾਂ ਦੀ ਗਿਣਤੀ ਵਧਾਉਣ ਲਈ ਭਗਤ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ।

ਇਹ ਕਥਨ ਨਿਰਮੂਲ ਤੇ ਹੱਤਕ ਆਮੇਜ਼ ਹਨ ਅਤੇ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਦੋਹਾਂ ਲੇਖਕਾਂ ਨੇ ਜਾਣ ਬੁਝ ਕੇ ਅਤੇ ਸੱਚ ਨੂੰ ਸਮਝਣ ਦੇ ਬਾਵਜੂਦ ਲਿਖੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਅਨੁਸਾਰ, ਸਿਖ ਗੁਰੂ ਨੂੰ ਰੱਬ ਦਾ ਰੂਪ ਮੰਨਦੇ ਹਨ ਅਤੇ ਉਨ੍ਹਾਂ ਨੂੰ ਸਾਰੇ ਗੁਣਾਂ ਦੀ ਕਸੌਟੀ (ਗੁਣਖਾਣ) ਮੰਨਦੇ ਹਨ। ਡਾ. ਪਸ਼ੌਰਾ ਸਿੰਘ, ਜਦੋਂ 'ਸੰਪਾਦਕੀ ਪਾਲਿਸੀ' ਦੀ ਗੱਲ ਕਰਦਾ ਹੈ ਤਾਂ ਉਹ ਗੁਰੂ ਨੂੰ ਮਾਮੂਲੀ ਸਿਆਸਤਦਾਨ ਮੰਨਦਾ ਹੈ। ਉਹ ਗੁਰੂ ਗ੍ਰੰਥ ਸਾਹਿਬ ਨੂੰ ਇਕ ਸਾਧਾਰਣ ਪੁਸਤਕ ਸਮਝਦੇ ਹਨ, ਜਿਸ ਨਾਲ ਛੇੜਖ਼ਾਨੀ ਕਰਨ ਦੀ ਉਨ੍ਹਾਂ ਨੂੰ ਖੁਲ੍ਹ ਹੈ।

ਇਹ ਸਾਰਾ ਕੁਝ ਅਪਮਾਨਜਨਕ ਹੈ। ਸਿੱਖਾਂ ਦੀਆਂ ਸੈਂਕੜੇ ਪੁਸ਼ਤਾਂ ਨੇ ਗੁਰੂ ਅਤੇ ਗੁਰੂ ਗ੍ਰੰਥ ਦੀ ਓਟ ਲਈ ਹੈ। ਜੇ ਇਨ੍ਹਾਂ ਲੋਕਾਂ ਦੇ ਨਿਰਣਿਆਂ ਦਾ ਤੱਤ ਸਾਰ ਕੱਢਿਆ ਜਾਏ ਤਾਂ ਕੋਈ ਗੁਰੂ ਨਹੀਂ, ਕੋਈ ਗੁਰੂ ਗ੍ਰੰਥ ਨਹੀਂ ਤੇ ਕੋਈ ਸਿਖ ਧਰਮ ਨਹੀਂ।

ਧਰਮ ਦਾ ਅਪਮਾਨ ਫ਼ੌਜਦਾਰੀ ਜੁਰਮ ਹੈ। ਜਿਵੇਂ ਸਾਰੇ ਦੇਸਾਂ ਵੱਲੋਂ ਚੋਰੀ, ਡਾਕੇ ਅਤੇ ਹੋਰ ਜੁਰਮਾਂ ਦੀ ਵਿਆਖਿਆ ਕੀਤੀ ਹੈ, ਇਸੇ ਤਰ੍ਹਾਂ ਧਰਮ ਦੇ ਅਪਮਾਨ ਦੀ ਵੀ ਕੀਤੀ ਗਈ ਹੈ। ਜੱਜ, ਸਿਪਾਹੀ ਤੇ ਬਦਮਾਸ਼ ਸਭ ਜੁਰਮ ਦੀ ਸਜ਼ਾ ਦੇ ਬਰਾਬਰ ਦੇ ਭਾਗੀ ਹਨ। ਵਿਦਵਾਨ ਬਾਰੇ ਵੀ ਇਹੀ ਸੱਚ ਹੈ। ਇਕ ਵਿਦਵਾਨ ਧਰਮ ਦੇ ਅਪਮਾਨ ਦਾ ਪੂਰਾ ਦੋਸ਼ੀ ਹੋਵੇਗਾ, ਜੇ ਉਹ ਅਜਿਹਾ ਕਥਨ ਕਰਦਾ ਹੈ, ਜੋ (1) ਝੂਠਾ ਹੈ; (2) ਅਪਮਾਨ-ਜਨਕ ਹੈ; ਤੇ (3) ਇਹ ਸਮਝ ਕੇ ਕੀਤਾ ਗਿਆ ਹੈ ਕਿ ਝੂਠਾ ਵੀ ਹੈ ਤੇ ਅਪਮਾਨ-ਜਨਕ ਵੀ। ਕੋਈ ਠੀਕ ਵਿਦਵਾਨ ਵੀ ਧਰਮ ਦੇ ਅਪਮਾਨ ਦੇ ਸਾਹਮਣੇ ਵਿਦਵਾਨਾਂ ਦੀ ਅਕਾਦਮਿਕ ਆਜ਼ਾਦੀ ਦਾ ਸਹਾਰਾ ਨਹੀਂ ਲੈ ਸਕਦਾ। ਇਨਸਾਫ਼ ਦੀ ਦੇਵੀ

ਦੀਆਂ ਅੱਖਾਂ 'ਤੇ ਪੱਟੀ ਨਹੀਂ ਬੱਝੀ ਹੁੰਦੀ ? ਦੋਹਾਂ 'ਡਾਕਟਰਾਂ' ਦੀਆਂ ਪੁਸਤਕਾਂ, ਜਾਣਕਾਰ ਵਿਦਵਾਨਾਂ ਦੀ ਨਜ਼ਰ ਵਿਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਹਨ। ਉਪਰ ਕੁਝ ਮਿਸਾਲਾਂ ਦਿੱਤੀਆਂ ਗਈਆਂ ਹਨ। ਹੋਰ ਬਹੁਤ ਸਾਰੀਆਂ ਦਿੱਤੀਆਂ ਜਾ ਸਕਦੀਆਂ ਹਨ।

4. **ਪ੍ਰਸ਼ਨ** : ਕੀ ਉਨ੍ਹਾਂ ਨਾਲ ਅਜਿਹਾ ਸਲੂਕ ਨਹੀਂ ਕੀਤਾ ਗਿਆ, ਜਿਹੋ ਜਿਹਾ ਪਿਛਲੀਆਂ ਸਦੀਆਂ ਵਿਚ ਕੱਟੜਪੰਥੀ ਧਾਰਮਿਕ ਆਗੂਆਂ ਨੇ ਸੱਚ ਬੋਲਣ ਵਾਲਿਆਂ ਨਾਲ ਕੀਤਾ ਸੀ ?

ਉੱਤਰ : ਗੱਲ ਸਪੱਸ਼ਟ ਕਰਨ ਲਈ ਇਸ ਪ੍ਰਸ਼ਨ ਦਾ ਉੱਤਰ ਤਿੰਨ ਭਾਗਾਂ ਵਿਚ ਦਿੱਤਾ ਜਾਵੇਗਾ।

ਇਹ ਸੱਚ ਹੈ ਕਿ ਕਈ ਨਕਲੀ ਤੇ ਕੁਝ ਅਸਲੀ ਵਿਦਵਾਨਾਂ ਨੇ ਵੀ ਉਪਰੋਕਤ ਪ੍ਰਸ਼ਨ ਖੜਾ ਕਰ ਕੇ ਗਲੇਲੀਓ ਦੀ ਤਸਵੀਰ ਨਾਲ ਸਾਡੇ 'ਡਾਕਟਰਾਂ' ਨੂੰ ਖੜਾ ਕਰਨ ਦਾ ਯਤਨ ਕੀਤਾ ਹੈ, ਪਰ ਇਹ ਬਿਲਕੁਲ ਗ਼ਲਤ ਕੀਤਾ ਗਿਆ ਹੈ।

(ੳ) ਪਹਿਲਾਂ ਸਮਝ ਲਈਏ ਕਿ ਭੂਤ ਵਿਚ ਹੋਇਆ ਕੀ ਸੀ। ਇਕ ਹਿੰਦੂ ਬਾਗ਼ੀ ਨੇ ਵੇਦ ਮੰਤਰਾਂ ਨੂੰ ਜ਼ਬਾਨੀ ਯਾਦ ਕਰਨ ਦਾ ਯਤਨ ਕੀਤਾ ਸੀ ਤਾਂ ਉਸ ਦੀ ਖੋਪੜੀ ਵਿਚ ਅੱਠ ਜਾਂ ਦਸ ਉਂਗਲ ਲੰਮਾ ਕਿੱਲ ਠੋਕ ਕੇ ਉਸ ਨੂੰ ਮਾਰ ਦਿੱਤਾ ਗਿਆ ਸੀ। ਇਹ ਮਨੂ ਦਾ ਸਿਧਾਂਤ ਸੀ। ਸ਼ੰਭੂਕ ਖ਼ੁਸ਼ਕਿਸਮਤ ਸੀ ਕਿ ਮਰਿਆਦਾ ਪਰਸ਼ੋਤਮ ਰਾਮ ਜੀ ਨੇ ਤਲਵਾਰ ਦੇ ਇਕ ਵਾਰ ਨਾਲ ਉਸ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ। ਵਿਚਾਰੇ ਏਕਵਲਿਆ ਦੇ ਅੰਤ ਦਾ ਸਭ ਨੂੰ ਪਤਾ ਹੈ।

'ਜੁਕੀ' ਨਾਂ ਦੇ ਕਬੀਲੇ ਨੇ ਕੁਝ ਗਡਰੀਆਂ ਨੂੰ ਕਤਲ ਕਰਨ ਮਗਰੋਂ ਤੇ ਊਠ ਚੁਰਾਉਣ ਮਗਰੋਂ ਹਜ਼ਰਤ ਮੁਹੰਮਦ ਸਾਹਿਬ ਦਾ ਸਾਥ ਛੱਡ ਦਿੱਤਾ। ਉਨ੍ਹਾਂ ਦੇ ਹੱਥ ਪੈਰ ਵੱਢ ਦਿੱਤੇ ਗਏ, ਅੱਖਾਂ ਦੇ ਆਨੇ ਸਾੜ ਦਿੱਤੇ ਗਏ ਅਤੇ ਰੇਗਿਸਤਾਨ ਦੀ ਗਰਮੀ ਵਿਚ ਜ਼ਖ਼ਮੀ ਹਾਲਤ ਵਿਚ ਉਨ੍ਹਾਂ ਨੂੰ ਤੜਪ-ਤੜਪ ਕੇ ਮਰਨ ਦਿੱਤਾ ਗਿਆ।

ਮੱਧ-ਯੁਗੀ ਧਾਰਮਿਕ ਮੁਕੱਦਮੇ ਵੀ ਘੱਟ ਲਹੂ-ਲਿਬੜੇ ਨਹੀਂ ਸਨ। ਥਾਮਸ ਕਰੈਨਮਰ ਕੈਂਟਰਬਰੀ ਦਾ ਆਰਚਬਿਸ਼ਪ ਸੀ। ਉਹ ਵਿਦਵਾਨ ਸੀ। ਬਾਈਬਲ ਦਾ ਉਸ ਦਾ ਅੰਗਰੇਜ਼ੀ ਅਨੁਵਾਦ ਤੇ *ਬੁਕ ਔਵ ਕਾਮਨ ਪਰੇਅਰ* ਅਮਰ ਹੈ। ਰੱਬ ਪ੍ਰਤੀ ਵਫ਼ਾਦਾਰੀ ਤੇ ਰਾਜ ਦੇ ਹੁਕਮਾਂ ਦੀ ਪਾਲਣਾ ਕਰਨ 'ਚੋਂ ਪਹਿਲ ਦੇਣ ਦੇ ਮਾਮਲੇ ਵਿਚ ਉਹ ਕੇਵਲ ਇਕ ਪਲ ਲਈ ਉਕਿਆ, ਸਰੀਰ ਦੀ ਕਮਜ਼ੋਰੀ ਪ੍ਰਬਲ ਬਣੀ ਤੇ ਉਸ ਨੇ ਰਹਿਮ ਦੀ ਅਰਜ਼ੀ 'ਤੇ ਹਸਤਾਖ਼ਰ ਕਰ ਦਿੱਤੇ। ਪਰ ਅਗਲੇ ਹੀ ਦਿਨ ਆਤਮਾ ਫਿਰ ਜਾਗ ਪਈ ਤੇ ਕਰੈਨਮਰ ਨੇ ਜ਼ਿੰਦਾ ਸੜਨ ਦੀ ਸਜ਼ਾ ਪ੍ਰਵਾਨ ਕਰ ਲਈ। ਜਿਸ ਹੱਥ ਨਾਲ ਉਸ ਨੇ ਰਹਿਮ ਦੀ ਅਰਜ਼ੀ 'ਤੇ ਦਸਤਖ਼ਤ ਕੀਤੇ ਸਨ, ਉਹੀ ਹੱਥ ਉਸ ਨੇ ਅੱਗ ਵਿਚ ਸਭ ਤੋਂ ਪਹਿਲਾਂ ਸੜਨ ਲਈ ਅੱਗੇ ਕਰ ਦਿੱਤਾ, ਤਾਂਕਿ ਜਿਸਮ ਦਾ ਇਹ ਹਿੱਸਾ ਸਭ

ਤੋਂ ਪਹਿਲਾਂ ਖ਼ਤਮ ਹੋ ਜਾਵੇ। ਜੋਨ ਔਵ ਆਰਕ ਨੇ ਵੀ ਇਸੇ ਤਰ੍ਹਾਂ ਜਾਨ ਦਿੱਤੀ।

ਹੋਰ ਵੀ ਪਿੱਛੇ ਬਹੁਤ ਕੁਝ ਹੋਇਆ ਹੈ। ਹਿਟਲਰ ਦੇ ਗੈਸ ਚੈਂਬਰ ਕਿਸੇ ਨੂੰ ਭੁੱਲ ਸਕਦੇ ਹਨ, ਜਿਥੇ ਉਹ ਸੈਕੂਲਰਿਜ਼ਮ ਦੇ ਵਿਰੋਧੀਆਂ ਨੂੰ ਰੱਖ ਕੇ ਮਾਰਦਾ ਸੀ।

(ਅ) ਧਾਰਮਿਕ ਮੁਕੱਦਮੇ ਉਦੋਂ ਵੀ ਚੱਲੇ ਜਦੋਂ ਬਾਈਬਲ ਵਿਚ ਦਰਜ ਕਥਨ ਅਸਲ ਤੱਥਾਂ ਨਾਲੋਂ ਵੱਖ ਨਿਕਲੇ। ਇਕ ਈਸਾਈ ਲਈ ਇਹ ਯਕੀਨ ਕਰਨਾ ਜ਼ਰੂਰੀ ਸੀ ਕਿ ਸੂਰਜ ਧਰਤੀ ਦੁਆਲੇ ਚੱਕਰ ਕੱਟਦਾ ਹੈ। ਜਦੋਂ ਗਲੇਲੀਓ ਨੇ ਇਹ ਗੱਲ ਸਾਬਤ ਕਰ ਦਿੱਤੀ ਤਾਂ ਉਸ ਦਾ ਜੀਣਾ ਹਰਾਮ ਕਰ ਦਿੱਤਾ ਗਿਆ।

ਸਾਡੇ ਵਿਦਵਾਨਾਂ ਦੇ ਮਾਮਲੇ ਵਿਚ ਅਜਿਹੀ ਕੋਈ ਗੱਲ ਨਹੀਂ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੀ ਕੋਈ ਗੱਲ ਨਹੀਂ, ਜਿਸ ਨੂੰ ਦਲੀਲ ਦੀ ਕਸਵੱਟੀ 'ਤੇ ਗ਼ਲਤ ਸਾਬਤ ਕੀਤਾ ਜਾ ਸਕੇ, ਨਾ ਹੀ ਇਸ ਵਿਚ ਭੌਤਿਕ ਜੀਵਨ ਬਾਰੇ ਕੋਈ ਕੱਟੜ ਵਿਚਾਰ ਹਨ। ਜਿਵੇਂ ਕੋਈ ਬੱਚਾ ਵੀਡੀਓ ਖੇਡ ਜਿੱਤਣ ਵਿਚ ਨਾਕਾਮ ਰਹਿ ਕੇ ਸਕਰੀਨ ਤੋੜਨ ਦੀ ਕੋਸ਼ਿਸ਼ ਕਰਨ ਲੱਗਦਾ ਹੈ, ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਪੱਕਤਾ ਨੂੰ ਚੁਨੌਤੀ ਦੇਣ ਵਿਚ ਨਾਕਾਮ ਰਹਿਣ 'ਤੇ ਸਾਡੇ ਵਿਦਵਾਨਾਂ ਨੇ ਅਪਮਾਨ-ਜਨਕ ਬਿਆਨ ਦੇਣੇ ਸ਼ੁਰੂ ਕਰ ਦਿੱਤੇ ਹਨ।

(ੲ) ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ ਕਿ ਖ਼ਾਲਸਾ ਇਕ ਅਜਿਹੀ ਸੰਸਥਾ ਹੈ, ਜਿਸ ਵਿਚ ਆਪਣੀ ਮਰਜ਼ੀ ਨਾਲ ਕੋਈ ਸ਼ਾਮਿਲ ਹੋ ਸਕਦਾ ਹੈ। ਜਿਵੇਂ ਹਰ ਸੰਸਥਾ ਵਿਚ ਹੁੰਦਾ ਹੈ, ਮੈਂਬਰਾਂ ਲਈ ਕੁਝ ਅਸੂਲਾਂ ਦੀ ਪਾਲਣਾ ਕਰਨਾ ਜ਼ਰੂਰੀ ਹੋ ਜਾਂਦਾ ਹੈ। ਡਾ. ਮੈਕਲਉਡ ਨੇ ਵੀ ਇਹੋ ਜਿਹੀਆਂ ਗੱਲਾਂ ਕਹੀਆਂ ਸਨ। ਉਸ ਨੂੰ ਅਕਾਲ ਤਖ਼ਤ 'ਤੇ ਪੇਸ਼ ਹੋਣ ਲਈ ਨਹੀਂ ਕਿਹਾ ਗਿਆ, ਕਿਉਂਕਿ ਉਹ ਖ਼ਾਲਸੇ ਦੇ ਅਸੂਲਾਂ ਨੂੰ ਮੰਨਣ ਲਈ ਪਾਬੰਦ ਨਹੀਂ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਨਹੀਂ ਮੰਨਦਾ। ਜੋ ਮੰਨਦੇ ਹਨ, ਉਨ੍ਹਾਂ ਨੂੰ ਇਹ ਹੱਕ ਨਹੀਂ ਦਿੱਤਾ ਜਾ ਸਕਦਾ ਕਿ ਉਹ ਚਲਾਕ ਬਣ ਕੇ ਇਸ ਅੱਗੇ ਸੀਸ ਵੀ ਝੁਕਾਉਂਦੇ ਰਹਿਣ ਤੇ ਇਸ ਨੂੰ ਚੁਨੌਤੀ ਵੀ ਦੇਂਦੇ ਰਹਿਣ। ਹਾਂ, ਉਹ ਖ਼ਾਲਸਾ ਜਥੇਬੰਦੀ 'ਚੋਂ ਬਾਹਰ ਜਾਣਾ ਚਾਹੁਣ ਤਾਂ ਜਾ ਸਕਦੇ ਹਨ।

(ਸ) ਇਹ ਮੰਨ ਲੈਣਾ ਚਾਹੀਦਾ ਹੈ ਕਿ ਵਿਰੋਧੀ ਲਈ ਖ਼ਾਲਸਾ ਪੰਥ ਦਾ ਵਤੀਰਾ ਸਭ ਤੋਂ ਨਰਮ ਅਤੇ ਭਲੇ-ਮਾਣਸਾਊ ਹੈ। ਡਾ. ਪਿਆਰ ਸਿੰਘ ਦੇ ਮਾਮਲੇ ਵਿਚ ਜੋ ਕੁਝ ਕੀਤਾ ਗਿਆ, ਉਹ ਲਗਭਗ ਇਸ ਪ੍ਰਕਾਰ ਸੀ, ਜਿਵੇਂ ਕਿ ਮਾਮੂਲੀ ਜਿਹੇ ਫ਼ਰਕ ਨਾਲ ਹਰ ਮਾਮਲੇ ਵਿਚ ਕੀਤਾ ਜਾਂਦਾ ਹੈ, ਅਰਥਾਤ :

ਇਕ ਖ਼ਾਲਸਾ ਅਰਦਾਸ ਕਰਨ ਅਤੇ ਕੜਾਹ ਪ੍ਰਸ਼ਾਦ ਭੇਟਾ ਕਰਨ ਲਈ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੁੰਦਾ ਹੈ। ਉਸ ਨੂੰ ਪੁੱਛਿਆ

ਜਾਂਦਾ ਹੈ ਕਿ ਉਸ ਨੇ ਖ਼ਾਲਸਾ ਪੰਥ ਦੀ ਰਹਿਤ ਦੀ ਕੋਈ ਅਵੱਗਿਆ ਕੀਤੀ ਹੈ। ਉਸ ਵੱਲੋਂ ਪ੍ਰਵਾਨ ਕਰਨ 'ਤੇ ਉਸ ਦੀ ਭੇਟਾ ਲੈਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ ਤੇ ਉਸ ਨੂੰ ਪੁੱਛਿਆ ਜਾਂਦਾ ਹੈ ਕਿ ਬੀਤੇ ਦੀ ਅਵੱਗਿਆ ਦਾ ਪਸ਼ਚਾਤਾਪ ਕਰਨ ਨੂੰ ਰਾਜ਼ੀ ਹੈ ? ਜੇ ਉਹ ਤਿਆਰ ਹੁੰਦਾ ਹੈ ਤਾਂ ਉਸ ਦਾ ਮਾਮਲਾ ਅਕਾਲ ਤਖ਼ਤ ਦੇ ਜਥੇਦਾਰ ਦੀ ਅਗਵਾਈ ਹੇਠ ਪੰਜ ਸਿੱਖਾਂ ਸਾਹਮਣੇ ਰੱਖਿਆ ਜਾਂਦਾ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਫ਼ੈਸਲਾ ਕਰਦੇ ਹਨ ਕਿ ਪਸ਼ਚਾਤਾਪ ਵਜੋਂ ਕੀ ਕਰਨਾ ਜ਼ਰੂਰੀ ਹੈ। ਉਨ੍ਹਾਂ ਲਈ ਧਾਰਮਿਕ ਤੌਰ 'ਤੇ ਇਹ ਜ਼ਰੂਰੀ ਹੁੰਦਾ ਹੈ ਕਿ ਹਰ ਹਾਲਤ ਵਿਚ ਉਹ ਨਰਮੀ ਨਾਲ ਪੇਸ਼ ਆਉਣ ਅਤੇ ਦਿਆਲਤਾ ਤੋਂ ਕੰਮ ਲੈਣ। ਪਸ਼ਚਾਤਾਪ ਬਾਰੇ ਫ਼ੈਸਲਾ ਕਰਨ ਮਗਰੋਂ ਉਹ ਵਾਪਸ ਸੰਗਤ ਸਾਹਮਣੇ ਆ ਜਾਂਦੇ ਹਨ, ਜਿਥੇ ਦੋਸ਼ੀ ਸਭ ਦੇ ਸਾਹਮਣੇ ਹਾਜ਼ਰ ਹੁੰਦਾ ਹੈ। ਉਹ ਹੱਥ ਜੋੜ ਕੇ ਤੇ ਸਿਰ ਝੁਕਾਅ ਕੇ ਗੁਰੂ ਦੀ ਹਜ਼ੂਰੀ ਵਿਚ ਪੇਸ਼ ਹੁੰਦਾ ਹੈ (ਪਿਆਰ ਸਿੰਘ ਦੀਆਂ ਅਖ਼ਬਾਰਾਂ ਵਿਚ ਛਪੀਆਂ ਤਸਵੀਰਾਂ ਵੀ ਇਸੇ ਤਰਜ਼ ਦੀਆਂ ਸਨ)। ਉਸ ਨੂੰ ਫਿਰ ਸਾਰਿਆਂ ਸਾਹਮਣੇ ਪੁੱਛਿਆ ਜਾਂਦਾ ਹੈ ਕਿ ਉਹ ਪਸ਼ਚਾਤਾਪ ਵਜੋਂ ਮਿਲੀ ਤਨਖ਼ਾਹ ਪ੍ਰਵਾਨ ਕਰੇਗਾ ? ਉਹ 'ਹਾਂ' ਵਿਚ ਜਵਾਬ ਦੇਂਦਾ ਹੈ ਤਾਂ ਉਸ ਨੂੰ ਆਮ ਤੌਰ 'ਤੇ ਧਾਰਮਿਕ ਸਥਾਨ 'ਤੇ ਸੇਵਾ ਕਰਨ ਲਈ ਕਿਹਾ ਜਾਂਦਾ ਹੈ (ਜੋ ਉਂਜ ਵੀ ਇਕ ਸਿਖ ਲਈ ਆਮ ਜਿਹੀ ਗੱਲ ਹੈ)। ਪਸ਼ਚਾਤਾਪ ਪੂਰਾ ਕਰਨ ਮਗਰੋਂ ਉਹ ਕੜਾਹ ਪ੍ਰਸ਼ਾਦ ਲੈ ਕੇ ਮੁੜ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੁੰਦਾ ਹੈ। ਇਹ ਪਸ਼ਚਾਤਾਪ ਮੁਕੰਮਲ ਹੋਣ ਤਕ ਉਹ ਖ਼ਾਲਸਾ ਪੰਥ ਤੋਂ ਨਿਲੰਬਤ ਰਹਿੰਦਾ ਹੈ। ਇਸ ਮਗਰੋਂ ਉਹ ਵਾਪਸ ਪੰਥ ਵਿਚ ਲੈ ਲਿਆ ਜਾਂਦਾ ਹੈ ਤੇ ਉਸ ਦੀ ਭੇਟਾ ਸਵੀਕਾਰ ਕਰ ਲਈ ਜਾਂਦੀ ਹੈ। ਹੁਣ ਉਹ ਜਥੇਦਾਰ ਅਕਾਲ ਤਖ਼ਤ ਵਾਂਗ ਹੀ ਮੁੜ ਕੇ ਸਤਿਕਾਰਯੋਗ ਖ਼ਾਲਸਾ ਬਣ ਜਾਂਦਾ ਹੈ।

ਜੇ ਕੋਈ ਪੇਸ਼ ਹੋਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਲਈ ਥੋੜ੍ਹਾ ਜਿਹਾ ਵੱਖਰਾ ਢੰਗ ਵਰਤਿਆ ਜਾਂਦਾ ਹੈ। ਉਸ ਨੂੰ ਉਦੋਂ ਤਕ ਲਈ ਪੰਥ 'ਚੋਂ ਛੇਕ ਦਿੱਤਾ ਜਾਂਦਾ ਹੈ, ਜਦ ਤਕ ਉਹ ਪੇਸ਼ ਨਹੀਂ ਹੁੰਦਾ। ਛੇਕਣ ਦਾ ਅਰਥ ਹੁੰਦਾ ਹੈ ਕਿ ਉਹ ਸੰਗਤ ਵਿਚ ਸਤਿਕਾਰ ਪ੍ਰਾਪਤ ਨਹੀਂ ਕਰ ਸਕਦਾ। ਉਸ ਨੂੰ ਦੂਜੇ ਸਿੱਖਾਂ ਨਾਲ ਬੈਠ ਕੇ ਲੰਗਰ ਛਕਣ ਲਈ ਨਹੀਂ ਬੁਲਾਇਆ ਜਾਂਦਾ। ਉਸ ਦੇ ਖਾਣਾ ਖਾਣ 'ਤੇ ਪਾਬੰਦੀ ਨਹੀਂ, ਉਸ ਨੂੰ ਨਿਮੰਤ੍ਰਿਤ ਕਰਨ 'ਤੇ ਪਾਬੰਦੀ ਹੈ। ਮਕਸਦ ਉਸ ਨੂੰ ਪੇਸ਼ ਹੋਣ ਲਈ ਮਜਬੂਰ ਕਰਨਾ ਹੈ। ਅੱਜ ਦੇ ਕਾਨੂੰਨ ਨੇ ਵੀ ਪੇਸ਼ੀ ਲਾਜ਼ਮੀ ਕਰਨ ਲਈ ਅਜਿਹਾ ਢੰਗ ਜਾਇਜ਼ ਮੰਨਿਆ ਹੈ।

ਬੜੇ ਖ਼ਾਸ ਹਾਲਾਤ ਵਿਚ ਤੇ ਡਾਢੇ ਸਖ਼ਤ ਦੋਸ਼ ਦੇ ਮਾਮਲੇ ਵਿਚ ਦੋਸ਼ੀ ਦੇ ਸਾਰੇ ਪਰਿਵਾਰ ਨੂੰ ਵੀ ਛੇਕ ਦਿੱਤਾ ਜਾਂਦਾ ਹੈ। ਬੜੇ ਹੀ ਸੰਗੀਨ ਮਾਮਲੇ ਵਿਚ ਛੇਕੇ ਗਏ ਵਿਅਕਤੀ ਨਾਲ ਸਾਰੇ ਸਮਾਜਿਕ ਬੰਧਨ ਤੋੜ ਦਿੱਤੇ ਜਾਂਦੇ ਹਨ।

ਪਾਠਕ ਆਪ ਫ਼ੈਸਲਾ ਕਰ ਲਵੇ ਕਿ ਮੱਧਕਾਲੀ ਜਾਂ ਹੁਣ ਦੇ ਮੁਕੱਦਮਿਆਂ ਨਾਲ ਵੀ ਕੋਈ ਤੁਲਨਾ ਖ਼ਾਲਸੇ ਦੀ 'ਤਨਖ਼ਾਹ' ਦੀ ਕੀਤੀ ਜਾ ਸਕਦੀ ਹੈ ? ਸਾਡੀ ਜਾਚੇ ਬਿਲਕੁਲ ਨਹੀਂ।

5. ਪ੍ਰਸ਼ਨ : ਕੀ ਇਨ੍ਹਾਂ ਦੁਹਾਂ ਲੇਖਕਾਂ ਦੀ ਏਨੇ ਜ਼ੋਰ ਨਾਲ ਕੀਤੀ ਗਈ ਨਿਖੇਧੀ ਸਿੱਖਾਂ ਬਾਰੇ ਗ਼ੈਰ-ਸਿੱਖਾਂ ਦੇ ਮਨਾਂ ਅੰਦਰ ਮਾੜਾ ਪ੍ਰਭਾਵ ਨਹੀਂ ਕਾਇਮ ਕਰੇਗੀ ਤੇ ਖੋਜ ਦੇ ਕੰਮ ਨੂੰ ਸੱਟ ਨਹੀਂ ਵੱਜੇਗੀ ?

ਉੱਤਰ : ਸਾਡਾ ਉੱਤਰ ਹੈ ਬਿਲਕੁਲ ਨਹੀਂ। ਜੇਬ ਕੱਟਣ 'ਤੇ ਪਾਬੰਦੀ ਲਾਉਣ ਨਾਲ ਜਾਇਦਾਦ ਬਨਾਉਣ ਨੂੰ ਸੱਟ ਨਹੀਂ ਵੱਜਦੀ। ਧੋਖੇ ਅਤੇ ਜਾਅਲਸਾਜ਼ੀ ਵਿਰੁੱਧ ਕਾਨੂੰਨ ਬਨਾਉਣ ਕਾਰਣ ਦਸਤਾਵੇਜ਼ ਬਣਨੋਂ ਰੁਕ ਨਹੀਂ ਗਏ। ਖੋਜ ਦੀ ਆੜ ਹੇਠ ਵੀ ਧਰਮ ਦਾ ਅਪਮਾਨ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਇਹ ਅਪਰਾਧ ਹੈ ਤੇ ਇਸ ਦਾ ਖ਼ਾਤਮਾ ਵਿਦਵਤਾ ਦੇ ਰਾਹ ਵਿਚ ਰੋੜਾ ਨਹੀਂ ਬਣੇਗਾ।

ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ, ਸਿੱਖਾਂ ਕੋਲ ਮਨੁੱਖਤਾ ਦਾ ਇਕ ਸਭ ਤੋਂ ਸੁੰਦਰ ਖ਼ਜ਼ਾਨਾ ਮੌਜੂਦ ਹੈ। ਆਪਣੀਆਂ ਜਿੰਦਾਂ ਵਾਰ ਕੇ ਸਿੱਖਾਂ ਲਈ ਕੁਰਬਾਨੀ ਦੇਣ ਵਾਲੇ ਗੁਰੂਆਂ ਪ੍ਰਤੀ ਉਨ੍ਹਾਂ ਦਾ ਫ਼ਰਜ਼ ਹੈ ਕਿ ਉਹ ਗੁਰਬਾਣੀ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਤੇ ਸਾਰੀ ਮਨੁੱਖਤਾ ਦੇ ਭਲੇ ਲਈ ਇਸ ਦੇ ਖ਼ਾਲਸ ਰੂਪ ਦਾ ਪ੍ਰਚਾਰ ਕਰਨ। ਜੇ ਉਹ ਇਹ ਪਵਿੱਤਰ ਫ਼ਰਜ਼ ਨਾ ਨਿਭਾ ਸਕੇ ਤਾਂ ਉਹ ਮਨੁੱਖਤਾ ਨਾਲ ਦਗ਼ਾ ਕਰਨਗੇ। ਸੰਸਾਰ ਕੋਲ ਹੋਰ ਕੋਈ ਓਟ ਆਸਰਾ ਨਹੀਂ।

ਕਿਸੇ ਵੀ ਅਵਤਾਰ ਵੱਲੋਂ ਮਨੁੱਖਤਾ ਨੂੰ ਪੇਸ਼ ਕੀਤੀ ਗਈ ਸੰਸਥਾ ਵਜੋਂ ਖ਼ਾਲਸਾ ਪੰਥ ਸਭ ਤੋਂ ਵੱਧ ਮਾਨਵ-ਹਿਤੈਸ਼ੀ ਤੇ ਕਲਿਆਣਕਾਰੀ ਸੰਸਥਾ ਹੈ। ਇਹ ਇਕ ਅਜਿਹੀ ਮਿਸਾਲ ਕਾਇਮ ਕਰਨ ਦੇ ਸਮਰੱਥ ਹੈ, ਜਿਸ ਦੀ ਪੈਰਵੀ ਸਾਰੀ ਦੁਨੀਆ ਕਰੇਗੀ। ਇਸ ਦੇ ਅਸੂਲ ਕਿਸੇ ਵੀ ਬਹਾਨੇ ਤੋੜੇ-ਮਰੋੜੇ ਨਹੀਂ ਜਾ ਸਕਦੇ, ਕਿਉਂਕਿ ਇਹ ਤਾਂ ਦਸਾਂ ਗੁਰੂਆਂ ਨਾਲ ਵਿਸਾਹਘਾਤ ਹੋਵੇਗਾ। ਇਹ ਆਤਮ-ਘਾਤੀ ਹੋਵੇਗਾ। ਮਨੁੱਖਤਾ ਨੂੰ ਇਸ ਮਾਡਲ ਬਾਰੇ ਜਾਣਨ ਦਾ ਮੌਕਾ ਮਿਲਣਾ ਚਾਹੀਦਾ ਹੈ। ਉਹਦੇ ਲਈ ਜ਼ਰੂਰੀ ਹੈ ਕਿ ਇਕ ਧਾਰਮਿਕ ਫ਼ਰਜ਼ ਸਮਝ ਕੇ ਇਸ ਦਾ ਅਸਲ ਰੂਪ ਕਾਇਮ ਰੱਖਿਆ ਜਾਵੇ। ਅਸੀਂ ਜੋ ਡਾ. ਪਿਆਰ ਸਿੰਘ ਤੇ ਪਸ਼ੌਰਾ ਸਿੰਘ ਦੀਆਂ ਕਰਨੀਆਂ ਦਾ ਵਿਰੋਧ ਕਰਦੇ ਹਾਂ, ਆਪਣੀ ਜ਼ਿੰਮੇਵਾਰੀ ਬਾਰੇ ਪੂਰੀ ਤਰ੍ਹਾਂ ਸੁਚੇਤ ਹਾਂ।

ਨੋਟ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦੀ ਖੋਜ ਬਾਈਬਲ ਦੀ ਰਚਨਾ ਦੇ ਬਹਾਨੇ ਜਾਇਜ਼ ਠਹਿਰਾਈ ਜਾਣ ਦਾ ਯਤਨ ਵੀ ਕੀਤਾ ਜਾ ਰਿਹਾ ਹੈ। ਬਾਈਬਲ ਅੱਠ ਸਦੀਆਂ ਦੇ ਲੰਮੇ ਸਮੇਂ ਦੌਰਾਨ ਹੋਏ ਆਕਾਸ਼ੀ ਗਿਆਨ ਦੇ ਨਤੀਜੇ ਵਜੋਂ ਹੋਂਦ ਵਿਚ ਆਈ। ਨਿਊ ਟੈਸਟਾਮੈਂਟ ਨੂੰ ਚਾਰ ਸਦੀਆਂ ਤੀਕ ਘੋਖਿਆ ਗਿਆ ਤੇ ਅੰਤ ਬਹੁ-ਗਿਣਤੀ ਵੋਟਾਂ ਦੁਆਰਾ ਇਸ ਨੂੰ ਰੱਬ ਦਾ ਆਪ ਸੁਝਾਇਆ ਸ਼ਬਦ ਪ੍ਰਵਾਨ ਕੀਤਾ ਗਿਆ। ਇਸ ਤਰ੍ਹਾਂ ਇਸ ਦੀਆਂ ਰਚਨਾਵਾਂ ਦੇ ਕਈ ਰੂਪ ਵੀ ਮਿਲਦੇ ਹਨ। ਤਾਜ਼ਾਤਰ ਡੈੱਡ ਸੀਅ ਸਕਰੋਲਜ਼ ਹਨ। ਉਹ ਹਜ਼ਾਰਾਂ ਦੀ ਗਿਣਤੀ ਵਿਚ ਹਨ ਤੇ ਉਨ੍ਹਾਂ ਦੀ ਪੁਰਾਤਨਤਾ ਵੀ ਮੰਨੀ ਹੋਈ ਹੈ। ਇਹ

ਯੱਸੂ ਮਸੀਹ ਦੇ ਕਾਲ ਦੇ ਹਨ ਤੇ ਹਜ਼ਰਤ ਈਸਾ ਨੂੰ ਸੱਚ ਦਾ ਪ੍ਰਚਾਰ ਕਰਨ ਵਾਲਾ ਇਕ ਯਹੂਦੀ ਆਗੂ ਦੱਸਦੇ ਹਨ।

ਨਿਊ ਟੈਸਟਾਮੈਂਟ ਚਾਰ 'ਗਾਸਪਲਜ਼' 'ਤੇ ਆਧਾਰਿਤ ਹੈ, ਜੋ ਈਸਾ ਦੇ ਚਾਰ ਸਾਥੀਆਂ ਨੇ ਲਿਖੀਆਂ ਸਨ। ਇਨ੍ਹਾਂ ਚਹੁੰਆਂ ਵਿਚ ਮੁੱਢਲੇ ਪ੍ਰਸ਼ਨਾਂ ਬਾਰੇ ਵੀ ਮਤਭੇਦ ਹਨ। ਮਿਸਾਲ ਵਜੋਂ ਮਾਰਕ ਤੇ ਜਾਹਨ ਈਸਾ ਦੇ ਕੁਆਰੀ ਮਰੀਅਮ ਦੀ ਕੁੱਖੋਂ ਜਨਮ ਬਾਰੇ ਕੁਝ ਨਹੀਂ ਲਿਖਦੇ, ਬਲਕਿ ਲਿਊਕ ਲਿਖਦਾ ਹੈ। ਲਿਊਕ ਈਸਾ ਨੂੰ ਇਕ ਗਰਮ ਖ਼ਿਆਲ ਆਗੂ ਵਜੋਂ ਪੇਸ਼ ਕਰਦਾ ਹੈ, ਜੋ ਰੋਮ ਵਿਰੁੱਧ ਅੰਦੋਲਨ ਵਿਚ ਬਹੁਤ ਸਰਗਰਮ ਹੈ। ਦੂਜੇ, ਈਸਾ ਨੂੰ ਆਮ ਤੌਰ 'ਤੇ ਅਮਨ ਦਾ ਸ਼ਹਿਜ਼ਾਦਾ ਜਾਂ ਮੇਮਣਾ ਸਾਬਤ ਕਰਦੇ ਹਨ।

'ਗਾਸਪਲਜ਼' ਆਮ ਤੌਰ 'ਤੇ ਹੈਬਰੀਉ ਵਰਗੀਆਂ ਭਾਸ਼ਾਵਾਂ ਵਿਚ ਲਿਖੀਆਂ ਹਨ, ਜੋ ਪੰਜਾਹ ਸਾਲ ਪਹਿਲਾਂ ਵੀ ਮੁਰਦਾ ਭਾਸ਼ਾਵਾਂ ਸਨ ਤੇ ਉਨ੍ਹਾਂ ਵਿਚ ਲਿਖੀਆਂ ਰਚਨਾਵਾਂ ਦੇ ਕਈ ਅਰਥ ਕੀਤੇ ਜਾ ਸਕਦੇ ਹਨ।

ਬਾਈਬਲ ਨੂੰ ਈਸਾਈ ਮੱਤ ਦੇ ਬਾਨੀ ਨੇ ਅੰਤਮ ਰੂਪ ਨਹੀਂ ਦਿੱਤਾ। 'ਗਾਸਪਲਜ਼' ਦੇ ਚਾਰੇ ਲੇਖਕ ਆਪਸ ਵਿਚ ਮਤਭੇਦ ਰੱਖਦੇ ਹਨ। ਇਸੇ ਕਰ ਕੇ ਬਾਈਬਲ ਦੀ ਰਚਨਾ ਦੀ ਖੋਜ ਜਾਇਜ਼ ਬਣਦੀ ਹੈ।

ਪਰ ਗੁਰੂ ਗ੍ਰੰਥ ਸਾਹਿਬ ਦੀ ਗੱਲ ਪੂਰੀ ਤਰ੍ਹਾਂ ਵੱਖ ਹੈ। ਇਸ ਵਿਚ ਤਾਂ ਵਿਆਕਰਣ ਵੀ ਇਸ ਤਰ੍ਹਾਂ ਪਰੋਈ ਹੋਈ ਹੈ ਕਿ ਦੋ ਅਰਥ ਕਰਨੇ ਵੀ ਸੰਭਵ ਨਹੀਂ। ਕਿਸੇ ਹੋਰ ਗ੍ਰੰਥ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ। ਇਹ ਜਿਸ ਭਾਸ਼ਾ ਵਿਚ ਲਿਖਿਆ ਗਿਆ ਹੈ, ਉਹ ਅੱਜ ਵੀ ਪ੍ਰਚਲਤ ਭਾਸ਼ਾ ਹੈ। ਇਸ ਤਰ੍ਹਾਂ ਕਿਸੇ ਵੀ ਤਰ੍ਹਾਂ ਇਸ ਪਵਿੱਤਰ ਗ੍ਰੰਥ ਦੀ ਖੋਜ ਉਸ ਤਰ੍ਹਾਂ ਜਾਇਜ਼ ਨਹੀਂ, ਜਿਸ ਤਰ੍ਹਾਂ ਡਾ. ਪਿਆਰ ਸਿੰਘ ਤੇ ਪਸ਼ੌਰਾ ਸਿੰਘ ਨੇ ਕੀਤੀ ਹੈ।

•

ਪਰ ਗੁਨ ਨਹੀ ਸਰਾਹਿਤੇ*

ਮਹਾਂਕਵੀ ਸੰਤੋਖ ਸਿੰਘ ਨੇ ਉਪਰੋਕਤ ਸ਼ਬਦ ਉਹਨਾਂ ਬ੍ਰਾਹਮਣਵਾਦੀ ਸੋਚ ਦੇ ਆਗੂਆਂ ਲਈ ਵਰਤੇ ਹਨ, ਜੋ ਉਹਨਾਂ ਉੱਤੇ ਜ਼ੋਰ ਪਾ ਰਹੇ ਸਨ ਕਿ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਨਿਰੋਲ ਸਿੱਖੀ ਸਿਧਾਂਤਾਂ ਨੂੰ ਵਿਸਾਰ ਕੇ ਬ੍ਰਾਹਮਣੀ ਰੰਗ ਵਿਚ ਰੰਗੇ ਵਿਚਾਰ ਦਰਜ ਕੀਤੇ ਜਾਣ। ਆਪ ਇਹਨਾਂ ਨੂੰ 'ਨਿੰਦਕ, ਮੂਰਖ, ਝੂਠੇ, ਕੁਪੱਤੇ' ਆਦਿ ਵੀ ਲਿਖਦੇ ਹਨ, ਕਿਉਂਕਿ ਗੰਗਾ ਵਾਂਗ ਨਿਰਮਲ ਗੁਰਮਤਿ ਧਾਰਾ ਨੂੰ ਇਹ ਗੰਧਲਾ ਕਰਨਾ ਲੋਚਦੇ ਸਨ। ਭਾਈ ਸਾਹਿਬ ਦੇ ਇਹ ਸ਼ਬਦ ਅਜਿਹੀ ਕੁਚੇਸ਼ਟਾ ਵਾਲਿਆਂ ਦੀ ਮਨੋਬਿਰਤੀ ਨੂੰ ਐਨ ਸਹੀ ਸੰਦਰਭ ਵਿਚ ਸਮਝਣ ਲਈ ਸਹਾਇਕ ਹਨ। ਇਹਨਾਂ ਬਚਨਾਂ ਦੀ ਸਾਰਥਿਕਤਾ ਦਾ ਜਾਇਜ਼ਾ ਲੈਣ ਲਈ ਅਸੀਂ ਏਥੇ ਅਜੋਕੀ ਪੰਜਾਬ ਸਮੱਸਿਆ ਦਾ ਏਸ ਦਰਸਾਈ ਮਨੋਬਿਰਤੀ ਉੱਤੇ ਆਧਾਰਿਤ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕਰਾਂਗੇ।

ਪਿਛਲੇ 45 ਸਾਲਾਂ ਤੋਂ ਪੰਜਾਬ ਅਤੇ ਹਿੰਦੁਸਤਾਨ ਵਿਚ ਮਾਰੂ ਜੰਗ ਚੱਲ ਰਹੀ ਹੈ। ਇਹ ਮਹਾਂਭਾਰਤ ਵਾਂਗ ਹੀ ਨਿਰਦਈ ਅਤੇ ਤਬਾਹੀਕੁਨ ਹੈ। ਇਤਿਹਾਸ ਦੀਆਂ ਡੂੰਘੀਆਂ ਤੈਆਂ ਹੇਠ ਮਨੁੱਖੀ ਮਨ ਦੀਆਂ ਗਤੀਆਂ ਨੂੰ ਵਾਚਣ ਵਾਲੇ ਏਸ ਨੂੰ ਅਕਸਮਾਤਕ ਘਟਨਾ ਨਹੀਂ ਮੰਨਦੇ, ਬਲਕਿ ਜਾਣਦੇ ਹਨ ਕਿ ਏਸ ਦੀਆਂ ਜੜ੍ਹਾਂ ਧੁਰ ਪਤਾਲ ਨੂੰ ਜਾ ਲੱਗਦੀਆਂ ਹਨ। ਏਸ ਜੰਗ ਦੇ ਨਤੀਜੇ ਵੀ ਬੇਹੱਦ ਖ਼ਤਰਨਾਕ ਜਾਪਦੇ ਹਨ। ਲੱਗਦਾ ਹੈ ਕਿ ਜਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰਬ ਕਲਿਆਣਕਾਰੀ ਉਪਦੇਸ਼ ਅਤੇ ਪਵਿੱਤਰ ਖ਼ਾਲਸਾ ਆਦਰਸ਼ ਸਦਾ ਲਈ ਅਲੋਪ ਹੋ ਜਾਣਗੇ ਜਾਂ ਫੇਰ ਸਹਿਨਸ਼ੀਲਤਾ, ਧਰਮ-ਨਿਰਪੱਖਤਾ ਆਦਿ ਦਾ ਮੋਟਾ ਬੁਰਕਾ ਪਾ ਕੇ 'ਮੁਖ ਮੇਂ ਰਾਮ ਰਾਮ ਬਗਲ ਮੇਂ ਛੁਰੀ' ਦੀ ਨੀਤੀ ਚਲਾਉਂਦੀ ਏਥੋਂ ਦੀ ਪੁਰਾਤਨ ਸਭਿਅਤਾ ਤਹਿਸ-ਨਹਿਸ ਹੋ ਜਾਵੇਗੀ। ਦੋਨਾਂ ਹਾਲਤਾਂ ਵਿਚ ਮਨੁੱਖਾਂ ਦਾ ਵੱਡਾ ਘਾਣ ਤਾਂ ਨਿਸ਼ਚਿਤ ਹੈ ਹੀ, ਮਨੁੱਖਤਾ ਦਾ ਵੀ ਵੱਡਾ ਨੁਕਸਾਨ ਹੋਵੇਗਾ। ਘੱਟੋ-ਘੱਟ ਪਿਛਲੇ ਦਸ ਸਾਲਾਂ ਤੋਂ ਵਿਚਾਰਵਾਨ ਏਸ ਹੋਣੀ ਨੂੰ ਟਾਲਣ ਅਤੇ ਹਨੂੰਮਾਨ ਦੀ ਪੂਛ ਵਾਂਗ ਲਗਾਤਾਰ ਵਧ ਰਹੀ ਤਬਾਹੀ ਨੂੰ ਰੋਕਣ ਵਾਸਤੇ ਕਾਰਜਸ਼ੀਲ ਹਨ ਪਰੰਤੂ ਕਿਸੇ ਦੀ ਕੋਈ ਪੇਸ਼ ਨਹੀਂ ਜਾ ਰਹੀ। ਜਿਵੇਂ ਜਿਵੇਂ ਟੂਣੇ-ਟੋਟਕੇ ਕੀਤੇ ਜਾ ਰਹੇ ਹਨ, ਓਵੇਂ ਓਵੇਂ ਰੋਗ ਵਧਦਾ ਹੀ ਜਾ ਰਿਹਾ ਹੈ।

ਹੋਣ ਵਾਲੇ ਸਰਵਨਾਸ਼ ਦਾ ਅੰਦਾਜ਼ਾ ਏਥੋਂ ਲਾਉ ਕਿ ਅੱਧੀ ਸਦੀ ਦੇ ਅਰਸੇ ਵਿਚ ਤਕਰੀਬਨ ਚਾਰ ਲੱਖ ਆਦਮੀ, ਔਰਤਾਂ ਸ਼ਾਂਤਮਈ ਰਹਿੰਦੇ ਹੋਏ ਜੇਲ੍ਹ ਯਾਤਰਾ ਕਰ ਚੁੱਕੇ ਹਨ ਅਤੇ ਤਕਰੀਬਨ ਇਕ ਲੱਖ ਔਰਤਾਂ, ਮਰਦ ਅਤੇ ਬੱਚੇ ਸਿੱਧੇ ਏਸ ਜੰਗ ਦੀ ਭੇਟਾ

---

* ਅੱਸੀਵਿਆਂ ਦੇ ਅਖ਼ੀਰ ਵਿਚ ਚੰਡੀਗੜ੍ਹ ਵਿਖੇ ਕਰਵਾਏ ਗਏ 'ਮਹਾਂਕਵੀ ਸੰਤੋਖ ਸਿੰਘ ਮੈਮੋਰੀਅਲ ਸੈਮੀਨਾਰ' ਵਿਚ ਪੜ੍ਹਿਆ ਗਿਆ ਪਰਚਾ।

ਚੜ੍ਹ ਚੁੱਕੇ ਹਨ। ਪਰ ਅੱਜ ਵੀ ਮਹਾਂਕਾਲੀ ਦੀ ਜੀਭ ਖ਼ੂਨ ਦੀ ਓਨੀ ਹੀ ਤ੍ਰਿਹਾਈ ਹੈ ਅਤੇ ਉਸਦਾ ਖੱਪਰ ਅਜੇ ਵੀ ਖ਼ਾਲੀ ਦਾ ਖ਼ਾਲੀ ਹੈ। ਸਿੱਖਾਂ ਨੇ ਏਸ ਤੋਂ ਪਹਿਲਾਂ ਦੋ ਹੋਰ ਸਾਮਰਾਜਾਂ ਨੂੰ ਵੰਗਾਰਿਆ ਸੀ, ਪਰ ਕਦੇ ਵੀ ਨੌਬਤ ਏਨੀਆਂ ਸ਼ਹੀਦੀਆਂ ਦੇਣ ਤਕ ਨਹੀਂ ਸੀ ਪਹੁੰਚੀ। ਤਿੰਨ ਹੋਰ ਅਲਾਮਤਾਂ ਦੱਸਦੀਆਂ ਹਨ ਕਿ ਐਤਕੀਂ ਯੁੱਧ ਖ਼ਾਤਮੇ ਤਕ ਚੱਲੇਗਾ। ਮੁਗ਼ਲ ਸਾਮਰਾਜ ਨਾਲ ਟੱਕਰ ਸਮੇਂ ਨਵਾਬ ਦੌਲਤ ਖ਼ਾਨ ਤੋਂ ਲੈ ਕੇ ਪੀਰ ਬੁੱਧੂ ਸ਼ਾਹ ਅਤੇ ਨਵਾਬ ਮਲੇਰਕੋਟਲਾ ਤਕ ਹੱਕ ਸੱਚ ਲਈ ਹਾਅ ਦਾ ਨਾਅਰਾ ਮਾਰ ਕੇ ਮਨੁੱਖੀ ਕਿਰਦਾਰ ਨਾਲ ਇਤਿਹਾਸ ਦੇ ਪੰਨੇ ਰੌਸ਼ਨ ਕਰਨ ਵਾਲੇ ਅਕਸਰ ਮਿਲ ਜਾਣਗੇ। ਅੰਗਰੇਜ਼ੀ ਸਾਮਰਾਜ ਨਾਲ ਟੱਕਰ ਸਮੇਂ ਸੀ.ਐਫ਼. ਐਂਡਰਿਊਜ਼ ਵਰਗੇ ਜ਼ੁਲਮ ਨੂੰ ਭੰਡਣ ਵਾਲੇ ਆਮ ਮਿਲਦੇ ਹਨ। ਪਰ ਐਂਤਕੀ ਸਾਰੇ ਮੁਲਕ ਦੀ ਨੁਮਾਇੰਦਾ ਪਾਰਲੀਮੈਂਟ ਦੀ ਨੱਕ ਹੇਠ ਹਜ਼ਾਰਾਂ ਸਿਖ ਬੁੱਢੇ, ਬੱਚੇ ਕਤਲ ਹੋਏ, ਔਰਤਾਂ ਦੀ ਬੇਪਤੀ ਹੋਈ, ਘਰ ਸਾੜੇ ਗਏ, ਪਰ ਅੱਠ ਸਾਲਾਂ ਵਿਚ ਇਹਨਾਂ ਕਤਲਾਂ ਦੀ ਨਿਖੇਧੀ ਨਹੀਂ ਕੀਤੀ ਜਾ ਸਕੀ। ਪਿਛਲੇ ਦੋਨੋਂ ਸਾਮਰਾਜ ਲੋੜੀਂਦੇ ਬੰਦਿਆਂ ਦੀਆਂ ਸੂਚੀਆਂ ਜਾਰੀ ਕਰਦੇ ਸਨ, ਝੂਠੇ ਸੱਚੇ ਮੁਕੱਦਮੇ ਚਲਾ ਕੇ ਕਤਲ ਕਰਦੇ ਸਨ ਅਤੇ ਸ਼ਹੀਦਾਂ ਦੀਆਂ ਲਾਸ਼ਾਂ ਵਾਪਸ ਕਰ ਦਿਆ ਕਰਦੇ ਸਨ। ਐਤਕੀਂ ਬੇਗੁਨਾਹਾਂ ਦੇ ਖ਼ੁਫ਼ੀਆ ਕਤਲ, ਲਾਸ਼ਾਂ ਖੁਰਦ-ਬੁਰਦ ਕਰਨ ਦੀ ਕਾਰਵਾਈ ਅਜੇ ਤਕ ਬਾ-ਦਸਤੂਰ ਜਾਰੀ ਹੈ। ਕਈ ਵਾਰ ਮੰਗਣ ਤੋਂ ਬਾਅਦ ਵੀ ਸ੍ਰੀ ਦਰਬਾਰ ਸਾਹਿਬ ਦੇ ਸ਼ਹੀਦਾਂ ਦੀ ਸੂਚੀ ਜਾਰੀ ਨਹੀਂ ਕੀਤੀ ਗਈ। ਮੁਗ਼ਲਾਂ ਨੇ ਚੰਦੂ ਨੂੰ ਗੁਰੂ ਸਾਹਿਬ ਦੇ ਕਤਲ ਦੀ ਸਾਜ਼ਿਸ਼ ਵਿਚ ਸ਼ਾਮਿਲ ਹੋਣ ਦੀ ਸਜ਼ਾ ਦਿੱਤੀ ਸੀ ਅਤੇ ਅੰਗਰੇਜ਼ ਨੇ ਇਕ ਸਹਿਜਧਾਰੀ ਨੰਦ ਕੁਮਾਰ ਦੇ ਕਾਨੂੰਨੀ ਕਾਤਲ, ਰਾਜ ਦੇ ਵੱਡੇ ਉਸਰਈਏ ਗਵਰਨਰ ਜਨਰਲ ਨੂੰ ਮੁਕੱਦਮਾ ਚਲਾ ਕੇ ਖ਼ੁਆਰ ਕੀਤਾ ਸੀ। ਪਰ ਅੱਜ ਬਾਕਾਇਦਾ ਕਾਨੂੰਨ ਬਣਿਆ ਹੈ ਕਿ ਹਰ ਵਰਦੀਧਾਰੀ ਲਈ ਹਰ ਕਤਲ ਮੁਆਫ਼ ਹੈ। ਇਹ ਸਾਰਾ ਕੁਝ ਸੰਕੇਤ ਕਰਦਾ ਹੈ ਕਿ 'ਮੰਜ਼ਲੋਂ ਉਰੇ ਮੁਕਾਮ ਨ ਕੋਈ'।

ਚਾਰ ਕੁ ਮੁੱਢਲੇ ਤੱਥ ਅਜਿਹੇ ਹਨ, ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਝਗੜਾ ਬੁਨਿਆਦੀ ਕਿਸਮ ਦਾ ਹੈ। 1947 ਤੋਂ ਪਹਿਲਾਂ, ਜਦੋਂ ਕਿ ਸਿਖ ਆਜ਼ਾਦੀ ਲਈ ਵਧ ਚੜ੍ਹ ਕੇ ਕੁਰਬਾਨੀਆਂ ਕਰ ਰਹੇ ਸਨ, ਫ਼ੈਸਲੇ ਹੋ ਚੁੱਕੇ ਸਨ ਕਿ ਆਜ਼ਾਦੀ ਮਿਲਦਿਆਂ ਹੀ ਇਹਨਾਂ ਨੂੰ ਆਪਣੇ ਪੈਰਾਂ ਉੱਤੇ ਖੜੇ ਨਹੀਂ ਹੋਣ ਦੇਣਾ। ਪੰਜਾਬ ਨੂੰ ਆਰਥਿਕ ਤੌਰ ਉੱਤੇ ਤਬਾਹ ਅਤੇ ਸਿਆਸੀ ਤੌਰ ਉੱਤੇ ਗ਼ੁਲਾਮ ਬਣਾ ਦੇਣ ਦੇ ਮਨਸੂਬੇ ਵੀ ਏਨੇ ਹੀ ਪੁਰਾਣੇ ਹਨ। 1947 ਤੋਂ ਲੈ ਕੇ ਅੱਜ ਤਕ ਪੰਜਾਬ ਵਿਚ ਕੇਵਲ ਕਠਪੁਤਲੀ ਸਰਕਾਰ ਨੂੰ ਹੀ ਬਰਦਾਸ਼ਤ ਕੀਤਾ ਗਿਆ ਹੈ। ਬਰਾਏ ਨਾਮ ਸਿਖ ਨੁਮਾਇੰਦਾ ਸਰਕਾਰ ਨੂੰ ਬਾਰ-ਬਾਰ ਤੋੜ ਕੇ ਕੇਂਦਰੀ ਹਕੂਮਤ ਨੂੰ ਲਾਗੂ ਕੀਤਾ ਜਾ ਚੁੱਕਿਆ ਹੈ। ਮੁਕਾਬਲੇ ਵਿਚ ਕਾਂਗਰਸੀ ਸਰਕਾਰਾਂ ਨੇ ਅਮੂਮਨ ਆਪਣਾ ਪੰਜ ਸਾਲ ਦਾ ਸਮਾਂ ਰਾਜ ਕੀਤਾ ਹੈ। ਨਵੇਂ ਸੰਵਿਧਾਨ ਤਹਿਤ ਸਭ ਤੋਂ ਪਹਿਲਾਂ ਗਵਰਨਰੀ ਰਾਜ ਪੰਜਾਬ (ਪੈਪਸੂ) ਦੀ ਅਕਾਲੀ ਵਜ਼ਾਰਤ ਨੂੰ ਤੋੜਨ ਲਈ ਵਰਤਿਆ ਗਿਆ। ਜ਼ਾਹਿਰ ਹੈ ਕਿ ਏਥੋਂ ਦੇ ਲੋਕਾਂ ਨੂੰ, ਜੇ ਉਹ ਗ਼ੈਰ-ਕਾਂਗਰਸੀ ਸਰਕਾਰ ਚੁਣ ਲੈਣ, ਤਾਂ ਭਰੋਸੇਯੋਗ ਨਹੀਂ ਸਮਝਿਆ ਜਾਂਦਾ। ਪੰਜਾਬ ਵਿਚ ਕੇਵਲ ਕਠਪੁਤਲੀ ਰਾਜ ਹੀ ਪ੍ਰਵਾਨਿਤ ਹੈ। ਲੋਕਾਂ ਦੀ ਮਨਸ਼ਾ ਜੋ ਹੋਵੇ ਸੋ ਹੋਵੇ। ਤੀਸਰਾ ਤੱਥ ਇਹ ਹੈ ਕਿ ਪੰਜਾਬ ਦੇ ਦਰਿਆਈ ਪਾਣੀ ਦੀ ਗ਼ੈਰ-ਕਾਨੂੰਨੀ ਲੁੱਟ ਮਾਰ ਨੇ ਏਥੋਂ ਦੇ ਅਰਥਚਾਰੇ ਨੂੰ ਭਾਰੀ ਸੱਟ ਮਾਰੀ ਹੈ। 50 ਲੱਖ ਏਕੜ ਜ਼ਰਖੇਜ਼ ਜ਼ਮੀਨ ਨੂੰ ਬੰਜਰ ਹੋ ਜਾਣ

ਦੇ ਕਿਨਾਰੇ ਲਿਆ ਖੜਾ ਕੀਤਾ ਹੈ। ਜਿੰਨਾ ਪਾਣੀ ਪੰਜਾਬ ਕੋਲ ਹੈ, ਜੇ ਏਨਾ ਹੀ ਰਹਿਣ ਦਿੱਤਾ ਜਾਵੇ ਤਾਂ ਵੀ ਦਸ ਸਾਲਾਂ ਵਿਚ ਏਨੀ ਜ਼ਮੀਨ ਨੂੰ ਬੰਜਰ ਹੋਣ ਤੋਂ ਕੋਈ ਕ੍ਰਿਸ਼ਮਾ ਨਹੀਂ ਬਚਾਅ ਸਕਦਾ। ਕਿਆਸ ਕੀਤਾ ਜਾਂਦਾ ਹੈ ਕਿ ਬੰਜਰ ਹੋਈ ਅੱਧੀ ਜ਼ਮੀਨ ਦੇ ਮਾਲਕਾਂ ਕੋਲ ਰਣ ਤੱਤੇ ਵਿਚ ਉਤਰਨ ਤੋਂ ਸਵਾਇ ਕੋਈ ਚਾਰਾ ਨਹੀਂ ਰਹੇਗਾ। ਇਹ ਜਾਣਦਿਆਂ ਹੋਇਆਂ ਵੀ ਰੋਕਥਾਮ ਦਾ ਕੋਈ ਉਪਰਾਲਾ ਨਹੀਂ ਹੋ ਰਿਹਾ। ਚੌਥਾ ਗੰਭੀਰ ਤੱਥ ਇਹ ਹੈ ਕਿ ਪੰਜਾਬ ਅਤੇ ਸਿੱਖਾਂ ਨਾਲ ਜੋ ਵੀ ਧੱਕਾ ਹੋਇਆ ਹੈ, ਉਹ ਕਾਨੂੰਨ, ਇਖ਼ਲਾਕ ਅਤੇ ਸੰਵਿਧਾਨ ਦੀ ਸਿੱਧੀ ਉਲੰਘਣਾ ਕਰਕੇ ਹੋਇਆ ਹੈ। ਚੁਣੀਆਂ ਹੋਈਆਂ ਸਭਾਵਾਂ, ਅਖੌਤੀ ਆਜ਼ਾਦ ਪ੍ਰੈਸ, ਨਿਆਂ ਪਾਲਕਾਂ ਅਤੇ ਸੰਵਿਧਾਨ ਦੀ ਪਾਲਣਾ ਕਰਨ ਦੀਆਂ ਕਸਮਾਂ ਖਾਣ ਵਾਲੇ ਧਾੜਾਂ ਦੇ ਧਾੜ ਅਫ਼ਸਰਾਂ, ਗਵਰਨਰਾਂ, ਵਜ਼ੀਰਾਂ, ਰਾਸ਼ਟਰਪਤੀਆਂ, ਪ੍ਰਧਾਨ ਮੰਤਰੀਆਂ ਦੇ ਹੁੰਦਿਆਂ ਇਹ ਧੱਕਾ ਹਿੱਕ ਦੇ ਜ਼ੋਰ ਹੋਇਆ ਹੈ। ਧੱਕੇ ਨਾਲੋਂ ਵੀ ਗੰਭੀਰ ਗੱਲ ਇਹ ਹੈ ਕਿ ਏਸ ਕੁਕਰਮ ਦਾ ਜ਼ਿਕਰ ਤਕ ਵੀ ਤੁਸੀਂ ਹਿੰਦੁਸਤਾਨ ਦੀ ਰਾਜਨੀਤੀ ਵਿਚ ਨਹੀਂ ਸੁਣੋਗੇ।

ਉਪਰੋਕਤ ਤੋਂ ਪਤਾ ਚੱਲਦਾ ਹੈ ਕਿ ਗ਼ੈਰ-ਮਨੁੱਖੀ ਨਾਪਾਕ ਇਰਾਦਿਆਂ ਦਾ ਕੋਈ ਇਕ ਰੌਸ਼ਨ ਜ਼ਮੀਰ ਇਨਸਾਨ ਵੀ ਵਿਰੋਧੀ ਨਹੀਂ। ਇਹਨਾਂ ਨੂੰ ਸਿਰੇ ਚਾੜ੍ਹਨ ਵਾਸਤੇ ਹਰ ਕਾਨੂੰਨ, ਸ਼ਰਮ, ਧਰਮ, ਸੰਵਿਧਾਨ ਆਦਿ ਨੂੰ ਮੁਕੰਮਲ ਤੌਰ ਉੱਤੇ ਅੱਖੋਂ ਪਰੋਖੇ ਕਰਨਾ ਜਾਇਜ਼ ਠਹਿਰਾਇਆ ਜਾ ਰਿਹਾ ਹੈ। ਕਿਸੇ ਸਭਿਅ ਮੁਲਕ ਨੇ ਆਪਣੇ ਉੱਤੇ ਭਰੋਸਾ ਕਰਕੇ ਨਾਲ ਮਿਲੀ ਘੱਟ-ਗਿਣਤੀ ਨਾਲ ਅਜਿਹਾ ਸਲੂਕ ਨਹੀਂ ਕੀਤਾ। ਜਾਂ ਤਾਂ ਇਹ ਪੁਰਾਣੇ ਵੈਰ ਕਾਰਣ ਬੇਗਾਨਗੀ ਦੀ ਭਾਵਨਾ ਹੈ ਜੋ ਬਹੁ-ਗਿਣਤੀ ਕੋਲੋਂ ਅਜਿਹਾ ਕੁਝ ਕਰਵਾ ਰਹੀ ਹੈ ਜਾਂ ਫੇਰ ਉਹਨਾਂ ਨੂੰ ਏਸ (ਦੋ ਪ੍ਰਤਿਸ਼ਤ) ਘੱਟ-ਗਿਣਤੀ ਕੋਲੋਂ ਆਪਣੇ ਭਵਿੱਖ ਬਾਰੇ ਏਨੇ ਤੌਖਲੇ ਹਨ ਕਿ ਉਹਨਾਂ ਤੋਂ ਬਚਣ ਲਈ ਹਰ ਹੀਲਾ ਜਾਇਜ਼ ਸਮਝਿਆ ਜਾ ਰਿਹਾ ਹੈ। ਆਖ਼ਰ ਮਰੇ ਸ਼ੇਰ ਨੂੰ ਤਾਂ ਕੋਈ ਵੀ ਨਹੀਂ ਮਾਰਦਾ।

ਵਿਚਾਰ ਨੂੰ ਅੱਗੇ ਤੋਰਨ ਲਈ ਅਸਾਨੂੰ ਘੱਘਰ ਤੋਂ ਫਰਾਤ ਤਕ ਦੇ ਭੂਖੰਡ ਦਾ ਬਾਕੀ ਦੇ ਭਾਰਤੀ ਭੂਖੰਡ ਤੋਂ ਹਰ ਪੱਖੋਂ ਵੱਖਰਾ ਹੋਣ ਦੇ ਸੰਕਲਪ ਨੂੰ ਸਮਝਣਾ ਜ਼ਰੂਰੀ ਹੈ। ਪੰਜਾਬ ਦੇ ਸਾਰੇ ਦਰਿਆ ਸੱਜਾ ਕਿਨਾਰਾ ਕੱਟਦੇ ਹੋਏ ਲਹਿੰਦੇ ਨੂੰ ਵਧਦੇ ਹਨ ਅਤੇ ਯਮੁਨਾ-ਗੰਗਾ ਦੇ ਏਸ ਤੋਂ ਉਲਟ। ਨਿਰਾਦ ਚੌਧਰੀ ਦਾ ਕਹਿਣਾ ਹੈ, "ਭੂਗੋਲਿਕ ਤੌਰ ਉੱਤੇ ਪੰਜਾਬ ਨਾ ਤਾਂ ਪਹਿਲਾਂ ਕਦੇ ਹਿੰਦੁਸਤਾਨ ਦਾ ਹਿੱਸਾ ਰਿਹਾ ਹੈ ਅਤੇ ਨਾ ਹੁਣ ਹੈ। ਇਉਂ ਵੇਖਿਆਂ ਇਹ ਮੱਧ-ਪੂਰਬ ਏਸ਼ੀਆ ਦਾ ਹਿੱਸਾ ਹੈ। ਸਭਿਆਚਾਰਕ ਤੌਰ ਉੱਤੇ ਇਹ ਮਨੁੱਖ ਮਾਤਰ ਦੇ ਜਨਮ ਤੋਂ ਹੀ ਏਸ ਖੰਡ ਦਾ ਹਿੱਸਾ ਬਣ ਚੁੱਕਿਆ ਸੀ। ਏਸ ਖੰਡ ਦਾ ਸਾਂਝਾ ਧੁਰਾ ਮੈਸੋਪੋਟਮੀਆ ਹੈ। ਇਥੋਂ ਦੇ ਲੋਕਾਂ ਦੀ ਜੀਵਨ-ਜਾਚ, ਵਾਹੀ ਢੰਗ, ਫ਼ੌਜੀ ਪੈਂਤੜੇ ਆਦਿ ਸਭ ਬਾਕੀ ਮੱਧ-ਪੂਰਬ ਦੇ ਲੋਕਾਂ ਨਾਲ ਸਾਂਝੇ ਹਨ। ਨਸਲੀ ਤੌਰ ਉੱਤੇ ਵੀ ਇਹ ਲੋਕ ਮੱਧ-ਪੂਰਬ ਦੇ ਹਨ ਅਤੇ ਈਰਾਨ ਦੇ ਲੋਕਾਂ ਤੋਂ ਭਿੰਨ ਨਹੀਂ।" ਏਸੇ ਤਰ੍ਹਾਂ ਕੋਲਮੈਨ ਅਤੇ ਆਲਮੰਡ ਦਾ ਵਿਚਾਰ ਹੈ ਕਿ ਪੰਜਾਬ ਦੀ ਬੋਲੀ, ਸਭਿਆਚਾਰ ਅਤੇ ਫ਼ੌਜੀ ਗੀਤਾਂ ਸਭ ਕੇਂਦਰੀ ਏਸ਼ੀਆ ਅਤੇ ਮੱਧ-ਪੂਰਬ ਦੇ ਨਾਲ ਨੇੜਿਉਂ ਸੰਬੰਧਤ ਹਨ।

1700 ਤੋਂ 1000 ਈਸਾ ਪੂਰਬ ਦੀਆਂ ਸ਼ਤਾਬਦੀਆਂ ਦੇ ਧਾਰਮਿਕ ਸਾਹਿਤ ਨੂੰ ਵਾਚਿਆਂ ਪਤਾ ਚੱਲਦਾ ਹੈ ਕਿ ਪੰਜਾਬ ਇਹਨਾਂ ਦਿਨਾਂ ਵਿਚ, ਸਦਾ ਵਾਂਗ, ਹਿੰਦੁਸਤਾਨ ਦੇ ਤਾਜ ਦਾ ਦਰਜਾ ਰੱਖਦਾ ਸੀ। ਸਾਡੇ ਰਿਸ਼ੀ ਰਾਜੇ ਅਸ਼ਵਪਤੀ ਦਾ ਐਲਾਨ ਸੀ ਕਿ

ਉਸਦੇ ਰਾਜ ਵਿਚ ਚੋਰ, ਸ਼ਰਾਬੀ, ਅਧਾਰਮਿਕ, ਅਨਪੜ੍ਹ ਅਤੇ ਕੰਜੂਸ ਨਹੀਂ ਹਨ। ਬਾਰ ਬਾਰ ਲਿਖਿਆ ਮਿਲਦਾ ਹੈ ਕਿ ਵਿਦਵਤਾ ਦੀ ਰੌਸ਼ਨੀ ਕੇਵਲ ਗੰਧਾਰ ਵਿਚ ਹੀ ਵੇਖੀ ਜਾ ਸਕਦੀ ਹੈ। *ਰਿਗ ਵੇਦ* ਕਹਿੰਦਾ ਹੈ ਕਿ ਗੰਧਾਰ ਯਾਤਰਾ ਕਰਨਾ ਅਧਿਆਤਮਵਾਦ ਦੀਆਂ ਉਚਾਈਆਂ ਨੂੰ ਪ੍ਰਾਪਤ ਕਰਨਾ ਹੈ। *ਮਹਾਂਭਾਰਤ* ਵੀ ਦੱਸਦੀ ਹੈ ਕਿ ਪੰਜਾਬੀ ਜਾਤ-ਪਾਤ ਤੋਂ ਉੱਕੇ ਬੇ-ਖ਼ਬਰ ਹਨ। ਏਥੇ ਬ੍ਰਾਹਮਣ ਨਾਈ ਬਣ ਸਕਦਾ ਹੈ ਅਤੇ ਨਾਈ ਬ੍ਰਾਹਮਣ ਵੀ।

ਪੰਜਾਬ ਵਿਚ ਪ੍ਰਚੱਲਤ ਕਦਰਾਂ-ਕੀਮਤਾਂ ਇਹਨਾਂ ਦੇ ਧਾਰਨੀ ਲੋਕਾਂ ਲਈ ਕਿਸੇ ਵੀ ਸਭਿਅ ਸਮਾਜ ਵਿਚ ਅਥਾਹ ਮਾਣ, ਇੱਜ਼ਤ ਖੱਟਣ ਦੇ ਸਮਰੱਥ ਸਨ, ਪਰ ਇਹ ਜ਼ਾਹਿਰਾ ਤੌਰ ਉੱਤੇ ਸਾਡੀ ਜਾਨ ਦਾ ਖੌ ਬਣ ਗਈਆਂ। ਘੱਘਰ ਪਾਰ ਦੇ ਇਲਾਕੇ ਵਿਚ ਪ੍ਰਵਾਨਿਤ ਕਦਰਾਂ-ਕੀਮਤਾਂ ਨਾਲੋਂ ਇਹ ਬਿਲਕੁਲ ਵੱਖਰੀਆਂ ਸਨ। ਅਸਾਡਾ ਦਰਿਆ ਉੱਤੇ ਠਿਲ੍ਹ ਪੈਣਾ, ਉੱਨ ਦਾ ਅਤੇ ਪਸ਼ੂਆਂ ਦਾ ਵਪਾਰ ਕਰਨਾ, ਸਮੁੰਦਰੋਂ ਪਾਰ ਹੋ ਆਉਣਾ ਬ੍ਰਾਹਮਣਵਾਦ ਪੱਖੋਂ ਬੱਜਰ ਕੁਰਹਿਤਾਂ ਸਨ। ਬੌਧਾਇਨ ਧਰਮ ਸੂਤਰ ਅਨੁਸਾਰ ਇਹਨਾਂ ਦਾ ਵਿਰੋਧ ਹੋਇਆ। ਸਾਰੇ ਕਾਰਨਾਂ ਕਰਕੇ ਗੰਗਾ-ਯਮੁਨਾ ਵਾਦੀ ਦੇ ਬ੍ਰਾਹਮਣਵਾਦ ਨੇ ਰੱਜ ਕੇ ਪੰਜਾਬੀਆਂ ਦੀ ਭੰਡੀ ਕੀਤੀ। ਇਹਨਾਂ ਨੂੰ 'ਅਰਾਸ਼ਟਰਿਕ', 'ਚੋਰ', 'ਵਾਹਿਕਾ' (ਬੇਗਾਨੇ) ਆਦਿ ਕਿਹਾ ਗਿਆ। ਏਥੋਂ ਦੇ ਲੋਕਾਂ ਨੂੰ ਗਿਣਿਆ ਗਿਆ ਅਤੇ ਘੱਘਰ ਪਾਰ ਦੇ ਲੋਕਾਂ ਨੂੰ ਪੰਜਾਬ ਆਉਣ ਉੱਤੇ 'ਭਿੱਟੇ ਗਏ' ਤਸੱਵਰ ਕੀਤਾ ਜਾਣ ਲੱਗਾ। ਆਰੀਆਵ੍ਰਤ ਦੀ ਉੱਤਰੀ ਹੱਦ 'ਸਥੂਨ' (ਥਾਨੇਸਰ) ਅਤੇ 'ਅਦਰਸ਼ਨਾ ਯਾ ਵਿਨਾਸ਼ਨਾ' (ਸਰਸੇ ਨੇੜੇ) ਨੀਯਤ ਕੀਤੀ ਗਈ। ਹੱਦ ਪਾਰ ਕਰ ਕੇ ਵਾਪਸ ਜਾਣ ਵਾਲਿਆਂ ਲਈ ਸ਼ੁੱਧੀ ਦੀ ਵਿੱਧ ਬਣਾਈ ਗਈ। ਨਿਸ਼ਚਿਤ ਹੈ ਕਿ ਹਿੰਦੂ ਸ਼ੂਦਰਾਂ ਵਾਂਗ ਅਸਾਡੀ ਬਦਕਿਸਮਤੀ ਵੀ ਮਨੂ ਸਿੰਮ੍ਰਿਤੀ ਤੋਂ ਹੀ ਸ਼ੁਰੂ ਹੁੰਦੀ ਹੈ।

ਬ੍ਰਾਹਮਣਵਾਦ ਦੀਆਂ ਨਜ਼ਰਾਂ ਵਿਚ ਪੰਜਾਬ ਦੇ ਬੁੱਧ ਦੀ ਸ਼ਰਨ ਜਾਣ ਤੋਂ ਬਾਅਦ ਵੀ ਏਹੋ ਦਰਜਾ ਰਿਹਾ। ਪਹਿਲੀ ਤੋਂ ਪੰਜਵੀਂ ਸ਼ਤਾਬਦੀ ਵਿਚਾਲੇ ਪੰਜਾਬ ਨੇ ਆਤਮਿਕ ਕਲਿਆਣ ਵਾਸਤੇ ਮਹਾਂਬੋਧੀ ਦਾ ਆਸਰਾ ਲਿਆ। ਏਸ ਸਮੇਂ ਉਪਜਾਊ ਪਾਣੀਆਂ ਦੇ ਕੰਢੇ ਥਾਂ-ਥਾਂ ਬੋਧੀ ਮੱਠ ਜੰਮ ਪਏ ਅਤੇ ਬੁੱਧ ਧਰਮ ਦੇ ਪੰਜਾਬੀ ਸਰੂਪ ਯਾਨੀ ਮਹਾਯਾਨ ਉਪਦੇਸ਼ਾਂ ਦੇ ਫੈਲਾਅ ਦਾ ਕਾਰਣ ਬਣੇ। ਅਸ਼ੋਕ ਸਮੇਂ ਦੇ ਮਹਾਨ ਬੋਧੀ ਸਾਧੂ ਪੰਜਾਬੀ ਮੱਧਿਆਂਤਕਾ ਨੇ ਪੰਜਾਬ ਨੂੰ ਅਫ਼ਗਾਨਿਸਤਾਨ, ਈਰਾਨ, ਤਿੱਬਤ, ਚੀਨ ਵਿਚ ਧਰਮ ਪ੍ਰਚਾਰ ਦਾ ਕੇਂਦਰ ਬਣਾਇਆ। ਮਹਾਂਯਾਨ ਬੁੱਧਾਂ ਦਾ ਅਜੋਕੇ ਸਿੱਖਾਂ ਵਾਂਗ ਵਿਚਾਰ ਸੀ ਕਿ ਧਰਮ-ਕਰਮ ਬਿਨਾ ਜਾਤ-ਪਾਤ ਦੇ ਵਿਤਕਰੇ ਤੋਂ ਸਭ ਦਾ ਹੱਕ ਹੈ ਅਤੇ ਕੇਵਲ ਲੋਕ ਸੇਵਾ ਰਾਹੀਂ ਅਧਿਆਤਮਕ ਤਰੱਕੀ ਹੋ ਸਕਦੀ ਹੈ ਨਾ ਕਿ ਬੁਜ਼ਦਿਲੀ ਨਾਲ ਸੰਸਾਰ ਨੂੰ ਤਿਆਗਣ ਕਰਕੇ। ਧਰਮ ਨੂੰ ਉੱਚੀਆਂ ਜਾਤਾਂ ਦੀ ਨਵੇਕਲੀ ਮਲਕੀਅਤ ਅਤੇ ਨੀਵੀਆਂ ਜਾਤਾਂ ਨੂੰ ਕੀੜੇ-ਮਕੌੜੇ ਜਾਣਦਾ ਬ੍ਰਾਹਮਣਵਾਦ ਭਲਾ ਕਿਵੇਂ ਸੇਵਾ ਦੇ ਸੰਕਲਪ ਅਤੇ ਧਰਮ ਦੇ ਸੂਰਜ ਵਾਂਗ ਸਰਵ-ਕਲਿਆਣਕਾਰੀ ਹੋਣ ਨੂੰ ਪ੍ਰਵਾਨ ਕਰ ਸਕਦਾ ਸੀ?

ਹੋਇਆ ਵੀ ਏਹੀ। ਬ੍ਰਾਹਮਣਵਾਦ ਨੇ ਚਹੁੰ ਪਾਸਿਆਂ ਤੋਂ ਹਮਲੇ ਸ਼ੁਰੂ ਕਰ ਦਿੱਤੇ। ਤਿੱਬਤੀ ਇਤਿਹਾਸਕਾਰ ਤਾਰਾਨਾਥ ਦੱਸਦਾ ਹੈ ਕਿ ਪੁਸਿਆਮਿੱਤਰ ਸੁੰਗ ਨੇ ਪੰਜਾਬ ਉੱਤੇ ਹਮਲਾ ਕਰ ਕੇ ਜਲੰਧਰ ਤਕ ਬੋਧੀ ਮੱਠ ਅਤੇ ਸਤੂਪ ਢਾਹ ਦਿੱਤੇ। ਸਕਾਲ ਨੇ ਬੋਧੀ ਭਿਖਸ਼ੂਆਂ ਦੇ ਸਿਰਾਂ ਲਈ ਸੌ ਦਿਨਾਰ ਦਾ ਇਨਾਮ ਨਸ਼ਰ ਕੀਤਾ। ਅਸ਼ਕੇ ਏਸ ਧਰਤੀ ਦੀ ਤਾਸੀਰ ਦੇ

ਕਿ ਦਾਨਵੀ ਕਰਮ ਕਰ ਕੇ ਚੰਦ ਮੁਹਰਾਂ ਹਾਸਲ ਕਰਨ ਲਈ ਕੋਈ ਇਕ ਵੀ ਅੱਗੇ ਨਾ ਆਇਆ। ਬ੍ਰਾਹਮਣਵਾਦ ਦੇ ਏਜੰਟਾਂ ਨੇ ਸੰਘੋਲ ਦੀਆਂ ਦਰਸ਼ਨੀ ਮੂਰਤੀਆਂ ਅਤੇ ਅਦੁੱਤੀ ਸਤੂਪ ਨੂੰ ਉਸਾਰੇ ਜਾਣ ਤੋਂ ਪਹਿਲਾਂ ਹੀ ਦਫ਼ਨਾ ਦਿੱਤਾ। ਥਾਂ ਥਾਂ ਮਹਾਂਬੋਧੀ ਦੇ ਸੁਹਣੇ ਬੁੱਤਾਂ ਨੂੰ ਤੋੜਿਆ ਗਿਆ ਅਤੇ ਉਹ ਮੂਰਤੀਆਂ, ਜਿਨ੍ਹਾਂ ਦੀ ਸ਼ਿਲਪਕਾਰੀ ਉੱਤੇ ਸੰਸਾਰ ਨੂੰ ਨਾਜ਼ ਹੈ, ਸਦੀਆਂ ਲਈ ਜ਼ਮੀਂ ਸਪੁਰਦ ਕਰ ਦਿੱਤੀਆਂ ਗਈਆਂ। ਬ੍ਰਾਹਮਣਵਾਦ ਦੀਆਂ ਧਾੜਾਂ ਨੇ ਬਾਮਿਆਨ ਤਕ ਬੋਧੀ ਧਰਮ ਅਸਥਾਨ ਨਸ਼ਟ ਕੀਤੇ। ਇਹਨਾਂ ਭੂਤਰੇ ਲੋਕਾਂ ਨੇ ਸਾਰਨਾਥ, ਅਮਰਾਵਤੀ, ਨਾਗਾਰਜਨਕੋਂਡਾ ਵਿਚ ਜੋ ਕਹਿਰ ਢਾਹੇ, ਉਹਨਾਂ ਦੀ ਯਾਦ ਸਾਡੇ ਮਨਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹ ਕੇ ਇਕ ਵਾਰ ਫੇਰ ਤਾਜ਼ਾ ਕਰ ਦਿੱਤੀ ਹੈ।

(ਕਈ ਇਤਿਹਾਸਕਾਰਾਂ ਦਾ ਮੱਤ ਹੈ ਕਿ ਗਜ਼ਨੀ, ਗੌਰੀ ਦੀਆਂ ਲੁਟੇਰਾ ਧਾੜਾਂ ਵਿਚ ਪਹਿਲੋ-ਪਹਿਲ ਉਹ ਬੋਧੀ ਆਏ ਸਨ, ਜੋ ਹਿੰਦੂ ਮੰਦਿਰਾਂ ਦੀ ਤਬਾਹੀ ਕਰ ਕੇ ਆਪਣੇ ਧਰਮ ਦੇ ਅਪਮਾਨ ਦਾ ਬਦਲਾ ਲੈਣਾ ਆਪਣਾ ਫ਼ਰਜ਼ ਸਮਝਦੇ ਸਨ। ਉਹਨਾਂ ਦੀ ਮਿਹਰਬਾਨੀ ਨਾਲ ਹਿੰਦੁਸਤਾਨ ਦੀ ਦੋ ਹਜ਼ਾਰ ਸਾਲ ਦੀ ਗ਼ੁਲਾਮੀ ਦਾ ਮੁੱਢ ਬੱਝਿਆ ਸੀ। ਆਪਣੇ ਪੈਰੀਂ ਆਪ ਕੁਹਾੜੀ ਮਾਰਨਾ ਬ੍ਰਾਹਮਣਵਾਦ ਦੀ ਪੁਰਾਤਨ ਰੀਤ ਹੈ, ਜਿਸ ਨੂੰ ਇਹ ਰਘੂਕੁਲ ਰੀਤ ਦੇ ਭੁਲੇਖੇ ਸਦਾ ਗਲ ਨਾਲ ਲਾਉਂਦੇ ਰਹੇ ਹਨ।)

ਪੰਜਾਬ ਦੇ ਪ੍ਰਸੰਗ ਵਿਚ ਬ੍ਰਾਹਮਣਵਾਦ ਦਾ ਅਸਲ ਧਰਮ ਸੰਕਟ ਪੰਜਾਬ ਦੇ ਸਿਖ ਧਰਮ ਗ੍ਰਹਿਣ ਕਰਨ ਤੋਂ ਸ਼ੁਰੂ ਹੁੰਦਾ ਹੈ। ਇਹ ਦੋ ਧੜਿਆਂ ਵਿਚ ਵੰਡਿਆ ਗਿਆ। ਇਕ ਧੜੇ ਨੇ ਸਿੱਖੀ ਦੇ ਉਥਾਨ ਵਿਚ ਬ੍ਰਾਹਮਣਵਾਦ ਦੇ ਸੁਤੰਤਰ ਹੋ ਵਿਚਰਨ ਦੀ ਸੰਭਾਵਨਾ ਵੇਖੀ। ਕਹਿ ਸਕਦੇ ਹਾਂ ਕਿ ਏਸ ਧੜੇ ਦਾ ਆਤਮਿਕ ਸਫ਼ਰ ਗੁਰੂ ਸਾਹਿਬ ਨਾਨਕ ਪਾਤਿਸ਼ਾਹ ਦੇ ਪਾਂਧੇ ਅਤੇ ਉਹਨਾਂ ਗਲ ਜਨੇਊ ਪਾਉਣ ਦੇ ਇਛੁਕ ਪੰਡਿਤ ਤੋਂ ਤੁਰਦਾ ਹੋਇਆ ਮਟਨ ਦੇ ਪੰਡਿਤ ਕਿਰਪਾ ਰਾਮ ਦੱਤ ਰਾਹੀਂ ਹੁੰਦਾ ਦੀਵਾਨ ਕੌੜਾ ਮਲ ਤਕ ਪਹੁੰਚਦਾ ਹੈ। ਏਸ ਵਿਚ ਅਨੇਕਾਂ ਸ਼ੁੱਧ ਆਤਮਾ ਮਾਈ-ਭਾਈ ਮੀਲ ਪੱਥਰਾਂ ਵਾਂਗ ਗੱਡੇ ਹੋਏ ਨਜ਼ਰ ਆਉਂਦੇ ਹਨ, ਜਿਨ੍ਹਾਂ ਨੇ ਆਪਣੇ ਸਪੁੱਤਰਾਂ ਨੂੰ ਸਿੰਘ ਸਜਾ ਕੁਰਬਾਨੀ ਦੇ ਰਾਹ ਗੁਰੂ ਦੇ ਪੰਥ ਉੱਤੇ ਤੋਰ ਕੇ ਆਪਣਾ ਭਵਿੱਖ ਸਵਾਰਨ ਦਾ ਤਹੱਈਆ ਕੀਤਾ। ਭਾਈ ਹਕੀਕਤ ਰਾਏ ਵਰਗੇ ਸਹਿਜਧਾਰੀ ਏਸ ਆਤਮਿਕ ਦਿੱਖ ਦੀਆਂ ਅਦੁੱਤੀ ਮਣੀਆਂ ਹਨ।

ਮਹਾਂਕਵੀ ਭਾਈ ਸੰਤੋਖ ਸਿੰਘ ਜੀ (1787—ਅਕਤੂਬਰ 1843), ਜਿਨ੍ਹਾਂ ਨੂੰ ਸਾਦਰ ਨਮਸਕਾਰ ਕਰਨ ਲਈ ਅਸੀਂ ਅੱਜ ਜੁੜੇ ਹਾਂ, ਏਸ ਉਸਾਰੂ ਬਿਰਤੀ ਵਾਲੇ ਧੜੇ ਦੇ ਸਮਰਥਕ, ਨੀਤੀਵਾਨ ਅਤੇ ਨਗਾਰੇ ਦੇ ਰੂਪ ਵਿਚ ਉਭਰੇ। ਉਹਨਾਂ ਦਾ ਮਕਸਦ ਸਦੀਆਂ ਦੀਆਂ ਵੰਡੀਆਂ ਨੂੰ ਰੱਦ ਕਰ ਕੇ ਨਵੀਆਂ ਲੀਹਾਂ ਪਾ ਕੇ ਇਕ ਨਵਾਂ ਨਕੋਰ ਰਿਸ਼ਤਾ ਕਾਇਮ ਕਰਨਾ ਸੀ। ਆਪ "ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ" ਗੁਰਵਾਕ ਦੇ ਸੱਚੇ ਸੁੱਚੇ ਧਾਰਨੀ ਸਨ। ਏਸ ਲਈ ਉਹਨਾਂ ਆਪਣੀ ਸਾਰੀ ਰਚਨਾ ਬ੍ਰਜ ਭਾਸ਼ਾ ਵਿਚ ਕੀਤੀ, ਜੋ ਕਿ ਘੱਘਰੋਂ ਪਾਰ ਚੰਗੀ ਤਰ੍ਹਾਂ ਸਮਝੀ ਜਾਂਦੀ ਸੀ। ਭਾਈ ਸਾਹਿਬ ਇਕ ਮਹਾਨ ਇਤਿਹਾਸਕਾਰ, ਉੱਚ ਕੋਟੀ ਦੇ ਵਿਦਵਾਨ, ਸਰਬ ਧਰਮ ਗਿਆਤਾ ਅਤੇ ਸੱਚੇ ਗੁਰਸਿਖ ਮਹਾਂਕਵੀ ਸਨ। ਆਪ ਨੇ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਵੱਡੇ ਹੱਠ ਨਾਲ ਸਾਧ ਕੇ ਘੱਘਰੋਂ ਆਰ-ਪਾਰ ਦੇ ਝਗੜੇ ਝੇੜੇ ਮਿਟਾਉਣ ਲਈ ਸਮਰਪਿਤ ਕੀਤਾ।

ਸਦੀਆਂ ਦੇ ਪਾੜ ਮੇਟਣ ਲਈ ਆਪ ਨੇ ਜੋ ਵਿਚਾਰ ਪ੍ਰਚੱਲਤ ਕੀਤੇ, ਉਹ ਸੰਖੇਪ ਵਿਚ ਇਹ ਹਨ:

1. ਗੁਰੂ ਸਾਹਿਬਾਨ ਦਾ ਮਕਸਦ ਸਾਰੇ ਧਰਮਾਂ (ਖ਼ਾਸ ਤੌਰ 'ਤੇ ਹਿੰਦੂ ਧਰਮ) ਵਿਚ ਪ੍ਰਚੱਲਤ ਕੁਰੀਤੀਆਂ ਨੂੰ ਰੱਦ ਕਰ ਕੇ ਧਰਮ ਦੇ ਤੱਥ ਨੂੰ ਉਜਾਗਰ ਅਤੇ ਚਿਰ-ਸਥਾਈ ਕਰਨਾ ਸੀ। ਖ਼ਾਲਸੇ ਦੀ ਰਚਨਾ ਸਭ ਧਰਮਾਂ ਦੇ ਸਾਂਝੇ ਤੱਥ ਦੀ ਰਾਖੀ ਅਤੇ ਵਾਧਾ ਕਰਨ ਹਿੱਤ ਹੋਈ ਸੀ।
2. ਸਿਖ ਧਰਮ, ਜਿਥੇ ਹਿੰਦੂ ਧਰਮ ਨੂੰ ਕੁਰੀਤੀ ਮੁਕਤ ਕਰ ਕੇ ਏਸ ਦੇ ਨਿਰਮਲ ਸਰੋਤ ਵੱਲ ਮੋੜਨਾ ਲੋਚਦਾ ਸੀ, ਉਥੇ ਉਸ ਨੂੰ ਸਿਆਸੀ ਗ਼ੁਲਾਮੀ ਤੋਂ ਛੁਟਕਾਰਾ ਦਿਵਾ ਕੇ ਏਸ ਦੇ ਮੂਲ ਸਰੋਤ ਨੂੰ ਗੰਧਲਾ ਹੋਣ ਤੋਂ ਰੋਕਣ ਦਾ ਉਪਰਾਲਾ ਕਰਨ ਦੀ ਇੱਛਾ ਰੱਖਦਾ ਸੀ।
3. ਸਿਖ ਧਰਮ ਦਾ ਸਮਾਜਿਕ ਅਤੇ ਰਾਜਨੀਤਿਕ ਤਰਕ ਅਨੇਕਤਾ (ਪਲੂਰਲਇਜ਼ਮ) ਦੇ ਹੱਕ ਵਿਚ ਹੈ। ਖ਼ਾਲਸਾ ਪੰਥ ਸਦਾ ਆਪਸੀ ਭਾਈਚਾਰੇ ਅਤੇ ਬਰਾਬਰੀ ਦੇ ਅਸੂਲਾਂ ਉੱਤੇ ਆਧਾਰਿਤ ਬਹੁ-ਕੇਂਦਰਿਤ ਸਮਾਜ ਦੀ ਸਿਰਜਨਾ ਦੀ ਕਾਮਨਾ ਕਰਦਾ ਰਿਹਾ ਹੈ।

ਬ੍ਰਜ ਭਾਸ਼ਾ ਰਾਹੀਂ ਉਹ ਆਪਣੇ ਵਿਚਾਰ ਅਤੇ ਸਿਖ ਧਰਮ ਦੀ ਨਿਰਮਲ ਕੀਰਤੀ, ਸਿਖ ਸਮਾਜ ਸ਼ਾਸਤਰ ਦੀ ਉੱਤਮਤਾਈ, ਉਹਨਾਂ ਗੰਗਾ-ਯਮੁਨਾ ਵਾਦੀ ਦੇ ਲੋਕਾਂ ਵਿਚ ਪ੍ਰਚੱਲਤ ਕਰਨਾ ਚਾਹੁੰਦੇ ਸਨ, ਜੋ ਕਿ ਸਦੀਆਂ ਤੋਂ ਪੰਜਾਬ ਨਿਵਾਸੀਆਂ ਨੂੰ ਨਫ਼ਰਤ ਕਰਨ ਦੇ ਆਦੀ ਸਨ। ਏਸ ਮੰਤਵ ਲਈ ਉਹਨਾਂ ਹਿੰਦੂ ਮਿਥਿਹਾਸ ਨੂੰ ਵੀ ਖ਼ੂਬ ਵਰਤਿਆ। ਸੂਖਮ ਇਤਿਹਾਸਕ ਤੱਥਾਂ ਦੇ ਪ੍ਰਚੰਡ ਰਹੱਸ ਨੂੰ ਸਮਝ ਕੇ ਭਾਈ ਸਾਹਿਬ ਨੇ ਅਦੁੱਤੀ ਦੂਰ-ਦ੍ਰਿਸ਼ਟੀ ਨਾਲ ਬ੍ਰਾਹਮਣਵਾਦ ਦੇ ਪ੍ਰਭਾਵ ਅਧੀਨ ਲੋਕਾਂ ਦੇ ਨਫ਼ਰਤ ਨਾਲ ਲਿੱਬੜੇ ਮਨਾਂ ਨੂੰ ਧੋਣ ਦੀ ਭਰਪੂਰ ਕੋਸ਼ਿਸ਼ ਕੀਤੀ। ਸਭ ਕੁਝ ਕਰਦਿਆਂ ਉਹਨਾਂ ਸਿਖ ਧਰਮ ਦੇ ਮੁੱਢਲੇ ਅਸੂਲਾਂ ਨੂੰ ਰੰਚਕ ਮਾਤਰ ਵੀ ਆਂਚ ਨਹੀਂ ਆਉਣ ਦਿੱਤੀ।

ਇਤਫ਼ਾਕ ਨਾਲ ਇਤਿਹਾਸਕ ਦੌਰ ਵੀ ਖ਼ਾਲਸੇ ਦੇ ਹੱਕ ਵਿਚ ਚੱਲ ਰਿਹਾ ਸੀ ਅਤੇ ਅਜਿਹੇ ਵਿਚਾਰ ਬੀਜਣ ਲਈ ਢੁੱਕਵਾਂ ਸਮਾਂ ਸੀ। ਪੂਰੀ ਇਕ ਸਦੀ ਹਿੰਦ ਦੀ ਅਣਖ ਰੱਖਣ ਖ਼ਾਤਰ ਖ਼ੂਨ ਡੋਲ੍ਹ ਕੇ ਖ਼ਾਲਸੇ ਨੇ ਰਾਜ ਸੱਤਾ ਹਾਸਲ ਕੀਤੀ ਸੀ। ਗਊ ਪੂਜਵਾਦੀ ਦੀ ਨਫ਼ਰਤ ਨੂੰ ਥੋੜ੍ਹੀ ਠੱਲ੍ਹ ਪਈ ਸੀ। ਪੰਜਾਬ ਉੱਤੇ ਖ਼ਾਲਸੇ ਦਾ ਰਾਜ ਸੀ ਅਤੇ ਹਰ ਜਗ੍ਹਾ ਘੱਟ-ਗਿਣਤੀ ਵਿਚ ਹੁੰਦਾ ਹੋਇਆ ਖ਼ਾਲਸਾ ਆਪਣੇ ਸਦ ਗੁਣਾਂ ਅਤੇ ਫ਼ਰਾਖ਼-ਦਿਲੀ ਕਾਰਣ ਇੱਜ਼ਤ ਮਾਣ ਹਾਸਲ ਕਰ ਰਿਹਾ ਸੀ। ਹਿੰਦੂ, ਮੁਸਲਮਾਨ ਕੋਈ ਵੀ ਖ਼ਾਲਸਾ ਰਾਜ ਵਿਚ ਆਪਣੇ ਧਰਮ ਨੂੰ ਅਸੁਰੱਖਿਅਤ ਨਹੀਂ ਸੀ ਸਮਝਦਾ। ਖ਼ਾਲਸੇ ਦਾ ਰਾਜਸੀ ਕਿਰਦਾਰ ਭਾਈ ਸੰਤੋਖ ਸਿੰਘ ਜੀ ਦੀਆਂ ਪ੍ਰਚਾਰੀਆਂ ਕਦਰਾਂ-ਕੀਮਤਾਂ ਨਾਲ ਇੰਨ-ਬਿੰਨ ਮੇਲ ਖਾਂਦਾ ਸੀ। ਇਹਨਾਂ ਕਾਰਣਾਂ ਕਰਕੇ ਗਊ ਪੂਜਵਾਦੀ ਦਾ ਝੁਕਾਅ ਖ਼ਾਲਸੇ ਵੱਲ ਹੋਇਆ ਸੀ। ਗੌਰਵਮਈ ਖ਼ਾਲਸੇ ਨੂੰ ਖੁਲ੍ਹ ਕੇ ਸਰਦਾਰ ਮੰਨਣ ਦੀ ਸੰਭਾਵਨਾ ਮੌਜੂਦ ਸੀ। ਰੋਜ਼ ਲੋਕ ਹਜ਼ਾਰਾਂ ਦੀ ਤਾਦਾਦ ਵਿਚ ਖ਼ਾਲਸਾ ਰਹਿਤ ਰੱਖ ਕੇ ਪੰਥ ਵਿਚ ਅਭੇਦ ਹੋਣ ਲੱਗ ਪਏ ਸਨ। ਜੇ ਸਮਾਂ ਐਸਾ ਨਾ ਹੁੰਦਾ ਤਾਂ ਸ਼ਾਇਦ ਭਾਈ ਸੰਤੋਖ ਸਿੰਘ ਨਾ ਹੁੰਦੇ ਜਾਂ ਘੱਟੋ-ਘੱਟ *ਸੂਰਜ ਪ੍ਰਕਾਸ਼* ਦੇ ਕਰਤਾ ਨਾਲੋਂ ਤਾਂ ਜ਼ਰੂਰ ਭਿੰਨ ਹੁੰਦੇ।

ਦੂਜੇ ਧੜੇ ਦੀ ਵਿਚਾਰਧਾਰਾ ਨੂੰ ਮੋਢਾ ਦੇਣ ਵਾਲੇ ਉਹ ਬਣੇ, ਜਿਨ੍ਹਾਂ ਗੁਰੂ ਨਾਨਕ ਸਾਹਿਬ ਹਜ਼ੂਰ ਉੱਤੇ ਕੰਧ ਡੇਗਣ ਦੀ ਕੁਚੇਸ਼ਟਾ ਕੀਤੀ। ਤਪੇ ਦੇ ਰੂਪ ਵਿਚ ਲੋਕਾਂ ਨੂੰ ਭਰਮਾਇਆ, ਅਕਬਰ ਨੂੰ ਮਜ਼ਹਰ ਪੇਸ਼ ਕੀਤਾ, ਸੁਲਹੀ ਨੂੰ ਚਾੜ੍ਹ ਲਿਆਏ, ਚੰਦੂ ਚੰਡਾਲ

ਦਾ ਰੂਪ ਧਾਰਿਆ ਅਤੇ ਜਿਨ੍ਹਾਂ ਦੀ ਰੂਹ ਨੌਵੇਂ ਪਾਤਿਸ਼ਾਹ ਉੱਤੇ ਗੋਲੀ ਚਲਾਉਣ ਵਾਲੇ ਵਿਚਦੀ ਹੋ ਕੇ ਗੰਗੂ, ਸੁੱਚਾ ਨੰਦ ਤੋਂ ਹੁੰਦੀ ਹੋਈ ਲਖੂ ਡੋਗਰਿਆਂ, ਦਯਾਨੰਦ ਰਾਹੀਂ ਨੰਦਾ, ਨਹਿਰੂ, ਗਾਂਧੀਆਂ ਵਿਚ ਪ੍ਰਵੇਸ਼ ਕਰਦੀ ਹੈ। ਮੁਗ਼ਲ ਕਾਲ ਵਿਚ ਵੀ ਇਹ ਵਿਰੋਧੀ ਧੜਾ ਸਿਖ ਧਰਮ ਪ੍ਰਤੀ ਕੱਟੜ ਬ੍ਰਾਹਮਣਵਾਦੀ ਕੁੱਢਰੀ ਨੀਤੀ ਅਪਣਾਉਂਦਾ ਰਿਹਾ। ਏਸ ਦੇ ਪ੍ਰਭਾਵ ਅਧੀਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਵਿੱਚੋਂ ਪੈਦਾ ਹੋਏ ਮੁੱਦਿਆਂ ਨੂੰ ਲਾਗੂ ਨਾ ਕੀਤਾ ਗਿਆ। ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਦੀ ਜ਼ਾਤ ਨੂੰ ਖ਼ਤਮ ਕਰਨ ਦੀ ਕੁਚੇਸ਼ਟਾ ਕੀਤੀ। ਨਤੀਜੇ ਵਜੋਂ ਸੱਚੇ ਪਾਤਿਸ਼ਾਹ ਨੂੰ ਇਹਨਾਂ ਵਿਰੁੱਧ ਮੁਗ਼ਲਾਂ ਨਾਲੋਂ ਵੀ ਬਹੁਤੀ ਵੇਰ ਲੜਨਾ ਪਿਆ। ਖ਼ਾਲਸਾ ਰਹਿਤ ਦਾ ਭਰਪੂਰ ਵਿਰੋਧ ਹੋਇਆ। ਹਾਲਤ ਏਥੋਂ ਤਕ ਵਿਗੜੀ ਕਿ ਸੈਨਾਪਤਿ ਨੂੰ *ਸ੍ਰੀ ਗੁਰ ਸੋਭਾ* ਵਿਚ ਲਿਖਣਾ ਪਿਆ :

ਏਕ ਓਰ ਭਇਓ ਖਾਲਸਾ, ਏਕ ਓਰ ਸੰਸਾਰ।

ਖ਼ਾਲਸੇ ਦੇ ਰਾਜਸੀ ਸੱਤਾ ਹੀਣ ਹੋ ਜਾਣ ਨਾਲ ਇਕ ਵੱਡੀ ਤਬਦੀਲੀ ਆਈ। ਉਪਰੋਕਤ ਬ੍ਰਾਹਮਣਵਾਦੀ ਧੜਾ ਹਿੰਦੂ ਮਾਨਸਿਕਤਾ ਉੱਤੇ ਮੁਕੰਮਲ ਤੌਰ ਉੱਤੇ ਹਾਵੀ ਹੋ ਗਿਆ। ਮੁਗ਼ਲ ਕਾਲ ਵਿਚ ਵਿਖਾਈ ਸਮਰੱਥਾ ਨੇ ਸਗੋਂ ਏਸ ਈਰਖਾ ਤੋਂ ਪ੍ਰੇਰਿਤ ਸੋਚ ਵਿਚ ਬਹੁਤ ਵਾਧਾ ਕੀਤਾ। ਸਿੱਖੀ ਕਦਰਾਂ-ਕੀਮਤਾਂ ਨੂੰ ਛੁਟਿਆ ਕੇ ਉਹਨਾਂ ਆਪਣੇ ਆਪ ਨੂੰ ਵਡਿਆਉਣ ਦੀ ਰੀਤ ਫੜੀ। ਖ਼ਾਲਸਾ ਰਾਜ ਦੇ ਖ਼ਤਮ ਹੁੰਦਿਆਂ ਹੀ ਸ਼ਰਧਾਨੰਦ ਫ਼ਲੌਰੀ ਵਰਗੇ ਫ਼ਸਲੀ ਬਟੇਰਿਆਂ ਨੇ ਇਕ ਵਾਰ ਫੇਰ ਰੰਗ ਬਦਲ ਲਏ। ਇਸ ਨੇ ਸ੍ਰੀ ਦਰਬਾਰ ਸਾਹਿਬ ਦੇ ਦਰ ਉੱਤੇ ਮੰਚ ਬਣਾ ਕੇ ਸਿੱਖੀ ਵਿਰੁੱਧ ਜ਼ਹਿਰ ਉਗਲਣਾ ਸ਼ੁਰੂ ਕਰ ਦਿੱਤਾ। ਬ੍ਰਾਹਮਣਵਾਦੀ ਮਹੰਤਾਂ ਨੇ ਸਿੱਖੀ ਦੇ ਸੋਮੇ ਗੁਰਦੁਆਰਿਆਂ ਉੱਤੇ ਕਬਜ਼ੇ ਕਰ ਲਏ। ਸ੍ਰੀ ਦਰਬਾਰ ਸਾਹਿਬ ਦਿਆਂ ਪੌੜਾਂ ਉੱਤੇ ਕਾਂਸੇ ਅਤੇ ਪੱਥਰ ਦੇ ਬੁੱਤ ਰੱਖ ਦਿੱਤੇ ਗਏ। ਹਵਾ ਦਾ ਰੁਖ਼ ਵੇਖ ਕੇ ਲੱਖਾਂ ਦੀ ਤਦਾਦ ਵਿਚ ਬਹਿ-ਰੂਪੀਆਂ ਨੇ ਸਿੰਘ ਸਰੂਪ ਨੂੰ ਤਿਲਾਂਜਲੀ ਦੇ ਦਿੱਤੀ। ਮੁਸਕੜੀਏ ਹੱਸਦੇ ਅੰਗਰੇਜ਼ਾਂ ਨੇ ਮੁਗ਼ਲਾਂ ਵਾਂਗ ਹੀ ਸਮਝਿਆ ਕਿ ਖ਼ਾਲਸਾ ਪੰਥ ਖ਼ਤਮ ਹੋਣ ਉੱਤੇ ਆ ਗਿਆ ਹੈ। ਉਹ ਸ੍ਰੀ ਦਰਬਾਰ ਸਾਹਿਬ ਨੂੰ ਗਿਰਜਾਘਰ ਵਿਚ ਤਬਦੀਲ ਕਰਨ ਦੀ ਸੋਚਣ ਲੱਗੇ। ਦਰਅਸਲ ਓਦੋਂ ਵੀ ਖੋਟ ਖੋਟ ਹੀ ਨਿਕਲਿਆ ਸੀ, ਤੱਤ ਖ਼ਾਲਸਾ ਪੁਰਾਤਨ ਸ਼ਾਨ ਵਿਚ ਉਸੇ ਤਰ੍ਹਾਂ ਕਾਇਮ ਸੀ।

ਆਰੀਆ ਸਮਾਜੀਆਂ ਨੇ ਖ਼ਾਸ ਤੌਰ ਉੱਤੇ ਸਿੱਖੀ ਦੀ ਵਿਰੋਧਤਾ ਕੀਤੀ। ਇਸ ਦਾ ਬਹੁਤਾ ਵਿਸਤਾਰ ਏਥੇ ਕਰਨ ਦੀ ਲੋੜ ਨਹੀਂ। ਆਪਣੇ ਆਜ਼ਾਦੀ-ਪ੍ਰੇਮੀ ਸੁਭਾਅ ਕਾਰਣ ਸਿੱਖਾਂ ਨੇ ਗ਼ੁਲਾਮੀ ਦੇ ਪਹਿਲੇ ਦਿਨ ਹੀ ਆਜ਼ਾਦ ਹੋਣ ਦੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ। ਵਿਰੋਧੀ ਜਾਣਦੇ ਸਨ ਕਿ ਸਾਰਥਿਕ ਧਰਮ ਓਹੀ ਹੋ ਨਿਬੜਦਾ ਹੈ, ਜੋ ਆਪਾ ਵਾਰੂ ਸੇਵਾ ਰਾਹੀਂ ਮਨੁੱਖਤਾ ਨੂੰ ਆਪਣੇ ਵੱਲ ਖਿੱਚ ਲਵੇ। ਹਜ਼ਾਰ ਸਾਲ ਤੋਂ ਗ਼ੁਲਾਮ ਚਲੀ ਆ ਰਹੀ ਸਭਿਅਤਾ ਨੂੰ ਸਿੰਘਾਂ ਦੇ ਜੁਝਾਰੂ ਸੁਭਾ ਵਿੱਚੋਂ ਆਪਣੀਆਂ ਕਦਰਾਂ-ਕੀਮਤਾਂ ਦਾ ਘੋਰੜੂ ਵੱਜਦਾ ਸੁਣਾਈ ਦਿੱਤਾ। ਆਜ਼ਾਦੀ ਦੀ ਲੜਾਈ ਦੇ ਮੁੱਢ ਬਣਨ ਦੇ ਰਾਹ ਤੁਰੇ ਸਿੱਖਾਂ ਨੂੰ ਵੇਖ ਕੇ ਖਾਰ ਖੋਰਿਆਂ ਨੇ ਇਹਨਾਂ ਦੇ ਧਰਮ ਦੇ ਗੌਰਵ, ਸਮਰੱਥਾ ਅਤੇ ਸੇਵਾ ਭਾਵ ਨੂੰ ਸਦਾ ਲਈ ਮੇਟ ਦੇਣ ਦਾ ਤਹੱਈਆ ਕੀਤਾ। ਬ੍ਰਾਹਮਣਵਾਦ ਦੀਆਂ ਕਦਰਾਂ-ਕੀਮਤਾਂ ਖ਼ਾਲਸੇ ਦੇ ਦੁਬਾਰਾ ਸੱਤਾ ਵਿਚ ਆ ਜਾਣ ਦੇ ਸਦਮੇ ਨੂੰ ਸਹਿਣ ਜੋਗੀਆਂ ਨਹੀਂ ਸੀ ਰਹੀਆਂ।

ਪੰਜਾਬ ਵਿਰੋਧੀ ਪੁਰਾਤਨ ਵਿਚਾਰ ਖ਼ਤਮ ਨਹੀਂ ਸੀ ਹੋਇਆ। ਖ਼ਾਲਸਾ ਆਪਣੇ ਖ਼ੂਨ ਨਾਲ ਵਗਾਏ ਦਰਿਆ ਨਾਲ ਵੀ ਧੋਤਾ ਨਹੀਂ ਸੀ ਗਿਆ। ਇਹ ਸਿਰਫ਼ ਖ਼ਾਲਸੇ

ਦੀ ਸਿਆਸੀ ਚੜ੍ਹਤ ਨੂੰ ਵੇਖ ਕੇ ਵਕਤ ਟਪਾਉਣ ਲਈ ਦਬਾਅ ਲਿਆ ਗਿਆ ਸੀ। ਵਕਤੀ ਤੌਰ ਉੱਤੇ ਖ਼ਾਲਸੇ ਨਾਲ ਨੇੜਤਾ ਜ਼ਾਹਿਰ ਕਰ ਕੇ ਰਾਜ ਸੱਤਾ ਵਿਚ ਬਰਾਬਰ ਦੀ ਭਾਈਵਾਲੀ ਪ੍ਰਾਪਤ ਕਰ ਲਈ ਗਈ ਸੀ। ਓਵੇਂ ਏਸ ਦੌਰ ਵਿਚ ਖ਼ਾਲਸੇ ਦੀਆਂ ਅਦੁੱਤੀ ਕੁਰਬਾਨੀਆਂ ਨੂੰ ਅਪਣਾ ਕੇ ਕੁਰਬਾਨੀਆਂ ਦਾ ਇਵਜ਼ਾਨਾ ਆਪਣੀ ਝੋਲੀ ਪਾ ਲੈਣ ਦਾ ਇੰਤਜ਼ਾਮ ਕਰਨਾ ਜ਼ਰੂਰੀ ਸੀ। ਇਹ ਕੁਝ ਕਰ ਲਿਆ ਗਿਆ। ਅੰਦਰੋ-ਅੰਦਰ ਈਰਖਾਵਸ ਏਸ ਮਹਾਂ ਸਮਰੱਥਾਵਾਨ ਧਰਮ ਅਤੇ ਰਾਜਨੀਤੀ ਨੂੰ ਖ਼ਤਮ ਕਰਨ ਦੇ ਬਾਨ੍ਹਣੂ ਬੰਨ੍ਹ ਲਏ ਗਏ। ਇਸ ਦੇ ਜਾਹੋ-ਜਲਾਲ ਦੇ ਸਾਹਮਣੇ ਬ੍ਰਾਹਮਣਵਾਦ ਦੀਆਂ ਕਦਰਾਂ-ਕੀਮਤਾਂ ਪੀਲੀਆਂ ਭੂਕ ਹੋਈਆਂ ਦਿਸਦੀਆਂ ਹਨ।

ਪੰਥ ਪੂਜ ਪੰਜਾਬ ਅਤੇ ਗਊ ਪੂਜਵਾਦੀ ਦੇ ਬ੍ਰਾਹਮਣਵਾਦ ਦਾ ਆਪਸੀ ਵਿਰੋਧ ਅਸਮਾਨੋਂ ਬਿਜਲੀ ਡਿੱਗਣ ਵਾਂਗ ਕੋਈ ਅਕਸਮਾਤਕ ਘਟਨਾ ਨਹੀਂ, ਬਲਕਿ ਦੋਨਾਂ ਭੂ-ਖੰਡਾਂ ਦੇ ਨਿਵਾਸੀਆਂ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਦੇ ਪ੍ਰਚੰਡ ਘੋਲ ਦਾ ਸੂਚਕ ਹੈ। ਫ਼ੈਸਲਾ ਕਿਸੇ ਮਨੁੱਖ ਨੇ ਨਹੀਂ ਕਰਨਾ। ਸੱਚੇ ਤਖ਼ਤ ਉੱਤੇ ਬੈਠੇ ਅਦਲੀ ਪ੍ਰਭੂ ਨੇ ਫ਼ੈਸਲਾ ਕਰਨਾ ਹੈ। ਮਨੁੱਖ ਦੇ ਫ਼ੈਸਲੇ ਚੱਲਦੇ ਹੁੰਦੇ ਤਾਂ ਪਿਛਲੇ ਦੋ ਸਾਮਰਾਜ ਫ਼ਤਵੇ ਦੇ ਚੁੱਕੇ ਸਨ। ਕਿਉਂਕਿ ਖ਼ਾਲਸਾ 'ਪਰਮਾਤਮ ਕੀ ਮੌਜ' ਉਪਜਿਆ 'ਅਕਾਲ ਪੁਰਖ ਕੀ ਫ਼ੌਜ' ਹੈ। ਇਸ ਲਈ ਉੱਕਾ ਸ਼ੰਕਾ ਨਹੀਂ ਕਿ ਇਹ ਇਲਾਹੀ ਫ਼ੈਸਲਾ ਕਿਸ ਦੇ ਹੱਕ ਵਿਚ ਹੋਵੇਗਾ। ਦੋਨਾਂ ਪਾਸਿਆਂ ਦੇ ਸਿਆਸਤਦਾਨਾਂ, ਧਾਰਮਿਕ ਹਸਤੀਆਂ ਅਤੇ ਨੀਤੀਵਾਨਾਂ ਨੂੰ ਚਾਹੀਦਾ ਹੈ ਕਿ ਟੱਕਰ ਦੇ ਅਸਲ ਕਾਰਣ, ਕਦਰਾਂ-ਕੀਮਤਾਂ ਦੀ ਜੰਗ ਨੂੰ ਚੰਗੀ ਤਰ੍ਹਾਂ ਸਮਝ ਕੇ ਇਸ ਦਾ ਦੁਪਾਸੀਂ ਪ੍ਰਵਾਣਿਤ ਹੱਲ ਲੱਭ ਲੈਣ। ਕੀ ਦੋਨਾਂ ਪਾਸਿਆਂ ਦੇ ਦਾਨੇ ਲੋਕ ਤਬਾਹੀ ਦੇ ਸਰਾਲ ਦਾ ਮੂੰਹ ਮੋੜਨ ਵਿਚ ਕਾਮਯਾਬ ਹੋਣਗੇ?

•

ਖ਼ਾਲਸਾ ਸਿਧਾਂਤ ਤੇ ਹਿੰਦੂ ਪਹੁੰਚ*

ਗੁਰੂਆਂ ਦੇ ਉਸ ਮਿਸ਼ਨ ਨੂੰ, ਜਿਸ ਦੀ ਸਿਖਰ 1699 ਈਸਵੀ ਵਿਚ ਖ਼ਾਲਸਾ ਪੰਥ ਦੀ ਸਾਜਨਾ ਨਾਲ ਪ੍ਰਗਟ ਹੋਈ, ਨੂੰ ਸਮਝਣ ਲਈ ਹਿੰਦੂ ਮਨਾਂ ਨੂੰ ਆਪੇ ਸਹੇੜੀ ਇਕ ਕਠਿਨਾਈ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਧਾਂਤਕ ਤੌਰ 'ਤੇ, ਇਹ ਕਠਿਨਾਈ ਦਸਾਂ ਜੋਤਾਂ ਵਿਚ ਇੱਕੋ ਗੁਰੂ ਹੋਣ, ਮੀਰੀ-ਪੀਰੀ ਦੇ ਸਿਧਾਂਤ ਅਤੇ ਸਿਖ ਧਰਮ ਦੀ ਉਤਪਤੀ ਅਕਾਲ ਪੁਰਖ ਦੀ ਆਗਿਆ ਨਾਲ ਹੋਣ ਦੇ ਤੱਥਾਂ ਦੁਆਲੇ ਘੁੰਮਦੀ ਹੈ। ਕੁਝ ਕੁ ਵੱਖਰੇ ਅਸਾਧਾਰਣ ਹਾਲਾਤ ਨੂੰ ਛੱਡ ਕੇ, ਆਮ ਤੌਰ 'ਤੇ ਸਿੱਖੀ ਪ੍ਰਤੀ ਹਿੰਦੂ ਪ੍ਰਤੀਕਰਮ ਉਪਰੋਕਤ ਤੱਥਾਂ ਦੇ ਘੇਰੇ ਵਿਚ ਹੀ ਰਹਿੰਦਾ ਹੈ। ਹਾਂ, ਅਜਿਹਾ ਸਮਾਂ ਵੀ ਕਈ ਵਾਰ ਆ ਜਾਂਦਾ ਹੈ, ਜਦੋਂ ਇਨ੍ਹਾਂ ਤੋਂ ਬਾਹਰੀ ਹੋ ਕੇ ਵੀ ਗੱਲ ਕੀਤੀ ਜਾਂਦੀ ਹੈ। ਆਧੁਨਿਕ ਸਮੇਂ ਵਿਚ, ਆਜ਼ਾਦੀ ਲਈ ਕੀਤੇ ਅਖੌਤੀ ਸੰਘਰਸ਼ ਦੀਆਂ ਜ਼ਰੂਰਤਾਂ ਵਿੱਚੋਂ ਵੀ ਖ਼ਾਲਸਈ ਵਿਚਾਰਧਾਰਾ ਦਾ ਹਿੰਦੂ ਵਿਰੋਧ ਉਤਪੰਨ ਹੋਇਆ।

ਇਹ ਗੱਲ ਇਸ ਸਦੀ ਦੇ ਸ਼ੁਰੂ ਦਾ ਇਤਿਹਾਸ ਪੜ੍ਹਿਆਂ ਪ੍ਰਤੱਖ ਹੋ ਜਾਂਦੀ ਹੈ, ਜਦੋਂ ਕਿ ਭਾਰਤ ਵਿਚ ਸਾਰੇ ਧਰਮਾਂ ਦੀਆਂ ਗਤੀਵਿਧੀਆਂ ਨਾਲ ਅਖਾੜਾ ਗਰਮ ਹੋਇਆ ਪਿਆ ਸੀ। ਹਿੰਦੂ ਮੱਤ, ਇਸਲਾਮ ਅਤੇ ਸਿੱਖੀ—ਸਭਨਾਂ ਧਰਮਾਂ ਵਿਚ ਸੁਧਾਰਕ ਲਹਿਰਾਂ ਪ੍ਰਚੰਡ ਸਨ। ਮੌਜੂਦਾ ਸਦੀ ਵਿਚ, ਸਿਖ ਵਿਚਾਰਧਾਰਾ ਪ੍ਰਤੀ ਹਿੰਦੂ ਵਰਤਾਰੇ ਦੀ ਸਮਝ ਤਾਂ ਹੀ ਆ ਸਕਦੀ ਹੈ ਜੇ ਹਿੰਦੂ ਧਾਰਮਿਕ ਤੇ ਕੌਮੀ ਪੁਨਰ-ਸੁਰਜੀਤੀ ਦੇ ਅਮਲ ਨੂੰ ਸਾਹਮਣੇ ਰੱਖੀਏ। ਇਸ ਮਕਸਦ ਲਈ ਇਹ ਜ਼ਰੂਰੀ ਹੈ ਕਿ ਹਿੰਦੂ ਮੱਤ ਉੱਤੇ ਰਾਜਨੀਤੀ ਦੇ ਅਸਰ ਨੂੰ ਸਮਝਣ ਦਾ ਯਤਨ ਕਰੀਏ।

ਗਵਰਨਮੈਂਟ ਔਂਵ ਇੰਡੀਆ ਐਕਟ, 1858 ਅਧੀਨ ਜਦੋਂ ਈਸਟ ਇੰਡੀਆ ਕੰਪਨੀ ਨੇ ਭਾਰਤ ਵਿਚ ਜਿੱਤੇ ਹੋਏ ਆਪਣੇ ਸਾਰੇ ਇਲਾਕੇ ਬਰਤਾਨਵੀ ਸਰਕਾਰ ਦੇ ਹਵਾਲੇ ਕਰ ਦਿੱਤੇ ਤਾਂ ਉਦੋਂ ਹੀ ਇਹ ਸਪੱਸ਼ਟ ਹੋ ਗਿਆ ਸੀ ਕਿ ਭਾਰਤ ਵਿਚ ਬਰਤਾਨਵੀ ਸਾਮਰਾਜ ਨੂੰ ਖ਼ਤਮ ਹੋਣ ਵਿਚ ਬਹੁਤੀ ਦੇਰ ਨਹੀਂ ਲੱਗੇਗੀ। ਦੋਹਾਂ ਮੁਖ ਕੌਮਾਂ—ਹਿੰਦੂਆਂ ਅਤੇ ਮੁਸਲਮਾਨਾਂ—ਨੇ ਇਸ ਪ੍ਰਕਿਰਿਆ ਵਿਚ ਮਦਦ ਦੇਣ ਅਤੇ ਅੰਗਰੇਜ਼ਾਂ ਦੇ ਜਾਣ ਮਗਰੋਂ ਰਾਜਸੀ ਵਿਰਾਸਤ ਉੱਤੇ ਆਪਣਾ ਹੱਕ ਜਤਾਉਣ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਇਸ ਤਿਆਰੀ ਦਾ ਰੂਪ ਇਸ ਗੱਲ 'ਤੇ ਨਿਰਭਰ ਕਰਦਾ ਸੀ ਕਿ ਦੁਹਾਂ ਧਿਰਾਂ ਦਾ ਅੰਤਮ ਟੀਚਾ ਕੀ ਸੀ। ਮੁਸਲਮਾਨ ਕਿਉਂਕਿ ਰਾਜਸੱਤਾ ਵਿਚ ਆਪਣਾ ਬਣਦਾ ਜਾਇਜ਼ ਹਿੱਸਾ ਮੰਗਣ ਤੋਂ ਵੱਧ ਕੁਝ ਨਹੀਂ ਸਨ ਚਾਹੁੰਦੇ, ਇਸ ਲਈ ਉਨ੍ਹਾਂ ਦਾ ਸਾਰਾ

---

* ਖ਼ਾਲਸਾ ਸਿਧਾਂਤ ਪ੍ਰਤਿ ਹਿੰਦੂ ਮੰਦ-ਬਿਰਤੀ ਦੀ ਮੂੰਹ ਬੋਲਦੀ ਤਸਵੀਰ, ਇਹ ਲੇਖ *ਸਪੋਕਸਮੈਨ ਵੀਕਲੀ* ਦੇ ਮਾਸਕ ਅੰਕ, ਮਾਰਚ 1999 ਵਿਚ ਛਪਿਆ।

ਜ਼ੋਰ ਭਾਰਤ ਦੇ ਕੋਨੇ ਕੋਨੇ ਵਿਚ ਰਹਿਣ ਵਾਲੇ ਮੁਸਲਮਾਨਾਂ ਅੰਦਰ ਕੌਮੀ ਜਜ਼ਬਾ ਉਭਾਰਨ ਤਕ ਹੀ ਸੀਮਿਤ ਸੀ। ਹਿੰਦੂ ਲੀਡਰਸ਼ਿਪ ਦਾ ਟੀਚਾ ਜ਼ਿਆਦਾ ਵੱਡਾ ਸੀ। ਇਹ ਦੂਜੀਆਂ ਕੌਮਾਂ, ਖ਼ਾਸ ਤੌਰ 'ਤੇ ਮੁਸਲਮਾਨਾਂ, ਸਿੱਖਾਂ, ਦਲਿਤਾਂ ਅਤੇ ਆਦਿਵਾਸੀਆਂ ਉੱਤੇ ਵੀ ਕਾਠੀ ਪਾਉਣਾ ਚਾਹੁੰਦੀ ਸੀ। ਦੋਵੇਂ ਕੌਮਾਂ ਬਰਤਾਨਵੀ ਰਾਜ ਦੀ ਸਹਾਇਤਾ ਨਾਲ ਆਪਣੇ ਟੀਚੇ ਸਰ ਕਰਨਾ ਚਾਹੁੰਦੀਆਂ ਸਨ।

ਦੋਹਾਂ 'ਚੋਂ, ਹਿੰਦੂਆਂ ਦਾ ਕੰਮ ਵਧੇਰਾ ਔਖਾ ਸੀ। ਦੂਜੀਆਂ ਕੌਮਾਂ ਉੱਤੇ ਸਰਦਾਰੀ ਜਮਾਉਣ ਅਤੇ ਉਸ ਨੂੰ ਕਾਇਮ ਰੱਖਣ ਲਈ ਸ਼ਕਤੀ ਦਾ ਵਿਖਾਵਾ ਕਰਨਾ ਬਹੁਤ ਜ਼ਰੂਰੀ ਸੀ। ਘੱਟੋ ਘੱਟ ਇਸ ਗੱਲ ਦਾ ਪ੍ਰਗਟਾਵਾ ਕਰਨਾ ਬਹੁਤ ਜ਼ਰੂਰੀ ਸੀ ਕਿ ਹਿੰਦੂ ਕੌਮ ਕੋਲ ਅੰਤਰੀਵ ਸ਼ਕਤੀ ਦਾ ਅਥਾਹ ਭੰਡਾਰ ਹੈ। ਇਹ ਪ੍ਰਗਟਾਵਾ ਕਰਨ ਲਈ, ਬੀਤੇ 'ਚੋਂ ਕਿਸੇ ਜੰਗਜੂ ਫ਼ਸਲਫ਼ੇ ਨੂੰ ਕੱਢ ਕੇ ਪੇਸ਼ ਕਰਨਾ ਜ਼ਰੂਰੀ ਸੀ। ਇਹ ਬੜਾ ਕਠਿਨ ਕੰਮ ਸੀ। ਘੱਟੋ ਘੱਟ ਇਕ ਹਜ਼ਾਰ ਸਾਲ ਦਾ, ਬੀਤੇ ਦਾ ਇਤਿਹਾਸ ਤਾਂ ਉਨ੍ਹਾਂ ਯਾਦਾਂ ਨਾਲ ਭਰਿਆ ਪਿਆ ਸੀ, ਜੋ ਸਾਹ-ਸੱਤ-ਹੀਣੀ ਗ਼ੁਲਾਮੀ ਦੀ ਗਵਾਹੀ ਦੇਂਦੀਆਂ ਸਨ। ਓਨਾ ਹੀ ਮੁਸ਼ਕਲ ਇਹ ਸੀ ਕਿ ਇਸ ਪਹੁੰਚ ਨੂੰ ਭਾਰਤ ਛੱਡ ਕੇ ਜਾ ਰਹੇ ਬਰਤਾਨਵੀ ਸਾਮਰਾਜ ਅਤੇ ਇਸ ਦੇ ਹਿੱਤਾਂ ਦੇ ਅਨੁਕੂਲ ਕਿਵੇਂ ਰੱਖਿਆ ਜਾਵੇ। ਸਾਡਾ ਇਹ ਯਤਨ, ਸ਼ਾਇਦ ਇਹ ਸਮਝਣ ਵਿਚ ਸਹਾਈ ਹੋਵੇ ਕਿ ਇਨ੍ਹਾਂ ਕਠਿਨਾਈਆਂ ਉੱਤੇ ਕਿਵੇਂ ਕਾਬੂ ਪਾਇਆ ਗਿਆ।

ਮਹਾਦੇਉ ਗੋਵਿੰਦ ਰਾਨਾਡੇ, ਉਹ ਪਹਿਲਾ ਵਿਅਕਤੀ ਸੀ ਜਿਸ ਨੇ, ਉਸ 'ਸ਼ਾਨਦਾਰ ਬੀਤੇ ਕਾਲ' ਨੂੰ ਲੱਭ ਕੇ ਪੇਸ਼ ਕਰਨ ਦੇ ਅਸੰਭਵ ਕਾਰਜ ਨੂੰ ਗੰਭੀਰਤਾ ਨਾਲ ਹੱਥ ਪਾਇਆ, ਜੋ ਬਹੁਤ ਪੁਰਾਣੇ ਸਮੇਂ ਦਾ ਵੀ ਨਾ ਹੋਵੇ ਤੇ ਅੰਗਰੇਜ਼ਾਂ ਦੀਆਂ ਭਾਵਨਾਵਾਂ ਨੂੰ ਜ਼ਖ਼ਮੀ ਕਰਨ ਵਾਲਾ ਵੀ ਨਾ ਹੋਵੇ। 1900 ਈਸਵੀ ਵਿਚ ਉਸ ਦੀ ਪੁਸਤਕ *ਮਰਾਠਾ ਸ਼ਕਤੀ ਦਾ ਉੱਥਾਨ* ਪ੍ਰਕਾਸ਼ਤ ਹੋਈ। ਇਹ 113 ਪੰਨਿਆਂ ਦੀ ਛੋਟੀ ਜਿਹੀ ਪੁਸਤਕ ਹੈ। ਇਸ ਨੂੰ ਮਗਰੋਂ ਭਾਰਤ ਸਰਕਾਰ ਦੇ ਪ੍ਰਕਾਸ਼ਨ ਵਿਭਾਗ ਨੇ 1961 ਵਿਚ ਮੁੜ ਪ੍ਰਕਾਸ਼ਤ ਕੀਤਾ। ਇਸ ਪੁਸਤਕ ਦੇ ਆਧਾਰ 'ਤੇ ਅਹਿਸਾਨਮੰਦ ਹਿੰਦੂ ਕੌਮ ਨੇ ਜਸਟਿਸ ਰਾਨਾਡੇ ਨੂੰ 'ਆਧੁਨਿਕ ਭਾਰਤ ਦਾ ਨਿਰਮਾਤਾ' ਦੱਸਿਆ। ਪੁਸਤਕ ਦੀ ਚੋਲੀ ਉੱਤੇ ਵੀ, ਠੀਕ ਤੌਰ 'ਤੇ ਹੀ, ਇਹ ਦਾਅਵਾ ਕੀਤਾ ਗਿਆ ਕਿ ਇਸ ਪੁਸਤਕ ਨੇ 'ਮਰਾਠਾ ਇਤਿਹਾਸ ਦੀ ਮਗਰਲੀ ਖੋਜ ਅਤੇ ਸਮੁੱਚੇ ਰੂਪ ਵਿਚ ਭਾਰਤ ਨੂੰ ਸਮਝਣ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕੀਤਾ।' ਇਹ ਵੀ ਦਾਅਵਾ ਕੀਤਾ ਗਿਆ ਕਿ 'ਇਸ ਨੂੰ ਬਜਾ ਤੌਰ 'ਤੇ ਹੀ ਪ੍ਰਮਾਣਿਕ ਗ੍ਰੰਥ ਵਜੋਂ ਲਿਆ ਜਾਂਦਾ ਹੈ' ਜਿਸ ਸਦਕਾ ਹੀ ਇਸ ਨੂੰ 'ਭਾਰਤੀ ਇਤਿਹਾਸ ਅਤੇ ਅਰਥਚਾਰੇ' ਬਾਰੇ ਪ੍ਰਮਾਣੀਕ ਗ੍ਰੰਥਾਂ ਵਜੋਂ ਮੁੜ ਪ੍ਰਕਾਸ਼ਤ ਕਰਨਾ ਜਾਇਜ਼ ਠਹਿਰਾਇਆ ਗਿਆ।

ਇਤਿਹਾਸ ਦੀ ਇਕ ਪੁਸਤਕ ਵਜੋਂ ਇਹ ਇਕ ਅਨੋਖੀ ਪੁਸਤਕ ਇਸ ਲਈ ਵੀ ਹੈ ਕਿ ਸਾਰੀ ਪੁਸਤਕ ਵਿਚ ਕਿਸੇ ਦੂਜੀ ਪੁਸਤਕ ਦਾ ਇਕ ਵੀ ਹਵਾਲਾ ਨਹੀਂ ਦਿੱਤਾ ਗਿਆ।

ਮਰਾਠਿਆਂ ਦੇ ਇਸ ਵਕੀਲ ਦੀ ਖ਼ਾਲੀ ਦਲੀਲਬਾਜ਼ੀ ਏਨੀ ਠੀਕ ਮੰਨੀ ਗਈ ਕਿ ਭਾਵੇਂ ਉਸ ਨੇ ਇਤਿਹਾਸ ਦੇ ਕਈ ਮੰਨੇ ਜਾਂਦੇ ਤੱਥਾਂ ਨੂੰ ਰੱਦ ਕਰ ਦਿੱਤਾ, ਫਿਰ ਵੀ ਉਸ ਦੇ ਕਥਨਾਂ ਨੂੰ ਅਜ਼ਲੀ ਸੱਚ ਮੰਨ ਲਿਆ ਗਿਆ ਅਤੇ ਉਸ ਨੂੰ 'ਇਤਿਹਾਸਕਾਰਾਂ ਲਈ ਮਾਡਲ' ਦੱਸਿਆ ਗਿਆ। ਕੌਮੀ ਇਤਿਹਾਸਕਾਰਾਂ ਦਾ ਸਾਰਾ ਕਬੀਲਾ, ਆਧੁਨਿਕ

ਭਾਰਤ ਵਿਚ ਉਸ ਦੇ ਪੈਰ ਚਿੰਨ੍ਹਾਂ 'ਤੇ ਚੱਲਣ ਲੱਗਾ। ਉਸ ਨੇ ਇਤਿਹਾਸ ਨੂੰ ਨਵੇਂ ਸਿਰਿਉਂ ਲਿਖਣਾ ਬੜਾ ਸੌਖਾ ਬਣਾ ਦਿੱਤਾ। ਇਨ੍ਹਾਂ ਵਿਚ ਉਹ ਲੋਕ ਵੀ ਸ਼ਾਮਿਲ ਹਨ, ਜਿਨ੍ਹਾਂ ਨੇ ਤਾਜ ਮਹੱਲ ਅਤੇ ਕੁਤਬ ਮੀਨਾਰ ਨੂੰ ਵੀ ਹਿੰਦੂ ਯਾਦਗਾਰਾਂ ਲਿਖ ਦਿੱਤਾ! ਰਾਨਾਡੇ ਦੀਆਂ ਪ੍ਰਾਪਤੀਆਂ ਘੱਟ ਮਹੱਤਵਪੂਰਨ ਨਹੀਂ ਸਨ, ਕਿਉਂਕਿ ਕਈ ਮਾਮਲਿਆਂ ਵਿਚ, ਉਹ ਇਤਿਹਾਸਕਾਰਾਂ ਕੋਲੋਂ ਆਪਣੇ ਮਹਿਜ਼ ਦਾਅਵਿਆਂ ਨੂੰ ਹੀ ਇਤਿਹਾਸ ਦਾ ਸੱਚ ਮਨਵਾ ਗਿਆ, ਭਾਵੇਂ ਕਿ ਇਹ ਦਾਅਵੇ ਅਕਸਰ ਆਮ ਜਾਣੇ ਜਾਂਦੇ ਤੱਥਾਂ ਦੇ ਵਿਪਰੀਤ ਹੀ ਹਨ।

ਕੁਝ ਕੁ ਮਿਸਾਲਾਂ ਦੇਣੀਆਂ ਇਥੇ ਬੜੀਆਂ ਉਚਿਤ ਹੋਣਗੀਆਂ।

ਰਾਨਾਡੇ ਇਸ ਮੱਤ ਦਾ ਧਾਰਨੀ ਹੈ ਕਿ ਇਸ ਸੰਬੰਧ ਵਿਚ ਹਾਸਲ ਹੋਈ ਸਫਲਤਾ 'ਜਨਤਾ ਦੇ ਸਾਰੇ ਵਰਗਾਂ ਵੱਲੋਂ ਸਮਾਜਿਕ, ਧਾਰਮਿਕ ਅਤੇ ਰਾਜਸੀ—ਹਰ ਖੇਤਰ ਵਿਚ ਉਠੇ ਉਭਾਰ' ਕਾਰਣ ਪ੍ਰਾਪਤ ਹੋਈ। ਉਹ ਇਹ ਮੰਨ ਕੇ ਚੱਲਦਾ ਹੈ ਕਿ ਮਰਾਠਾ ਉਭਾਰ ਤੋਂ ਪਹਿਲਾਂ ਧਾਰਮਿਕ ਚੇਤਨਾ ਦੀ ਕ੍ਰਾਂਤੀ ਆ ਚੁੱਕੀ ਸੀ। ਸਬੂਤ ਵਜੋਂ, ਉਹ ਮਹਾਰਾਸ਼ਟਰ ਦੇ ਸੰਤਾਂ ਦੀ ਬਾਣੀ ਦੇ ਹਵਾਲੇ ਦੇਂਦਾ ਹੈ ਤੇ ਇਸ ਨੂੰ ਲੰਮੇ ਸਮੇਂ ਤਕ ਚੱਲੀ ਇਕ ਲਹਿਰ ਦੇ ਰੂਪ ਵਿਚ ਪੇਸ਼ ਕਰਦਾ ਹੈ। ਸਿਧਾਂਤਕ ਤੌਰ 'ਤੇ, ਇਸ ਕਿਸਮ ਦੀ ਸਦਾਚਾਰਕ ਤੇ ਧਾਰਮਿਕ ਜਾਗ੍ਰਤੀ ਉਸ ਰਾਜਨੀਤਕ ਚੇਤਨਾ ਲਈ ਬਹੁਤ ਜ਼ਰੂਰੀ ਸੀ, ਜੋ ਮਰਾਠਾ ਕੌਮ ਅੰਦਰ ਜਗਾਈ ਜਾ ਰਹੀ ਸੀ। ਟੈਗੋਰ, ਜਿਸ ਨੇ ਰਾਨਾਡੇ ਦੇ ਕੰਮ ਨੂੰ ਅੱਗੇ ਵਧਾਇਆ, ਵੀ ਇਹੀ ਧਾਰਨਾ ਅਪਣਾਉਂਦਾ ਹੈ। ਪਰ ਇਹ ਬੜੀ ਭੁਚਲਾਵੀਂ ਹੈ। ਕਲਮ ਦੀ ਇਕ ਨੋਕ ਨਾਲ, ਵਿੱਚੋਂ ਵਿੱਚੋਂ ਉਪਜੀਆਂ ਅਤੇ ਲੰਮੇ ਸਮੇਂ ਵਿਚ ਫੈਲੀਆਂ (ਦੋ ਸਦੀਆਂ ਤੀਕ), ਸਥਾਨਕ ਤੌਰ 'ਤੇ ਹੀ ਪ੍ਰਭਾਵ ਰੱਖਣ ਵਾਲੇ ਵਿਅਕਤੀਆਂ ਦੀਆਂ ਕੋਸ਼ਿਸ਼ਾਂ ਨੂੰ, ਜੋ ਵੱਖ ਵੱਖ ਦੇਵੀ-ਦੇਵਤਿਆਂ ਦੇ ਪੂਜਕ ਸਨ ਅਤੇ ਜਿਨ੍ਹਾਂ ਦਾ ਨਿਸ਼ਾਨਾ ਵੀ ਇਕ ਸੀਮਿਤ ਜਿਹਾ ਸੁਧਾਰ ਕਰਨਾ ਹੀ ਸੀ, ਨੂੰ ਵਿਆਪਕ ਅੰਦੋਲਨ ਵਜੋਂ ਪੇਸ਼ ਕਰ ਦਿੱਤਾ, ਜਿਸ ਨੇ ਮਰਾਠਾ ਕੌਮ (ਜਾਂ ਹਿੰਦੂ ਕੌਮ) ਦੇ ਰਾਸ਼ਟਰਵਾਦ ਨੂੰ ਧਾਰਮਿਕ, ਸਮਾਜਿਕ ਅਤੇ ਰਾਜਸੀ ਆਧਾਰ ਪ੍ਰਦਾਨ ਕਰ ਦਿੱਤਾ ਅਤੇ ਇਸ ਵਿਚ ਸਾਰੇ ਵਰਗਾਂ ਦੀ ਸ਼ਮੂਲੀਅਤ ਵੀ ਵਿਖਾ ਦਿੱਤੀ। ਇਥੋਂ ਤਕ ਕਿ ਮੁਸਲਮਾਨਾਂ ਬਾਰੇ ਵੀ, ਜਿਨ੍ਹਾਂ ਵਿਰੁੱਧ ਮਰਾਠਾ ਸਮਾਜ ਵਿਚ ਚੋਖੀ ਨਫ਼ਰਤ ਸੀ ਤੇ ਜਿਨ੍ਹਾਂ ਦੇ ਵਿਰੋਧ ਵਿਚ ਹੀ ਉਪਰੋਕਤ 'ਕੌਮੀ ਉਭਾਰ' ਜਨਮਿਆ ਦੱਸਿਆ ਗਿਆ, ਇਹੀ ਦਾਅਵਾ ਕੀਤਾ ਗਿਆ ਕਿ ਉਹ ਵੀ ਇਸ ਵਿਚ ਪੂਰੀ ਤਾਕਤ ਨਾਲ ਸ਼ਾਮਿਲ ਹੋਏ ਤੇ ਆਪਣੀ ਪੂਰੀ ਹਮਾਇਤ ਦਿੱਤੀ। ਪ੍ਰਭੂਆਂ ਅਤੇ ਬ੍ਰਾਹਮਣਾਂ ਵਿਚਕਾਰ ਨਾ ਖ਼ਤਮ ਹੋਣ ਵਾਲੇ ਅਤੇ ਨਾ ਖ਼ਤਮ ਹੋਏ ਜਾਤ-ਪਾਤੀ ਝਗੜਿਆਂ ਨੂੰ ਵੀ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ। ਦਲਿਤਾਂ ਉੱਤੇ ਹੋਏ ਜਬਰ ਅਤੇ ਮੁਸਲਮਾਨਾਂ ਵਿਰੁੱਧ ਨਫ਼ਰਤ, ਜੋ ਕਿ ਮਰਾਠਾ ਰਾਜਸੀ ਗਤੀਵਿਧੀ ਦਾ ਜ਼ਰੂਰੀ ਭਾਗ ਸਨ, ਨੂੰ ਵੀ ਅੱਖੋਂ ਓਹਲੇ ਕਰ ਦਿੱਤਾ ਗਿਆ।

ਰਾਨਾਡੇ ਦੀਆਂ ਮਨੌਤਾਂ ਨੂੰ ਟੈਗੋਰ ਵੱਲੋਂ ਪ੍ਰਵਾਨ ਕਰਨਾ ਦੋ ਕਾਰਣਾਂ ਕਰ ਕੇ ਮੰਦ-ਭਾਵਨਾ ਦਾ ਪ੍ਰਤੀਕ ਹੈ। ਉਹ ਢਾਈ ਸੌ ਸਾਲ ਦੇ ਸਮੇਂ ਵਿਚ 'ਦਸ ਨਾਨਕਾਂ' ਵੱਲੋਂ ਕੀਤੇ ਇਨਕਲਾਬੀ ਕੰਮਾਂ ਨੂੰ ਛੁਟਿਆਉਣ ਲਈ ਦਸਵੇਂ ਨਾਨਕ ਦੇ ਕੰਮਾਂ ਨੂੰ ਬਾਕੀ ਨੌਂ ਨਾਨਕਾਂ ਨਾਲੋਂ ਵਖਰਿਆ ਕੇ ਪੇਸ਼ ਕਰਦਾ ਹੈ ਤੇ ਇਸ ਤਰ੍ਹਾਂ ਪ੍ਰਤੱਖ ਤੌਰ 'ਤੇ ਉਨ੍ਹਾਂ ਦੀ ਏਕਤਾ ਨੂੰ ਤੋੜਦਾ ਹੈ। ਇਹ ਉਸ ਨੇ ਇਸ ਲਈ ਕੀਤਾ ਤਾਂਕਿ ਭਾਰਤ ਵਿਚ ਉਪਜੇ

ਇੱਕੋ ਇਕ, ਨਿਰੰਤਰ ਅਤੇ ਇਕਸੁਰਤਾ ਵਾਲੇ ਸਦਾਚਾਰਕ, ਧਾਰਮਿਕ ਇਨਕਲਾਬ ਨੂੰ, ਮੁਕਾਬਲੇ ਵਿਚ ਛੁਟਿਆਇਆ ਜਾ ਸਕੇ।

ਰਾਨਾਡੇ ਦਾਅਵਾ ਕਰਦਾ ਹੋਇਆ ਕਹਿੰਦਾ ਹੈ, "ਨਿਰੇ ਧਾੜਵੀ ਤੇ ਲੁਟੇਰੇ ਕਦੀ ਸਫਲਤਾ ਨਹੀਂ ਸਨ ਪ੍ਰਾਪਤ ਕਰ ਸਕਦੇ। ਇਹ ਤਾਂ ਉੱਚੇ ਦਰਜੇ ਦੀ ਸਦਾਚਾਰਕ ਸ਼ਕਤੀ ਹੀ ਸੀ, ਜਿਸ ਨੇ ਰਾਸ਼ਟਰ ਦੇ ਸਭ ਤੋਂ ਚੰਗੇ ਮਨੁੱਖਾਂ ਦੇ ਗੁਣ ਪ੍ਰਗਟ ਕੀਤੇ।" (86)। ਇਸ ਪੁਸਤਕ ਦੇ ਮੁਖਬੰਧ ਵਿਚ ਉਹ ਦਾਅਵਾ ਕਰਦਾ ਹੈ ਕਿ ਉਸ ਦਾ ਸਿਰ-ਤੋੜ ਯਤਨ ਹੈ ਕਿ ਮਰਾਠਾ ਯਤਨਾਂ ਨੂੰ 'ਹਿੰਦੂ ਕੌਮ ਵੱਲੋਂ ਆਪਣੀ ਆਜ਼ਾਦੀ' ਦਾ ਪ੍ਰਗਟਾਵਾ ਕਰਨ ਦੇ ਸੋਚੇ ਸਮਝੇ ਅਤੇ ਭਰਵੇਂ ਯਤਨਾਂ ਵਜੋਂ ਲਿਆ ਜਾਏ, ਜਿਸ ਮਕਸਦ ਲਈ ਉਨ੍ਹਾਂ ਨੇ ਇਕ 'ਸਾਂਝੀ ਦੇਸ਼-ਭਗਤੀ' ਨੂੰ ਜਨਮ ਦਿੱਤਾ।

ਮਰਾਠਾ ਇਤਿਹਾਸ ਵਿਚ ਅਜਿਹਾ ਕੁਝ ਵੀ ਨਹੀਂ, ਜਿਸ ਤੋਂ ਪਤਾ ਲੱਗੇ ਕਿ ਕਿਸੇ ਵੀ ਸਮੇਂ, ਸੋਚ ਸਮਝ ਕੇ, ਰਾਸ਼ਟਰ ਨਿਰਮਾਣ ਦੀ ਗੱਲ ਕਦੀ ਵਿਉਂਤੀ ਗਈ ਸੀ। ਕੇ.ਆਰ. ਕਾਨੂਗੋ ਲਿਖਦਾ ਹੈ, "ਉਹ ਪਾਪ...(ਜੋ)...ਮਹਾਨ ਸ਼ਿਵਾਜੀ ਨੇ ਕਮਾਏ..." ਅਤੇ ਇਨ੍ਹਾਂ ਵਿਚ ਸ਼ਾਮਿਲ ਹਨ, "ਕਮਜ਼ੋਰਾਂ ਅਤੇ ਬੇਸਹਾਰਾ ਲੋਕਾਂ ਦੀ, ਮੁਗ਼ਲ ਇਲਾਕੇ ਵਿਚ ਲੁੱਟ ਖਸੁੱਟ।" ਮਰਾਠਿਆਂ ਵੱਲੋਂ ਗਵਾਂਢੀ ਇਲਾਕਿਆਂ ਵਿਚ ਅਕਸਰ ਮੰਦਿਰਾਂ ਨੂੰ ਲੁੱਟਿਆ ਜਾਂਦਾ ਸੀ। ਮਿਸਾਲ ਵਜੋਂ, 1791 ਵਿਚ, ਮਰਾਠਿਆਂ ਨੇ ਸ਼ਿੰਗੇਰੀ ਮੰਦਿਰ ਉੱਤੇ ਹਮਲਾ ਕਰ ਕੇ ਉਸ ਨੂੰ ਲੁੱਟਿਆ, ਤਬਾਹ ਕੀਤਾ ਤੇ ਮੰਦਿਰ ਵਿਚ ਸਥਾਪਿਤ ਸ਼ਾਰਦਾ ਦੇਵੀ ਦੀ ਮੂਰਤੀ ਨੂੰ ਭੰਨ ਤੋੜ ਸੁੱਟਿਆ। ਮੰਦਿਰ ਦੀ ਮੁਰੰਮਤ ਦੇ ਕੰਮ ਦਾ ਸਿਹਰਾ ਟੀਪੂ ਸੁਲਤਾਨ ਦੇ ਸਿਰ ਬੰਨ੍ਹਿਆ ਜਾਂਦਾ ਹੈ। ਕਾਨੂਗੋ ਅਨੁਸਾਰ ਹੀ, "ਪੇਸ਼ਵਾ ਘਰਾਣੇ ਨੇ ਤਾਂ ਸ਼ਿਵਾਜੀ ਵਾਲੀ ਵਡਿੱਤਣ ਵੀ ਨਾ ਵਿਖਾਈ, ਜਿਸ ਨੇ ਹਕੂਮਤ ਸੰਭਾਲਣ ਮਗਰੋਂ, ਡਾਕੂ ਪ੍ਰਵਿਰਤੀ ਦਾ ਤਿਆਗ ਤਾਂ ਕਰ ਦਿੱਤਾ ਸੀ ਪਰ ਲੁੱਟਮਾਰ ਕਰਨਾ ਮਰਾਠਿਆਂ ਦੀਆਂ ਨਾਸਾਂ ਦੇ ਸਾਹ ਵਿਚ ਸੀ ਤੇ ਉਨ੍ਹਾਂ ਦੀ ਨਾ ਮਿਟ ਸਕਣ ਵਾਲੀ ਭੁੱਖ 'ਪਾਈਕਾ' (ਪੈਸਾ) ਸੀ, ਜਿਸ ਬਾਰੇ ਉਹ ਉੱਤਰੀ ਭਾਰਤ ਵਿਚ ਆਪਣੇ ਕਾਰਿੰਦਿਆਂ ਨੂੰ ਪੇਸ਼ਵਾ ਦਫ਼ਤਰ ਵੱਲੋਂ ਭੇਜੇ ਹਰ ਪੱਤਰ ਵਿਚ ਦੁਹਾਈ ਦੇਂਦੇ ਰਹਿੰਦੇ ਸਨ।" (243-244)। ਉੱਤਰੀ ਭਾਰਤ ਵਿਚ ਫ਼ੌਜੀ ਚੜ੍ਹਾਈ ਵਿਚ ਸ਼ਾਮਿਲ ਰਘੂਨਾਥ ਰਾਉ ਨੇ ਘਰ ਚਿੱਠੀ ਲਿਖੀ ਕਿ ਜਾਟਾਂ ਦੇ ਦੇਸ਼ ਨੂੰ 'ਬੇ-ਚਿਰਾਗ਼' ਕਰ ਦਿੱਤਾ ਗਿਆ ਸੀ। ਮਰਾਠਾ ਸ਼ਾਸਨ ਦੌਰਾਨ ਸ਼ੂਦਰਾਂ ਨਾਲ ਦੁਰ-ਵਿਉਹਾਰ ਅਤੇ ਬ੍ਰਾਹਮਣਾਂ ਨੂੰ ਉਪਰ ਚੁੱਕਣ ਨੂੰ ਰਾਨਾਡੇ ਨੇ ਅੱਖੋਂ ਪਰੋਖੇ ਕਰ ਦਿੱਤਾ ਹੈ। ਜੇ ਉਨ੍ਹਾਂ ਨੇ ਕਿਸੇ ਕੌਮੀ ਉਭਾਰ ਦੀ ਯੋਜਨਾ ਬਣਾਈ ਹੁੰਦੀ ਤਾਂ ਮਰਾਠਿਆਂ ਨੇ ਯਕੀਨਨ ਅੰਦਰੂਨੀ ਇਕਸੁਰਤਾ ਕਾਇਮ ਕਰਨ ਲਈ ਪਹਿਲਾਂ ਆਪਣਾ ਘਰ ਠੀਕ-ਠਾਕ ਕਰਨਾ ਸੀ। ਬਾਹਰ, ਉਨ੍ਹਾਂ ਨੇ ਰਾਜਪੂਤਾਂ, ਬੁੰਧੇਲਾਂ, ਜਾਟਾਂ ਅਤੇ ਸਿੱਖਾਂ ਦਾ ਸਹਿਯੋਗ ਪ੍ਰਾਪਤ ਕਰਨ ਦਾ ਯਤਨ ਕਰਨਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਖ਼ਾਲਸਾ ਰਾਜ ਦੀ ਚੜ੍ਹਤ ਸਮੇਂ ਜਾਣੀਆਂ ਜਾਂਦੀਆਂ ਭਾਰਤੀ ਸ਼ਕਤੀਆਂ ਦਾ ਅੰਗਰੇਜ਼ਾਂ ਵਿਰੁੱਧ ਇਕ ਸੰਗਠਨ ਤਿਆਰ ਕਰਨ ਦਾ ਯਤਨ ਕੀਤਾ ਸੀ, ਜਿਨ੍ਹਾਂ ਵਿਚ ਮਰਾਠੇ, ਨਿਜ਼ਾਮ ਹੈਦਰਾਬਾਦ, ਨੇਪਾਲ ਨਰੇਸ਼ ਅਤੇ ਕਈ ਰਾਜਪੂਤ ਯੁਵਰਾਜ ਵੀ ਸ਼ਾਮਿਲ ਸਨ। ਦੂਜੇ ਪਾਸੇ, ਮਰਾਠਿਆਂ ਨੇ ਆਪਣੇ ਸਾਥੀਆਂ ਨੂੰ ਹੀ ਦੁਸ਼ਮਣ ਦੇ ਖ਼ੇਮੇ ਵਿਚ ਧੱਕ ਦਿੱਤਾ। ਸ਼ੁਜਾਹਉਦੌਲਾ ਅਹਿਮਦ ਸ਼ਾਹ ਅਬਦਾਲੀ ਨਾਲ ਰਲ ਗਿਆ ਅਤੇ ਨਾਨਾ ਫ਼ਰਨਵੀਸ ਨੇ ਨਿਜ਼ਾਮ ਨੂੰ ਅੰਗਰੇਜ਼ਾਂ ਦੀ ਝੋਲੀ ਵਿਚ ਸੁੱਟ ਦਿੱਤਾ।

ਘਰ ਅੰਦਰ ਵੀ ਉਨ੍ਹਾਂ ਦੀ ਕਾਰਗੁਜ਼ਾਰੀ ਕੋਈ ਚੰਗੀ ਨਹੀਂ ਸੀ ਅਤੇ ਉਸ ਨੂੰ ਵੇਖ ਕੇ ਨਹੀਂ ਲੱਗਦਾ ਕਿ ਉਹ ਲਾਲਚ ਅਤੇ ਕਬਜ਼ੇ ਦੀ ਭਾਵਨਾ ਤੋਂ ਬਿਨਾਂ ਕਿਸੇ ਹੋਰ ਉਚੇਰੀ ਭਾਵਨਾ ਤੋਂ ਪ੍ਰੇਰਿਤ ਸਨ। ਉਨ੍ਹਾਂ ਦੇ ਮਾਲੀਆ ਉਗਰਾਹੁਣ ਵਾਲੇ ਕਰਮਚਾਰੀ ਜ਼ਾਲਮ ਜਾਗੀਰਦਾਰ ਬਣ ਗਏ। ਤਾਕਤ ਅਤੇ ਕਬਜ਼ੇ ਦੇ ਨਸ਼ੇ ਵਿਚ ਮੱਤੇ ਹੋਏ ਉਨ੍ਹਾਂ ਲੋਕਾਂ ਨੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ, ਜਿਸ ਵਿਚ 'ਲੁੱਟ ਅਤੇ ਬਲੈਕਮੇਲ ਦੀ ਸ਼ਰਮਨਾਕ ਨੀਤੀ' ਹੀ ਮਰਾਠਾ ਸ਼ਾਸਨ ਦਾ ਪ੍ਰਤੀਕ ਬਣ ਗਈ। ਕਾਨੂਗੋ ਅਨੁਸਾਰ ਹੀ, "ਕਿਸਾਨ ਮਰਾਠਿਆਂ ਦਾ ਸ਼ਾਸਨ ਖ਼ਤਮ ਹੋਣ ਅਤੇ ਮੁਫ਼ਲਸੀ ਤੋਂ ਛੁਟਕਾਰਾ ਪਾਉਣ ਲਈ ਦਿਨ ਗਿਣਨ ਲੱਗੇ।" (248)।

ਰਾਨਾਡੇ ਸ਼ਿਵਾਜੀ ਪ੍ਰਤੀ ਬੜਾ ਉਦਾਰ ਹੈ। ਉਹ ਕਹਿੰਦਾ ਹੈ ਕਿ ਸ਼ਿਵਾਜੀ ਨੇ ਆਪਣੀ ਨਿਜੀ ਸਲਤਨਤ ਕਾਇਮ ਕਰਨ ਦੀ ਵੱਡੀ ਯੋਜਨਾ ਨੇਪਰੇ ਚੜ੍ਹਾਉਣ ਤੋਂ ਪਹਿਲਾਂ ਸਾਰੇ ਦੱਖਣ ਵਿਚ ਲੁੱਟਾਂ ਮਾਰਾਂ ਕੀਤੀਆਂ ਸਨ। ਇਸ ਨੂੰ ਉਹ ਮੁਸਲਿਮ ਸਾਮਰਾਜ ਦੇ ਵਿਰੋਧ ਵਿਚ ਇਕ ਮਜ਼ਬੂਤ ਲਹਿਰ ਖੜੀ ਕਰਨ ਦਾ ਯਤਨ ਦੱਸਦਾ ਹੈ। ਸ਼ਿਵਾਜੀ ਵੱਲੋਂ ਸ਼ਾਹਜਹਾਂ ਅੱਗੇ ਹਥਿਆਰ ਸੁੱਟਣ ਨੂੰ ਉਹ ਕਮਾਲ ਦੀ ਕੂਟਨੀਤੀ ਕਹਿੰਦਾ ਹੈ, ਜਿਸ ਰਾਹੀਂ ਉਸ ਨੇ ਆਪਣੇ ਪਿਤਾ ਨੂੰ ਬੀਜਾਪੁਰ ਦੇ ਰਾਜਿਆਂ ਕੋਲੋਂ ਬਚਾਅ ਲਿਆ। ਔਰੰਗਜ਼ੇਬ ਦੇ ਜਰਨੈਲਾਂ ਸਾਹਮਣੇ ਉਸ ਵੱਲੋਂ ਹਥਿਆਰ ਸੁੱਟਣ ਨੂੰ ਉਹ ਇਸੇ ਰੌ ਵਿਚ 'ਬੜਾ ਨੀਤੀ ਵਾਲਾ ਕਾਰਨਾਮਾ' ਦੱਸਦਾ ਹੈ। ਸ਼ਿਵਾਜੀ ਦੀ ਗ੍ਰਿਫ਼ਤਾਰੀ ਅਤੇ ਦੇਸ਼-ਨਿਕਾਲੇ ਨੂੰ ਉਹ ਕੇਵਲ 'ਦਿੱਲੀ ਵੱਲ ਨੂੰ ਜਾਣਾ' ਕਹਿ ਕੇ ਖ਼ਤਮ ਕਰ ਦੇਂਦਾ ਹੈ।

ਰਾਨਾਡੇ ਤੋਂ ਮਗਰੋਂ ਇਸ ਕਾਰਜ ਨੂੰ ਅੱਗੇ ਚਲਾਉਣ ਦਾ ਕੰਮ ਹੋਰ ਵੀ ਜ਼ਿਆਦਾ ਚਤੁਰ ਦਿਮਾਗ਼ ਵਿਅਕਤੀ ਨੇ ਸੰਭਾਲ ਲਿਆ।

ਰਾਬਿੰਦਰਨਾਥ ਟੈਗੋਰ ਦੀ ਸਿਖ ਵਿਚਾਰਧਾਰਾ ਪ੍ਰਤੀ ਸਮਝ ਅਤੇ ਇਸ ਦੇ ਮੁਕਾਬਲੇ ਮਰਾਠਾ ਇਤਿਹਾਸ ਦੀ ਪੇਸ਼ਕਾਰੀ ਵੀ ਬੜੀ ਦਿਲਸਚਪ ਦ੍ਰਿਸ਼ਾਵਲੀ ਪੇਸ਼ ਕਰਦੀ ਹੈ। ਮਰਾਠਾ ਇਤਿਹਾਸ ਬਾਰੇ ਉਸ ਨੇ, ਬਿਨਾਂ ਝਿਜਕ, ਰਾਨਾਡੇ ਦੀਆਂ ਬਹੁਤੀਆਂ ਮਨੌਤਾਂ ਨੂੰ ਪ੍ਰਵਾਨ ਕਰ ਲਿਆ। ਸਿਖ ਇਤਿਹਾਸ ਅਤੇ ਮਰਾਠਿਆਂ ਬਾਰੇ ਉਸ ਨੇ ਆਪਣੇ ਵਿਚਾਰ ਅਪ੍ਰੈਲ 1911 ਵਿਚ *ਮਾਡਰਨ ਰੀਵੀਊ* ਕਲਕੱਤਾ ਵਿਚ ਛਪੇ ਇਕ ਪਰਚੇ ਵਿਚ ਦਰਸਾਏ ਜਿਸ ਦਾ ਅਨਵਾਨ ਸੀ, 'ਸਿਖ ਸ਼ਕਤੀ ਦਾ ਉੱਥਾਨ ਤੇ ਇਸ ਦਾ ਨਿਘਾਰ।' ਇਹ ਪਰਚਾ ਪਹਿਲਾਂ ਬੰਗਲਾ ਭਾਸ਼ਾ ਵਿਚ ਲਿਖਿਆ ਗਿਆ ਸੀ ਅਤੇ ਉਪਰੋਕਤ ਪਰਚੇ ਵਿਚ ਛਾਪਣ ਲਈ ਪ੍ਰਸਿੱਧ ਵਿਦਵਾਨ ਜਾਦੂਨਾਥ ਸਰਕਾਰ ਨੇ ਇਸ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਸੀ। ਇਸ ਲਿਖਤ ਬਾਰੇ ਹੇਠਾਂ ਦਿੱਤੇ ਤੱਥ ਪਹਿਲਾਂ ਨੋਟ ਕਰ ਲਏ ਜਾਣ, ਜਿਸ ਮਗਰੋਂ ਇਸ ਲੇਖ ਦਾ ਮੁਲਾਂਕਣ ਕੀਤਾ ਜਾਵੇਗਾ।

1. ਭਾਵੇਂ ਪਰਚੇ ਦਾ ਅਨਵਾਨ 'ਸਿਖ ਸ਼ਕਤੀ ਦਾ ਉੱਥਾਨ ਤੇ ਇਸ ਦਾ ਨਿਘਾਰ' ਹੈ, ਪਰ ਅਸਲ ਵਿਚ ਇਹ ਲੇਖਕ ਵੱਲੋਂ ਮਰਾਠਾ ਅਤੇ ਸਿਖ ਸਥਿਤੀ ਦਾ ਡੂੰਘਾ ਅਤੇ ਵਿਸਤਰਿਤ ਅਧਿਐਨ ਪੇਸ਼ ਕਰਦਾ ਹੈ, ਭਾਵੇਂ ਕਿ ਇਸ ਵਿੱਚੋਂ ਲੇਖਕ ਦਾ ਨਿਜੀ ਤੁਅਸਬ ਹੀ ਝਲਕਦਾ ਹੈ। ਇਹ ਗੱਲ ਮਹੱਤਵਪੂਰਨ ਹੈ ਕਿ ਟੈਗੋਰ ਜਿਸ ਨੂੰ ਇਤਿਹਾਸਕਾਰ ਵੱਜੋਂ ਨਹੀਂ ਜਾਣਿਆ ਜਾਂਦਾ ਅਤੇ ਜਿਸ ਨੇ ਇਤਿਹਾਸ ਬਾਰੇ ਕੋਈ ਖ਼ਾਸ ਰਚਨਾ ਨਹੀਂ ਰਚੀ, ਉਸ ਨੇ ਇਤਿਹਾਸ ਦਾ ਇਕ ਵਿਸ਼ਾ ਆਪਣੀ ਰਾਏ ਪ੍ਰਗਟ ਕਰਨ ਲਈ ਚੁਣਿਆ।

2. ਜੇ ਭਾਸ਼ਾ ਅਤੇ ਪਹੁੰਚ ਕੋਈ ਸੰਕੇਤ ਦੇਂਦੇ ਹਨ ਤਾਂ ਲੇਖਕ ਸਪੱਸ਼ਟ ਤੌਰ 'ਤੇ ਸਿਖ ਇਤਿਹਾਸ ਦੇ 'ਨਿਘਾਰ' ਉੱਤੇ ਜ਼ੋਰ ਦੇਣ ਲਈ ਡਟਿਆ ਹੋਇਆ ਹੈ ਤੇ ਮੁਕਾਬਲੇ ਵਿਚ ਮਰਾਠਿਆਂ ਦੀ ਉੱਚਤਾ ਦਾ ਪ੍ਰਗਟਾਵਾ ਕਰਨ ਲਈ ਵੀ। ਮਰਾਠਾ ਇਤਿਹਾਸ ਦੀ ਜਾਣਕਾਰੀ ਉਸ ਨੂੰ ਕੇਵਲ ਰਾਨਾਡੇ ਤੋਂ ਹੀ ਮਿਲੀ ਹੈ, ਭਾਵੇਂ ਆਪਣੇ ਲੇਖ ਵਿਚ ਉਸ ਨੇ ਵੀ ਕਿਸੇ ਪੁਸਤਕ ਦਾ ਜਾਂ ਕੋਈ ਹੋਰ ਇਕ ਵੀ ਹਵਾਲਾ ਨਹੀਂ ਦਿੱਤਾ।
3. ਭਾਵੇਂ ਪਰਚਾ ਪ੍ਰਤੱਖ ਹਕੀਕਤਾਂ ਦੇ ਐਨਾ ਉਲਟ ਹੈ ਕਿ ਇਹ ਸਿਖ ਇਤਿਹਾਸ ਦੇ ਇਕ ਸਾਧਾਰਣ ਵਿਦਿਆਰਥੀ ਦੀ ਨਜ਼ਰ ਵਿਚ ਵੀ ਕੋਈ ਮੁੱਲ ਨਹੀਂ ਰੱਖਦਾ, ਫਿਰ ਵੀ ਇਕ ਮਹੱਤਵਪੂਰਨ ਵਿਦਵਾਨ ਵੱਲੋਂ ਇਸ ਦਾ ਅਨੁਵਾਦ ਕੀਤਾ ਜਾਂਦਾ ਹੈ। ਉਹ ਲੇਖਕ ਦੇ ਹੱਕ ਵਿਚ ਚੰਗੀਆਂ ਟਿਪਣੀਆਂ ਵੀ ਦੇਂਦਾ ਹੈ ਤੇ ਮਗਰੋਂ ਇਸ ਵਿਚ ਕੱਢੇ ਗਏ ਬਹੁਤੇ ਨਿਸ਼ਕਰਸ਼ਾਂ ਨੂੰ ਆਪ ਵੀ ਗ੍ਰਹਿਣ ਕਰ ਲੈਂਦਾ ਹੈ। ਸਿੱਖਾਂ ਦਾ ਇਤਿਹਾਸ ਲਿਖਣ ਵਾਲੇ ਬਹੁਤੇ ਬੰਗਾਲੀ ਇਤਿਹਾਸਕਾਰ ਉਸ ਵੱਲੋਂ ਕੱਢੇ ਗਏ ਨਤੀਜਿਆਂ ਨੂੰ ਪ੍ਰਵਾਨ ਕਰਦੇ ਹਨ।
4. ਟੈਗੋਰ ਵੱਲੋਂ ਕੱਢੇ ਗਏ ਨਿਸ਼ਕਰਸ਼ਾਂ ਨੂੰ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਵਰਗੇ ਪ੍ਰਭਾਵਸ਼ਾਲੀ ਸਿਆਸਤਦਾਨ ਵੀ ਅਜ਼ਲੀ ਸੱਚ ਵਜੋਂ ਪ੍ਰਵਾਨ ਕਰਦੇ ਹਨ। ਗਾਂਧੀ ਨੇ ਟੈਗੋਰ ਨੂੰ ਆਪਣਾ 'ਰੂਹਾਨੀ ਗੁਰੂ' (ਗੁਰੂਦੇਵ) ਵੀ ਮੰਨਿਆ। 1947 ਮਗਰੋਂ ਦੇ ਭਾਰਤ ਵਿਚ, ਇਨ੍ਹਾਂ ਹੀ ਮਨੌਤਾਂ ਦੇ ਚੌਖਟੇ ਵਿਚ ਸਿਖ ਇਤਿਹਾਸ ਨੂੰ ਮੁੜ ਤੋਂ ਲਿਖਣ ਦਾ ਗੰਭੀਰ ਯਤਨ ਕੀਤਾ ਗਿਆ ਹੈ। ਇਕ ਪ੍ਰਸ਼ਨ ਜੋ ਪੁੱਛਿਆ ਜਾਣਾ ਚਾਹੀਦਾ ਹੈ, ਉਹ ਇਹ ਹੈ ਕਿ ਟੈਗੋਰ ਨੇ ਇਸ ਨੂੰ ਇਕ ਪ੍ਰਾਜੈਕਟ ਵਜੋਂ ਲਿਆ ਸੀ ਜਾਂ ਕੀ ਇਹ ਮਗਰੋਂ ਬੌਧਿਕ ਅਤੇ ਰਾਜਸੀ ਪੱਧਰ 'ਤੇ ਇਕ ਮਾਡਲ ਵਜੋਂ ਲੈ ਲਿਆ ਗਿਆ ਸੀ ?
5. ਸਭ ਤੋਂ ਪਹਿਲਾਂ ਟੈਗੋਰ ਨੇ ਹੀ ਇਹ ਲਿਖਿਆ ਕਿ ਦੇਹਧਾਰੀ ਗੁਰੂ ਦੀ ਸਮਾਪਤੀ ਇਕ ਪਿਛਾਂਹ-ਖਿੱਚੂ ਕਦਮ ਸੀ। ਅਜਿਹਾ ਕਰ ਕੇ ਗੁਰਿਆਈ ਗੁਰੂ ਪੰਥ ਨੂੰ ਸੌਂਪ ਦਿੱਤੀ ਗਈ ਸੀ। ਧਰਮਾਂ ਦੇ ਇਤਿਹਾਸ ਵਿਚ ਇਸ ਵਿਲੱਖਣ ਘਟਨਾ ਦੀ ਆਮ ਤੌਰ 'ਤੇ ਪ੍ਰਸੰਸਾ ਹੀ ਕੀਤੀ ਗਈ। ਭਾਵੇਂ ਕਈ ਇਤਿਹਾਸਕਾਰਾਂ ਨੇ ਟੈਗੋਰ ਦੀਆਂ ਬਹੁਤੀਆਂ ਮਨੌਤਾਂ ਪ੍ਰਵਾਨ ਕਰ ਲਈਆਂ, ਪਰ ਉਹ ਇਸ ਮਨੌਤ ਨੂੰ ਅੱਖੋਂ ਪਰੋਖੇ ਕਰਨ ਲਈ ਮਜਬੂਰ ਹੋ ਗਏ।
6. ਇਹ ਲੇਖ, ਜੋ ਕਿ ਇਨਕਲਾਬੀ ਸਿਖ ਲਹਿਰਾਂ ਦੇ ਐਨ ਨੇੜੇ ਕਰ ਕੇ ਲਿਖਿਆ ਗਿਆ, ਇਸ ਨੂੰ, ਹਥਿਆਰਬੰਦ ਹੋਣ ਵਿਰੁੱਧ, ਜਾਣ ਬੁੱਝ ਕੇ ਕੀਤਾ ਵਿਰੋਧੀ-ਪ੍ਰਚਾਰ ਵੀ ਸਮਝਿਆ ਜਾ ਸਕਦਾ ਹੈ। ਏਸੇ ਹੀ ਸਮੇਂ, ਟੈਗੋਰ ਨੇ 'ਜਨ ਗਨ ਮਨ' ਗੀਤ ਲਿਖਿਆ, ਜਿਸ ਨੂੰ ਮਗਰੋਂ ਭਾਰਤ ਦਾ 'ਰਾਸ਼ਟਰ ਗੀਤ' ਪ੍ਰਵਾਨ ਕਰ ਲਿਆ ਗਿਆ। ਇਹ ਗੀਤ ਜਾਰਜ ਪੰਚਮ ਦੀ ਸਿਫ਼ਤ ਵਿਚ ਲਿਖਿਆ ਗਿਆ ਸੀ ਤੇ ਉਸ ਨੂੰ 'ਭਾਰਤ ਦੀ ਹੋਣੀ ਦਾ ਦੇਵਤਾ' ਕਿਹਾ ਗਿਆ ਸੀ। ਦੋ ਸਾਲ ਤੋਂ ਵੀ ਘੱਟ ਸਮੇਂ ਅੰਦਰ, ਟੈਗੋਰ ਨੂੰ ਨੋਬਲ ਅਮਨ ਇਨਾਮ ਦੇਣ ਲਈ ਚੁਣ ਲਿਆ ਗਿਆ। ਭਾਰਤ ਵਿਚ ਪੱਛਮੀ ਤਰਜ਼ ਦੀ ਇਨਕਲਾਬੀ ਕਾਰਵਾਈ ਤੋਂ ਜਿਸ ਤਰ੍ਹਾਂ ਅੰਗਰੇਜ਼ ਭੈਅ ਖਾਂਦਾ ਸੀ, ਉਸ ਨੂੰ ਪਿਛੋਕੜ ਵਿਚ ਰੱਖ ਕੇ ਵੇਖਿਆਂ, ਕੀ ਸਾਨੂੰ ਹੱਕ ਨਹੀਂ

ਪ੍ਰਾਪਤ ਹੁੰਦਾ ਕਿ ਅਸੀਂ ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਆਪਸ ਵਿਚ ਮਿਲਾ ਕੇ ਵੇਖੀਏ ?

ਉਪਰੋਕਤ ਪਿਛੋਕੜ ਦੀ ਰੌਸ਼ਨੀ ਵਿਚ, ਆਓ ਹੁਣ ਟੈਗੋਰ ਦੇ ਪਰਚੇ ਵੱਲ ਝਾਤ ਮਾਰੀਏ। ਟੈਗੋਰ ਆਪਣੇ ਪਰਚੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਕਾਫ਼ੀ ਆਲੋਚਨਾ ਕਰਦਾ ਹੈ, ਖ਼ਾਸ ਤੌਰ 'ਤੇ ਖ਼ਾਲਸਾ ਸਾਜਣ ਦੇ ਮਾਮਲੇ 'ਤੇ। ਗੁਰੂ ਗੋਬਿੰਦ ਸਿੰਘ ਜੀ ਬਾਰੇ ਉਹ ਕਹਿੰਦਾ ਹੈ ਕਿ ਗੁਰੂ ਜੀ ਨੇ "ਧਰਮ ਦੇ ਪ੍ਰਚਾਰ ਨੂੰ ਰੋਕ ਦਿੱਤਾ ਅਤੇ ਆਪਣੇ ਜੀਵਨ ਦਾ ਮਨੋਰਥ ਹੀ ਇਹ ਬਣਾ ਲਿਆ ਕਿ ਸਿੱਖਾਂ ਦੀ ਮਜ਼ਬੂਤ ਜਥੇਬੰਦੀ ਕਾਇਮ ਕਰਨੀ ਹੈ।" ਉਹ ਇਸ ਦਾ ਵਿਰੋਧ ਕਰਨ ਲਈ ਬੜੇ ਕਰੜੇ ਸ਼ਬਦਾਂ ਦੀ ਵਰਤੋਂ ਕਰਦਾ ਹੈ— "ਇਹ ਕਿਸੇ ਧਾਰਮਿਕ ਆਗੂ ਦਾ ਕੰਮ ਨਹੀਂ ਹੈ।" ਟੈਗੋਰ ਅਨੁਸਾਰ, ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ, "ਮੁੱਖ ਟੀਚਾ ਹੀ ਬਦਲ ਦਿੱਤਾ ਗਿਆ... ਤਬਾਹੀ ਅਤੇ ਜ਼ੁਲਮ ਤੋਂ ਆਪਣੇ ਪੰਥ ਦਾ ਬਚਾਅ ਕਰਨਾ।" ਬੜੀ ਹੀ ਗਾਲੀ-ਨੁਮਾ ਭਾਸ਼ਾ ਵਿਚ ਲੇਖਕ ਲਿਖਦਾ ਹੈ ਕਿ ਗੁਰੂ ਜੀ ਦੀ ਇਹ ਤੀਬਰ ਇੱਛਾ ਸੀ ਕਿ 'ਧਰਤੀ ਉਪਰਲੇ ਉਨ੍ਹਾਂ ਦੇ ਵੈਰੀਆਂ ਤੋਂ ਉਨ੍ਹਾਂ ਨੂੰ ਛੁਟਕਾਰਾ ਪ੍ਰਾਪਤ ਹੋਵੇ' ਅਤੇ ਨਾਲ ਹੀ ਉਨ੍ਹਾਂ ਦੀ 'ਆਪਣੀ ਸੰਪ੍ਰਦਾ ਦੀਆਂ ਵਕਤੀ ਲੋੜਾਂ ਪੂਰੀਆਂ ਕਰਨ ਦੀ ਬੜੀ ਤਮੰਨਾ ਸੀ।' ਗੁਰੂ ਜੀ ਨੇ ਸਿੱਖਾਂ ਅੰਦਰ 'ਫ਼ੌਜੀ ਜਜ਼ਬਾ' ਭਰਿਆ ਅਤੇ ਨਤੀਜੇ ਵਜੋਂ, 'ਇਥੇ ਆ ਕੇ ਵਿਕਾਸ ਰੁਕ ਗਿਆ।' ਗੁਰੂ ਜੀ ਨੇ ਕਿਉਂਕਿ 'ਧਰਮ ਦਾ ਪ੍ਰਚਾਰ ਕਰਨ ਵਾਲੇ ਦੇਹਧਾਰੀ ਗੁਰੂ ਦੀ ਗੱਦੀ ਖ਼ਾਲੀ ਛੱਡ ਦਿੱਤੀ,' ਅਤੇ ਵੱਡੇ ਸੱਚ ਨੂੰ 'ਇਕ ਪੁਸਤਕ ਤਕ ਹੀ ਮਹਿਦੂਦ ਕਰ ਦਿੱਤਾ—ਸਿਖ ਛੇਤੀ ਹੀ ਬੜੇ ਲੋਭੀ ਅਤੇ ਬੇਮੁਹਾਰੇ ਹੋ ਗਏ।' ਖ਼ਾਲਸੇ ਦੀ ਸਾਜਨਾ ਬਾਰੇ ਫਿਰ ਤੋਂ ਲਿਖਦਾ ਹੋਇਆ ਟੈਗੋਰ ਕਹਿੰਦਾ ਹੈ, "ਇਸ ਤਰ੍ਹਾਂ ਗੁਰੂ ਨੇ ਹੋਰ ਸਾਰੇ ਪਾਸਿਆਂ ਤੋਂ ਸਿੱਖਾਂ ਦੀ ਸ਼ਕਤੀ ਇਕ ਥਾਂ ਇਕੱਠੀ ਕਰ ਕੇ, ਬਸ ਇਕ ਦਿਸ਼ਾ ਵੱਲ ਹੀ ਮੋੜ ਦਿੱਤੀ।"

1699 ਤੋਂ ਹੁਣ ਤਕ ਦੇ ਸਿਖ ਇਤਿਹਾਸ ਨੂੰ ਗਹੁ ਨਾਲ ਵਾਚਿਆਂ ਪਤਾ ਲੱਗ ਜਾਵੇਗਾ ਕਿ ਟੈਗੋਰ ਦੀਆਂ ਮਨੌਤਾਂ ਕਿੰਨੀਆਂ ਗ਼ਲਤ ਹਨ। ਖ਼ਾਲਸੇ ਦੀ ਸਾਜਨਾ ਦੇ ਤੁਰਤ ਮਗਰੋਂ ਧਾਰਮਿਕ ਮਾਹੌਲ ਵਿਚ ਬੜਾ ਉਭਾਰ ਆ ਗਿਆ ਸੀ। ਭਾਰਤ ਦੀ ਧਾਰਮਿਕ ਪਰੰਪਰਾ ਵਿਚ, ਪਹਿਲੀ ਵਾਰ ਸਾਧਾਰਣ ਮਰਦਾਂ ਤੇ ਤੀਵੀਆਂ ਨੇ ਧਰਮ ਪ੍ਰਤੀ ਆਪਣੀ ਨਿਸ਼ਠਾ ਨੂੰ ਇਸ ਪ੍ਰਕਾਰ ਸਵੀਕਾਰਿਆ ਕਿ ਧਰਮ ਲਈ ਸ਼ਹੀਦ ਹੋਣ ਨੂੰ ਵੀ ਤਿਆਰ ਹੋ ਗਏ। ਇਤਿਹਾਸ ਵਿਚ ਪਹਿਲੀ ਵਾਰ 'ਸ਼ਹੀਦ' ਸ਼ਬਦ ਦਾ ਭਾਰਤੀਕਰਨ ਹੋ ਸਕਿਆ। ਇਹ ਮਨੁੱਖੀ ਸੋਚ ਦੀ ਰੂਹਾਨੀ ਚੜ੍ਹਦੀ ਕਲਾ ਦਾ ਘੱਟੋ ਘੱਟ 7 ਦਹਾਕੇ ਲੰਮਾ ਖ਼ੁਸ਼ੀਆਂ ਭਰਿਆ ਸਮਾਗਮ ਸੀ। ਇਹ ਸਦਾਚਾਰਕ ਤੌਰ 'ਤੇ ਵਿਕਾਸ ਕੀਤੇ ਮਨੁੱਖ ਦੀ ਇਕ ਲੰਮੀ ਵਿਜੇ ਯਾਤਰਾ ਸੀ। ਉਸ ਸਮੇਂ ਦਾ ਲਗਭਗ ਹਰ ਮਰਦ ਤੇ ਤੀਵੀਂ ਇਸ ਗੱਲ ਦੀ ਇਕ ਉੱਤਮ ਮਿਸਾਲ ਸੀ ਕਿ ਅਕਾਲ ਪੁਰਖ ਨਾਲ ਜੁੜਿਆ ਮਨੁੱਖ ਕਿਹੋ ਜਿਹਾ ਹੋਣਾ ਚਾਹੀਦਾ ਹੈ। ਬੋਤਾ ਸਿੰਘ ਤੇ ਤਾਰੂ ਸਿੰਘ ਆਮ ਮਿੱਟੀ ਦੇ ਹੀ ਬਣੇ ਹੋਏ ਸਨ, ਪਰ ਦਸਮੇਸ਼ ਪਿਤਾ ਵੱਲੋਂ ਉਨ੍ਹਾਂ ਦੇ ਕੇਸਾਂ ਵਿਚ ਛਿੜਕੇ 'ਖੰਡੇ ਦੇ ਪਾਹੁਲ' ਵਿੱਚੋਂ ਉਪਜਿਆ ਜੀਵਨ ਨਾ ਮੌਤ ਦੇ ਭੈਅ ਤੋਂ ਡਰਿਆ, ਨਾ ਪੰਜਾਬ ਦੇ ਜੰਗੀ ਮੈਦਾਨਾਂ ਵਿੱਚੋਂ ਭੱਜਿਆ ਤੇ ਨਾ ਹੀ ਮੱਧਕਾਲੀ ਮੁਗ਼ਲ ਤਸੀਹਾ ਘਰਾਂ ਵਿਚ ਹਰਾਇਆ ਜਾ ਸਕਿਆ, ਜਿਥੇ ਅਕਾਲ ਪੁਰਖ ਨਾਲੋਂ ਨਾਤਾ ਤੋੜਨ ਦੀ ਬਜਾਏ ਧੜ ਨਾਲੋਂ ਸੀਸ ਵੱਖ ਕਰਨ ਨੂੰ ਪ੍ਰਵਾਨ ਕਰਨਾ ਆਮ ਜਿਹੀ ਗੱਲ ਬਣ ਗਈ ਸੀ।

ਟੈਗੋਰ ਇਹ ਗੱਲ ਅਨੁਭਵ ਕਰਨ ਵਿਚ ਨਾਕਾਮ ਰਿਹਾ ਕਿ ਗੁਰੂ ਨੇ ਆਪਣੇ ਨਿਸ਼ਠਾਵਾਨ ਸਿਖ ਲਈ, ਨੇਕੀ ਦੇ ਹੱਕ ਵਿਚ ਲੜ ਕੇ ਅਤੇ ਜ਼ੁਲਮ ਦਾ ਟਾਕਰਾ ਕਰ ਕੇ ਮੁਕਤੀ ਪ੍ਰਾਪਤੀ ਦਾ ਰਾਹ ਖੋਲ੍ਹ ਦਿੱਤਾ ਸੀ। ਅਜਿਹਾ ਕਰਨਾ ਇਕ ਮੁਕੰਮਲ ਰੂਹਾਨੀ ਅਤੇ ਧਾਰਮਿਕ ਕਾਰਵਾਈ ਸੀ। ਕੁਝ ਵਿਸ਼ੇਸ਼ ਹਾਲਤਾਂ ਵਿਚ, ਤਾਕਤ ਦੀ ਵਰਤੋਂ ਨੂੰ ਜਾਇਜ਼ ਠਹਿਰਾ ਕੇ, ਗੁਰੂ ਨੇ ਅਸਲ ਵਿਚ ਭਗਤੀ ਅਤੇ ਮਾਲਾ ਦੀ ਥਾਂ 'ਵਾਹਿਗੁਰੂ ਜੀ ਕੀ ਫ਼ਤਹਿ' ਦੇ ਜੈਕਾਰੇ ਰਾਹੀਂ ਮਨੁੱਖ ਦੇ ਧਾਰਮਿਕ ਵਿਕਾਸ ਨੂੰ ਹੀ ਯਕੀਨੀ ਬਣਾਇਆ ਸੀ। ਇਹ ਦੋ ਸਦੀਆਂ ਪੁਰਾਣੀ ਸਿਖ ਮਰਿਆਦਾ ਅਨੁਸਾਰ ਵੀ ਬਿਲਕੁਲ ਜਾਇਜ਼ ਸੀ।

ਟੈਗੋਰ ਪ੍ਰਵਾਨ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਸ਼ਿਵਾਜੀ ਸਮਕਾਲੀ ਸਨ ਅਤੇ ਦੋਹਾਂ ਨੇ ਔਰੰਗਜ਼ੇਬ ਦੀ ਕੱਟੜ ਨੀਤੀ ਦਾ ਵਿਰੋਧ ਕੀਤਾ। ਉਹ ਸ਼ਿਵਾਜੀ ਦੀ ਇਸ ਗੱਲੋਂ ਉਪਮਾ ਕਰਦਾ ਹੈ ਕਿ ਉਸ ਦਾ 'ਆਦਰਸ਼ ਸ਼ੁਧ' ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਠੀਕ ਉਹੋ ਜਿਹੀ ਕਾਰਵਾਈ ਤੇ ਉਨ੍ਹਾਂ ਹੀ ਹਾਲਾਤ ਵਿਚ ਕੀਤੀ ਕਾਰਵਾਈ ਟੈਗੋਰ ਨੂੰ 'ਵਿਅਕਤੀਗਤ' ਲੱਗਦੀ ਹੈ, "ਕਿਉਂਕਿ ਗੁਰੂ ਜੀ ਬਦਲੇ ਦੀ ਭਾਵਨਾ ਤੋਂ ਅਤੇ ਆਪਣੇ ਆਪੇ ਦੇ ਬਚਾਅ ਦੇ ਜਜ਼ਬੇ ਤੋਂ ਪ੍ਰੇਰਿਤ ਸਨ।" ਉਹ ਇਹ ਸਮਝਣ ਤੋਂ ਨਾਕਾਮ ਰਿਹਾ ਕਿ ਗੁਰੂ ਦੇ ਪ੍ਰਚਾਰ ਦਾ ਮੁਖ ਰਾਜਸੀ ਉਦੇਸ਼ ਸਦਾ ਹੀ ਇਹ ਰਿਹਾ ਹੈ ਕਿ ਅਤਿ ਪਿਛੜੇ ਲੋਕਾਂ, ਲਿਤਾੜੇ ਹੋਏ ਲੋਕਾਂ ਹੱਥ ਸ਼ਕਤੀ ਦਿੱਤੀ ਜਾਏ ਅਤੇ ਉਨ੍ਹਾਂ ਦਾ ਸ੍ਵੈਮਾਣ ਬਹਾਲ ਕੀਤਾ ਜਾਵੇ। ਸ਼ਿਵਾਜੀ ਵੱਲੋਂ ਆਪਣਾ ਨਿਜੀ ਰਾਜ ਕਾਇਮ ਕਰਨ ਦੇ ਯਤਨਾਂ ਦੇ ਉਲਟ, ਸਿਖ ਲਹਿਰ ਪੂਰੀ ਤਰ੍ਹਾਂ ਲੋਕ-ਰਾਜੀ ਅਤੇ ਲੋਕਾਂ ਦੀ ਲਹਿਰ ਸੀ।

ਟੈਗੋਰ, ਰਾਨਾਡੇ ਨਾਲ ਇਸ ਗੱਲੋਂ ਮਤਭੇਦ ਰੱਖਦਾ ਹੈ ਕਿ ਮਰਾਠੇ ਅਤੇ ਸਿਖ ਅੰਤ ਦੋਵੇਂ ਹੀ ਹਾਰ ਗਏ। ਸ਼ਿਵਾਜੀ ਦਾ ਤਜਰਬਾ ਫ਼ੇਲ੍ਹ ਹੋਇਆ, ਕਿਉਂਕਿ 'ਦੇਸ਼ ਦੀ ਆਮ ਜਨਤਾ ਤਕ ਇਹ ਵਿਚਾਰ ਪਹੁੰਚਾਉਣ ਵਾਲੀ ਸੜਕ ਅਜੇ ਖੁਲ੍ਹੀ ਨਹੀਂ ਸੀ' ਅਤੇ ਇਸ ਲਈ ਵੀ ਕਿ 'ਅਸੀਂ ਇਕ ਦੂਜੇ ਤੋਂ ਬੜੀ ਵਿਥ 'ਤੇ ਸੀ' ਅਰਥਾਤ 'ਸਾਡੇ ਸਮਾਜ ਵਿਚ, ਧਰਮ, ਕੰਮ, ਭੋਜਨ, ਖ਼ੁਸ਼ੀ, ਸਮਾਜਿਕ ਮਿਲਵਰਤਣ—ਹਰ ਖੇਤਰ ਵਿਚ ਸਾਡੇ ਵਿਚਕਾਰ ਓੜਕਾਂ ਦੇ ਮਤਭੇਦ ਹਨ।' ਮਰਾਠਿਆਂ ਦੇ ਉਲਟ, ਗੁਰੂ ਜੀ ਨੇ 'ਜਾਤ ਪਾਤ ਨੂੰ ਜੜ੍ਹੋਂ ਉਖਾੜ ਕੇ ਸੁੱਟ ਦਿੱਤਾ, ਜੋ ਕਿ ਇਕ ਵੱਡੀ ਰੁਕਾਵਟ ਸੀ।' ਪਰ ਇਸ ਦੇ ਬਾਵਜੂਦ ਵੀ, ਜਦ ਸਾਰੇ ਲੋਕਾਂ ਵਿਚਕਾਰ ਏਕਤਾ ਕਾਇਮ ਹੋ ਗਈ ਤਾਂ ਉਨ੍ਹਾਂ ਨੇ ਉਹ ਅਗਲਾ ਕਦਮ ਚੁੱਕਿਆ, ਜੋ ਸ਼ਿਵਾਜੀ ਨੇ ਇਹ ਏਕਤਾ ਪ੍ਰਾਪਤ ਕੀਤੇ ਬਗ਼ੈਰ ਚੁੱਕਿਆ ਸੀ। ਟੈਗੋਰ ਅਨੁਸਾਰ, ਗੁਰੂ ਜੀ 'ਸਿੱਖਾਂ ਦੀ ਇਸ ਧਾਰਮਿਕ ਏਕਤਾ ਨੂੰ ਸੰਸਾਰਕ ਸਫਲਤਾ ਦੇ ਸਾਧਨ' ਵਿਚ ਤਬਦੀਲ ਕਰ ਗਏ ਅਤੇ 'ਏਕਤਾ ਨੂੰ ਰਾਜਸੀ ਚੜ੍ਹਤ ਦੇ ਹਥਿਆਰ ਦਾ ਰੂਪ ਦੇ ਕੇ ਇਸ ਦਾ ਕੱਦ ਛੋਟਾ ਕਰ ਗਏ।' ਟੈਗੋਰ ਇਹ ਸਮਝਣ ਤੋਂ ਨਾਬਰ ਸੀ ਜਾਂ ਸਮਝਣਾ ਚਾਹੁੰਦਾ ਨਹੀਂ ਸੀ ਕਿ ਗੁਰੂ ਗੋਬਿੰਦ ਸਿੰਘ ਜੀ, ਜਿਸ ਰਾਜਸੀ ਚੜ੍ਹਤ ਦੀ ਲੋਚਾ ਕਰਦੇ ਸਨ, ਉਹ ਆਮ ਲੋਕਾਂ ਲਈ ਸੀ, ਨਿਜ ਲਈ ਜਾਂ ਆਪਣੇ ਖ਼ਾਨਦਾਨ ਲਈ ਨਹੀਂ—ਅਤੇ ਨਾ ਹੀ ਇਹ ਕਿਸੇ ਇਕ ਜ਼ਾਤ ਜਾਂ ਧਰਮ ਜਾਂ ਸੰਪ੍ਰਦਾ ਬਾਰੇ ਸੀ।

ਉਪਰੋਕਤ ਚਰਚਾ ਇਸ ਗੱਲ ਬਾਰੇ ਕੋਈ ਸ਼ੰਕਾ ਬਾਕੀ ਨਹੀਂ ਰਹਿਣ ਦੇਂਦੀ ਕਿ ਰਾਬਿੰਦਰ ਨਾਥ ਟੈਗੋਰ ਵੱਲੋਂ ਉਪਰੋਕਤ ਲੇਖ ਲਿਖਣ ਪਿੱਛੇ ਤਿੰਨ ਮਕਸਦ ਸਨ—ਪਹਿਲਾ ਇਹ ਕਿ ਉਹ ਅੰਗਰੇਜ਼ਾਂ ਨੂੰ, ਭਾਰਤ ਛੱਡਣ ਦਾ ਆਪਣਾ ਟਾਈਮ-ਟੇਬਲ ਤਿਆਰ ਕਰਨ ਦੀ ਖੁਲ੍ਹ ਦੇਣਾ ਚਾਹੁੰਦਾ ਸੀ ਤੇ ਇਹ ਨਹੀਂ ਸੀ ਚਾਹੁੰਦਾ ਕਿ ਪੱਛਮੀ ਤਰਜ਼ ਦੀ ਕੋਈ

ਇਨਕਲਾਬੀ ਕਾਰਵਾਈ ਇਸ ਦੌਰਾਨ ਉਨ੍ਹਾਂ ਨੂੰ ਪਰੇਸ਼ਾਨ ਕਰੇ। ਇਸ ਨਾਲ ਭਾਰਤ ਵਿਚ ਬਾਕੀ ਦੇ ਸਮੇਂ ਲਈ ਉਹ ਬੇਫ਼ਿਕਰ ਅਤੇ ਹਿੰਸਾ-ਮੁਕਤ ਮਾਹੌਲ ਵਿਚ ਰਹੇ। ਦੂਜੇ, ਇਸ ਨਾਲ ਸਮੇਂ ਦੀ ਕੁੱਖ ਵਿਚ ਜਨਮ ਲੈ ਚੁੱਕੇ ਆਜ਼ਾਦ ਭਾਰਤੀ ਸਮਾਜ ਲਈ ਸਿਖ ਅਤੇ ਸਿੱਖੀ ਨੂੰ ਆਦਰਸ਼ ਬਣਨੋਂ ਰੋਕ ਲਿਆ। ਤੀਜੇ, ਇਸ ਨਾਲ ਉਸ ਨੇ ਭਵਿੱਖ ਦੇ ਆਜ਼ਾਦੀ ਸੰਗਰਾਮੀਏ ਲਈ ਇਕ 'ਸ਼ਾਂਤਮਈ' ਰਾਹ ਨਿਰਧਾਰਤ ਕਰ ਦਿੱਤਾ, ਜਿਸ 'ਤੇ ਚੱਲਿਆਂ, ਅਹਿਸਾਨਮੰਦ ਅੰਗਰੇਜ਼ੀ ਸਰਕਾਰ ਦੀ ਮਿਹਰਬਾਨੀ ਸਦਕਾ, ਉਸ ਲਈ ਦੂਜੀਆਂ ਕੌਮੀਅਤਾਂ ਉਪਰ ਗ਼ਲਬਾ ਪਾਉਣਾ ਵੀ ਸੰਭਵ ਹੋ ਜਾਵੇਗਾ। ਇਸ ਤਰ੍ਹਾਂ ਉਸ ਨੇ 'ਭਾਰਤ ਦੀ ਆਜ਼ਾਦੀ ਲਈ ਛਿੜੇ ਸੰਘਰਸ਼' ਦਾ ਸੰਚਾਲਨ ਕਰਨ ਲਈ ਗਾਂਧੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਕਈ ਮਹੱਤਵਪੂਰਨ ਨੁਕਤੇ ਵੀ ਸੁਝਾਏ। ਗਾਂਧੀ ਘੱਟੋ ਘੱਟ ਉਸ ਸਮੇਂ ਸੱਚ ਬੋਲ ਰਿਹਾ ਸੀ, ਜਦੋਂ ਉਸ ਨੇ ਟੈਗੋਰ ਨੂੰ ਆਪਣਾ 'ਗੁਰੂਦੇਵ' ਪ੍ਰਵਾਨ ਕੀਤਾ। ਭਾਰਤ ਵਿਚਲੀ ਬਰਤਾਨਵੀ ਸਰਕਾਰ ਵੀ ਘੱਟ ਅਹਿਸਾਨਮੰਦ ਨਹੀਂ ਸੀ। ਇਸ ਅਹਿਸਾਨ ਦਾ ਬਦਲਾ ਉਨ੍ਹਾਂ ਦੋ ਸਾਲ ਮਗਰੋਂ ਨੋਬਲ ਇਨਾਮ ਦਿਵਾ ਕੇ ਚੁਕਾਇਆ। ਬਰਤਾਨੀਆ ਦੇ ਬਾਦਸ਼ਾਹ ਦੀ ਤਾਰੀਫ਼ ਵਿਚ ਉਸ ਦੇ ਲਿਖੇ ਗੀਤ 'ਜਨ ਗਨ ਮਨ' ਅਤੇ ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਇਸ ਨੂੰ ਕੌਮੀ ਗੀਤ ਵਜੋਂ ਅਪਣਾ ਲਏ ਜਾਣ ਦੀ ਕਾਰਵਾਈ ਵਿਚਲੇ ਰਮਜ਼ ਦੀ ਵੀ ਹੁਣ ਸਮਝ ਆ ਜਾਣੀ ਚਾਹੀਦੀ ਹੈ।

ਟੈਗੋਰ ਦੇ ਪਰਚੇ ਵਿੱਚੋਂ, ਭਾਰਤ ਦੀ ਆਜ਼ਾਦੀ ਲਈ ਸ਼ੁਰੂ ਕੀਤੇ ਅਤੇ ਖ਼ੂਬ ਪ੍ਰਚਾਰੇ 'ਸ਼ਾਂਤਮਈ' ਅੰਦੋਲਨ ਦੀ ਅਸਲੀਅਤ ਬਾਰੇ ਵੀ ਪਰਚੇ ਵਿਚ ਵਰਣਨ ਕੀਤੇ ਦੋ ਵਿਅਕਤੀਆਂ ਦੀਆਂ ਲਿਖਤਾਂ 'ਚੋਂ ਕਈ ਇਸ਼ਾਰੇ ਮਿਲ ਸਕਦੇ ਹਨ। ਕੀ ਇਹ ਆਪਸੀ ਸਮਝੌਤੇ ਅਨੁਸਾਰ ਕੀਤੀ ਕਾਰਵਾਈ ਨਹੀਂ ਲੱਗਦੀ?

ਚੰਗਾ ਹੁੰਦਾ ਜੇ ਬੀਤੇ ਉੱਤੇ ਮਿੱਟੀ ਪਾ ਕੇ ਸਭ ਕੁਝ ਭੁਲਾ ਦੇਣ ਦੀ ਆਗਿਆ ਦਿੱਤੀ ਜਾਂਦੀ, ਪਰ ਲੱਗਦਾ ਹੈ ਕਿ ਉਦੋਂ ਘੜੀਆਂ ਗਈਆਂ ਮਨੌਤਾਂ ਅੱਜ ਵੀ ਪੂਰੀ ਤਰ੍ਹਾਂ ਸਾਰਥਕ ਹਨ ਅਤੇ ਅੱਜ ਜਿਵੇਂ ਕੁਝ ਨਕਲੀ ਦੇਹਧਾਰੀ ਗੁਰੂਆਂ ਨੂੰ ਸਰਕਾਰੀ ਸਰਪ੍ਰਸਤੀ ਮਿਲ ਰਹੀ ਹੈ, ਉਸ ਦੀ ਕੜੀ ਟੈਗੋਰ ਵੱਲੋਂ 'ਗੁਰੂ ਗ੍ਰੰਥ' ਨੂੰ ਗੁਰੂ ਪਦ ਦੇਣ ਦੀ ਕਰੜੀ ਆਲੋਚਨਾ ਨਾਲ ਜੋੜੀ ਜਾ ਸਕਦੀ ਹੈ। ਟੈਗੋਰ ਵੱਲੋਂ 'ਮੀਰੀ ਪੀਰੀ' ਦੇ ਮਹਾਨ ਸਿਧਾਂਤ ਨੂੰ ਨਕਾਰਨ ਅਤੇ ਭਾਰਤੀ ਫ਼ੌਜਾਂ ਵਲੋਂ ਅਕਾਲ ਤਖ਼ਤ ਉੱਤੇ ਹਮਲਾ ਕਰ ਕੇ ਉਸ ਨੂੰ ਤਬਾਹ ਕਰਨ ਵਿਚਕਾਰ ਇਕ ਸਿੱਧਾ ਸੰਬੰਧ ਮੌਜੂਦ ਹੈ। ਖ਼ਾਲਸਾ ਪ੍ਰਕਾਸ਼ ਦੀ ਤੀਜੀ ਸ਼ਤਾਬਦੀ ਵਰ੍ਹੇ ਵਿਚ, ਸਿੱਖਾਂ ਨੂੰ ਸਾਵਧਾਨ ਹੋ ਕੇ ਦੁਨੀਆ ਨੂੰ ਦੱਸ ਦੇਣਾ ਚਾਹੀਦਾ ਹੈ ਕਿ ਗੁਰੂਆਂ ਅਤੇ ਗੁਰੂ ਖ਼ਾਲਸਾ ਪੰਥ ਦੇ ਮਿਸ਼ਨ ਸੰਬੰਧੀ ਨੀਮ-ਸੱਚ ਨੂੰ ਜਿਵੇਂ ਅਜ਼ਲੀ ਸੱਚ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਉਹ ਕੁਰਾਹੇ ਪਏ ਬੁੱਧੀਜੀਵੀਆਂ ਅਤੇ ਬੇਮੁਹਾਰੇ ਸਿਆਸਤਦਾਨਾਂ ਦੀ ਨਾਸਮਝੀ ਅਤੇ ਮੰਦ-ਭਾਵਨਾ ਤੋਂ ਪ੍ਰੇਰਿਤ ਅਟਕਲਾਂ ਦਾ ਹੀ ਸਿੱਟਾ ਹੈ। ਮੁੱਢਲੇ ਸਿਖ ਸਿਧਾਂਤਾਂ ਦੀ ਅਸਲ ਮਹੱਤਾ ਅਤੇ ਥਿਰ-ਰਹਿਣੀ ਉਨ੍ਹਾਂ ਦੀ ਸਾਰਥਕਤਾ ਨੂੰ ਸਾਰੇ ਵੱਡੇ ਧਰਮਾਂ ਨੇ ਪ੍ਰਵਾਨ ਕੀਤਾ ਹੋਇਆ ਹੈ ਤੇ ਇਹ ਗੱਲ ਜ਼ੋਰ ਦੇ ਕੇ ਸਮਝਾਉਣੀ ਚਾਹੀਦੀ ਹੈ। ਮਿਸਾਲ ਵਜੋਂ, *ਸ੍ਰੀਮਦ ਭਗਵਤ ਗੀਤਾ* ਦਾ ਇਹ ਸਿਧਾਂਤ ਕਿ 'ਇਕ ਚੰਗੀ ਆਤਮਾ ਦਾ ਇਹ ਸਭ ਤੋਂ ਪਹਿਲਾ ਕਰਤਵ ਹੈ ਕਿ ਉਹ ਧਰਮ ਦੀ ਸਥਾਪਤੀ ਲਈ ਲੜੇ,' ਮੀਰੀ-ਪੀਰੀ ਦੇ ਸਿਖ ਸਿਧਾਂਤ ਦੇ ਨੇੜੇ-ਤੇੜੇ ਢੁਕਣ ਵਾਲਾ ਹੀ ਇਕ ਸਿਧਾਂਤ ਹੈ।

ਏਹੁ ਮਾਰਗੁ ਖੰਡੇ ਧਾਰ*

ਆਮ ਰਵਾਇਤ ਹੈ ਕਿ ਭਾਈ ਮਨੀ ਸਿੰਘ ਜੀ, ਜਿਨ੍ਹਾਂ ਨੂੰ ਹਜ਼ੂਰ ਦਸਵੇਂ ਪਾਤਿਸ਼ਾਹ ਨੇ ਆਪ ਦਰਬਾਰ ਸਾਹਿਬ ਦਾ ਗ੍ਰੰਥੀ ਥਾਪਿਆ ਸੀ, ਨੂੰ ਪੰਥ ਨੇ ਸਰਾਪ ਦਿੱਤਾ ਕਿ ਉਨ੍ਹਾਂ ਦੇ ਬੰਦ ਬੰਦ ਕੱਟੇ ਜਾਣ। ਏਸ ਸਰਾਪ ਅਨੁਸਾਰ ਬ੍ਰਹਮ ਗਿਆਨੀ ਭਾਈ ਸਾਹਿਬ ਨੂੰ ਇਕਾਨਵੇਂ ਬਰਖ ਦੀ ਪੂਜਣਯੋਗ ਆਯੂ ਵਿਚ ਦੋ ਸਪੁੱਤਰਾਂ ਸਮੇਤ ਗ੍ਰਿਫ਼ਤਾਰ ਕਰਕੇ ਜ਼ਕਰੀਆ ਖ਼ਾਨ ਦੇ ਹੁਕਮ ਨਾਲ ਸ਼ਹੀਦਗੰਜ ਲਾਹੌਰ ਵਿਚ ਬੰਦ ਬੰਦ ਕੱਟ ਕੇ ਕਤਲ ਕੀਤਾ ਗਿਆ। ਉਹਨਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਪਦ-ਛੇਦ ਕਰਨ ਨੂੰ ਸਰਾਪ ਦਾ ਮੂਲ ਕਾਰਣ ਦੱਸਿਆ ਜਾਂਦਾ ਹੈ।

ਭਾਈ ਮਨੀ ਸਿੰਘ ਜੀ ਪੁਰਾਤਨ ਸਿਖ ਘਰਾਣੇ ਦੀ ਅਣਮੋਲ ਮਣੀ ਸਨ। ਉਹਨਾਂ ਦਾ ਦਾਦਾ ਬੱਲੂ ਪਵਾਰ 1634 ਈਸਵੀ ਵਿਚ ਸ੍ਰੀ ਅੰਮ੍ਰਿਤਸਰ ਦੇ ਯੁੱਧ ਵਿਚ ਹਜ਼ੂਰ ਗੁਰੂ ਹਰਿਗੋਬਿੰਦ ਸ਼ਹਿਨਸ਼ਾਹ ਦੀ ਸੇਵਾ ਵਿਚ ਸ਼ਹੀਦੀ ਪਾ ਚੁੱਕਿਆ ਸੀ। ਭਾਈ ਦਿਆਲ ਜੀ, ਜੋ ਨੌਵੇਂ ਪਾਤਿਸ਼ਾਹ ਹਜ਼ੂਰ ਦੇ ਚਰਨਾਂ ਦੀ ਛਾਵੇਂ ਦੇਗ ਵਿਚ ਉਬਾਲੇ ਗਏ ਸਨ (1675 ਈਸਵੀ), ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾ ਸਨ। ਆਪ ਦੇ ਛੋਟੇ ਵੀਰਾਂ, ਭਾਈ ਮਨੀ ਚੰਦ, ਲੈਹਣਾ ਸਿੰਘ ਅਤੇ ਸੋਹਣ ਚੰਦ ਨੇ ਦਸਵੇਂ ਪਾਤਿਸ਼ਾਹ ਦੀ ਰੱਖਿਆ ਹਿੱਤ ਭੰਗਾਣੀ, ਗੁਲੇਰ ਤੇ ਨਾਦੌਣ ਦੇ ਜੰਗਾਂ ਵਿਚ ਸ਼ਹੀਦੀਆਂ ਪਾਈਆਂ। ਉਨ੍ਹਾਂ ਦੇ ਛੇ ਭਾਈਆਂ, ਸੱਤ ਸਪੁੱਤਰਾਂ ਅਤੇ ਕਈ ਪੋਤਰਿਆਂ ਨੇ ਸਿੱਖੀ ਸੇਵਾ ਹਿੱਤ ਸ਼ਹੀਦੀ ਬਾਟੇ ਛਕੇ। ਮਨੀ ਰਾਮ ਜੀ 1637 ਈਸਵੀ ਵਿਚ, ਆਪ ਗੁਰੂ ਹਰਿ ਰਾਇ ਸਾਹਿਬ ਜੀ ਦੇ ਹਜ਼ੂਰ ਸੇਵਾ ਵਿਚ ਸ਼ਾਮਿਲ ਹੋਏ ਅਤੇ ਆਪ ਨੂੰ ਚਾਰ ਗੁਰੂ ਸਾਹਿਬਾਨ ਦੀ ਸੇਵਾ ਦਾ ਵੱਡਾ ਭਾਗ ਪ੍ਰਾਪਤ ਹੋਇਆ। 'ਗੁਰੂ ਕੇ ਹਾਥੀ' ਭਾਈ ਦੁਨੀ ਚੰਦ ਦੇ ਮੈਦਾਨ ਛੱਡ ਜਾਣ ਪਿੱਛੋਂ ਛੁਹਲੇ ਸਰੀਰ ਦਾ ਪਤਲਾ ਜਿਹਾ ਬਚਿੱਤਰ ਸਿੰਘ, ਜੋ ਨਾਗਣੀ ਬਰਛਾ ਫੜ ਮਸਤ ਹਾਥੀ ਨਾਲ ਜੂਝਿਆ, ਆਪਦਾ ਪੁੱਤਰ ਸੀ। ਆਪ ਗੁਰੂ ਦੇ ਇਤਬਾਰੀ ਸਨ ਅਤੇ ਅਨੰਦਪੁਰ ਦੇ ਦੂਜੇ ਯੁੱਧ ਤੋਂ ਬਾਅਦ ਆਪਦੇ ਜ਼ਿੰਮੇ ਮਾਤਾ ਸੁੰਦਰੀ ਜੀ ਨੂੰ ਦਿੱਲੀ ਪਹੁੰਚਾਉਣ ਦੀ ਸੇਵਾ ਸੱਚੇ ਪਾਤਿਸ਼ਾਹ ਨੇ ਆਪ ਲਾਈ ਸੀ। ਬੰਦਈਆਂ ਦੇ ਕੁਫ਼ਰ ਨੂੰ ਆਪ ਨੇ, ਆਪਣੇ ਖੰਡੇ ਨਾਲ, ਦਰਬਾਰ ਸਾਹਿਬ ਦੀ ਹਦੂਦ ਵਿੱਚੋਂ ਆਪਣੇ ਮੁਬਾਰਕ ਹੱਥਾਂ ਨਾਲ ਹੂੰਝਿਆ।

ਆਪ ਗੁਰੂ ਸ਼ਹਿਨਸ਼ਾਹ ਦੇ ਬਵੰਜਾ ਰਤਨਾਂ ਵਿੱਚੋਂ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਬੀੜਾਂ ਆਪਣੇ ਹੱਥਾਂ ਨਾਲ ਲਿਖ ਚੁੱਕੇ ਸਨ। ਆਪ ਨੇ ਸਿਖ ਧਰਮ ਦੀ ਵਿਆਖਿਆ ਕਰਨ ਹਿੱਤ ਕਈ ਅਮੋਲਕ ਗ੍ਰੰਥ ਰਚੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਟਕਸਾਲੀ

---

* ਇਹ ਲੇਖ ਸਿੱਖੀ ਦੀ ਸੇਵਾ ਲਈ ਘਾਲਣਾ ਘਾਲਣ ਵਾਲੇ ਸਿਰਲੱਥ ਅਤੇ ਬੇਨਿਆਜ਼ ਵਿਅਕਤੀਆਂ ਨੂੰ ਪੰਥ ਵੱਲੋਂ ਅਣਗੌਲਿਆਂ ਕਰਨ ਦੀ ਹਿੱਕ ਚੀਰਵੀਂ ਪੀੜ ਨੂੰ ਖਿੜੇ ਮੱਥੇ ਬਰਦਾਸ਼ਤ ਕਰਨ ਅਤੇ ਫਿਰ ਵੀ ਗੁਰੂ ਤੋਂ ਕਦਾਚਿਤ ਬੇਮੁਖ ਨਾ ਹੋਣ ਦੀ ਸਾਖਿਆਤ ਹਕੀਕਤ ਨੂੰ ਬਿਆਨ ਕਰਦਾ ਹੈ।

ਅਰਥਾਂ ਨੂੰ ਪ੍ਰਚਾਰਨ ਲਈ ਦਮਦਮੀ ਟਕਸਾਲ ਦੀ ਨੀਂਹ ਰੱਖੀ। ਆਪ ਨੇ ਸਾਹਿਬ ਦਸਵੇਂ ਪਾਤਿਸ਼ਾਹ ਦੀ ਬਾਣੀ ਨੂੰ ਇਕੱਠਾ ਕਰ ਕੇ ਜ਼ਾਇਆ ਹੋਣ ਤੋਂ ਬਚਾਇਆ ਅਤੇ ਕੇਵਲ ਏਸੇ ਲਈ ਆਪ ਸੰਸਾਰ ਦੇ ਅੰਤ ਤਕ ਸਿੱਖਾਂ ਦੇ ਪੂਜਣਯੋਗ ਰਹਿਣਗੇ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਗੁਰੂ ਸਾਹਿਬਾਨ ਦੇ ਸੁਖਦਾਈ ਉਪਦੇਸ਼ਾਂ ਦੀ ਪ੍ਰਚੰਡ ਜਵਾਲਾ ਆਪ ਨੇ ਪ੍ਰਜ੍ਵਲਿਤ ਰੱਖੀ, ਜਿਨ੍ਹਾਂ ਦਾ ਨਿੱਘ ਸੰਸਾਰ ਦੇ ਸਦੀਵੀ ਕਲਿਆਣ ਦਾ ਇੱਕੋ ਇਕ ਸੋਮਾ ਹੈ।

ਐਸੇ ਧਰਮੀ ਯੋਧੇ, ਪਰਉਪਕਾਰੀ, ਵਿਦਵਾਨ, ਬ੍ਰਹਮਗਿਆਨੀ ਸਾਧੂ ਅਤੇ ਸਿਦਕੀ ਮਹਾਂਪੁਰਖ, ਜਿਨ੍ਹਾਂ ਨੂੰ ਗੁਰੂ ਹਜ਼ੂਰ ਨੇ ਖ਼ਾਸ ਹੁਕਮਨਾਮਾ ਬਖ਼ਸ਼ ਕੇ 'ਫ਼ਰਜ਼ੰਦ' ਦਾ ਮਹਾਨ ਖ਼ਿਤਾਬ ਬਖ਼ਸ਼ਿਆ ਸੀ ਅਤੇ ਜੋ ਪੁਸ਼ਤਾਂ ਤੋਂ ਗੁਰੂ ਚਰਨਾਂ ਦੀ ਖ਼ਾਕ ਸਨ, ਐਸੇ ਸਿਰੜੀ ਸਿੰਘ ਪਰਮਾਤਮਾ ਦੇ ਰੂਪ ਨੂੰ ਐਸਾ ਸਰਾਪ ਦੇ ਕੇ ਪੰਥ ਨੇ ਆਪਣੇ ਪੈਰੀਂ ਆਪ ਕੁਹਾੜਾ ਕਿਉਂ ਮਾਰਿਆ ? ਸ਼ਾਇਦ ਸਰਾਪ ਦੀ ਇਹ ਕਹਾਣੀ ਮਨਘੜਤ ਹੈ। ਕਾਸ਼ ! ਇਹ ਮਨਘੜਤ ਹੀ ਹੋਵੇ ! ਜੇ ਇਉਂ ਵੀ ਸਮਝੀਏ ਤਾਂ ਵੀ ਉਸ ਪੰਥ ਬਾਰੇ ਕੀ ਵਿਚਾਰ ਬਣਾਈਏ, ਜਿਸ ਵਿਚ ਇਹ ਬੱਚੇ ਖਾਣੀ ਗੀਤ ਪ੍ਰਚੱਲਤ ਹੈ, ਜੋ ਹੋਰ ਅਜਿਹੇ ਕਾਰਨਾਮਿਆਂ ਕਰ ਕੇ ਏਸ ਦੇ ਵੀ ਕਾਬਿਲ ਭਾਸਦਾ ਹੈ, ਅਤੇ ਜੋ ਸਦੀਆਂ ਤੋਂ ਏਸ ਘਟਨਾ ਨੂੰ ਪ੍ਰਚਾਰ ਕੇ ਏਸ ਉੱਤੇ ਸੱਚ ਦੀ ਮੁਹਰ ਲਾਉਂਦਾ ਆਇਆ ਹੈ। ਇਹ ਬੱਚੇ ਖਾਣੀ ਗੀਤ ਕਿਉਂ ਹੈ ਏਸ ਲਾ-ਮਿਸਾਲ ਪੰਥ ਦੀ ?

ਏਸੇ ਮਨੋਬਿਰਤੀ ਅਧੀਨ ਜੱਸਾ ਸਿੰਘ ਰਾਮਗੜ੍ਹੀਏ ਅਤੇ ਸੁੱਖਾ ਸਿੰਘ ਨੂੰ ਪੰਥ ਨੇ ਕੇਵਲ ਸ਼ੱਕ ਦੀ ਬਿਨਾਅ 'ਤੇ ਵਰ੍ਹਿਆਂ ਬੱਧੀ ਛੇਕੀ ਰੱਖਿਆ। ਆਖ਼ਰ ਬਖ਼ਸ਼ਿੰਦ ਗੁਰੂ ਦੇ ਪੂਰਨਿਆਂ ਉੱਤੇ ਚੱਲਦਿਆਂ ਗਲ ਨਾਲ ਲਾਇਆ, ਪਰ ਓਦੋਂ, ਜਦੋਂ ਕੋਈ ਚਾਰਾ ਨਹੀਂ ਸੀ ਰਿਹਾ। ਇਨ੍ਹਾਂ ਸਿਰਲੱਥ ਸੂਰਬੀਰਾਂ ਦੇ ਮੁਕਾਬਲੇ ਵਿਚ ਸੀ ਪਟਿਆਲੇ ਦਾ ਆਲਾ ਸਿੰਘ, ਜੋ ਰਣਜੀਤ ਨਗਾਰੇ ਦੀ ਥਾਂ ਅਹਿਮਦ ਸ਼ਾਹ ਦਾ ਬਖ਼ਸ਼ਿਆ ਢੋਲ ਵਜਾਉਂਦਾ ਸੀ ਅਤੇ ਓਸੇ ਦਾ ਦਿੱਤਾ ਲੀਰਾਂ ਦਾ ਝੰਡਾ, ਸਾਹਿਬਾਂ ਦੇ ਕੇਸਰੀ ਨਿਸ਼ਾਨ ਸਾਹਿਬ ਨੂੰ ਛੱਡ ਕੇ, ਝੁਲਾਉਂਦਾ ਸੀ। ਉਹ ਤੁਰਕ ਦਾ ਫ਼ਰਜ਼ੰਦ ਬਣਨਾ ਲੋਚਦਾ ਸੀ ਅਤੇ ਉਸ ਦੇ ਗ਼ੁਲਾਮੀ ਦੇ ਤੌਕ ਨੂੰ ਗਲ ਵਿਚ ਪਾ ਚੁੱਕਿਆ ਸੀ; ਏਸ ਆਲਾ ਸਿੰਘ ਨੂੰ ਪੰਥ ਨੇ ਕਦੇ ਤੱਤੀ ਵਾਅ ਨਾ ਲੱਗਣ ਦਿੱਤੀ। ਹਜ਼ਾਰਾਂ ਕਸ਼ਟ ਝਾਗ ਕੇ ਉਸ ਉੱਤੇ ਵਰ੍ਹਨ ਵਾਲੀਆਂ ਤਲਵਾਰਾਂ ਸਿੰਘ ਆਪਣੇ ਮੂੰਹ ਉੱਤੇ ਖਾਂਦੇ ਰਹੇ। ਪਰਮ ਮਿੱਤਰ ਦਾ ਦਰਜਾ ਦੇ ਕੇ ਓਸ ਨੂੰ ਹੱਥੀਂ ਛਾਵਾਂ ਕਰਦੇ ਰਹੇ ਅਤੇ ਉਸ ਦੀਆਂ ਮਰਨੀਆਂ ਮਰਦੇ ਰਹੇ। ਪਟਿਆਲੇ ਦੀ ਰਿਆਸਤ ਨੂੰ ਖ਼ੂਨ ਡੋਲ੍ਹ ਡੋਲ੍ਹ ਕੇ ਬੁਲੰਦੀ ਦੇ ਰਾਹ ਤੋਰਦੇ ਰਹੇ। ਇਹ ਸਾਵਾਂ ਪੰਥ ਸੀ, ਜਿਸ ਨੇ ਭਾਈ ਮਨੀ ਸਿੰਘ ਨੂੰ ਸਰਾਪ ਦਿੱਤਾ ਸੀ।

ਰਣਜੀਤ ਸਿੰਘ ਦੇ ਵਕਤ, ਜਦੋਂ ਸਾਰਾ ਖ਼ਾਲਸਾ ਪੰਥ ਐਸ਼ੋ-ਇਸ਼ਰਤ ਵੱਟੇ ਮਨਮੁਖ ਹੋਏ ਬੰਦੇ ਦਾ ਬੰਦਾ ਬਣ ਚੁੱਕਾ ਸੀ, ਓਦੋਂ ਸ਼ੁਧ ਸਿੱਖੀ ਜਜ਼ਬੇ ਤੇ ਅਣਖ ਦੇ ਸਿੱਖੀ ਗੁਣਾਂ ਨੂੰ ਕਾਇਮ ਰੱਖਣ ਵਾਲੇ ਹੋਏ ਸਨ ਭਾਈ ਬੀਰ ਸਿੰਘ ਨੌਰੰਗਾਬਾਦੀ, ਸਰਦਾਰ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਅਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ।

ਸਰਦਾਰ ਹਰੀ ਸਿੰਘ ਨਲੂਆ ਬੜਾ ਬਹਾਦਰ, ਸ਼ੇਰ ਦਿਲ ਅਤੇ ਦਰਸ਼ਨੀ ਸੂਰਮਾ ਸੀ। ਉਸ ਦੀਆਂ ਧੁੰਮਾਂ ਕਾਬਲ, ਕੰਧਾਰ ਤਕ ਪਈਆਂ ਹੋਈਆਂ ਸਨ ਅਤੇ ਪਠਾਣੀਆਂ ਆਪਣੇ ਬੱਚਿਆਂ ਨੂੰ ਹਰੀ ਸਿੰਘ ਦੇ ਆਉਣ ਦਾ ਡਰ ਦੇ ਕੇ ਸੁਆਉਂਦੀਆਂ ਹੁੰਦੀਆਂ ਸਨ। ਜਿਥੇ ਕਿਤੇ ਖ਼ਾਲਸਾ ਰਾਜ ਦਾ ਝੰਡਾ ਬੁਲੰਦ ਕਰਨ ਲਈ ਖ਼ੂਨ ਡੁਲ੍ਹਿਆ, ਨਲੂਏ ਸਰਦਾਰ ਦੇ ਖ਼ੂਨ ਦੇ ਚਾਰ ਕਤਰੇ ਉਸ ਵਿਚ ਸ਼ਾਮਿਲ ਸਨ। ਇਹ ਬੜੀ ਜੁਰਅਤ ਅਤੇ

ਜਥੇ ਵਾਲਾ ਸਰਦਾਰ ਸੀ। ਜਦ ਰਣਜੀਤ ਸਿੰਘ ਦੇ ਇਕ ਪੁਰਖੀ ਰਾਜ ਦਾ ਪ੍ਰਚੰਡ ਸੂਰਜ ਸਿਖਰ ਉੱਤੇ ਸੀ, ਉਸ ਨੇ ਰਣਜੀਤ ਸਿੰਘ ਨੂੰ ਯਾਦ ਕਰਵਾਇਆ ਕਿ ਰਾਜ ਦਰਅਸਲ ਖ਼ਾਲਸੇ ਦਾ ਹੈ ਅਤੇ ਏਵੇਂ ਹੋਣਾ ਚਾਹੀਦਾ ਹੈ। ਉਸ ਨੇ ਇੰਗਲੈਂਡ ਅਤੇ ਹੋਰ ਮੁਲਕਾਂ ਦੇ ਸੰਵਿਧਾਨਾਂ ਨੂੰ ਘੋਖ ਪਰਖ ਕੇ ਸੁਝਾਅ ਦਿੱਤਾ ਸੀ ਕਿ ਅਸਲ ਰਾਜਸੀ ਸ਼ਕਤੀ ਖ਼ਾਲਸੇ ਦੀ ਪ੍ਰਤਿਨਿਧ ਕੌਂਸਲ ਕੋਲ ਹੋਣੀ ਚਾਹੀਦੀ ਹੈ। ਬੈਰਨ ਹੂਗਲ ਵੀ ਆਪਣੇ ਸਫ਼ਰਨਾਮੇ ਵਿਚ ਲਿਖਦਾ ਹੈ ਕਿ ਉਸ ਨੇ ਹਰੀ ਸਿੰਘ ਨੂੰ ਯੂਰਪ ਦੀਆਂ ਹਕੂਮਤਾਂ ਦੇ ਹਾਲਾਤ ਲਈ ਮੁਲਕਾਂ ਦੀ ਤਰਜ਼ੇ ਹਕੂਮਤ ਅਤੇ ਈਸਟ ਇੰਡੀਆ ਕੰਪਨੀ ਦੀਆਂ ਨੀਤੀਆਂ ਬਾਰੇ ਬੇਹੱਦ ਚੇਤੰਨ ਅਤੇ ਜਾਣਕਾਰ ਪਾਇਆ। ਏਸ ਉੱਚ ਬੁੱਧੀ ਵਾਲੇ ਦੀਦਾਰੀ ਸੂਰਮੇ ਸਿੰਘ ਦਾ ਅੰਤ ਰਣ ਤੱਤੇ ਵਿਚ ਕਰੀਬ-ਕਰੀਬ ਆਪਣਿਆਂ ਹੱਥੋਂ ਹੀ ਹੋਇਆ। ਥੋੜ੍ਹੀ ਜਿਹੀ ਫ਼ੌਜ ਨਾਲ ਉਹ ਜਮਰੌਦ ਜਾ ਵੜਿਆ ਸੀ ਅਤੇ ਕਈ ਸੁਨੇਹੇ ਭੇਜਣ ਉਪਰੰਤ ਵੀ ਉਸ ਨੂੰ ਕੁਮਕ ਨਾ ਪਹੁੰਚੀ। ਆਖ਼ਰ ਪਹੁੰਚੀ ਤਾਂ ਪਹੁੰਚੀ ਰਣਜੀਤ ਸਿੰਘ ਨੂੰ ਸਰਦਾਰ ਦੀ ਮੌਤ ਦੀ ਖ਼ਬਰ। ਸੁਣਦਿਆਂ ਉਸ ਨੇ ਹੱਥਲੀ ਗੜਵੀ ਵਗਾਹ ਕੇ ਧਿਆਨ ਸਿੰਘ ਦੇ ਮੂੰਹ ਉੱਤੇ ਮਾਰੀ। ਇਉਂ ਉਸ ਨੇ ਸਾਂਝਾ ਕਲੰਕ ਇਕੱਲੇ ਧਿਆਨ ਸਿੰਘ ਡੋਗਰੇ ਦੇ ਮੱਥੇ ਮੜ੍ਹਨ ਦੀ ਕਰੀਬ-ਕਰੀਬ ਸਫਲ ਕੋਸ਼ਿਸ਼ ਕੀਤੀ।

ਪਿਛਲੀ ਇਕ ਸਦੀ ਤੋਂ ਸਿੱਖਾਂ ਲਈ ਜਮਰੌਦ ਦਾ ਨਾਂ ਕਾਬਲੇ ਫ਼ਖ਼ਰ ਰਿਹਾ ਹੈ। ਹਰ ਪੰਥਕ ਮੰਚ ਉਤੋਂ ਹਰੀ ਸਿੰਘ ਦੀਆਂ ਵਾਰਾਂ ਸੁਣੀਆਂ ਜਾ ਚੁੱਕੀਆਂ ਹਨ ਅਤੇ ਸੁਣੀਆਂ ਜਾਂਦੀਆਂ ਰਹਿਣਗੀਆਂ। ਏਹੋ ਜਿਹੇ ਸਰਦਾਰ ਦੀ ਸਮਾਧੀ ਉੱਤੇ ਇਹ ਸ਼ਬਦ ਅੰਗਰੇਜ਼ੀ ਵਿਚ ਉਕਰੇ ਹੋਏ ਹਨ: "ਸਤੰਬਰ 1902 ਵਿਚ ਪਿਸ਼ਾਵਰ ਦੇ ਬਾਬੂ ਗੱਜੂ ਮੱਲ ਕਪੂਰ ਨੇ ਸਿਖ ਜਰਨੈਲ ਹਰੀ ਸਿੰਘ ਨਲੂਆ ਦੀ ਸਮਾਧ ਬਣਵਾਈ, ਜਿਨ੍ਹਾਂ ਦਾ ਏਥੇ 30 ਅਪ੍ਰੈਲ, 1837 ਵਿਚ ਸਸਕਾਰ ਹੋਇਆ ਸੀ।" ਪੰਥ ਦਾ ਆਪਣੇ ਅਨਿੰਨ ਸੇਵਕ ਨੂੰ ਮੁਢੋਂ ਭੁਲਾ ਦੇਣ ਦਾ ਅਤੇ ਉਸ ਦੀ ਸਮਾਧ ਕਿਸੇ ਬਾਬੂ ਗੱਜੂ ਮੱਲ ਕਪੂਰ ਵੱਲੋਂ ਬਣਾਏ ਜਾਣ ਦਾ ਕਲੰਕ ਕਿਹੜਾ ਸ਼ੇਰੇ ਪੰਜਾਬ, ਕਿਹੜੇ ਡੋਗਰੇ ਦੇ ਮੱਥੇ ਮੜ੍ਹੇਗਾ!

ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਉਹ ਬਹਾਦਰ ਜਰਨੈਲ ਸੀ, ਜਿਸ ਨੇ 1818 ਈਸਵੀ ਤੋਂ ਲੈ ਕੇ 1846 ਈਸਵੀ ਤਕ ਕਰੀਬ-ਕਰੀਬ ਹਰ ਲੜਾਈ ਵਿਚ ਆਪਣਾ ਖ਼ੂਨ ਖ਼ਾਲਸਾ ਰਾਜ ਦੇ ਵਾਧੇ ਅਤੇ ਭਲੇ ਹਿੱਤ ਵੀਟਿਆ ਸੀ। ਮੁਲਤਾਨ ਵਿਚ ਉਹ ਬਾਬਾ ਫੂਲਾ ਸਿੰਘ ਦਾ ਹਮ ਰਕਾਬ ਸੀ; ਬੰਨੂ ਦੀ ਫ਼ਤਹਿ ਦੌਰਾਨ ਆਪ ਦਾ ਘੋੜਾ, ਆਪ ਦੇ ਹੇਠਾਂ ਗੋਲੀ ਨਾਲ ਮਰਿਆ; ਸਭਰਾਵਾਂ ਵਿਚ! ਸਭਰਾਵਾਂ ਵਿਚ ਕਿਵੇਂ ਏਸ ਸਰਦਾਰ ਨੇ ਸਿੱਖੀ ਅਣਖ ਅਤੇ ਪੰਜਾਬ ਦੇ ਮਰਦਊਪਣੇ ਨੂੰ ਸੂਰਜਵੱਤ ਰੌਸ਼ਨ ਕੀਤਾ, ਕਿਸੇ ਕਥਨੀ ਦਾ ਮੁਥਾਜ ਨਹੀਂ। ਕਨਿੰਘਮ ਲਿਖਦਾ ਹੈ ਕਿ ਖ਼ਾਲਸਾ ਦਰਬਾਰ ਦੇ ਸਾਰੇ ਕਰਿੰਦਿਆਂ ਵਿਚ ਇੱਕੋ ਇਕ ਮਰਦ ਸ਼ਾਮ ਸਿੰਘ ਸੀ। ਚਿੱਟਾ ਬਾਣਾ ਪਾ ਕੇ ਹੱਥ ਵਿਚ ਤਲਵਾਰ ਫੜ ਕੇ ਉਹ ਡੇਰੀਅਸ ਵਾਂਗ ਜੂਝਿਆ; ਪੱਗਾਂ ਥੰਮ ਕੇ ਲੁਕਾਈ ਵੇਖਣ ਲੱਗੀ। ਜਿਥੇ ਉਹ ਡਿੱਗਿਆ, ਓਥੇ ਲੋਥਾਂ ਦਾ ਅੰਬਾਰ ਲੱਗਿਆ ਹੋਇਆ ਸੀ। ਕਾਦਰਯਾਰ ਉਸਦੀ ਸਿਫ਼ਤ ਵਿਚ ਕਹਿੰਦਾ ਹੈ:

ਫੇ ਫ਼ੌਜ ਵਿਚ ਬਹੁਤ ਸਰਦਾਰ ਨਾਮੀ,
ਸਿਫ਼ਤ ਨਹੀਂ ਕਰ ਸਕਦਾ ਕੁਝ ਕਹਿਣ ਵਾਲਾ।
ਇਕ ਦੂਜੇ ਦਾ ਸਾਨੀ ਚਤਰਾਈ ਦੇ ਵਿਚ,
ਅਤੇ ਲੜਾਈ ਵਿਚ ਪਿਛਾਂਹ ਨਾ ਰਹਿਣ ਵਾਲਾ।

ਐਪਰ ਇਕ ਸਰਦਾਰ ਅਜੀਬ ਯਾਰੋ,
ਜ਼ਖ਼ਮ ਸਾਹਮਣੇ ਮੂੰਹ 'ਤੇ ਸਹਿਣ ਵਾਲਾ।
ਕਾਦਰਯਾਰ ਜਹਾਨ 'ਤੇ ਨਾਮ ਰੌਸ਼ਨ,
ਸ਼ਾਮ ਸਿੰਘ ਅਟਾਰੀ ਦੇ ਰਹਿਣ ਵਾਲਾ।

ਜੇ ਏਹੋ ਸ਼ਾਮ ਸਿੰਘ ਕਿਸੇ ਹੋਰ ਕੌਮ ਵਿਚ ਪੈਦਾ ਹੋਇਆ ਹੁੰਦਾ ਤਾਂ ਰਹਿੰਦੀ ਦੁਨੀਆ ਤਕ ਮਾਵਾਂ ਲਾਡਲਿਆਂ ਦੇ ਨਾਮ ਸ਼ਾਮ ਸਿੰਘ ਰੱਖਦੀਆਂ, ਕੌਮ ਦੇ ਬੀਰ ਸਭਰਾਵਾਂ ਦੀ ਪਾਕ ਮਿੱਟੀ ਨੂੰ ਪੱਗ ਦੇ ਲੜ ਬੰਨ੍ਹ ਕੇ ਆਪਣੇ ਮੱਥਿਆਂ ਉੱਤੇ ਸ਼ਿੰਗਾਰਦੇ, ਉਹਦੇ ਵੰਸ਼ਜਾਂ ਨੂੰ ਮਖ਼ਮਲ ਦੀਆਂ ਕੁਰਸੀਆਂ ਉੱਤੇ ਲੋਕ ਬਿਠਾਉਂਦੇ ਅਤੇ ਉਹਨਾਂ ਦੇ ਚਰਨਾਂ ਨੂੰ ਚੁੰਮਣ ਵਾਲਿਆਂ ਦੀ ਭੀੜ ਠਲ੍ਹਿਆਂ ਠਲ੍ਹੀ ਨਾ ਜਾਂਦੀ। ਪਰੰਤੂ ਅਕਾਲੀ ਰਾਜ ਦੇ ਐਨ ਸਿਖਰ ਉੱਤੇ ਖ਼ਬਰ ਛਪੀ ਕਿ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦਾ ਪੜਪੋਤਰਾ ਪੰਜਾਬ ਦੇ ਇਕ ਅਜਾਇਬ ਘਰ ਵਿਚ ਮਾਮੂਲੀ ਚਪੜਾਸੀ ਦਾ ਕੰਮ ਕਰਦਾ ਗ਼ੁਰਬਤ ਨਾਲ ਘੁਲਦਾ, ਦਿਨਾਂ ਨੂੰ ਧੱਕੇ ਦੇ ਰਿਹਾ ਹੈ। ਏਸੇ ਸਮੇਂ ਬਲਦੇਵ ਸਿੰਘ ਕੌਮ ਫ਼ਰੋਸ਼ ਦਾ ਇਕ ਵੰਸ਼ਜ ਪੰਜਾਬ ਵਿਚ ਅਕਾਲੀ ਵਜ਼ੀਰ ਰਹਿ ਚੁੱਕਿਆ ਸੀ ਅਤੇ ਦੂਜਾ ਅਕਾਲੀ ਵਿਧਾਨ ਸਭਾ ਨੇ ਸਰਬ-ਸੰਮਤੀ ਨਾਲ ਸਪੀਕਰ ਚੁਣਿਆ ਹੋਇਆ ਸੀ। ਕੋਈ ਦੱਸੇਗਾ ਕਿਉਂ ?

ਗ਼ਦਾਰਾਂ ਦੀ ਗ਼ਦਾਰੀ ਰੰਗ ਲਿਆਈ ਅਤੇ ਸ਼ਹੀਦਾਂ ਦੀ ਰੱਤ ਨਾਲ ਚਿਣਿਆ ਸਿਖ ਰਾਜ ਦਾ ਮਹਿਲ ਬਾਲੂ ਦੀ ਭੀਤ ਵਾਂਗ ਕਿਰ ਗਿਆ। ਦੁਸ਼ਮਣ ਨੇ ਅੰਦਾਜ਼ਾ ਲਾਇਆ ਕਿ ਸਿਖ ਪੰਥ ਨੂੰ ਬੇਦਿਲ ਕਰ ਕੇ ਮਲੀਆਮੇਟ ਕਰਨ ਦਾ ਸਮਾਂ ਆ ਗਿਆ ਹੈ। ਈਸਾਈਆਂ ਨੇ ਦਰਬਾਰ ਸਾਹਿਬ ਗਿਰਜਾਘਰ ਬਣਾਉਣ ਦੀ ਵਿਉਂਤ ਰਚ ਲਈ। ਆਰੀਆ ਸਮਾਜੀਆਂ ਨੇ ਛੁਰੀਆਂ ਨੂੰ ਸਾਣ 'ਤੇ ਲਾ ਲਿਆ ਅਤੇ ਸਨਾਤਨੀਆਂ ਨੇ ਦਰਬਾਰ ਸਾਹਿਬ ਦੀ ਪਰਕਰਮਾਂ ਵਿਚ ਵੰਨ-ਸੁਵੰਨੇ ਬੁੱਤ ਰੱਖ ਲਏ। ਸ਼ਰਧਾ ਰਾਮ ਫ਼ਲੌਰੀ ਵਰਗੇ ਮਸਾਣਾਂ ਦੇ ਬਿੱਜੂਆਂ ਨੇ ਗੁਰਮਤਿ ਦਾ ਨਾਸ ਕਰਨ ਹਿੱਤ ਗੁਰੂ ਕੇ ਬਾਗ਼ ਆ ਡੇਰੇ ਲਾਏ; ਕਾਬੇ ਤੋਂ ਕੁਫ਼ਰ ਉਠਣ ਲੱਗਾ।

ਏਸ ਅਤਿ ਭੀਹਾਵਲੇ ਸਮੇਂ ਕੁਝ ਕੁ ਸੂਝਵਾਨ ਸਿੰਘਾਂ ਨੇ ਅਥਾਹ ਹੌਸਲਾ ਕਰ ਕੇ ਸਿੱਖੀ ਪ੍ਰਚਾਰ ਦੀ ਲਹਿਰ ਚਲਾਈ, ਜਿਸ ਨਾਲ ਕੌਮ ਦਾ ਕੁਝ ਢਾਰਸ ਬੱਝਿਆ ਅਤੇ ਚੜ੍ਹਦੀ ਕਲਾ ਵੱਲ ਕਦਮ ਚੁੱਕੇ ਜਾਣ ਲੱਗੇ। ਸਿੱਖੀ ਨੂੰ ਮੁੜ ਸੁਰਜੀਤ ਕਰਨ ਵਾਲੀ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਪ੍ਰਚਾਰਕਾਂ ਵਿੱਚੋਂ ਸਨ—ਪ੍ਰੋਫ਼ੈਸਰ ਗੁਰਮੁਖ ਸਿੰਘ, ਮਈਆ ਸਿੰਘ ਅਤੇ ਗਿਆਨੀ ਦਿੱਤ ਸਿੰਘ। ਪ੍ਰੋਫ਼ੈਸਰ ਗੁਰਮੁਖ ਸਿੰਘ ਗੁਜਰਾਂਵਾਲੇ ਦੇ ਭਾਈ ਵਸਾਵਾ ਸਿੰਘ ਚੰਦੜ ਦੇ ਹੋਣਹਾਰ ਪੁੱਤਰ ਸਨ, ਜੋ ਮਹਾਰਾਜਾ ਸ਼ੇਰ ਸਿੰਘ, ਮਹਾਰਾਜਾ ਨਿਹਾਲ ਸਿੰਘ (ਕਪੂਰਥਲਾ) ਅਤੇ ਕੰਵਰ ਬਿਕ੍ਰਮ ਸਿੰਘ ਦੇ ਰਸੋਈਏ ਰਹੇ ਸਨ। ਸਿਖ ਕੌਮ ਨੇ ਏਸ ਅਦੁੱਤੀ ਹੀਰੇ ਦੀ ਕਦਰ ਬਹੁਤ ਘੱਟ ਪਾਈ; ਅਤੇ ਈਰਖਾ ਆਦਿ ਤੋਂ ਪ੍ਰਭਾਵਿਤ ਹੋਏ, ਚੌਧਰ ਦੇ ਭੁੱਖੇ, ਸਿੰਘ ਸਭੀਏ ਇਹਨਾਂ ਨੂੰ ਸ਼ਰੇਆਮ ਅਖ਼ਬਾਰਾਂ ਅਤੇ ਭਾਸ਼ਣਾਂ ਰਾਹੀਂ 'ਲਾਂਗਰੀ ਦਾ ਤੁਖ਼ਮ' ਕਹਿ ਕੇ ਭੰਡਦੇ ਰਹੇ। ਏਸੇ ਤਰ੍ਹਾਂ ਵਿਰੋਧੀ 'ਸਿਖ' ਪਾਰਟੀਆਂ ਦੀਆਂ ਸਾਜ਼ਿਸ਼ਾਂ ਨੇ, ਨਿਰੋਲ ਸਿੱਖੀ ਪ੍ਰਚਾਰ ਲਈ ਅਰੰਭਿਆ ਮਈਆ ਸਿੰਘ ਦਾ ਪੱਤਰ *ਖ਼ਾਲਸਾ ਅਖ਼ਬਾਰ* ਬੰਦ ਕਰ ਦਿੱਤਾ ਅਤੇ ਉਹਨਾਂ ਦੀ ਗੁਰਮਤਿ ਨੂੰ ਪ੍ਰਚਾਰਨ ਵਾਲੀ ਪ੍ਰੈਸ ਨੂੰ ਸਦਾ ਲਈ ਨਕਾਰਾ ਕਰ ਦਿੱਤਾ। ਉਹਨਾਂ ਨੇ ਗੁਜ਼ਰ ਲਈ ਆਖ਼ਰ ਦੇਸੀ ਦਵਾਈਆਂ ਦੀ ਮਾਮੂਲੀ ਦੁਕਾਨ ਖੋਲ੍ਹੀ ਅਤੇ ਬੜੇ ਸੰਤੋਖ, ਸਬਰ ਅਤੇ ਸੰਜਮ ਨਾਲ ਗ਼ੁਰਬਤ ਵਿਚ ਬੁਢਾਪੇ ਦੇ

ਆਖ਼ਰੀ ਦਿਨ ਗੁਜ਼ਾਰੇ। ਭਾਈ ਦਿੱਤ ਸਿੰਘ ਵਰਗਾ ਬੁਲਾਰਾ ਅਤੇ ਵਿਦਵਾਨ ਪੈਦਾ ਕਰਨ ਲਈ ਤਾਂ ਕੌਮ ਨੂੰ ਕਈ ਦਹਾਕੇ ਉਡੀਕਣਾ ਪਿਆ। ਇਸ ਮਹਾਂਪੁਰਸ਼ ਨੇ ਨਿਰੋਲ ਗੁਰਸਿੱਖੀ ਦਾ ਪ੍ਰਭਾਵਸ਼ਾਲੀ ਪ੍ਰਚਾਰ ਕਰ ਕੇ ਪਤਿਤਪੁਣੇ ਦੀ, ਨਿਤ ਨਰੋਈ ਹੋ ਰਹੀ, ਲਹਿਰ ਨੂੰ ਤਕੜੀ ਨਿੱਗਰ ਠੱਲ੍ਹ ਪਾਈ। ਇਹਨਾਂ ਨੇ ਸਿੱਖੀ ਦੇ ਪ੍ਰਮੁੱਖ ਦੁਸ਼ਮਣ ਦਇਆਨੰਦ ਸਰਸਵਤੀ, ਆਰੀਆ ਸਮਾਜ ਦੇ ਮੋਢੀ, ਨੂੰ ਤਿੰਨ ਵੇਰ ਧਾਰਮਿਕ ਬਹਿਸਾਂ ਵਿਚ ਕਰਾਰੀ ਹਾਰ ਦਿੱਤੀ ਸੀ। ਇਹ ਰਾਮਦਾਸੀਆਂ ਵਿੱਚੋਂ ਸਜੇ ਸਿੰਘ ਸਨ। ਇਹਨਾਂ ਦੀਆਂ ਛੂਆ-ਛੂਤ ਵਿਰੁੱਧ ਬਾ-ਦਲੀਲ ਤਕਰੀਰਾਂ ਨੂੰ ਸਿੰਘ ਸਭੀਏ ਬੜੇ ਗੌਰ ਨਾਲ ਸੁਣਦੇ ਅਤੇ ਆਪ-ਮੁਹਾਰੇ ਅਸ਼ ਅਸ਼ ਕਰ ਉਠਦੇ; ਪਰ ਕੜਾਹ ਪ੍ਰਸ਼ਾਦ ਦੀ ਦੇਗ ਨੂੰ ਉਸ ਵੇਲੇ ਤਕ ਨੇੜੇ ਨਾ ਫਟਕਣ ਦਿੰਦੇ, ਜਦੋਂ ਤਕ ਗਿਆਨੀ ਜੀ ਭਾਸ਼ਣ ਕਰ ਕੇ ਮੰਚ ਤੋਂ ਹੇਠਾਂ ਨਾ ਉਤਰ ਜਾਂਦੇ, ਤਾਂਕਿ ਇਹਨਾਂ ਦੀ ਭਿੱਟ ਕੜਾਹ ਪ੍ਰਸ਼ਾਦ ਨੂੰ ਨਾ ਲੱਗ ਜਾਵੇ। ਧੰਨ ਸਨ ਗੁਰੂ ਦੇ ਇਹ ਸੇਵਕ, ਜਿਨ੍ਹਾਂ ਦੇ ਮਨਾਂ ਵਿਚ ਏਨਾ ਕੁਝ ਵੇਖਦਿਆਂ ਵੀ ਸਿੱਖੀ ਦੀ ਜੋਤਿ ਪ੍ਰਚੰਡ ਬਲਦੀ ਰਹੀ। ਗਿਆਨੀ ਦਿੱਤ ਸਿੰਘ ਦਾ ਅੰਤ ਇਕ ਮੁਸਲਮਾਨ ਦੋਸਤ ਦੇ ਜ਼ਾਤੀ ਦਵਾਖ਼ਾਨੇ ਵਿਚ ਖ਼ੈਰਾਤ ਦੀਆਂ ਦਵਾਈਆਂ ਖਾਂਦਿਆਂ ਹੋਇਆ।

ਇਹ ਤਿੰਨ ਸ਼ਖ਼ਸੀਅਤਾਂ ਸਹੀ ਮਾਅਨਿਆਂ ਵਿਚ ਸਿੱਖੀ ਦੇ ਥੰਮ੍ਹ ਸਨ। ਭਾਈ ਮਨੀ ਸਿੰਘ ਨੂੰ ਏਹੋ ਜਿਹਾ ਵੇਖ ਕੇ ਹਜ਼ੂਰ ਸੱਚੇ ਪਾਤਿਸ਼ਾਹ ਨੇ ਆਪਣੇ ਮੁਬਾਰਕ ਹੱਥਾਂ ਨਾਲ 'ਫ਼ਰਜ਼ੰਦ-ਇ-ਖ਼ਾਸ' ਦਾ ਦਰਜਾ ਦਿੰਦਿਆਂ ਹੋਇਆਂ, ਉਹਨਾਂ ਨੂੰ ਹੁਕਮਨਾਮਾ ਬਖ਼ਸ਼ਿਆ ਸੀ। ਫੇਰ ਓਸੇ ਕਲਗ਼ੀਧਰ ਦੇ ਪੰਥ ਨੇ ਇਹਨਾਂ ਦੀ ਏਨੀ ਦੁਰਗਤੀ ਕਿਉਂ ਕੀਤੀ?

ਏਸੇ ਸਮੇਂ ਦੀ ਇਕ ਵਿਲੱਖਣ ਸ਼ਖ਼ਸੀਅਤ ਹੋਈ ਹੈ ਮੈਕਸ ਆਰਥਰ ਮੈਕਾਲਿਫ਼ (1837-1913)। ਇਹ ਆਇਰਲੈਂਡ ਦਾ ਨਿਵਾਸੀ ਅੰਗਰੇਜ਼ ਹਾਕਮ ਆਈ.ਸੀ.ਐੱਸ. ਬਣ ਕੇ ਪੰਜਾਬ ਵਿਚ ਰਾਜ ਕਰਨ ਆਇਆ ਸੀ। ਏਥੇ ਏਸ ਨੂੰ ਗ਼ੁਲਾਮਾਂ ਦੇ ਧਰਮ ਨਾਲ ਅਥਾਹ ਪਿਆਰ ਹੋ ਗਿਆ। ਇਹਨੀਂ ਦਿਨੀਂ ਸਿਖ ਹਿਰਦਿਆਂ ਨੂੰ ਦੁੱਖ ਦੇਣ ਵਾਲੇ ਟਰੰਪ ਦਾ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗਰੇਜ਼ੀ ਤਰਜਮਾ ਛਪਿਆ। ਸਿਖ ਆਪਣੇ ਧਰਮ ਦੀ ਬੇਅਦਬੀ ਵੇਖ ਕੇ ਤੜਪ ਉੱਠੇ। ਮੈਕਾਲਿਫ਼ ਨੇ ਇਸ ਦਾ ਢੁਕਵਾਂ ਉੱਤਰ ਦੇਣ ਲਈ ਮਨ ਬਣਾਇਆ ਅਤੇ ਉਨ੍ਹਾਂ ਨੇ 1900 ਤੋਂ ਲੈ ਕੇ 1909 ਤਕ ਤਿੰਨ ਖੋਜ ਭਰਪੂਰ ਪੁਸਤਕਾਂ ਸਿਖ ਧਰਮ ਉੱਤੇ ਲਿਖੀਆਂ, ਜਿਹੜੀਆਂ ਕਿ ਅੱਜ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਾਣ ਨਾਲ ਸਿਰੋਪਿਆਂ ਨਾਲ ਬਖ਼ਸ਼ਦੀ ਹੈ। ਏਸ ਕੰਮ ਲਈ ਉਨ੍ਹਾਂ ਨੇ ਆਈ.ਸੀ.ਐੱਸ. ਦੀ ਨੌਕਰੀ ਦਾ ਵੀ ਤਿਆਗ ਕਰ ਦਿੱਤਾ। ਮੈਕਾਲਿਫ਼ ਦਾ ਅੰਤ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਹੋਇਆ। ਏਨੇ ਉੱਚ ਕੋਟੀ ਦੇ ਨਿਸ਼ਕਾਮ ਪੰਥ ਸੇਵਕ ਦੀ ਮੌਤ ਉੱਤੇ ਸ਼ੋਕ ਪ੍ਰਗਟ ਕਰਨ ਲਈ 18 ਮਾਰਚ, 1913 ਨੂੰ ਰਾਵਲਪਿੰਡੀ ਵਿਚ ਇਕ ਆਮ ਜਲਸਾ ਹੋਇਆ, ਜਿੱਥੇ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਏਸ ਤਿਆਗੀ ਦੀ ਢੁਕਵੀਂ ਯਾਦਗਾਰ ਬਣਾਈ ਜਾਵੇ। ਏਸ ਕੰਮ ਲਈ 14 ਆਦਮੀਆਂ ਦੀ ਕਮੇਟੀ ਬਣੀ, ਜਿਸ ਦੇ ਸੈਕਟਰੀ ਬਣੇ ਭਗਤ ਲਕਸ਼ਮਣ ਸਿੰਘ। ਇਹ ਤਿੰਨ ਮਹੀਨਿਆਂ ਦੀ ਛੁੱਟੀ ਲੈ ਕੇ ਪੰਜਾਬ ਭਰ ਵਿਚ ਚੰਦਾ ਉਗਰਾਹੁਣ ਤੁਰੇ। ਸਿਰਤੋੜ ਮਿਹਨਤ ਉਪਰੰਤ ਕੇਵਲ 3245 ਰੁਪਏ ਇਕੱਠੇ ਕੀਤੇ ਜਾ ਸਕੇ। ਏਨੇ ਕੁ ਪੈਸਿਆਂ ਵਿਚ ਮਹਾਨ ਧਨਾਢ ਪੰਥਕ ਹਸਤੀਆਂ ਭਾਈ ਵੀਰ ਸਿੰਘ ਅਤੇ ਸਰਦਾਰ ਬਹਾਦਰ ਸੁੰਦਰ ਸਿੰਘ ਮਜੀਠੀਆ ਦੇ ਚੰਦੇ ਵੀ ਸ਼ਾਮਿਲ ਸਨ। ਉੱਚ ਬੁੱਧੀ ਵਾਲੇ ਬਿਦੇਸ਼ੀ ਦੇ ਸਿੱਖੀ ਪਿਆਰ ਦਾ ਮੁੱਲ ਕੁਝ ਠੀਕਰੀਆਂ

ਵੀ ਨਾ ਪਿਆ; ਕਿਹੋ ਜਿਹੇ ਵਪਾਰੀ ਲੱਭੇ ਸਨ। ਏਨੇ ਕੁ ਪੈਸੇ ਨਾਲ ਕੇਵਲ ਯਾਦਗਾਰੀ ਮੈਡਲ ਹੀ ਦਿੱਤਾ ਜਾ ਸਕਦਾ ਸੀ। ਏਸ ਲਈ ਇਹ ਪੈਸਾ ਖ਼ਾਲਸਾ ਕਾਲਜ ਨੂੰ ਮੈਕਾਲਿਫ਼ ਦੀ ਯਾਦ ਵਿਚ ਮੈਡਲ ਜਾਰੀ ਕਰਨ ਲਈ ਦੇ ਦਿੱਤਾ ਗਿਆ। ਵੇਖੋ ਰੰਗ ਕਰਤਾਰ ਦੇ ਕਿ ਖ਼ਾਲਸਾ ਕਾਲਜ ਦੀ ਪ੍ਰਬੰਧਕ ਕਮੇਟੀ ਨੇ ਮਾਰਚ 1921 ਵਿਚ ਇਹ ਮੈਡਲ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ, ਇਸ ਲਈ ਕਿ ਇਹ ਰਕਮ ਜੂਨ 1921 ਵਿਚ ਕਾਲਜ ਦੇ ਜਨਰਲ ਫ਼ੰਡਾਂ ਵਿਚ ਪਾ ਦਿੱਤੀ ਗਈ। ਕਲਗ਼ੀਆਂ ਵਾਲਾ ਆਪਣੇ 52 ਕਵੀਆਂ ਨੂੰ ਇਕ ਇਕ ਸ਼ਿਅਰ ਬਦਲੇ ਹਾਥੀਆਂ ਦੇ ਹੌਦੇ ਭਰ ਭਰ ਮੁਹਰਾਂ ਦਿੰਦਾ ਸੀ, ਕਿ ਨਹੀਂ ?

ਭਗਤ ਲਕਸ਼ਮਣ ਸਿੰਘ (1863-1944) ਅਥਾਹ ਸਿੱਖੀ ਜਜ਼ਬਾ ਰੱਖਣ ਵਾਲੇ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਨੇ ਖ਼ਾਸ ਤੌਰ ਉੱਤੇ ਵਿਦਿਆ ਅਤੇ ਪੱਤਰਕਾਰੀ ਦੇ ਖੇਤਰ ਵਿਚ ਸਿੱਖੀ ਦੀ ਮੁੱਢਲੀ ਅਤੇ ਨਿਗਰ ਸੇਵਾ ਕੀਤੀ। ਉਹਨਾਂ ਨੇ ਆਪਣੇ ਸਿਰ ਕਰਜ਼ਾ ਚੁੱਕ ਕੇ ਸੁਖੋ ਅਤੇ ਕੱਲਰ ਦੇ ਖ਼ਾਲਸਾ ਸਕੂਲ ਖੋਲ੍ਹੇ ਅਤੇ ਸਿਖ ਨ੍ਰਕਤੇ ਨਜ਼ਰੀਆ ਨੂੰ ਪ੍ਰਚਾਰਨ ਵਾਸਤੇ ਅਖ਼ਬਾਰ ਵੀ ਚਲਾਇਆ। ਕਈ ਸਿੰਘਾਂ ਨੇ ਮਦਦ ਦਾ ਬਚਨ ਦਿੱਤਾ ਸੀ, ਪਰ ਕੋਈ ਵੀ ਨਾ ਬਹੁੜਿਆ ਅਤੇ ਭਗਤ ਜੀ ਪੰਜਾਬ ਨੈਸ਼ਨਲ ਬੈਂਕ ਤੋਂ ਕਰਜ਼ਾ ਲੈ ਕੇ ਮਾਸਟਰਾਂ ਦੀਆਂ ਤਨਖ਼ਾਹਾਂ ਦਿੰਦੇ ਰਹੇ। ਬੈਂਕ ਦਾ ਕਰਜ਼ਾ ਉਤਾਰਨ ਲਈ ਅਣਮੁੱਲੀ ਸੇਵਾ ਛੱਡ ਕੇ ਉਨ੍ਹਾਂ ਨੂੰ ਸਰਕਾਰੀ ਨੌਕਰੀ ਕਰਨੀ ਪਈ। ਨੌਕਰੀ ਦੌਰਾਨ ਉਨ੍ਹਾਂ ਨੂੰ ਤਨਖ਼ਾਹ ਅਤੇ ਘੋੜੇ ਦਾ ਖ਼ਰਚਾ ਮਿਲਦਾ ਸੀ; ਤਨਖ਼ਾਹ ਤਾਂ ਉਹ ਸਾਰੀ ਹੀ ਕਰਜ਼ਾ ਚੁਕਾਉਣ ਲਈ ਦੇ ਦਿੰਦੇ ਅਤੇ ਘੋੜੇ ਦੇ ਖ਼ਰਚੇ ਵਿਚ ਦੋਨੋਂ, ਮਾਲਕ ਅਤੇ ਘੋੜਾ, ਗੁਜ਼ਾਰਾ ਕਰਦੇ ਰਹੇ। ਇਹ ਕਠਿਨ ਤਪੱਸਿਆ ਉਹਨਾਂ ਨੇ ਉੱਨੀ ਸਾਲ ਕੀਤੀ। ਅਖ਼ਬਾਰ ਆਪ ਲਿਖ ਕੇ ਛਾਪਦੇ, ਪਤੇ ਇਤਿਆਦ ਲਿਖਦੇ ਅਤੇ ਅਠਾਹਠ ਸਾਲ ਦੀ ਉਮਰ ਵਿਚ ਪਰਚਿਆਂ ਨੂੰ ਚਾਦਰ ਵਿਚ ਪਾ ਕੇ ਐਡਵਰਡ ਰੋਡ ਤੋਂ ਮਾਲ ਰੋਡ ਉੱਤੇ ਜਨਰਲ ਡਾਕਖ਼ਾਨੇ ਤਕ ਮੋਢੇ ਉੱਤੇ ਚੁੱਕ ਕੇ ਡਾਕ ਵਿਚ ਪਾਉਣ ਜਾਂਦੇ। ਸਦਕੇ ਜਾਈਏ ਸਿਦਕ ਦੇ। ਵਾਰੇ ਵਾਰੇ ਜਾਈਏ ਐਸੀ ਘਾਲਣਾ ਦੇ। ਪਰ ਵੇਖੋ ਕੌਮ ਦੀ ਪੱਥਰ ਦਿਲੀ, ਕਿਸੇ ਨੇ ਏਸ ਬਜ਼ੁਰਗ ਦੇ ਹੱਥ ਨਾ ਚੁੰਮੇ, ਕਿਸੇ ਨੇ ਏਸ ਦੇ ਕਦਮਾਂ ਹੇਠ ਦਿਲ ਨਾ ਵਿਛਾਇਆ, ਕਿਸੇ ਨੇ ਉਹਦੇ ਥੱਕੇ ਮੋਢਿਆਂ ਦਾ ਭਾਰ ਹੌਲਾ ਨਾ ਕੀਤਾ। ਅਚੰਭਾ ਵੇਖੋ ਕਿ ਮਰਨ ਤੋਂ ਬਾਅਦ ਵੀ ਕੌਮੀ ਬੇਨਿਆਜ਼ੀ ਨੇ ਉਨ੍ਹਾਂ ਨੂੰ ਓਵੇਂ ਕਸ ਕਸ ਕੇ ਤੀਰ ਮਾਰੇ। ਉਹਨਾਂ ਦੀ ਆਤਮ ਕਥਾ ਛਾਪਣ ਵਾਸਤੇ ਪ੍ਰੋਫ਼ੈਸਰ ਗੰਡਾ ਸਿੰਘ ਨੂੰ ਦਰ ਦਰ ਭਟਕਣਾ ਪਿਆ, ਪਰ ਪੰਦਰਾਂ ਸਾਲ ਤਕ ਛਾਪਣ ਲਈ ਪੈਸੇ ਹੀ ਨਾ ਜੁੜ ਸਕੇ। ਖ਼ਾਲਸਾ ਕਾਲਜ, ਅੰਮ੍ਰਿਤਸਰ ਦਾ ਮੈਕਾਲਿਫ਼ ਮੈਮੋਰੀਅਲ ਫ਼ੰਡ, ਜੋ ਭਗਤ ਜੀ ਨੇ ਆਪ ਅਜਿਹੇ ਕਾਰਜਾਂ ਲਈ ਇਕੱਠਾ ਕੀਤਾ ਸੀ, ਵੀ ਕੰਮ ਨਾ ਆ ਸਕਿਆ; ਕਿਉਂਕਿ ਪ੍ਰਬੰਧਕਾਂ ਨੇ ਏਸ ਦੇ ਅਧੀਨ ਅੱਸੀ ਸਫ਼ੇ ਤੋਂ ਵੱਧ ਦੀ ਪੁਸਤਕ ਛਾਪਣ ਤੋਂ ਇਨਕਾਰ ਕਰ ਦਿੱਤਾ। "ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ" ਪਰ ਜੇ ਛਪਣ ਹੀ ਨਾ ਤਾਂ ਕਿਵੇਂ ਕਰਨ ?

ਮਹਾਨ ਪੰਥ ਦੀ ਸੰਗ ਦਿਲੀ ਦੀ ਕਹਾਣੀ ਪੁਰਾਣੀਆਂ ਬਾਤਾਂ ਨਾਲੋਂ ਵੀ ਲੰਬੀ ਹੈ; ਖ਼ਤਮ ਹੋਣ ਵਾਲੀ ਤਾਂ ਉੱਕਾ ਹੀ ਨਹੀਂ। ਇਕ ਰੁੱਖ ਉੱਤੇ ਹਜ਼ਾਰਾਂ ਤੋਤੇ ਬੈਠੇ ਹਨ ਅਤੇ ਜੇ ਤੁਰਤ-ਫੁਰਤ ਕਰ ਕੇ ਉਡਾਉਣ ਲੱਗੀਏ ਤਾਂ ਕਈ ਦਹਾਕੇ ਲੱਗ ਜਾਣ ਸਾਰਿਆਂ ਨੂੰ ਉਡਾਉਣ ਵਿਚ। ਜੋ ਗੱਲ ਕਹਿਣੀ ਸੀ ਕਹੀ ਗਈ। ਕੇਵਲ ਏਸ ਮਾਰੂ ਰਵਾਇਤ ਦੀ ਲੀਹ ਨੂੰ ਅਜੋਕੇ ਸਮੇਂ ਤਕ ਲਿਆਉਣਾ ਬਾਕੀ ਹੈ। ਕਾਲਜੇ ਵਿਚ ਘਸੁੰਨ ਲੈ ਕੇ ਉਹ ਵੀ ਕਰ ਲਈਏ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਦੇ ਯੁਗ ਦਾ ਸਿੱਖੀ ਦਾ ਮਹਾਨ ਸੇਵਕ ਹੋਇਆ ਹੈ ਸਿਰਦਾਰ ਕਪੂਰ ਸਿੰਘ ਆਈ.ਸੀ.ਐੱਸ.। ਉਹਨਾਂ ਦੀ ਕਹਾਣੀ ਇਕ ਛੋਟੇ ਜ਼ਿਮੀਂਦਾਰ ਦੇ ਓਸ ਸਿਦਕੀ ਲਾਡਲੇ ਦੀ ਕਹਾਣੀ ਹੈ, ਜੋ ਰਾਜ ਕਾਜ ਦੇ ਦਾਅ ਪੇਚਾਂ ਦਾ ਸਭ ਤੋਂ ਵੱਧ ਜਾਣਨ ਵਾਲਾ ਬਣਿਆ; ਇਕ ਅਨਪੜ੍ਹ ਗ਼ਰੀਬ ਦੇ ਸਪੂਤ ਦੀ ਕਹਾਣੀ ਹੈ, ਜਿਸ ਨੇ ਵਿਦਿਆ ਦੇ ਖੇਤਰ ਵਿਚ ਸਭ ਤੋਂ ਵੱਧ ਮਾਣ ਸਤਿਕਾਰ ਵਾਲੇ ਰੁਤਬੇ ਹਾਸਲ ਕੀਤੇ ਅਤੇ ਆਈ.ਸੀ.ਐੱਸ. ਦੀ ਕਠਿਨ ਪ੍ਰੀਖਿਆ ਪਾਸ ਕੀਤੀ। ਸਿੱਖੀ ਸਿਧਾਂਤਾਂ ਨੂੰ ਸਮਝਣ ਵਿਚ ਕਪੂਰ ਸਿੰਘ, ਅੱਜ ਦੇ ਜ਼ਮਾਨੇ ਦੇ ਰਿਸ਼ੀ, ਭਾਈ ਗੁਰਦਾਸ ਹੋ ਨਿਬੜੇ। ਸਭ ਐਸ਼ ਆਰਾਮ ਵੇਖੇ, ਪਰੰਤੂ ਜਦੋਂ ਬਾਬਾ ਦੀਪ ਸਿੰਘ ਦੇ ਖੰਡੇ ਨੇ ਲੀਕ ਵਾਹੀ ਤਾਂ ਉਹ ਝੱਟ ਸਿਰ ਤਲੀ 'ਤੇ ਰੱਖ ਸਿੱਖੀ ਵਾਲੇ ਪਾਸੇ ਆ ਗਏ। "ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ" ਦੇ ਮਹਾਂਵਾਕ ਉੱਤੇ ਡੱਟ ਕੇ ਪਹਿਰਾ ਦਿੱਤਾ। ਸਿੱਖੀ ਉੱਤੋਂ ਸਭ ਕੁਝ ਨਿਛਾਵਰ ਕਰਨ ਵਾਲੇ ਏਸ ਤਿਆਗੀ ਮਹਾਂਪੁਰਸ਼ ਧੁਰੰਦਰ ਵਿਦਵਾਨ ਦੇ ਸਰੀਰ ਉੱਤੇ ਤੁਸੀਂ ਜਦੋਂ ਚਾਹੋ ਆਪਣਿਆਂ ਵਲੋਂ ਲਾਏ ਕਰਾਰੇ ਜ਼ਖ਼ਮ ਵੇਖ ਸਕਦੇ ਹੋ। ਓਦੋਂ ਵੀ ਜਦੋਂ ਕਿ 'ਹਰ ਜ਼ਲੀਲ ਯਹਾਂ ਕਾਮਯਾਬ ਹੈ ਸਾਕੀ'।

ਕੀ ਇਹ ਕਹਾਣੀ ਕਹਿਣ ਵਾਲੀ ਸੀ ? ਕੀ ਏਸ ਨੂੰ ਪੜ੍ਹ ਸੁਣ ਕੇ ਸਰਵੋਤਮ ਪੰਥ ਦੀ ਸੇਵਾ ਦੀ ਚਾਹ ਮਿਟ ਨਾ ਜਾਊ ? ਕੀ ਕਾਲੀ ਬੋਲੀ ਰਾਤ ਦਾ ਗਹਿਗੱਚ ਹਨੇਰਾ ਦੁਪਹਿਰ ਦੇ ਨੰਗੇ ਚਾਨਣ ਨਾਲੋਂ ਚੰਗਾ ਨਹੀਂ ਸੀ ? ਇਨ੍ਹਾਂ ਸਵਾਲਾਂ ਦਾ ਜੁਆਬ ਸੁਣਨ ਲਈ ਸੰਸਾਰ ਨੂੰ ਕਿਸੇ ਹੋਰ ਅੱਖ ਨਾਲ ਵੇਖਣਾ ਪਵੇਗਾ। ਡੂੰਘੀ ਨਜ਼ਰ ਨਾਲ ਵੇਖਿਆਂ ਤਾਂ ਸੰਸਾਰ ਇਕ ਵਿਸ਼ਾਲ ਪਿੜ ਬਣਿਆ ਹੋਇਆ ਸੀ, ਢੋਲਾਂ 'ਤੇ ਡੱਗੇ ਲੱਗ ਰਹੇ ਸਨ, ਕਿਤੇ ਡੰਡ-ਬੈਠਕਾਂ ਕੱਢੀਆਂ ਜਾ ਰਹੀਆਂ ਸਨ, ਚੋਪੜੇ ਪਿੰਡੇ, ਰੰਗ-ਬਰੰਗੇ ਜਾਂਘੀਏ, ਆਸਵੰਦ ਅੱਖਾਂ, ਚਮਕਦੇ ਤਮਗ਼ੇ...। ਏਨੇ ਨੂੰ ਇਕ ਅਜਬ ਢੋਲੀ ਗ਼ੈਬੋਂ ਉਤਰਦਾ ਦਿਸਿਆ। ਓਸ ਦੇ ਰੌਸ਼ਨ ਮੱਥੇ ਉੱਤੇ ਕਲਗ਼ੀ ਸੀ। ਉਸਦਾ ਚਿਹਰਾ ਨੂਰੋ ਨੂਰ ਸੀ। ਓਸ ਨੇ ਢੋਲ ਉੱਤੇ ਡੱਗਾ ਲਾਇਆ ਤਾਂ ਸਾਰੀ ਲੋਕਾਈ ਥੰਮ ਗਈ। ਉੱਚੀ ਆਵਾਜ਼ ਵਿਚ ਓਸ ਨੇ ਏਹੋ ਕਹਾਣੀ ਸਾਰਿਆਂ ਨੂੰ ਸੁਣਾਈ। ਫੇਰ ਪੱਲੂ ਫੇਰਿਆ, "ਆਉ ! ਜਿਨ੍ਹਾਂ ਨੇ ਸੰਗਤ ਰਾਹੀਂ ਗੁਰੂ ਦੀ ਸੇਵਾ ਕਰਨੀ ਹੋਵੇ; ਜਿਨ੍ਹਾਂ ਨੇ ਗੁਰੂ ਰਾਹੀਂ ਮਨੁੱਖ ਮਾਤਰ ਦੀ ਸੇਵਾ ਕਰਨੀ ਹੋਵੇ; ਜਿਨ੍ਹਾਂ ਨੇ ਇਉਂ ਸੱਚੇ ਦੇ ਦਰਬਾਰ ਸੁਰਖ਼ਰੂ ਹੋਣਾ ਹੋਵੇ। ਆਉ ! "ਸਿਰੁ ਧਰਿ ਤਲੀ ਗਲੀ ਮੇਰੀ ਆਉ ॥" ਕੋਈ ਇਕ ਪਲ ਵੀ ਨਾ ਰੁਕਿਆ। ਜਿਵੇਂ ਜਿਵੇਂ ਕੋਈ ਸੀ ਉਠ ਤੁਰਿਆ, ਕਈ ਲਾਵਾਂ ਵਿਚ ਛੱਡ ਤੁਰੇ, ਕਈ ਦਸਤਾਰਾਂ ਸਜਾਉਂਦੇ ਭੱਜ ਉਠੇ, ਕਈ ਬਾਲ ਖੇਡਣ ਵਾਲੀਆਂ ਢਾਲਾਂ ਕ੍ਰਿਪਾਨਾਂ ਲੈ ਕੇ ਖੇਡਦੇ ਢੋਲੀ ਦੇ ਮਗਰ ਹੋ ਗਏ, ਕਈ ਲੰਮੀਆਂ ਦਾੜ੍ਹੀਆਂ ਵਾਲੇ ਸਾਧੂ, ਸਿੱਧ, ਸੰਤ, "ਮਰਉ ਤਾ ਹਰਿ ਕੇ ਦੁਆਰ" ਗਾਉਂਦੇ, ਢੋਲੀ ਦੇ ਆਸੇ-ਪਾਸੇ ਜਮ੍ਹਾਂ ਹੋਣ ਲੱਗੇ। ਛਿੰਝ ਵਿਚ ਕੋਈ ਦਸਤਾਰ ਵਾਲਾ ਨਾ ਰਿਹਾ। ਹੋਰ ਅਨੇਕ ਵੀ ਢੋਲੀ ਦੇ ਅੱਗੇ ਪਿੱਛੇ ਹੋ ਗਏ। ਇੱਕੋ ਨਾਅਰਾ ਬਾਰ ਬਾਰ ਗੂੰਜ ਰਿਹਾ ਸੀ: "ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ" ਜ਼ੋਰ ਅਜ਼ਮਾਉਣ ਦੇ ਅਥਾਹ ਸ਼ੌਕ, ਬੱਲੇ ਬੱਲੇ ! ਨਸ਼ਿਆ ਦੇਣ ਵਾਲੇ ਆਵਾਜ਼ੇ ! ਚਮਕਦੇ ਇਨਾਮੀ ਮੈਡਲਾਂ ਵੱਲ ਸਭ ਦੀ ਕਾਣੀ ਅੱਖ ਸੀ। ਸ਼ਾਲਾ ਕਿ ਇਹ ਸਭ ਸਦਾ ਏਵੇਂ ਹੀ ਹੁੰਦਾ ਰਹੇ। "ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇ ਧਾਰ॥"

ਵਰਿਆਮ ਮਰਦ ਸਿਰਦਾਰ ਕਪੂਰ ਸਿੰਘ*

ਸ੍ਰਿਸ਼ਟੀ ਦੇ ਰਚਣਹਾਰ ਵਾਸਤੇ ਸੰਸਾਰ ਦੀ ਉਤਪਤੀ, ਪਾਲਣ-ਪੋਸ਼ਣ ਅਤੇ ਅੰਤ ਵਿਨਾਸ਼ ਕੇਵਲ ਇਕ ਖੇਡ ਦੀ ਹੈਸੀਅਤ ਰੱਖਦੀ ਹੈ। ਮਹਾਂਵਾਕ ਹਨ, "ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ" ਜਾਪਦਾ ਹੈ ਕਿ ਉਹ ਬੇਪਰਵਾਹੀ ਵਿਚ ਬੈਠਾ ਮਨ ਦੀ ਮਉਜ ਅਨੁਸਾਰ ਮਨੁੱਖਾਂ ਦੇ ਆਕਾਰ ਕੱਦ ਕਾਠ, ਕਿੰਨੀ ਤਰ੍ਹਾਂ ਦੀਆਂ ਚਾਲਾਂ ਅਤੇ ਕਿੰਨੇ ਕਿੰਨੇ ਦ੍ਰਿਸ਼ਟੀਕੋਣਾਂ ਨਾਲ ਇਹਨਾਂ ਨੂੰ ਬਣਦਾ ਫਬਦਾ ਕਰ ਕੇ ਸੰਸਾਰ ਸਾਗਰ ਵਿਚ ਠੇਲ੍ਹ ਦਿੰਦਾ ਹੈ। ਪਰ ਕਦੇ ਕਦੇ ਉਹ ਗੰਭੀਰ ਹੋ ਕੇ, ਰੀਝ ਨਾਲ ਕੁਝ ਅਜਿਹੇ ਮਨੁੱਖ ਸਾਜਦਾ ਹੈ, ਜੋ ਸੱਚਮੁੱਚ ਉਸਦੀ ਉਤਮਤਾਈ ਦਾ ਪਵਿੱਤਰ ਮੁਜੱਸਮਾ ਹੋ ਨਿਬੜਦੇ ਹਨ। ਇਹਨਾਂ ਦੀ ਕਿਸਮਤ ਘੜਨ ਲੱਗਿਆਂ ਤਾਂ ਉਹ ਜ਼ਰੂਰ ਅਵੇਸਲਾ ਹੋ ਜਾਂਦਾ ਹੈ, ਪਰੰਤੂ ਉਹਨਾਂ ਨੂੰ ਮਨੁੱਖੀ ਗੁਣਾਂ ਨਾਲ ਸ਼ਿੰਗਾਰਨ ਲੱਗਿਆਂ ਬਿਲਕੁਲ ਹੱਦ ਨਹੀਂ ਰਹਿਣ ਦਿੰਦਾ। ਆਪਣੇ ਗੁਣਾਂ ਦੇ ਅਮੁਕ ਭੰਡਾਰ ਵਿੱਚੋਂ ਲੈ ਕੇ ਅਜਿਹੇ ਸੁੱਚੇ ਨਗ ਉਹਨਾਂ ਦੀਆਂ ਰੂਹਾਂ ਵਿਚ ਜੜਦਾ ਹੈ ਕਿ ਸੁਤੇ-ਸਿੱਧ ਮਨ ਉਹਨਾਂ ਦੀਆਂ ਖੜਾਵਾਂ ਵੱਲ ਤੱਕਣ ਲਈ ਮਜਬੂਰ ਹੋ ਜਾਂਦਾ ਹੈ।

ਅਜਿਹੇ, ਵਿਹਲੇ ਵੇਲੇ ਬੈਠ ਕੇ ਬਣਾਏ ਮਨੁੱਖਾਂ ਵਿੱਚੋਂ ਸਨ ਸਿਰਦਾਰ ਕਪੂਰ ਸਿੰਘ ਆਈ.ਸੀ.ਐੱਸ.। ਉਹ ਧੁਰੰਦਰ ਵਿਦਵਾਨ, ਅੱਜ ਦੇ ਜ਼ਮਾਨੇ ਦੇ ਭਾਈ ਗੁਰਦਾਸ ਸਨ। ਰੌਸ਼ਨ ਜ਼ਮੀਰ, ਓੜਕਾਂ ਦੀ ਅਣਖ ਅਤੇ ਇਮਾਨਦਾਰੀ ਵਾਲੇ ਅਥਾਹ ਸ਼ਰਧਾਵਾਨ, ਗੁਰੂ ਨੂੰ ਪਰਮੇਸ਼ਰ ਦਾ ਰੂਪ ਜਾਣਨ ਵਾਲੇ ਅਤੇ ਇਕ ਇਕ ਗੁਰਵਾਕ ਨੂੰ ਹਿਰਦੇ ਦੀਆਂ ਧੁਰ ਡੂੰਘਾਈਆਂ ਵਿਚ ਵਸਾਉਣ ਵਾਲੇ ਸਨ। ਸਿਰਦਾਰ ਕਪੂਰ ਸਿੰਘ ਹਰ ਵਰਤਾਰਾ, ਅਮਿਟ ਗੁਰਵਾਕ ਦੀ ਕਸਵੱਟੀ ਉੱਤੇ ਪਰਖ ਕੇ ਕਰਦੇ ਸਨ, ਦਸਵੇਂ ਸ਼ਹਿਨਸ਼ਾਹ ਦੇ ਅੰਤਮ ਬਚਨਾਂ ਅਨੁਸਾਰ ਉਹਨਾਂ ਸਦਾ ਪੂਜਾ ਅਕਾਲ ਦੀ ਕੀਤੀ, ਭਲਾ ਪੰਥ ਦਾ ਲੋਚਿਆ ਅਤੇ ਪਰਚਾ ਸ਼ਬਦ ਦਾ ਲਾਇਆ।

ਭਾਸ਼ਾ ਗਿਆਨ, ਵਾਕ ਬਣਤਰ ਅਤੇ ਲਹਿਜੇ ਦਾ ਸਮਰਾਟ ਸੀ, ਇਹ ਦਾਨਾ ਸਿਰਦਾਰ। ਬੋਲੀ ਭਾਵੇਂ ਗੁਰੂਆਂ ਪੀਰਾਂ ਦੀ ਨਿਵਾਜ਼ੀ ਪੰਜਾਬੀ ਹੋਵੇ, ਲਹਿੰਦਾ, ਅੰਗਰੇਜ਼ੀ, ਫ਼ਾਰਸੀ, ਉਰਦੂ, ਅਰਬੀ, ਪਾਲੀ ਜਾਂ ਸੰਸਕ੍ਰਿਤ। ਸਮੁੱਚੇ ਪੰਜਾਬੀ ਸਾਹਿਤ ਵਿਚ ਲਫ਼ਜ਼ 'ਸੀਤੋ-ਸੀਤਾ' ਕੇਵਲ ਇਕ ਵਾਰ ਵਰਤਿਆ ਗਿਆ ਹੈ ਅਤੇ ਉਹ ਵਰਤਿਆ ਹੈ ਸ੍ਰੀ ਗੁਰੂ ਨਾਨਕ ਹਜ਼ੂਰ ਨੇ ਜਪੁਜੀ ਸਾਹਿਬ ਦੀ "ਤਿਥੈ ਸੀਤੋ ਸੀਤਾ ਮਹਿਮਾ ਮਾਹਿ" ਤੁਕ ਵਿਚ। ਜਪੁਜੀ ਸਾਹਿਬ ਦੇ ਹਜ਼ਾਰਾਂ ਟੀਕਾਕਾਰਾਂ ਵਿੱਚੋਂ ਕੇਵਲ ਸਿਰਦਾਰ ਕਪੂਰ ਸਿੰਘ ਹੀ ਨਿੱਤਰਿਆ, ਜੋ ਏਸ ਸ਼ਬਦ ਦੇ ਸਹੀ ਭਾਵਾਂ ਨੂੰ ਖੋਲ੍ਹ ਕੇ ਸਮਝਾ ਸਕਿਆ। ਜਿਵੇਂ ਭਾਸ਼ਾਵਾਂ ਉਹਨਾਂ ਸਾਹਮਣੇ ਮੋਮ ਬਣ ਢਲਦੀਆਂ ਸਨ, ਉਹਨਾਂ ਦੇ ਇਸ਼ਾਰਿਆਂ ਉੱਤੇ ਥਿਰਕਦੀਆਂ

---

* ਸਿਰਦਾਰ ਕਪੂਰ ਸਿੰਘ ਜੀ ਦੀ ਸ਼ਖ਼ਸੀਅਤ ਵਿਚਲੀ ਵਰਿਆਮਗੀ ਨੂੰ ਪ੍ਰਗਟਾਉਂਦਾ ਇਹ ਲੇਖ 13 ਅਗਸਤ, 1986 ਨੂੰ ਉਨ੍ਹਾਂ ਦੇ ਪਰਲੋਕ ਗਮਨ ਕਰ ਜਾਣ ਉਪਰੰਤ ਲਿਖਿਆ ਗਿਆ।

ਸਨ, ਓਵੇਂ ਪਰਬਤਾਂ ਹੇਠ ਦੱਬੀਆਂ ਖੋਜ ਉਡੀਕਦੀਆਂ ਉਲਝਣਾਂ ਅਤੇ ਫ਼ਲਸਫ਼ੇ ਦੀਆਂ ਡੂੰਘੀਆਂ ਰਮਜ਼ਾਂ ਇਹਨਾਂ ਸਾਹਮਣੇ ਆਉਂਦੀਆਂ ਹੀ ਆਪਣੇ ਘੁੰਡ ਚੁੱਕ ਦਿੰਦੀਆਂ ਸਨ।

ਉਹਨਾਂ ਦੀ ਦਾਨਾਈ ਦਾ ਸਾਨੀ ਜ਼ਮਾਨੇ ਵਿਚ ਨਹੀਂ ਸੀ। ਹਜ਼ਾਰਾਂ ਮਨੁੱਖਾਂ ਦੀ ਸਿਆਣਪ ਸਮੇਟ ਕੇ ਕੁਦਰਤ ਨੇ ਉਹਨਾਂ ਦੇ ਅਣਖੀ ਮਸਤਕ ਦਾ ਸ਼ਿੰਗਾਰ ਬਣਾਈ ਸੀ। ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ (ਚਾਹੇ ਕਿਸੇ ਨਾਂਅ ਹੇਠ ਛਪਿਆ) ਗੁਰਬਾਣੀ ਅਤੇ ਸਿਖ ਸਮਾਜ ਦੇ ਸਿਧਾਂਤਾਂ ਦੀ ਵਿਆਖਿਆ ਉਹਨਾਂ ਦੀ ਸੂਝ-ਬੂਝ ਦੇ ਕ੍ਰਿਸ਼ਮੇ ਹਨ। ਆਪ ਗੁਰਵਾਕਾਂ ਨੂੰ ਇੰਨ-ਬਿੰਨ ਅਖ਼ਰ-ਬ-ਅਖ਼ਰ ਨਿੱਗਰ ਸਦੀਵੀ ਸੱਚ ਪ੍ਰਵਾਨ ਕਰਕੇ ਅਗਾਂਹ ਪੈਰ ਪੁੱਟਦੇ ਸਨ। ਜੇ ਕੋਈ ਅੜਾਉਣੀ ਆ ਬਹੁੜਦੀ ਤਾਂ ਉਹ ਗੁਰਬਾਣੀ ਦੇ ਕਿਸੇ ਨੁਕਤੇ ਉੱਤੇ ਸ਼ੰਕਾ ਕਰਨ ਦੀ ਬਜਾਏ ਆਪਣੀ ਸਮਝ ਨੂੰ ਬਾਰ ਬਾਰ ਸਾਧਦੇ। ਅਮੂਮਨ ਡੂੰਘੀਆਂ ਟੁਭੀਆਂ ਲਾ ਕੇ ਸ਼ਬਦਾਂ ਨੂੰ ਸ਼ਿੰਗਾਰਨ ਲਈ ਵੱਡੇ ਕੀਮਤੀ ਮੋਤੀ ਲੱਭ ਕੇ ਲਿਆਉਂਦੇ। 'ਸੀਤੋ ਸੀਤਾ' ਦੀ ਵਿਆਖਿਆ ਸੋਚਵਾਨਾਂ ਨੂੰ ਵਿਸਮਾਦ ਵਿਚ ਲੈ ਜਾਣ ਦੇ ਕਾਬਿਲ ਹੈ। ਸੁਖਮਨੀ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਕਈ ਪੱਖੋਂ ਵਿਦਵਤਾ ਭਰਪੂਰ ਹੈ। ਭਾਈ ਮਨੀ ਸਿੰਘ ਵਾਂਗ ਪੰਥ ਦੀ ਏਸ ਅਦੁੱਤੀ ਮਣੀ ਦਾ ਕਿਹੜਾ ਕਿਹੜਾ ਪਹਿਲੂ ਦਰਸਾਇਆ ਜਾਵੇ!

ਉਹਨਾਂ ਦੀ ਵਿਦਵਤਾ ਕਿਤਾਬੀ ਗਿਆਨ ਤੋਂ ਉਤਾਂਹ, ਸਾਗਰ ਦੀਆਂ ਗਹਿਰਾਈਆਂ ਤੋਂ ਅਥਾਹ ਅਤੇ ਕਾਵਿ ਦੀਆਂ ਉਡਾਰੀਆਂ ਤੋਂ ਅਗਾਂਹ ਸੀ। ਸ਼ਾਹ ਮੁਹੰਮਦ ਨੇ ਓਹਨਾਂ ਨੂੰ ਅਕਲ ਦਾ ਕੋਟ ਕਹਿਣਾ ਸੀ, ਪਰ ਉਹ ਹੋਰ ਪਰ੍ਹੇ ਸਨ। ਉਹਨਾਂ ਵਾਂਗ ਅਦੁੱਤੀ ਭਾਈ ਰਤਨ ਸਿੰਘ ਭੰਗੂ ਆਪਣੇ *ਪੰਥ ਪ੍ਰਕਾਸ਼* ਵਿਚ ਅਜਿਹੇ ਲੋਕਾਂ ਨੂੰ ਅਨੁਭਵੀ ਮੰਨ ਕੇ ਦੱਸਦੇ ਹਨ, "ਅਨਭਵ ਪਾਰਸ ਦੀ ਕਣੀ ਤਾ ਮੈ ਲਾਖ ਸੁਮੇਰ।" ਪੁਰਾਤਨ ਸ਼ਰਧਾਵਾਨ ਸਿੰਘਾਂ ਵਾਂਗ ਉਹਨਾਂ ਦੀ ਸੁਰਤ ਕਿਵੇਂ ਨਾ ਕਿਵੇਂ ਸਮਝ ਦੇ ਅਦਿਖ ਸੋਮਿਆਂ ਨਾਲ ਜੁੜੀ ਹੋਈ ਸੀ। ਕੋਈ ਮਨੁੱਖੀ ਸੂਝ ਬੂਝ ਉਹ ਕ੍ਰਿਸ਼ਮੇ ਨਹੀਂ ਵਿਖਾ ਸਕਦੀ, ਜੋ ਉਹਨਾਂ ਦੀਆਂ ਪੁਸਤਕਾਂ ਦੇ ਹਰ ਪੰਨੇ ਦਾ ਸ਼ਿੰਗਾਰ ਹਨ। ਉਹਨਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਮਰਨੋਪਰੰਤ ਦੁਨਿਆਵੀ ਚੀਜ਼ਾਂ ਤਾਂ ਏਥੇ ਰਹਿ ਜਾਂਦੀਆਂ ਹਨ, ਪਰੰਤੂ ਘਾਲਣਾ ਘਾਲ ਕੇ ਪ੍ਰਾਪਤ ਕੀਤਾ ਗਿਆਨ ਆਤਮਾ ਰੂਪ ਹੋ ਕੇ ਜ਼ਰੂਰ ਜਨਮ-ਜਨਮਾਂਤਰਾਂ ਤੋੜੀ ਸਾਥ ਨਿਭਾਉਂਦਾ ਹੈ।

ਜਿਨ੍ਹਾਂ ਨੇ ਉਹਨਾਂ ਦੀ ਜ਼ਬਾਨ ਤੋਂ ਫੁਨਹੇ ਮਹਲਾ ਪੰਜਵਾਂ ਦੀ ਵਿਆਖਿਆ ਸੁਣੀ ਹੈ, ਉਹ ਕਿਆਮਤ ਤਕ ਸਾਹਿਬ ਪੰਜਵੇਂ ਪਾਤਿਸ਼ਾਹ ਹਜ਼ੂਰ ਦੇ ਜ਼ਰ-ਖ਼ਰੀਦ ਗ਼ੁਲਾਮ ਰਹਿਣਗੇ। ਸਿਰਦਾਰ ਕਪੂਰ ਸਿੰਘ ਧਰਮ ਦੇ ਰਹੱਸਾਂ ਨੂੰ ਸਪੱਸ਼ਟ ਕਰਨ ਦੀ ਅਸਾਧਾਰਣ ਸਮਰੱਥਾ ਰੱਖਦੇ ਸਨ, ਚਾਹੇ ਉਹ ਸਿਖ ਧਰਮ ਹੋਵੇ ਅਥਵਾ ਸੂਫ਼ੀਵਾਦ, ਈਸਾਈ ਮੱਤ, ਬੁੱਧ ਧਰਮ, ਜੈਨ ਜਾਂ ਹਿੰਦੂ ਮੱਤ। ਪਰ ਖ਼ਾਲਸੇ ਦੇ ਸਿਧਾਂਤ ਨਾਲ ਉਹਨਾਂ ਦਾ ਇਸ਼ਕ ਕੇਵਲ ਜਨੂੰਨ ਦੀ ਹੱਦ ਤੋਂ ਉਰ੍ਹੇ ਸੀ।

ਫ਼ਲਸਫ਼ੇ ਦੇ ਪਿੜ ਦੇ ਉਹ ਸ਼ਾਹ-ਅਸਵਾਰ ਸਨ। ਉਹਨਾਂ ਦਾ ਹਰ ਵਖਿਆਨ ਸੁਰਗ ਦਾ ਝੂਟਾ ਹੁੰਦਾ ਸੀ। ਉਹਨਾਂ ਦੀ ਹਰ ਕਥਨੀ ਵਿਚ ਸ਼ਹਿਨਸ਼ਾਹ ਹਜ਼ੂਰ ਕਲ਼ਗੀਆਂ ਵਾਲੇ ਦੀ ਕਲ਼ਗੀ ਦਾ ਝਲਕਾਰਾ, ਨੀਲੇ ਘੋੜੇ ਦੇ ਸੁਹਣੇ ਸੁੰਮਾਂ ਦੀ ਟਾਪ ਅਤੇ ਚਿੱਟੇ ਬਾਜ਼ ਦੀ ਸਾਵੀਂ ਉਡਾਰੀ ਹੁੰਦੀ ਸੀ। ਸ੍ਰੀ ਗੁਰੂ ਨਾਨਕ ਪਾਤਿਸ਼ਾਹ ਹਜ਼ੂਰ ਦੇ ਰੁਤਬੇ ਤੇ ਖ਼ਿਆਲਾਂ ਦੀ ਤਸ਼ਰੀਹ ਕਰਦੇ ਤਾਂ ਹਰ ਗੁਰਸਿੱਖ ਨੂੰ ਕੀਲ ਲੈਂਦੇ ਸਨ। ਮੈਂ ਉਹਨਾਂ ਨਾਲ ਕਈ ਵਾਰ ਇਕੱਲਿਆਂ ਸਫ਼ਰ ਕੀਤਾ, ਉਹਨਾਂ ਉੱਤੇ ਮੋਟਰ ਦੀ ਮੱਠੀ ਆਵਾਜ਼ ਅਤੇ ਰਫ਼ਤਾਰ ਸ਼ਮਾਅ ਦਾ ਅਸਰ ਕਰਦੀ ਸੀ। ਉਹ ਵਜਦ ਵਿਚ ਆ ਜਾਂਦੇ ਸਨ ਅਤੇ ਆਪਣੇ ਅਨੁਭਵ ਦੇ

ਖ਼ਜ਼ਾਨੇ ਲੁਟਾਉਣ ਲੱਗ ਪੈਂਦੇ ਸਨ, ਜਿਵੇਂ ਕਦੇ ਸ਼ੇਖ਼ ਸਲਾਹਉਦ-ਦੀਨ ਜਰਕੋਬ ਅਤੇ ਮੌਲਾਨਾ ਜਲਾਲ-ਉਦ-ਦੀਨ ਮੁਹੰਮਦ ਰੂਮੀ ਨੇ ਵਰਕ ਉੱਤੇ ਵਜਦੇ ਹਥੌੜੇ ਦੀ ਲੈਅ ਵਿਚ ਆ ਕੇ ਦੁਕਾਨ ਉੱਤੇ ਪਿਆ ਸਾਰਾ ਸੋਨਾ, ਚਾਂਦੀ ਪਲ ਵਿਚ ਖ਼ੁਦਾ ਦੇ ਰਾਹ ਉੱਤੇ ਵਰਤਾ ਦਿੱਤਾ ਸੀ। ਉਹ ਗੁਰੂ ਦੀ ਯਾਦ ਵਿਚ ਲੀਨ ਹੋ ਕੇ ਜਦੋਂ ਸੁਤੇ ਹੀ ਉਸਤਤਿ ਕਰਦੇ ਸਨ ਤਾਂ ਜਾਪਦਾ ਸੀ ਕਿ ਗੁਰੂ ਗ੍ਰੰਥ ਸਾਹਿਬ ਦੇ ਅਦੁੱਤੀ ਭੱਟ ਅੱਖੀਂ ਵੇਖੇ ਸਤਿਗੁਰ ਦਾ ਸਰੂਪ ਬਿਆਨ ਕਰ ਰਹੇ ਹਨ। ਸਾਹਿਬਾਂ ਦੇ ਅਣਿਆਲੇ ਤੀਰਾਂ ਨਾਲ ਉਹਨਾਂ ਦੀਆਂ ਯਾਦਾਂ ਦੇ ਭੱਥੇ ਭਰੇ ਪਏ ਸਨ। ਗੁਰਧਾਮਾਂ ਦੇ ਹਰ ਕਿਣਕੇ ਨੂੰ ਉਹਨਾਂ ਦੇ ਅਥਾਹ ਜਜ਼ਬੇ ਦੀ ਉਡਾਰੀ, ਇਕ ਪਲ ਵਿਚ ਹਜ਼ਾਰਾਂ ਗਲਵਕੜੀਆਂ ਪਾਉਂਦੀ ਸੀ। ਜਿਹਨਾਂ ਨੇ ਉਹਨਾਂ ਨਾਲ ਗੁਰਧਾਮਾਂ ਦੀ ਯਾਤਰਾ ਕੀਤੀ ਹੈ, ਜਾਣਦੇ ਹਨ ਕਿ ਕਿਵੇਂ ਹਰ ਮਿੱਟੀ ਦੀ ਢੇਰੀ ਦਾ ਇਤਿਹਾਸ ਉਹਨਾਂ ਦੀ ਅਦਭੁਤ ਯਾਦ ਵਿਚ ਵੱਸਿਆ ਹੋਇਆ ਸੀ। ਦੁਨੀਆ ਕੇਵਲ ਜ਼ਬਾਨੀ ਗਾਉਂਦੀ ਹੈ, ਉਹਨਾਂ ਦਾ ਸਾਰਾ ਵਜੂਦ ਵਜਦ ਵਿਚ ਆ ਕੇ ਅਰਸ਼ੀ ਨਾਦ ਕਰਦਾ ਸੀ, "ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥ ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥"

ਪੰਥ ਦਾ ਭਲਾ ਓਹਨਾਂ ਏਸ ਕਦਰ ਲੋਚਿਆ ਕਿ ਹਰ ਸੁੱਖ ਆਰਾਮ, ਹਰ ਅਹੁਦਾ, ਦੌਲਤ ਆਪਣੇ ਪੰਥ ਦੀ ਭਲਾਈ ਲਈ ਕੁਰਬਾਨ ਕਰ ਦਿੱਤਾ। ਕੇਵਲ ਸੱਚ, ਧਰਮ ਅਤੇ ਗੁਰੂ ਦੇ ਆਸਰੇ ਪਹਾੜਾਂ ਨਾਲੋਂ ਵੱਡੀਆਂ ਪੰਥ ਵਿਰੋਧੀ ਤਾਕਤਾਂ ਨਾਲ ਉਹ ਨਿਰੰਤਰ ਜੂਝਦੇ ਰਹੇ। ਲੋਕਾਂ ਦੀ ਚਤੁਰਾਈ ਉਪਮਾ ਤੋਂ ਉਹਨਾਂ ਕਿਨਾਰਾ ਕਰ ਲਿਆ ਅਤੇ ਨੰਗੇ ਧੜ ਰਾਜਸੀ-ਕੋਪ ਦਾ ਰੋਹ ਝੱਲਦੇ ਰਹੇ। ਹੀਰੇ, ਮੋਤੀਆਂ ਨਾਲ ਖੇਡਣ ਵਾਲਾ ਇਹ ਸੂਰਮਾ ਇਕ ਵੇਲੇ ਭੁੱਖ ਹੱਥੋਂ ਵੀ ਤੰਗ ਆ ਗਿਆ, ਪਰ ਉਸਨੇ ਆਪਣਾ ਸਿਰੜ ਨਾ ਛੱਡਿਆ। ਹਰ ਹਾਲਤ, ਹਰ ਦੌਰ ਵਿਚ ਉਹਨਾਂ ਦੀ ਨਜ਼ਰ ਪੰਥ ਦੀ ਬਿਹਤਰੀ ਦੇ ਰਾਹ ਉੱਤੇ ਵਿਛੀ ਰਹੀ। ਇਕ ਸਤਰਕ ਸਿਪਾਹੀ ਵਾਂਗ ਨਿਰਸੰਕੋਚ ਪੰਥਕ ਹਿੱਤਾਂ ਉੱਤੇ ਡੱਟ ਕੇ ਪਹਿਰਾ ਦਿੰਦੇ ਰਹੇ। ਕੋਹ ਕਾਫ਼ ਪਰਬਤ ਵਾਂਗ *ਸਾਚੀ ਸਾਖੀ* ਉਹਨਾਂ ਦੇ ਡੂੰਘੇ ਦਰਦ ਦੀ ਲੰਬੀ ਦਾਸਤਾਨ ਹੈ, ਜਿਸਦੇ ਹਰ ਅੱਖਰ ਵਿੱਚੋਂ ਪੰਥ ਪਿਆਰ ਦੇ ਸੋਮੇ ਫੁੱਟ ਫੁੱਟ ਪੈਂਦੇ ਹਨ।

ਗੁਰੂ ਦੇ ਨਾਂਅ ਉੱਤੇ ਹਰ ਖ਼ੁਸ਼ੀ ਦੇ ਸਦਕੇ ਕਰਨ ਵਾਲਾ ਅਤੇ ਉਸਦੇ ਦਰ ਉੱਤੇ ਨਿਮਾਣਾ ਬਣ ਸੰਗਤਾਂ ਦੀ ਚਰਨ ਧੂੜ ਨੂੰ ਮੱਥੇ ਉੱਤੇ ਲਾਉਣ ਵਾਲਾ ਇਹ ਸਿਰਦਾਰ ਕਹਿਰਾਂ ਦਾ ਅਣਖੀ ਸੀ। ਅੰਗਰੇਜ਼ੀ ਸਲਤਨਤ ਉਸਦੀ ਖ਼ੁਦਦਾਰੀ ਵਿਚ ਖਮ ਨਾ ਲਿਆ ਸਕੀ ਅਤੇ ਨਾ ਹੀ ਖ਼ਿਜ਼ਰ ਹਯਾਤ ਵਰਗੇ ਮੁਗ਼ਲਾਂ ਦੇ ਵਾਰਿਸ ਜਾਂ ਨਵੀਂ ਬਣੀ ਹਿੰਦੂ ਸਲਤਨਤ ਦੇ ਪ੍ਰਚੰਡ ਤਪਦੇ ਗਾਂਧੀ, ਨਹਿਰੂ, ਪਟੇਲ ਵਰਗੇ ਆਦਮਖ਼ੋਰ।

ਸਿਆਸੀ ਪੱਧਰ ਉੱਤੇ ਪੰਥ ਲਈ ਜੋ ਘਾਲਣਾ ਇਕੱਲੇ ਏਸ ਜਵਾਂ ਮਰਦ ਨੇ ਘਾਲੀ, ਉਹ ਸਾਰੇ ਦੇ ਸਾਰੇ ਅਕਾਲੀ ਦਲ ਨੇ ਪਿਛਲੀ ਅੱਧੀ ਸਦੀ ਵਿਚ ਨਹੀਂ ਘਾਲੀ। ਸਿੱਖਾਂ ਦੇ ਮਸਲੇ ਨੂੰ ਕੇਵਲ ਸਿਰਦਾਰ ਕਪੂਰ ਸਿੰਘ ਨੇ ਪਾਰਲੀਮੈਂਟ ਦੇ ਰਿਕਾਰਡ ਉੱਤੇ ਲਿਆਂਦਾ, ਜੋ ਸਿਖ ਸਿਆਸਤ ਦਾ ਸਾਰਥਿਕ ਵਿਚਾਰ ਹੈ ਉਹ ਸਿਰਦਾਰ ਦੀ ਦੇਣ ਹੈ। ਖ਼ਾਲਸਾ ਜੀ ਦੇ ਬੋਲ ਬਾਲੇ ਅਤੇ ਸਿਖ ਹੋਮਲੈਂਡ ਦੇ ਸੰਕਲਪ ਦੇ ਉਹ ਮੁੱਦਈ ਸਨ। ਉਹ ਕਹਿੰਦੇ ਸਨ ਕਿ ਕਿਸੇ ਵੀ ਨਿਰਪੱਖ ਦੇਸ਼ ਭਗਤ ਨੂੰ ਉਹ ਕਾਇਲ ਕਰ ਸਕਦੇ ਹਨ ਕਿ ਸਿਖ ਹੋਮਲੈਂਡ ਦੀ ਕਾਇਮੀ ਸਾਰੇ ਦੇਸ਼ ਦੇ ਭਲੇ ਵਿਚ ਹੈ ਅਤੇ ਹਿੰਦੁਸਤਾਨ ਦੀ ਏਕਤਾ ਦੀ ਪੱਕੀ ਗਾਰੰਟੀ ਹੈ। ਆਨੰਦਪੁਰ ਸਾਹਿਬ ਦਾ ਮਤਾ ਜੋ ਹਿੰਦੁਸਤਾਨ ਦੀ ਸਿਆਸਤ ਦਾ ਧ੍ਰੂ ਤਾਰਾ ਬਣ

ਚੁੱਕਿਆ ਹੈ, ਉਹਨਾਂ ਦੀ ਮਹਾਨ ਲੇਖਣੀ ਦੀ ਦੇਣ ਹੈ। ਨਿਸ਼ਚੈ ਜਾਣੋ ਕਿ ਸਿੱਖੀ ਦੀ ਬਿਹਤਰੀ ਲਈ ਜੋ ਰਾਜਸੀ ਨਿਸ਼ਾਨਾ ਖ਼ਾਲਸਾ ਪੰਥ ਆਉਣ ਵਾਲੇ ਸਮੇਂ ਵਿਚ ਮਿਥੇਗਾ ਅਤੇ ਜੋ ਪੈਂਤੜਾ ਉਸਦੀ ਪ੍ਰਾਪਤੀ ਲਈ ਖ਼ਾਲਸਾ ਕੱਢੇਗਾ, ਉਸ ਉੱਤੇ ਸਿਰਦਾਰ ਕਪੂਰ ਸਿੰਘ ਦੀ ਸੋਚ ਦੀ ਡੂੰਘੀ ਛਾਪ ਹੋਵੇਗੀ। ਸਿਖ ਸਿਆਸਤ ਦੇ ਹੋਰ ਸਿਧਾਂਤ ਦਾ ਨਿਰੂਪਣ, ਹਰ ਵੇਰਵੇ ਦੀ ਰੂਪ ਰੇਖਾ ਜਾਣਨ ਲਈ ਇਤਿਹਾਸਕਾਰ ਸਦੀਆਂ ਤਕ ਏਸ ਸਾਧੂ ਸਿਰਦਾਰ ਦੀਆਂ ਲਿਖਤਾਂ ਪੜਚੋਲਦੇ ਰਹਿਣਗੇ। *ਸਾਚੀ ਸਾਖੀ* ਕੌਮ ਲਈ ਸਦਾ ਚਾਨਣ ਮੁਨਾਰੇ ਦਾ ਕੰਮ ਦਿੰਦੀ ਰਹੇਗੀ।

ਸ਼ੋਕ ਕਿ ਕੌਮ ਅਜੇ ਦੂਰ-ਅੰਦੇਸ਼ ਸੂਝਵਾਨ, ਸ਼ਰਧਾਵਾਨ ਦਰਵੇਸ਼ ਸਿੰਘ ਨੂੰ ਛੱਡ ਕੇ ਅਧਪੜ੍ਹੇ ਜ਼ਮੀਰ ਫ਼ਰੋਸ਼ਾਂ, ਮਦਾਰੀਆਂ ਅਤੇ ਕੁਰਸੀਆਂ ਦੇ ਚਾਹਵਾਨਾਂ ਨੂੰ ਹੀ ਸਿਆਸੀ ਨੇਤਾ ਪ੍ਰਵਾਨ ਕਰਦੀ ਰਹੀ।

ਉਹ ਸਦਾ ਕੌਮ ਦੇ ਨੌਜਵਾਨਾਂ ਨੂੰ ਪੰਥ ਦੀ ਵਾਗਡੋਰ ਆਪਣੇ ਹੱਥ ਵਿਚ ਲੈਣ ਲਈ ਪ੍ਰੇਰਦੇ ਰਹਿੰਦੇ ਸਨ। ਉਹਨਾਂ ਦਾ ਯਕੀਨ ਸੀ ਕਿ ਇਹੋ ਗੁਰ-ਆਸ਼ਾ ਹੈ। *ਸੌ ਸਾਖੀ* ਦੇ ਇਹ ਵਾਕ ਉਹ ਹਮੇਸ਼ਾ ਉਚਾਰਦੇ ਰਹਿੰਦੇ ਸਨ, "ਦੇਸ ਛੋਡ ਜਬ ਜਾਹਿ ਫਿਰੰਗੀ। ਗਾਜੇਂਗੇ ਤਬ ਮੋਰੇ ਭੁਜੰਗੀ।"

ਗੱਲ ਕੀ, ਸਿੱਖੀ ਜੀਵਨ ਦਾ ਕੋਈ ਪਹਿਲੂ ਨਹੀਂ ਸੀ, ਜਿਹੜਾ ਉਹਨਾਂ ਦੀ ਨਵੀਂ ਨਿੱਗਰ ਸੋਚ ਨੇ ਧੋ ਮਾਂਜ ਕੇ ਬਿਹਤਰ ਨਾ ਲਿਸ਼ਕਾਇਆ ਹੋਵੇ।

ਉਹਨਾਂ ਦੀ ਸ਼ਖ਼ਸੀਅਤ ਉੱਤੇ ਛਲ ਕਪਟ ਦਾ ਪਰਛਾਵਾਂ ਤਕ ਵੀ ਨਹੀਂ ਸੀ। ਉਹ ਹਰ ਉਸ ਮਨੁੱਖ ਨੂੰ ਨੀਚ ਅਤੇ ਲੱਜਾਹੀਣ ਜਾਣਦੇ ਸਨ, ਜਿਸ ਦੇ ਮਨ ਵਿਚ ਹੋਰ ਗੱਲ ਹੋਵੇ ਅਤੇ ਜ਼ੁਬਾਨ ਉੱਤੇ ਹੋਰ। ਏਸ ਦੂਲੇ ਸਿਰਦਾਰ ਲਈ ਸਾਫ਼ਗੋਈ ਸਿੱਖੀ ਦਾ ਇਕ ਅਨਿੱਖੜਵਾਂ ਅੰਗ ਸੀ। ਉਹਨਾਂ ਕਦੀ ਆਪਣੇ ਵਿਚਾਰ ਲੁਕਾਏ ਨਹੀਂ ਸਨ ਅਤੇ ਕਦੇ ਕੋਈ ਐਸੀ ਗੱਲ ਕਹਿਣ ਤੋਂ ਸੰਕੋਚ ਨਹੀਂ ਸੀ ਕੀਤਾ, ਜੋ ਸਮੇਂ ਸਥਾਨ ਅਨੁਸਾਰ ਕਹਿਣੀ ਬਣਦੀ ਹੋਵੇ। "ਸਚੁ ਸੁਣਾਇਸੀ ਸਚ ਕੀ ਬੇਲਾ" ਕਈ ਥੋੜ੍ਹ-ਦਿਲੇ ਉਹਨਾਂ ਦੀ ਵਿਦਵਤਾ ਦੇ ਵਦਾਣ ਦੀ ਸੱਟ ਨੂੰ ਨਾ ਸਹਾਰਦੇ ਹੋਏ ਨਾਰਾਜ਼ ਵੀ ਹੋ ਜਾਂਦੇ ਸਨ, ਪਰ ਉਹ ਸਭ ਦੀ ਨਾਰਾਜ਼ਗੀ ਝੱਲ ਜਾਂਦੇ ਅਤੇ ਸੱਚ ਦੀ ਰਾਹ ਉੱਤੇ ਅਰੁਕ ਤੁਰੇ ਜਾਂਦੇ। ਉਹਨਾਂ ਕਦੇ ਐਸਾ ਵਾਕ ਨਾ ਬੋਲਿਆ, ਜੋ ਸੱਚ ਨਿਆਂ ਉੱਤੇ ਆਧਾਰਿਤ ਨਾ ਹੋਵੇ ਅਤੇ ਨਾ ਹੀ ਕਦੇ ਐਸੀ ਗੱਲ ਬਰਦਾਸ਼ਤ ਕੀਤੀ, ਜਿਸ ਦੀ ਟੇਕ ਸੱਚ ਨਿਆਂ ਤੋਂ ਬਿਨਾਂ ਕੋਈ ਹੋਰ ਹੋਵੇ। ਉਹਨਾਂ ਦਾ ਹਰ ਵਚਨ ਸੱਚ ਦਾ ਜਾਮਾ ਅਤੇ ਮਨੁੱਖੀ ਰੂਹ ਦੀ ਉੱਤਮ ਖ਼ੁਰਾਕ ਸੀ।

ਸਿਰਦਾਰ ਸਾਹਿਬ ਇਕ ਦਰਵੇਸ਼ ਸਨ, ਉਹ ਵੀ ਪਰਿੰਦਿਆਂ ਦੀ ਦੁਨੀਆ ਦੇ, ਜੋ ਕਦੇ ਆਲ੍ਹਣਾ ਤਕ ਵੀ ਨਹੀਂ ਬਣਾਉਂਦੇ, "ਕਿ ਸ਼ਾਹੀਂ ਬਨਾਤੇ ਨਹੀਂ ਹੈ ਆਸ਼ੀਆਨਾ"। ਇਕਬਾਲ ਦੀ ਜਗਿਆਸੂ ਰੂਹ ਦੇ ਉਹ ਅਥਾਹ ਕਦਰਦਾਨ ਸਨ ਅਤੇ ਉਹਨਾਂ ਦੇ ਹੱਥ ਨਾਲ ਲਿਖੇ ਇਕ ਸ਼ੇਅਰ ਨੂੰ ਕੀਮਤੀ ਵਸਤੂ ਸਮਝ ਕੇ ਅੱਧੀ ਸਦੀ ਤੋਂ ਸੰਭਾਲ ਕੇ ਰੱਖੀ ਫਿਰਦੇ ਸਨ। ਸਾਹਿਬ ਦਸਵੇਂ ਪਾਤਿਸ਼ਾਹ ਦਾ ਇਕ ਚਿੱਤਰ, ਅਕਾਲੀ ਫੂਲਾ ਸਿੰਘ ਦੀ ਨੌਸ਼ਹਿਰੇ ਦੀ ਲੜਾਈ ਦਾ ਚਾਂਦੀ ਉੱਤੇ ਉਭਰਿਆ ਅਕਸ, ਭਾਈ ਬੋਤਾ ਸਿੰਘ ਦੀ ਵੱਡੀ ਤਸਵੀਰ, ਸ੍ਰੀ ਅਕਾਲ ਤਖ਼ਤ ਤੋਂ ਬਖ਼ਸ਼ੀ ਚਾਂਦੀ ਦੀ ਇਕ ਤਖ਼ਤੀ ਅਤੇ ਕੁਝ ਕਿਤਾਬਾਂ ਉਹਨਾਂ ਦਾ ਵੱਡਾ ਸਰਮਾਇਆ ਸਨ। ਸਾਹਿਬ ਛੇਵੇਂ ਪਾਤਿਸ਼ਾਹ ਬਾਰੇ ਉਹ ਕਹਿੰਦੇ ਸਨ ਕਿ ਹਜ਼ੂਰ ਬਾਹਰੋਂ ਤਾਂ ਸ਼ਹਿਨਸ਼ਾਹ ਵਾਂਗ ਠਾਠ-ਬਾਠ ਨਾਲ ਵਿਚਰਦੇ ਸਨ, ਪਰੰਤੂ ਰਾਤ

ਨੂੰ ਬੋਰੀ ਵਿਚ ਵਲੈਟੀ ਇੱਟ ਦਾ ਸਰਹਾਣਾ ਲੈ ਕੇ ਜ਼ਮੀਨ ਉੱਤੇ ਫ਼ਕੀਰਾਂ ਵਾਂਗ ਸੌਂ ਜਾਂਦੇ ਸਨ। ਏਹੋ ਜਿਹੇ ਛਟਮ ਪੀਰ ਦੇ ਆਪ ਸਿਖ ਅਖਵਾਉਂਦੇ ਸਨ।

ਸਿਰਦਾਰ ਕਪੂਰ ਸਿੰਘ ਇਕ ਪਾਰਸ ਸਨ। ਸੈਂਕੜੇ ਲੋਹੇ ਦੇ ਜ਼ਰ ਖਾਧੇ ਟੁਕੜੇ ਉਹਨਾਂ ਦੀ ਛੁਹ ਪ੍ਰਾਪਤ ਕਰਕੇ ਖਰਾ ਸੋਨਾ ਬਣ ਚਮਕੇ। ਉਹਨਾਂ ਦੇ ਕਦਰਦਾਨ ਹਜ਼ਾਰਾਂ ਦੀ ਗਿਣਤੀ ਵਿਚ ਹਨ।

ਅੱਜ ਸ਼ੋਕ ਵਿਚ ਡੁੱਬਿਆ ਖ਼ਾਲਸਾ ਪੰਥ ਜਾਣਦਾ ਹੈ ਕਿ ਉਹ ਸਰਵੋਤਮ ਚੰਦ ਸਿੱਖਾਂ ਵਿੱਚੋਂ ਇਕ ਨੂੰ ਸ਼ਰਧਾਂਜਲੀ ਭੇਟ ਕਰ ਰਿਹਾ ਹੈ। ਯਕੀਨ ਕਰਨਾ ਬਣਦਾ ਹੈ ਕਿ ਜਦੋਂ ਕਦੇ ਨਿਰਪੱਖ ਇਤਿਹਾਸਕਾਰ ਏਸ ਸਦੀ ਦੇ ਸਰਵੋਤਮ ਮਨੁੱਖਾਂ ਦੀ ਸੂਚੀ ਤਿਆਰ ਕਰਨਗੇ ਤਾਂ ਉਸ ਵਿਚ ਇਕ ਨਾਂ ਹੋਵੇਗਾ ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਦਾ, ਜੋ ਮਨੁਖ ਮਾਤਰ ਦੀ ਸੇਵਾ ਨੂੰ ਅਕਾਲ ਦੀ ਪੂਜਾ ਜਾਣਦੇ ਸਨ ਅਤੇ ਮਨੁੱਖਤਾ ਦੇ ਸੇਵਕ ਖ਼ਾਲਸਾ ਪੰਥ ਦਾ ਸਵਾਸ ਸਵਾਸ ਭਲਾ ਲੋਚਦੇ ਸਨ। ਮੈਂ ਇਕ ਐਸੇ ਪਰਮ ਹਿਤੈਸ਼ੀ ਨੂੰ ਸ਼ਰਧਾਂਜਲੀ ਭੇਟ ਕਰ ਰਿਹਾ ਹਾਂ, ਜਿਸ ਨੇ ਮੇਰੇ ਉੱਤੇ ਅਪਾਰ ਕਿਰਪਾ ਕਰਕੇ ਮੈਨੂੰ ਸਿੱਖੀ ਦੇ ਲੜ ਲਾਇਆ ਅਤੇ ਅੰਮ੍ਰਿਤ ਦੀ ਅਦੁੱਤੀ ਦਾਤ ਦਾ ਭਾਗੀਦਾਰ ਬਣਾਇਆ।

ਇਹ ਵੀ ਇਕ ਕੌੜੀ ਸਚਾਈ ਹੈ ਕਿ ਅਜਿਹਾ ਵਰਿਆਮ ਮਰਦ ਗੁਰੂ ਅਕਾਲ ਪੁਰਖ ਨੇ ਸਿਖ ਕੌਮ ਨੂੰ ਬਖ਼ਸ਼ਿਆ ਸੀ, ਜਿਸ ਦੀ ਦੂਰ-ਅੰਦੇਸ਼ ਅਗਵਾਈ ਕੌਮ ਦੀ ਕਿਸਮਤ ਪਲਟਣ ਦੀ ਸਮਰੱਥਾ ਰੱਖਦੀ ਸੀ, ਫ਼ਰਸ਼ਾਂ ਉੱਤੇ ਰੀਂਗਣ ਵਾਲੇ ਅਰਸ਼ਾਂ ਦੇ ਵਾਸੀ ਬਣ ਸਕਦੇ ਸਨ; ਪਰ ਆਪਣੀ ਸ਼ਾਹ ਰਗ ਉੱਤੇ ਖ਼ੁਦ ਇਕ ਭਰਪੂਰ ਵਾਰ ਕਰਦਿਆਂ ਅਸੀਂ ਉਹਨਾਂ ਨੂੰ ਦੁਰਕਾਰੀ ਰੱਖਿਆ। ਕਿਸੇ ਵੀ ਖੇਤਰ ਵਿਚ ਅਸੀਂ ਉਹਨਾਂ ਦੀ ਅਗਵਾਈ ਤੋਂ ਫ਼ਾਇਦਾ ਨਾ ਉਠਾ ਸਕੇ, ਕਦੇ ਉਹਨਾਂ ਨੂੰ ਇਸ ਕਾਬਿਲ ਨਾ ਕੀਤਾ ਕਿ ਸਾਡਾ ਭਲਾ ਕਰ ਸਕਦੇ। ਸਿਆਸਤ ਵਿਚ ਜਦੋਂ ਕਦੇ ਇਹ ਜਾਪਿਆ ਕਿ ਉਹ ਕੁਝ ਕਰ ਗੁਜ਼ਰਨ ਦੀ ਹੈਸੀਅਤ ਵਿਚ ਹੋਣ ਵਾਲੇ ਹਨ, ਤਾਂ ਪਰੰਪਰਾਗਤ ਅਕਾਲੀਆਂ ਵਿੱਚੋਂ ਬਹੁਤੇ ਹਥਲੇ ਸਭ ਕੰਮ ਛੱਡ ਕੇ ਉਹਨਾਂ ਦੀਆਂ ਲੱਤਾਂ ਖਿੱਚਣ ਉੱਤੇ ਹੋ ਗਏ। ਸਭ ਤੋਂ ਸ਼ੁੱਧ ਹਿਰਦੇ ਨਾਲ ਪੰਥ ਦਾ ਭਲਾ ਚਾਹੁਣ ਵਾਲੇ ਸ਼ਰਧਾਵਾਨ ਸਿਖ ਨੂੰ ਖ਼ੁਦ ਅਕਲੋਂ ਅੰਨ੍ਹੇ ਸਿਖ ਸਿਆਸੀ ਨੇਤਾ ਇਕ ਜਾਨ ਹੋ ਕੇ ਨਿਰਬਲ ਕਰਦੇ ਰਹੇ। "ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ"। ਪਰੰਪਰਾਗਤ ਸਿਖ ਨੇਤਾਵਾਂ ਵਿੱਚੋਂ ਬਹੁਤਿਆਂ ਨੂੰ ਰਸਾਤਲ ਵਿਚ ਧੱਕਣ ਲਈ ਕੇਵਲ ਏਹੋ ਤੱਥ ਹੀ ਕਾਫ਼ੀ ਹੈ।

ਉਹਨਾਂ ਦੀ ਆਤਮਾ ਦੀ ਸ਼ਾਂਤੀ ਲਈ ਵਾਜਬ ਅਰਦਾਸ ਤਾਂ ਕਰਨੀ ਬਣਦੀ ਹੈ, ਪਰ ਇਹ ਜਾਣਦਿਆਂ ਹੋਇਆਂ ਕਿ ਉਹ ਜੀਵਨ ਮੁਕਤ ਸਨ। ਮਹਾਨ ਤਪੱਸਵੀ ਵਾਂਗ ਉਹਨਾਂ ਜੀਵਨ ਦਾ ਹਰ ਪਲ ਇਲਾਹੀ ਨੂਰ ਦੀ ਕਿਰਨ ਬਣ ਕੇ ਜੀਵਿਆ। ਉਹਨਾਂ ਦਾ ਜੀਵਨ ਸਹੀ ਮਾਅਨਿਆਂ ਵਿਚ ਜ਼ਿੰਦਾ ਸ਼ਹੀਦ ਦਾ ਜੀਵਨ ਸੀ। ਉਹ ਸਾਰੀ ਉਮਰ ਗੁਰੂ ਚਰਨਾਂ ਦੇ ਭੌਰੇ ਰਹੇ ਅਤੇ ਸਤਿਗੁਰੂ ਪਾਰਬ੍ਰਹਮ ਨੇ ਅਪਾਰ ਕਿਰਪਾ ਕਰਕੇ ਕਦੇ ਇਕ ਪਲ ਲਈ ਵੀ ਉਹਨਾਂ ਨੂੰ ਆਪਣੀ ਸ਼ਰਨ ਤੋਂ ਪਰ੍ਹਾਂ ਨਹੀਂ ਸੀ ਕੀਤਾ। ਸਿੱਖੀ ਦੇ ਸੱਚ ਵਿਚ ਸਿਰਦਾਰ ਕਪੂਰ ਸਿੰਘ ਸਦਾ ਏਸ ਤਰ੍ਹਾਂ ਰਹੇ, ਜਿਵੇਂ ਮੱਛੀ ਪਾਣੀ ਵਿਚ ਰਹਿੰਦੀ ਹੈ ਅਤੇ ਅੰਤ ਉਸੇ ਵਿਚ ਸਮਾ ਕੇ ਸੱਚੇ ਦਾ ਹੀ ਰੂਪ ਹੋ ਗਏ ਸਨ। ਮਾਝ ਰਾਗ ਵਿਚ ਲਾਸਾਨੀ ਸਤਿਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ: "ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ॥"

ਰਣਜੀਤ ਸਿੰਘ : ਸਿਰਦਾਰ ਕਿ ਮਹਾਂਰਾਜਾ ?*

ਲਾਹੌਰ ਦੇ ਕਿਲ੍ਹੇ ਨੂੰ ਫ਼ਤਹਿ ਕਰ ਕੇ ਰਣਜੀਤ ਸਿੰਘ ਦੇ ਪਹਿਲੀ ਵਾਰੀ ਕਿਲ੍ਹੇ ਵਿਚ ਦਾਖ਼ਲ ਹੋਣ ਸੰਬੰਧੀ ਇਕ ਦੰਦ ਕਥਾ ਇਉਂ ਹੈ : "ਉਹ ਟਹਿਲਦਾ ਆਪਣੀ ਮਲਕੀਅਤ ਨੂੰ ਵੇਖਦਾ ਹੋਇਆ ਅਠ-ਕੋਨੇ ਸੱਮਣ ਬੁਰਜ ਵੱਲ ਗਿਆ ਤਾਂ ਬੁਰਜ ਦੇ ਹਨੇਰੇ ਕਮਰੇ ਵਿਚ ਉਸ ਨੂੰ ਸ਼ੇਰ ਦੀ ਸ਼ਕਲ ਦਾ ਝਾਉਲਾ ਪਿਆ। ਉਹ ਡਰ ਕੇ ਕਾਹਲ ਵਿਚ ਪਿਛਾਂਹ ਨੂੰ ਮੁੜਨ ਵਾਲਾ ਹੀ ਸੀ ਕਿ ਉਸਨੂੰ ਮਨੁੱਖੀ ਆਵਾਜ਼ ਨੇ ਅੰਦਰ ਆ ਜਾਣ ਲਈ ਕਿਹਾ। ਅਗਾਂਹ ਹੋ ਕੇ ਜਦੋਂ ਉਸ ਨੇ ਧਿਆਨ ਨਾਲ ਵੇਖਿਆ ਤਾਂ ਉਸ ਨੂੰ ਚਿੱਟੀ ਦਾੜ੍ਹੀ ਵਾਲਾ ਇਕ ਪਤਲਾ ਜਿਹਾ ਸਿੱਧ ਦਿੱਸਿਆ, ਜਿਸ ਨੇ ਭਵਿਸ਼ਬਾਣੀ ਕੀਤੀ ਕਿ ਉਸਦਾ ਇਕਬਾਲ ਦਿਨ ਦੂਣਾ ਰਾਤ ਚਉਗਣਾ ਹੋਵੇਗਾ, ਜੇ ਉਹ ਉਸ ਦੀਆਂ ਚਾਰ ਹਦਾਇਤਾਂ ਦਾ ਸਦਾ ਪਾਲਣ ਕਰਦਾ ਰਹੇ। ਏਨ੍ਹਾਂ ਚਾਰ ਹਦਾਇਤਾਂ ਵਿੱਚੋਂ ਇਕ ਇਹ ਸੀ ਕਿ ਰਣਜੀਤ ਸਿੰਘ ਕਦੇ ਵੀ ਤਖ਼ਤ ਉੱਤੇ ਨਾ ਬੈਠੇ।" ਕਥਾ ਨੂੰ ਦੁਹਰਾਉਂਦਾ ਹੋਇਆ ਫ਼ਕੀਰ ਵਹੀਦਉੱਦੀਨ ਲਿਖਦਾ ਹੈ ਕਿ ਇਕ ਸਮੇਂ ਕਿਸੇ ਪਹੁੰਚੇ ਹੋਏ ਫ਼ਕੀਰ ਦੇ ਕਹਿਣ ਉੱਤੇ ਰਣਜੀਤ ਸਿੰਘ ਦੇ ਮੀਰੇ ਫ਼ੀਲਖ਼ਾਨਾ ਇਵਾਜ਼ਖ਼ਾਨ ਨੇ ਜਦੋਂ ਉਸ ਦਿਨ ਦੇ ਇਕਰਾਰ ਰਣਜੀਤ ਸਿੰਘ ਨੂੰ ਚੇਤੇ ਕਰਵਾਏ ਤਾਂ ਉਸ ਨੂੰ ਪੋਹ ਦੇ ਪਾਲੇ ਵਿਚ ਵੀ ਤ੍ਰੇਲੀਆਂ ਆ ਗਈਆਂ ਅਤੇ ਉਸਦਾ ਮੂੰਹ ਪੀਲਾ ਭੂਕ ਹੋ ਗਿਆ। ਉਸ ਨੇ ਆਪਣੇ ਮੀਰ ਨੂੰ ਕਰੜੀ ਹਦਾਇਤ ਕੀਤੀ ਕਿ ਉਹ ਆਪਣੇ ਮਾਲਕ ਦੇ ਜਿਊਂਦੇ ਜੀਅ ਕਦੇ ਵੀ ਇਹ ਗੱਲ ਕਿਸੇ ਹੋਰ ਕੋਲ ਨਾ ਕਰੇ। ਇਵਾਜ਼ਖ਼ਾਨ ਬਚਨ ਦਾ ਪੱਕਾ ਰਿਹਾ ਅਤੇ ਉਸ ਨੇ ਰਣਜੀਤ ਸਿੰਘ ਦੇ ਮਰਨ ਬਾਅਦ ਹੀ ਇਹ ਗੱਲ ਫ਼ਕੀਰ ਕਮਰਉੱਦੀਨ ਨੂੰ ਦੱਸੀ।

ਸ਼ਾਇਦ ਇਹ ਕਥਾ ਰਣਜੀਤ ਸਿੰਘ ਦੇ ਵਿਲੱਖਣ ਵਰਤਾਰੇ ਨੂੰ ਵੇਖ ਕੇ ਇਵਾਜ਼ਖ਼ਾਨ, ਕਮਰਉੱਦੀਨ ਜਾਂ ਸੱਯਦ ਵਹੀਦਉੱਦੀਨ ਦੇ ਮੁਆਮਲੇ ਨੂੰ ਨਿਤਾਰਨ ਲਈ ਪ੍ਰਚਾਰੀ ਹੋਵੇ। ਬਾਕੀ ਭਾਰਤ ਦੇ ਸੱਤਾਧਾਰੀ ਆਦਿ ਕਾਲ ਤੋਂ ਹੀ ਸਿੰਘਾਸਣਾਂ ਉਪਰ ਬੈਠ ਕੇ ਮੁਕਟ ਧਾਰ ਕੇ ਆਪਣੇ ਨਾਂ ਦੇ ਸਿੱਕੇ ਜਾਰੀ ਕਰ ਕੇ ਹੀ ਆਪਣੇ ਸੰਪੂਰਨ ਪ੍ਰਭੂਸੱਤਾਧਾਰੀ ਹੋਣ ਦਾ ਦਾਅਵਾ ਕਰਦੇ ਰਹੇ ਸਨ। ਰਾਜ ਸ਼ਕਤੀ ਭਾਰਤ ਵਿਚ ਸਦਾ ਤੋਂ ਰਾਜ ਸਿੰਘਾਸਣ ਉੱਤੇ ਬੈਠਣ, ਉੱਚ ਪਦਵੀਆਂ ਧਾਰਨ ਕਰਨ ਅਤੇ ਸੰਬੰਧਤ ਗਹਿਣੇ ਜਿਵੇਂ ਕਿ ਰਾਜਦੰਡ,

* ਸ਼ੇਰੇ ਪੰਜਾਬ ਦੇ ਨਾਂ ਨਾਲ ਬੇਵਜ੍ਹਾ 'ਮਹਾਂਰਾਜਾ' ਜੋੜਨ ਅਤੇ ਪ੍ਰਚੱਲਤ ਕਰਨ ਦੀ ਫ਼ਰਜ਼ੀ ਮਨੌਤ ਨੂੰ ਇਹ ਲੇਖ ਅਚੂਕ ਇਤਿਹਾਸਕ ਹਵਾਲਿਆਂ ਨਾਲ ਰੱਦ ਕਰਦਾ ਹੈ। ਰਣਜੀਤ ਸਿੰਘ ਦੇ ਦੋ ਸੌ ਸਾਲਾ ਜਨਮ ਦਿਨ ਦੀ ਯਾਦ ਵਿਚ ਸ਼ਰਧਾਂਜਲੀ ਵਜੋਂ ਰਣਜੀਤਗੜ੍ਹ ਨਗਰ ਵਸਾਉਣ ਦੀ ਤਜਵੀਜ਼ ਸਮੇਂ ਨੀਂਹ ਪੱਥਰ ਦੀ ਇਬਾਰਤ ਵਿਚ 'ਮਹਾਂਰਾਜਾ' ਲਕਬ ਵਰਤਣ ਲਈ ਬਜ਼ਿਦ ਸਰਕਾਰ ਦੀਆਂ ਅੱਖਾਂ ਖੋਲ੍ਹਣ ਲਈ ਮੁੱਢਲੇ ਰੂਪ ਵਿਚ ਸੰਬੰਧਤ ਸਰਕਾਰੀ ਮਿਸਲ ਵਿਚ 1980 ਈਸਵੀ ਵਿਚ ਲਿਖਿਆ ਗਿਆ। ਬਾਅਦ ਵਿਚ ਆਮ ਪਾਠਕਾਂ ਦੀ ਵਾਕਫ਼ੀ ਹਿੱਤ ਰੂਪਾਂਤ੍ਰਿਤ ਕਰਕੇ ਪੰਜਾਬ ਟੈਕਸਟ ਬੁੱਕ ਬੋਰਡ ਦੀ ਪੱਤ੍ਰਿਕਾ ਵਿਚ ਛਪਿਆ ਅਤੇ 27 ਜੂਨ, 1993 ਨੂੰ *ਅਜੀਤ* ਵਿਚ ਦੁਬਾਰਾ ਛਪਿਆ।

ਕਲਗ਼ੀ, ਤਾਜ ਆਦਿ ਦੇ ਪਹਿਨਣ ਤੋਂ ਹੀ ਜਾਣੀ ਜਾਂਦੀ ਰਹੀ ਹੈ। ਮੁਸਲਮਾਨ ਸ਼ਹਿਜ਼ਾਦਿਆਂ, ਜਰਵਾਣਿਆਂ, ਸਫਲ ਰਾਜ-ਧ੍ਰੋਹੀਆਂ ਬਾਰੇ ਅਸੀਂ ਜਾਣਦੇ ਹਾਂ ਕਿ ਉਹ ਸਦਾ ਆਪਣੇ ਨਾਂ ਦਾ ਖ਼ੁਤਬਾ ਪੜ੍ਹਾ ਕੇ ਅਤੇ ਸਿੱਕਾ ਜਾਰੀ ਕਰ ਕੇ ਰਾਜਗੱਦੀ ਉੱਤੇ ਬੈਠਦੇ ਸਨ। ਉਹ 'ਸੰਸਾਰ ਦਾ ਨੂਰ', 'ਪਰਮਾਤਮਾ ਦੀ ਛਾਂ' ਆਦਿ ਉਪਾਧੀਆਂ ਵੀ ਆਪਣੇ ਆਪ ਨੂੰ ਪ੍ਰਦਾਨ ਕਰਦੇ ਸਨ। ਛੋਟੇ ਮੋਟੇ ਗ਼ੁਲਾਮ, ਨੀਮ-ਗ਼ੁਲਾਮ ਹਿੰਦੂ ਰਾਜੇ ਵੀ ਤਖ਼ਤਪੋਸ਼ੀ ਵੇਲੇ ਘੱਟੋ ਘੱਟ 'ਸੂਰਜਵੰਸ਼ੀ' ਜਾਂ 'ਚੰਦਰਵੰਸ਼ੀ' ਤਾਂ ਜ਼ਰੂਰ ਬਣਦੇ ਸਨ। ਰਣਜੀਤ ਸਿੰਘ ਲੋਕਾਂ ਦਾ ਪ੍ਰਵਾਣਿਤ ਨੁਮਾਇੰਦਾ ਅਤੇ ਖ਼ਾਲਸਾ ਫ਼ੌਜਾਂ ਦਾ ਜਰਨੈਲ ਹੋਣ ਕਾਰਣ ਸਭ ਤੋਂ ਤਾਕਤਵਰ ਸੱਤਾਧਾਰੀ ਸੀ; ਪਰੰਤੂ ਉਸ ਕੋਲ ਇਹਨਾਂ ਰਾਜਸੀ ਨਿਸ਼ਾਨੀਆਂ ਵਿੱਚੋਂ ਇਕ ਵੀ ਨਹੀਂ ਸੀ। ਉਸਦੇ ਮਾਣ, ਸਤਿਕਾਰ ਵਜੋਂ ਉਹੋ ਪਦਵੀਆਂ ਹੀ ਵਰਤੀਆਂ ਜਾਂਦੀਆਂ ਸਨ, ਜਿਹੜੀਆਂ ਕਿ ਉਸਦੇ ਛੋਟੇ ਤੋਂ ਛੋਟੇ ਮੁਲਾਜ਼ਮ ਦੇ ਸਤਿਕਾਰ ਵਜੋਂ ਵੀ ਪ੍ਰਚੱਲਤ ਸਨ। ਉਸ ਨੂੰ 'ਸਰਕਾਰ', 'ਸਿਰਦਾਰ' ਜਾਂ ਖ਼ਾਲਸਾ ਬਰਾਦਰੀ ਦਾ ਵੱਡਕਾ ਹੋਣ ਵਜੋਂ 'ਖ਼ਾਲਸਾ' ਕਿਹਾ ਜਾਂਦਾ ਸੀ। ਆਮ ਸਰਦਾਰ ਉਸਨੂੰ 'ਭਾਈ ਸਾਹਿਬ' ਆਖ ਕੇ ਬੁਲਾਉਂਦੇ ਸਨ। 'ਸਿੰਘ ਸਾਹਿਬ' ਦੀ ਉਪਾਧੀ ਤਾਂ ਉਸ ਨੂੰ ਦਰਬਾਰ ਸਾਹਿਬ ਦੀ ਸੇਵਾ ਤੋਂ ਪ੍ਰਭਾਵਿਤ ਹੋ ਕੇ, ਭਾਈ ਸਾਹਿਬ ਸੰਤ ਸਿੰਘ ਜੀ ਗ੍ਹੰਥੀ ਨੇ ਪ੍ਰਦਾਨ ਕੀਤੀ ਸੀ। ਏਨਾ ਹੀ ਨਹੀਂ ਕਿ ਰਣਜੀਤ ਸਿੰਘ ਨੇ ਰਾਜਸੀ ਸ਼ਕਤੀ ਦਾ ਕੋਈ ਚਿੰਨ੍ਹ, ਗਹਿਣਾ ਆਦਿ ਨਾ ਧਾਰਨ ਕੀਤਾ, ਬਲਕਿ ਏਦੋਂ ਵੀ ਅਗਾਂਹ ਜਾ ਕੇ ਉਸਨੇ ਸਾਰੀ ਉਮਰ ਆਪਣਾ ਸਿੱਧਾ ਸਰਦਾਰੀ ਦਸਤਾਰਾ ਹੀ ਸਜਾਈ ਰੱਖਿਆ।

ਉਸਦਾ ਹੈਰਾਨਕੁਨ ਵਤੀਰਾ ਅੱਜ ਵੀ ਗੋਰਖਧੰਦਾ ਬਣਿਆ ਹੋਇਆ ਹੈ। 'ਮਹਾਂਰਾਜਾ' ਰਣਜੀਤ ਸਿੰਘ ਦੀ ਦੂਜੀ ਜਨਮ ਸ਼ਤਾਬਦੀ ਸੰਬੰਧੀ ਇਕ ਅੰਤਰ-ਰਾਸ਼ਟਰੀ ਪ੍ਰਦਰਸ਼ਨੀ ਇੰਗਲੈਂਡ, ਪਾਕਿਸਤਾਨ ਅਤੇ ਭਾਰਤ ਵੱਲੋਂ ਕੀਤੀ ਜਾ ਰਹੀ ਹੈ (ਇਹ ਲੇਖ ਸ਼ਤਾਬਦੀ ਤੋਂ ਪਹਿਲਾਂ ਲਿਖਿਆ ਗਿਆ ਸੀ)। ਏਸ ਨੁਮਾਇਸ਼ ਦੀ ਇਕ ਵਿਲੱਖਣ ਗੱਲ ਹੈ, ਰਣਜੀਤ ਸਿੰਘ ਜਾਂ ਉਸਦੇ ਵੰਸ਼ਜਾਂ ਦੇ ਸੰਬੰਧ ਵਿਚ, ਉਹਨਾਂ ਗਹਿਣਿਆਂ ਦੀ ਉੱਕਾ ਅਣਹੋਂਦ, ਜੋ ਰਾਜ ਸ਼ਕਤੀ ਦੇ ਚਿੰਨ੍ਹ ਵਜੋਂ ਮੱਧਕਾਲੀ ਰਾਜਿਆਂ ਨਾਲ ਛਾਂ ਵਾਂਗ ਚਿੰਬੜੇ ਹੋਏ ਸਨ; ਕੇਵਲ ਇਕ ਅਣਘੜਤ ਜਿਹੀ ਕਲਗ਼ੀ ਪਾਕਿਸਤਾਨ ਨੇ ਹੌਸਲਾ ਕਰ ਕੇ ਪੇਸ਼ ਕੀਤੀ ਹੈ, ਜਿਸ ਬਾਰੇ ਲਿਖਿਆ ਹੈ ਕਿ 'ਸ਼ਾਇਦ' ਸ਼ੇਰ ਸਿੰਘ ਦੀ ਹੈ। ਰਣਜੀਤ ਸਿੰਘ ਦੀਆਂ ਮੋਹਰਾਂ ਉੱਤੇ 'ਅਕਾਲ ਸਹਾਇ ਰਣਜੀਤ ਸਿੰਘ' ਉਕਰਿਆ ਹੋਇਆ ਹੈ ਅਤੇ ਏਹੋ ਲਫ਼ਜ਼ ਹਰ ਸਿਖ ਸਰਦਾਰ ਅਤੇ ਸਿਪਾਹੀ ਦੀ ਮੋਹਰ ਉੱਤੇ ਉਸਦੇ ਨਾਂ ਦੇ ਸਾਹਵੇਂ ਏਵੇਂ ਹੀ ਉੱਕਰੇ ਹੋਏ ਹੁੰਦੇ ਸਨ। ਪ੍ਰਦਰਸ਼ਨੀ ਵਿਚ ਵਿਖਾਏ ਗਏ ਸਿੱਕਿਆਂ ਤੋਂ ਵੀ ਜ਼ਾਹਿਰ ਹੈ ਅਤੇ ਅਸੀਂ ਉਵੇਂ ਹੀ ਜਾਣਦੇ ਹਾਂ ਕਿ ਰਣਜੀਤ ਸਿੰਘ ਦੇ ਸਾਰੇ ਸਿੱਕੇ ਗੁਰੂ ਸਾਹਿਬ ਦੇ ਨਾਂ ਹੇਠ ਜਾਰੀ ਹੁੰਦੇ ਸਨ।

ਮੇਰਠ ਦੇ ਬ੍ਰਾਹਮਣ ਦੁਕਾਨਦਾਰ ਦਾ ਪੁੱਤਰ ਖ਼ੁਸ਼ਹਾਲ ਸਿੰਘ, ਜੋ ਜਮਾਂਦਾਰ ਖ਼ੁਸ਼ਹਾਲ ਸਿੰਘ ਦੇ ਨਾਂ ਨਾਲ ਵਧੇਰੇ ਜਾਣਿਆ ਜਾਂਦਾ ਹੈ ਅਤੇ ਜਿਸ ਨੂੰ ਤੇਜਾ ਸਿੰਘ ਗ਼ੱਦਾਰ ਦਾ ਚਾਚਾ ਹੋਣ ਕਰਕੇ ਨਫ਼ਰਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ, ਆਪਣੇ ਆਪ ਵੀ ਬਹੁਤ ਵੱਡੇ ਗ਼ੱਦਾਰੀ ਰੁਤਬੇ ਦਾ ਅਧਿਕਾਰੀ ਸੀ। ਇਹ ਰਣਜੀਤ ਸਿੰਘ ਦੀ ਫ਼ੌਜ ਵਿਚ ਪੰਜ ਰੁਪਏ ਮਹੀਨੇ ਉੱਤੇ ਭਰਤੀ ਹੋਇਆ ਅਤੇ ਉਸਦੀ ਮਿਹਰਬਾਨੀ ਨਾਲ ਡਿਉੜੀਦਾਰ ਦੀ ਪਦਵੀ ਉੱਤੇ 1810 ਈਸਵੀ ਤੋਂ ਲੈ ਕੇ 1817 ਈਸਵੀ ਤਕ ਤਾਇਨਾਤ ਰਿਹਾ।

1832 ਈਸਵੀ ਵਿਚ ਏਸ ਨੂੰ ਸ਼ੇਰ ਸਿੰਘ ਅਧੀਨ ਕਸ਼ਮੀਰ ਦਾ ਗਵਰਨਰ ਵੀ ਬਣਾਇਆ ਗਿਆ। ਡਿਉੜੀਦਾਰ ਦੀ ਹੈਸੀਅਤ ਵਿਚ ਏਸਦੇ ਜ਼ਿੰਮੇ ਰਣਜੀਤ ਸਿੰਘ ਦਾ ਅਦਬ, ਅਦਾਬ ਕਾਇਮ ਰੱਖਣ ਦਾ ਕੰਮ ਸੀ। ਇਹ ਸਰਦਾਰਾਂ, ਰਾਜਿਆਂ, ਦੂਸਰੇ ਮੁਲਕਾਂ ਦੇ ਨੁਮਾਇੰਦਿਆਂ ਅਤੇ ਵੱਡੇ ਆਦਮੀਆਂ ਦੀਆਂ ਅਹਿਮ ਮੁਲਾਕਾਤਾਂ ਆਦਿ (ਵੱਢੀ ਲੈ ਕੇ) ਕਰਵਾਉਂਦਾ ਹੁੰਦਾ ਸੀ। ਇਹ ਬਹੁਤ ਚੰਗੀ ਤਰ੍ਹਾਂ ਰਣਜੀਤ ਸਿੰਘ ਦੀ ਪਦ ਪਦਵੀ ਤੋਂ ਜਾਣੂ ਸੀ ਅਤੇ ਜਾਣਦਾ ਸੀ ਕਿ ਸਤਿਕਾਰ ਵਜੋਂ ਉਸ ਨੂੰ ਕੀ ਕਹਿਣਾ ਬਣਦਾ ਹੈ। ਰਣਜੀਤ ਸਿੰਘ ਦਾ ਨੌਕਰ, ਇਹ ਜਮਾਂਦਾਰ, ਨਾਲੋ ਨਾਲ ਪੂਨਾ ਦੇ ਪੇਸ਼ਵਾ ਦਾ ਜ਼ਰਖ਼ਰੀਦ ਜਾਸੂਸ ਵੀ ਸੀ ਅਤੇ ਹਰ ਅਹਿਮ ਮੁਲਾਕਾਤ ਦਾ ਸਾਰ ਉਸ ਕੋਲ ਵੇਚਦਾ ਹੁੰਦਾ ਸੀ। ਏਸ ਨੇ ਆਪਣੀ ਸੱਤ ਸਾਲਾਂ ਦੀ ਡਿਉੜੀਦਾਰੀ ਵਿਚ ਕਰੀਬ ਦੋ ਸੌ ਚਿੱਠੀਆਂ ਪੇਸ਼ਵਾ ਨੂੰ ਲਿਖਵਾਈਆਂ। ਇਹਨਾਂ ਸਾਰੀਆਂ ਚਿੱਠੀਆਂ ਦਾ ਆਰੰਭ ਉਹ 'ਸਿਰਦਾਰ ਰਣਜੀਤ ਸਿੰਘ ਬਹਾਦਰ ਦੀ ਡਿਉੜੀ ਤੋਂ' ਕਰਦਾ ਹੈ ਅਤੇ ਉਸ ਨੂੰ ਪੱਤਰਾਂ ਵਿਚ ਵੱਧ ਤੋਂ ਵੱਧ 'ਸਰਕਾਰ' ਲਿਖਦਾ ਹੈ। ਜਮਾਂਦਾਰ ਸਭ ਕੁਝ ਜਾਣਦਾ ਸੀ ਅਤੇ ਠੀਕ ਹੀ ਉਸ ਨੇ ਰਣਜੀਤ ਸਿੰਘ ਨੂੰ 'ਮਹਾਂਰਾਜਾ' ਜਾਂ 'ਰਾਜਾ' ਨਹੀਂ ਲਿਖਿਆ।

ਰਣਜੀਤ ਸਿੰਘ ਦੇ ਦਫ਼ਤਰ ਦਾ ਸਾਰਾ ਰਿਕਾਰਡ ਕਈ ਇਤਿਹਾਸ ਦੇ ਖੋਜੀਆਂ ਅਤੇ ਸਿਆਣਿਆਂ ਨੇ ਵੇਖਿਆ ਪਰਖਿਆ ਹੈ। ਪਹਿਲਾਂ ਇਹ ਲਾਹੌਰ ਵਿਚ ਅਨਾਰਕਲੀ ਦੇ ਮਕਬਰੇ ਵਿਚ ਪਿਆ ਹੁੰਦਾ ਸੀ ਅਤੇ ਹੁਣ ਲਾਹੌਰ ਦੇ ਕਿਲ੍ਹੇ ਵਿਚ ਸਥਾਪਿਤ ਕੀਤੇ ਨਵੇਂ ਸਿਖ ਅਜਾਇਬ ਘਰ ਵਿਚ ਰੱਖਿਆ ਗਿਆ ਹੈ। ਏਸ ਨੂੰ ਘੋਖਣ ਵਾਲਿਆਂ ਦੇ ਏਸ ਗੱਲੋਂ ਬੇਧਿਆਨੇ ਹੋਣ ਦੇ ਬਾਵਜੂਦ ਵੀ, ਇਕ ਬੜੀ ਵਚਿੱਤਰ ਗੱਲ ਉਭਰ ਕੇ ਮੱਲੋ-ਮੱਲੀ ਸਾਹਮਣੇ ਆਉਂਦੀ ਹੈ ਕਿ ਕਰੀਬ 1818 ਈਸਵੀ ਤਕ ਰਣਜੀਤ ਸਿੰਘ ਨੂੰ ਕਿਧਰੇ ਵੀ ਰਾਜਾ ਜਾਂ ਮਹਾਂਰਾਜਾ ਨਹੀਂ ਲਿਖਿਆ ਗਿਆ। ਸੋਹਣ ਲਾਲ ਸੂਰੀ ਵੀ ਸਰਕਾਰ ਖ਼ਾਲਸਾ ਦੇ ਕਲਮ ਬਰਦਾਰਾਂ ਵਿੱਚੋਂ ਸੀ। ਏਸ ਨੇ ਦਫ਼ਤਰ ਦੀ ਸਾਰੀ ਕਾਰਵਾਈ ਕਲਮਬੰਦ ਕੀਤੀ ਸੀ, ਜੋ ਉਸ ਦੇ ਵੰਸ਼ਜ ਵਿਦਿਆ ਸਾਗਰ ਸੂਰੀ ਨੇ ਫ਼ਾਰਸੀ ਤੋਂ ਅੰਗਰੇਜ਼ੀ ਵਿਚ ਉਲਥਾਈ ਹੈ। ਦੋਹਾਂ ਸੂਰੀਆਂ ਦੀਆਂ ਰਚਨਾਵਾਂ ਨੂੰ ਮੇਲਣ ਤੋਂ ਪਤਾ ਲੱਗਦਾ ਹੈ ਕਿ ਰਣਜੀਤ ਸਿੰਘ ਨੂੰ 'ਮਹਾਂਰਾਜਾ' ਦੇ ਖ਼ਿਤਾਬ ਦੀ ਬਖ਼ਸ਼ਿਸ਼ ਕਰਨ ਵਾਲਾ ਦੂਜਾ ਸੂਰੀ ਹੈ ਅਤੇ ਪਹਿਲਾ ਇਹ ਗ਼ੁਸਤਾਖ਼ੀ ਨਾ ਕਰਨ ਲਈ ਬਜ਼ਿਦ ਹੈ।

ਰਣਜੀਤ ਸਿੰਘ ਦੇ ਕਈ ਨਵੇਂ ਅਤੇ ਪੁਰਾਣੇ ਜੀਵਨੀਕਾਰ, ਜਿਨ੍ਹਾਂ ਵਿਚ ਲੈਪਲ ਗ੍ਰਿਫ਼ਨ ਵੀ ਸ਼ਾਮਿਲ ਹੈ, ਲਿਖਦੇ ਹਨ ਕਿ 1802 ਈਸਵੀ ਵਿਚ ਲਾਹੌਰ ਦੇ ਕਿਲ੍ਹੇ ਵਿਚ ਇਕ ਦਰਬਾਰ ਹੋਇਆ, ਜਿਸ ਵਿਚ ਰਣਜੀਤ ਸਿੰਘ ਨੂੰ ਪੰਜਾਬ ਦਾ ਮਹਾਂਰਾਜਾ ਘੋਸ਼ਿਤ ਕਰ ਕੇ, ਤਿਲਕ ਲਾ ਕੇ ਰਾਜ-ਸਿੰਘਾਸਨ ਉੱਤੇ ਬਿਠਾਇਆ ਗਿਆ ਸੀ। ਪਰੰਤੂ ਜਾਪਦਾ ਇਹ ਹੈ ਕਿ ਉਸ ਨੂੰ ਏਸ ਸਭਾ ਵਿਚ, ਕਈ ਸਰਦਾਰਾਂ ਨੇ ਆਪਣਾ ਜਥੇਦਾਰ ਮੰਨ ਲਿਆ ਸੀ। ਇਹ ਵੀ ਤਾਂ ਹੋਇਆ ਜਦ ਬਾਬਾ ਸਾਹਿਬ ਸਿੰਘ ਬੇਦੀ ਦੀ ਗਉਰੀ ਸ਼ਖ਼ਸੀਅਤ ਨੂੰ ਵੀ, ਰਣਜੀਤ ਸਿੰਘ ਦੇ ਹੱਕ ਵਿਚ ਛਾਬੇ 'ਚ ਚੜ੍ਹਾਇਆ ਗਿਆ। ਜੇ ਰਣਜੀਤ ਸਿੰਘ ਨੇ ਮਹਾਂਰਾਜਾ ਦੀ ਪਦਵੀ ਗ੍ਰਹਿਣ ਕੀਤੀ ਹੁੰਦੀ ਤਾਂ ਉਸ ਦੇ ਸਰਕਾਰੀ ਰਿਕਾਰਡ ਵਿਚ ਜ਼ਰੂਰ ਉਸ ਨੂੰ ਏਸ ਪਦ ਨਾਲ ਸੰਬੋਧਤ ਕੀਤਾ ਹੁੰਦਾ; ਅਤੇ ਟੁਕੜਬੋਚ ਜਮਾਂਦਾਰ ਖ਼ੁਸ਼ਹਾਲ ਸਿੰਘ ਕਦੇ ਵੀ ਉਸ ਨੂੰ ਏਦੋਂ ਘੱਟ ਲਿਖਣ ਦਾ ਹੌਂਸਲਾ ਨਾ ਕਰਦਾ। ਹੋਰ ਜ਼ਾਤੀਆਂ ਨਾਲੋਂ ਅਦਬ-ਅਦਾਬ ਦੇ ਜ਼ਿਆਦਾ ਕਾਇਲ, ਅੰਗਰੇਜ਼ਾਂ ਨੇ 1806 ਈਸਵੀ ਦੀ ਸੰਧੀ ਵਿਚ

ਰਣਜੀਤ ਸਿੰਘ ਅਤੇ ਫ਼ਤਹਿ ਸਿੰਘ ਆਹਲੂਵਾਲੀਆ ਨੂੰ 'ਸਿਰਦਾਰ' ਕਰਕੇ ਲਿਖਿਆ ਹੈ। ਏਸ ਸੰਧੀ ਵਿਚ ਇਹ ਕੁਤਾਹੀ, ਖ਼ਾਸ ਕਰਕੇ, ਅੰਗਰੇਜ਼ ਨਹੀਂ ਸਨ ਕਰ ਸਕਦੇ, ਕਿਉਂਕਿ ਇਹ ਮਿੱਤਰਤਾ ਦੀ ਸੰਧੀ ਸੀ ਅਤੇ ਐਡੀ ਵੱਡੀ ਅਣਗਹਿਲੀ ਨਾਲ ਸਦੀਵੀ ਦੁਸ਼ਮਣੀ ਪੈਣ ਦਾ ਪ੍ਰਤੱਖ ਖ਼ਤਰਾ ਸੀ। ਏਸ ਸੰਬੰਧ ਵਿਚ ਇਹ ਵਿਸ਼ੇਸ਼ ਧਿਆਨ ਯੋਗ ਹੈ ਕਿ ਰਣਜੀਤ ਸਿੰਘ ਦੇ ਆਖ਼ਰੀ ਵਰ੍ਹਿਆਂ ਵਿਚ ਤਿੱਬਤ ਦੇ ਦਲਾਈਲਾਮਾ ਅਤੇ ਚੀਨ ਦੇ ਸ਼ਹਿਨਸ਼ਾਹ ਨਾਲ ਕਰਨਲ ਜ਼ੋਰਾਵਰ ਸਿੰਘ ਨੇ ਜੋ ਸੰਧੀ ਕੀਤੀ, ਉਸ ਵਿਚ ਪੰਜਾਬ ਦੀ ਰਾਜਸੀ ਸ਼ਕਤੀ ਨੂੰ 'ਖ਼ਾਲਸਾ ਜੀਉ' ਲਿਖਿਆ ਹੈ, ਜਿਸ ਦਾ ਪ੍ਰਚੱਲਤ ਗੀਤ ਅਨੁਸਾਰ ਅਰਥ ਹੈ, 'ਖ਼ਾਲਸੇ ਦੀ ਸਰਦਾਰੀ ਵਿਚ ਪੰਜਾਬ ਦੇ ਲੋਕ'।

ਉੱਚ ਕੋਟੀ ਦਾ ਸੁਲਝਿਆ, ਰਣਜੀਤ ਸਿੰਘ ਦਾ ਸਮਕਾਲੀ ਸਾਹਿਤ ਵੀ ਏਸ ਗੱਲ ਦੀ ਹਾਮੀ ਭਰਦਾ ਹੈ ਕਿ ਉਸ ਨੇ 'ਮਹਾਂਰਾਜਾ' ਦੀ ਉਪਾਧੀ ਕਦੇ ਧਾਰਨ ਨਹੀਂ ਸੀ ਕੀਤੀ। ਸੰਨ 1831 ਈਸਵੀ ਦੇ ਨੇੜੇ-ਤੇੜੇ ਇਕ ਗਣੇਸ਼ਦਾਸ ਨੇ *ਫ਼ਤਹਿਨਾਮਾ ਗੁਰੂ ਖ਼ਾਲਸਾ ਜੀ ਕਾ* ਨਾਮ ਦੀ ਪੁਸਤਕ ਦੀ ਰਚਨਾ ਕਵਿਤਾ ਵਿਚ ਕੀਤੀ। ਏਸ ਵਿਚ ਉਸ ਨੇ ਮੁਲਤਾਨ ਅਤੇ ਪਿਸ਼ਾਵਰ ਦੀਆਂ ਲੜਾਈਆਂ ਦਾ ਸੱਚਾ ਅਤੇ ਮੁਕੰਮਲ ਹਾਲ ਲਿਖਿਆ। ਪੁਸਤਕ ਨੂੰ ਧਿਆਨ ਨਾਲ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਲੇਖਕ ਰਣਜੀਤ ਸਿੰਘ ਦੀ ਖ਼ਾਸ ਅੜਦਲ ਵਿਚ ਹਰਦਮ ਰਹਿਣ ਵਾਲਾ ਕੋਈ ਕਰਿੰਦਾ ਹੈ। ਰਣਜੀਤ ਸਿੰਘ ਦੇ ਆਲੇ-ਦੁਆਲੇ ਮੁੱਠੀ ਕੁ ਭਰ ਖ਼ਾਸ ਇਤਬਾਰੀ ਸੇਵਕ ਹੁੰਦੇ ਸਨ, ਜਿਨ੍ਹਾਂ ਨੂੰ 'ਭਈਏ' ਕਿਹਾ ਜਾਂਦਾ ਸੀ। ਇਹਨਾਂ ਭਈਆਂ ਦੀ ਤਨਖ਼ਾਹ ਦਾ ਖ਼ਰਚਾ 'ਸਰਫ਼ੇ ਹਜ਼ੂਰੀ' ਵਿੱਚੋਂ ਕੀਤਾ ਜਾਂਦਾ ਸੀ, ਜਿਸ ਮੱਦ ਵਿੱਚੋਂ ਰਣਜੀਤ ਸਿੰਘ ਦਾ ਜ਼ਾਤੀ ਖ਼ਰਚ ਹੁੰਦਾ ਸੀ। ਗਣੇਸ਼ਦਾਸ ਆਪਣੀ ਪੁਸਤਕ ਓਦੋਂ ਲਿਖ ਰਿਹਾ ਹੈ, ਜਦੋਂ ਰਣਜੀਤ ਸਿੰਘ ਵੱਡੇ ਵੱਡੇ ਸਰਦਾਰਾਂ ਨੂੰ ਆਪਣੇ ਅਨੁਸਾਰੀ ਕਰ ਚੁੱਕਿਆ ਹੈ ਅਤੇ ਮੁਸਲਮਾਨ, ਰਾਜਪੂਤ, ਨਵਾਬਾਂ, ਰਾਜਿਆਂ ਆਦਿ ਨੂੰ ਈਨ ਮੰਨਵਾ ਚੁੱਕਿਆ ਹੈ। ਉਹ ਮੁਲਤਾਨ ਅਤੇ ਕਸ਼ਮੀਰ ਨੂੰ ਫ਼ਤਹਿ ਕਰ ਚੁੱਕਿਆ ਹੈ ਅਤੇ ਸੱਯਦ ਅਹਿਮਦ ਬ੍ਰੇਲਵੀ ਦੀਆਂ ਜਹਾਦੀ ਫ਼ੌਜਾਂ ਦਾ ਖੁਰਾ-ਖੋਜ ਮਿਟਾ ਚੁੱਕਿਆ ਹੈ। ਅਜਿਹੇ ਯੁਗ ਵਿਚ ਵੀ ਗਣੇਸ਼ਦਾਸ ਆਪਣੀ ਰਚਨਾ ਨੂੰ 'ਫ਼ਤਹਿਨਾਮਾ ਰਣਜੀਤ ਸਿੰਘ' ਨਹੀਂ ਆਖਦਾ। ਇਹ ਗੱਲ ਵੀ ਖ਼ਾਸ ਵਰਣਨ ਯੋਗ ਹੈ, ਜੋ ਉਹ ਨਿਝੱਕ ਹੋ ਕੇ ਲਿਖਦਾ ਹੈ ਕਿ ਖ਼ਾਲਸਾ, ਜੋ ਜਨਮ ਤੋਂ ਸਰਬ-ਸਮਰੱਥ ਅਤੇ ਸੁਤੰਤਰ ਹੈ, ਹੀ ਓੜਕ ਤਕ ਸੰਪੂਰਣ ਸੱਤਾਧਾਰੀ ਹੈ : "ਗੁਰੂ ਗੋਬਿੰਦ ਸਿੰਘ ਨੇ ਰਾਜ ਅਟੱਲ ਦੀਓ ਸਿਰ ਉਪਰ ਖ਼ਾਲਸੇ ਛਤ੍ਰ ਫਿਰਾਇਓ"। ਉਹ ਖ਼ਾਲਸੇ ਦੀ ਮਹਿਮਾ ਅਤੇ ਨਿਰੋਲ ਸਿੱਖੀ ਦੇ ਸ਼ਹਾਦਤ ਸੰਬੰਧੀ ਸੰਕਲਪ ਤੋਂ ਵੀ ਪੂਰੀ ਤਰ੍ਹਾਂ ਵਾਕਫ਼ ਹੈ। ਉਹ ਰਣਜੀਤ ਸਿੰਘ ਨੂੰ ਵਧੇਰੇ 'ਸਰਕਾਰ' ਕਰ ਕੇ ਲਿਖਦਾ ਹੈ; ਕਈ ਵਾਰੀ 'ਰਾਜਾ' ਅਤੇ ਕੇਵਲ ਇਕ ਅੱਧ ਵਾਰ 'ਮਹਾਂਰਾਜਾ'। 'ਰਾਜਾ', 'ਭੂਪ' ਦੇ ਸ਼ਬਦ ਉਹ ਪ੍ਰਮੁੱਖ ਸਰਦਾਰਾਂ, ਜਰਨੈਲਾਂ ਲਈ ਵੀ ਵਰਤਦਾ ਹੈ। ਧਰਮ-ਕਰਮ ਦੀ ਵਾਕਫ਼ੀਅਤ ਰੱਖਣ ਵਾਲੇ ਸੱਚ 'ਤੇ ਪਹਿਰਾ ਦੇਣ ਵਾਲੇ, ਰੌਸ਼ਨ ਜ਼ਮੀਰ ਲੇਖਕ, ਜੋ ਸਿਖਰ ਦੁਪਹਿਰੇ ਵੀ ਤਪਦੇ ਸੂਰਜ ਸਾਹਵੇਂ ਅੱਖ ਝਮਕਣ ਨੂੰ ਤਿਆਰ ਨਹੀਂ ਸਨ, 1831 ਈਸਵੀ ਵਿਚ ਵੀ ਰਣਜੀਤ ਸਿੰਘ ਦੇ ਨਜ਼ਦੀਕ ਰਹਿ ਸਕਦੇ ਸਨ।

ਕਈ ਲੇਖਕਾਂ ਨੇ ਰਣਜੀਤ ਸਿੰਘ ਦੇ ਮਹਾਂਰਾਜੇ ਦੀ ਪਦ-ਪਦਵੀ ਨੂੰ ਧਾਰਨ ਨਾ ਕਰਨ ਦੀ ਵਿਲੱਖਣਤਾ ਨੂੰ ਉਸਦੀ ਜ਼ਾਤੀ ਨਿਰਮਾਣਤਾ ਉੱਤੇ ਆਧਾਰਿਤ ਕੀਤਾ ਹੈ। ਇਹ ਗੱਲ ਆਪਣੇ ਆਪ ਵਿਚ ਵਚਿੱਤਰ ਹੈ; ਕਿਉਂਕਿ ਅਸੀਂ ਜਾਣਦੇ ਹਾਂ ਕਿ ਰਣਜੀਤ

ਸਿੰਘ ਬਹੁਤਾ ਨਿਰਮਾਣ ਵੀ ਨਹੀਂ ਸੀ, ਚਾਹੇ ਉਹ ਕਦੇ ਕਦੇ ਵਖਾਵਾ ਜ਼ਰੂਰ ਕਰਦਾ। ਨਿਰੀ ਨਿਰਮਾਣਤਾ ਕਦੇ ਵੀ ਹੱਥ ਵਿਚ ਤਲਵਾਰ ਫੜ ਕੇ ਮੁਲਕ ਫ਼ਤਹਿ ਕਰਨ ਵਾਲੇ ਜੇਤੂ ਦਾ ਪ੍ਰਮੁੱਖ ਗੁਣ ਨਹੀਂ ਹੋ ਸਕਦੀ। ਰਾਜਿਆਂ, ਨਵਾਬਾਂ ਨੂੰ ਮਿੱਟੀ ਵਿਚ ਰੋਲਣਾ ਉਸਦਾ ਸ਼ੁਗਲ ਸੀ; ਘੋੜਿਆਂ ਲਈ ਉਸਦਾ ਪਿਆਰ ਲੋਕ ਗਾਥਾਵਾਂ ਦਾ ਸ਼ਿੰਗਾਰ ਬਣ ਚੁੱਕਿਆ ਹੈ। ਉਹ ਆਪਣੇ ਆਲੇ-ਦੁਆਲੇ ਸੋਹਣੇ ਜਵਾਨਾਂ ਅਤੇ ਸੁਨੱਖੀਆਂ ਨਾਰਾਂ ਨੂੰ ਰੱਖਣ ਦਾ ਸ਼ੌਕੀਨ ਸੀ। ਸ਼ਰਧਾਵਾਨ ਸਿਖ ਹੁੰਦਿਆਂ ਵੀ ਉਹ ਗੁਰੂ ਦੀ ਨਗਰੀ ਵਿਚ ਠਾਠ-ਬਾਠ ਨਾਲ ਹਾਥੀ ਉੱਤੇ ਜਲੂਸ ਦੀ ਅਗਵਾਈ ਕਰਦਾ ਸੀ। ਅਜਿਹਾ ਰਣਜੀਤ ਸਿੰਘ ਵੀ ਜੇ ਸਿਰਫ਼ ਨਿਰਮਾਣ ਹੀ ਸੀ ਤਾਂ ਨਿਰਮਾਣਤਾ ਦੀ ਪਰਿਭਾਸ਼ਾ ਬਦਲਣ ਦੀ ਲੋੜ ਸਾਫ਼ ਜ਼ਾਹਿਰ ਹੈ।

ਏਸ ਵਿਸ਼ੇ ਸੰਬੰਧੀ ਇਕ ਵਿਚਾਰ ਹੋਰ ਵੀ ਹੈ, ਜੋ ਸੱਚ ਦੇ ਨੇੜੇ-ਨੇੜੇ ਪ੍ਰਤੀਤ ਹੁੰਦਾ ਹੈ। ਉਸ ਨੂੰ ਪਤਾ ਸੀ ਕਿ ਸਿੱਖੀ ਦੇ ਸ਼ਾਹੀ (sovereignty) ਸੰਬੰਧੀ ਵਿਚਾਰ ਕੀ ਹਨ ਅਤੇ ਉਹ ਸਿੱਖੀ ਦੀ ਅਣਖ ਦੇ ਰਾਖਿਆਂ ਦੇ ਡਰੋਂ ਆਪਣੇ ਆਪ ਨੂੰ ਰਾਜਾ, ਮਹਾਂਰਾਜਾ ਅਖਵਾਉਣ ਅਤੇ ਤਖ਼ਤ ਉੱਤੇ ਬੈਠਣ ਤੋਂ ਸੰਕੋਚ ਕਰਦਾ ਸੀ। ਬਿਬੇਕ ਬੁੱਧੀ ਤੋਂ ਕੰਮ ਲੈ ਕੇ ਸਿੱਖਾਂ ਦਾ ਇਤਿਹਾਸ ਲਿਖਣ ਵਾਲੇ ਪੁਰਾਣੇ ਵਿਦਵਾਨ ਖੋਜੀਆਂ ਦੀ ਪੀੜ੍ਹੀ ਦਾ ਮੋਢੀ ਕਨਿੰਘਮ ਲਿਖਦਾ ਹੈ, "ਰਣਜੀਤ ਸਿੰਘ ਨੇ ਕਦੇ ਵੀ ਸੰਪੂਰਨ ਸੱਤਾਧਾਰੀ ਦੀ ਪਦਵੀ ਜਾਂ ਸ਼ਕਤੀਆਂ ਨੂੰ ਧਾਰਨ ਨਾ ਕੀਤਾ। ਉਹ ਧਾਰਮਿਕ ਹਸਤੀਆਂ ਨੂੰ ਮਾਣ, ਇੱਜ਼ਤ ਦੇਣ ਵਿਚ ਸਭ ਤੋਂ ਮੂਹਰੇ ਸੀ ਅਤੇ ਉਸ ਨੇ ਆਪਣੀਆਂ ਸਾਰੀਆਂ ਜਿੱਤਾਂ ਗੁਰੂ ਦੀ ਮਿਹਰ ਸਦਕਾ ਹੋਈਆਂ ਮੰਨੀਆਂ। ਉਸਨੇ ਆਪਣੇ ਆਪ ਨੂੰ ਲੋਕਾਂ ਦੇ ਨੁਮਾਇੰਦੇ ਦੀ ਪ੍ਰਤੀਕ, 'ਖ਼ਾਲਸਾ' ਦੀ ਪਦਵੀ ਧਾਰੀ; ਜਿੱਤਾਂ ਪ੍ਰਾਪਤ ਕਰਦੇ ਹੋਏ, ਮੁਲਕਾਂ ਨੂੰ ਫ਼ਤਹਿ ਕਰਦੇ ਹੋਏ ਉਸਨੇ ਆਪਣੇ ਨਾਂ ਅਤੇ ਆਪਣੇ ਮਨੋਭਾਵ ਨੂੰ ਪੂਰੀ ਤਰ੍ਹਾਂ ਨਾਲ ਲੁਕਾ ਕੇ ਰੱਖਿਆ ਅਤੇ ਪ੍ਰਗਟ ਇਹ ਕੀਤਾ ਕਿ ਉਸ ਨੇ ਸਭ ਕੁਝ ਗੁਰੂ ਦੀ ਆਗਿਆ ਅਨੁਸਾਰ, ਅਕਾਲ ਪੁਰਖ ਦੀ ਮਿਹਰ ਨਾਲ, ਖ਼ਾਲਸੇ ਦੇ ਭਲੇ ਲਈ ਕੀਤਾ। ਆਪਣੇ ਆਪ ਨੂੰ ਮਹਾਂਰਾਜਾ ਨਾ ਅਖਵਾਉਣਾ ਕੇਵਲ ਰਾਜਨੀਤਿਕ ਚਾਲ ਨਹੀਂ ਸੀ, ਬਲਕਿ ਇਕ ਸ਼ਰਧਾਵਾਨ ਗੁਰਸਿੱਖ ਦਾ ਐਲਾਨ ਸੀ, ਜੋ ਤਹਿ ਦਿਲੋਂ ਖ਼ਾਲਸੇ ਦੇ ਰਾਜਸੀ ਸੱਤਾ ਸੰਬੰਧੀ ਸੰਕਲਪ ਦਾ ਕਾਇਲ ਸੀ। ਰਣਜੀਤ ਸਿੰਘ ਬੜੀ ਚੰਗੀ ਤਰ੍ਹਾਂ ਜਾਣਦਾ ਸੀ ਕਿ 'ਸ਼ਾਹੀ' ਗੁਰੂ ਨੇ ਖ਼ਾਲਸੇ ਨੂੰ ਬਖ਼ਸ਼ੀ ਹੈ, ਨਾ ਕਿ ਕਿਸੇ ਇਕ ਵਿਅਕਤੀ ਦੀ ਝੋਲੀ ਪਾਈ ਹੈ; ਅਤੇ ਇਹ, ਗੁਰੂ ਦੇ ਬਚਨਾਂ ਅਨੁਸਾਰ ਸਦਾ ਲਈ, ਜਨਮ ਤੋਂ ਖ਼ਾਲਸੇ ਦਾ, ਵੱਖ ਨਾ ਕੀਤਾ ਜਾ ਸਕਣ ਵਾਲਾ ਹੱਕ ਹੈ।

ਰਣਜੀਤ ਸਿੰਘ ਨੂੰ ਉਣਾਹਠ ਵਰ੍ਹਿਆਂ ਦੀ ਛੋਟੀ ਉਮਰ ਵਿਚ ਉਸਦੇ ਮਿੱਤਰ ਅੰਗਰੇਜ਼ਾਂ ਦੇ ਦੂਤ ਮੈਕਨੌਟਨ (ਮੇਘਨਾਥ) ਨੇ ਜ਼ਹਿਰ ਦੇ ਕੇ ਮਾਰ ਦਿੱਤਾ। ਫ਼ਿਰੋਜ਼ਪੁਰ ਵਿਚ ਮੇਘਨਾਥ ਗੋਰੇ ਦੀ ਜ਼ਹਿਰੀਲੀ ਸ਼ਰਾਬ ਪੀਣ ਤੋਂ ਬਾਅਦ ਉਹ ਇਕਦਮ ਗੂੰਗਾ ਹੋ ਗਿਆ ਅਤੇ ਸ਼ਾਇਦ ਬਹੁਤ ਕੁਝ, ਜੋ ਉਸਦੇ ਮਨ ਵਿਚ ਸੀ, ਕਹਿਣੋਂ ਰਹਿ ਗਿਆ। ਚੇਤੇ ਰਹੇ ਕਿ ਜ਼ਹਿਰ ਦੇਣ ਵਕਤ ਰਣਜੀਤ ਸਿੰਘ, ਪੇਸ਼ਵਾ, ਨੇਪਾਲ ਦਾ ਰਾਜਾ ਅਤੇ ਹੈਦਰਾਬਾਦ ਦਾ ਨਿਜ਼ਾਮ ਆਦਿ ਨਾਲ ਅੰਗਰੇਜ਼ਾਂ ਵਿਰੁੱਧ ਸਾਂਝਾ ਮੁਹਾਜ਼, ਇਨ੍ਹਾਂ ਨੂੰ 'ਸਮੁੰਦਰ ਵਿਚ ਧੱਕਣ' ਲਈ, ਬਣਾ ਰਿਹਾ ਸੀ। ਜੰਗਾਂ, ਯੁੱਧਾਂ, ਸ਼ਿਕਾਰਾਂ, ਘੋੜ ਸਵਾਰੀਆਂ ਵਿਚ ਛੇ ਦਹਾਕੇ ਕਮਾਇਆ ਹੋਇਆ ਉਸਦਾ ਸਰੀਰ, ਜ਼ਹਿਰ ਰਚਣ ਨਾਲ, ਇਕਦਮ ਨਿਢਾਲ ਹੋ ਗਿਆ। ਜ਼ਹਿਰ ਦੇਣ ਸੰਬੰਧੀ ਬਹੁਤੇ ਸਬੂਤ ਤਾਂ ਅੰਗਰੇਜ਼ੀ ਰਾਜ ਸਮੇਂ ਖੁਰਦ-ਬੁਰਦ

ਕਰ ਦਿੱਤੇ ਗਏ; ਪਰੰਤੂ ਅਜੇ ਵੀ ਕੁਝ ਪੁਰਾਤਨ ਪੁਸਤਕਾਲਿਆਂ ਵਿਚ ਲੱਭ ਜਾਂਦੇ ਹਨ। ਪੰਜਾਬੀ ਦੀ ਇਕ ਹੱਥ-ਲਿਖਤ ਵੀ ਮਿਲਦੀ ਹੈ, ਜਿਸ ਵਿਚ ਇਸਦਾ ਜ਼ਿਕਰ ਹੈ। ਸਮਕਾਲੀ ਮੁਸਲਮਾਨ ਕਵੀ ਜ਼ਾਫ਼ਰ ਬੇਗ ਵੀ ਲਿਖਦਾ ਹੈ :

ਦਾਰੂ ਤੇਜ ਅੰਗਰੇਜ਼ ਫ਼ਰੰਗੀ ਵਾਲੀ, ਪੀਂਦੇ ਸਾਰ ਮਹਾਂਰਾਜ ਬੇਤਾਬ ਹੋਇਆ।
ਅੰਤ ਨਾਲ ਸਰਕਾਰ ਦੇ ਦਗ਼ਾ ਕੀਤਾ, ਜਾਲ ਜ਼ਹਿਰ ਦਾ ਕਿਸਮ ਸ਼ਰਾਬ ਹੋਇਆ।

ਬੀਮਾਰੀ ਨਾਲ ਬੇਜ਼ਾਰ ਹੋਣ ਕਾਰਣ ਉਹ ਮੁਸਲਮਾਨ ਅਤੇ ਹਿੰਦੂ ਦਰਬਾਰੀਆਂ ਦੇ ਮੁਕੰਮਲ ਤੌਰ ਉੱਤੇ ਹੱਥ ਵੱਸ ਹੋ ਗਿਆ। ਅਸੀਂ ਜਾਣਦੇ ਹਾਂ ਕਿ ਬੀਮਾਰੀ ਤੋਂ ਪਹਿਲਾਂ ਉਹ ਅੰਗਰੇਜ਼ਾਂ ਦੇ ਵਿਧਾਨ ਨੂੰ ਘੋਖਣ ਵਿਚ ਲੀਨ ਸੀ ਅਤੇ ਲਿਖਤੀ ਵਿਧਾਨ, ਚੁਣੇ ਹੋਏ ਨੁਮਾਇੰਦੇ, ਜ਼ਿੰਮੇਵਾਰ ਸਰਕਾਰ ਆਦਿ ਵਿਚ ਬਹੁਤ ਦਿਲਚਸਪੀ ਲੈ ਰਿਹਾ ਸੀ। ਏਸ ਮਾਮਲੇ ਵਿਚ ਉਸਦਾ ਇੱਕੋ ਇਕ ਹਮਰਾਹ ਸੀ ਸ਼ੇਰ ਦਿਲ ਜਰਨੈਲ ਸਿਰਦਾਰ ਹਰੀ ਸਿੰਘ ਨਲੂਆ। ਨਲੂਏ ਬਾਰੇ ਅਸੀਂ ਜਾਣਦੇ ਹਾਂ ਕਿ ਉਹ ਕਈ ਮੁਲਕਾਂ ਦੇ ਵਿਧਾਨਾਂ ਦਾ ਮੁਤਾਲਿਆ ਕਰਨ ਵਿਚ ਰੁੱਝਾ ਰਹਿੰਦਾ ਸੀ ਅਤੇ ਰਣਜੀਤ ਸਿੰਘ ਤੋਂ ਬਾਅਦ ਉਸਦੇ ਪੁੱਤਰਾਂ ਦਾ ਗੱਦੀ ਉੱਤੇ ਬੈਠਣਾ ਜਾਇਜ਼ ਨਹੀਂ ਸੀ ਮੰਨਦਾ। ਉਹ ਇਕ ਪੁਰਖੀ ਰਾਜ ਨੂੰ ਕਾਇਮ ਕਰਨ ਦੇ ਸੰਕਲਪ ਦੇ ਵਿਰੁੱਧ ਸੀ। ਏਨਾ ਕੁ ਅਸੀਂ ਜਾਣਦੇ ਹਾਂ; ਬਾਕੀ ਇਤਿਹਾਸ ਦੀ ਹਨੇਰੀ ਕੁਖ ਦੀ ਸਾਂਭ ਕੇ ਰੱਖੀ ਮਲਕੀਅਤ ਹੈ। ਗੁਰੂ ਗੋਬਿੰਦ ਸਿੰਘ ਦੇ ਏਸ ਲਾਡਲੇ ਦੇ ਸੁਨਹਿਰੀ ਸੁਪਨੇ ਉਸਦੀ ਚੰਦਰੀ ਬੀਮਾਰੀ ਨੇ ਨਿਗਲ ਲਏ ਅਤੇ ਰਹਿੰਦੇ ਉਸ ਦੇ ਗੁੰਗੇਪਣ ਦਾ ਫ਼ਾਇਦਾ ਉਠਾ ਕੇ ਦਰਬਾਰੀਆਂ ਨੇ ਢੱਕ ਲਏ। ਉਹ ਸਮੇਂ ਦੀ ਬੇਵਫ਼ਾਈ ਨੂੰ ਕੋਸਦਾ ਦਮ ਤੋੜ ਗਿਆ। ਇਹਨਾਂ ਸੁਪਨਿਆਂ ਦਾ ਕੱਟੜ ਵਿਰੋਧੀ ਸੀ ਬੁੱਕਲ ਦਾ ਸੱਪ ਧਿਆਨ ਸਿੰਘ ਡੋਗਰਾ, ਜਿਸਦੀ ਤੀਬਰ ਇੱਛਾ ਸੀ ਕਿ ਕਮਜ਼ੋਰ ਰਾਜੇ ਗੱਦੀ ਉੱਤੇ ਬੈਠਣ ਅਤੇ ਉਹ ਵਜ਼ੀਰ ਦੇ ਤੌਰ ਉੱਤੇ ਸਭ ਰਾਜ-ਕਾਜ ਸੰਭਾਲ ਲਵੇ, ਸ਼ਾਇਦ ਨੀਂਦ ਦੀ ਕਿਸੇ ਘੜੀ ਉਸ ਨੇ ਆਪਣੇ ਪੁੱਤਰ ਹੀਰਾ ਸਿੰਘ, ਜਿਸ ਉੱਤੇ ਰਣਜੀਤ ਸਿੰਘ ਦੀ 'ਖ਼ਾਸ' ਮਿਹਰ ਸੀ, ਨੂੰ ਗੱਦੀ ਉੱਤੇ ਬੈਠਾ ਵੇਖਿਆ ਸੀ। ਇਹ ਗੱਲ ਖ਼ਾਸ ਵਰਣਨਯੋਗ ਹੈ ਕਿ ਰਣਜੀਤ ਸਿੰਘ ਨੇ ਵੀ ਪ੍ਰਗਟ ਕੀਤਾ ਕਿ ਹਰੀ ਸਿੰਘ ਨਲੂਏ ਦੀ ਮੌਤ ਧਿਆਨ ਸਿੰਘ ਦੀ ਸਾਜ਼ਿਸ਼ ਦਾ ਨਤੀਜਾ ਸੀ।

ਏਸ ਮਾਮਲੇ ਵਿਚ ਰਣਜੀਤ ਸਿੰਘ ਨੂੰ ਜੇ ਸਭ ਤੋਂ ਵੱਧ ਮਦਦ ਮਿਲ ਸਕਦੀ ਸੀ ਤਾਂ ਉਹ ਅਕਾਲੀਆਂ ਤੋਂ ਹੀ ਮਿਲ ਸਕਦੀ ਸੀ। ਸਿਖ ਰਾਜ ਦੇ ਵਾਧੇ ਲਈ ਇਹ ਸਿਰਲੱਥ ਸੂਰਮੇ ਸਿਰ ਤਲੀ 'ਤੇ ਰੱਖ ਕੇ ਲੜਦੇ ਸਨ। ਉਹਨਾਂ ਦੇ ਹਰਮਨ ਪਿਆਰੇ ਆਗੂ ਬਾਬਾ ਫੂਲਾ ਸਿੰਘ ਅਤੇ ਸਾਧੂ ਸਿੰਘ, ਰਣਜੀਤ ਸਿੰਘ ਦੇ ਯੁੱਧਾਂ ਵਿਚ ਆਪਣਾ ਖ਼ੂਨ ਡੋਲ੍ਹ ਗਏ, ਪਰੰਤੂ ਇਸ ਪੰਥ ਨੇ ਉਸਦੇ ਮੁਕੰਮਲ ਰਾਜਸੀ ਸੱਤਾ ਧਾਰਨ ਨੂੰ ਕਦੇ ਵੀ ਪ੍ਰਵਾਨ ਨਾ ਕੀਤਾ ਅਤੇ ਬੇਪਰਵਾਹੀ ਨਾਲ ਰਾਜਸੀ ਸ਼ਕਤੀਆਂ ਨੂੰ ਕੇਂਦਰਿਤ ਕਰਨ ਦੀਆਂ ਚਾਲਾਂ ਨੂੰ ਗਹਿਰੀ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਰਹੇ। ਇਕ ਵਾਰ ਫੂਲਾ ਸਿੰਘ ਸ੍ਰੀ ਅੰਮ੍ਰਿਤਸਰ ਵਿਚ ਇਕ ਘਰ ਦੇ ਵਾਧੇ ਵਿਚ ਬੈਠੇ ਸਨ, ਜਦੋਂ ਕਿ ਹਾਥੀ ਉੱਤੇ ਰਣਜੀਤ ਸਿੰਘ ਦਾ ਜਲੂਸ ਉਧਰ ਦੀ ਗੁਜ਼ਰਿਆ। ਉਹ ਗੁਰੂ ਦੀ ਨਗਰੀ ਵਿਚ ਰਣਜੀਤ ਸਿੰਘ ਨੂੰ ਸ਼ਾਹਾਨਾ ਠਾਠ-ਬਾਠ ਨਾਲ ਜਾਂਦਾ ਵੇਖ ਕੇ ਰੋਹ ਵਿਚ ਆ ਗਿਆ ਅਤੇ ਉਸ ਨੇ ਉੱਚੀ ਗਰਜ ਕੇ ਕਿਹਾ, "ਓਏ ਕਾਣੇ! ਐਡਾ ਵੱਡਾ ਕੱਟਾ ਕਿਥੋਂ ਲਿਆਇਆ ਏਂ ?" ਅਤੇ ਜਲੂਸ ਨੂੰ ਰੁਕਣ ਦਾ ਹੁਕਮ ਦਿੱਤਾ। ਰਣਜੀਤ ਸਿੰਘ ਨੇ ਝੱਟ ਹਾਥੀ ਰੋਕ ਲਿਆ ਅਤੇ ਹੱਥ ਬੰਨ੍ਹ

ਕੇ ਹੌਦੇ ਵਿਚ ਅਧੀਨਗੀ ਨਾਲ ਖੜਾ ਹੋ ਕੇ ਕਹਿਣ ਲੱਗਾ, "ਇਹ ਆਪ ਦੇ ਰਾਹੀਂ ਖ਼ਾਲਸੇ ਦੀ ਬਖ਼ਸ਼ੀ ਹੋਈ ਦਾਤ ਹੈ।" ਰਣਜੀਤ ਸਿੰਘ ਦੀ ਅਧੀਨਗੀ ਵੇਖ ਕੇ ਫੂਲਾ ਸਿੰਘ ਨੇ ਜਲੂਸ ਨੂੰ ਅੱਗੇ ਜਾਣ ਦਿੱਤਾ। ਇਹੋ ਜਿਹੀ ਮਿੱਟੀ ਦੇ ਬਣੇ ਹੋਏ ਸਨ ਇਹ ਅਕਾਲ ਦੇ ਫ਼ਰਜ਼ੰਦ ਖ਼ਾਸ, ਜੋ ਆਪਣੇ ਲਈ ਆਪਣਾ ਕਾਨੂੰਨ ਆਪ ਘੜਦੇ ਸਨ। ਜੂਨ 1838 ਵਿਚ ਓਸਬੋਰਨ ਲਿਖਦਾ ਹੈ: "ਰਣਜੀਤ ਸਿੰਘ ਅਕਾਲੀਆਂ ਹੱਥੋਂ ਆਪਣੀ ਬੇਇਜ਼ਤੀ ਰੋਕਣ ਵਿਚ ਉੱਕਾ ਅਸਮਰਥ ਰਿਹਾ ਹੈ। ਅਜੇ ਤਕ ਵੀ ਮਿਲਟਰੀ ਪਰੇਡ ਦੇ ਸਮੇਂ ਆਮ ਵੇਖਿਆ ਜਾਂਦਾ ਹੈ ਕਿ ਉਹ ਏਸਦੇ ਕੋਲ ਦੀ ਲੰਘਦੇ ਹੋਏ ਏਸ ਨੂੰ ਗਾਲ੍ਹਾਂ ਕੱਢਦੇ ਹਨ ਅਤੇ ਬੰਦੂਕ ਦੀਆਂ ਗੋਲੀਆਂ ਚਲਾ ਕੇ ਏਸ ਦੇ ਪੈਰਾਂ ਵਿਚ ਮਾਰਦੇ ਹਨ। ਇਹਨਾਂ ਨੇ ਕਈ ਵਾਰੀ ਰਣਜੀਤ ਸਿੰਘ ਨੂੰ ਮਾਰਨ ਦੀ ਧਮਕੀ ਦਿੱਤੀ ਹੈ ਅਤੇ ਇੱਕਾ-ਦੁੱਕਾ ਵਾਰੀ ਮਾਰਨ ਦੀ ਕੋਸ਼ਿਸ਼ ਵੀ ਕੀਤੀ ਹੈ।" ਪੰਜਾਬ ਦੇ ਇਹ ਅੱਖੜ ਯੋਧੇ ਸਹੀ ਮਾਅਨਿਆਂ ਵਿਚ ਆਜ਼ਾਦੀ ਦੇ ਉਸ ਜੋਸ਼ ਦੇ ਧਾਰਨੀ ਸਨ, ਜਿਸਨੂੰ ਸਿੱਖੀ ਨੇ ਭਾਰਤ ਦੇ ਰਾਜਨੀਤਿਕ ਮੰਡਲ ਵਿਚ ਪਹਿਲੋਂ ਪਹਿਲ ਪਰਸਾਰਿਆ ਸੀ।

ਆਜ਼ਾਦੀ ਲਈ ਸਿੱਖਾਂ ਦੀ ਜਿਉਂਦੀ ਜਾਗਦੀ ਤੜਪ ਨੇ ਜੌਰਜ ਫੌਰਸਟਰ ਨੂੰ ਸਭ ਤੋਂ ਪਹਿਲਾਂ ਕੀਲਿਆ ਸੀ। ਉਹ ਆਪਣੇ ਸਫ਼ਰਨਾਮੇ ਵਿਚ ਲਿਖਦਾ ਹੈ: "ਛੋਟੇ ਤੋਂ ਛੋਟੇ ਖ਼ਾਲਸੇ ਸਿਖ ਵੀ ਬਹੁਤ ਖਾੜਕੂ ਲੋਕ ਹਨ। ਜੀਵਨ ਦੀਆਂ ਛੋਟੀਆਂ-ਮੋਟੀਆਂ ਘਟਨਾਵਾਂ ਵਿੱਚੋਂ ਡੁਲ੍ਹ ਡੁਲ੍ਹ ਪੈਂਦਾ ਇਹਨਾਂ ਦਾ ਅੱਖੜਪੁਣਾ, ਏਹਨਾਂ ਦੀਆਂ ਮਨੋ-ਬਿਰਤੀਆਂ ਵੱਲ ਖ਼ਾਸ ਤੌਰ ਉੱਤੇ ਸੰਕੇਤ ਕਰਦਾ ਹੈ। ...ਸ੍ਰੀਨਗਰ ਰਾਜ ਵਿੱਚੋਂ ਲੰਘਦਿਆਂ ਸਾਡੀ ਢਾਣੀ ਨਾਲ ਇਕ ਅਕਾਲੀ ਘੋੜਚੜ੍ਹਾ ਆ ਰਲਿਆ... ਜੋ ਜੁਆਬ ਉਸਨੇ ਮੇਰੇ ਇਹ ਪੁੱਛਣ 'ਤੇ ਦਿੱਤਾ ਕਿ ਉਹ ਕਿਸਦਾ ਨੌਕਰ ਹੈ, ਉਹਨਾਂ ਵਿਚਾਰਾਂ ਨਾਲ ਇੰਨ-ਬਿੰਨ ਮੇਲ ਖਾਂਦਾ ਹੈ, ਜੋ ਮੈਂ ਏਸ ਕੌਮ ਦੇ ਕਿਰਦਾਰ ਬਾਰੇ ਡੂੰਘੀ ਸੋਚ ਉਪਰੰਤ ਬਣਾਏ ਹਨ। ਭਖਦੇ ਚਿਹਰੇ ਨਾਲ ਅਤੇ ਗਰਜਵੀਂ ਆਵਾਜ਼ ਵਿਚ, ਜਿਸ ਵਿੱਚੋਂ ਗ਼ੁਲਾਮੀ ਪ੍ਰਤੀ ਨਫ਼ਰਤ ਉਛਲ ਉਛਲ ਪੈਂਦੀ ਸੀ, ਉਸਨੇ ਜੁਆਬ ਦਿੱਤਾ ਕਿ ਉਹ ਕਿਸੇ ਸੰਸਾਰੀ ਬੰਦੇ ਦਾ ਨੌਕਰ ਨਹੀਂ ਅਤੇ ਉਸਦਾ ਮਾਲਕ ਸੱਚਾ ਪਾਤਿਸ਼ਾਹ ਹੈ।" ਰਣਜੀਤ ਸਿੰਘ ਏਸ ਸਿਖ ਲਹਿਰ ਦੀ ਉਪਜ ਸੀ, ਜਿਸਦੇ ਅਸਰ ਅਧੀਨ ਨਿਗੂਣੇ ਤੋਂ ਨਿਗੂਣਾ ਸਿਖ ਵੀ ਆਪਣੇ ਆਪ ਨੂੰ ਵੱਡੇ ਤੋਂ ਵੱਡੇ ਫੰਨੇ ਖ਼ਾਂ ਦੇ ਉਤੋਂ ਦੀ ਸਮਝਦਾ ਸੀ; ਕੋਈ ਕਿਸੇ ਦੀ ਈਨ ਮੰਨਣ ਨੂੰ ਤਿਆਰ ਨਹੀਂ ਸੀ।

ਅਕਾਲੀਆਂ ਤੋਂ ਬਿਨਾਂ ਖ਼ਾਲਸਾ ਫ਼ੌਜਾਂ ਨੇ ਵੀ ਉਮਰ ਭਰ ਰਣਜੀਤ ਸਿੰਘ ਨੂੰ ਚੰਗਾ ਮਾਣ ਸਤਿਕਾਰ ਦਿੱਤਾ, ਮਰਨ ਪਿੱਛੋਂ ਉਸਦੇ ਨਾਂ ਉੱਤੇ ਮਰ ਮਿਟਣ ਲਈ ਤਿਆਰ ਰਹੀਆਂ ਅਤੇ ਉਹਦੇ ਪੁੱਤਾਂ ਦੀ ਇੱਜ਼ਤ ਵੀ ਕਰਦੀਆਂ ਰਹੀਆਂ। ਵਿਸ਼ਾਲ ਖ਼ਾਲਸਾ ਰਾਜ ਦੇ ਸੁਪਨਿਆਂ ਨੂੰ ਸਾਕਾਰ ਕਰਨ ਹਿੱਤ ਉਹ ਰਣਜੀਤ ਸਿੰਘ ਦੇ ਹਰ ਮੋਰਚੇ ਵਿਚ ਮੂਹਰੇ ਹੋ ਹੋ ਲੜੀਆਂ। ਸਾਨੂੰ ਇਤਿਹਾਸ ਤੋਂ ਇਹ ਜਾਣਕਾਰੀ ਹਾਸਲ ਕਰਕੇ ਕੋਈ ਹੈਰਾਨੀ ਨਹੀਂ ਹੁੰਦੀ ਕਿ ਇਹ ਸਾਰੀ ਦੀ ਸਾਰੀ ਖ਼ਾਲਸਾ ਫ਼ੌਜ ਇਕ ਪੁਰਖੀ ਰਾਜ ਦੇ ਵਿਰੁੱਧ ਸੀ ਅਤੇ ਲੋਕਰਾਜ ਦੇ ਹੱਕ ਵਿਚ। ਰਣਜੀਤ ਸਿੰਘ ਦੇ ਚਲਾਣੇ ਤੋਂ ਬਾਅਦ ਫ਼ੌਜਾਂ ਨੇ ਆਪਣੇ ਪੰਚ ਚੁਣ ਲਏ, ਜਿਹੜੇ ਕਿ 'ਪੰਜ ਕੌਂਸਲੀ' ਦੀ ਕਮਾਨ ਅਧੀਨ ਕੰਮ ਕਰਦੇ ਸਨ। ਬੁੱਧੂ ਦੇ ਆਵੇ ਉਤੋਂ ਇਹਨਾਂ ਨੇ ਖ਼ਾਲਸਾ ਰਾਜਨੀਤਿਕ ਰਹਿਤ ਨੂੰ ਸਭ ਵੱਡੇ ਛੋਟਿਆਂ ਉੱਤੇ ਲਾਗੂ ਕਰਨਾ ਸ਼ੁਰੂ ਕੀਤਾ। ਉਹ ਲੋਕ-ਹਿੱਤਾਂ ਦੇ ਰਾਖੇ ਹੋਣ ਕਾਰਣ ਆਪਣੇ ਆਪ ਨੂੰ ਰਾਜਨੀਤੀ ਵਿਚ ਏਨਾ ਸਰਬ-ਸਮਰੱਥ ਸਮਝਦੇ ਸਨ ਕਿ ਉਹਨਾਂ ਨੇ ਰਣਜੀਤ ਸਿੰਘ ਦੀ ਘਰਵਾਲੀ

ਜਿੰਦਾਂ ਅਤੇ ਉਸਦੇ ਪੁੱਤਰ ਦਲੀਪ ਸਿੰਘ ਦੇ ਵਿਰੋਧ ਦੇ ਬਾਵਜੂਦ, ਆਪਣੇ ਆਪ ਨੂੰ ਗ਼ੱਦਾਰ ਪ੍ਰਧਾਨ ਮੰਤਰੀ ਨੂੰ ਮੌਤ ਦੇ ਘਾਟ ਉਤਾਰਨ ਦੇ ਯੋਗ ਸਮਝਿਆ।

ਰਣਜੀਤ ਸਿੰਘ ਦੇ ਆਲੇ-ਦੁਆਲੇ ਮੁਸਲਮਾਨ ਅਤੇ ਹਿੰਦੂ ਦਰਬਾਰੀ ਝੁਰਮਟ ਪਾਈ ਰੱਖਦੇ ਸਨ, ਜਿਨ੍ਹਾਂ ਦੀ ਹੋਂਦ ਦਾ ਇੱਕੋ ਇਕ ਕਾਰਣ ਉਸਦਾ ਸੱਤਾਧਾਰੀ ਹੋਣਾ ਸੀ। ਅਜਿਹੇ ਲੋਕ, ਜਿਵੇਂ ਕਿ ਕਰਦੇ ਆਏ ਹਨ, ਉਸਦੀ ਚਾਪਲੂਸੀ ਰਾਹੀਂ ਆਪਣੀ ਥਾਂ ਪੱਕੀ ਕਰਨ ਵਿਚ ਰੁੱਝੇ ਰਹਿੰਦੇ ਸਨ। ਪ੍ਰਭੂਸੱਤਾ ਦਾ ਇਕ ਰਾਜੇ ਹੱਥ ਹੋਣਾ ਹੀ ਦਰਬਾਰੀਆਂ ਦੀ ਸ਼ਕਤੀ ਆਦਿ ਨੂੰ ਕਾਇਮ ਰੱਖ ਸਕਦਾ ਸੀ। ਵੈਸੇ ਤਾਂ ਉਹਨਾਂ ਰੋਟੀ ਸੁਰੱਖਿਅਤ ਰੱਖਣ ਖ਼ਾਤਰ ਵੀ ਖ਼ਾਲਸੇ ਦਾ ਸੰਕਲਪ ਨਹੀਂ ਸੀ ਸਮਝਣਾ; ਪਰੰਤੂ ਗੁਰੂ ਦੀਆਂ ਪ੍ਰਗਟ ਕੀਤੀਆਂ ਰਾਜਸੀ ਕਦਰਾਂ-ਕੀਮਤਾਂ ਏਸ ਹੈਰਾਨੀਕੁੰਨ ਹੱਦ ਤਕ ਨਵੀਆਂ ਸਨ ਕਿ ਉੱਨੀਵੀਂ ਸਦੀ ਵਿਚ ਕੇਵਲ ਖ਼ਾਲਸਾ ਹੀ ਉਹਨਾਂ ਨੂੰ ਸਮਝ ਸਕਦਾ ਸੀ। ਦਰਬਾਰੀ ਮਾਨਸਿਕ ਅਤੇ ਸਮਾਜਿਕ ਤੌਰ ਉੱਤੇ ਰਾਜ ਦੇ ਸੰਕਲਪ ਤੋਂ ਲਾਂਭੇ ਰਾਜਸੀ ਸੱਤਾ ਨੂੰ ਸਮਝਣੋਂ ਕੋਰੇ ਸਨ। ਉਹਨਾਂ ਨੇ ਹੌਲੀ ਹੌਲੀ ਪੰਜਾਬ ਦੇ ਸ਼ੇਰ ਨੂੰ ਪਾਲਤੂ ਬਿੱਲੀ ਬਣਾ ਲਿਆ ਅਤੇ ਕਰੀਬ ਕਰੀਬ ਸ਼ਾਹੀ ਸੰਬੰਧੀ ਸਿੱਖੀ ਦੀ 'ਖ਼ਤਰਨਾਕ' ਵਿਲੱਖਣਤਾ ਦੀ ਰੂਪ-ਰੇਖਾ ਨੂੰ ਧੁੰਦਲਾ ਕਰਨ ਵਿਚ ਸਫਲ ਹੋ ਗਏ। ਪਰ ਇਹ ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ ਕਿ ਰਣਜੀਤ ਸਿੰਘ ਆਪਣੇ ਅਸਲੇ ਨੂੰ ਮੁੱਢੋਂ ਵਿਸਾਰ ਨਾ ਸਕਿਆ। ਸ਼ਾਇਦ ਦਰਬਾਰੀਆਂ ਵਿਚ ਕੁਝ ਅਜਿਹੇ ਵੀ ਸਨ, ਜਿਨ੍ਹਾਂ ਉੱਤੇ ਏਨੀ ਕਰੜੀ ਟਿੱਪਣੀ ਢੁੱਕਦੀ ਨਾ ਹੋਵੇ। ਸ਼ਾਇਦ ਉਹਨਾਂ ਨੂੰ ਖ਼ਾਲਸੇ ਦੇ ਸਿਧਾਂਤ ਅਜਿਹੇ ਮੁਲਕ ਵਿਚ ਲਾਗੂ ਕਰਨੇ ਅਸੰਭਵ ਜਾਪੇ ਹੋਣ, ਜਿਸ ਵਿਚ ਸਿੱਖਾਂ ਦੀ ਵਸੋਂ ਆਟੇ ਵਿਚ ਲੂਣ ਬਰਾਬਰ ਸੀ। ਪੰਜਾਬ ਬੀਤੇ ਜ਼ਮਾਨੇ ਦੀਆਂ ਹਨੇਰੀਆਂ ਤੈਆਂ ਵਿਚ ਉਸਲਵੱਟੇ ਲੈ ਰਿਹਾ ਸੀ ਅਤੇ ਖ਼ਾਲਸੇ ਦੇ ਰੌਸ਼ਨੀਆਂ ਭਰੇ ਸੁਪਨਿਆਂ ਦਾ ਹੁੰਗਾਰਾ ਭਰਨ ਦੇ ਸਮਰੱਥ ਅਜੇ ਨਹੀਂ ਸੀ। ਇਹ ਮਸਲਾ ਅਜੇ ਵੀ ਓਨਾ ਹੀ ਗੰਭੀਰ ਹੈ। *ਫ਼ਤਹਿਨਾਮਾ ਰਣਜੀਤ ਸਿੰਘ* ਦਾ ਸੰਪਾਦਨ ਕਰਦਾ ਹੋਇਆ ਸੀਤਾ ਰਾਮ ਕੋਹਲੀ ਹਰ ਫ਼ੁਟਨੋਟ ਵਿਚ ਰਣਜੀਤ ਸਿੰਘ ਨੂੰ 'ਮਹਾਂਰਾਜਾ' ਲਿਖਦਾ ਹੈ, ਹਾਲਾਂਕਿ ਕਰਤਾ ਨੇ ਸਾਰੀ ਪੁਸਤਕ ਵਿਚ ਕੇਵਲ ਇਕ ਵਾਰ ਓਸ ਨੂੰ ਮਹਾਂਰਾਜਾ ਲਿਖਿਆ ਹੈ।

ਮਹਾਂਰਾਜੇ ਦੇ ਸੰਕਲਪ ਤੋਂ ਬਾਹਰ ਜਾਣਾ ਅੰਗਰੇਜ਼ਾਂ ਵਾਸਤੇ ਵੀ ਔਖਾ ਸੀ। ਜਦੋਂ ਦਾ ਉਹਨਾਂ ਨੇ ਭਾਰਤ ਦੀ ਭੂਮੀ ਉੱਤੇ ਪੈਰ ਰੱਖਿਆ ਸੀ, ਓਦੋਂ ਦਾ ਉਹਨਾਂ ਪ੍ਰਭੂਸੱਤਾ ਨੂੰ ਸਦਾ ਤਾਜਧਾਰੀ ਰਾਜੇ ਦੀ ਹੈਸੀਅਤ ਵਿਚ ਹੀ ਵੇਖਿਆ ਸੀ। ਆਪਣੇ ਘਰ ਵੀ ਸਦੀਆਂ ਤੋਂ ਉਹਨਾਂ 'ਤੇ ਰਾਜੇ-ਮਹਾਂਰਾਜੇ ਹੀ ਰਾਜ ਕਰਦੇ ਆਏ ਸਨ। ਬਾਅਦ ਵਿਚ ਜਦੋਂ ਉਹਨਾਂ ਨੇ ਪੰਜਾਬ ਦੀ ਆਬੋ ਹਵਾ ਨੂੰ ਸਮਝਿਆ, ਉਦੋਂ ਉਹਨਾਂ ਨੇ ਇਹੋ ਬਿਹਤਰ ਜਾਣਿਆ ਕਿ ਲੋਕਾਂ ਦੇ ਨੇਤਾਵਾਂ ਨੂੰ ਰਾਜੇ-ਮਹਾਂਰਾਜੇ ਕਹਿ ਕੇ ਭੰਡ ਛੱਡਿਆ ਜਾਵੇ। ਲੋਕਰਾਜੀ ਖ਼ਾਲਸੇ ਨੂੰ ਰਾਜਿਆਂ-ਮਹਾਂਰਾਜਿਆਂ ਦੀਆਂ ਉਪਾਧੀਆਂ ਬਹੁਤ ਖਲਦੀਆਂ ਸਨ ਅਤੇ ਖ਼ਾਲਸੇ ਬਿਨਾਂ ਹੋਰ ਜਿਊਂਦੀ ਜਾਗਦੀ ਕੌਮ ਏਥੇ ਹੈ ਵੀ ਕਿਹੜੀ ਸੀ ! ਯੋਰਪ ਦੇ ਰਾਜਨੀਤਿਕ ਖੇਤਰ ਵਿਚ ਉਹਨਾਂ ਦਾ ਮਾਣ ਸਤਿਕਾਰ ਸਿਰਦਾਰ ਰਣਜੀਤ ਸਿੰਘ ਤੋਂ ਮੁਲਕ ਜਿੱਤਣ ਵਾਲੇ ਅਖਵਾ ਕੇ ਓਨਾ ਨਹੀਂ ਸੀ ਬਣਦਾ, ਜਿੰਨਾ ਕਿ ਮਹਾਂਰਾਜਾ ਰਣਜੀਤ ਸਿੰਘ ਦੇ ਸਾਮਰਾਜ ਨੂੰ ਫ਼ਤਹਿ ਕਰਨ ਵਾਲੇ ਅਖਵਾਉਣ ਵਿਚ ਸੀ।

ਏਨਾ ਕੁ ਤਾਂ ਕਹਿ ਸਕਦੇ ਹਾਂ ਕਿ ਆਪਣੇ ਆਖ਼ਰੀ ਸਾਲਾਂ ਵਿਚ ਰਣਜੀਤ ਸਿੰਘ ਝੱਕਦਾ ਝੱਕਦਾ ਆਪਣੇ ਆਪ ਨੂੰ ਮਹਾਂਰਾਜਾ ਅਖਵਾਉਣ ਉੱਤੇ ਇਤਰਾਜ਼ ਕਰਨੋਂ ਰਹਿ

ਗਿਆ ਸੀ; ਤਾਂਹੀਏਂ ਠੰਡੀ ਰੁੱਤੇ ਓਸ ਨੂੰ ਘਬਰਾਹਟ ਦਾ ਮੁੜ੍ਹਕਾ ਆਇਆ। ਪਰੰਤੂ ਇਹ ਹਰਗਿਜ਼ ਗ਼ਲਤ ਹੈ ਕਿ ਓਸਨੇ ਕਦੇ ਵੀ ਮਹਾਂਰਾਜੇ ਦਾ ਖ਼ਿਤਾਬ ਆਪਣੇ ਆਪ ਨੂੰ ਦਿੱਤਾ। ਓਸ ਦੇ ਹਮਰਕਾਬ, ਸੂਰਬੀਰ ਸਿੰਘਾਂ ਨੇ ਵੀ ਕਦੇ ਓਸ ਨੂੰ ਮਹਾਂਰਾਜਾ ਪ੍ਰਵਾਨ ਨਹੀਂ ਸੀ ਕੀਤਾ। ਜੇ ਅਸੀਂ ਓਸ ਨੂੰ ਓਹੋ ਖ਼ਿਤਾਬ ਦੇਣਾ ਚਾਹੀਏ, ਜਿਸ ਨਾਲ ਆਪਣੇ ਦਿਲ ਦੀਆਂ ਡੂੰਘਾਈਆਂ ਵਿੱਚੋਂ ਪੁਕਾਰਿਆ ਜਾਣਾ ਉਹ ਪਸੰਦ ਕਰਦਾ ਸੀ, ਤਾਂ ਸ਼ਾਇਦ ਅਸੀਂ ਓਸ ਨੂੰ 'ਸਿੰਘ ਸਾਹਿਬ ਸਿਰਦਾਰ ਰਣਜੀਤ ਸਿੰਘ ਬਹਾਦਰ' ਬਿਨਾਂ ਕੁਝ ਹੋਰ ਨਾ ਕਹਿ ਸਕੀਏ।

•

ਸਰਦਾਰ ਸ਼ਾਮ ਸਿੰਘ ਅਟਾਰੀਵਾਲਾ*

(ਬਾਪ ਦਾ ਖ਼ਤ)

ਮੈਂ ਅੱਜ ਫ਼ੈਸਲਾ ਕੀਤਾ ਹੈ ਕਿ ਤੈਨੂੰ ਇਕ ਸ਼ਹੀਦ ਦੀ ਅਮਰ ਗਾਥਾ ਸੁਣਾਵਾਂ। ਪਰ ਸ਼ੁਰੂ ਕਿਵੇਂ ਕਰਾਂ ? ਕਿਹੜੇ ਸ਼ਹੀਦ ਦੀ ਗੱਲ ਸ਼ੁਰੂ ਕਰਾਂ ? ਤੈਨੂੰ ਤਾਰੂ ਸਿੰਘ ਸ਼ਹੀਦ ਦੀ ਸਾਖੀ ਸੁਣਾਵਾਂ, ਜਿਸ ਨੇ ਸੀਸ ਦਾ ਪਿਆਲਾ ਬਣਾ ਕੇ ਉਸ ਵਿਚ ਆਪਣਾ ਲਹੂ ਇਸ ਲਈ ਦਿੱਤਾ, ਤਾਂਕਿ ਸਦੀਆਂ ਦੀ ਬੁਜ਼ਦਿਲੀ ਧੋਤੀ ਜਾ ਸਕੇ ? ਜਾਂ ਕੀ ਤੈਨੂੰ ਭਾਈ ਬੋਤਾ ਸਿੰਘ ਦੀ ਸਾਖੀ ਚੰਗੀ ਲੱਗੇਗੀ, ਜਿਸ ਨੇ ਆਪਣੇ ਅਮਰ ਸ਼ਹੀਦ ਸਾਥੀ ਗਰਜਾ ਸਿੰਘ ਨਾਲ ਮਿਲ ਕੇ ਖ਼ਾਲਸੇ ਦੀ ਸਰਦਾਰੀ ਤੇ ਸੁਤੰਤਰਤਾ ਦਾ ਦਾਅਵਾ ਪੇਸ਼ ਕਰਨ ਲਈ ਮੁਗ਼ਲਾਂ ਦੀ ਹਿਕ ’ਤੇ ਖੜੇ ਹੋ ਕੇ ਚੁੰਗੀ ਉਗਰਾਹੁਣੀ ਸ਼ੁਰੂ ਕਰ ਦਿੱਤੀ ਸੀ। ਸ਼ਾਇਦ ਤੈਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਉਸ ਮਹਾਨ ਗ੍ਰੰਥੀ ਭਾਈ ਮਨੀ ਸਿੰਘ ਦੀ ਸਾਖੀ ਜ਼ਿਆਦਾ ਚੰਗੀ ਲੱਗੇਗੀ, ਜਿਸ ਦੇ ਸਰੀਰ ਦੇ ਬੰਦ ਬੰਦ ਕੱਟੇ ਗਏ, ਪਰ ਉਹ ਸ਼ਾਂਤ ਤੇ ਅਡੋਲ ਬੈਠਾ ਰਿਹਾ। ਸ਼ਾਇਦ ਬਾਬਾ ਬੰਦਾ ਸਿੰਘ ਬਹਾਦਰ ਦੇ ਬਹਾਦਰੀ ਭਰੇ ਕਾਰਨਾਮੇ ਤੈਨੂੰ ਵਧੇਰੇ ਦਿਲਚਸਪ ਲੱਗਣਗੇ, ਜਿਸ ਨੇ ਆਪਣੇ 800 ਸਾਥੀਆਂ ਸਮੇਤ ਅਦੁੱਤੀ ਸ਼ਹਾਦਤ ਦਿੱਤੀ ਸੀ। ਜਾਂ ਮੈਂ ਬਾਬਾ ਦੀਪ ਸਿੰਘ ਦੀ ਗੱਲ ਯਾਦ ਕਰਾਵਾਂ, ਜਿਸ ਬਾਰੇ ਅਜੇ ਤੀਕ ਇਹ ਨਿਰਣਾ ਨਹੀਂ ਹੋ ਸਕਿਆ ਕਿ ਉਸ ਦੀ ਬੁੱਧੀ ਵਧੇਰੀ ਤੇਜ਼ ਸੀ ਜਾਂ ਉਸ ਦਾ ਦੋਧਾਰਾ ਖੰਡਾ ? ਸ਼ਾਇਦ ਆਪਣਾ ਧਿਆਨ ਉਨ੍ਹਾਂ ਹਜ਼ਾਰਾਂ ਲੱਖਾਂ ਸ਼ਹੀਦਾਂ ਵੱਲ ਕਰਨਾ ਜ਼ਿਆਦਾ ਚੰਗਾ ਰਹੇਗਾ, ਜਿਨ੍ਹਾਂ ਨੇ ਖ਼ਾਲਸੇ ਦੀ ਆਜ਼ਾਦ ਹੋਣੀ ਮਨਵਾਉਣ ਲਈ ਆਪਣੀਆਂ ਜਾਨਾਂ ਹੱਸ ਹੱਸ ਵਾਰ ਦਿੱਤੀਆਂ। ਜਾਂ ਫਿਰ ਅੰਤ ਅਸੀਂ ਕਿਸੇ ਇਕ ਅਜਿਹੇ ਸ਼ਹੀਦ ਵੱਲ ਮੁੜੀਏ ਜਿਸ ਨੇ ਮੌਤ ਦਾ ਜਾਮ ਖ਼ਾਲਸੇ ਵੱਲੋਂ ਭਾਰੀ ਕੁਰਬਾਨੀਆਂ ਮਗਰੋਂ ਪ੍ਰਾਪਤ ਕੀਤੇ ਰਾਜ ਦੀ ਸ਼ਮ੍ਹਾ ਨੂੰ ਜਗਦੇ ਰੱਖਣ ਲਈ ਪੀਤਾ ਸੀ ?

ਹਾਂ, ਮੈਨੂੰ ਪਤਾ ਹੈ, ਛੋਟੇ ਬੱਚਿਆਂ ਦਾ ਸਬਰ ਉਨ੍ਹਾਂ ਦੇ ਕੱਦ ਤੋਂ ਵੱਡਾ ਨਹੀਂ ਹੁੰਦਾ। ਇਸ ਲਈ ਤੇਰਾ ਸਬਰ ਹੋਰ ਨਹੀਂ ਅਜ਼ਮਾਵਾਂਗਾ ਤੇ ਸਿੱਧੀ ਗੱਲ ਕਰਾਂਗਾ ਉਸ ਇਕ ਸ਼ਹੀਦ ਦੀ ਜਿਸ ਬਾਰੇ ਕੁਝ ਕਹਿਣ ਨੂੰ ਅੱਜ ਮੇਰਾ ਜੀਅ ਕਰ ਰਿਹਾ ਹੈ।

ਮੈਂ ਤੈਨੂੰ ਚਿੱਟੀ ਦਾਹੜੀ ਵਾਲੇ ਇਕ ਸੰਤ-ਸਿਪਾਹੀ ਦੇ ਜੀਵਨ ਦੇ ਅੰਤਿਮ ਪਲਾਂ ਦੀ ਝਾਤ ਵਿਖਾਵਾਂਗਾ, ਜੋ ਸਭਰਾਵਾਂ ਵਿਖੇ 10 ਫ਼ਰਵਰੀ, 1846 ਵਾਲੇ ਦਿਨ ਸ਼ਹੀਦ ਹੋ ਗਿਆ ਸੀ। ਉਸ ਦਾ ਨਾਂ ਸੀ ਸਰਦਾਰ ਸ਼ਾਮ ਸਿੰਘ ਤੇ ਅਟਾਰੀ ਦਾ ਸਰਦਾਰ ਕਰ ਕੇ ਜਾਣਿਆ ਜਾਂਦਾ ਸੀ। ਸਿਰ ਤੋਂ ਪੈਰਾਂ ਤੀਕ ਉਹ ਸੋਨੇ ਦਾ ਬਣਿਆ ਹੋਇਆ ਸੀ ਤੇ

---

* ਆਂਧਰਾ ਪ੍ਰਦੇਸ਼ ਵਿਚ ਨੌਕਰੀ ਦੌਰਾਨ ਆਪਣੇ ਬੱਚਿਆਂ ਦੀ ਵਾਕਫ਼ੀਅਤ ਲਈ ਮੁੱਢਲੇ ਰੂਪ ਵਿਚ ਲਿਖਿਆ; ਫੇਰ ਅਖ਼ਬਾਰਾਂ, ਰਸਾਲਿਆਂ ਰਾਹੀਂ ਸਾਰੇ ਬੱਚਿਆਂ ਨਾਲ ਸਾਂਝਾ ਕੀਤਾ। ਇਹ ਲੇਖ ਬਾਅਦ ਵਿਚ *ਸਪੋਕਸਮੈਨ ਵੀਕਲੀ* ਨੇ ਵੀ ਛਾਪਿਆ।

ਉਸ ਦਾ ਦਿਲ ਕਿਸੇ ਹੋਰ ਵੀ ਵਧੀਆ ਸ਼ੈਅ ਦਾ ਬਣਿਆ ਹੋਇਆ ਸੀ। ਉਹ ਜਿਸ ਘੋੜੇ 'ਤੇ ਸਵਾਰ ਹੁੰਦਾ ਸੀ, ਉਸ ਦੇ ਖੁਰ ਹੀਰਿਆਂ ਦੇ ਬਣੇ ਹੋਏ ਸਨ ਤੇ ਉਸ ਦੀ ਅੰਤਮ ਯਾਤਰਾ ਸਮੇਂ ਉਸ ਦੇ ਨਾਲ ਗਏ ਸਾਥੀ ਬਹਾਦਰ ਲੋਕਾਂ ਦੀ ਭੀੜ ਵਿਚ ਇਸ ਤਰ੍ਹਾਂ ਜਗਮਗ ਜਗਮਗ ਕਰਦੇ ਹਨ, ਜਿਵੇਂ ਤਾਰਿਆਂ ਵਿਚਕਾਰ ਚੰਨ!

ਜੇ.ਡੀ. ਕਨਿੰਘਮ, ਜੋ ਆਪਣੀ ਪੁਸਤਕ *ਹਿਸਟਰੀ ਔਵ ਦਾ ਸਿਖਜ਼* ਦੇ ਪੰਨਿਆਂ ਰਾਹੀਂ ਸਦਾ ਜੀਵਤ ਰਹੇਗਾ, ਲਿਖਦਾ ਹੈ ਕਿ ਪਹਿਲੀ ਸਿਖ ਜੰਗ ਦੇ ਸ਼ੁਰੂ ਤੋਂ ਹੀ, ਡੋਗਰੇ ਤੇ ਬ੍ਰਾਹਮਣ ਜਿਨ੍ਹਾਂ ਦੇ ਹੱਥਾਂ ਵਿਚ ਸਿਖ ਰਾਜ (ਸਰਕਾਰ-ਏ-ਖ਼ਾਲਸਾ ਜੀਉ) ਦੀ ਵਾਗਡੋਰ ਸੀ, ਇਸ ਗੱਲ ਵਿਚ ਦਿਲਚਸਪੀ ਰੱਖਦੇ ਸਨ ਕਿ ਸਿਖ ਫ਼ੌਜਾਂ ਦਾ ਰਾਜਨੀਤਿਕ ਜਾਂ ਦਰਬਾਰ ਦੇ ਮਾਮਲਿਆਂ ਉਪਰ ਅਸਰ ਘੱਟ ਹੋ ਜਾਵੇ, ਇਸ ਲਈ ਉਹ ਅਜਿਹਾ ਪ੍ਰਬੰਧ ਕਰ ਰਹੇ ਸਨ, ਜਿਸ ਨਾਲ ਸਿਖ ਫ਼ੌਜਾਂ ਅੰਗਰੇਜ਼ਾਂ ਹੱਥੋਂ ਹਾਰ ਜਾਣ। 9 ਫ਼ਰਵਰੀ ਤੋਂ ਬਹੁਤ ਪਹਿਲਾਂ, ਉਨ੍ਹਾਂ ਦਾ ਦੁਸ਼ਮਣ ਦੀਆਂ ਫ਼ੌਜਾਂ ਨਾਲ ਸਮਝੌਤਾ ਹੋ ਗਿਆ ਲੱਗਦਾ ਸੀ। ਇਸ ਤਰ੍ਹਾਂ ਸਿਖ ਫ਼ੌਜਾਂ ਦਾ ਬ੍ਰਾਹਮਣ ਆਗੂ ਤੇਜ ਸਿੰਘ ਜੰਗ ਦੇ ਮੈਦਾਨ ਵਿਚ ਇਹ ਕਹਿਣ ਲਈ ਆਇਆ ਕਿ ਸਰਦਾਰ ਸ਼ਾਮ ਸਿੰਘ ਆਪਣਾ ਜੀਵਨ ਖ਼ਤਰੇ ਵਿਚ ਨਾ ਪਾਵੇ। ਜੰਗ ਦੇ ਮੈਦਾਨ ਵਿਚ ਜੂਝ ਰਹੀ ਫ਼ੌਜ ਦੇ ਕਮਾਂਡਰ ਨੂੰ ਇਹ ਸੁਣ ਕੇ ਬੜਾ ਧੱਕਾ ਲੱਗਾ। ਚਲਾਕ ਬ੍ਰਾਹਮਣ ਜਿਸ ਦੇ ਦਿਲ ਵਿਚ ਬੜਾ ਜ਼ਹਿਰ ਭਰਿਆ ਹੋਇਆ ਸੀ ਤੇ ਮੂੰਹ ਵਿਚ ਫ਼ਰੇਬ, ਸਰਦਾਰ ਦੇ ਸ਼ੁਧ ਇਰਾਦਿਆਂ ਨੂੰ ਨਾ ਸਮਝ ਸਕਿਆ ਤੇ ਪਰੇਸ਼ਾਨ ਜਿਹਾ ਹੋ ਗਿਆ। ਸਰਦਾਰ ਨੇ ਉਸ ਵੱਲ ਘਿਰਣਾ ਦੀ ਨਜ਼ਰ ਨਾਲ ਵੇਖਿਆ ਤੇ ਆਪਣੀ ਥਾਂ ਤੋਂ ਉਠ ਕੇ ਤੇਜ ਸਿੰਘ ਨੂੰ ਵਿਦਾ ਹੋਣ ਦਾ ਇਸ਼ਾਰਾ ਕਰਦੇ ਹੋਏ ਨਾਲ ਲੱਗਦੇ ਤੰਬੂ ਵਲ ਚੱਲ ਪਿਆ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਪ੍ਰਕਾਸ਼ਮਾਨ ਸੀ।

ਸਰਦਾਰ ਸ਼ਾਮ ਸਿੰਘ ਜੁੜੇ ਹੋਏ ਹੱਥਾਂ ਨਾਲ ਅਰਦਾਸ ਕਰ ਰਿਹਾ ਸੀ, ਜਦੋਂ ਕਿਸੇ ਨਿਕੰਮੀ ਮਾਂ ਦਾ ਗ਼ੱਦਾਰ ਪੁੱਤਰ ਤੇਜ ਸਿੰਘ ਤੰਬੂ ਦੇ ਦੁਆਰ 'ਤੇ ਪਹੁੰਚ ਗਿਆ। ਤੇਜ ਸਿੰਘ ਮੁਹਾਠ ਟੱਪ ਕੇ ਅੰਦਰ ਜਾਣਾ ਚਾਹੁੰਦਾ ਸੀ, ਪਰ ਕਿਸੇ ਅਗੰਮੀ ਸ਼ਕਤੀ ਨੇ ਉਸ ਦੇ ਪੈਰ ਰੋਕ ਲਏ। ਸਰਦਾਰ ਸ਼ਾਮ ਸਿੰਘ ਦੀ ਅਰਦਾਸ ਹਮੇਸ਼ਾ ਵਾਂਗ ਸਪੱਸ਼ਟ ਤੇ ਉੱਚੀ ਆਵਾਜ਼ ਵਿਚ ਸੀ। ਉਥੇ ਖੜੇ ਚੋਬਦਾਰ ਤੇ ਹੋਰ ਬੰਦੇ ਕੰਨ ਲਾ ਕੇ ਉਹ ਕੁਝ ਸੁਣਨ ਦਾ ਯਤਨ ਕਰ ਰਹੇ ਸਨ, ਜੋ ਸਰਦਾਰ ਸ਼ਾਮ ਸਿੰਘ ਅਰਦਾਸ ਵਿਚ ਕਹਿ ਰਿਹਾ ਸੀ।

"ਸੱਚੇ ਪਾਤਿਸ਼ਾਹ, ਤੈਨੂੰ ਆਪਣੇ ਖ਼ਾਲਸੇ ਤੋਂ ਬੜੀ ਨਿਰਾਸ਼ਾ ਹੋ ਰਹੀ ਹੋਵੇਗੀ, ਪਰ ਸ਼ੇਰਾਂ ਦੀ ਅਗਵਾਈ ਲੂੰਬੜ ਤੇ ਕੁੱਤੇ ਕਰ ਰਹੇ ਨੇ। ਆਪਣੇ ਖ਼ਾਲਸੇ ਨੂੰ ਮਾਫ਼ ਕਰ ਦਈਂ ਮਿਹਰਾਂ ਦੇ ਸਾਈਂ ਕਿਉਂਕਿ ਖ਼ਾਲਸਾ ਤੇਰਾ ਹੈ ਅਤੇ ਤੇਰੇ ਹੁਕਮ 'ਤੇ ਸਦਾ ਜਿੰਦ ਕੁਰਬਾਨ ਕਰਨ ਨੂੰ ਤਿਆਰ ਹੈ। ਕੱਲ੍ਹ ਤੇਰਾ ਨਿਮਾਣਾ ਸੇਵਕ ਇਹ ਮਿੱਟੀ ਦਾ ਠੀਕਰਾ ਭੰਨ ਕੇ ਤੇਰੇ ਦਰ ਤੋਂ ਪਸ਼ਚਾਤਾਪ ਵਜੋਂ ਮਾਫ਼ੀ ਮੰਗੇਗਾ।"

ਅਰਦਾਸ ਕਰਨ ਉਪਰੰਤ ਉਹ ਦਰਵਾਜ਼ੇ ਵੱਲ ਆਇਆ ਤੇ ਆਪਣੇ ਸਾਈਸ ਨੂੰ ਆਵਾਜ਼ ਮਾਰ ਕੇ ਕਹਿਣ ਲੱਗਾ, "ਜਾ ਆਪਣੇ ਰਾਜੀ ਨੂੰ ਕਹਿ ਦੇ ਕਿ ਸਰਦਾਰ ਕੱਲ੍ਹ ਜੰਗ ਦੇ ਮੈਦਾਨ ਵਿਚ ਉਸ ਉਪਰ ਸਵਾਰੀ ਕਰੇਗਾ। ਉਹਨੂੰ ਚੰਗੀ ਤਰ੍ਹਾਂ ਤਿਆਰ ਕਰ ਦੇਵੀਂ। ਸਰਦਾਰਨੀ ਨੂੰ ਵੀ ਅਟਾਰੀ ਸੁਨੇਹਾ ਭੇਜ ਦੇ ਕਿ ਸ਼ਾਮ ਸਿੰਘ ਹੁਣ ਘਰ ਨਹੀਂ ਪਰਤੇਗਾ।"

ਜਦੋਂ ਵੀ ਤੇਜ ਸਿੰਘ ਹੌਸਲਾ ਕਰ ਕੇ ਸ਼ਾਮ ਸਿੰਘ ਵੱਲ ਵੇਖਣ ਦਾ ਯਤਨ ਕਰਦਾ, ਚੰਨ ਕਿਸੇ ਬੱਦਲੀ ਹੇਠ ਜਾ ਵੜਦਾ। ਇਸ ਤਰ੍ਹਾਂ ਕੁਦਰਤ ਨੇ ਇਕ ਸੱਪ ਦੀ ਨਜ਼ਰ ਸ਼ਹੀਦ

ਦੇ ਚਿਹਰੇ ਉਪਰ ਪੈਣੋਂ ਰੋਕ ਦਿੱਤੀ। ਸਾਰਿਆਂ ਨੂੰ ਵਿਦਾ ਹੋਣ ਦਾ ਇਸ਼ਾਰਾ ਕਰ ਕੇ ਸਰਦਾਰ ਵਾਪਸ ਪਾਠ ਕਰਨ ਲਈ ਮੁੜ ਗਿਆ।

ਸਰਦਾਰ ਵੱਲੋਂ ਸ਼ਹੀਦ ਹੋ ਜਾਣ ਦਾ ਪ੍ਰਣ ਲਏ ਜਾਣ ਦੀ ਖ਼ਬਰ ਅੱਗ ਵਾਂਗ ਫੈਲ ਗਈ। ਹਜ਼ਾਰਾਂ ਸਿਖ ਫ਼ੌਜੀ ਤੰਬੂ ਵੱਲ ਭੱਜ ਪਏ। ਸਾਰੀ ਰਾਤ ਉਹ ਇਕ ਇਕ ਕਰ ਕੇ ਤੰਬੂ ਸਾਹਮਣਿਉਂ ਲੰਘਦੇ ਹੋਏ ਆਪਣੇ ਸਰਦਾਰ ਦੀ ਇਕ ਅੰਤਮ ਝਲਕ ਪ੍ਰਾਪਤ ਕਰਨ ਦਾ ਯਤਨ ਕਰਦੇ ਰਹੇ। ਹਰ ਇਕ ਨੇ ਵੇਖਿਆ ਕਿ ਚਿੱਟੀ ਦਾਹੜੀ ਵਾਲਾ ਸਰਦਾਰ ਗੁਰੂ ਦੇ ਸ਼ਬਦ ਦਾ ਜਾਪ ਸ਼ਰਧਾਮਈ ਹੋ ਕੇ ਕਰਦਾ ਰਿਹਾ। ਜੋ ਕੁਝ ਉਨ੍ਹਾਂ ਵੇਖਿਆ, ਉਹ ਯੁੱਧ ਤੋਂ ਪਹਿਲਾਂ ਦੀ ਇਕ ਸੁਹਾਵਣੀ ਤੇ ਪਵਿੱਤਰ ਯਾਦ ਬਣ ਕੇ ਉਨ੍ਹਾਂ ਦੇ ਮਨਾਂ ਵਿਚ ਸਦਾ ਲਈ ਉਕਰੀ ਗਈ।

ਉਹ ਸਵੇਰੇ ਜਲਦੀ ਜਾਗ ਕੇ ਚਿੱਟਾ ਦੁੱਧ ਪੁਸ਼ਾਕਾ ਪਹਿਨ ਕੇ ਤਿਆਰ ਹੋ ਗਿਆ। ਇਹ ਰੰਗ ਉਸ ਦੇ ਬੀਤੀ ਸ਼ਾਮ ਦੇ ਪ੍ਰਣ ਦੇ ਐਨ ਅਨੁਕੂਲ ਸੀ। ਉਸ ਨੇ ਗੁਰੂ ਦੀ ਹਾਜ਼ਰੀ ਵਿਚ ਤਲਵਾਰ ਮਿਆਨੋਂ ਧੂਹ ਲਈ ਤੇ ਮੁੜ ਕੇ ਕਦੀ ਮਿਆਨ ਵਿਚ ਨਹੀਂ ਪਾਈ। ਦਸਤਾਰ ਉਪਰ ਉਸ ਨੇ ਖਫਣ ਵਲ੍ਹੇਟ ਲਿਆ। ਦੁਸ਼ਮਣ ਨੇ ਵੀ ਇਹ ਗੱਲ ਲਿਖੀ ਹੈ ਕਿ ਚਿੱਟੇ ਵਸਤਰਾਂ ਵਿਚ ਲਿਪਟੀ ਉਹ ਆਤਮਾ ਜੰਗ ਦੇ ਮੈਦਾਨ ਵਿਚ ਹਰ ਥਾਂ ਨਜ਼ਰ ਆ ਰਹੀ ਸੀ ਤੇ ਮੌਤ ਦੇ ਆਹੂ ਲਾਹ ਰਹੀ ਸੀ। ਉਹਨੇ ਅਜਿਹੀ ਲੜਾਈ ਲੜੀ, ਜਿਸ ਨੂੰ ਵੇਖਣ ਲਈ ਫ਼ਰਿਸ਼ਤੇ ਵੀ ਆਏ। ਉਸ ਦੀ ਪ੍ਰੇਰਨਾਮਈ ਹਸਤੀ ਸਭ ਲਈ ਉਤਸ਼ਾਹ ਦਾ ਸੋਮਾ ਬਣੀ। ਉਸ ਦੇ ਜਵਾਨ ਸ਼ੇਰਾਂ ਵਾਂਗ ਲੜੇ—ਇਸ ਗੱਲ ਦੇ ਬਾਵਜੂਦ ਕਿ ਤੇਜ ਸਿੰਘ ਆਪਣੇ ਪਿਛਲੱਗਾਂ ਸਣੇ ਬੜੇ ਮਹੱਤਵਪੂਰਨ ਮੌਕੇ 'ਤੇ ਭੱਜ ਗਿਆ ਤੇ ਵਾਪਸ ਮੁੜਦਿਆਂ ਦਰਿਆ ਪਾਰ ਕਰਨ ਲਈ ਮੌਜੂਦ ਇੱਕੋ ਇਕ ਲੱਕੜ ਦਾ ਪੁਲ ਵੀ ਤੋੜ ਗਿਆ।

"ਸਰਦਾਰ ਦੀ ਕਾਇਮ ਕੀਤੀ ਮਿਸਾਲ ਦਾ ਅਸਰ ਹਰ ਇਕ 'ਤੇ ਹੋਇਆ ਅਤੇ ਚਾਰੇ ਪਾਸਿਉਂ ਘੋੜ-ਸਵਾਰ ਤੇ ਪੈਦਲ ਦਸਤਿਆਂ ਵੱਲੋਂ ਘੇਰੇ ਜਾਣ ਦੇ ਬਾਵਜੂਦ, ਕਿਸੇ ਇਕ ਵੀ ਸਿਖ ਨੇ ਹਥਿਆਰ ਸੁੱਟਣ ਦੀ ਗੱਲ ਨਾ ਸੋਚੀ ਅਤੇ ਗੁਰੂ ਗੋਬਿੰਦ ਸਿੰਘ ਦੇ ਕਿਸੇ ਵੀ ਸਿਖ ਨੇ ਢਿਲ ਨਾ ਵਿਖਾਈ। ਉਹਨਾਂ ਨੇ ਹਰ ਥਾਂ ਜੇਤੂਆਂ ਦਾ ਸਾਹਮਣੇ ਹੋ ਕੇ ਟਾਕਰਾ ਕੀਤਾ ਤੇ ਹੌਲੀ ਹੌਲੀ ਮਰ ਮਿਟਦੇ ਗਏ। ਕਈ ਤਾਂ ਇਕੱਲੇ ਰਹਿ ਜਾਣ 'ਤੇ ਵੀ ਸਾਹਮਣੇ ਖੜੇ ਦੁਸ਼ਮਣ ਦੀ ਭੀੜ 'ਤੇ ਟੁੱਟ ਕੇ ਪੈਣੋਂ ਨਾ ਹਟੇ, ਜਦਕਿ ਉਨ੍ਹਾਂ ਨੂੰ ਪਤਾ ਸੀ ਕਿ ਇਸ ਤਰ੍ਹਾਂ ਕਰਨ ਦਾ ਮਤਲਬ ਯਕੀਨੀ ਮੌਤ ਸੀ। ਜੇਤੂ ਹਾਰੇ ਹੋਇਆਂ ਵੱਲ ਉਨ੍ਹਾਂ ਦੇ ਪਹਾੜ ਵਰਗੇ ਹੌਸਲੇ ਨੂੰ ਵੇਖ ਕੇ ਮੂੰਹ ਵਿਚ ਉਂਗਲਾਂ ਪਾ ਕੇ ਵੇਖ ਰਹੇ ਸਨ।" (ਕਨਿੰਘਮ)।

ਸਰਦਾਰ ਦਾ ਜਿਸਮ ਗੋਲੀਆਂ ਨਾਲ ਛਾਨਣੀ ਹੋਇਆ ਪਿਆ ਸੀ ਤੇ ਗੋਲੀਆਂ ਦੇ ਨਿਸ਼ਾਨ ਗਿਣੇ ਨਹੀਂ ਸਨ ਜਾ ਸਕਦੇ, ਜਦੋਂ ਵਰਦੀ ਵਾਲੀਆਂ ਲਾਸ਼ਾਂ ਦੇ ਅੰਬਾਰ 'ਚੋਂ ਉਸ ਦਾ ਸਰੀਰ ਧੂਹ ਕੇ ਕੱਢਿਆ ਗਿਆ। ਉਸ ਥਾਂ 'ਤੇ ਦੁਸ਼ਮਣ ਦੀਆਂ ਲਾਸ਼ਾਂ ਸਭ ਤੋਂ ਵੱਧ ਸਨ। ਛੇ ਸਿਪਾਹੀ ਸਰਦਾਰ ਦੀ ਦੇਹ ਚੁੱਕ ਕੇ ਦਰਿਆ 'ਚੋਂ ਤੈਰ ਕੇ ਵਾਪਸ ਪਰਤੇ। ਪਿੰਡ ਦੇ ਬਾਹਰਵਾਰ ਚਿਤਾ ਤਿਆਰ ਸੀ ਅਤੇ ਅਟਾਰੀ ਦੇ ਮਰਦ ਤੇ ਤੀਵੀਆਂ, ਜਿਨ੍ਹਾਂ ਨੂੰ ਸਰਦਾਰ ਦੇ ਪ੍ਰਣ ਦਾ ਪਤਾ ਸੀ, ਸਦਮਾ ਸਹਿਣ ਲਈ ਤਿਆਰ ਖੜੇ ਸਨ। ਸਰਦਾਰਨੀ ਨੂੰ ਜਿਉਂ ਹੀ ਸੁਨੇਹਾ ਮਿਲਿਆ, ਉਸ ਨੇ ਦੋ ਚਿਤਾਵਾਂ ਤਿਆਰ ਕਰਨ ਦਾ ਹੁਕਮ ਦਿੱਤਾ।

ਉਹ ਪੁਸ਼ਾਕਾ ਲੈ ਕੇ ਜੋ ਸਰਦਾਰ ਨੇ ਆਪਣੇ ਵਿਆਹ ਵਾਲੇ ਦਿਨ ਪਹਿਨਿਆ ਸੀ, ਸਰਦਾਰਨੀ ਚਿਤਾ 'ਤੇ ਬਹਿ ਗਈ ਤੇ ਸ਼ਾਂਤ ਚਿਤ ਹੋ ਉਸ ਨੇ ਚਿਤਾ ਨੂੰ ਅੱਗ ਵਿਖਾ ਦਿੱਤੀ। ਜਦੋਂ ਸਰਦਾਰ ਦੀ ਦੇਹ ਉਥੇ ਪਹੁੰਚੀ ਤਾਂ ਸਰਦਾਰਨੀ ਦਾ ਸਰੀਰ ਖ਼ਾਕ ਬਣ ਚੁੱਕਿਆ ਸੀ ਤੇ ਅੱਗ ਦੇ ਭਾਂਬੜ ਬਲ ਰਹੇ ਸਨ। ਉਹਨਾਂ ਨੇ ਸਰਦਾਰ ਦੀ ਦੇਹ ਨੂੰ ਦੂਜੀ ਚਿਤਾ 'ਤੇ ਰੱਖ ਦਿੱਤਾ ਤੇ ਉਸ ਦੇ ਵੱਡੇ ਪੁੱਤਰ ਨੇ ਸੰਗੀ-ਸਾਥੀਆਂ ਦੀ ਸਹਾਇਤਾ ਨਾਲ ਚਿਤਾ ਨੂੰ ਲਾਂਬੂ ਲਾ ਦਿੱਤਾ।

ਜੇ ਤੈਨੂੰ ਮੇਰੇ ਬੱਚੇ ਹਜ਼ਾਰ ਮੀਲ ਚੱਲ ਕੇ ਵੀ ਜਾਣਾ ਪਵੇ ਤਾਂ ਚੱਲ ਕੇ ਜ਼ਰੂਰ ਜਾਈਂ ਤੇ ਵੇਖੀਂ ਉਸ ਸਰਦਾਰ ਤੇ ਉਸ ਦੀ ਸਰਦਾਰਨੀ ਦੀ ਸਮਾਧੀ। ਪੰਜਾਬ ਦੇ ਉਸ ਅਤਿ ਪਿਆਰੇ ਸਰਦਾਰ ਦੇ ਅੰਤਮ ਆਰਾਮ ਦਾ ਟਿਕਾਣਾ ਤੂੰ ਜ਼ਰੂਰ ਵੇਖੀਂ। ਜੇ ਤੂੰ ਉਥੇ ਉਸ ਵੇਲੇ ਪਹੁੰਚੇਂ, ਜਿਸ ਵੇਲੇ ਸੂਰਜ ਦਾ ਜਲੌ ਸਮਾਪਤ ਹੋ ਰਿਹਾ ਹੁੰਦਾ ਹੈ ਤੇ ਫਿੱਕੇ ਅਸਮਾਨ 'ਤੇ ਉਸ ਦਾ ਲਹੂ ਫੈਲ ਰਿਹਾ ਹੁੰਦਾ ਹੈ ਤਾਂ ਤੈਨੂੰ ਇਕ ਬਿਰਧ ਮਾਤਾ ਦਾ ਪਰਛਾਵਾਂ ਸਮਾਧੀ ਵੱਲ ਵਧਦਾ ਨਜ਼ਰ ਆਵੇਗਾ। ਜਦੋਂ ਮੈਂ ਉਥੇ ਗਿਆ ਸੀ ਤਾਂ ਇਕ ਬਿਰਧ ਮਾਤਾ ਆਪਣੀ ਸੋਟੀ 'ਤੇ ਝੁਕੀ ਹੋਈ ਉਥੇ ਪਹੁੰਚੀ। ਸੋਟੀ ਉਸ ਨੇ ਸਮਾਧੀ ਕੋਲ ਟਿਕਾਅ ਦਿੱਤੀ। ਫਿਰ ਉਸ ਨੇ ਮਿੱਟੀ ਦਾ ਦੀਵਾ ਬਾਲ ਕੇ ਸਮਾਧੀ 'ਤੇ ਰੱਖ ਦਿੱਤਾ। ਇੱਕੋ ਜ਼ੋਰਦਾਰ ਝਟਕੇ ਨਾਲ ਫਿਰ ਉਹ ਸਿੱਧੀ ਖੜੀ ਹੋ ਗਈ ਤੇ ਅਸਮਾਨ ਵੱਲ ਟਿਕਟਿਕੀ ਲਾ ਕੇ ਵੇਖਦੀ ਰਹੀ। ਉਸ ਧੁੰਦਲਕੇ ਜਹੇ ਵਿਚ ਮੈਂ ਉਸ ਦੀਆਂ ਅੱਖਾਂ ਵਿਚ ਦੋ ਹੰਝੂ ਵੇਖੇ ਤੇ ਫਿਰ ਉਸ ਦੀਆਂ ਨਜ਼ਰਾਂ ਵਿਚ ਨਿਰਾਸ਼ਾ। ਤੇ ਉਹ ਪਰਤ ਗਈ।

ਅਟਾਰੀ ਵਿਚ ਇਕ ਵਿਸ਼ਵਾਸ ਹੈ ਕਿ ਧ੍ਰੂ ਤਾਰੇ ਵਰਗਾ ਚਮਕਦਾਰ ਇਕ ਤਾਰਾ ਉਦੋਂ ਅਸਮਾਨ ਵਿਚ ਨਜ਼ਰ ਆਵੇਗਾ, ਜਦੋਂ ਧਰਤੀ 'ਤੇ ਸ਼ਾਮ ਸਿੰਘ ਵਰਗਾ ਇਕ ਹੋਰ ਮਨੁੱਖ ਜਨਮ ਲਵੇਗਾ।

ਸ਼ਹੀਦ ਦੀ ਆਤਮਾ, ਮੇਰੇ ਬੱਚੇ ਉਪਰ ਵੇਖਦੀ ਹੈ ਤੇ ਉਦਾਸ ਹੋ ਜਾਂਦੀ, ਪਰ ਫਿਰ ਉਸ ਦੀ ਨਜ਼ਰ ਪੰਜਾਬ ਦੀਆਂ ਧੀਆਂ ਵੱਲ ਆ ਟਿਕਦੀ ਹੈ। "ਸ਼ਾਮ ਸਿੰਘ ਵਰਗਾ ਇਕ ਹੋਰ ਕਦੋਂ ਜਨਮ ਲਵੇਗਾ?" ਉਹ ਪੁੱਛਦੀ ਹੈ।

•

ਭੇਖ ਕਰੈ ਗੁਰ ਸਬਦੁ ਨ ਕਮਾਏ*

ਮਾਰੂ ਰਾਗ ਵਿਚ ਤੀਸਰੇ ਪਾਤਿਸ਼ਾਹ ਹਜ਼ੂਰ ਦਾ ਫ਼ੁਰਮਾਨ ਹੈ:

ਰਸ ਕਸ ਖਾਏ ਪਿੰਡੁ ਵਧਾਏ॥
ਭੇਖ ਕਰੈ ਗੁਰ ਸਬਦੁ ਨ ਕਮਾਏ॥
ਅੰਤਰਿ ਰੋਗੁ ਮਹਾ ਦੁਖੁ ਭਾਰੀ ਬਿਸਟਾ ਮਾਹਿ ਸਮਾਹਾ ਹੇ॥੧੦॥ *(ਪੰਨਾ 1058)*

ਸਿਖ ਪੰਥ ਦੀ ਵੱਖਰੀ ਹੋਂਦ ਤੋਂ ਮੁਨਕਰ ਲੋਕ ਕੁਝ ਸਮੇਂ ਤੋਂ ਭਾੜੇ ਦੇ ਵਿਦਵਾਨਾਂ ਰਾਹੀਂ ਸਿਖ ਪੰਥ ਉੱਤੇ ਘਾਤਕ ਹਮਲੇ ਕਰਵਾ ਰਹੇ ਹਨ। ਹੋਰ ਧਾਰਨਾਵਾਂ ਸਮੇਤ ਇਹਨਾਂ ਸਿਖ ਦੋਖੀ ਵਿਦਵਾਨਾਂ ਦਾ ਮੱਤ ਹੈ: (1) ਖ਼ਾਲਸੇ ਦੀ ਰਹਿਤ ਗੁਰੂ ਦੀ ਬਖ਼ਸ਼ੀ ਰਹਿਤ ਨਹੀਂ, ਬਲਕਿ ਅਜੇ ਤਕ ਵੀ ਸ਼ਕਲ ਫੜ ਰਹੇ ਅਸੂਲਾਂ ਦਾ ਸਮੂਹ ਹੈ (Evolving Code)। ਸਿਖ ਆਪਣੀ ਮਰਜ਼ੀ ਨਾਲ ਏਸ ਵਿਚ ਵਾਧਾ ਘਾਟਾ ਕਰ ਲੈਂਦੇ ਹਨ, ਜੋ ਕਿ ਏਸ ਦੇ ਗੁਰੂ ਵੱਲੋਂ ਨਾ ਬਖ਼ਸ਼ੀ ਹੋਣ ਦਾ ਅਕੱਟ ਸਬੂਤ ਹੈ। (2) ਇਹਨਾਂ ਦੀ ਕੋਈ ਪ੍ਰਮਾਣਿਤ ਧਰਮ ਪੁਸਤਕ ਨਹੀਂ, ਜਿਸ ਵਿਚ ਗੁਰੋਪਦੇਸ਼ ਮੁੱਢਲੇ ਰੂਪ ਵਿਚ ਲਿਖੇ ਹੋਣ। ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ ਨੂੰ ਭੰਨਣ ਘੜਨ ਦਾ ਸਿਲਸਿਲਾ ਚੱਲਦਾ ਰਿਹਾ ਹੈ ਅਤੇ ਅਜੇ ਵੀ ਜਾਰੀ ਹੈ। ਪਿਆਰ ਸਿੰਘ ਲਿਖਦਾ ਹੈ ਕਿ, "ਅੱਜ ਸਾਡੇ ਕੋਲ ਮੁੱਢਲੀ ਸਾਲਮ ਸਬੂਤ ਹਾਲਤ ਵਾਲੀ ਕੋਈ ਬੀੜ ਨਹੀਂ ਹੈ। ਸਭਨਾਂ ਵਿਚ ਭੰਨ ਤੋੜ ਹੋਈ ਹੋਈ ਹੈ।"

ਏਸ ਕੂੜ ਦੇ ਪਾਸਾਰ ਨੂੰ ਰੋਕਣ ਵਾਸਤੇ, ਸਹੀ ਸਿਖ ਵਿਚਾਰਧਾਰਾ ਨੂੰ ਪ੍ਰਚਾਰਨ ਵਾਸਤੇ ਸੁਰਗਵਾਸੀ ਸ: ਦਲਜੀਤ ਸਿੰਘ ਜੀ ਨੇ 'ਇੰਸਟੀਚਿਊਟ ਔਵ ਸਿਖ ਸਟੱਡੀਜ਼' ਦੀ ਨੀਂਹ ਰੱਖੀ। ਏਸ ਸੰਸਥਾ ਨਾਲ ਸੰਬੰਧਤ ਵਿਦਵਾਨ ਪਿਛਲੇ ਦਸ ਕੁ ਸਾਲਾਂ ਤੋਂ ਪੰਥ ਦੋਖੀਆਂ ਨਾਲ ਨੰਗੇ ਧੜ ਜੂਝਦੇ ਆ ਰਹੇ ਹਨ। ਪਿਛਲੇ ਸਮਿਆਂ ਵਿਚ ਪਸ਼ੌਰਾ ਸਿੰਘ, ਪਿਆਰ ਸਿੰਘ, ਗੁਰਿੰਦਰ ਸਿੰਘ ਮਾਨ, ਅਮਰਜੀਤ ਸਿੰਘ, ਹਰਜੋਤ ਓਬਰਾਏ ਆਦਿ ਸੰਬੰਧੀ ਇਹਨਾਂ ਦਾ ਯੋਗਦਾਨ ਸਮੁੱਚੇ ਪੰਥ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਲਾਹਿਆ ਹੈ। ਏਸ ਸਮੇਂ ਦੌਰਾਨ ਨਾ ਤਾਂ ਕਿਸੇ ਟਕਸਾਲ ਨੇ ਇਹਨਾਂ ਦੀ ਬਾਤ ਪੁੱਛੀ ਅਤੇ ਨਾ ਹੀ ਅਣੋਖ ਸਿੰਘ ਵਰਗੇ ਨੁਕਤਾਚੀਨਾਂ ਨੇ। ਨਾ ਹੀ ਇਹਨਾਂ ਕੋਈ ਢੁਕਵਾਂ ਯੋਗਦਾਨ ਏਸ ਧਰਮ ਯੁੱਧ ਵਿਚ ਪਾਇਆ। ਏਸ ਸੰਸਥਾ ਨੇ ਘੱਟੋ ਘੱਟ ਤਿੰਨ ਦਰਜਨਾਂ ਪੁਸਤਕਾਂ ਝੂਠ, ਕੂੜ, ਕੁਸੱਤ ਦਾ ਭਾਂਡਾ ਚੁਰਾਹੇ ਵਿਚ ਭੰਨਣ ਲਈ ਲਿਖੀਆਂ।

ਏਸੇ ਸੰਸਥਾ ਨੇ ਇੰਗਲੈਂਡ, ਅਮਰੀਕਾ, ਕੈਨੇਡਾ ਦੀਆਂ ਯੂਨੀਵਰਸਿਟੀਆਂ ਆਦਿ

---

* ਬੇਹੱਦ ਅਹਿਮੀਅਤ ਵਾਲਾ ਇਹ ਲੇਖ ਸਿਖ ਰਹਿਤ ਮਰਿਆਦਾ ਬਾਰੇ ਸੰਸੇ ਖੜੇ ਕਰਨ ਅਤੇ ਲੇਖਕ 'ਤੇ ਜ਼ਾਤੀ ਊਜਾਂ ਲਾਉਣ ਵਾਲਿਆਂ ਦੇ ਜਵਾਬ ਵਿਚ 16 ਨਵੰਬਰ, 1995 ਨੂੰ ਲਿਖਿਆ ਗਿਆ।

ਵਿਚ ਸੈਮੀਨਾਰ ਕਰ ਕੇ ਸੱਚ ਨੂੰ ਉਜਾਗਰ ਕੀਤਾ। ਏਸ ਨੇ ਉਹਨਾਂ ਹੀ ਨਿੱਗਰ ਗੁਰਮਤਿ ਅਨੁਸਾਰੀ ਸਿਧਾਂਤਾਂ ਦੀ ਵਿਆਖਿਆ ਲਈ 19 ਅਤੇ 20 ਸਤੰਬਰ, 1995 ਨੂੰ ਸ: ਦਲਜੀਤ ਸਿੰਘ ਜੀ ਦੀ ਯਾਦ ਵਿਚ ਇਕ ਸੈਮੀਨਾਰ ਚੰਡੀਗੜ੍ਹ ਵਿਚ ਸੰਪੰਨ ਕਰਵਾਇਆ। ਸੈਮੀਨਾਰ ਦੇ ਕੁੰਜੀਵਤ ਭਾਸ਼ਨ ਨੂੰ ਲੈ ਕੇ ਬਾਬਾ ਠਾਕਰ ਸਿੰਘ ਜੀ ਅਤੇ ਸੰਤ ਗੁਰਬਚਨ ਸਿੰਘ ਜੀ ਦੇ ਰਿਸ਼ਤੇਦਾਰ ਅਣੋਖ ਸਿੰਘ ਨੇ ਕੁਝ ਨੀਵੀਂ ਪੱਧਰ ਦੀਆਂ ਟਿੱਪਣੀਆਂ ਕੀਤੀਆਂ ਹਨ। ਇਹਨਾਂ ਇਹ ਵੀ ਨਾ ਵਿਚਾਰਿਆ ਕਿ ਕੁੰਜੀਵਤ ਭਾਸ਼ਣ ਤਾਂ ਸਾਰੀ ਸੰਸਥਾ ਦਾ ਸਾਂਝਾ ਵਿਚਾਰ ਹੈ ਅਤੇ ਅਜਿਹੀ ਸੰਸਥਾ ਨੂੰ ਬੇ-ਕਿਰਕ ਭੰਡਣਾ ਯੋਗ ਨਹੀਂ। ਸੰਸਥਾ ਦੇ ਕੰਮ ਵਿਚ ਐਸਾ ਕੋਈ ਨੁਕਸ ਨਹੀਂ, ਜਿਸਦੀ ਐਡੀ ਅੱਡੀਆਂ ਚੁੱਕ ਕੇ ਨਿਖੇਧੀ ਕੀਤੀ ਜਾ ਸਕੇ।

ਇਹਨਾਂ ਦੀਆਂ ਟਿੱਪਣੀਆਂ ਦਾ ਜੁਆਬ ਮੈਂ ਹੇਠ ਲਿਖੇ ਅਨੁਸਾਰ ਖ਼ਾਲਸੇ ਦੀ ਕਚਹਿਰੀ ਵਿਚ ਪੇਸ਼ ਕਰਦਾ ਹਾਂ, ਜਿਸ ਬਾਰੇ ਮੈਨੂੰ ਵਿਸ਼ਵਾਸ ਹੈ ਕਿ "ਓਥੈ ਸਚੇ ਹੀ ਸਚਿ ਨਿਬੜੈ" ਅਤੇ "ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ"।

ਮੈਂ ਆਪਣੇ ਜੁਆਬ ਨੂੰ ਇਤਰਾਜ਼ਾਂ ਦੀ ਕਿਸਮ ਅਨੁਸਾਰ ਮੋਟੇ ਤੌਰ ਉੱਤੇ ਚਾਰ ਹਿੱਸਿਆਂ ਵਿਚ ਵੰਡ ਰਿਹਾ ਹਾਂ। ਪਹਿਲੇ ਹਿੱਸੇ ਵਿਚ ਉਹ ਇਤਰਾਜ਼ ਹਨ, ਜੋ ਅਕਾਸ਼ਵੇਲ ਦੇ ਫੁਲ ਹਨ ਅਰਥਾਤ ਨਿਰਾ ਪੂਰਾ ਝੂਠ ਹਨ। ਇਹਨਾਂ ਦਾ ਆਧਾਰ ਸੁਪਨੇ ਅਤੇ ਭਰਮ ਹਨ। ਇੰਸਟੀਚਿਊਟ ਇਕ ਰਸਾਲਾ ਕੱਢਦੀ ਹੈ, ਜੋ ਹਜ਼ਾਰਾਂ ਦੀ ਗਿਣਤੀ ਵਿਚ ਛਪਦਾ ਹੈ ਅਤੇ ਐਂਤਕੀ 1 ਅਕਤੂਬਰ ਨੂੰ ਛਪ ਕੇ ਤਿਆਰ ਸੀ ਅਤੇ ਚਾਰ-ਪੰਜ ਤਾਰੀਖ਼ ਤਕ ਤਕਸੀਮ ਹੋਣ ਨੇੜੇ ਸੀ। ਇਹ ਦੇਸ਼-ਵਿਦੇਸ਼ ਯੂਨੀਵਰਸਿਟੀਆਂ ਆਦਿ ਵਿਚ ਪੜ੍ਹਿਆ ਜਾਂਦਾ ਹੈ। ਏਸ ਰਸਾਲੇ ਵਿਚ ਮੇਰਾ ਕੁੰਜੀਵਤ ਭਾਸ਼ਣ ਸਫ਼ਾ 91 ਤੋਂ ਲੈ ਕੇ ਸਫ਼ਾ 107 ਤਕ ਛਪਿਆ ਹੈ। ਕੋਈ ਵੀ ਅੰਗਰੇਜ਼ੀ ਸਮਝਣ ਵਾਲਾ ਏਸ ਨੂੰ ਮੰਗਵਾ ਕੇ ਪੜ੍ਹ ਸਕਦਾ ਹੈ।

ਏਸ ਵਿਚ ਦਮਦਮੀ ਬੀੜ ਬਾਰੇ ਕੁਝ ਵੀ ਨਹੀਂ ਲਿਖਿਆ। ਇਹ ਵੀ ਨਹੀਂ ਲਿਖਿਆ ਕਿ ਗੁਰਿਆਈ ਕਰਤਾਰਪੁਰੀ ਬੀੜ ਨੂੰ ਦਿੱਤੀ ਗਈ। ਸਾਰਾ ਸੰਸਾਰ ਜਾਣਦਾ ਹੈ ਕਿ ਗੁਰਿਆਈ ਕਰਤਾਰਪੁਰੀ ਬੀੜ ਵਿਚ ਨੌਵੇਂ ਪਾਤਿਸ਼ਾਹ ਹਜ਼ੂਰ ਦੀ ਬਾਣੀ ਸ਼ਾਮਿਲ ਕਰ ਕੇ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਗਈ ਸੀ। ਮੈਂ ਕਿਤੇ ਨਹੀਂ ਲਿਖਿਆ ਕਿ "ਪਹਿਲੇ ਸੰਪ੍ਰਦਾਇ ਗਿਆਨੀਆਂ ਦੀ ਪ੍ਰਣਾਲੀ ਜੋ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਦੇ ਨਾਂ 'ਤੇ ਸੰਪ੍ਰਦਾਵਾਂ ਦੇ ਨਾਂ ਹੇਠ ਚੱਲਦੀ ਰਹੀ ਹੈ। ਉਹਨਾਂ ਗਿਆਨੀਆਂ ਦੀ ਅਰਥ ਪ੍ਰਣਾਲੀ ਗੁਰਬਾਣੀ ਦੇ ਅਨਰਥ ਕਰਦੀ ਰਹੀ ਹੈ, ਉਨ੍ਹਾਂ ਤੋਂ ਬਚੋ।" ਮੈਂ ਇਹ ਵੀ ਨਹੀਂ ਲਿਖਿਆ ਕਿ, "1604 ਪਿੱਛੋਂ ਦੀ ਲਿਖੀ ਹੋਈ ਕੋਈ ਬੀੜ ਸਮੇਤ ਅਖੌਤੀ ਦਮਦਮੀ ਬੀੜ ਦੇ ਪ੍ਰਮਾਣਿਕ ਨਹੀਂ ਹੋ ਸਕਦੀ।" ਮੇਰੇ ਮੂੰਹ ਵਿਚ ਪਾਇਆ ਇਹ ਫ਼ਿਕਰਾ, "ਨੌਵੇਂ ਪਾਤਿਸ਼ਾਹ ਦੀ ਬਾਣੀ ਵੀ ਕਰਤਾਰਪੁਰੀ ਬੀੜ ਵਿਚ ਚੜ੍ਹੀ ਹੋਈ ਸੀ। ਇਸ ਲਈ ਬੀੜ ਪ੍ਰਵਾਨ ਹੋ ਸਕਦੀ ਹੈ," ਬਿਲਕੁਲ ਕੋਰਾ ਝੂਠ ਹੈ। ਮੈਂ ਕਿਤੇ ਨਹੀਂ ਲਿਖਿਆ, "ਚੰਡੀਗੜ੍ਹ ਦੀ ਖੋਜ ਸੰਸਥਾ ਸਿਖ ਸਟੱਡੀਜ਼ ਦੇ ਦਲਜੀਤ ਸਿੰਘ ਮੈਮੋਰੀਅਲ ਕਾਨਫ਼ਰੰਸ ਦੇ ਫ਼ੈਸਲੇ ਪੜ੍ਹੋ, ਵਿਚਾਰੋ ਤੇ ਲਾਭ ਉਠਾਉ।" ਫੇਰ ਵੀ ਬਾਬਾ ਠਾਕਰ ਸਿੰਘ ਉਪਰੋਕਤ ਸਭ ਕੁਝ ਮੇਰੇ ਨਾਂਅ ਮੜ੍ਹਦੇ ਹਨ। ਉਪਰੋਕਤ ਸਭ ਕੋਰਾ ਝੂਠ ਹੈ। ਮੈਂ ਇਹ ਵੀ ਕਿਤੇ ਨਹੀਂ ਲਿਖਿਆ ਕਿ ਪ੍ਰੋਫ਼ੈਸਰ ਸਾਹਿਬ ਸਿੰਘ ਦੀ ਯਾਦਗਾਰ ਬਣੇਗੀ, ਹਾਲਾਂਕਿ ਇਹ ਜ਼ਰੂਰ ਬਣਨੀ ਚਾਹੀਦੀ ਹੈ।

ਮੇਰਾ ਮੱਤ ਹੈ ਕਿ ਪ੍ਰੋਫ਼ੈਸਰ ਸਾਹਿਬ ਸਿੰਘ ਤੋਂ ਪਹਿਲਾਂ ਇਹ ਖ਼ਿਆਲ ਕੀਤਾ ਜਾਂਦਾ

ਸੀ ਕਿ ਗੁਰਬਾਣੀ ਦੀ ਇਕ ਤੁਕ ਦੇ ਕਈ ਕਈ ਅਰਥ ਹੋ ਸਕਦੇ ਹਨ। ਵੱਖ ਵੱਖ ਪ੍ਰਣਾਲੀਆਂ ਅਤੇ ਸੰਪ੍ਰਦਾਈ ਅਰਥਾਂ ਦਾ ਏਹੋ ਆਧਾਰ ਸੀ। ਮੇਰਾ ਮੱਤ ਹੈ ਕਿ ਇਹ ਆਧਾਰ ਪ੍ਰੋਫ਼ੈਸਰ ਸਾਹਿਬ ਸਿੰਘ ਦੇ ਇਹ ਜ਼ਾਹਿਰ ਕਰਨ ਨਾਲ ਕਿ ਗੁਰਬਾਣੀ ਦਾ ਅਰਥ ਕੇਵਲ ਇੱਕੋ ਹੈ, ਸੰਪ੍ਰਦਾਈ ਪ੍ਰਣਾਲੀਆਂ ਨਿਰਾਰਥਿਕ ਸਾਬਤ ਹੋ ਚੁੱਕੀਆਂ ਹਨ। ਇਹ ਅਥਾਹ ਘੋਖ, ਡੂੰਘੇ ਅਧਿਆਤਮਿਕ ਗਿਆਨ ਅਤੇ ਬੋਲੀ ਵਿਗਿਆਨ ਦਾ ਮਸਲਾ ਹੈ। ਕੀ ਅਸੀਂ ਏਨੇ ਅਕ੍ਰਿਤਘਣ ਹੋ ਜਾਈਏ ਕਿ ਮਹਾਂ ਪਰਉਪਕਾਰੀ ਗੁਰਮੁਖ ਸਾਹਿਬ ਸਿੰਘ ਦੀ ਮਹਾਨ ਸੇਵਾ ਨੂੰ ਭੁੱਲ ਜਾਈਏ ? ਯਾਦ ਕਰੋ ਭਾਈ ਗੁਰਦਾਸ ਜੀ ਦਾ ਕਥਨ "ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ"।

ਮੈਨੂੰ ਸੰਤ ਸਮਾਜ ਦੀ ਇਕ ਪ੍ਰਮੁੱਖ ਹਸਤੀ ਤੋਂ ਪਤਾ ਲੱਗਿਆ ਹੈ ਕਿ ਮੇਰੇ ਖ਼ਿਲਾਫ਼ ਹੱਥ ਨਾਲ ਲਿਖਿਆ 16 ਨੁਕਾਤੀ ਸ਼ਿਕਾਇਤਨਾਮਾ ਗੁਰੂ ਗ੍ਰੰਥ ਸਾਹਿਬ ਭਵਨ ਦੀ ਕਿਸੇ ਵੱਡੀ ਹਸਤੀ ਨੇ ਲਿਖ ਕੇ ਭੇਜਿਆ ਹੈ। ਦੋ ਬ੍ਰਹਮ ਗਿਆਨੀ ਚੱਕੀ ਦੇ ਪੁੜ ਬਣ ਗਏ ਅਤੇ ਜਦੋਂ ਇਹਨਾਂ ਬਰੀਕ ਪੀਠਾ ਤਾਂ ਸੱਚ ਝੂਠ ਦੀ ਕਿਥੇ ਤਮੀਜ਼ ਰਹਿਣੀ ਸੀ ? ਮੇਰਾ ਵੀ ਕੀ ਬਚਣਾ ਸੀ, "ਦੁਇ ਪਾਟਨ ਕੇ ਬੀਚ ਮੇ ਸਾਬਤ ਬਚਾ ਨ ਕੋਇ"। ਜਦੋਂ ਬ੍ਰਹਮ ਗਿਆਨੀ ਛੱਜ ਵਿਚ ਪਾ ਕੇ ਛੰਡਣ ਉੱਤੇ ਆ ਜਾਣ ਤਾਂ ਕਿਸੇ ਵਿਰਲੇ ਦੇ ਸਿਰ ਹੀ ਪੱਗ ਰਹਿ ਸਕਦੀ ਹੈ। ਵਿੱਚੇ ਅਮਰੀਕਾ ਵਿਚ ਬੈਠਾ ਡਾਕਟਰ ਜਸਬੀਰ ਸਿੰਘ ਵੀ ਮਲੀਆਮੇਟ ਹੋ ਗਿਆ, ਜੋ ਨਾ ਏਥੇ ਆਇਆ ਅਤੇ ਨਾ ਹੀ ਜਿਸ ਨੇ ਕੋਈ ਪਰਚਾ ਪੜ੍ਹਿਆ। ਗੁਰਬਾਣੀ ਦੇ ਬ੍ਰਹਮ ਗਿਆਨੀ ਤਾਂ ਪੜਦੇ ਕੱਜਣ ਵਾਲੇ "ਆਪ ਪਰਮੇਸ਼ਰ" ਹਨ। ਇਹ ਕੌਣ ਬ੍ਰਹਮ ਗਿਆਨੀ ਹਨ, ਜੋ ਝੂਠ ਬੋਲਣ ਲੱਗਿਆਂ ਅੱਖ ਵੀ ਨਹੀਂ ਝਪਕਦੇ ?

ਮੇਰੇ ਉੱਤੇ ਲੱਗੀਆਂ ਦੂਜੇ ਵਰਗ ਦੀਆਂ ਉਹ ਤੁਹਮਤਾਂ, ਜੋ ਸ਼ਿਕਾਇਤ ਕਰਤਾ ਅਤੇ ਬਿਆਨ ਦੇਣ ਵਾਲਿਆਂ ਨੇ ਲਾਈਆਂ ਹਨ, ਉਹ ਹਨ ਜੋ ਅੰਗਰੇਜ਼ੀ ਅੱਖਰ ਗਿਆਨ ਦੀ ਅਣਹੋਂਦ ਤੋਂ ਪੈਦਾ ਹੋਈਆਂ ਹਨ। ਜੇ ਕਿਤੇ ਇਹ ਸੱਜਣ ਕਿਸੇ ਦਸਵੀਂ ਪਾਸ ਅੰਗਰੇਜ਼ੀ ਪੜ੍ਹੇ ਕੋਲੋਂ ਪੜ੍ਹਵਾ ਲੈਂਦੇ ਤਾਂ ਮੇਰੀ ਲਿਖਤ ਨੂੰ ਮੁਕੰਮਲ ਤੌਰ ਉੱਤੇ ਨਿਰਦੋਸ਼ ਪਾਉਂਦੇ। ਅਣੋਖ ਸਿੰਘ ਕਹਿੰਦੇ ਹਨ ਕਿ ਉਨ੍ਹਾਂ ਅੰਗਰੇਜ਼ੀ ਲੇਖ ਪੜ੍ਹ ਲਿਆ ਹੈ। ਪਰ ਪਤਾ ਨਹੀਂ ਅੱਖਾਂ ਵਿਚ ਗ਼ਫ਼ਲਤ ਦਾ ਸੁਰਮਾ ਪਾ ਕੇ ਪੜ੍ਹਿਆ ਹੈ ਕਿ ਨਫ਼ਰਤ ਦਾ। ਜੇ ਉਹ ਸਰਲ ਅੰਗਰੇਜ਼ੀ ਸਮਝਦੇ ਹੁੰਦੇ ਤਾਂ ਇਹ ਨਾ ਲਿਖਦੇ, "ਸ: ਗੁਰਤੇਜ ਸਿੰਘ ਨੇ ਤਾਂ ਗੁਰਸਿੱਖੀ ਦੀ ਸਰਲ ਰਹਿਤ-ਬਹਿਤ ਦਾ ਵੀ ਮਖ਼ੌਲ ਉਡਾਇਆ ਹੈ, ਗੁਰਸਿੱਖੀ ਬਾਣਾ ਇਹਨਾਂ ਲਈ ਢਕਵੰਜ ਹੀ ਹੈ, ਹੋਰ ਕੁਝ ਨਹੀਂ।" ਇਕ ਪੱਖੋਂ ਇਹ ਨਿਰਾ ਝੂਠ ਹੈ, ਪਰ ਦੂਜੇ ਬੰਨਿਓਂ ਅੰਗਰੇਜ਼ੀ ਨਾ ਸਮਝਣ ਕਾਰਣ ਲੱਗਿਆ ਟਪਲਾ ਹੈ।

ਰਹਿਤ-ਮਰਿਆਦਾ ਸੰਬੰਧੀ ਮੈਂ ਪਰਚੇ ਵਿਚ ਇਹ ਲਿਖਿਆ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਰਹਿਤ ਹੀ ਅਸਲ ਪੰਥਕ ਰਹਿਤ ਹੈ। ਏਸੇ ਵਿਚ ਵਾਧਾ-ਘਾਟਾ ਲੋਚਣ ਵਾਲੇ ਉਸ ਦੁਸ਼ਮਣ ਦੇ ਹੱਥਾਂ ਵਿਚ ਖੇਡ ਰਹੇ ਹਨ, ਜੋ ਇਹ ਆਖ ਰਿਹਾ ਹੈ ਕਿ ਗੁਰਸਿੱਖੀ ਦੀ ਕੋਈ ਤਹਿਸ਼ੁਦਾ ਰਹਿਤ ਨਹੀਂ ਅਤੇ ਅਮੂਮਨ ਸਿਖ ਏਸ ਨੂੰ ਬਦਲਦੇ ਆਏ ਹਨ। ਭੱਖ-ਅਭੱਖ ਦਾ ਵੇਰਵਾ ਵੀ ਏਸ ਮਰਿਆਦਾ ਪੋਥੀ ਵਿਚ ਹੈ। ਕੁੱਠਾ ਅਤੇ ਤਮਾਕੂ ਸੇਵਨ ਬੱਜਰ ਕੁਰਹਿਤਾਂ ਹਨ। ਹਰ ਗੁਰਸਿਖ ਇਹਨਾਂ ਨੂੰ ਏਵੇਂ ਜਾਣਦਾ ਹੈ। ਜਿਹੜੇ ਏਸ ਤੋਂ ਅਗਾਂਹ ਹੋ ਕੇ ਪਾਬੰਦੀਆਂ ਲਾਉਣਾ ਚਾਹੁੰਦੇ ਹਨ, ਉਹ ਹਕੀਕਤ ਵਿਚ ਸ੍ਰੀ ਕਲਗ਼ੀਧਰ ਹਜ਼ੂਰ ਦੇ ਸ਼ਰੀਕ ਬਣਨ ਨੂੰ ਤਾਂਘਦੇ ਹਨ। ਉਹ ਆਪਣਾ ਅੰਮ੍ਰਿਤ ਛਕਾਉਣਾ ਚਾਹੁੰਦੇ ਹਨ ਅਤੇ

ਖ਼ਾਲਸਾ ਰਹਿਤ ਨੂੰ ਛੱਡ ਕੇ ਆਪਣੀ ਰਹਿਤ ਪ੍ਰਚਾਰਨਾ ਚਾਹੁੰਦੇ ਹਨ। ਇਹ ਜਿੰਨੀਆਂ ਮਰਜ਼ੀ ਊਜਾਂ ਲਾ ਲੈਣ, ਮੈਂ ਇਹਨਾਂ ਨੂੰ ਗੁਰੂ ਪਾਤਿਸ਼ਾਹ ਦੀ ਥਾਂ ਨਾ ਅੰਮ੍ਰਿਤ ਦਾਤੇ ਮੰਨਣ ਨੂੰ ਤਿਆਰ ਹਾਂ, ਨਾ ਹੀ ਰਹਿਤ ਪ੍ਰਚੱਲਤ ਕਰਨ ਵਾਲੇ। ਖ਼ਾਲਸਾ ਤਿੰਨ ਸਦੀਆਂ ਤੋਂ ਕਲਗੀਧਰ ਸਰਬੰਸਦਾਨੀ ਦਾ ਅੰਮ੍ਰਿਤ ਛਕਦਾ ਆਇਆ ਹੈ ਅਤੇ ਅੱਗੇ ਤੋਂ ਵੀ ਓਸੇ ਦੀ ਰਹਿਤ ਰੱਖਦਾ ਰਹੇਗਾ।

ਮੇਰੇ ਮੂੰਹ ਵਿਚ ਬਾਬਾ ਠਾਕਰ ਸਿੰਘ ਨੇ ਇਹ ਲਫ਼ਜ਼ ਪਾਏ ਹਨ : ਗੁਰਤੇਜ ਸਿੰਘ ਲਿਖਦਾ ਹੈ, "ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੰਪਿਊਟਰੀਕਰਣ ਕੀਤਾ ਜਾ ਰਿਹਾ ਹੈ। ਪੜ੍ਹਨ ਲਿਖਣ ਦੀ, ਕਿਸੇ ਤਰ੍ਹਾਂ ਦੇ ਰੁਮਾਲਿਆਂ ਦੀ, ਸੁਖ ਆਸਨ ਕਰਨ ਦੀ, ਸੇਵਾ ਦੀ ਕੋਈ ਲੋੜ ਨਹੀਂ ਰਹੇਗੀ।" ਇਹ ਡੰਗ ਤਾਂ ਬਾਬਿਆਂ ਗੋਰਖਨਾਥ ਦੇ ਟਿੱਲੇ ਦੇ ਕਾਲੇ ਨਾਗ ਤੋਂ ਵੀ ਜ਼ਹਿਰੀ ਮਾਰਿਆ ਹੈ। ਇਹ ਵੱਖਰੀ ਗੱਲ ਹੈ ਕਿ ਪਵਿੱਤਰ ਦਮਦਮੀ ਟਕਸਾਲ ਦੇ 'ਮੁਖੀ' ਨੂੰ ਇਹ ਸੋਭਾ ਨਹੀਂ ਦਿੰਦਾ। ਟਕਸਾਲ ਮੁਖੀ ਦੇ ਮੂੰਹ ਤੋਂ ਦਸਮੇਸ਼ ਪ੍ਰੇਮ ਦੇ ਉਹ ਤੀਰ ਚੱਲਣੇ ਚਾਹੀਦੇ ਹਨ, ਜਿਨ੍ਹਾਂ ਬਾਰੇ ਕਬੀਰ ਜੀ ਨੇ ਆਖਿਆ ਸੀ, "ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥" 16 ਨੁਕਤੇ ਲਿਖਣ ਵਾਲੇ ਅਤੇ ਜ਼ਹਿਰੀ ਡੰਗ ਮਾਰਨ ਵਾਲੇ ਦੋਨਾਂ (ਬ੍ਰਹਮ) ਗਿਆਨੀਆਂ ਦਾ ਇਹ ਝੂਠ ਵੀ ਬ੍ਰਹਮਅਕਾਰ ਦਾ ਹੈ। ਮੈਂ ਇਹ ਗੱਲ ਕਿਤੇ ਵੀ ਨਹੀਂ ਲਿਖੀ। ਪਰ ਸ਼ਾਇਦ ਇਹ ਟੱਪਲਾ ਦੋਨਾਂ ਨੂੰ ਹੀ ਅੰਗਰੇਜ਼ੀ ਨਾ ਸਮਝਣ ਕਾਰਣ ਲੱਗਾ ਹੈ।

ਦਮਦਮੀ ਟਕਸਾਲ ਦਾ ਇਤਿਹਾਸ ਗੌਰਵਮਈ ਹੈ। ਏਸ ਦੇ ਗੌਰਵ ਵਿਚ ਵਾਧਾ ਕਰਨਾ ਹਰ ਸਿਖ ਆਪਣਾ ਫ਼ਰਜ਼ ਸਮਝਦਾ ਹੈ। ਦੁਸ਼ਮਣ ਸਮਝਦਾ ਹੈ ਕਿ ਉਹਨਾਂ ਵਾਧਾ ਕਰਨ ਵਾਲਿਆਂ ਦੀ ਜ਼ਦ ਵਿਚ ਮੈਂ ਵੀ ਆ ਜਾਂਦਾ ਹਾਂ। ਏਸ ਟਕਸਾਲ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਪੰਥ ਵਿਚ ਬੇ-ਹੱਦ ਸਤਿਕਾਰੀਆਂ ਜਾਂਦੀਆਂ ਰਹੀਆਂ ਹਨ। ਪਿਛਲੇ ਕੁਝ ਸਾਲਾਂ ਨੂੰ ਛੱਡ ਕੇ ਏਸ ਦੇ ਮੁਖੀ ਮਹਾਨ ਪ੍ਰਚਾਰਕ ਹੋਏ ਹਨ। 1984 ਤੋਂ ਮੁਖੀ ਦੇ ਪ੍ਰਚਾਰ ਦੌਰੇ ਅਤੇ ਮਨੋਹਰ ਪ੍ਰਵਚਨਾਂ ਬਾਰੇ ਤਾਂ ਕਦੇ ਕੁਝ ਨਹੀਂ ਸੁਣਿਆ, ਪਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਜਿਊਂਦੇ ਹੋਣ ਦਾ ਪ੍ਰਚਾਰ ਲਗਾਤਾਰ ਸੁਣਦੇ ਆ ਰਹੇ ਹਾਂ। ਧਰਮ ਪ੍ਰਚਾਰ ਨੂੰ ਛੱਡ ਕੇ ਸੰਤ ਜੀ ਦੇ ਜਿਊਂਦੇ ਹੋਣ ਨੂੰ ਪ੍ਰਚਾਰੀ ਜਾਣਾ ਕੀ ਟਕਸਾਲ ਦੇ ਗੌਰਵ ਵਿਚ ਵਾਧਾ ਕਰਦਾ ਹੈ ? ਕੀ ਇਹ ਏਸ ਸਦੀ ਦਾ ਸਭ ਤੋਂ ਵੱਡਾ ਝੂਠ ਨਹੀਂ ? ਟਕਸਾਲ ਤਾਂ ਨਾਂ ਹੀ ਨਿਰੋਲ ਸੱਚ ਉੱਤੇ ਆਧਾਰਿਤ ਹੈ। ਟਕਸਾਲ ਦੀ ਸਮਰੱਥਾ ਵਿਚ ਵਾਧਾ ਹਰ ਸਿਖ ਦਾ ਫ਼ਰਜ਼ ਹੈ, ਪਰ ਕੀ ਏਸ ਦੇ ਗੁਮਰਾਹ ਕਾਰਕੁਨਾਂ ਦੀਆਂ ਬੇਥਵ੍ਹੀਆਂ ਬਰਦਾਸ਼ਤ ਕਰਨਾ ਵੀ ਸਿਖ ਦੇ ਫ਼ਰਾਇਜ਼ ਵਿਚ ਸ਼ਾਮਿਲ ਹੈ ?

ਝੂਠ ਪ੍ਰਚਾਰਨ ਦੀ ਪ੍ਰਵਿਰਤੀ, ਅੰਗਰੇਜ਼ੀ ਨਾ ਸਮਝਣ ਦੀ ਊਣਤਾਈ ਨੂੰ ਛੱਡ ਕੇ ਮੇਰੇ ਵਿਰੁੱਧ ਜ਼ਾਤੀ ਟਿਪਣੀਆਂ ਕਰਨ ਦਾ ਤੀਸਰਾ ਵੱਡਾ ਕਾਰਣ ਹੈ—ਸੰਤ ਸਮਾਜ ਦਾ ਡੇਰਿਆਂ ਦੀ ਮਰਿਆਦਾ ਨੂੰ ਪੰਥ ਉੱਤੇ ਠੋਸਣ ਦਾ ਯਤਨ। ਸੁਣਿਆ ਹੈ ਕਿ ਟਕਸਾਲ ਦੇ ਕੁਝ ਕਾਰਕੁਨ ਮੈਨੂੰ ਸਫ਼ਾਈ ਦੇਣ ਦਾ ਮੌਕਾ ਦਿੱਤੇ ਜਾਣ ਵਿਰੁੱਧ ਹਨ ਤਾਂ ਕਿ ਉਹ ਆਪਣੇ ਅਕਾਸ਼ਵੇਲ ਦੇ ਫੁੱਲਾਂ ਨੂੰ ਕੁਹਾੜੇ ਬਣਾ ਕੇ ਮੇਰੇ ਉੱਤੇ ਅਤੇ ਇੰਸਟੀਚਿਊਟ ਉੱਤੇ ਵਰਸਾਉਣ ਦੇ ਕਰਮ ਨੂੰ ਜਾਰੀ ਰੱਖ ਸਕਣ। ਕੀ ਇਹ ਏਸੇ ਕਰਮ ਕਰ ਕੇ ਟਕਸਾਲੀ ਅਖਵਾਉਣ ਦੇ ਹੱਕਦਾਰ ਹਨ ? ਸੰਗਤਾਂ ਫ਼ੈਸਲਾ ਦੇਣ !

ਤੀਸਰੇ ਵਰਗ ਵਿਚ ਜ਼ਾਤੀ ਕਿਸਮ ਦੀਆਂ ਟਿਪਣੀਆਂ ਵੀ ਹਨ। ਅਣੋਖ ਸਿੰਘ

ਜੀ ਲਿਖਦੇ ਹਨ, "ਤਾਹੀਉਂ ਅੱਜ ਤਕ ਪ੍ਰੋਫੈਸਰ ਔਵ ਸਿੱਖਇਜ਼ਮ ਅਖਵਾਉਣ ਵਾਲਾ ਸ: ਗੁਰਤੇਜ ਸਿੰਘ ਅੰਮ੍ਰਿਤਧਾਰੀ ਨਹੀਂ ਬਣ ਸਕਿਆ" ਅਤੇ ਇਹ ਮੈਨੂੰ "ਕਾਮਰੇਡੀ ਵਿਚਾਰਾਂ ਵਾਲੇ ਵਿਦਵਾਨਾਂ" ਵਿਚ ਗਿਣਦੇ ਹਨ। ਇਹਨਾਂ ਦੋਨਾਂ ਦਾ ਜੁਆਬ ਮੇਰੇ ਕੋਲ ਹੈ। ਮੈਨੂੰ ਪਤਾ ਹੈ ਕਿ ਇਕ ਵਰਗ ਵੱਲੋਂ ਇਹ ਝੂਠ ਮੇਰੇ ਵਿਰੁੱਧ ਮੇਰੀ ਸਿਆਸੀ ਸ਼ਾਖ ਦੇ ਸੰਦਰਭ ਵਿਚ ਲਗਾਤਾਰ ਬੜੀ ਚਾਲਾਕੀ ਨਾਲ ਪ੍ਰਚਾਰੇ ਗਏ ਹਨ। ਮੈਂ ਕਦੇ ਜੁਆਬ ਨਹੀਂ ਦਿੱਤਾ ਅਤੇ ਨਾ ਦੇਵਾਂਗਾ। ਅੰਮ੍ਰਿਤ ਮੇਰਾ ਮੇਰੇ ਗੁਰੂ ਨਾਲ ਕੌਲ ਇਕਰਾਰ ਦਾ ਪ੍ਰਤੀਕ ਹੈ, ਦਇਆ ਸਿੰਧੂ, ਗ਼ਰੀਬ ਨਵਾਜ਼ ਕਲਗ਼ੀਧਰ ਨਾਨਕ ਨਾਲ ਸਿੱਧਾ ਸੰਪਰਕ ਹੈ। ਇਸ ਦਾ ਕੋਈ ਦੁਨਿਆਵੀ ਲਾਭ, ਖ਼ਾਸ ਤੌਰ ਉੱਤੇ ਸਿਆਸੀ ਲਾਭ, ਲੈਣਾ ਇਕ ਨਿਖਿੱਧ ਨੀਚ ਕਰਮ ਹੈ। ਸਤਿਗੁਰੂ ਜੀ ਤੋਂ ਦੋਹਾਂ ਜਹਾਨਾਂ ਵਿਚ ਕਿਰਪਾ ਦੀ ਆਸ ਰੱਖਦਾ ਹੋਇਆ ਮੈਂ ਕਿਸੇ ਦੁਨਿਆਵੀ ਲਾਭ ਲਈ ਉਸ ਪਰਮ ਪੁਰਖ ਨਾਲ ਆਪਣੇ ਸੰਬੰਧਾਂ ਨੂੰ ਪ੍ਰਚਾਰਨ ਲਈ ਤਿਆਰ ਨਹੀਂ। ਮੈਂ ਉਹਨਾਂ ਲੋਕਾਂ ਵਿਚ ਵੀ ਸ਼ਾਮਿਲ ਨਾ ਹੋਇਆ, ਜੋ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਨਾਲ ਆਪਣੀ ਨੇੜਤਾ ਦੱਸ ਕੇ ਭਰਪੂਰ ਸਿਆਸੀ ਲਾਭ ਲੈਂਦੇ ਰਹੇ। ਅਜਿਹੇ ਕਰਮ ਨੂੰ ਮੈਂ ਆਪਣੇ ਪਿਆਰੇ ਗੁਰਮੁਖ ਸੰਤ ਜਨ ਦੀ ਲਾਸ਼ ਦਾ ਮੁੱਲ ਵੱਟਣ ਤੁੱਲ ਜਾਣਦਾ ਹਾਂ। ਅਣੋਖ ਸਿੰਘ ਜਿੰਨੀਆਂ ਮਰਜ਼ੀ ਊਜਾਂ ਲਾਉਣ, ਦਿਲ ਖੋਲ੍ਹ ਕੇ ਲਾਉਣ ਨਾ ਮੈਂ ਜੁਆਬ ਦੇਵਾਂ, ਨਾ ਆਪਣੇ ਆਪ ਨੂੰ ਪ੍ਰਦਰਸ਼ਨੀ ਬਣਾਵਾਂ। ਉਹਨਾਂ ਲਈ ਮੈਦਾਨ ਸਾਫ਼ ਹੈ।

ਚੌਥੇ ਸੰਦਰਭ ਵਿਚ ਮੈਂ ਦਮਦਮੀ ਬੀੜ ਬਨਾਮ ਕਰਤਾਰਪੁਰੀ ਬੀੜ ਸੰਬੰਧੀ ਟਿਪਣੀਆਂ ਦਾ ਜ਼ਿਕਰ ਕਰਨਾ ਹੈ। ਪੰਜਵੇਂ ਪਾਤਿਸ਼ਾਹ ਹਜ਼ੂਰ ਵੱਲੋਂ ਭਾਈ ਗੁਰਦਾਸ ਭੱਲੇ ਕੋਲੋਂ ਲਿਖਵਾਈ ਬੀੜ, ਜੋ ਕਿ ਕਰਤਾਰਪੁਰ ਕਾਇਮ-ਦਾਇਮ ਹੈ, ਨੂੰ ਕਰਤਾਰਪੁਰੀ ਬੀੜ ਕਹਿੰਦੇ ਹਨ ਅਤੇ ਏਸ ਵਿਚ ਨੌਂਵੇਂ ਪਾਤਿਸ਼ਾਹ ਹਜ਼ੂਰ ਦੀ ਬਾਣੀ ਨੂੰ ਸ਼ਾਮਿਲ ਕਰਨ ਉਪਰੰਤ ਕਈ ਏਸ ਨੂੰ ਦਮਦਮੀ ਬੀੜ ਆਖਦੇ ਹਨ। ਕਰਤਾਰਪੁਰੀ ਬੀੜ ਮੌਜੂਦ ਹੈ, ਸਿਖ ਪੰਥ ਦੇ ਸ਼੍ਰੋਮਣੀ ਵਿਦਵਾਨ ਏਸ ਦੇ ਦਰਸ਼ਨ, ਮੁਆਇਨੇ ਮੁਲਾਂਕਣ ਤੋਂ ਬਾਅਦ ਏਸ ਨੂੰ ਸਿਖ ਪੰਥ ਦੀ ਅਸਲ ਮੁੱਢਲੀ ਬੀੜ ਕਰਾਰ ਦੇ ਚੁੱਕੇ ਹਨ। ਹੁਣ ਪੰਥ ਨੂੰ ਦੱਸਿਆ ਜਾਵੇ ਕਿ ਏਸ ਪ੍ਰਤੱਖ ਸੱਚ ਤੋਂ ਮੁਨਕਰ ਗੁਰਸਿੱਖ ਕਿਉਂ ਸਿਖਰ ਦੁਪਹਿਰ ਦੇ ਸੂਰਜ ਨੂੰ ਤਸਲੀਮ ਨਹੀਂ ਕਰਦੇ ? ਕੀ ਉਹ ਕੋਈ ਬਾ-ਦਲੀਲ ਜੁਆਬ ਪੰਥ ਦੀ ਕਚਹਿਰੀ ਵਿਚ ਪੇਸ਼ ਕਰਨਗੇ ?

ਦੁਸ਼ਮਣ ਅਸਲ ਬੀੜ ਦੇ ਨਾ ਹੋਣ ਦਾ ਬਹਾਨਾ ਲਾ ਕੇ ਗੁਰਬਾਣੀ ਵਿਚ ਤਬਦੀਲੀਆਂ ਕਰਨ ਦੀ ਖੁੱਲ੍ਹ ਚਾਹੁੰਦਾ ਹੈ। ਇਉਂ ਉਹਨਾਂ ਲਈ ਗੁਰਸਿੱਖੀ ਅਸੂਲਾਂ ਨੂੰ ਆਖੇਪ ਕਰਨ ਦਾ ਅਤੇ ਪੰਥ ਨੂੰ ਢਾਅ ਲਾਉਣ ਦਾ ਰਾਹ ਖੁੱਲ੍ਹਦਾ ਹੈ। ਸ: ਦਲਜੀਤ ਸਿੰਘ ਜੀ ਏਸ ਮੱਤ ਦੇ ਸਨ ਅਤੇ ਅੱਜ ਉਨ੍ਹਾਂ ਦੀ ਬਣਾਈ ਸੰਸਥਾ ਦਾ ਏਹੋ ਮੱਤ ਹੈ ਕਿ ਦੁਸ਼ਮਣ ਦੀ ਕੁਚੇਸ਼ਟਾ ਦਾ ਪਰਦਾ ਫਾਸ਼ ਕੀਤਾ ਜਾਏ।

ਦਮਦਮੀ ਬੀੜ ਬਾਰੇ ਮੈਂ ਕੁਝ ਨਹੀਂ ਕਹਿਣਾ ਸਿਵਾਏ ਏਸ ਦੇ ਕਿ ਦਮਦਮੀ ਸੰਕਲਪ ਨੂੰ ਕਈਆਂ ਨੇ ਅਸਲ ਬਾਣੀ ਨੂੰ ਆਖੇਪ ਕਰਨ ਲਈ ਵਰਤਿਆ ਹੈ ਅਤੇ ਵਰਤ ਰਹੇ ਹਨ। ਐਸੇ ਇਕ ਸੱਜਣ ਨੂੰ ਸੰਤ ਜਰਨੈਲ ਸਿੰਘ ਜੀ ਨੇ ਇਕ ਵਾਰ ਅਜਿਹੇ ਕੁਕਰਮ ਬਦਲੇ ਤਕੜੀ ਝਾੜ ਪਾਈ ਸੀ। ਮੈਂ ਪਿਛਲੇ ਸਾਲ ਏਸ ਆਦਮੀ ਨੂੰ ਮਿਲਿਆ। ਉਸ ਨੇ ਮੈਨੂੰ ਨਿਝੱਕ ਹੋ ਕੇ ਦੱਸਿਆ ਕਿ ਉਹਨਾਂ ਕਈ ਲਫ਼ਜ਼ ਮੌਜੂਦਾ ਬੀੜ ਵਿਚ 'ਆਪਣੇ ਕੋਲੋਂ' ਪਾਏ ਹਨ। ਮਸਲਨ, ਪਹਿਲਾਂ ਬੀੜ ਵਿਚ ਕੇਵਲ "ਯਾਨੜੀਏ ਕੈ ਘਰੁ" ਹੀ ਲਿਖਿਆ ਸੀ ਅਤੇ ਉਨ੍ਹਾਂ ਉਸ ਨੂੰ "ਯਾਨੜੀਏ ਕੈ ਘਰੁ ਗਾਵਣਾ" ਕੀਤਾ। ਉਹਨਾਂ ਕਿਹਾ

ਕਿ ਬਾਬਾ ਫ਼ਰੀਦ ਦੇ ਸ਼ਲੋਕਾਂ ਵਿਚ ਪਹਿਲਾਂ 'ਪੁਰਸਲਾਤ' ਲਿਖਿਆ ਸੀ, ਮੈਂ ਉਸ ਨੂੰ 'ਪੁਲਸਰਾਤ' ਕੀਤਾ। 'ਪੁਰਸਲਾਤ ਕੋਈ ਚੀਜ਼ ਨਹੀਂ ਹੁੰਦੀ, ਪੁਲਸਰਾਤ ਠੀਕ ਹੈ। ਹੁਣ ਇਹ ਏਵੇਂ ਹੀ ਸਾਰੀਆਂ ਬੀੜਾਂ ਵਿਚ ਛਪਦਾ ਹੈ।' ਗੁਰੂ ਅਰਜਨ ਹਜ਼ੂਰ ਅਤੇ ਭਾਈ ਗੁਰਦਾਸ ਦੀਆਂ ਗ਼ਲਤੀਆਂ ਨੂੰ ਦਰੁਸਤ ਕਰਨ ਦਾ ਦਾਅਵਾ ਕਰਨ ਵਾਲੇ ਸੱਜਣ ਇਹ ਜਾਣਦੇ ਵੀ ਨਹੀਂ ਕਿ ਇਹੋ ਲਫ਼ਜ਼ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਥਾਂ ਵੀ ਆ ਚੁੱਕਾ ਹੈ ਅਤੇ ਉਥੇ ਵੀ ਏਸ ਨੂੰ 'ਪੁਰਸਲਾਤ' ਹੀ ਲਿਖਿਆ ਹੈ। ਮੈਂ ਤਬਦੀਲੀ ਦਾ ਆਧਾਰ ਪੁੱਛਿਆ ਤਾਂ ਉਹਨਾਂ ਆਖਿਆ, "ਦਮਦਮੀ ਬੀੜ।" ਮੈਂ ਪੁੱਛਿਆ ਕਿਥੇ ਹੈ ? ਤਾਂ ਜੁਆਬ ਮਿਲਿਆ, "ਪੋਤਾ ਹੈ ਤਾਂ ਦਾਦਾ ਵੀ ਹੋਇਆ ਹੋਵੇਗਾ।"

ਇਹਨਾਂ ਹਾਲਤਾਂ ਵਿਚ ਜੇ ਕੋਈ ਆਖੇ ਕਿ ਅਸਲ ਬਾਣੀ ਨੂੰ ਕਿਆਸਾਂ, ਝੂਠੇ ਦਾਅਵਿਆਂ, ਫੋਕੇ ਸੰਕਲਪਾਂ ਨੂੰ ਲੈ ਕੇ ਆਖੇਪ ਨਾ ਕਰੋ ਤਾਂ ਉਹ 'ਕਾਮਰੇਡ' ਕਿਵੇਂ ਹੋਇਆ। ਜਿਹੜਾ ਅਸ਼ਰਧਕ ਹਵਾਈ ਆਧਾਰ ਉੱਤੇ ਬਾਣੀ ਨੂੰ ਬਦਲਣ ਦੇ ਕਰਮ ਨੂੰ ਪ੍ਰਵਾਨ ਕਰ ਰਿਹਾ ਹੈ, ਉਹ ਕਿਵੇਂ ਨਾ ਹੋਇਆ ? ਅਜਿਹੇ ਲੋਕਾਂ ਦੀ ਛਾਪੀ ਬਾਣੀ ਨੂੰ ਸ਼ੁੱਧ ਦਮਦਮੀ ਸਰੂਪ ਪ੍ਰਵਾਨ ਕਰ ਕੇ ਬਾਬਾ ਠਾਕਰ ਸਿੰਘ ਅਤੇ ਅਣੋਖ ਸਿੰਘ ਕੀ ਮਾਅਰਕਾ ਮਾਰ ਰਹੇ ਹਨ ? ਕੀ ਉਹ ਇਕ ਮਿੰਟ ਖੜ ਕੇ ਸੋਚਣਗੇ ? ਕੀ ਗੁਰਸਿੱਖ ਅਖਵਾਉਣ ਲਈ ਝੂਠ ਬੋਲਣਾ ਮਨ੍ਹਾਂ ਨਹੀਂ ?

ਪ੍ਰਤੱਖ ਸਾਹਮਣੇ ਪਈ ਬੀੜ ਨੂੰ ਬਿਨਾਂ ਦਰਸ਼ਨ ਕੀਤੇ ਆਖੀ ਜਾਣਾ ਕਿ ਇਹ ਅਸਲ ਨਹੀਂ ਅਤੇ ਕਿਤੇ ਵੀ ਨਾ ਮਿਲਣ ਵਾਲੀ ਨੂੰ ਆਖਣਾ ਕਿ ਇਹੋ ਅਸਲ ਸੀ, ਕਿੱਥੋਂ ਦੀ ਦਿਆਨਤਦਾਰੀ ਹੈ ? 1762 ਵਿਚ ਆਲੋਪ ਹੋ ਚੁੱਕੀ ਬੀੜ ਦੇ ਆਧਾਰ ਉੱਤੇ ਅਸਲ ਦੀ ਬਾਣੀ ਨੂੰ ਬਦਲੀ ਜਾਣਾ ਕਿਸ ਕਿਸਮ ਦੀ ਗੁਰਸਿੱਖੀ ਹੈ ? ਪ੍ਰਤੱਖ ਗੁਰੂ (ਬਾਣੀ) ਨੂੰ ਤਸਲੀਮ ਨਾ ਕਰਨ ਸੰਬੰਧੀ ਹਜ਼ੂਰ ਤੀਸਰੇ ਪਾਤਿਸ਼ਾਹ ਪੰਨਾ 314 ਉੱਤੇ ਫ਼ੁਰਮਾਉਂਦੇ ਹਨ :

ਜਿਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ ॥
ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ ॥

ਅਤੇ

ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ ॥
ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ ॥
ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ ॥

(ਗੁਰੂ ਗ੍ਰੰਥ ਸਾਹਿਬ, ਪੰਨਾ 651)

ਮੈਂ ਕਿਸੇ ਵਾਦ-ਵਿਵਾਦ ਵਿਚ ਨਹੀਂ ਪੈਣਾ ਚਾਹੁੰਦਾ। ਆਪਣਾ ਪੱਖ ਸਪੱਸ਼ਟ ਕਰਨ ਲਈ ਉਪਰੋਕਤ ਲਿਖਣਾ ਜ਼ਰੂਰੀ ਸੀ। ਹੁਣ ਮਹਾਂ ਨਿਆਂਕਾਰੀ ਕਲਗ਼ੀਧਰ ਦੇ ਖ਼ਾਲਸੇ ਦਾ ਬਿਰਦ ਹੈ ਕਿ ਉਹ ਸੱਚ, ਝੂਠ, ਧਰਮ, ਕੁਫ਼ਰ ਦਾ ਨਿਰਣਾ ਕਲਗ਼ੀਧਰ ਵਿਚ ਲੀਨ ਹੋ ਕੇ ਕਰੇ, ਕਿਉਂਕਿ ਉਹਨਾਂ ਫ਼ੁਰਮਾਇਆ ਸੀ, "ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌ ਕਰੌ ਨਿਵਾਸ॥" ਠਾਕਰ ਸਿੰਘ ਬਾਬਾ ਜੀ ਅਤੇ ਅਣੋਖ ਸਿੰਘ ਡਾਕਟਰ ਨੂੰ ਮੈਂ ਕੇਵਲ ਏਨਾ ਹੀ ਆਖਣਾ ਹੈ ਕਿ ਪਰਚਾ ਸ਼ਬਦ ਦਾ ਲਾਉਣਾ ਗੁਰਸਿੱਖੀ ਹੈ ਅਤੇ ਕੇਵਲ ਇਹੋ ਗੁਰਮੁਖਤਾਈ ਹੈ। ਮਨਮਤ ਨੂੰ ਭੋਲੇ ਭਾਲੇ ਲੋਕਾਂ ਉੱਤੇ ਠੋਸਣ ਵਾਲੇ ਕਈ ਫ਼ਰਾਊਨ, ਹਿਟਲਰ ਹੋ ਚੁੱਕੇ ਹਨ ਅਤੇ ਅੰਤ ਨੂੰ ਮੱਥੇ ਕਾਲਖ ਲਾ ਕੇ ਸੰਸਾਰ ਤੋਂ ਗਏ ਹਨ।

ਅਕਾਲੀ ਦਲ ਨੂੰ ਨਕਾਰਾ ਕਰਨ ਦਾ ਸਿਲਸਿਲਾ*

1947 ਤੋਂ ਹੀ, ਜਦੋਂ ਭਾਰਤ ਨੇ ਵਿਦੇਸ਼ੀ ਹਾਕਮਾਂ ਤੋਂ ਆਜ਼ਾਦੀ ਪ੍ਰਾਪਤ ਕੀਤੀ, ਦੇਸ਼ ਦੀ ਵੱਡੀ ਸਭਿਆਚਾਰਕ ਅਤੇ ਧਾਰਮਿਕ ਹਿੰਦੂ ਬਹੁ-ਗਿਣਤੀ ਨੇ ਘੱਟ-ਗਿਣਤੀਆਂ ਵਿਰੁੱਧ ਇਕ ਜੰਗ ਛੇੜੀ ਹੋਈ ਹੈ। ਇਸ ਬਹੁ-ਗਿਣਤੀ ਦੀ ਇਹ ਧਾਰਨਾ ਹੈ ਕਿ ਘੱਟ-ਗਿਣਤੀਆਂ ਭਾਰਤ ਮਾਤਾ ਨੂੰ ਤਬਾਹ ਕਰਨ 'ਤੇ ਤੁਲੀਆਂ ਹੋਈਆਂ ਹਨ ਤੇ ਭਾਰਤ ਉਸ ਦੀ ਇਕੱਲਿਆਂ ਦੀ ਮਲਕੀਅਤ ਹੈ। ਕਿਸੇ ਵੀ ਬਾ-ਦਲੀਲ ਬੰਦੇ ਨੂੰ ਇਹ ਡਰ ਬੜਾ ਓਪਰਾ ਤੇ ਅਹਿਮਕਾਨਾ ਲੱਗੇਗਾ, ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਡਰ ਵਿਆਪਕ ਤੌਰ 'ਤੇ ਮੌਜੂਦ ਹੈ। ਇਸ ਬੇ-ਬੁਨਿਆਦ ਡਰ ਦੇ ਦੋ ਨਾਲ ਲਗਵੇਂ ਕਾਰਣ ਹਨ। ਵਿਚਾਰਧਾਰਕ ਤੌਰ 'ਤੇ ਬਹੁ-ਗਿਣਤੀ ਲਈ ਖ਼ਤਰਾ ਆਪਣੇ ਉਸ ਵਤੀਰੇ ਤੋਂ ਉਪਜਦਾ ਹੈ, ਜੋ ਇਸ ਨੂੰ ਅਮਾਨਵੀ ਜਾਤ-ਪਾਤ ਦੀ ਪ੍ਰਥਾ ਨਾਲ ਘੁੱਟ ਕੇ ਜੁੜੇ ਰਹਿਣ ਲਈ ਮਜਬੂਰ ਕਰਦਾ ਹੈ। ਬੀਤੇ ਵਿਚ ਵੀ ਇਸ ਪ੍ਰਥਾ ਨਾਲ ਹਿੰਦੂ ਧਰਮ ਨੂੰ ਕੋਈ ਲਾਭ ਹੋਇਆ ਜਾਂ ਨਹੀਂ, ਇਸ ਬਾਰੇ ਦੋ ਰਾਵਾਂ ਹੋ ਸਕਦੀਆਂ ਹਨ, ਪਰ ਅਜੋਕੇ ਸੰਸਾਰ ਵਿਚ ਇਸ ਪ੍ਰਥਾ ਨੇ ਹਿੰਦੂ ਧਰਮ ਨੂੰ ਅਪ੍ਰਸੰਗਕ ਬਣਾ ਦਿੱਤਾ ਹੈ। ਇਤਿਹਾਸਕ ਤੌਰ 'ਤੇ ਬਹੁ-ਗਿਣਤੀ ਦੇ ਡਰ ਦਾ ਕਾਰਣ ਇਹ ਹੈ ਕਿ ਪਿਛਲੇ ਹਜ਼ਾਰਾਂ ਸਾਲਾਂ ਤੋਂ ਇਕ ਛੋਟੀ ਜਿਹੀ ਘੱਟ-ਗਿਣਤੀ ਰਾਜਸੀ ਖੇਤਰ ਵਿਚ ਇਸ 'ਤੇ ਛਾਈ ਰਹੀ ਹੈ। ਪਿਛਲੇ 50 ਕੁ ਸਾਲਾਂ ਨੂੰ ਛੱਡ ਕੇ, ਭਾਰਤੀ ਮਹਾਂਦੀਪ ਨੂੰ ਕੇਵਲ ਉਹ ਰਾਜ ਪ੍ਰਬੰਧ ਹੀ ਵੇਖਣੇ ਨਸੀਬ ਹੋਏ ਹਨ, ਜਿਨ੍ਹਾਂ ਵਿਚ ਇਕ ਡਾਢੀ ਜ਼ਾਲਮ ਘੱਟ-ਗਿਣਤੀ ਵਾਲੀ ਤਾਨਾਸ਼ਾਹੀ ਦਾ ਬੋਲਬਾਲਾ ਰਿਹਾ ਹੈ। ਨਿਰਪੱਖ ਹੋ ਕੇ ਵੇਖਿਆ ਜਾਏ ਤਾਂ ਪਿਛਲੇ 50 ਸਾਲਾਂ ਵਿਚ ਵੀ ਉਹੀ ਪਹਿਲਾਂ ਵਾਲਾ ਪ੍ਰਬੰਧ ਹੀ ਚਾਲੂ ਰਿਹਾ ਹੈ, ਭਾਵੇਂ ਜ਼ਰਾ ਲੁਕਵੇਂ ਰੂਪ ਵਿਚ। ਸ਼ਾਇਦ ਕਿਸੇ ਦਿਨ ਇਹ ਤੱਥ ਇਸ ਗੱਲ ਦਾ ਨਿਸਤਾਰਾ ਕਰਨ ਵਿਚ ਸਹਾਈ ਸਿੱਧ ਹੋਵੇ ਕਿ ਲਿਖਤੀ ਸੰਵਿਧਾਨ ਅਤੇ ਲੋਕ-ਰਾਜੀ ਪ੍ਰਬੰਧ ਦੇ ਜ਼ਾਹਿਰਾ ਤੌਰ 'ਤੇ ਨਜ਼ਰ ਆਉਣ ਵਾਲੇ ਸਾਰੇ ਭਾਰੀ ਭਰਕਮ ਸਾਜ਼ੋ-ਸਾਮਾਨ ਦੇ ਬਾਵਜੂਦ ਭਾਰਤੀ ਲੋਕਾਂ ਅੰਦਰ ਲੋਕ-ਰਾਜੀ ਭਾਵਨਾ ਕਿਉਂ ਨਾ ਪਨਪ ਸਕੀ ਅਤੇ ਲੋਕ-ਰਾਜੀ ਸੰਸਥਾਵਾਂ ਕਿਉਂ ਨਾ ਵਿਕਸਿਤ ਹੋ ਸਕੀਆਂ। ਹੁਣ ਕਿਸੇ ਨੂੰ ਵੀ ਇਸ ਬਾਰੇ ਕੋਈ ਸ਼ਕ ਨਹੀਂ ਕਿ 1947 ਵਿਚ ਆਜ਼ਾਦੀ ਪ੍ਰਾਪਤੀ ਸਮੇਂ ਦੇਸ਼-ਵੰਡ ਦਾ ਕਾਰਣ ਵੀ ਇਹੀ ਸੀ।

ਜਾਤੀ ਪ੍ਰਥਾ ਆਧੁਨਿਕ ਹਿੰਦੂ ਮੱਤ ਦਾ ਇਕ ਅਨਿਖੜਵਾਂ ਅੰਗ ਹੈ, ਜੋ ਕਿ ਅਸਲ

---

* *ਸਪੋਕਸਮੈਨ ਵੀਕਲੀ* (ਮਾਸਕ ਅੰਕ, ਜਨਵਰੀ 1995) ਵਿਚ ਛਪਿਆ ਇਹ ਲੇਖ ਉਦੋਂ ਲਿਖਿਆ ਗਿਆ, ਜਦੋਂ ਸਿਖ ਮੁੱਦਿਆਂ ਤੋਂ ਸਿਲਸਿਲੇ ਬੱਧ ਢੰਗ ਨਾਲ ਖਿਸਕਦੀ ਹੋਈ ਅਕਾਲੀ ਮੁਖਧਾਰਾ ਨੇ ਹੋਰ ਵੀ ਖ਼ਤਰਨਾਕ ਪੰਥ-ਵਿਰੋਧੀ ਪੈਂਤੜਾ ਲੈਣਾ ਆਰੰਭ ਕੀਤਾ। ਅਗਲੇ ਦੋ ਲੇਖ ਵੀ ਇਸੇ ਰੁਝਾਨ ਦੀ ਤਰਜਮਾਨੀ ਕਰਦੇ ਹਨ।

ਵਿਚ ਪੁਰਾਤਨ ਬ੍ਰਾਹਮਣਵਾਦ ਦਾ ਹੀ ਦੂਜਾ ਰੂਪ ਹੈ। ਮਹਾਨ ਗਾਂਧੀ, ਜਿਸ ਨੂੰ ਸਰਕਾਰੀ ਤੌਰ 'ਤੇ 'ਰਾਸ਼ਟਰ ਪਿਤਾ' ਪ੍ਰਵਾਨ ਕੀਤਾ ਗਿਆ ਹੈ, ਸਿਧਾਂਤਕ ਤੌਰ 'ਤੇ ਜਾਤੀ ਪ੍ਰਥਾ ਦਾ ਖੰਡਨ ਨਾ ਕਰ ਸਕਿਆ ਅਤੇ ਆਜ਼ਾਦ ਭਾਰਤ ਵਿਚ ਇਸ ਦੀ ਹੋਂਦ ਬਰਕਰਾਰ ਰੱਖਣ ਲਈ ਰਜ਼ਾਮੰਦ ਸੀ, ਜਿਸ ਨਾਲ ਤਿੰਨ ਚੌਥਾਈ ਤੋਂ ਵੱਧ ਜਨਤਾ ਲਈ ਆਜ਼ਾਦੀ ਦੇ ਲਾਭ ਬੇਕਾਰ ਹੋ ਕੇ ਰਹਿ ਗਏ। ਅਜੋਕੇ ਭਾਰਤ ਵਿਚ ਜੀਵਨ ਦਾ ਕੋਈ ਪੱਖ ਅਜਿਹਾ ਨਹੀਂ, ਜੋ ਇਸ ਤੋਂ ਮੁਕਤ ਹੋਵੇ। ਹਾਲਤ ਜਿਵੇਂ ਮੱਧ ਕਾਲ ਵਿਚ ਤੇ ਉਸ ਤੋਂ ਪਹਿਲਾਂ ਸੀ, ਉਵੇਂ ਹੀ ਅੱਜ ਵੀ ਹੈ। ਅਜੋਕੇ ਇਤਿਹਾਸ ਵਿਚ ਇਸ ਨੇ ਹਿੰਸਕ ਖਲਬਲੀ ਨੂੰ ਜਨਮ ਦਿੱਤਾ, ਜਿਸ ਨਾਲ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਪ੍ਰਥਾ ਦੀ ਚੜ੍ਹਤ ਨੂੰ ਸਾਧਾਰਣ ਪੇਂਡੂ ਤੋਂ ਲੈ ਕੇ ਹੰਢੇ ਹੋਏ ਰਾਜਸੀ ਨੇਤਾ ਤਕ ਹਰ ਕੋਈ ਪ੍ਰਵਾਨ ਕਰਦਾ ਹੈ। ਇਕ ਸਿਨੇਮਾ ਹਾਲ ਵਿਚ ਇਕ ਅਖੌਤੀ ਨੀਵੀਂ ਜਾਤ ਦੇ ਵਿਅਕਤੀ ਵੱਲੋਂ ਕੁਰਸੀ 'ਤੇ ਬੈਠਣ ਵਰਗੀ ਸਾਧਾਰਣ ਜਿਹੀ ਘਟਨਾ ਤੋਂ ਵੀ ਦੰਗੇ ਭੜਕ ਪਏ ਤੇ ਕਈ ਜਾਨਾਂ ਗਈਆਂ। ਇਸ ਘਟਨਾ ਦਾ ਅਰਥ ਇਹ ਕੱਢਿਆ ਗਿਆ ਕਿ ਅਖੌਤੀ ਨੀਵੀਂ ਜਾਤ ਦਾ ਬੰਦਾ ਆਪਣੇ ਆਪ ਨੂੰ ਰੱਬ ਵੱਲੋਂ ਪੈਦਾ ਕੀਤੇ ਉੱਚੀ ਜਾਤ ਵਾਲੇ ਲੋਕਾਂ ਦੀ ਬਰਾਬਰੀ ਕਰਨ ਦੀ ਹਿੰਮਤ ਕਰਦਾ ਹੈ, ਸੋ ਨਤੀਜਾ ਭੁਗਤੇ। ਜਦ ਇਕ ਅਖੌਤੀ ਨੀਵੀਂ ਜਾਤ ਨਾਲ ਸੰਬੰਧਤ ਇਕ ਵਜ਼ੀਰ ਨੇ ਇਕ ਬੁੱਤ ਤੋਂ ਪਰਦਾ ਚੁੱਕਣ ਦੀ ਰਸਮ ਅਦਾ ਕੀਤੀ ਤਾਂ ਬੁੱਤ ਨੂੰ ਸ਼ੁਧੀਕਰਨ ਦੇ ਸਾਰੇ ਅਮਲਾਂ 'ਚੋਂ ਲੰਘਣਾ ਪਿਆ, ਜਿਨ੍ਹਾਂ ਵਿਚ ਗੰਗਾ ਜਲ ਨਾਲ ਉਸ ਦਾ ਇਸ਼ਨਾਨ ਕਰਨਾ ਵੀ ਸ਼ਾਮਿਲ ਸੀ। ਇਸ ਪ੍ਰਥਾ ਦਾ ਹਠੀਲਾਪਨ ਏਨਾ ਪ੍ਰਤੱਖ ਹੈ ਕਿ ਸੰਵਿਧਾਨਕ ਪਾਬੰਦੀਆਂ ਅਤੇ ਨਵੇਂ ਜ਼ਮਾਨੇ ਦੀ ਜਾਗ੍ਰਤੀ ਦੇ ਬਾਵਜੂਦ ਇਸ ਦਾ ਜਾਦੂ ਚੱਲ ਰਿਹਾ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਇਕ ਮੰਦਿਰ ਵਿਚ ਦਾਖ਼ਲ ਹੋਣ ਦੀ ਆਗਿਆ ਇਸ ਕਾਰਣ ਨਾ ਦਿੱਤੀ ਗਈ ਕਿ ਉਹ ਇਕ ਪਾਰਸੀ ਦੀ ਪਤਨੀ ਹੋਣ ਕਾਰਣ ਉੱਚ ਜਾਤੀ ਦੇ ਲੋਕਾਂ ਵਿਚ ਨਹੀਂ ਸੀ ਗਿਣੀ ਜਾ ਸਕਦੀ, ਹਾਲਾਂਕਿ ਉਹ ਬ੍ਰਾਹਮਣ ਮਾਂ-ਬਾਪ ਦੀ ਸੰਤਾਨ ਸੀ। ਸਮੇਂ ਨਾਲ ਸਗੋਂ ਜਾਤੀ ਪ੍ਰਥਾ ਹੋਰ ਮਜ਼ਬੂਤੀ ਅਤੇ ਕੱਟੜਪੁਣੇ ਵੱਲ ਵਧੀ ਹੈ। ਇਸ ਦਾ ਪਰਛਾਵਾਂ ਸਾਰੇ ਆਰਥਿਕ ਅਤੇ ਸਮਾਜਿਕ ਵਰਤਾਰੇ 'ਤੇ ਵੀ ਪਿਆ ਹੈ। ਕਈ ਦਹਾਕਿਆਂ ਤੋਂ ਭਾਰਤ ਦੀ ਆਰਥਿਕ ਤਰੱਕੀ ਦੀ ਦਰ ਦੁਨੀਆ ਦੇ ਦੇਸ਼ਾਂ ਵਿਚ ਸਭ ਤੋਂ ਘੱਟ ਚੱਲ ਰਹੀ ਹੈ।

ਭਾਰਤ ਦੀਆਂ ਲਗਭਗ ਸਾਰੀਆਂ ਘੱਟ-ਗਿਣਤੀਆਂ ਜਾਤੀ ਪ੍ਰਥਾ ਨੂੰ ਰੱਦ ਕਰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚ ਖੁਲ੍ਹ ਕੇ ਇਸ ਦੀ ਵਿਰੋਧਤਾ ਕੀਤੀ ਗਈ ਹੈ, ਇਸ ਨੂੰ ਰੱਬ ਦੀ ਪੈਦਾ ਕੀਤੀ ਹੋਈ ਪ੍ਰਥਾ ਮੰਨਣ ਤੋਂ ਇਨਕਾਰ ਕੀਤਾ ਗਿਆ ਹੈ ਅਤੇ ਇਹ ਵੀ ਪ੍ਰਵਾਨ ਨਹੀਂ ਕੀਤਾ ਗਿਆ ਕਿ ਮੁਕਤੀ ਪ੍ਰਾਪਤੀ ਦੀ ਜਗਿਆਸਾ ਨਾਲ ਇਸ ਪ੍ਰਥਾ ਦਾ ਕੋਈ ਦੂਰ ਦਾ ਵੀ ਸੰਬੰਧ ਹੈ। ਇਸ ਪ੍ਰਥਾ ਵਿਚਲੇ ਭਿੱਟ ਜਾਣ ਦੇ ਸੰਕਲਪ ਨੂੰ ਵੀ ਪੂਰੀ ਤਰ੍ਹਾਂ ਰੱਦ ਕੀਤਾ ਗਿਆ ਹੈ ਅਤੇ ਰਲ-ਮਿਲ ਕੇ ਭੋਜਨ ਖਾਣ ਉੱਤੇ ਪਾਬੰਦੀ ਨੂੰ ਤੋੜਨ ਲਈ ਸਿੱਖਾਂ ਲਈ ਜ਼ਰੂਰੀ ਕਰ ਦਿੱਤਾ ਗਿਆ ਹੈ ਕਿ ਕਿਸੇ ਪ੍ਰਕਾਰ ਦੇ ਵਿਤਕਰੇ ਦਾ ਖ਼ਿਆਲ ਕੀਤੇ ਬਿਨਾਂ ਉਹ ਸਾਰਿਆਂ ਨਾਲ ਬੈਠ ਕੇ ਲੰਗਰ ਛਕਣ। ਸਿਖ ਵੇਦਾਂ ਦਾ ਰੁਤਬਾ ਵੀ ਪ੍ਰਵਾਨ ਨਹੀਂ ਕਰਦੇ। ਸੰਖੇਪ ਵਿਚ, ਸਿਖ ਗੁਰੂਆਂ ਨੇ ਸੋਚ ਸਮਝ ਕੇ ਇਕ ਨਿਵੇਕਲੇ ਸਮਾਜ ਦੀ ਨੀਂਹ ਰੱਖੀ। ਸਿਖ ਧਰਮ ਦੇ ਆਰੰਭਕ ਦਿਨਾਂ ਤੋਂ ਹੀ, ਸਿੱਖਾਂ ਨੂੰ ਹਿੰਦੂ ਭਾਈਚਾਰੇ ਤੋਂ ਬਾਹਰਲੇ ਵਿਰੋਧੀਆਂ ਵਜੋਂ ਲਿਆ ਜਾਂਦਾ ਰਿਹਾ ਹੈ। ਆਪਣੇ

ਸਮਾਜਿਕ ਪ੍ਰਤੀਕਰਮ, ਕਾਰ-ਵਿਉਹਾਰੀ ਸਦਾਚਾਰ, ਆਰਥਕ ਪਹੁੰਚ ਅਤੇ ਆਮ ਵਤੀਰੇ ਵਿਚ ਸਿਖ, ਪੁਰਾਤਨ ਹਿੰਦੂ ਵਰਤਾਰੇ ਨਾਲੋਂ ਕੋਹਾਂ ਦੀ ਦੂਰੀ 'ਤੇ ਹਨ।

ਵਿਦੇਸ਼ੀ ਗ਼ੁਲਾਮੀ ਤੋਂ ਛੁਟਕਾਰਾ ਪ੍ਰਾਪਤ ਕਰਨ ਦਾ ਲੁਕਵਾਂ ਕਾਰਣ ਹਿੰਦੂ ਧਰਮ ਅਤੇ ਇਸ ਦੇ ਸਮਾਜਿਕ ਪ੍ਰਬੰਧ ਦੀ ਰਾਖੀ ਕਰਨਾ ਸੀ। ਦੇਸ਼ ਦੀ ਵੰਡ ਇਸ ਲਈ ਪ੍ਰਵਾਨ ਕਰ ਲਈ ਗਈ, ਕਿਉਂਕਿ ਇਸ ਨਾਲ ਇਕ ਬਾਹਰੋਂ ਆਏ ਧਰਮ ਅਤੇ ਬਾਹਰਲੇ ਸਭਿਆਚਾਰ ਨੂੰ ਅਪਨਾਉਣ ਵਾਲੇ ਬਹੁ-ਗਿਣਤੀ ਮੁਸਲਮਾਨਾਂ ਤੋਂ ਛੁਟਕਾਰਾ ਮਿਲ ਜਾਂਦਾ ਸੀ। ਇਸੇ ਤਰ੍ਹਾਂ ਘੱਟ-ਗਿਣਤੀਆਂ ਨੂੰ ਵੀ ਹਿੰਦੂ ਸਭਿਆਚਾਰ ਤੇ ਸਮਾਜ ਲਈ ਖ਼ਤਰਾ ਸਮਝਿਆ ਜਾਣ ਲੱਗ ਪਿਆ ਹੈ। ਸਿਖ ਆਪਣੀ ਵੱਖਰੀ ਆਜ਼ਾਦ ਹਸਤੀ ਹੋਣ ਦੇ ਬਾਵਜੂਦ ਗ਼ਲਤੀ ਨਾਲ ਆਸ ਲਾਈ ਬੈਠੇ ਰਹੇ ਕਿ ਉਨ੍ਹਾਂ ਪ੍ਰਤੀ ਵੱਖਰਾ ਵਤੀਰਾ ਧਾਰਨ ਕੀਤਾ ਜਾਏਗਾ, ਕਿਉਂਕਿ ਆਪਣੀ ਰਾਜਸੀ ਚੜ੍ਹਤ ਦੌਰਾਨ ਉਨ੍ਹਾਂ ਨੇ ਹਿੰਦੂਆਂ ਨਾਲ ਚੰਗੇ ਸੰਬੰਧ ਬਣਾਈ ਰੱਖੇ ਸਨ ਅਤੇ ਸਾਰੇ ਭਾਰਤ ਦੀ ਹੋਣੀ ਅਤੇ ਇਸ ਵਿਚ ਵੱਸਦੀਆਂ ਕੌਮਾਂ, ਸਭਿਆਚਾਰਾਂ ਦੀ ਰਾਖੀ ਦੀ ਜ਼ਿੰਮੇਵਾਰੀ ਆਪਣੇ ਉਪਰ ਲਈ ਸੀ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਭਾਰੀ ਕੁਰਬਾਨੀਆਂ ਕੀਤੀਆਂ ਸਨ ਅਤੇ ਸਫਲਤਾ ਪੂਰਵਕ ਮੁਗ਼ਲ, ਅਫ਼ਗਾਨ ਅਤੇ ਅੰਗਰੇਜ਼ੀ ਸਾਮਰਾਜ ਦਾ ਸਾਹਮਣਾ ਕੀਤਾ ਸੀ—ਆਪਣੀ ਗਿਣਤੀ ਦੇ ਮੁਕਾਬਲੇ ਕਿਤੇ ਜ਼ਿਆਦਾ ਕੁਰਬਾਨੀਆਂ ਦਿੱਤੀਆਂ ਸਨ ਤੇ ਰਾਜਸੀ ਸਫਲਤਾਵਾਂ ਪ੍ਰਾਪਤ ਕੀਤੀਆਂ ਸਨ। ਆਜ਼ਾਦ ਭਾਰਤ ਵਿਚ ਉਨ੍ਹਾਂ ਨੇ ਚੰਗਾ ਕੰਮ ਜਾਰੀ ਰੱਖਿਆ—ਖੇਤੀਬਾੜੀ ਵਿਚ, ਉਦਯੋਗਾਂ ਵਿਚ, ਖੇਡਾਂ ਵਿਚ ਅਤੇ ਦੇਸ਼ ਦੀ ਰੱਖਿਆ ਵਿਚ ਉਹ ਸਦਾ ਸਭ ਤੋਂ ਅੱਗੇ ਰਹੇ। ਤਾਨਾਸ਼ਾਹੀ ਰੁਚੀਆਂ ਵਾਲੀ ਇੰਦਰਾ ਗਾਂਧੀ ਵੱਲੋਂ ਲਾਈ ਗਈ ਬਦਨਾਮ ਐਮਰਜੈਂਸੀ ਦੌਰਾਨ ਵੀ ਅਕਾਲੀ ਇਕੱਲੇ ਹੀ ਮੈਦਾਨ ਵਿਚ ਨਿੱਤਰੇ, ਜਿਨ੍ਹਾਂ ਨੇ ਇਸ ਦੇ ਖ਼ਾਤਮੇ ਲਈ ਮੋਰਚਾ ਲਾਇਆ। ਪੂਰੇ 19 ਮਹੀਨਿਆਂ ਦੇ ਹਨੇਰੇ ਸਮੇਂ ਵਿਚ ਸਿਖ ਗ੍ਰਿਫ਼ਤਾਰੀਆਂ ਦੇ ਕੇ ਇਸ ਦਾ ਵਿਰੋਧ ਕਰਦੇ ਰਹੇ।

ਸਿੱਖਾਂ ਦੇ ਅੰਦਾਜ਼ੇ ਸਹੀ ਸਾਬਤ ਹੋ ਜਾਣੇ ਸਨ ਅਤੇ ਆਪਸੀ ਲਾਭ ਦਾ ਪ੍ਰਸ਼ਾਦ ਸਾਰੀਆਂ ਸੰਬੰਧਤ ਧਿਰਾਂ ਨੂੰ ਚੋਖਾ ਤੇ ਰਜਵਾਂ ਮਿਲ ਜਾਣਾ ਸੀ, ਜੇਕਰ ਆਜ਼ਾਦੀ ਪ੍ਰਾਪਤੀ ਦੇ ਐਲਾਨੇ ਗਏ ਉਦੇਸ਼ ਉੱਤੇ ਅੱਧ ਪਚੱਧਾ ਪਹਿਰਾ ਵੀ ਉਸ ਗੰਭੀਰਤਾ ਨਾਲ ਹੀ ਦੇ ਦਿੱਤਾ ਜਾਂਦਾ, ਜਿਸ ਨਾਲ ਇਸ ਦਾ ਐਲਾਨ ਕੀਤਾ ਗਿਆ ਸੀ। ਯਾਦ ਰਹੇ ਕਿ ਜੋ ਵਾਅਦੇ ਕੀਤੇ ਗਏ ਸਨ, ਉਨ੍ਹਾਂ ਵਿਚ ਇਕ ਪ੍ਰਭੂਸੱਤਾ ਸੰਪੰਨ, ਧਰਮ-ਨਿਰਪੱਖ, ਲੋਕਰਾਜੀ, ਆਧੁਨਿਕ ਗਣਰਾਜ ਦੀ ਸਥਾਪਨਾ ਸ਼ਾਮਿਲ ਸੀ, ਜਿਸ ਵਿਚ ਆਜ਼ਾਦ ਨਿਆਂ ਪਾਲਿਕਾ, ਆਬਾਦੀ ਦੇ ਅਨੁਪਾਤ ਵਾਲੀ ਪ੍ਰਤੀਨਿਧ ਵਿਧਾਨ ਸਭਾ, ਆਜ਼ਾਦ ਪ੍ਰੈੱਸ ਅਤੇ ਇਕ ਸਹੀ ਸੰਘੀ (ਫ਼ੈਡਰਲ) ਰਾਜ ਵਿਚ ਘੱਟ-ਗਿਣਤੀਆਂ ਦੇ ਹੱਕਾਂ ਦੀ ਰਾਖੀ, ਉਨ੍ਹਾਂ ਦੇ ਸਭਿਆਚਾਰ ਦਾ ਵਿਕਾਸ ਮੁੱਖ ਤੱਤ ਸਨ। ਪਰ ਬਦਕਿਸਮਤੀ ਨੂੰ ਇਸ ਤਰ੍ਹਾਂ ਨਾ ਹੋਇਆ। ਬਹੁ-ਗਿਣਤੀ ਦਾ ਵੱਡਾ ਭਾਗ ਗ਼ੈਰ-ਜ਼ਿੰਮੇਵਾਰੀ ਨਾਲ ਪੇਸ਼ ਆਇਆ। ਇਸ ਨੇ ਖੁੱਲ੍ਹੇਆਮ ਕੀਤੇ ਵਾਅਦਿਆਂ ਨੂੰ ਰੱਦ ਕਰ ਦਿੱਤਾ ਅਤੇ ਬੇਹਯਾਈ ਨਾਲ ਉਸ ਵੱਡੀ ਜ਼ਿੰਮੇਵਾਰੀ ਨੂੰ ਜ਼ਮੀਨ 'ਤੇ ਪਟਕ ਦਿੱਤਾ, ਜੋ ਇਤਿਹਾਸ ਦੇ ਮੋੜ ਨੇ ਇਸ ਦੇ ਮੋਢਿਆਂ 'ਤੇ ਲਿਆ ਰੱਖੀ ਸੀ।

ਬਦਲੇ ਹੋਏ ਹਾਲਾਤ ਦਾ ਪਹਿਲਾ ਵਾਰ ਸਿੱਖਾਂ ਨੂੰ ਹੀ ਝੱਲਣਾ ਪਿਆ। 1947 ਤੋਂ ਝੱਟ ਮਗਰੋਂ ਹੀ ਉਨ੍ਹਾਂ ਨੂੰ ਆਪਣੀ ਵੱਖਰੀ ਹੋਂਦ ਤਿਆਗ ਦੇਣ ਲਈ ਕਹਿ ਦਿੱਤਾ ਗਿਆ, ਉਨ੍ਹਾਂ ਦੇ ਪੰਥਕ ਖ਼ਾਸੇ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਗਈ, ਇਕ ਘੱਟ-ਗਿਣਤੀ

ਵਜੋਂ ਉਨ੍ਹਾਂ ਦੇ ਹੱਕ ਦੱਬ ਲਏ ਗਏ ਅਤੇ ਸਾਰੇ ਭਾਰਤ ਵਿਚ ਭਾਸ਼ਾ ਦੇ ਆਧਾਰ 'ਤੇ ਬਣਾਏ ਜਾਣ ਵਾਲੇ ਰਾਜਾਂ ਦੇ ਅਸੂਲ ਨੂੰ ਉਨ੍ਹਾਂ ਦੇ ਰਾਜ ਵਿਚ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਝੱਟ ਮਗਰੋਂ ਹੀ ਉਨ੍ਹਾਂ ਦੇ ਰਾਜਸੀ ਸੰਗਠਨ, ਅਕਾਲੀ ਦਲ, ਨੂੰ ਕਹਿ ਦਿੱਤਾ ਗਿਆ ਕਿ ਉਹ ਆਪਣੀਆਂ ਕਾਰਵਾਈਆਂ ਧਾਰਮਿਕ ਦਾਇਰੇ ਤਕ ਹੀ ਸੀਮਿਤ ਰੱਖੇ। ਮਾਸਟਰ ਤਾਰਾ ਸਿੰਘ ਦੇ ਨਜ਼ਦੀਕੀ ਸਾਥੀਆਂ ਨੂੰ ਵਜ਼ੀਰੀਆਂ ਤੇ ਅਹੁਦਿਆਂ ਦਾ ਲਾਲਚ ਦੇ ਕੇ ਤੋੜ ਲਿਆ ਗਿਆ। ਕੁੱਝਨਾਂ ਨੇ ਮਾਸਟਰ ਜੀ ਦਾ ਸਾਥ ਚਾਂਦੀ ਦੇ ਸਿੱਕਿਆਂ ਬਦਲੇ ਛੱਡ ਦਿੱਤਾ ਅਤੇ ਬਾਕੀਆਂ ਨੇ ਛਾਤੀ 'ਤੇ ਫੀਤੀਆਂ ਲਵਾ ਕੇ। ਮਾਸਟਰ ਜੀ ਬਿਲਕੁਲ ਇਕੱਲੇ ਰਹਿ ਗਏ ਤਾਂ ਉਹਨਾਂ ਨੇ ਸਮਾਂ ਲੰਘਾਉਣ ਲਈ 'ਹਾਂ' ਕਰ ਦਿੱਤੀ। ਅਕਾਲੀਆਂ ਨੇ 1957 ਦੀਆਂ ਚੋਣਾਂ ਕਾਂਗਰਸ ਟਿਕਟ 'ਤੇ ਲੜੀਆਂ। ਮਾਸਟਰ ਜੀ ਨੇ ਛੇਤੀ ਹੀ ਮਹਿਸੂਸ ਕਰ ਲਿਆ ਕਿ ਲਿਖਤੀ ਸੰਵਿਧਾਨ ਕਿਸੇ ਕੰਮ ਦਾ ਨਹੀਂ ਸੀ ਤੇ ਉਹ ਸਮਾਂ ਅਜੇ ਬਹੁਤ ਦੂਰ ਹੈ, ਜਦੋਂ ਘੱਟ-ਗਿਣਤੀਆਂ ਆਪਣੇ ਵੱਖਰੇ ਰਾਜਸੀ ਸੰਗਠਨਾਂ ਤੋਂ ਬਿਨਾਂ ਹੀ ਸੁਰੱਖਿਅਤ ਰਹਿ ਸਕਣਗੀਆਂ। ਉਨ੍ਹਾਂ ਨੇ ਝੱਟ ਬਗ਼ਾਵਤ ਦਾ ਝੰਡਾ ਉੱਚਾ ਕਰ ਦਿੱਤਾ। ਅਹੁਦਿਆਂ ਦੀ ਭੁੱਖ ਏਨੀ ਪ੍ਰਬਲ ਸੀ ਕਿ ਪੰਜਾਬ ਅਸੈਂਬਲੀ ਦੇ ਕੇਵਲ ਦੋ ਮੈਂਬਰ ਉਨ੍ਹਾਂ ਕੋਲ ਵਾਪਸ ਆਏ।

ਇਸ ਸਮੇਂ ਹੀ ਫ਼ੈਸਲਾ ਲਿਆ ਗਿਆ ਕਿ ਅਕਾਲੀ ਦਲ ਨੂੰ, ਜਾਂ ਇਸ ਦੇ ਉਸ ਭਾਗ ਨੂੰ ਨਕਾਰਾ ਕਰ ਦਿੱਤਾ ਜਾਵੇ, ਜੋ ਕਾਂਗਰਸ ਵਿਚ ਸ਼ਾਮਿਲ ਹੋ ਕੇ ਆਪ-ਵਿਹਾਜੀ ਮੌਤ ਨੂੰ ਜੱਫੀ ਪਾਉਣ ਲਈ ਤਿਆਰ ਨਹੀਂ। ਪ੍ਰਤਾਪ ਸਿੰਘ ਕੈਰੋਂ ਨੇ ਆਪਣੇ ਆਕਾ ਨਹਿਰੂ ਦੇ ਕਹਿਣ 'ਤੇ ਸੰਤ ਫ਼ਤਹਿ ਸਿੰਘ ਨੂੰ ਮਾਸਟਰ ਤਾਰਾ ਸਿੰਘ ਨੂੰ ਨਕਾਰਾ ਕਰਨ ਲਈ ਵਰਤਣ ਦਾ ਫ਼ੈਸਲਾ ਕੀਤਾ। ਸੰਤ ਫ਼ਤਹਿ ਸਿੰਘ ਤੇ ਉਸ ਦੇ ਸਾਥੀਆਂ ਦੀ ਖ਼ੂਬ ਟਹਿਲ ਸੇਵਾ ਕੀਤੀ ਗਈ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਬਜ਼ਾ ਵੀ ਸਰਕਾਰੀ ਤੇ ਰਾਜਸੀ ਸਾਧਨਾਂ ਦੀ ਮਦਦ ਨਾਲ ਉਨ੍ਹਾਂ ਨੂੰ ਲੈ ਕੇ ਦੇ ਦਿੱਤਾ ਗਿਆ। ਛੇਤੀ ਹੀ ਸਭ ਨੂੰ ਅਤੇ ਖ਼ਾਸ ਤੌਰ 'ਤੇ ਸਿਆਣੇ ਸ: ਕਪੂਰ ਸਿੰਘ ਨੂੰ ਪਤਾ ਲੱਗ ਗਿਆ ਕਿ ਸੰਤ ਫ਼ਤਹਿ ਸਿੰਘ ਨੇ ਆਜ਼ਾਦ ਸਿਖ ਹਸਤੀ ਦਾ ਭੋਗ ਪਾਉਣ ਦਾ ਫ਼ੈਸਲਾ ਕਰ ਲਿਆ ਸੀ। ਸੰਤ ਫ਼ਤਹਿ ਸਿੰਘ ਇਕ ਬਿਆਨ ਵਾਰ ਵਾਰ ਦੁਹਰਾਇਆ ਕਰਦੇ ਸਨ, ਜੋ ਇਸ ਤਰ੍ਹਾਂ ਸੀ, "ਭਾਈਓ, ਮੈਨੂੰ ਫ਼ੀਸਦੀਆਂ ਫ਼ੁਸਦੀਆਂ ਨਾਲ ਕੋਈ ਪਕੜ ਨਹੀਂ।" ਸੰਤ ਨੇ ਪੰਜਾਬ ਦੀਆਂ ਹੱਦਾਂ ਮਿਥਣ ਵਿਚ ਕੋਈ ਦਿਲਚਸਪੀ ਨਾ ਲਈ, ਜਿਸ ਕਾਰਣ ਕਈ ਪੰਜਾਬੀ ਬੋਲਣ ਵਾਲੇ ਇਲਾਕੇ ਪੰਜਾਬ 'ਚੋਂ ਬਾਹਰ ਰਹਿ ਗਏ। ਨਵੇਂ ਪੰਜਾਬ ਕੋਲੋਂ ਇਸ ਦੇ ਪਾਣੀ, ਬਿਜਲੀ, ਇਸ ਦੀ ਰਾਜਧਾਨੀ ਅਤੇ ਹਾਈਕੋਰਟ ਵੀ ਖੋਹ ਲਏ ਗਏ। ਛੇਤੀ ਹੀ ਇਹ ਗੱਲ ਪ੍ਰਤੱਖ ਹੋ ਗਈ ਕਿ ਆਪਣੀ ਆਤਮਾ ਦਾ ਸੌਦਾ ਕਰਨ ਅਤੇ ਆਪਣੇ ਲੋਕਾਂ ਦੀਆਂ ਉਮੰਗਾਂ ਮਿੱਟੀ ਘੱਟੇ ਰੋਲਣ ਦੇ ਬਾਵਜੂਦ, ਸੰਤ ਇਕ ਸਬ-ਸਟੇਟ ਤੋਂ ਵੱਧ ਕੁਝ ਨਾ ਪ੍ਰਾਪਤ ਕਰ ਸਕਿਆ।

ਬੀਮਾਰੀ ਦੇ ਬਿਸਤਰ 'ਤੇ ਲੇਟੇ ਮਾਸਟਰ ਤਾਰਾ ਸਿੰਘ ਨੇ ਸਾਰੀ ਉਮਰ ਆਪਣੇ ਲੋਕਾਂ ਦੀ ਈਮਾਨਦਾਰੀ ਨਾਲ ਸੇਵਾ ਕਰਨ 'ਚੋਂ ਉਪਜੀ ਥਕਾਵਟ ਅਤੇ ਬੁੱਢੀ ਉਮਰ ਅੱਗੇ ਹਥਿਆਰ ਸੁੱਟਣ ਤੋਂ ਪਹਿਲਾਂ ਸਿਖ ਹੋਮਲੈਂਡ ਦਾ ਨਾਹਰਾ ਲਾਇਆ। ਸ: ਕਪੂਰ ਸਿੰਘ ਵੱਲੋਂ ਤਜਵੀਜ਼ ਕੀਤੀ ਹੋਮਲੈਂਡ ਦੀ ਮੰਗ ਪੰਜਾਬੀ ਸੂਬੇ ਦੀ ਮੰਗ ਛੇਤੀ ਮਨਵਾਉਣ ਲਈ ਅਤੇ ਸਿਖ ਹਿੱਤਾਂ ਦੀ ਰਖਵਾਲੀ ਯਕੀਨੀ ਬਨਾਉਣ ਲਈ ਚੁੱਕੀ ਗਈ ਸੀ। ਇਹ ਮੰਗ ਬਟਾਲਾ ਅਕਾਲੀ ਕਾਨਫ਼ਰੰਸ ਦਾ ਮੁਖ ਵਿਸ਼ਾ ਸੀ ਅਤੇ ਸਿਖ ਹਿੱਤਾਂ ਦੀ ਮੁਕੰਮਲ ਅਣਦੇਖੀ

ਕਰਨੋਂ ਰੋਕਣ ਲਈ ਰੱਖੀ ਗਈ ਸੀ। ਕੁਝ ਸਮੇਂ ਲਈ ਇਹ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਵਿਚ ਸਫਲ ਵੀ ਰਹੀ। ਉਸ ਮਗਰੋਂ ਸੰਤ ਫ਼ਤਹਿ ਸਿੰਘ ਆਪਣੇ ਆਪ ਨੂੰ ਸਿਖ ਲੀਡਰ ਵਜੋਂ ਸਥਾਪਿਤ ਨਾ ਕਰ ਸਕਿਆ। ਅਕਾਲੀਆਂ ਦਾ ਇਕ ਮਜ਼ਬੂਤ ਧੜਾ ਉਸ ਦੀ ਵਿਰੋਧਤਾ ਕਰਦਾ ਰਿਹਾ। ਇਸ ਦਸ਼ਾ ਵਿਚ ਸੰਤ ਫ਼ਤਹਿ ਸਿੰਘ ਨੂੰ 'ਮਰਨ ਵਰਤਾਂ' ਦੇ ਢਕੌਂਸਲਿਆਂ ਤੇ ਹੋਰ ਤਰ੍ਹਾਂ ਦੇ ਅੰਦੋਲਨਾਂ ਦੇ ਰਾਹ ਪੈਣਾ ਪਿਆ। ਆਪਣਾ ਅੰਤ ਸਮਾਂ ਆਉਣ ਤਕ ਸੰਤ ਫ਼ਤਹਿ ਸਿੰਘ ਨੇ ਇਹੋ ਜਿਹੀਆਂ ਗ਼ਲਤ ਕਲਾਬਾਜ਼ੀਆਂ ਜਾਰੀ ਰੱਖੀਆਂ। ਪਿੱਛੇ ਵੱਲ ਝਾਤ ਮਾਰਿਆਂ, ਸੰਤ ਫ਼ਤਹਿ ਸਿੰਘ ਦੀ ਇੱਕੋ ਇਕ ਪ੍ਰਾਪਤੀ ਇਹ ਨਜ਼ਰ ਆਉਂਦੀ ਹੈ ਕਿ ਉਹ ਅਕਾਲੀ ਦਲ ਦੀ ਆਜ਼ਾਦ ਹਸਤੀ ਖ਼ਤਮ ਕਰਨ ਵਿਚ ਨਾਕਾਮ ਰਹੇ। ਜਿਉਂ ਹੀ ਉਹ ਇਸ ਤਰ੍ਹਾਂ ਕਰਦੇ, ਮਾਸਟਰ ਅਕਾਲੀ ਦਲ ਨੇ ਅਸਲ ਅਕਾਲੀ ਦਲ ਬਣ ਜਾਣਾ ਸੀ ਅਤੇ ਸੰਤ ਫ਼ਤਹਿ ਸਿੰਘ ਦੇ ਸਾਰੇ ਚੇਲਿਆਂ ਦੀ ਰਾਜਸੀ ਮੌਤ ਹੋ ਜਾਣੀ ਸੀ। ਉਨ੍ਹਾਂ ਇਸ ਗੱਲ ਵਿਚ ਹੀ ਸਬਰ ਕੀਤਾ ਕਿ ਅਕਾਲੀ ਸਪਿਰਿਟ ਖ਼ਤਮ ਕਰ ਕੇ ਬਾਹਰੋਂ ਅਕਾਲੀ ਰੂਪ ਤੇ ਸ਼ਬਦਾਵਲੀ ਕਾਇਮ ਰੱਖੇ ਜਾਣ।

ਉਦੋਂ ਤੋਂ ਹੀ ਦੁਬਿਧਾ ਚਲੀ ਆ ਰਹੀ ਹੈ। ਅਕਾਲੀ ਦਲਾਂ ਨੇ ਸਿਖ ਵੋਟਾਂ ਹਥਿਆਉਣ ਲਈ ਅਕਾਲੀ ਭੇਖ ਕਾਇਮ ਰੱਖਿਆ, ਪਰ ਜਾਣ ਬੁੱਝ ਕੇ ਅਤੇ ਨਿਰੰਤਰ ਤੌਰ 'ਤੇ ਸਿਖ ਹਿੱਤਾਂ ਦੀ ਰਾਖੀ ਕਰਨ ਤੋਂ ਵੀ ਇਨਕਾਰ ਕਰਦੇ ਰਹੇ। ਕਦੇ ਕਦਾਈਂ ਹੀ ਇਹ ਦਲ ਸਿਖ ਮੁੱਦਿਆਂ ਵੱਲ ਧਿਆਨ ਦੇਣ ਲਈ ਤਿਆਰ ਕੀਤੇ ਜਾ ਸਕਦੇ। 1973 ਵਿਚ ਅਜਿਹਾ ਇਕ ਮੌਕਾ ਉਦੋਂ ਆਇਆ, ਜਦੋਂ ਉਨ੍ਹਾਂ ਨੇ ਬੇਦਿਲੀ ਜਿਹੀ ਨਾਲ ਅਨੰਦਪੁਰ ਮਤਾ ਪਾਸ ਕੀਤਾ। ਇਹ ਮਤਾ ਸਃ ਕਪੂਰ ਸਿੰਘ ਨੇ ਤਿਆਰ ਕੀਤਾ ਸੀ ਤੇ ਉਨ੍ਹਾਂ ਦੇ ਕਹਿਣ 'ਤੇ ਹੀ ਪ੍ਰਵਾਨ ਕੀਤਾ ਗਿਆ ਸੀ। ਬਹੁ-ਗਿਣਤੀ ਅਕਾਲੀਆਂ ਦਾ ਜਿਥੋਂ ਤਕ ਸੰਬੰਧ ਹੈ, ਇਸ ਮਤੇ ਦਾ ਅਰਥ ਕੇਵਲ ਇਹੀ ਸੀ ਕਿ ਕਿਵੇਂ ਨਾ ਕਿਵੇਂ ਕਾਂਗਰਸ ਨੂੰ ਮਜਬੂਰ ਕੀਤਾ ਜਾਏ ਕਿ ਉਹ ਅਕਾਲੀਆਂ ਨੂੰ ਵੀ ਰਾਜ ਸੱਤਾ ਵਿਚ ਹਿੱਸਾ ਦੇਵੇ। ਉਨ੍ਹਾਂ ਨੇ 1978 ਤਕ ਇਸ ਮਤੇ ਦਾ ਕਦੇ ਕੋਈ ਜ਼ਿਕਰ ਨਾ ਕੀਤਾ। ਉਸ ਸਾਲ ਉਨ੍ਹਾਂ ਲੁਧਿਆਣੇ ਵਿਚ ਮਤੇ ਦੇ ਵਿਗੜੇ ਹੋਏ ਰੂਪ ਦੇ ਆਧਾਰ 'ਤੇ ਇਕ ਪਾਲਸੀ ਪ੍ਰੋਗਰਾਮ ਤਿਆਰ ਕੀਤਾ। ਅਜਿਹਾ ਇਸ ਆਸ ਨਾਲ ਕੀਤਾ ਗਿਆ ਕਿ ਇਸ ਨਾਲ ਐਮਰਜੈਂਸੀ ਵਿਰੋਧੀ ਅੰਦੋਲਨ ਸਦਕਾ ਮਿਲੀ ਨੇਕਨਾਮੀ ਦੇ ਮਾਹੌਲ ਵਿਚ ਦੂਜੇ ਲੋਕ ਉਨ੍ਹਾਂ ਉੱਤੇ ਸਿਖ ਹਿੱਤਾਂ ਦੇ ਰਖਵਾਲੇ ਹੋਣ ਦਾ ਠੱਪਾ ਨਹੀਂ ਲਾ ਸਕਣਗੇ। ਉਨ੍ਹਾਂ ਦੀ ਮੁਖ ਵੈਰੀ ਕਾਂਗਰਸ ਉਸ ਵੇਲੇ ਬੁਰੀ ਹਾਲਤ ਵਿਚ ਸੀ। ਇਹ ਪਾਲਸੀ ਪ੍ਰੋਗਰਾਮ ਅਸਲ ਅਨੰਦਪੁਰ ਮਤੇ ਦਾ ਬਿਲਕੁਲ ਹੀ ਵਿਗੜਿਆ ਰੂਪ ਸੀ ਤੇ ਮੁਖ ਤੌਰ 'ਤੇ ਬਲਵੰਤ ਸਿੰਘ ਦੇ ਦਿਮਾਗ਼ ਦੀ ਉਪਜ ਸੀ, ਜੋ "ਅੱਧੀ ਹਾਂ ਮੈਂ ਤੇਰੀ ਤੇ ਅੱਧੀ ਮੈਂ ਮੁਲਾਹਜ਼ੇਦਾਰ ਦੀ" ਦੇ ਸਿਧਾਂਤ ਵਿਚ ਵਿਸ਼ਵਾਸ ਰੱਖਦਾ ਸੀ। ਮੈਨੂੰ ਵੀ ਇਕ ਵਾਰ ਉਸ ਛੋਟੀ ਜਿਹੀ ਜੁੰਡਲੀ ਦੀ ਬੈਠਕ ਵਿਚ ਬੁਲਾਇਆ ਗਿਆ, ਜੋ ਇਸ ਵਿਚ ਤਬਦੀਲੀਆਂ ਕਰਨ ਲਈ ਬੈਠੀ ਹੋਈ ਸੀ, ਪਰ ਕਿਉਂਕਿ ਮੈਂ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਨਾ ਹੋਇਆ, ਇਸ ਲਈ ਮੈਨੂੰ ਦੁਬਾਰਾ ਨਾ ਬੁਲਾਇਆ ਗਿਆ।

ਇਹ ਗੱਲ ਭਾਵੇਂ ਯਕੀਨ ਕਰਨ ਵਾਲੀ ਨਾ ਲੱਗੇ ਪਰ ਬਹੁਤ ਸਾਰੇ ਅਕਾਲੀਆਂ ਨੂੰ ਪਤਾ ਹੀ ਨਾ ਲੱਗਾ ਕਿ ਲੁਧਿਆਣੇ ਵਿਚ ਕੀ ਕੀਤਾ ਜਾ ਰਿਹਾ ਸੀ। ਸੰਤ ਲੌਂਗੋਵਾਲ ਉਨ੍ਹਾਂ ਅਕਾਲੀਆਂ ਵਿੱਚੋਂ ਇਕ ਸੀ, ਜਿਸ ਨੂੰ ਸਭ ਕੁਝ ਸਾਫ਼ ਸਾਫ਼ ਨਜ਼ਰ ਆ ਰਿਹਾ ਸੀ। ਪਰ ਉਸ ਸਮੇਂ ਐਮਰਜੈਂਸੀ ਮੋਰਚਾ ਚਲਾਉਣ ਮਗਰੋਂ ਵੀ ਉਹ ਅਜੇ ਇਕ ਛੋਟੇ ਜਿਹੇ

ਆਗੂ ਹੀ ਸਨ ਤੇ ਉਨ੍ਹਾਂ ਅੰਦਰ ਵਿਚਾਰਾਂ ਦੀ ਪਕਿਆਈ ਵੀ ਨਹੀਂ ਸੀ ਆਈ, ਜਿਸ ਕਾਰਣ ਬੜੀ ਕਮਜ਼ੋਰ ਆਵਾਜ਼ ਵਿਚ ਉਹ ਕੇਵਲ ਮਾੜਾ ਜਿਹਾ ਵਿਰੋਧ ਹੀ ਪ੍ਰਗਟ ਕਰ ਸਕੇ। ਉਹ ਇਕ ਹੋਰ ਸੱਤਾਧਾਰੀ ਧੜੇ ਤੋਂ ਬਾਹਰ ਦੇ ਛੋਟੇ ਅਕਾਲੀ ਜਸਮਤ ਸਿੰਘ ਢਿੱਲੋਂ ਨਾਲ ਬੈਠ ਕੇ ਆਪਣਾ ਭਾਸ਼ਣ ਤਿਆਰ ਕਰਨ ਲੱਗੇ, ਜੋ ਉਨ੍ਹਾਂ ਨੇ ਪਰਚਮ ਲਹਿਰਾਉਣ ਵੇਲੇ ਦੇਣਾ ਸੀ। ਜਸਮਤ ਸਿੰਘ ਤਾਂ ਹੋਰ ਅਗੇਰੇ ਜਾਣ ਨੂੰ ਵੀ ਕਾਹਲਾ ਸੀ, ਪਰ ਜਿਨ੍ਹਾਂ 'ਕਮਜ਼ੋਰ ਮੋਢਿਆਂ ਨੇ ਭਾਰ ਚੁੱਕਣਾ ਸੀ', ਉਨ੍ਹਾਂ ਦਾ ਧਿਆਨ ਰੱਖ ਕੇ ਹੀ ਭਾਸ਼ਣ ਤਿਆਰ ਕੀਤਾ ਜਾਣਾ ਸੀ। ਸੰਤ ਲੌਂਗੋਵਾਲ ਆਪਣੇ ਭਾਸ਼ਣ ਦੇ ਤੱਤ ਨਾਲ ਉਦੋਂ ਤਕ ਜੁੜੇ ਰਹੇ, ਜਦ ਤਕ ਕਿ ਸੱਤਾ ਉਨ੍ਹਾਂ ਦੇ ਹੱਥ ਨਾ ਆ ਗਈ। ਸੱਤਾ ਮਿਲਦਿਆਂ ਹੀ ਲੌਂਗੋਵਾਲ ਨੇ ਵੀ ਸੰਤ ਫ਼ਤਹਿ ਸਿੰਘ ਵਾਲਾ ਰਵਈਆ ਹੀ ਧਾਰਨ ਕਰ ਲਿਆ। ਅਸਲ ਅਨੰਦਪੁਰ ਮਤੇ ਦੀ ਥਾਂ ਉਸ ਦਾ ਵਿਗੜਿਆ ਹੋਇਆ ਰੂਪ ਹੀ ਪ੍ਰਚਾਰਨ ਲੱਗ ਪਏ ਤੇ ਇਸ ਤਰ੍ਹਾਂ ਸਿਖ ਹਿੱਤਾਂ ਨੂੰ ਹਮੇਸ਼ਾ ਲਈ ਤਿਲਾਂਜਲੀ ਦੇ ਦਿੱਤੀ। ਉਹ ਸੰਤ ਫ਼ਤਹਿ ਸਿੰਘ ਤੋਂ ਵੀ ਇਕ ਕਦਮ ਅੱਗੇ ਚਲੇ ਗਏ ਅਤੇ ਅੰਤ ਜ਼ੁਲਮ ਵਿਰੁੱਧ ਸਿੱਖਾਂ ਵੱਲੋਂ ਸ਼ੁਰੂ ਕੀਤੇ ਗਏ ਇਕ ਮਹਾਨ ਸੰਘਰਸ਼ ਦੇ ਅੰਤਮ ਅਧਿਆਏ ਵਜੋਂ ਇਕ ਬੁਜ਼ਦਿਲੀ ਭਰੇ ਸਮਝੌਤੇ ਉੱਤੇ ਸਹੀ ਪਾ ਕੇ 'ਏਕਤਾ, ਅਖੰਡਤਾ ਤੇ ਅਮਨ ਦੇ ਸ਼ਹੀਦ' ਵਜੋਂ ਸੰਸਾਰ ਤੋਂ ਕੂਚ ਕਰ ਗਏ।

ਸੰਘਰਸ਼ ਦੌਰਾਨ ਵੀ ਸੰਤ ਲੌਂਗੋਵਾਲ ਦੇ ਵਿਚਾਰਾਂ ਦਾ ਸਭ ਨੂੰ ਪਤਾ ਸੀ ਤੇ ਉਹ ਸੰਤ ਜਰਨੈਲ ਸਿੰਘ ਤੋਂ ਹਰ ਵੇਲੇ ਖ਼ੌਫ਼ਜ਼ਦਾ ਰਹਿੰਦੇ ਸਨ। ਸੰਤ ਜਰਨੈਲ ਸਿੰਘ ਸਿਖ ਹਿੱਤਾਂ ਦੇ ਸੱਚੇ ਰਖਵਾਲੇ ਦੇ ਤੌਰ 'ਤੇ ਮੰਨੇ ਜਾਣ ਲੱਗੇ ਸਨ। ਅਕਸਰ ਹੀ ਸੰਤ ਲੌਂਗੋਵਾਲ ਮੰਜੀ ਸਾਹਿਬ ਤੋਂ ਪੂਰੀ ਗੰਭੀਰਤਾ ਨਾਲ ਐਲਾਨ ਕਰਦੇ ਰਹਿੰਦੇ ਕਿ ਸਰਕਾਰ ਨਾਲ ਕੋਈ ਸਮਝੌਤਾ ਕਰਨ ਤੋਂ ਪਹਿਲਾਂ ਉਹ ਸੰਗਤ ਅਤੇ ਜਥੇਦਾਰ ਅਕਾਲ ਤਖ਼ਤ ਦੀ ਪ੍ਰਵਾਨਗੀ ਜ਼ਰੂਰ ਲੈਣਗੇ। ਇਸ ਐਲਾਨ ਮਗਰੋਂ ਹੀ ਇਹ ਗੱਲ ਚਲਾਈ ਗਈ ਕਿ ਸੰਤ ਜਰਨੈਲ ਸਿੰਘ ਨੂੰ ਅਕਾਲ ਤਖ਼ਤ ਦਾ ਜਥੇਦਾਰ ਥਾਪ ਦਿੱਤਾ ਜਾਵੇ। ਜਿਉਂ ਹੀ ਸੰਤ ਭਿੰਡਰਾਂਵਾਲੇ ਨਾ ਰਹੇ, ਲੌਂਗੋਵਾਲ ਨੇ ਸਿਖ ਹਿੱਤਾਂ ਤੋਂ ਕਿਨਾਰਾਕਸ਼ੀ ਕਰਨ ਵਿਚ ਹੀ ਭਲਾਈ ਸਮਝ ਲਈ। ਜਿਵੇਂ ਕਿ ਮਗਰੋਂ ਸਪੱਸ਼ਟ ਹੋਇਆ, ਇਹ ਵੀ ਇਕ ਹੋਰ ਅੰਦਾਜ਼ੇ ਦੀ ਗ਼ਲਤੀ ਸੀ।

ਲੌਂਗੋਵਾਲ ਦੇ ਚਲਾਣੇ ਮਗਰੋਂ ਉਹੀ ਸੰਘਰਸ਼ ਅਕਾਲੀ ਗੁੱਟਾਂ ਵਿਚ ਪਿਛਲੇ ਇਕ ਦਹਾਕੇ ਤੋਂ ਫਿਰ ਤੋਂ ਚੱਲ ਰਿਹਾ ਹੈ। ਉਸ ਸੰਘਰਸ਼ ਦਾ ਤੱਤ ਸਾਰ ਸੰਤ ਫ਼ਤਹਿ ਸਿੰਘ ਨਾਲ ਇਕਰਾਰ ਨਿਭਾਉਣ ਦਾ ਹੈ। ਦੂਜੀ ਧਿਰ ਆਪਣਾ ਹਿੱਸਾ ਮੰਗ ਰਹੀ ਹੈ। ਉਹ ਗ਼ਲਤ ਤੌਰ 'ਤੇ ਸੋਚਦੀ ਹੈ ਕਿ ਨਵੀਂ ਪ੍ਰਾਪਤ ਕੀਤੀ ਆਜ਼ਾਦੀ ਦਾ ਫਲ ਇਕੱਲਿਆਂ ਖਾਣ ਲਈ ਅਤੇ ਆਪਣਾ ਦਾਬਾ ਦੇਰ ਤਕ ਕਾਇਮ ਰੱਖਣ ਲਈ ਇਹ ਜ਼ਰੂਰੀ ਹੈ ਕਿ ਘੱਟ- ਗਿਣਤੀਆਂ ਕੋਲੋਂ ਰਾਜਸੀ ਆਤਮ-ਹੱਤਿਆ ਦੀ ਮੰਗ ਕੀਤੀ ਜਾਏ। ਇਹ ਧਿਰ ਇਹ ਵੀ ਜ਼ਰੂਰੀ ਸਮਝਦੀ ਹੈ ਕਿ ਉੱਤਮ ਸਭਿਆਚਾਰਾਂ ਤੋਂ ਆਪਣੇ ਕਮਜ਼ੋਰ ਸਮਾਜਿਕ ਪ੍ਰਬੰਧ ਨੂੰ ਸੁਰੱਖਿਅਤ ਕਰਨ ਲਈ ਜ਼ਰੂਰੀ ਹੈ ਕਿ ਉਹ ਆਪਣੀ ਆਜ਼ਾਦ ਹਸਤੀ ਅਤੇ ਰਾਜਸੀ ਗੌਰਵ ਨੂੰ ਖ਼ਤਮ ਕਰ ਲੈਣ।

ਸੰਘਰਸ਼ ਦੇ ਅਸਲ ਮੁੱਦਿਆਂ ਨੂੰ ਸਮਝਣ ਦੀ ਖੇਚਲ ਬਹੁਤੇ ਅਕਾਲੀਆਂ ਨੇ ਨਹੀਂ ਕੀਤੀ। ਉਨ੍ਹਾਂ ਨੇ ਹਿੰਦੂ ਧਰਮ ਨੂੰ ਖ਼ਤਰੇ ਦੇ ਝੂਠ ਦਾ ਪਰਦਾ ਫਾਸ਼ ਨਹੀਂ ਕੀਤਾ। ਉਹ ਇਹ ਦੱਸਣ ਵਿਚ ਵੀ ਨਾਕਾਮ ਰਹੇ ਹਨ ਕਿ ਉਹ ਸਦੀਵੀ ਧਰਮ ਦੇ ਸਹੀ ਅਸੂਲਾਂ ਦਾ ਪੱਖ ਪੂਰ ਰਹੇ ਹਨ, ਤਾਂਕਿ ਸਰਬੱਤ ਦੇ ਭਲੇ ਦੀ ਗੱਲ ਕੀਤੀ ਜਾ ਸਕੇ। ਉਹ ਕੇਵਲ ਏਨਾ ਹੀ

ਜਾਣਦੇ ਹਨ ਕਿ ਉਹ ਥੋੜ੍ਹੀ ਜਿਹੀ ਸੱਤਾ ਵੀ ਤਾਂ ਹੀ ਪ੍ਰਾਪਤ ਕਰ ਸਕਦੇ ਹਨ, ਜੇ ਉਹ ਆਪਣੇ ਆਪ ਨੂੰ 'ਨਰਮ ਦਲੀਏ' ਸਾਬਤ ਕਰ ਸਕਣ। ਅਜਿਹੇ ਵਿਖਾਵੇ ਰਾਹੀਂ ਪ੍ਰਾਪਤ ਹੋਈ ਸੱਤਾ ਦੇ ਲਾਭਾਂ ਬਾਰੇ ਕੋਈ ਮੁਲਾਂਕਣ ਕਰਨ ਨੂੰ ਉਹ ਤਿਆਰ ਨਹੀਂ। 1966 ਮਗਰੋਂ ਸਥਾਪਿਤ ਹੋਈਆਂ ਅਕਾਲੀ ਸਰਕਾਰਾਂ ਦੀ ਕਾਰਗੁਜ਼ਾਰੀ ਉੱਤੇ ਇਕ ਉੱਡਦੀ ਝਾਤ ਪਾਉਣ ਨਾਲ ਪਤਾ ਲੱਗੇਗਾ ਕਿ ਉਹ ਦੂਜੀਆਂ ਸਰਕਾਰਾਂ ਨਾਲੋਂ ਕੋਈ ਵੱਖਰੀਆਂ ਨਹੀਂ ਸਨ ਤੇ ਨਾ ਹੀ ਉਹ ਉਨ੍ਹਾਂ ਸਿੱਖਾਂ ਦਾ ਕੋਈ ਭਲਾ ਕਰ ਸਕੀਆਂ, ਜਿਨ੍ਹਾਂ ਦੇ ਨਾਂ ਉੱਤੇ ਅਤੇ ਜਿਨ੍ਹਾਂ ਦੀ ਸਹਾਇਤਾ ਨਾਲ ਉਹ ਹੋਂਦ ਵਿਚ ਆਈਆਂ। ਮੰਦੇ ਭਾਗੀਂ, ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਉਹ ਸਦਾਚਾਰਕ ਅਤੇ ਧਰਮ ਦੇ ਪੱਖੋਂ ਵੀ ਕਾਂਗਰਸੀ ਸਰਕਾਰਾਂ ਨਾਲੋਂ ਜ਼ਿਆਦਾ ਚੰਗੀਆਂ ਸਨ। ਉਹ ਸਿਖ ਸਭਿਆਚਾਰ ਦੇ ਸੇਵਾ ਅਤੇ ਗ਼ਰੀਬਾਂ, ਨਿਮਾਣਿਆਂ, ਲਿਤਾੜੇ ਗਏ ਲੋਕਾਂ ਦੀ ਭਲਾਈ ਦੇ ਲੱਛਣਾਂ ਨੂੰ ਵੀ ਉਜਾਗਰ ਨਾ ਕਰ ਸਕੀਆਂ।

ਉਹ ਅਕਾਲੀ ਬੜੇ ਥੋੜ੍ਹੇ ਜਿਹੇ ਹਨ, ਜੋ ਜਾਣਦੇ ਹਨ ਕਿ ਸੱਚੇ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਦਾ ਬੇਆਵਾਜ਼ ਨਗਾਰਾ ਜ਼ਾਲਮਾਂ ਅਤੇ ਮੰਦੇ ਕਾਰੇ ਕਰਨ ਵਾਲਿਆਂ ਦੇ ਮਨਾਂ ਅੰਦਰ ਰੱਬੀ ਕਹਿਰ ਦੀ ਗੁੰਜਾਰ ਕਰਦਾ ਰਹਿੰਦਾ ਹੈ (ਸੁਖ ਸਵੰਨਾ ਦੇਂਦੀ ਦੂਜਨਾਂ ਨੂੰ ਨੌਬਤ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਦੀ)। ਉਨ੍ਹਾਂ ਦੀ ਗਿਣਤੀ ਹੋਰ ਵੀ ਥੋੜ੍ਹੀ ਹੈ, ਜੋ ਸਮਝਦੇ ਹਨ ਕਿ ਖ਼ਾਲਸੇ ਦੀ ਸਾਜਨਾ ਰਾਜਸੀ ਤੇ ਸਮਾਜਿਕ ਵਰਤਾਰੇ ਦੀ ਇਕ ਮਿਸਾਲ ਕਾਇਮ ਕਰਨ ਹਿਤ ਕੀਤੀ ਗਈ ਸੀ (ਰਚ ਦੀਨੋ ਖ਼ਾਲਸਾ ਜਗਤ ਕਉ ਦੈਨ ਸੰਥ)। ਬੜੇ ਥੋੜ੍ਹੇ ਹੀ ਹਨ, ਜੋ ਵੱਡੇ ਸੁਪਨਿਆਂ ਦੀ ਗੱਲ ਅਜੇ ਵੀ ਕਰਦੇ ਹਨ। ਸਿੱਖਾਂ ਨੇ ਸਾਰੀ ਮਨੁੱਖਤਾ ਦੀ ਅਗਵਾਈ ਕਰਨ ਲਈ ਵੱਡੇ ਸਭਿਆਚਾਰਕ ਇਨਕਲਾਬ ਦੀ ਅਗਵਾਈ ਕਰਨੀ ਹੈ। ਉਹ ਅਜਿਹਾ ਤਾਂ ਹੀ ਕਰ ਸਕਦੇ ਹਨ, ਜੇ ਪੂਰੀ ਤਰ੍ਹਾਂ ਸੁਚੇਤ ਹੋ ਕੇ ਖ਼ਾਲਸਾ ਪੰਥ ਵੱਲੋਂ ਨਿਸ਼ਚਿਤ ਕੀਤੇ ਗਏ ਰੂਹਾਨੀ ਜ਼ਾਬਤੇ, ਰਾਜਸੀ ਨਿਸ਼ਾਨਿਆਂ ਅਤੇ ਧਾਰਮਿਕ ਟੀਚਿਆਂ ਦੀ ਪਾਲਣਾ ਕਰਨ। ਉਹ ਭਾਰਤੀ 'ਸੈਕੁਲਰਿਜ਼ਮ' ਦੇ ਛਲੀਏ ਦੇਵਤੇ ਦੇ ਪਿਛਲੱਗ ਬਣ ਕੇ ਅਜਿਹਾ ਨਹੀਂ ਕਰ ਸਕਦੇ। ਇਹ ਯਾਦ ਰੱਖਣਾ ਪਵੇਗਾ ਕਿ ਇਹ 'ਸੈਕੁਲਰਿਜ਼ਮ' ਹੀ ਸੀ, ਜੋ ਦੋ ਸੰਸਾਰ ਯੁਧਾਂ ਲਈ, ਹੀਰੋਸ਼ੀਮਾ ਤੇ ਨਾਗਾਸਾਕੀ ਦੇ ਦੁਖਾਂਤ, ਨਾਜ਼ੀਆਂ ਵੱਲੋਂ ਆਪਣੇ ਹੀ ਇਕ ਕਰੋੜ ਦੇਸ਼ਵਾਸੀਆਂ ਦੇ ਕਤਲੇਆਮ ਅਤੇ ਸਟਾਲਿਨ ਵੱਲੋਂ 60 ਲੱਖ ਰੂਸੀਆਂ ਦੇ ਘਾਣ ਲਈ ਜ਼ਿੰਮੇਵਾਰ ਸੀ।

ਇਹ ਉਹ ਅਸਲ ਮੁੱਦੇ ਹਨ, ਜਿਨ੍ਹਾਂ ਦਾ ਸਾਹਮਣਾ ਅੱਜ-ਕੱਲ੍ਹ ਚੱਲ ਰਹੀ ਅਕਾਲੀ ਏਕਤਾ ਦੀ ਗੱਲਬਾਤ ਦੌਰਾਨ ਅਕਾਲੀ ਕਰ ਰਹੇ ਹਨ। ਸਿੱਖਾਂ ਨੂੰ ਹੱਕ ਪ੍ਰਾਪਤ ਹੈ ਕਿ ਉਹ ਅਕਾਲੀ ਆਗੂਆਂ ਤੋਂ ਇਸ ਗੱਲ ਦੀ ਆਸ ਰੱਖਣ ਕਿ ਉਹ ਇਨ੍ਹਾਂ ਦਾ ਢੁਕਵਾਂ ਉੱਤਰ ਦੇਣਗੇ ਅਤੇ ਆਪਣੀਆਂ ਮਹਾਨ ਰਵਾਇਤਾਂ, ਸਿੱਖੀ ਦੇ ਧਾਰਮਿਕ, ਰਾਜਸੀ ਨਿਸ਼ਾਨਿਆਂ ਪ੍ਰਤੀ ਗੰਭੀਰਤਾ ਅਤੇ ਜ਼ਿੰਮਵਾਰੀ ਦੀ ਭਾਵਨਾ ਵਿਖਾਉਣਗੇ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵੀ ਇਹ ਜ਼ਰੂਰੀ ਫ਼ਰਜ਼ ਬਣਦਾ ਹੈ ਕਿ ਉਹ ਵੇਖੇ ਕਿ ਸੈਕੁਲਰਿਜ਼ਮ ਦੇ ਲਹੂ-ਪੀਣੇ ਦੈਂਤ ਨੂੰ ਖ਼ੁਸ਼ ਕਰਨ ਦੀ ਕੋਈ ਕੋਸ਼ਿਸ਼ ਨਾ ਕੀਤੀ ਜਾਏ। ਇਸ ਦੇ ਪੰਜਿਆਂ 'ਚੋਂ ਹੁਣੇ ਹੁਣੇ ਰੂਸ ਬੱਚ ਕੇ ਨਿਕਲਿਆ ਹੈ ਅਤੇ ਆਉਂਦੀ ਸਦੀ ਵਿਚ ਬਾਕੀ ਦਾ ਸੰਸਾਰ ਵੀ ਬਚਣ ਦਾ ਜ਼ੋਰਦਾਰ ਯਤਨ ਕਰੇਗਾ। ਉਨ੍ਹਾਂ ਨੂੰ ਮੌਤ ਦੇ ਡਰੋਂ ਆਤਮ-ਹੱਤਿਆ ਨਹੀਂ ਕਰ ਲੈਣੀ ਚਾਹੀਦੀ।

•

ਅਕਾਲੀ ਸਿਆਸਤ ਦੇ ਮੁੱਢਲੇ ਦੁਖਾਂਤ ਦਾ ਹੱਲ*

13 ਅਕਤੂਬਰ, 1973 ਨੂੰ ਸ੍ਰੀ ਅਕਾਲ ਤਖ਼ਤ ਤੋਂ ਨੈਸ਼ਨਲ ਪ੍ਰੋਫ਼ੈਸਰ ਔਵ ਸਿੱਖਇਜ਼ਮ ਦੀ ਉਪਾਧੀ ਗ੍ਰਹਿਣ ਕਰਦੇ ਵਕਤ ਸਿਰਦਾਰ ਕਪੂਰ ਸਿੰਘ ਨੇ ਅਕਾਲੀ ਸਿੰਘਾਂ ਪ੍ਰਤੀ ਇਹ ਬਚਨ ਕਹੇ ਹਨ: "ਪੰਥ ਦੀ ਸੈਨਿਕ ਸ਼ਕਤੀ ਦੇ ਸਰਚਾਲਕ ਜੇ ਖ਼ਾਲਸਾ ਜੀ ਦੇ ਬੋਲ ਬਾਲੇ ਅਤੇ ਸੁਤੰਤਰ ਦੇਸ਼ ਕਾਲ ਵਿਚ ਸੀਮਿਤ, ਆਜ਼ਾਦ ਪੰਥ ਦੇ ਨਿਸ਼ਾਨੇ ਨੂੰ ਪਿੱਠ ਦੇ ਕੇ ਨਿਗੂਣੇ ਨਿਜੀ ਹਿੱਤਾਂ ਦੀ ਪ੍ਰਾਪਤੀ (ਝੰਡੀ ਵਾਲੀਆਂ ਕਾਰਾਂ) ਵਾਸਤੇ ਪੰਥ ਦੀ ਅਗਾਧ ਸ਼ਕਤੀ ਅਤੇ ਪੰਥ ਦੀ ਸਹੀ ਮੰਜ਼ਿਲ ਨੂੰ ਭ੍ਰਿਸ਼ਟ ਨਸ਼ਟ ਕਰਨ ਵਿਚ ਰੁੱਝੇ ਰਹਿਣਗੇ, ਤਦ ਉਹ ਇਥੇ ਉਥੇ ਦੋਹੀਂ ਜਹਾਨੀ ਖ਼ੁਆਰ ਹੀ ਹੋਣਗੇ, ਸਥਾਈ ਪ੍ਰਾਪਤੀ ਕੁਝ ਨਹੀਂ ਕਰ ਸਕਣਗੇ।" ਸਿਰਦਾਰ ਦੇ ਲਫ਼ਜ਼ ਰਣਜੀਤ ਸਿੰਘ ਦੇ ਸਮੇਂ ਦੇ ਸਿਖ ਇਤਿਹਾਸ ਦੇ ਰੋਲ-ਘਚੋਲੇ ਦਾ ਬੀਜ ਕਾਰਣ ਪ੍ਰਗਟ ਕਰਦੇ ਹਨ।

ਦਸਵੇਂ ਪਾਤਸ਼ਾਹ ਨੇ ਖ਼ਾਲਸਾ ਪੰਥ ਦੀ ਨੀਂਹ ਸੰਪੂਰਨ ਰਾਜਸੀ ਆਜ਼ਾਦੀ ਅਤੇ ਮੁਕੰਮਲ ਸ਼ਖ਼ਸੀ ਸਵੈ-ਨਿਰਭਰਤਾ ਉੱਤੇ ਰੱਖੀ ਸੀ। ਖ਼ਾਲਸਾ ਜਮਾਤ ਇਕ ਐਸਾ ਸਿਆਸੀ ਨਿਜ਼ਾਮ ਘੜਨ ਵਾਸਤੇ ਸਾਜੀ ਗਈ ਸੀ, ਜੋ ਸਭ ਦਾ ਸਾਂਝਾ ਹੋਵੇ ਅਤੇ ਜਿਸ ਵਿਚ ਹਰ ਮਨੁਖ ਆਪਣੇ ਅਕੀਦੇ ਅਨੁਸਾਰ ਬੇਖ਼ੌਫ਼ ਆਪਣੀ ਧਾਰਮਿਕ ਉੱਨਤੀ ਕਰ ਸਕੇ ਅਤੇ ਇਸ ਜਨ-ਸਮੂਹ ਨੂੰ ਕਿਸੇ ਦੂਜੇ ਜਨ-ਸਮੂਹ ਦਾ ਜੂਲਾ ਨਾ ਚੁੱਕਣਾ ਪਵੇ "ਪੈ ਕੋਇ ਨ ਕਿਸੈ ਰਞਾਣਦਾ"। ਲੋਕ ਭਾਖਾ ਵਿਚ ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ੀ ਸ਼ਖ਼ਸੀ ਆਜ਼ਾਦੀ ਦਾ ਬੋਲਾ 'ਹੰਨੇ ਹੰਨੇ ਮੀਰੀ' ਪ੍ਰਚੱਲਤ ਹੈ। ਭਾਈ ਰਤਨ ਸਿੰਘ ਭੰਗੂ ਏਸ ਪੱਖ ਦੀ ਵਿਆਖਿਆ ਕਰਦੇ ਫ਼ੁਰਮਾਉਂਦੇ ਹਨ: 'ਕਾਣ ਨਾ ਕਿਸਹੂ ਕੀ ਇਹ ਰਾਖਤ, ਸ਼ਹਿਨਸ਼ਾਹ ਖ਼ੁਦ ਹੀ ਕੋ ਭਾਖਤ।' ਉਪਰੋਕਤ ਸੰਕਲਪ ਸਿੱਖੀ ਤੇ ਸਿਆਸਤ ਸੰਬੰਧੀ ਮੁੱਢਲੇ ਸੰਕਲਪ ਤੋਂ ਘੜੇ ਗਏ ਹਨ, ਜਿਸ ਅਨੁਸਾਰ ਪਰਮਾਤਮਾ ਹੀ ਸੱਚਾ ਪਾਤਿਸ਼ਾਹ ਹੈ:

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥

ਇਨ੍ਹਾਂ ਸੰਕਲਪਾਂ ਦੀ ਸਥਾਨਿਕ ਭਾਵਨਾ ਇਹੋ ਹੈ ਕਿ ਕਿਸੇ ਵੀ ਨਿਜ਼ਾਮ ਵਿਚ ਰਹਿੰਦੇ ਹਰ ਜਨ-ਸਮੂਹ ਨੂੰ ਸਾਂਝੇ ਕਾਨੂੰਨਾਂ ਅਨੁਸਾਰ ਮੁਕੰਮਲ ਨਿਆਂ ਹਾਸਲ ਹੋ ਸਕੇ। ਕੇਵਲ ਉਹੋ ਰਾਜ ਬਣਤਰ ਸਿੱਖੀ ਨਿਯਮਾਂ ਅਨੁਸਾਰ ਸਮਝੀ ਜਾ ਸਕਦੀ ਹੈ, ਜਿਸ ਅਧੀਨ ਫ਼ਰਿਆਦੀ ਨੂੰ ਯਕੀਨ ਹੋਵੇ ਕਿ ਨਿਆਂਪਾਲਕਾ ਵਿਚ ਉਸ ਨੇ ਕਿਸੇ ਮਨੁੱਖ ਸਾਹਮਣੇ

* ਨਿਗੂਣੇ ਨਿਜੀ ਹਿੱਤਾਂ ਦੀ ਜਿਲ੍ਹਣ ਵਿਚ ਗਲ ਗਲ ਤਕ ਖੁੱਭੇ ਅਕਾਲੀ ਸਿਆਸਤਦਾਨ, ਜਿਵੇਂ ਆਪਣੀ ਅਤੇ ਕੌਮ ਦੀ ਹੋਣੀ ਦੀ ਤਬਾਹੀ ਦੇ ਬੀਜ ਨਿਰੰਤਰ ਬੀਜ ਰਹੇ ਹਨ, ਉਸ ਆਤਮਘਾਤੀ ਹੜ੍ਹ ਲਿਆਊ ਵਹਿਣ ਨੂੰ ਰੋਕਣ ਦੀ ਹਿਰਦੇ-ਵੇਧਕ ਫ਼ਰਿਆਦ ਗੁਰਤੇਜ ਸਿੰਘ ਨੇ ਇਸ ਲੇਖ ਵਿਚ ਕੀਤੀ ਹੈ।

ਲਿਲਕੜੀਆਂ ਨਹੀਂ ਕੱਢਣੀਆਂ, ਬਲਕਿ ਪਰਮ ਪੁਰਖ ਦੇ ਸੱਚੇ ਦਰਬਾਰ ਵਿਚ ਹਾਜ਼ਰ ਹੋ ਕੇ ਹੱਕ ਮੰਗਣਾ ਹੈ "ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ"।

ਸਾਹਿਬ ਨਾਨਕ ਦੇ ਨਿਰੂਪਣ ਕੀਤੇ ਉਪਰੋਕਤ ਰਾਜਸੀ ਸਿਧਾਂਤਾਂ ਨੇ ਨਿਤਾਣੇ, ਦੱਬੇ-ਕੁਚਲੇ ਲੋਕਾਂ ਵਿਚ ਅਥਾਹ ਸ਼ਕਤੀ ਭਰ ਦਿੱਤੀ ਸੀ। ਇਨ੍ਹਾਂ ਉੱਤੇ ਚੱਲਦਾ ਖ਼ਾਲਸਾ ਉੱਨੀਵੀਂ ਸਦੀ ਦੇ ਆਰੰਭ ਵਿਚ ਵੱਡੇ ਵੱਡੇ ਖੱਬੀਖ਼ਾਨਾ ਦੇ ਦੰਦ ਖੱਟੇ ਕਰ ਕੇ ਅਜਿਹੀ ਸ਼ਕਤੀ ਬਣ ਚੁੱਕਿਆ ਸੀ ਕਿ ਉਹ ਸਹਿਜੇ ਹੀ ਸਾਰੇ ਹਿੰਦੁਸਤਾਨ ਅਤੇ ਉਸ ਤੋਂ ਬਾਅਦ ਸਾਰੇ ਏਸ਼ੀਆ ਉੱਤੇ ਧਰਮ ਦਾ ਰਾਜ ਮੂਰਤੀਮਾਨ ਕਰਨ ਦੇ ਸਮਰੱਥ ਸੀ। ਮੁਗ਼ਲ ਸਾਮਰਾਜ ਦੀ ਹਿੱਕ ਉੱਤੇ ਨਿਸ਼ਾਨ ਸਾਹਿਬ ਗੱਡਿਆ ਜਾ ਚੁੱਕਾ ਸੀ ਅਤੇ ਅਗਲਾ ਇਤਿਹਾਸ ਦੱਸਦਾ ਹੈ ਕਿ ਉਹ ਅਫ਼ਗਾਨਿਸਤਾਨ, ਤਿੱਬਤ, ਚੀਨ, ਸਿੰਧ ਉੱਤੇ ਭਾਰੂ ਹੋਣ ਦੇ ਐਨ ਕਾਬਿਲ ਸੀ। ਪਰ ਵੇਖੋ ਰੰਗ ਕਰਤਾਰ ਦੇ ਕਿ ਜਦੋਂ ਫ਼ਸੀਲ ਨੂੰ ਹੱਥ ਪੈਣ ਹੀ ਵਾਲਾ ਸੀ, ਉਦੋਂ ਕਮੰਦ ਟੁੱਟ ਗਈ। ਖ਼ਾਲਸੇ ਦੇ ਅਵੇਸਲੇਪਣ ਕਾਰਣ ਅਥਾਹ ਲੋਕ ਸ਼ਕਤੀ ਦਾ ਅਰੁਕ ਵਹਿਣ ਇਕ ਲੋਭੀ ਮਨੁੱਖ (ਜਾਂ ਧਾੜਵੀ ਕਹੀਏ) ਦੀ ਸੌੜੀ ਸੋਚਣੀ ਦੇ ਘੜੇ ਦਾ ਸਮੁੰਦਰ ਬਣ ਕੇ ਰਹਿ ਗਿਆ।

19ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਹੀ ਇਕ ਕੌਤਕ ਵਾਪਰਿਆ। ਹੋਲਕਰ ਦੇ ਲਾਰਡ ਲੇਕ ਕੋਲੋਂ ਹਾਰ ਕੇ ਪੰਜਾਬ ਆਉਣ ਤਕ ਖ਼ਾਲਸਾ ਗੁਰੂ ਵੱਲੋਂ ਬਖ਼ਸ਼ੀ ਅਣਮੁੱਲੀ ਰਾਜਸੀ ਮਣੀ ਨੂੰ ਗੁਰਮਤੇ ਦੇ ਰੂਪ ਵਿਚ ਸਾਂਭ ਸਾਂਭ ਕੇ ਰੱਖਦਾ ਰਿਹਾ। ਅੰਗਰੇਜ਼ਾਂ ਅਤੇ ਹੋਲਕਰ ਪ੍ਰਤੀ ਵਤੀਰਾ ਗੁਰਮਤਾ ਕਰਕੇ ਹੀ ਨੀਯਤ ਕੀਤਾ ਗਿਆ। ਉਸ ਤੋਂ ਤੁਰੰਤ ਬਾਅਦ ਖ਼ਾਲਸੇ ਨੇ ਗੁਰਮਤੇ ਦੇ ਸਿਧਾਂਤ ਨੂੰ ਵਿਸਾਰ ਦਿੱਤਾ ਅਰਥਾਤ ਗੁਰੂ ਨੂੰ ਪਿੱਠ ਦੇ ਕੇ ਬੰਦਾ ਬਣ ਗਿਆ, ਇਸ ਦਾ ਸਿਆਸੀ ਰੁਝਾਨ ਇਕ ਪੁਰਖੀ ਪ੍ਰਭੂਸੱਤਾ ਵੱਲ ਹੋ ਗਿਆ। ਸ਼ੁਰੂ ਸ਼ੁਰੂ ਵਿਚ ਤਾਂ ਰਣਜੀਤ ਸਿੰਘ ਨੇ ਖ਼ਾਲਸੇ ਦੀ ਰੂਹ ਵਿੱਚੋਂ ਸਿਮਦੇ ਪ੍ਰਚੰਡ ਪ੍ਰਕਾਸ਼ ਤੋਂ ਡਰ ਕੇ ਆਜ਼ਾਦੀ ਦੇ ਸੰਕਲਪ ਦੇ ਕਲਬੂਤ ਨੂੰ ਆਨੇ-ਬਹਾਨੇ ਜਿਊਂਦਾ ਰੱਖਿਆ। ਉਹ ਗੱਦੀ ਉੱਤੇ ਨਾ ਬੈਠਾ ਅਤੇ ਆਪਣੇ ਆਪ ਨੂੰ ਖ਼ਾਲਸੇ ਦਾ ਸੇਵਾਦਾਰ ਅਖਵਾਉਂਦਾ ਰਿਹਾ। ਇਸ ਤੋਂ ਬਾਅਦ ਵਿਚ ਆਉਣ ਵਾਲਿਆਂ ਨੇ ਲੋਈ ਹੀ ਲਾਹ ਦਿੱਤੀ।

ਆਖ਼ਰ ਧਰਮੀ ਫ਼ੌਜੀਆਂ ਨੂੰ ਛੱਡ ਕੇ ਸਭ ਦੀਆਂ ਨਜ਼ਰਾਂ ਵਿਚ ਸਹੀ ਸਿਆਸੀ ਸੰਕਲਪ ਧੁੰਦਲੇ ਪੈ ਗਏ। ਸਮਾਂ ਆਉਣ ਉੱਤੇ ਕੇਵਲ ਖ਼ਾਲਸਾ ਫ਼ੌਜਾਂ ਹੀ ਇਨ੍ਹਾਂ ਸਰਬੋਤਮ ਸੰਕਲਪਾਂ ਦੀ ਰਾਖੀ ਦੇ ਕਾਬਿਲ ਰਹਿ ਗਈਆਂ। ਜੇ ਉਹ ਵੀ ਨਾ ਨਿੱਤਰਦੇ ਤਾਂ ਅਣਮੁੱਲਾ ਖ਼ਜ਼ਾਨਾ ਸਮੇਂ ਦੀ ਧੂੜ ਨੇ ਆਪਣੇ ਵਿਚ ਸਮਾ ਲੈਣਾ ਸੀ; ਉਹ ਇਨ੍ਹਾਂ ਦਾਤਾਂ ਦੀ ਸੰਭਾਲ ਲਈ ਮਰਦਾਂ ਵਾਂਗ ਉੱਡੇ। 'ਸ਼ਾਹ ਮੁਹੰਮਦਾ ਸਿਰਾਂ ਦੀ ਲਾਈ ਬਾਜ਼ੀ, ਨਹੀਂ ਮੋੜਦੇ ਸੂਰਮੇ ਅੰਗ ਮੀਆਂ।' ਇਨ੍ਹਾਂ ਨੇ ਗੁਰਮਤੇ ਦੀ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ। ਸਿੱਖੀ ਸਿਧਾਂਤਾਂ ਅਨੁਸਾਰ ਪੰਜ ਕੌਂਸਲੀਆਂ ਚੁਣ ਲਈਆਂ ਅਤੇ ਖ਼ਾਲਸਾ ਰਾਜ ਦੇ ਅਸਲੀ ਵਾਰਸ ਹੋਣ ਦਾ ਦਾਅਵਾ ਨਗਾਰੇ 'ਤੇ ਚੋਟ ਲਾ ਕੇ ਕਰ ਦਿੱਤਾ। ਇਨ੍ਹਾਂ ਨੇ ਵਜ਼ੀਰ ਜਵਾਹਰ ਸਿੰਘ, ਹੀਰਾ ਸਿੰਘ, ਪੰਡਿਤ ਜਲ੍ਹੇ ਆਦਿ ਨੂੰ ਸਜ਼ਾਏ ਮੌਤ ਦੇਣ ਦੇ ਅਧਿਕਾਰ ਗ੍ਰਹਿਣ ਕਰ ਲਏ। ਅੰਗਰੇਜ਼ ਝਟ ਪਛਾਣ ਗਏ ਕਿ ਖ਼ਾਲਸਾ ਪੰਚਾਇਤਾਂ ਦੀ ਲੋਕਰਾਜੀ ਬਣਤਰ ਦੇ ਸਾਹਮਣੇ ਬਰਤਾਨੀਆ ਦੀ ਰਾਜ ਵਿਵਸਥਾ ਗੁਫ਼ਾਵਾਂ ਵਿਚ ਰਹਿੰਦੇ ਬਣਮਾਣਸਾਂ ਦੇ ਕਬੀਲਿਆਂ ਦੇ ਪ੍ਰਬੰਧ ਤੋਂ ਵੱਧ ਕੁਝ ਵੀ ਨਹੀਂ ਸੀ। ਏਨੇ ਤੇਜਸਵੀ ਸੂਰਜ ਦੇ ਪ੍ਰਕਾਸ਼ ਦੇ ਹੁੰਦਿਆਂ ਬਰਤਾਨੀਆ ਦੇ ਨਿਗੂਣੇ ਦੀਵੇ ਦੀ ਲੋਅ ਪ੍ਰਭਾਵਹੀਨ ਅਤੇ ਬੇਲੋੜੀ ਸੀ। ਖ਼ਾਲਸਾ ਰਾਜ

ਉੱਤੇ ਤਿਰਛੀ ਨਜ਼ਰ ਲਾਈ ਬੈਠਾ ਕਾਰਲ ਮਾਰਕਸ ਲੋਕਤੰਤਰ ਦੇ ਪ੍ਰਚੰਡ ਪ੍ਰਕਾਸ਼ ਨੂੰ ਵੇਖ ਕੇ ਨਸ਼ਿਆ ਉਠਿਆ। ਇਸੇ ਕਾਰਣ ਸਭ ਕੁਝ ਅੱਖੀਂ ਵੇਖਦਾ ਸੂਹੀਆ ਮੇਜਰ ਬਰੌਡਫੁਟ ਧੁਰ ਅੰਦਰ ਤਕ ਕੰਬ ਗਿਆ। ਡਲਹੌਜ਼ੀ ਨੇ ਐਲਨਬਰੋ ਨੂੰ ਲਿਖਿਆ, "ਇਹ ਲੋਕਰਾਜੀ ਪ੍ਰਚਾਰ ਖ਼ਤਰਨਾਕ ਹੈ ਅਤੇ ਇਸ ਨੂੰ ਪਸਰਨ ਦੀ ਇਜਾਜ਼ਤ ਦੇਣਾ ਮੌਤ ਸਹੇੜਨਾ ਹੈ।"

ਅਫ਼ਸੋਸ ਕਿ ਰਾਜ ਭਾਗ ਉੱਤੇ ਕਾਬਿਲ ਗ਼ਦਾਰਾਂ ਨੇ ਖ਼ਾਲਸਾ ਫ਼ੌਜ ਦੀ ਇਕ ਨਾ ਚੱਲਣ ਦਿੱਤੀ ਅਤੇ ਪੰਜਾਬਣਾਂ ਨੂੰ ਡੂੰਘੇ ਲੰਮੇ ਵੈਣ ਪਾਉਣ ਵਾਸਤੇ ਮਜਬੂਰ ਹੋਣਾ ਪਿਆ, ਜੋ ਅੱਜ ਵੀ ਦੋਹਾਂ ਪੰਜਾਬਾਂ ਵਿਚ ਜਾਰੀ ਹਨ।

ਰਣਜੀਤ ਸਿੰਘ ਤੋਂ ਬਾਅਦ ਮਾਸਟਰ ਤਾਰਾ ਸਿੰਘ ਐਸਾ ਨੇਤਾ ਹੋਏ, ਜੋ ਸਿੱਖੀ ਦੀਆਂ ਲੋਕਰਾਜੀ ਕਦਰਾਂ-ਕੀਮਤਾਂ ਤੋਂ ਮੁਕੰਮਲ ਤੌਰ 'ਤੇ ਜਾਣੂ ਸਨ। ਕੌਮ ਦੇ ਨਾਂ ਆਪਣੇ ਸੰਦੇਸ਼ ਵਿਚ ਉਨ੍ਹਾਂ ਲਿਖਿਆ ਸੀ ਕਿ ਉਹ *ਪ੍ਰਾਚੀਨ ਪੰਥ ਪ੍ਰਕਾਸ਼* ਦੀ ਕਥਾ ਬਚਪਨ ਵਿਚ ਪਿੰਡ ਦੇ ਗੁਰਦੁਆਰੇ ਤੋਂ ਸੁਣ ਕੇ ਸਿੱਖੀ ਦੇ ਧਾਰਮਿਕ ਅਤੇ ਸਿਆਸੀ ਵਿਚਾਰਾਂ ਵੱਲ ਪ੍ਰੇਰੇ ਗਏ ਸਨ। ਇਸੇ ਕਾਰਣ ਇਹ ਪੰਜਾਬ ਦੇ ਸਾਂਝੇ ਨੇਤਾ ਬਣ ਕੇ ਉਭਰੇ ਅਤੇ ਰਣਜੀਤ ਸਿੰਘ ਵਾਂਗ ਤਕਰੀਬਨ ਅੱਧੀ ਸਦੀ ਪੰਜਾਬ ਦੇ ਸਿਆਸੀ ਜੀਵਨ ਉੱਤੇ ਛਾਏ ਰਹੇ। ਸ਼ੱਕ ਨਹੀਂ ਕਿ ਇਨ੍ਹਾਂ ਨੇ ਜ਼ਾਤੀ ਗ਼ਰਜ਼ਾਂ ਨੂੰ ਲਾਂਭੇ ਰੱਖ ਕੇ ਲੋਕ ਹਿੱਤਾਂ ਲਈ ਹਾਅ ਦਾ ਨਾਅਰਾ ਮਾਰਿਆ। ਪਰੰਤੂ ਮਗਰੋਂ ਉਨ੍ਹਾਂ ਵੀ ਲੋਕਾਂ ਤੋਂ ਫ਼ਰੇਬ ਨਾਲ ਖੋਹੀ ਉਨ੍ਹਾਂ ਦੀ ਰਾਜਸੀ ਸ਼ਕਤੀ ਲੋਕਾਂ ਨੂੰ ਵਾਪਸ ਮੋੜਨ ਲਈ ਉੱਕਾ ਕੋਸ਼ਿਸ਼ ਨਹੀਂ ਕੀਤੀ। ਅਲਬੱਤਾ ਉਨ੍ਹਾਂ ਵੀ ਵਾਹਿਦ ਲੀਡਰ ਦੇ ਸੰਕਲਪ ਨੂੰ ਉਭਾਰਿਆ ਅਤੇ ਆਪਣੇ ਦਲ ਦੀ ਬਾਹਰੀ ਦਿੱਖ ਐਸੀ ਰੱਖੀ ਕਿ ਲੋਕਾਂ ਨੂੰ ਜਨ-ਸਮੂਹ ਦੇ ਕਾਬਜ਼ ਹੋਣ ਦੇ ਭੁਲੇਖੇ ਪੈਂਦੇ ਰਹਿਣ। ਉਹ ਬਾਕਾਇਦਾ ਜਥੇਬੰਦਕ ਚੋਣਾਂ ਕਰਵਾਉਂਦੇ ਰਹੇ, ਸਾਲਾਨਾ ਸਰਬ ਹਿੰਦ ਅਕਾਲੀ ਕਾਨਫ਼ਰੰਸਾਂ ਕਰ ਕੇ ਲੋਕ ਰਾਇ ਨਿਤਾਰਦੇ ਰਹੇ ਅਤੇ ਹਰ ਵਰਗ ਦੇ ਲੋਕਾਂ ਨੂੰ ਨੁਮਾਇੰਦਗੀ ਦਿੰਦੇ ਰਹੇ।

ਉਨ੍ਹਾਂ ਤੋਂ ਬਾਅਦ ਤਾਂ ਆਵਾ ਹੀ ਊਤ ਗਿਆ। ਅੱਜ ਹਾਲਤ ਇਹ ਹੈ ਕਿ ਚੋਣ ਕਮਿਸ਼ਨ ਕੋਲ ਰਜਿਸਟਰ ਕੀਤੇ ਅਕਾਲੀ ਦਲਾਂ ਵਿਚ ਹਨ: ਅਕਾਲੀ ਦਲ (ਬਾਬਾ ਜੋਗਿੰਦਰ ਸਿੰਘ), ਅਕਾਲੀ ਦਲ (ਮਾਨ), ਅਕਾਲੀ ਦਲ (ਬਾਦਲ), ਅਕਾਲੀ ਦਲ (ਲੌਂਗੋਵਾਲ), ਅਕਾਲੀ ਦਲ (ਤਾਰਾ ਸਿੰਘ), ਅਕਾਲੀ ਦਲ (ਫੇਰੂਮਾਨ); ਅਕਾਲੀ ਦਲ (ਤਲਵੰਡੀ) ਵੀ ਕਿਸੇ ਨਾ ਕਿਸੇ ਸ਼ਕਲ ਵਿਚ ਕਾਇਮ ਹੈ, ਯਾਨੀ ਕਿ ਇਕ ਪੁਰਖੀ ਪ੍ਰਭਾਵ ਰਹਿਤ ਸ਼੍ਰੋਮਣੀ ਅਕਾਲੀ ਦਲ ਇਕ ਵੀ ਨਹੀਂ। ਸਾਰੇ ਦਲਾਂ ਦਾ ਸਾਂਝਾ ਬੱਜਰ ਔਗੁਣ ਇਹ ਹੈ ਕਿ ਸਾਰਿਆਂ ਦੇ ਸਭ ਅਹੁਦੇਦਾਰ, ਵਰਕਿੰਗ ਕਮੇਟੀਆਂ ਦੇ ਮੈਂਬਰ, ਜ਼ਿਲ੍ਹਾ ਜਥੇਦਾਰ ਸਭ ਦੇ ਸਭ 'ਅਲਫ਼' ਤੋਂ ਲੈ ਕੇ 'ਯੇ' ਤਕ ਇਕ ਵਾਢਿਉਂ ਨਾਮਜ਼ਦ ਕੀਤੇ ਹੋਏ ਹਨ। ਕਿਸੇ ਦਲ ਦੀ ਭਰਤੀ ਨਹੀਂ, ਕਿਸੇ ਦਾ ਜਨਰਲ ਹਾਊਸ ਕਾਇਮ ਨਹੀਂ ਅਤੇ ਕਿਸੇ ਦਾ ਕੋਈ ਅਹੁਦੇਦਾਰ ਨਹੀਂ ਕਹਿ ਸਕਦਾ ਕਿ ਉਹ ਕਿਸੇ ਸੱਤਾ ਦੇ ਦਲਾਲ ਦੇ ਰਹਿਮੋ-ਕਰਮ ਉੱਤੇ ਮੁਕੰਮਲ ਤੌਰ 'ਤੇ ਨਿਰਭਰ ਨਹੀਂ। ਅੰਤਮ ਰੂਪ ਵਿਚ ਕਿਸੇ ਵੀ ਅਕਾਲੀ ਦਲ ਦੀ ਕੋਈ ਅਹਿਮ ਨੀਤੀ ਐਸੀ ਨਹੀਂ, ਜਿਸ ਨੂੰ ਕਿਸੇ ਇਕ ਸ਼ਖ਼ਸ ਤੋਂ ਸਿਵਾਏ ਕਿਸੇ ਦੂਸਰੇ ਨੇ ਨੀਯਤ ਕੀਤਾ ਹੋਵੇ। ਲੋਕਰਾਜ ਦੇ ਜਿਸ ਸਿਧਾਂਤ ਉੱਤੇ ਖ਼ਾਲਸੇ ਦੇ ਸਿਆਸੀ ਮਨਸੂਬੇ ਅਤੇ ਮਹਾਂ ਸੁਖਦ ਸੁਪਨੇ ਕਾਇਮ ਸਨ, ਉਨ੍ਹਾਂ ਸਭ ਦੀ ਪ੍ਰਮੁੱਖ ਸਿਆਸੀ ਜਥੇਬੰਦੀਆਂ ਵਿਚ ਉੱਕਾ ਅਣਹੋਂਦ ਹੈ। ਇਸ ਗਿਰਾਵਟ ਦੀ ਡੂੰਘਾਈ ਨੂੰ ਘੋਖੀਏ ਪਰਖੀਏ ਤਾਂ ਇਸ ਵਿਚ ਪੰਜਾਬ ਦੀ ਮੌਜੂਦਾ ਤ੍ਰਾਸਦੀ ਦੀਆਂ ਜੜ੍ਹਾਂ ਨਿਸ਼ਚੇ ਹੀ ਲੱਭ ਜਾਣਗੀਆਂ।

ਹਵਾਈ ਮਹੱਲ ਵਾਂਗ ਬੇ-ਬੁਨਿਆਦ ਲੀਡਰਸ਼ਿਪ ਲੋਕਾਂ ਵਿਚ ਆਪਣਾ ਵਿਸ਼ਵਾਸ ਬਣਾ ਸਕਣ ਤੋਂ ਬਿਲਕੁਲ ਅਸਮਰੱਥ ਹੈ। ਕਿਉਂਕਿ ਕੌਮ ਦੀ ਕਿਸਮਤ ਦੇ ਆਖ਼ਰੀ ਫ਼ੈਸਲੇ ਚੰਦ ਕੁ ਸ਼ਖ਼ਸਾਂ ਨੇ ਕਰਨੇ ਹੁੰਦੇ ਹਨ, ਇਸ ਲਈ ਨਾ ਤਾਂ ਉਹ ਲੋਕ-ਫ਼ੈਸਲੇ ਅਖਵਾ ਸਕਦੇ ਹਨ ਅਤੇ ਨਾ ਹੀ ਇਸ ਯਕੀਨ ਅਧੀਨ ਕੀਤੇ ਜਾ ਸਕਦੇ ਹਨ ਕਿ ਲੋਕ ਗੱਜ ਵੱਜ ਕੇ ਪ੍ਰਵਾਨ ਕਰ ਲੈਣਗੇ। ਇਸੇ ਕਾਰਣ ਹਰ ਨੇਤਾ ਫ਼ੈਸਲੇ ਟਾਲਣ ਅਤੇ ਪੰਜਾਬ ਦੀ ਤ੍ਰਾਸਦੀ ਨੂੰ ਲਮਕਾਈ ਰੱਖਣ ਲਈ ਆਪਣੇ ਆਪ ਨੂੰ ਮਜਬੂਰ ਸਮਝਦਾ ਹੈ। ਪਿਛਲੇ ਸਾਲਾਂ ਵਿਚ ਕੁਝ ਫ਼ੈਸਲੇ ਐਸੇ ਵੀ ਹੋਏ ਹਨ, ਜਿਨ੍ਹਾਂ ਨੂੰ ਪੰਜਾਬ ਲਈ ਘਾਤਕ ਅਤੇ ਯਕੀਨਨ ਬੇਈਮਾਨੀ ਤੋਂ ਪ੍ਰੇਰਿਤ ਸਾਬਤ ਕੀਤਾ ਜਾ ਸਕਦਾ ਹੈ। ਖਾੜਕੂ ਰਾਜਨੀਤੀ ਦਾ ਲੁਕਵਾਂ ਦੁਖਾਂਤ ਅਤੇ ਚੋਣ ਵਿਰੋਧੀ ਸੰਕਲਪ ਦਾ ਧੁਰਾ ਵੀ ਇਹੋ ਹੈ; ਉਹ ਸਮਝਦੇ ਹਨ ਕਿ ਮੌਜੂਦਾ ਹਾਲਤਾਂ ਵਿਚ ਚੁਣ ਕੇ ਆਇਆ ਕੋਈ ਵੀ ਆਦਮੀ ਬੇਈਮਾਨੀ ਤਕ ਅਪੜਦੀ ਸਿਆਸੀ ਤਿਕੜਮਬਾਜ਼ੀ ਤੋਂ ਨਿਰਲੇਪ ਨਹੀਂ ਰਹਿ ਸਕਦਾ। ਜਿੰਨੀ ਦੇਰ ਤਕ ਇਕ ਪੁਰਖੀ ਪ੍ਰਣਾਲੀ (ਸਰਬ ਵਾਹਦ ਲੀਡਰ ਦਾ ਸੰਕਲਪ) ਕਾਇਮ ਰਹੇਗੀ ਅਤੇ ਸਿਖ ਸਿਆਸਤ ਗੁਰਮਤੇ ਦੇ ਸਿਧਾਂਤ ਤੋਂ ਥਿੜਕੀ ਰਹੇਗੀ, ਪੰਜਾਬ ਉੱਤੇ ਵਰਤ ਰਹੇ ਕਹਿਰ ਨੂੰ ਘੱਟ ਵੀ ਨਹੀਂ ਕੀਤਾ ਜਾ ਸਕਦਾ।

ਖ਼ੁਸ਼ਕਿਸਮਤੀ ਨਾਲ ਪੰਜਾਬ ਦੀ ਮਾਨਸਿਕਤਾ ਅੱਜ ਅਜਿਹੇ ਮੋੜ [illegible] ਹੈ ਕਿ ਵਾਜਬ ਕੋਸ਼ਿਸ਼ ਨਾਲ ਗੱਡੀ ਲੀਹ ਉੱਤੇ ਲਿਆਂਦੀ ਜਾ ਸਕਦੀ ਹੈ। ਅਣਗਿਣਤ ਸ਼ਹੀਦੀਆਂ ਨੂੰ ਤਾਕਤ ਵਿਚ ਤਬਦੀਲ ਕਰਨ ਦੀ ਸਿਆਸੀ ਜ਼ਰੂਰਤ ਨੂੰ ਖਾੜਕੂ ਵੀ ਸ਼ਿਦਤ ਨਾਲ ਮਹਿਸੂਸ ਕਰਦੇ ਜਾਪਦੇ ਹਨ। ਕੋਈ ਸਿਆਸੀ ਨੇਤਾ ਨਹੀਂ, ਜਿਸ ਉੱਤੇ ਲੋਕ ਸ਼ਕਤੀ ਨੂੰ ਨਾਜਾਇਜ਼ ਕਬਜ਼ੇ ਵਿਚ ਰੱਖਣ ਦਾ ਇਲਜ਼ਾਮ ਨਾ ਲੱਗਦਾ ਹੋਵੇ। ਇਸ ਤੋਂ ਵੱਧ ਕੇ ਕੋਈ ਐਸਾ ਨਹੀਂ, ਜਿਸ ਨੇ ਲੋਕਾਂ ਤੋਂ ਰਾਜਸੀ ਸ਼ਕਤੀ ਪ੍ਰਾਪਤ ਕਰ ਕੇ ਉਨ੍ਹਾਂ ਦੀ ਹੋਣੀ ਨੂੰ ਕੋਈ ਸੁਖਾਵਾਂ ਮੋੜ ਦਿੱਤਾ ਹੋਵੇ। ਹਾਲ ਦੀ ਘੜੀ ਕੋਈ ਐਸਾ ਨਹੀਂ ਦਿੱਸਦਾ, ਜੋ ਇਸ ਸੁਭਾਗ ਰਾਹ ਉੱਤੇ ਤੁਰਨ ਦਾ ਚਾਹਵਾਨ ਹੋਵੇ। ਕਈਆਂ ਨੂੰ ਜ਼ਿੰਮੇਵਾਰੀ ਦੀ ਘਾਟ ਨੇ ਘੇਰਿਆ ਹੋਇਆ ਹੈ ਅਤੇ ਕਈ ਦੂਜਿਆਂ ਨੂੰ ਹਉਮੈ ਦੇ ਉਭਾਰ ਨੇ। ਵਾਹ ਵਾਹ ਦੀ ਘੂਕਰ ਨੇ ਕਈਆਂ ਨੂੰ ਲੋਰੀ ਦੇ ਕੇ ਗ਼ਫ਼ਲਤ ਦੀ ਨੀਂਦ ਸੁਆਇਆ ਹੋਇਆ ਹੈ। ਲੋਕ ਮਨਾਂ 'ਤੇ ਮੋਮੋ-ਠਗਣੇ ਲੀਡਰਾਂ ਦਾ ਮੁਲੰਮਾ ਲਹਿ ਚੁੱਕਾ ਹੈ। ਪੰਜਾਬ ਦਾ ਖ਼ੂਨ ਵਗ ਰਿਹਾ ਹੈ। ਮਾਵਾਂ ਦੀਆਂ ਗੋਦੀਆਂ ਸੱਖਣੀਆਂ ਹੋ ਰਹੀਆਂ ਹਨ। ਘਰ ਘਰ ਸੱਥਰ ਵਿੱਛ ਰਹੇ ਹਨ ਅਤੇ ਕਿਆਮਤ ਤੋਂ ਉਰ੍ਹੇ ਇਸ ਭਿਆਨਕ ਸਿਲਸਿਲੇ ਦਾ ਅੰਤ ਵੀ ਨਜ਼ਰ ਨਹੀਂ ਆਉਂਦਾ।

ਪਰ ਇਮਾਨਦਾਰ ਅਤੇ ਸਮੇਂ ਦੇ ਹਾਣ ਦੇ ਆਗੂਆਂ ਲਈ ਇਹ ਮੌਕਾ ਢੁੱਕਵਾਂ ਵੀ ਹੈ। ਪੰਜਾਬ ਦੇ ਅਥਾਹ ਦਰਦ ਨੂੰ ਸਮਝਣ ਵਾਲਾ ਕੋਈ ਇਕ ਸੱਜਣ ਇਹ ਬੀੜਾ ਚੁੱਕ ਲਵੇ ਕਿ ਉਸ ਨੇ ਧਾੜਵੀਆਂ ਰਾਹੀਂ ਲੁੱਟੀ ਲੋਕਾਂ ਦੀ ਸ਼ਕਤੀ ਨੂੰ ਮੋੜ ਕੇ ਲੋਕਾਂ ਦੇ ਘਰ ਪੁਚਾਉਣਾ ਹੈ, ਜਿਵੇਂ ਕਿ ਖ਼ਾਲਸਾ ਅਬਦਾਲੀ ਵੇਲੇ ਢੱਕਾਂ ਮੋੜਦਾ ਰਿਹਾ ਹੈ। ਕੋਈ ਪਰਉਪਕਾਰੀ ਉਠੇ ਅਤੇ "ਅੰਧੀ ਰਯਤਿ ਗਿਆਨ ਵਿਹੂਣੀ" ਦੇ ਹੱਥ ਉਹ ਬ੍ਰਹਮ-ਅਸਤਰ ਮੋੜ ਕੇ ਦੇ ਦੇਵੇ, ਜਿਹੜਾ ਤਕਰੀਬਨ ਦੋ ਸਦੀਆਂ ਦੀ ਸੰਗਦਿਲ ਸਿਆਸਤ ਨੇ ਇਹਨਾਂ ਤੋਂ ਖੋਹਿਆ ਹੈ। ਇਹ ਕੰਮ ਕੋਈ ਬੇਗ਼ਰਜ਼ ਹੀ ਕਰ ਸਕਦਾ ਹੈ ਅਤੇ ਖ਼ੁਸ਼-ਕਿਸਮਤੀ ਨਾਲ ਸਰਬੰਸਦਾਨੀ ਦੇ ਪੰਥ ਵਿਚ ਨੀਲੇ ਦੀ ਟਾਪ ਨੂੰ ਸੁਣਨ ਲਈ ਉਤਾਵਲੇ ਬਹੁਤ ਹਨ।

ਸਿੱਖੀ ਦੀ ਅਣਖ ਨੂੰ ਬਹਾਲ ਕਰਨ ਲਈ ਅਤੇ ਪੰਜਾਬ ਦੇ ਹੱਕਾਂ ਉੱਤੇ ਡੱਟ ਕੇ ਪਹਿਰਾ ਦੇਣ ਵਾਲੇ ਉਭਾਰਨ ਲਈ ਕਿਹੜਾ ਹੈ, ਜਿਹੜਾ ਸੰਸਾਰ ਦੇ ਕੁਝ ਬੇਲੋੜੇ ਸੁਖਾਂ ਦਾ ਤਿਆਗ ਨਾ ਕਰ ਸਕੇ ? ਜੇ ਉਹਨਾਂ ਨੂੰ ਸਿਧਾਂਤ ਦੀ ਸੋਝੀ ਪੈ ਜਾਵੇ ਤਾਂ ਸ਼ਾਇਦ ਅਨੇਕ ਖਾੜਕੂ ਵੀ ਇਸ ਪਵਿੱਤਰ ਕੰਮ ਲਈ ਨਿੱਤਰ ਪੈਣ।

ਹਾਲਾਂਕਿ ਮਾਊਂਟ ਆਬੂ ਉੱਤੇ ਘਾਹ ਫੂਸ ਤੋਂ ਅਗਨੀਕੁਲ ਪੈਦਾ ਕਰਨ ਵਾਂਗ ਕਠਿਨ ਜਾਪਦਾ ਹੈ, ਪਰ ਅਸਲ ਵਿਚ ਇਹ ਕੰਮ ਹੈ ਬਹੁਤ ਸੌਖਾ। ਪਿੰਡ ਪਿੰਡ ਇਹ ਸੰਦੇਸ਼ ਪਹੁੰਚਾਇਆ ਜਾਵੇ ਕਿ ਐਤਕੀਂ ਕਿਸੇ ਵਿਚੋਲੇ ਦੀ ਨਹੀਂ ਸੁਣਨੀ ਅਤੇ ਆਪਣੇ ਹੱਥੀਂ ਆਪੇ ਕਾਜ ਸਵਾਰਨਾ ਹੈ। ਸਾਰੇ ਪਿੰਡ ਘੱਟੋ ਘੱਟ ਬਹੁ-ਸੰਮਤੀ ਨਾਲ ਪੰਜ ਪੰਜ ਨੁਮਾਇੰਦੇ ਚੁਣ ਲੈਣ। ਇਹ ਸਾਰੇ ਨੁਮਾਇੰਦੇ ਬੰਨ੍ਹੇ ਸਮੇਂ ਮੁਤਾਬਿਕ ਹਲਕੇਵਾਰ ਇਕੱਠੇ ਹੋ ਕੇ ਲੋਕਾਂ ਵੱਲੋਂ ਸੁਝਾਏ ਦਸ ਪੰਦਰਾਂ ਨਾਵਾਂ ਉੱਤੇ ਵੋਟਾਂ ਪਾਉਣ ਅਤੇ ਇਉਂ ਅੱਠ ਦਸ ਵਾਰੀ ਵੋਟਾਂ ਪਾਉਣ ਅਤੇ ਅਖ਼ੀਰਲੇ ਨੂੰ ਛੱਡਦੇ ਜਾਣ ਨਾਲ ਕਪੜ-ਛਾਣ ਕੀਤਾ ਸੱਚਾ ਸੁੱਚਾ ਨੁਮਾਇੰਦਾ ਨਿਕਲ ਕੇ ਆ ਜਾਵੇਗਾ, ਉਸ ਨੂੰ 'ਸ਼੍ਰੋਮਣੀ ਅਕਾਲੀ ਦਲ' ਦੀ ਟਿਕਟ ਉੱਤੇ ਖੜਾ ਕਰ ਦਿੱਤਾ ਜਾਵੇ। ਉਸ ਦੀ ਚੋਣ ਵਿਚ ਭਰਪੂਰ ਮਦਦ ਕੀਤੀ ਜਾਵੇ। ਇਸੇ ਛਾਣਨੀ ਰਾਹੀਂ ਰਹਿੰਦੀਆਂ ਸਰਕਾਰੀ ਸੰਸਥਾਵਾਂ ਦੇ ਚੇਅਰਮੈਨ ਲੋਕ ਖ਼ੁਦ ਚੁਣ ਲੈਣ। ਇਉਂ ਚੁਣੇ ਲੋਕ ਭਾਵਨਾਵਾਂ ਨਾਲ ਇੰਨ ਬਿੰਨ ਜੁੜੇ ਹੋਣਗੇ, ਲੋਕਾਂ ਦੇ ਦੁਖ ਜਾਣਨਗੇ, ਬੇਈਮਾਨੀ ਨਹੀਂ ਕਰਨਗੇ, ਕਿਉਂਕਿ ਉਨ੍ਹਾਂ ਕਿਸੇ ਵਾਹਦ ਨੇਤਾ ਦੀ ਥਾਂ ਇਲਾਕੇ ਦੀ ਸੰਗਤ ਨੂੰ ਖ਼ੁਸ਼ ਰੱਖਣਾ ਹੋਵੇਗਾ, ਵਿਕਣਗੇ ਨਹੀਂ, ਡੋਲਣਗੇ ਵੀ ਨਹੀਂ; ਸਾਰੇ ਜੋ ਨਾਲ ਹੋਵਾਂਗੇ।

ਜੇ ਮੇਰੀ ਕੋਈ ਸੁਣਦਾ ਹੋਵੇ ਤਾਂ ਮੈਂ ਗਲ ਪੱਲਾ ਪਾ ਕੇ ਤਖ਼ਤਾਂ 'ਤੇ ਫ਼ਰਿਆਦ ਕਰਾਂ ਕਿ ਅਜਿਹਾ ਕਰਨ ਲਈ ਬਲਦੀ ਦੇ ਬੂਥੇ ਪਏ ਪੰਜਾਬ ਉੱਤੇ ਕੋਈ ਹੁਕਮਨਾਮਾ ਛਿੜਕੋ। ਮੈਂ ਖਾੜਕੂਆਂ ਨੂੰ ਬੇਨਤੀ ਕਰਾਂ ਕਿ ਜਿਨ੍ਹਾਂ ਲੋਕ ਹੱਕਾਂ ਲਈ ਤੁਸੀਂ ਲੜ ਰਹੇ ਹੋ, ਉਨ੍ਹਾਂ ਵਿੱਚੋਂ ਇਕ ਅਹਿਮ ਸਿਆਸੀ ਹੱਕ (ਕੌਸਤੱਭ ਮਣੀ) ਤੁਸੀਂ ਉਹਨਾਂ ਨੂੰ ਵਾਹਦ ਲੀਡਰ ਦੇ ਬੰਜਰ ਸੰਕਲਪ ਤੋਂ ਮੁਕਤੀ ਦੁਆ ਕੇ ਦੇ ਸਕਦੇ ਹੋ। ਕਿਸਾਨ ਯੂਨੀਅਨ ਨੂੰ ਆਖਾਂ ਕਿ ਇਸ ਦਾਨਸ਼ਮੰਦੀ ਦਾ ਬੀ ਪਾਉ, ਬੋਹਲ ਭਾਰੇ ਲੱਗਣਗੇ। ਬੁੱਧੀਜੀਵੀਆਂ, ਮਨੁੱਖੀ ਅਧਿਕਾਰ ਵਾਲਿਆਂ ਨੂੰ ਵਾਸਤਾ ਪਾਵਾਂ ਕਿ ਪੰਜਾਬ ਦੀ ਵਾਗਡੋਰ ਮਿੱਟੀ ਦੇ ਜੰਮਿਆਂ ਦੇ ਹੱਥ ਦੇਣ ਦੀ ਸਹਾਇਤਾ ਕਰੋ। ਵਿਦਿਆਰਥੀ ਸੰਘਾਂ ਨੂੰ ਆਖਾਂ ਕਿ ਆਪਣੇ ਜ਼ਖ਼ਮਾਂ ਉੱਤੇ ਆਪ ਫਹੇ ਰੱਖੋ, ਪਰ ਸਭ ਤੋਂ ਵੱਧ ਉੱਚੀ ਆਵਾਜ਼ ਵਿਚ ਸਿਆਸੀ ਪਾਰਟੀਆਂ ਦੇ ਕੁਰਸੀਆਂ ਪਿੱਛੇ ਤਰਲੇ ਲੈਂਦੇ, ਲਾਲਾਂ ਸੁੱਟਦੇ ਨੇਤਾਵਾਂ ਨੂੰ, ਕਲਗ਼ੀ ਵਾਲੇ ਦਾ ਵਾਸਤਾ ਪਾਵਾਂ ਕਿ ਪੰਜਾਬ ਉੱਤੇ ਤਰਸ ਖਾ ਕੇ ਕੁਝ ਕੁ ਸਾਲ ਬਿਨਾਂ ਗੱਦੀ ਤੋਂ ਸਾਰ ਲਵੋ। ਅੱਜ ਬਾਬਾ ਰਾਮ ਸਿੰਘ ਜਿਹਾ ਅਵਤਾਰਾਂ ਦੀ ਧਰਤੀ ਤੋਂ ਕੋਈ ਮਰਦ ਕਾ ਚੇਲਾ ਜ਼ਰੂਰ ਉਠੇਗਾ, ਜੋ ਇਸ ਹੂਕ ਨੂੰ ਸੁਣ ਕੇ ਕੰਨੀਂ ਬੁੱਜੇ ਨਹੀਂ ਦੇਵੇਗਾ :

ਕਬ ਤਕਾਜ਼ਾ ਹੈ ਫ਼ਕਤ ਮੇਰੇ ਦਿਲੇ ਸਰਸ਼ਾਰ ਕਾ,
ਮੁੰਤਜ਼ਿਰ ਹੈ ਇਕ ਜ਼ਮਾਨਾ ਸੁਬਹ ਪੁਰ-ਅਨਵਾਰ ਕਾ।
ਆ ਰਹਾ ਹੈ ਬਹਾਰੋਂ ਕਾ ਮੌਸਮ ਭੀ ਕਰੀਬ,
ਗੁੰਚਾ ਗੁੰਚਾ ਹੰਸ ਪੜੇਗਾ ਜਬ ਮੇਰੇ ਗੁਲਜ਼ਾਰ ਕਾ।

•

ਸ਼੍ਰੋਮਣੀ ਅਕਾਲੀ ਦਲ ਦੇ ਪੰਝੱਤਰ ਸਾਲ*

ਰਾਜਾ ਰਾਮ ਮੋਹਨ ਰਾਏ (1772-1833) ਪਹਿਲਾ ਵਿਅਕਤੀ ਸੀ, ਜਿਸ ਨੇ ਮਹਿਸੂਸ ਕੀਤਾ ਕਿ ਹਿੰਦੂ ਧਰਮ ਦੀ ਉਸ ਸਮੇਂ ਜੋ ਹਾਲਤ ਸੀ, ਉਸ ਵਿਚ ਹਿੰਦੂ ਕਦੇ ਵੀ ਰਾਜਸੀ ਤੌਰ 'ਤੇ ਪ੍ਰਭਾਵਸ਼ਾਲੀ ਨਹੀਂ ਬਣ ਸਕਣਗੇ। ਜਦ ਤਕ ਹਿੰਦੂ ਮੱਤ ਵਿਚ ਵਿਆਪਕ ਸੁਧਾਰ ਨਹੀਂ ਕੀਤੇ ਜਾਂਦੇ, ਹਿੰਦੁਸਤਾਨ ਇਕ ਵਿਦੇਸ਼ੀ ਕੰਪਨੀ ਦੀ ਸਦੀਵੀ ਗ਼ੁਲਾਮੀ ਵਿਚ ਜਕੜਿਆ ਰਹੇਗਾ। ਉਸ ਦੀ ਨਜ਼ਰ ਵਿਚ ਕੱਟੜਪੁਣਾ, ਬੁੱਤ ਪੂਜਾ, ਜਾਤ-ਪਾਤ ਦੀ ਲਾਹਨਤ ਅਤੇ ਫ਼ਜ਼ੂਲ ਦੀਆਂ ਰੀਤਾਂ ਰਸਮਾਂ ਕੁਝ ਕੁ ਅਜਿਹੀਆਂ ਰੁਕਾਵਟਾਂ ਸਨ, ਜਿਨ੍ਹਾਂ ਨੂੰ ਦੂਰ ਕਰਨਾ ਪਵੇਗਾ ਤੇ ਬ੍ਰਹਮੋ ਸਮਾਜ ਨੂੰ ਭਾਰਤ ਦਾ ਧਰਮ ਬਣਾਉਣਾ ਪਵੇਗਾ। ਬ੍ਰਹਮੋ ਸਮਾਜ, ਹਿੰਦੂ ਧਰਮ ਹੀ ਸੀ, ਜਿਸ ਵਿੱਚੋਂ ਉਹ ਸਾਰੀਆਂ ਬੁਰਾਈਆਂ ਕੱਢ ਦਿੱਤੀਆਂ ਗਈਆਂ ਸਨ, ਜੋ ਰਾਜਾ ਰਾਮ ਮੋਹਨ ਰਾਏ ਨੇ ਅਨੁਭਵ ਕੀਤੀਆਂ ਸਨ। ਉਸ ਦੇ ਕਹਿਣ ਮੁਤਾਬਿਕ, ਜੇ ਹਿੰਦੂਆਂ ਨੇ ਰਾਜਸੀ ਤੌਰ 'ਤੇ ਪ੍ਰਭਾਵਸ਼ਾਲੀ ਬਣਨਾ ਹੈ ਤਾਂ ਘੱਟੋ ਘੱਟ ਇਹ ਕੁਝ ਤਾਂ ਉਨ੍ਹਾਂ ਨੂੰ ਕਰਨਾ ਹੀ ਪਵੇਗਾ। ਬੁੱਤ ਪੂਜਾ ਦੇ ਪ੍ਰਸ਼ਨ 'ਤੇ ਉਹ ਏਨੇ ਪੱਕੇ ਵਿਚਾਰਾਂ ਦਾ ਧਾਰਨੀ ਸੀ ਕਿ ਉਹ ਆਪਣੇ ਪਿਤਾ ਨਾਲ ਵੀ ਝਗੜ ਪਿਆ, ਜੋ ਕਿ ਇਕ ਕੱਟੜ ਬੁੱਤ ਪੂਜ ਸੀ।

ਰਾਜਾ ਰਾਮ ਮੋਹਨ ਰਾਏ ਮਗਰੋਂ ਦੇਬਿੰਦਰ ਨਾਥ ਟੈਗੋਰ (1817-1905) ਅੱਗੇ ਆਇਆ, ਜਿਸ ਨੇ 1865 ਤਕ ਪੂਰੀ ਤਰ੍ਹਾਂ ਰਾਏ ਦੀਆਂ ਨੀਤੀਆਂ ਦਾ ਪਾਲਣ ਕੀਤਾ, ਪਰ ਉਸ ਮਗਰੋਂ ਬਿਲਕੁਲ ਹੀ ਉਲਟ ਵਿਚਾਰਾਂ ਦਾ ਪ੍ਰਚਾਰ ਕਰਨ ਲੱਗ ਪਿਆ। ਹਿੰਦੂ ਮੱਤ ਵਿਚ ਸੁਧਾਰ ਲਿਆਉਣ ਦੀ ਥਾਂ ਉਸ ਨੇ ਫ਼ੈਸਲਾ ਕੀਤਾ ਕਿ ਬ੍ਰਹਮੋ ਸਮਾਜ ਨੂੰ ਇਸ ਦੇ ਪਿੱਛੇ ਲੱਗ ਜਾਣਾ ਚਾਹੀਦਾ ਹੈ; ਉਨ੍ਹਾਂ ਲੋਕਾਂ ਲਈ ਬੁੱਤ ਪੂਜਾ ਵੀ ਉਸ ਨੇ ਜਾਇਜ਼ ਕਰਾਰ ਦਿੱਤੀ ਜੋ 'ਪਰਮ ਸੱਚ ਨੂੰ ਸਮਝਣੋਂ ਉਂਜ ਅਸਮਰੱਥ ਹਨ' ਅਤੇ ਤਰਕਵਾਦ ਨੂੰ ਅੱਧੇ ਰਾਹ ਹੀ ਛੱਡ ਦਿੱਤਾ। "ਸਮਾਜਿਕ ਤਬਦੀਲੀ ਦੇ ਮਾਮਲੇ ਵਿਚ ਬਹੁਤੀ ਤੇਜ਼ ਰਫ਼ਤਾਰੀ ਤੋਂ ਸਾਨੂੰ ਬਚਣਾ ਚਾਹੀਦਾ ਹੈ," ਉਸ ਨੇ ਕਿਹਾ, "ਮਤਾਂ ਇਸ ਤਰ੍ਹਾਂ ਕਰਦਿਆਂ ਅਸੀਂ ਆਪਣੀ ਮੁਖ ਧਾਰਾ ਤੋਂ ਹੀ ਵੱਖ ਨਾ ਹੋ ਜਾਈਏ, ਜਿਸ ਨੂੰ ਅਸੀਂ ਅਗਵਾਈ ਦੇਣੀ ਹੈ ਤੇ ਉਪਰ ਚੁੱਕਣਾ ਹੈ।" ਕਹਿਣ ਦੀ ਲੋੜ ਨਹੀਂ ਕਿ ਰਾਜਾ ਰਾਮ ਮੋਹਨ ਰਾਏ ਵੱਲੋਂ ਚਿਤਵੇ ਬ੍ਰਹਮੋ ਸਮਾਜ ਦੇ ਆਸ਼ਿਆਂ ਤੋਂ ਇਹ ਪੂਰੀ ਤਰ੍ਹਾਂ ਮੂੰਹ ਮੋੜ ਲੈਣ ਵਾਲੀ ਗੱਲ ਸੀ।

ਇਸ ਦਾ ਵੀ ਇਕ ਕਾਰਣ ਸੀ। 1866 ਦੇ ਆਸ-ਪਾਸ, ਰਾਜਸੀ ਤੌਰ 'ਤੇ ਚੇਤੰਨ ਸਾਰੇ ਲੋਕਾਂ ਨੂੰ ਇਹ ਗੱਲ ਭਲੀ-ਭਾਂਤ ਸਪੱਸ਼ਟ ਹੋ ਗਈ ਸੀ ਕਿ ਹੁਣ ਭਾਰਤ ਵਿਚ

* ਉਦੋਂ ਅਤੇ ਹੁਣ—ਪਿਛਲੇ ਪੰਝੱਤਰ ਸਾਲਾਂ ਵਿਚ ਸ਼੍ਰੋਮਣੀ ਅਕਾਲੀ ਦਲ ਜਿਸ ਸਿਖਰ ਤੋਂ ਡਿੱਗਾ ਹੈ, ਉਸ ਦਾ ਜਾਇਜ਼ਾ ਪ੍ਰਸਤੁਤ ਕਰਦਾ ਇਹ ਲੇਖ *ਸਪੋਕਸਮੈਨ ਵੀਕਲੀ* ਦੇ ਮਾਸਕ ਅੰਕ, ਦਸੰਬਰ 1995 ਵਿਚ ਛਪਿਆ।

ਸ੍ਵੈ-ਸ਼ਾਸਤ ਸੰਸਥਾਵਾਂ ਚਾਲੂ ਕੀਤੀਆਂ ਜਾਣਗੀਆਂ ਅਤੇ ਹੌਲੀ ਹੌਲੀ ਭਾਰਤੀਆਂ ਨੂੰ ਦੇਸ਼ ਦੀ ਸੱਤਾ ਵਿਚ ਭਾਈਵਾਲ ਬਣਾਇਆ ਜਾਏਗਾ ਅਤੇ ਇਹ ਸਿਲਸਿਲਾ ਅੰਤ ਦੇਸ਼ ਨੂੰ ਵਿਦੇਸ਼ੀ ਗ਼ਲਬੇ ਤੋਂ ਮੁਕਤ ਕਰ ਕੇ ਆਜ਼ਾਦੀ ਵੱਲ ਲੈ ਜਾਵੇਗਾ। 1835 ਵਿਚ ਅੰਗਰੇਜ਼ੀ ਦੀ ਪੜ੍ਹਾਈ ਚਾਲੂ ਕਰਵਾਉਣ, 1858 ਵਿਚ ਬਰਤਾਨੀਆ ਦੀ ਮਹਾਰਾਣੀ ਦੀ ਘੋਸ਼ਣਾ ਅਤੇ ਪਹਿਲੀ ਅਗਸਤ, 1861 ਦੇ ਇੰਡੀਆ ਕੌਂਸਲ ਐਕਟ ਤੋਂ ਇਹ ਗੱਲ ਪ੍ਰਤੱਖ ਹੋ ਗਈ ਸੀ। ਸ਼ੁਰੂ ਵਿਚ ਬ੍ਰਹਮੋ ਸਮਾਜ ਦਾ ਨਿਸ਼ਾਨਾ ਹਿੰਦੂਆਂ ਅੰਦਰ ਜਾਗਰਤੀ ਪੈਦਾ ਕਰ ਕੇ ਉਨ੍ਹਾਂ ਨੂੰ ਆਜ਼ਾਦੀ ਲਈ ਸੰਘਰਸ਼ ਕਰਨ ਦੇ ਸਮਰੱਥ ਬਣਾਉਣਾ ਸੀ। ਪਰ ਹੁਣ ਸੰਘਰਸ਼ ਦੀ ਕੋਈ ਲੋੜ ਨਹੀਂ ਸੀ ਰਹਿ ਗਈ। ਹੁਣ ਅਸਲੋਂ ਨਵੀਂ ਦਿਸ਼ਾ ਨਿਰਧਾਰਿਤ ਕਰਨ ਦੀ ਲੋੜ ਸੀ।

ਹਿੰਦੂ, ਜੋ ਕਿ ਵੱਡੀ ਬਹੁ-ਗਿਣਤੀ ਵਿਚ ਸਨ, ਆਪਸ ਵਿਚ ਹੀ ਬੁਰੀ ਤਰ੍ਹਾਂ ਵੰਡੇ ਹੋਏ ਸਨ ਤੇ ਅਜਿਹੀ ਹਾਲਤ ਵਿਚ ਜੇ ਆਜ਼ਾਦੀ ਆ ਵੀ ਗਈ ਤਾਂ ਉਸ ਨੂੰ ਕਾਇਮ ਨਹੀਂ ਰੱਖ ਸਕਣਗੇ। ਹਿੰਦੂਆਂ ਨੂੰ ਇਕੱਠਿਆਂ ਕਰ ਕੇ ਉਨ੍ਹਾਂ ਨੂੰ ਏਕਤਾ ਦੇ ਧਾਗੇ ਵਿਚ ਪਰੋਣ ਦਾ ਕੰਮ ਕਰਨਾ ਹੀ ਹੁਣ ਕਾਫ਼ੀ ਸਮਝਿਆ ਜਾਣ ਲੱਗਾ। ਹੁਣ ਕਿਸੇ ਇਨਕਲਾਬੀ ਧਰਮ ਦੀ ਲੋੜ ਦੀ ਗੱਲ ਕਰਨੀ ਜ਼ਰੂਰੀ ਨਹੀਂ ਸੀ ਰਹਿ ਗਈ, ਸਗੋਂ ਇਸ ਦੇ ਵਿਪਰੀਤ 'ਵਾਪਸ ਵੇਦਾਂ ਵੱਲ ਮੁੜੋ' ਵਰਗੇ ਨਾਹਰੇ ਦੇਣ ਨੂੰ ਹੀ ਉਤਸ਼ਾਹਿਤ ਕੀਤਾ ਜਾਣਾ ਜ਼ਰੂਰੀ ਕਰ ਦਿੱਤਾ ਗਿਆ। ਹਿੰਦੂ ਏਕਤਾ ਦੇ ਰਾਹ ਵਿਚ ਅੜਿੱਕਾ ਬਣਨ ਵਾਲੇ ਬਾਹਰੀ ਅਤੇ ਅੰਦਰੂਨੀ ਖੇਤਰਾਂ ਦੀ ਨਿਸ਼ਾਨਦੇਹੀ ਕਰ ਲਈ ਗਈ। ਅੰਦਰੂਨੀ ਸਮੱਸਿਆ ਦਾ ਕੇਂਦਰ-ਬਿੰਦੂ ਸ਼ੂਦਰ ਸਨ। ਉਨ੍ਹਾਂ ਨੂੰ ਰੋਕਣਾ ਤੇ ਇਸ ਗੱਲ ਲਈ ਤਿਆਰ ਕਰਨਾ ਜ਼ਰੂਰੀ ਸੀ ਕਿ ਵੇਲਾ ਆਉਣ 'ਤੇ ਉਹ ਉੱਚ ਜਾਤੀਆਂ ਦੇ ਹੱਥ ਸੱਤਾ ਸੌਂਪਣ ਦੀ ਹਿਮਾਇਤ ਕਰਨ। ਇਹ ਕੋਈ ਸੌਖਾ ਕੰਮ ਨਹੀਂ ਸੀ, ਕਿਉਂਕਿ ਉਹ ਜਾਤ-ਪਾਤ ਦੀ ਮਾਰ ਖਾ ਖਾ ਕੇ ਅੱਕ ਚੁੱਕੇ ਸਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਬਦਲਵਾਂ ਫ਼ਲਸਫ਼ਾ ਵੀ ਉਨ੍ਹਾਂ ਦੀ ਪਹੁੰਚ ਵਿਚ ਆ ਚੁੱਕਾ ਸੀ, ਜੋ ਉਨ੍ਹਾਂ ਨੂੰ ਮੁਕੰਮਲ ਮੁਕਤੀ ਦਿਵਾਉਣ ਦੀ ਸਮਰੱਥਾ ਰੱਖਦਾ ਸੀ। ਉਨ੍ਹਾਂ ਦੀ ਸਮੱਸਿਆ ਜਟਿਲ ਸੀ, ਕਿਉਂਕਿ ਇਕ ਪਾਸੇ ਉਨ੍ਹਾਂ ਨੂੰ ਜਾਤ-ਪਾਤ ਦੇ ਢਾਂਚੇ ਅੰਦਰ ਮਿਲੀ ਹੋਈ ਨੀਵੀਂ ਥਾਂ 'ਤੇ ਕਾਇਮ ਰੱਖਣਾ ਸੀ ਤੇ ਦੂਜੇ ਪਾਸੇ ਉਨ੍ਹਾਂ ਨੂੰ ਮੁਕਤੀ ਦਿਵਾਉਣ ਵਾਲੇ ਫ਼ਲਸਫ਼ਿਆਂ ਵੱਲ ਝਾਕਣ ਤੋਂ ਰੋਕਣਾ ਸੀ। ਬਾਹਰੀ ਖ਼ਤਰਾ ਮੁਖ ਤੌਰ 'ਤੇ ਮੁਸਲਮਾਨਾਂ ਵੱਲੋਂ ਸੀ। ਇਹ ਨਿਰਣਾ ਲਿਆ ਗਿਆ ਲੱਗਦਾ ਹੈ ਕਿ ਇਨ੍ਹਾਂ ਨੂੰ ਘੱਟੋ ਘੱਟ ਆਜ਼ਾਦੀ ਮਿਲਣ ਤਕ ਤਾਂ ਬਰਦਾਸ਼ਤ ਕਰ ਲਿਆ ਜਾਏ। ਮਗਰੋਂ ਇਨ੍ਹਾਂ ਨੂੰ 'ਸ਼ੁਧੀ' ਰਾਹੀਂ ਵਾਪਸ ਹਿੰਦੂ ਕਲਾਵੇ ਵਿਚ ਲੈ ਲਿਆ ਜਾਵੇਗਾ ਜਾਂ ਵੱਖਰੇ ਪਾਕਿਸਤਾਨ ਵੱਲ ਧਕੇਲ ਦਿੱਤਾ ਜਾਵੇਗਾ।

ਸਿੱਖਾਂ ਬਾਰੇ ਵੀ ਇਹ ਤਸ਼ਖ਼ੀਸ ਕੀਤੀ ਗਈ ਕਿ ਇਹ ਵੀ ਇਕ ਖ਼ਾਸ ਤਰ੍ਹਾਂ ਦੀ ਸਮੱਸਿਆ ਹਨ। ਉਂਜ ਇਹ ਕਹਿਣਾ ਮੁਸ਼ਕਿਲ ਸੀ ਕਿ ਉਹ ਹਿੰਦੂਆਂ ਦੀ ਅੰਦਰੂਨੀ ਸਮੱਸਿਆ ਸਨ ਜਾਂ ਬਾਹਰੀ। ਸਿਖ ਧਰਮ ਦੀ ਉਤਪਤੀ ਇਸ ਦੇਸ਼ ਵਿਚ ਹੋਈ ਸੀ ਅਤੇ ਸਿੱਖੀ ਵਿਚ ਉਹ ਸਭ ਕੁਝ ਸਮੋਇਆ ਹੋਇਆ ਸੀ, ਜੋ ਦੇਸੀ ਧਾਰਮਿਕ ਸੋਚ ਵਿਚ ਸਭ ਤੋਂ ਉੱਤਮ ਸੀ। ਆਪਣੇ ਚਾਰ ਸੌ ਸਾਲਾਂ ਦੀ ਹੋਂਦ ਵਿਚ ਉਨ੍ਹਾਂ ਨੇ ਸਦਾ ਹਿੰਦੂਆਂ ਦਾ ਸਾਥ ਦਿੱਤਾ ਸੀ। ਹਿੰਦੂਆਂ ਦੀ ਰਾਖੀ ਕਰਦਿਆਂ ਉਨ੍ਹਾਂ ਨੇ ਭਾਰੀ ਕੁਰਬਾਨੀਆਂ ਦਿੱਤੀਆਂ ਸਨ ਅਤੇ ਉਸ ਮੁਗ਼ਲ ਸਲਤਨਤ ਨੂੰ ਤਬਾਹ ਕਰ ਦਿੱਤਾ ਸੀ, ਜੋ ਹਿੰਦੂਆਂ ਉੱਤੇ ਜ਼ੁਲਮ

ਢਾਹੁੰਦੀ ਸੀ। ਸਿਖ ਰਾਜ ਦੀ ਕਾਇਮੀ ਵੇਲੇ ਉਨ੍ਹਾਂ ਨੇ ਹਿੰਦੂਆਂ ਨੂੰ ਰਾਜ ਵਿਚ ਬਰਾਬਰ ਦੀ ਭਾਈਵਾਲੀ ਦਿੱਤੀ ਸੀ। ਪਰ ਫਿਰ ਵੀ ਉਹ ਆਪਣੇ ਆਪ ਨੂੰ ਇਕ ਸੁਤੰਤਰ ਹੋਂਦ ਦੇ ਵਾਰਸ ਸਮਝਦੇ ਸਨ ਤੇ ਆਪਣਾ ਮੁੱਢ ਅਕਾਲ ਪੁਰਖ ਤੇ ਗੁਰੂ ਨੂੰ ਮੰਨਦੇ ਸਨ। ਜਾਤ-ਪਾਤ ਦੀ ਜਿਲ੍ਹਣ ਤੋਂ ਆਜ਼ਾਦ ਖ਼ਾਲਸਾ ਪੰਥ, ਆਜ਼ਾਦ ਹਸਤੀ ਵਾਲੇ, ਵੱਖਰੀ ਦਿਖ ਵਾਲੇ ਅਤੇ ਨਿਆਰੀ ਅਧਿਆਤਮਿਕ ਪਹੁੰਚ ਵਾਲੇ ਲੋਕਾਂ ਦਾ ਨਿਆਰਾ ਪੰਥ ਸੀ। ਵਿਚਾਰਧਾਰਕ ਤੌਰ 'ਤੇ ਉਹ ਵੇਦਾਂ ਅਤੇ ਜਾਤ-ਪਾਤ ਦੇ ਫ਼ਲਸਫ਼ੇ ਨੂੰ ਰੱਦ ਕਰਦੇ ਸਨ। ਉਨ੍ਹਾਂ (ਸਿੱਖਾਂ) ਨਾਲ ਨਿਬੜਨ ਲਈ ਵਿਚ-ਵਿਚਾਲੇ ਦਾ ਰਾਹ ਚੁਣਿਆ ਗਿਆ। ਉਨ੍ਹਾਂ ਨੂੰ ਖ਼ੁਸ਼ ਰੱਖਿਆ ਜਾਣਾ ਸੀ ਤੇ ਉਨ੍ਹਾਂ ਨਾਲ ਰਾਬਤਾ ਕਾਇਮ ਕਰਨਾ ਜ਼ਰੂਰੀ ਸੀ, ਤਾਂਕਿ ਸਨਾਤਨ ਧਰਮ ਦੇ ਸਮਰਥਕਾਂ ਵੱਲੋਂ ਉਨ੍ਹਾਂ ਦੁਆਲੇ ਇਕਵੱਲੇ ਤੌਰ 'ਤੇ ਖਿੱਚੀ ਗਈ 'ਰਾਮਕਾਰ' ਨੂੰ ਉਲੰਘ ਕੇ ਉਹ ਬਾਹਰ ਨਾ ਚਲੇ ਜਾਣ। ਉਨ੍ਹਾਂ ਬਾਰੇ ਵੀ ਅੰਤਮ ਨਿਸ਼ਾਨਾ ਇਹੀ ਮਿਥਿਆ ਗਿਆ ਕਿ ਉਨ੍ਹਾਂ ਨੂੰ ਵਾਪਸ ਹਿੰਦੂ ਮੱਤ ਦੇ ਘੇਰੇ ਵਿਚ ਲਿਆਉਣਾ ਹੈ, ਪਰ ਆਰਜ਼ੀ ਤੌਰ 'ਤੇ ਇਸ ਉੱਤੇ ਅਮਲ ਰੋਕ ਲਿਆ ਗਿਆ ਸੀ। ਆਜ਼ਾਦੀ ਮਗਰੋਂ ਇਸ ਸਮੱਸਿਆ 'ਤੇ ਵੀ ਮੁੜ ਤੋਂ ਵਿਚਾਰ ਕੀਤੀ ਜਾਏਗੀ, ਜੇਕਰ ਇਹ ਸਮੱਸਿਆ ਉਦੋਂ ਵੀ ਕਾਇਮ ਰਹੀ। ਪਿੱਛਲ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਇਹ ਅਤੇ ਨਾਲ ਲੱਗਦੇ ਹੋਰ ਕਈ ਮਹੱਤਵਪੂਰਣ ਨਿਰਣੇ ਚੇਤ ਜਾਂ ਅਚੇਤ ਰੂਪ ਵਿਚ, 1866 ਮਗਰੋਂ ਸਮੇਂ ਸਮੇਂ ਲੋੜ ਪੈਣ 'ਤੇ, ਲਏ ਜਾਂਦੇ ਰਹੇ।

ਉਪਰੋਕਤ ਨਿਸ਼ਾਨੇ ਦੀ ਪ੍ਰਾਪਤੀ ਲਈ ਪੰਜਾਬ ਵਿਚ ਤਿੰਨ-ਪਰਤੀ ਵਿਉਂਤ ਸਿਰਜੀ ਗਈ। ਸਿੱਖਾਂ ਨੂੰ ਹਿੰਦੂਆਂ ਦਾ ਭਾਗ ਜਾਂ ਆਰੀਆ ਸਮਾਜ ਵਰਗੀ ਇਕ ਸੰਪ੍ਰਦਾ ਮੰਨੇ ਜਾਣ ਦਾ ਫ਼ੈਸਲਾ ਕੀਤਾ ਗਿਆ ਤੇ ਉਨ੍ਹਾਂ ਨੂੰ ਆਜ਼ਾਦ, ਵੱਖਰੀ ਰਾਜਸੀ ਪਹੁੰਚ ਅਪਣਾਉਣ ਤੋਂ ਰੋਕਿਆ ਜਾਣਾ ਪ੍ਰਵਾਨ ਹੋਇਆ। ਕਾਂਗਰਸ ਦੀ ਸਰਦਾਰੀ ਕਾਇਮ ਰੱਖਣ ਦਾ ਵੀ ਨਿਰਣਾ ਲਿਆ ਗਿਆ। ਇਸ ਹਮਲੇ ਨੇ ਸਿੱਖਾਂ ਨੂੰ ਸੁਚੇਤ ਕਰ ਦਿੱਤਾ ਤੇ ਆਪਣੀ ਵੱਖਰੀ ਆਜ਼ਾਦ ਹਸਤੀ ਕਾਇਮ ਕਰਨ ਲਈ ਉਹ ਸੋਚਾਂ ਸੋਚਣ ਲੱਗੇ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਧਰਮ ਦੇ ਮੁਖ ਸੋਮੇ—ਗੁਰਦੁਆਰਿਆਂ ਤੋਂ ਪਹਿਲ ਕਰਨੀ ਚਾਹੀਦੀ ਹੈ। ਗੁਰਦੁਆਰਿਆਂ ਦਾ ਪ੍ਰਬੰਧ ਉਸ ਵੇਲੇ ਜੱਦੀ ਪੁਸ਼ਤੀ ਤੌਰ 'ਤੇ ਚਲੇ ਆ ਰਹੇ ਮਹੰਤ ਕਰਦੇ ਸਨ, ਜਿਨ੍ਹਾਂ ਨੂੰ ਬਰਤਾਨਵੀ ਸਰਕਾਰ ਅਤੇ ਰਾਜ ਦੀ ਹਿੰਦੂ ਵਸੋਂ ਦੀ ਪੂਰੀ ਹਿਮਾਇਤ ਹਾਸਲ ਸੀ। ਦੋਹਾਂ ਦਾ ਵਿਚਾਰ ਸੀ ਕਿ ਸਿੱਖਾਂ ਨੂੰ ਵੱਖਰੀ ਆਜ਼ਾਦ ਹਸਤੀ ਦੀ ਗੱਲ ਕਰਨੋਂ ਅਤੇ ਇਸ ਦੇ ਹੱਕ ਵਿਚ ਵੱਖਰੇ ਰਾਜਸੀ ਅਮਲ ਸ਼ੁਰੂ ਕਰਨੋਂ ਰੋਕਣ ਲਈ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਦੇ ਹੱਥ ਵਿਚ ਰੱਖਣਾ ਬਹੁਤ ਜ਼ਰੂਰੀ ਸੀ। ਮਿਸਾਲ ਵਜੋਂ, ਇਹ ਆਮ ਜਾਣੀ ਜਾਂਦੀ ਗੱਲ ਸੀ ਕਿ ਨਨਕਾਣਾ ਸਾਹਿਬ ਦੇ ਮਹੰਤ ਨੇ ਪਠਾਣਾਂ ਨੂੰ ਨੌਕਰੀ ਵਿਚ ਰੱਖਿਆ ਹੋਇਆ ਸੀ, ਜੋ ਮੱਥਾ ਟੇਕਣ ਆਏ ਅੰਮ੍ਰਿਤਧਾਰੀ ਸਿੱਖਾਂ ਨੂੰ ਫੜ ਕੇ ਕੁਟਦੇ ਸਨ ਤੇ ਉਨ੍ਹਾਂ ਦੀਆਂ ਕ੍ਰਿਪਾਨਾਂ ਖੋਹ ਲੈਂਦੇ ਸਨ। ਜਦੋਂ ਗੁਰਦੁਆਰਿਆਂ ਵਿਚ ਇਹੋ ਜਿਹਾ ਮਾਹੌਲ ਪਲਰ ਰਿਹਾ ਹੋਵੇ ਤਾਂ ਸਿੱਖਾਂ ਦੀ ਆਜ਼ਾਦ ਹਸਤੀ ਦੀ ਗੱਲ ਵੀ ਉਥੋਂ ਕਰਨ ਦੀ ਸੋਚਣਾ ਖ਼ਾਮ-ਖ਼ਿਆਲੀ ਤੋਂ ਵੱਧ ਕੁਝ ਨਹੀਂ ਸੀ। ਇਹ ਇਕ ਕਾਰਣ ਸੀ, ਜਿਸ ਕਰ ਕੇ ਮਹੰਤਾਂ ਨੂੰ ਗੁਰਦੁਆਰਿਆਂ ਵਿੱਚੋਂ ਬਾਹਰ ਕੱਢਣਾ ਜ਼ਰੂਰੀ ਸੀ। ਇਸ ਤਰ੍ਹਾਂ ਗੁਰਦੁਆਰਾ ਸੁਧਾਰ ਲਹਿਰ ਚਾਲੂ ਹੋ ਗਈ।

ਮਹਾਤਮਾ ਗਾਂਧੀ ਨੇ ਪੰਜਾ ਸਾਹਿਬ ਦੇ ਗੁਰਦੁਆਰੇ ਨੂੰ ਪੰਥਕ ਕਬਜ਼ੇ ਵਿਚ ਲੈਣ

ਲਈ ਜਾ ਰਹੇ ਜਥੇ ਦੇ ਆਗੂ ਕਰਤਾਰ ਸਿੰਘ ਝੱਬਰ ਨੂੰ ਪੰਜਾ ਸਾਹਿਬ ਜਾਣੋਂ ਰੋਕਣ ਦਾ ਯਤਨ ਕੀਤਾ। ਅਮਰ ਸਿੰਘ ਝਬਾਲ ਜਥੇ ਨੂੰ ਰਸਤੇ ਵਿਚ ਲਾਹੌਰ ਵਿਖੇ ਮਿਲਿਆ ਅਤੇ ਮਹਾਤਮਾ ਗਾਂਧੀ ਦਾ ਸੁਨੇਹਾ ਕਰਤਾਰ ਸਿੰਘ ਝੱਬਰ ਨੂੰ ਦਿੱਤਾ। ਉਸ ਨੇ ਜੋ ਜਵਾਬ ਦਿੱਤਾ, ਉਹ ਨਾਹਰ ਸਿੰਘ ਨੇ ਇਸ ਤਰ੍ਹਾਂ ਕਲਮਬੰਦ ਕੀਤਾ ਹੈ, "ਮੈਨੂੰ ਯਕੀਨ ਨਹੀਂ ਕਿ ਭਾਰਤ ਸਾਲ ਦੇ ਅੰਤ ਤਕ ਸਵਰਾਜ ਪ੍ਰਾਪਤ ਕਰ ਲਵੇਗਾ। ਪਰ ਜੇ ਅਜਿਹਾ ਹੋ ਵੀ ਗਿਆ ਤਾਂ ਹਿੰਦੂ ਜੋ ਕਿ ਧਰਮ ਦੇ ਮਾਮਲੇ ਵਿਚ ਸਾਡੇ ਵਿਰੋਧੀ ਹਨ, ਸਾਨੂੰ ਗੁਰਦੁਆਰਿਆਂ ਦੇ ਨੇੜੇ ਨਹੀਂ ਜਾਣ ਦੇਣਗੇ। ਅਸੀਂ ਪੰਜਾ ਸਾਹਿਬ ਜ਼ਰੂਰ ਜਾਵਾਂਗੇ।" (ਵੇਖੋ *ਅਕਾਲੀ ਮੋਰਚੇ ਤੇ ਝੱਬਰ*)। ਪੰਜਾ ਸਾਹਿਬ ਅਤੇ ਮਗਰੋਂ ਨਨਕਾਣਾ ਸਾਹਿਬ ਵਿਖੇ ਉਸ ਨੇ ਵੇਖਿਆ ਕਿ ਸਥਾਨਕ ਹਿੰਦੂ ਵਸੋਂ ਨੇ ਪੂਰੀ ਦ੍ਰਿੜ੍ਹਤਾ ਨਾਲ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੇ ਹੱਥ ਜਾਣੋਂ ਰੋਕਣ ਲਈ ਯਤਨ ਕੀਤੇ। ਹਿੰਦੂ ਮੈਂਬਰਾਂ ਨੇ ਮਗਰੋਂ ਪੰਜਾਬ ਲੈਜਿਸਲੇਟਿਵ ਕੌਂਸਲ (ਅਸੈਂਬਲੀ) ਵਿਚ ਇਸ ਦਾ ਡੱਟ ਕੇ ਵਿਰੋਧ ਕੀਤਾ। ਪੰਜਾਬ ਹਿੰਦੂ ਸਭਾ ਨੇ ਹਿੰਦੂਆਂ ਨੂੰ ਅਪੀਲ ਕੀਤੀ ਕਿ ਉਹ ਗੁਰਦੁਆਰਾ ਸੁਧਾਰ ਦਾ, ਜਿਥੋਂ ਤਕ ਹੋ ਸਕੇ ਵਿਰੋਧ ਕਰਨ ਤੇ ਜੇ ਰੁਕਾਵਟ ਪਾਉਣੀ ਸੰਭਵ ਨਾ ਹੋਵੇ ਤਾਂ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਹਿੱਸਾ ਮੰਗਣ। ਕਈ ਥਾਵਾਂ 'ਤੇ ਹਿੰਦੂ ਭਾਰੀ ਗਿਣਤੀ ਵਿਚ ਖੁੱਲ੍ਹ ਕੇ ਸਾਹਮਣੇ ਆ ਗਏ, ਤਾਂਕਿ ਸਿੱਖਾਂ ਨੂੰ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥ ਵਿਚ ਲੈਣੋਂ ਰੋਕ ਸਕਣ। ਪੰਜਾ ਸਾਹਿਬ ਵਿਖੇ ਪੀਰ ਬੁੱਧੂ ਸ਼ਾਹ ਦੇ ਵਾਰਸਾਂ ਵੱਲੋਂ ਜਥੇ ਦੀ ਸਹਾਇਤਾ ਕਰਨ ਦੀ ਪੇਸ਼ਕਸ਼ ਕੀਤੀ ਗਈ, ਪਰ ਸ਼ਹਿਰ ਦੇ ਤਿੰਨ ਤੋਂ ਚਾਰ ਹਜ਼ਾਰ ਹਿੰਦੂ ਲਾਠੀਆਂ ਚੁੱਕ ਕੇ ਸਿੱਖਾਂ ਦਾ ਵਿਰੋਧ ਕਰਨ ਲਈ ਅੱਗੇ ਆ ਗਏ ਅਤੇ ਗੁਰਦੁਆਰੇ ਨੂੰ ਘੇਰਾ ਪਾ ਲਿਆ। ਅਗਲੇ ਦਿਨ ਉਨ੍ਹਾਂ ਨੇ ਮਹੰਤ ਵੱਲੋਂ ਗੁਰਦੁਆਰੇ 'ਤੇ ਕਬਜ਼ਾ ਕਰਨ ਲਈ ਇਸਤਰੀਆਂ ਦਾ ਜਥਾ ਭੇਜ ਦਿੱਤਾ। ਇਹੋ ਜਿਹੀਆਂ ਘਟਨਾਵਾਂ ਹੋਰ ਥਾਈਂ ਵੀ ਹੋਈਆਂ।

ਝੱਬਰ ਅਤੇ ਦੂਜੇ ਸਿਖ ਆਗੂਆਂ ਨੂੰ ਪਤਾ ਸੀ ਕਿ ਗੁਰਦੁਆਰਾ ਪ੍ਰਬੰਧ 'ਤੇ ਕਬਜ਼ਾ ਹੋਣ ਨਾਲ ਹੀ ਸਿੱਖਾਂ ਦੀ ਆਜ਼ਾਦ ਹਸਤੀ ਦੀ ਗੱਲ ਸ਼ੁਰੂ ਹੋਵੇਗੀ, ਇਸ ਲਈ ਇਹ ਸਿੱਖਾਂ ਲਈ ਜੀਵਨ ਅਤੇ ਮੌਤ ਵਰਗੀ ਗੱਲ ਬਣ ਗਈ। ਉਹ ਇਸ ਨਤੀਜੇ 'ਤੇ ਪੁੱਜੇ ਕਿ ਗੁਰਦੁਆਰਿਆਂ ਦੀ ਆਜ਼ਾਦੀ ਲਈ ਲੜਨ ਵਾਲੇ ਸ਼ਾਂਤਮਈ ਵਲੰਟੀਅਰਾਂ ਦੀ ਮੁਨਾਸਬ ਸੁਰੱਖਿਆ ਲਈ ਇਕ ਸ੍ਵੈ-ਸੇਵੀ ਜਥੇਬੰਦੀ ਹੋਣੀ ਚਾਹੀਦੀ ਹੈ। ਪੰਜਾ ਸਾਹਿਬ ਤੋਂ ਹੀ ਝੱਬਰ ਨੇ ਸ੍ਰੀ ਅਕਾਲ ਤਖ਼ਤ ਨੂੰ ਭੇਜੀ ਜਾਂਦੀ ਆਪਣੀ ਰੋਜ਼ਾਨਾ ਰਿਪੋਰਟ ਵਿਚ ਲਿਖਿਆ ਕਿ 200 ਵਾਲੰਟੀਅਰਾਂ ਦੀ ਇਕ ਫ਼ੋਰਸ ਤਿਆਰ ਕੀਤੀ ਜਾਵੇ। ਉਸ ਸਮੇਂ ਲਾਹੌਰ ਤੋਂ ਪ੍ਰਕਾਸ਼ਤ ਹੁੰਦੇ *ਅਕਾਲੀ* ਅਖ਼ਬਾਰ ਵਿਚ ਵੀ ਇਹ ਤਜਵੀਜ਼ ਪ੍ਰਕਾਸ਼ਤ ਕੀਤੀ ਗਈ। ਇਸ ਤਰ੍ਹਾਂ ਉਸ ਵਿਚਾਰ ਦਾ ਇਹ ਛੋਟਾ ਜਿਹਾ ਮੁੱਢ ਬੱਝਾ, ਜੋ ਮਗਰੋਂ ਜਾ ਕੇ ਅੱਜ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਰੂਪ ਵਿਚ ਸਾਕਾਰ ਹੋਇਆ।

ਪੰਜਾ ਸਾਹਿਬ ਤੋਂ ਵਾਪਸ ਪਰਤਣ 'ਤੇ, ਝੱਬਰ ਨੇ ਇਲਾਕੇ ਦੇ ਲੋਕਾਂ ਦੀ ਇਕ ਇਕੱਤਰਤਾ 24 ਦਸੰਬਰ, 1920 ਨੂੰ ਗੁਰਦੁਆਰਾ ਮਹਾਰਾਣੀ ਨਕੈਣ ਸ਼ੇਖ਼ੂਪੁਰਾ ਵਿਚ ਬੁਲਾਈ। ਇਥੇ ਹੀ ਉਸ ਨੇ ਸਥਾਨਕ ਅਕਾਲੀ ਜਥਾ ਕਾਇਮ ਕੀਤਾ। ਸਰਬ ਸੰਮਤੀ ਨਾਲ ਇਸ ਦਾ ਨਾਂ 'ਅਕਾਲੀ ਜਥਾ ਖਰਾ ਸੌਦਾ ਬਾਰ' ਰੱਖਿਆ ਗਿਆ।

24 ਜਨਵਰੀ, 1921 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਮੀਟਿੰਗ ਹੋਈ, ਜਿਸ ਵਿਚ ਗੁਰਦੁਆਰਾ ਸੱਚਾ ਸੌਦਾ ਦਾ ਕਬਜ਼ਾ

ਲੈਣ ਉਪਰੰਤ ਦੀ ਹਾਲਤ ਬਾਰੇ ਵਿਚਾਰ ਕੀਤੀ ਗਈ। ਇਥੇ ਹੀ 'ਆਸਾ ਦੀ ਵਾਰ' ਦੇ ਉਚਾਰਣ ਉਪਰੰਤ ਝੱਬਰ ਨੇ ਵਾਲੰਟੀਅਰਾਂ ਦੀ ਜਥੇਬੰਦੀ—'ਅਕਾਲੀ ਦਲ' ਕਾਇਮ ਕਰਨ ਦਾ ਸੁਝਾਅ ਰੱਖਿਆ। ਉਸ ਨੇ ਇਹ ਵੀ ਸੁਝਾਅ ਦਿੱਤਾ ਕਿ ਇਸ ਦਾ ਮੁਖ ਦਫ਼ਤਰ ਅੰਮ੍ਰਿਤਸਰ ਵਿਚ ਰੱਖਿਆ ਜਾਵੇ। ਇਹ ਤਜਵੀਜ਼ਾਂ ਪੂਰੇ ਉਤਸ਼ਾਹ ਨਾਲ ਹਾਜ਼ਰ ਸੰਗਤ ਨੇ ਪ੍ਰਵਾਨ ਕੀਤੀਆਂ। ਇਹ ਸੀ ਸ਼੍ਰੋਮਣੀ ਅਕਾਲੀ ਦਲ ਦੀ ਸ਼ੁਰੂਆਤ—ਉਹ ਮਹਾਨ ਜਥੇਬੰਦੀ, ਜੋ 1966 ਤਕ ਬੜੀਆਂ ਕਾਰਜਸ਼ੀਲ ਅਤੇ ਲੋਕਾਂ ਦਾ ਦਰਦ ਵੰਡਾਣ ਵਾਲੀਆਂ ਜਥੇਬੰਦੀਆਂ ਵਿੱਚੋਂ ਇਕ ਸੀ ਅਤੇ ਜਿਸ ਦੀ ਅਗਵਾਈ ਬਹੁਤ ਹੀ ਆਪਾ-ਵਾਰੂ ਕਿਸਮ ਦੇ ਲੀਡਰਾਂ ਨੇ ਕੀਤੀ ਅਤੇ ਜਿਹੜੇ ਕਿ ਸਾਰੇ ਦੇਸ਼ ਵਿੱਚੋਂ ਆਪਣੇ ਮਹਾਨ ਗੁਣਾਂ ਕਰ ਕੇ ਵੱਖਰੀ ਪਹਿਚਾਣ ਦੇ ਮਾਲਕ ਸਨ। ਸਰਮੁਖ ਸਿੰਘ ਝਬਾਲ ਅਕਾਲੀ ਦਲ ਦਾ ਪਹਿਲਾ ਪ੍ਰਧਾਨ ਚੁਣਿਆ ਗਿਆ।

ਅੰਮ੍ਰਿਤਸਰ ਦੇ ਪਿੰਡ ਧੀਰਕੇ ਦਾ ਇਕ ਵਿਅਕਤੀ ਭਾਈ ਅਰਜਨ ਸਿੰਘ ਅਕਾਲ ਤਖ਼ਤ ਉਪਰ ਜੁੜੀ ਸੰਗਤ ਵਿਚ ਹਾਜ਼ਰ ਸੀ। ਉਸ ਦੇ ਵਿਚਾਰ ਵਿਚ ਜਥੇਬੰਦੀ ਦਾ ਨਾਂ 'ਗੁਰਦੁਆਰਾ ਸੇਵਕ ਜਥਾ' ਰੱਖਿਆ ਜਾਣਾ ਚਾਹੀਦਾ ਸੀ। ਮਾਮੂਲੀ ਬਹਿਸ ਮਗਰੋਂ ਝਬਾਲ ਨੇ ਇਹ ਕਹਿ ਕੇ ਗੱਲ ਮੁਕਾਈ ਕਿ 'ਸੇਵਕ' ਸ਼ਬਦ ਦਾ ਮਨੋਵਿਗਿਆਨਕ ਪ੍ਰਭਾਵ ਢਹਿੰਦੀ ਕਲਾ ਵਾਲਾ ਹੈ ਅਤੇ 'ਅਕਾਲੀ' ਸ਼ਬਦ ਇਕ ਵਿਅਕਤੀ ਨੂੰ ਚੜ੍ਹਦੀ ਕਲਾ ਵੱਲ ਲਿਜਾ ਕੇ ਮੌਤ ਤੋਂ ਬੇਪ੍ਰਵਾਹ ਅਤੇ ਆਪਾ ਨਿਛਾਵਰ ਕਰਨ ਦੀ ਭਾਵਨਾ ਨਾਲ ਮਨੁੱਖਤਾ ਦੀ ਸੇਵਾ ਕਰਨ ਲਈ ਉਤਸ਼ਾਹਤ ਕਰਦਾ ਹੈ। ਦੂਜੇ, ਉਸ ਨੇ ਦੱਸਿਆ ਕਿ 'ਅਕਾਲੀ' ਦਾ ਅਰਥ ਹੈ—ਕਾਲ-ਰਹਿਤ (ਪਰਮਾਤਮਾ) ਵਿਚ ਵਿਸ਼ਵਾਸ ਰੱਖਣ ਵਾਲਾ ਅਤੇ ਇਸੇ ਲਈ ਅਕਾਲੀ ਫੂਲਾ ਸਿੰਘ ਨੇ ਆਪਣੀ ਰਜਮੈਂਟ ਦਾ ਨਾਂ 'ਅਕਾਲ ਰਜਮੈਂਟ' ਰੱਖਿਆ ਸੀ। ਰਣਜੀਤ ਸਿੰਘ ਦੀਆਂ ਲੜਾਈਆਂ ਵਿਚ ਔਖੇ ਮੋਰਚਿਆਂ 'ਤੇ ਲੜਨ ਲਈ ਅਕਾਲੀ ਫੂਲਾ ਸਿੰਘ ਦੇ ਬਿਨਾਂ ਤਨਖ਼ਾਹ ਦੇ ਕੰਮ ਕਰਨ ਵਾਲੇ ਹਠੀਲੇ ਜਵਾਨ ਅਗਲੇ ਮੋਰਚਿਆਂ 'ਤੇ ਭੇਜ ਦਿੱਤੇ ਜਾਂਦੇ ਸਨ। ਝਬਾਲ ਦਾ ਕਹਿਣਾ ਸੀ ਕਿ ਪੰਥ ਨੂੰ ਅਜਿਹੀ ਜਥੇਬੰਦੀ ਦੀ ਹੀ ਲੋੜ ਹੈ, ਜਿਸ ਵਿਚ ਸ਼ਾਮਿਲ ਹੋਣ ਵਾਲੇ ਪੰਥ ਲਈ ਲਗਾਤਾਰ ਕੁਰਬਾਨੀਆਂ ਕਰਦੇ ਰਹਿਣ ਉਪਰੰਤ ਵੀ ਬਦਲੇ ਵਿਚ ਆਪਣੇ ਲਈ ਕੁਝ ਨਾ ਮੰਗਣ। ਇਸ ਦੇ ਮੋਢੀ ਦੇ ਦਿਲ ਵਿਚ ਇਹ ਸੀ ਅਕਸ, ਜੋ ਅਕਾਲੀ ਦਲ ਬਾਰੇ ਉਸ ਨੇ ਬਣਾਇਆ ਹੋਇਆ ਸੀ। ਇਸ ਵਿਚ ਉਹ ਲੋਕ ਸ਼ਾਮਿਲ ਹੁੰਦੇ ਸਨ, ਜਿਨ੍ਹਾਂ ਨੂੰ ਰਣਤੱਤੇ ਵਿਚ ਕੁਰਬਾਨੀ ਕਰਦਿਆਂ ਵੇਖ ਕੇ ਪਾਦਰੀ ਸੀ.ਐਫ਼. ਐਂਡਰੀਊਜ਼ ਨੇ ਲਿਖਿਆ, "ਜ਼ੁਲਮ ਨੂੰ ਪਿੰਡੇ 'ਤੇ ਝੱਲ ਕੇ ਇਕ ਨਵੀਂ ਤਰ੍ਹਾਂ ਦਾ ਨਾਇਕ ਇਸ ਧਰਤੀ 'ਤੇ ਪੈਦਾ ਹੋਇਆ ਸੀ। ਸੰਸਾਰ ਨੂੰ ਆਤਮਿਕ ਬਲ ਨਾਲ ਲੜਾਈ ਲੜਨ ਦਾ ਇਕ ਨਵਾਂ ਸਬਕ ਸਿਖਾ ਦਿੱਤਾ ਗਿਆ ਹੈ।" ਕੀ ਅੱਜ ਦੇ ਅਕਾਲੀ ਉਸ ਜਥੇਦਾਰ ਦੇ ਉੱਚ ਵਿਚਾਰਾਂ ਵਾਲੀ ਸੋਚ ਦੇ ਨੇੜੇ-ਤੇੜੇ ਵੀ ਢੁਕਦੇ ਹਨ, ਜਿਸ ਦੀ ਸੋਚ ਦੇ ਨਾਲ ਹੀ ਇਸ ਮਹਾਨ ਜਥੇਬੰਦੀ ਦਾ ਜਨਮ ਹੋਇਆ ?

ਸ਼੍ਰੋਮਣੀ ਅਕਾਲੀ ਦਲ ਗੁਰਦੁਆਰਿਆਂ, ਰਹਿਤ ਮਰਿਆਦਾ ਅਤੇ ਵੱਖਰੀ ਆਜ਼ਾਦ ਸਿਖ ਹਸਤੀ ਦੀ ਰਾਖੀ ਕਰਨ ਲਈ ਕਾਇਮ ਕੀਤਾ ਗਿਆ ਸੀ। ਜਦ ਇਸ ਨੇ ਬਾਕਾਇਦਾ ਤੌਰ 'ਤੇ ਇਕ ਰਾਜਸੀ ਪਾਰਟੀ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਤਾਂ ਇਸ ਨੇ ਪੰਜਾਬ ਦੇ ਸਮਾਜਿਕ ਰਾਜਸੀ ਤੇ ਆਰਥਿਕ ਹਿੱਤਾਂ ਦੀ ਰਾਖੀ ਕਰਨ ਦਾ ਜ਼ਿੰਮਾ ਵੀ ਲਿਆ। ਇਸ ਦੇ ਨਾਲ ਹੀ ਇਸ ਨੇ ਖ਼ਾਲਸਾ ਪੰਥ ਵੱਲੋਂ ਕੀਤੇ ਜਾਣ ਵਾਲੇ ਸਾਰੇ ਕੰਮਾਂ ਨੂੰ ਆਪਣੇ

ਹੱਥ ਵਿਚ ਲਿਆ। ਇਸ ਤਰ੍ਹਾਂ ਇਹ ਸਿੱਖਾਂ ਦੀ ਵਾਹਦ ਰਾਜਸੀ ਪਾਰਟੀ ਬਣ ਗਈ ਅਤੇ ਇਕ ਜਥੇਬੰਦੀ ਦਾ ਰੂਪ ਧਾਰ ਗਈ, ਜਿਸ ਦਾ ਮਨੋਰਥ ਧਰਤੀ ਤੋਂ (ਜਿੰਨਾ ਹੋ ਸਕੇ) ਅਨਿਆਂ ਖ਼ਤਮ ਕਰਨਾ ਬਣ ਗਿਆ। ਜਾਤ-ਪਾਤ ਦਾ ਖ਼ਾਤਮਾ ਅਤੇ ਅਨਪੜ੍ਹਤਾ ਦੂਰ ਕਰਨਾ ਵੀ ਇਸ ਦੇ ਨਿਸ਼ਾਨੇ ਬਣ ਗਏ। 1966 ਤਕ ਇਹ ਪਾਰਟੀ ਆਪਣੀ ਹੋਂਦ ਦੇ ਮਨੋਰਥਾਂ ਅਨੁਸਾਰ ਚੱਲਦੀ ਰਹੀ।

ਅੱਜ ਇਸ ਦੇ ਪ੍ਰਭਾਵ ਨੂੰ ਚੋਖਾ ਧੱਕਾ ਲੱਗ ਚੁੱਕਾ ਹੈ, ਕਿਉਂਕਿ ਇਹ ਆਪਸੀ ਵਿਰੋਧ ਦੇ ਗੁਸੇ ਕਈ ਧੜਿਆਂ ਵਿਚ ਵੰਡੀ ਹੋਈ ਹੈ ਤੇ ਹਰ ਧੜੇ ਅੰਦਰ ਹੋਰ ਕਈ ਧੜੇ ਹਨ। ਇਹ ਸਾਰੇ ਧੜੇ ਕੇਵਲ ਇਹ ਦਾਅਵਾ ਕਰ ਸਕਦੇ ਹਨ ਕਿ ਉਨ੍ਹਾਂ ਦੇ ਆਪੇ ਬਣੇ ਪ੍ਰਧਾਨ ਹਨ, ਜਿਨ੍ਹਾਂ ਨੂੰ ਕਿਸੇ ਨੇ ਨਹੀਂ ਚੁਣਿਆ। ਇਹ ਹਾਲਤ ਇਕ ਦੀ ਨਹੀਂ, ਸਾਰਿਆਂ ਧੜਿਆਂ ਦੀ ਹੀ ਹੈ। ਅਕਾਲੀ ਦਲ ਦਾ ਕੋਈ ਸੰਵਿਧਾਨ ਮੌਜੂਦ ਨਹੀਂ ਤੇ ਨਾ ਹੀ ਇਸ ਦੀ ਕੋਈ ਜਾਇਜ਼ ਭਰਤੀ ਹੈ। ਕਿਸੇ ਵੀ ਅਕਾਲੀ ਧੜੇ ਨੇ ਫ਼ੈਸਲੇ ਲੈਣ ਦਾ ਕੋਈ ਸਪੱਸ਼ਟ ਤੇ ਲੋਕਰਾਜੀ ਢੰਗ ਨਹੀਂ ਅਪਣਾਇਆ ਹੋਇਆ। ਉਨ੍ਹਾਂ ਦੀਆਂ ਡੰਗ-ਟਪਾਊ ਨੀਤੀਆਂ, ਮੁਢਲੇ ਆਦਰਸ਼ਾਂ ਤੋਂ ਕਿਨਾਰਾ-ਕਸ਼ੀ ਅਤੇ ਮੁਕਾਬਲੇ-ਬਾਜ਼ੀ ਵਾਲੇ ਮੂੰਹ ਜ਼ਬਾਨੀ ਦਾ 'ਖਾੜਕੂਵਾਦ' ਪੰਜਾਬ ਅਤੇ ਪੰਥ ਲਈ ਸਰਾਪ ਬਣ ਕੇ ਰਹਿ ਗਏ ਹਨ। ਇਹ ਸਾਰੇ ਹੀ ਮਨੋਨੀਤ ਵਰਕਿੰਗ ਕਮੇਟੀਆਂ ਰਾਹੀਂ ਕੰਮ ਚਲਾਉਂਦੇ ਹਨ ਤੇ ਕੋਈ ਵੀ ਗੁੱਟ ਇਸ ਸਥਿਤੀ ਵਿਚ ਨਹੀਂ ਕਿ ਦਲੀਲ ਅਤੇ ਲੋਕਰਾਜੀ ਤਰੀਕਿਆਂ ਅਨੁਸਾਰ ਕੰਮ ਕਰ ਸਕੇ। ਕਿਸੇ ਵੀ ਧੜੇ ਨੂੰ ਪਤਾ ਨਹੀਂ ਕਿ ਮੁਸ਼ਕਲ ਵੇਲੇ ਕੀ ਕੀਤਾ ਜਾਏ। ਅਜਿਹੀ ਹਾਲਤ ਵਿਚ ਉਹ ਕੇਵਲ ਇਕ ਗੱਲ ਹੀ ਸੋਚ ਸਕਦੇ ਹਨ ਤੇ ਉਹ ਹੈ ਆਪਣੇ ਆਪ ਦਾ ਨੁਕਸਾਨ ਕਰਨਾ ਜੋ ਉਨ੍ਹਾਂ ਨੂੰ ਮਨਫ਼ੀ ਸੋਚ ਵੱਲ ਹੀ ਧਕੇਲ ਸਕਦਾ ਹੈ, ਜਿਵੇਂ ਚੋਣਾਂ ਦਾ ਬਾਈਕਾਟ ਕਰਨਾ, ਆਦਿ। ਹਾਲਾਤ ਇਥੋਂ ਤਕ ਖ਼ਰਾਬ ਹੋ ਗਏ ਹਨ ਕਿ ਅਕਾਲ ਤਖ਼ਤ ਵੀ ਇਨ੍ਹਾਂ ਨੂੰ ਏਕੇ ਦੇ ਧਾਗੇ ਵਿਚ ਪ੍ਰੋ ਕੇ ਮਜ਼ਬੂਤ ਜਥੇਬੰਦੀ ਦਾ ਰੂਪ ਦੇਣ ਵਿਚ ਫ਼ੇਲ੍ਹ ਹੋਇਆ ਹੈ।

ਸਾਰੇ ਹੀ ਧੜਿਆਂ ਦੀ ਇਕ ਖ਼ਾਸ ਵਿਲੱਖਣਤਾ ਜੋ ਪਿਛਲੇ ਏਕਤਾ ਯਤਨਾਂ ਤੋਂ ਪਹਿਲਾਂ ਵੇਖਣ ਵਿਚ ਆਈ, ਉਹ ਇਹ ਸੀ ਕਿ ਭਾਵੇਂ ਉਨ੍ਹਾਂ ਕੋਲ ਹੋਰ ਕਾਫ਼ੀ ਸਾਰੇ ਅਹੁਦੇਦਾਰ ਸਨ, ਪਰ ਕਿਸੇ ਇਕ ਕੋਲ ਵੀ ਖ਼ਜ਼ਾਨਚੀ ਨਹੀਂ ਸੀ, ਜੋ ਰਕਮ ਪ੍ਰਾਪਤ ਕਰ ਕੇ ਉਸ ਦਾ ਹਿਸਾਬ ਰੱਖ ਸਕੇ!

ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ, ਜੇ ਅਕਾਲੀ ਦਲ ਨੇ ਆਜ਼ਾਦ ਸਿਖ ਹਸਤੀ ਕਾਇਮ ਰੱਖਣ, ਗੁਰਧਾਮਾਂ ਦੀ ਸੁਤੰਤਰਤਾ ਬਣਾਈ ਰੱਖਣ, ਉਹਨਾਂ ਅੰਦਰ ਦੀ ਪਵਿੱਤਰਤਾ ਦਾ ਖ਼ਿਆਲ ਰੱਖਣ ਅਤੇ ਸਿਖ ਵਿਚਾਰਧਾਰਾ ਦੀ ਵਿਲੱਖਣਤਾ ਬਰਕਰਾਰ ਰੱਖਣ ਦਾ ਆਪਣਾ ਮੁਢਲਾ ਉਦੇਸ਼ ਗਵਾ ਲਿਆ ਹੈ ਅਤੇ ਹੁਣੇ ਪਿੱਛੇ ਜਿਹੇ ਤਾਂ ਧਰਤੀ ਹਿਲਾ ਦੇਣ ਵਾਲੀਆਂ ਕੁਰਬਾਨੀਆਂ ਵੀ ਜਾਂ ਤਾਂ ਅਕਾਲੀ ਵਰਕਰਾਂ ਨੇ ਕੀਤੀਆਂ ਹਨ ਜਾਂ ਗ਼ੈਰ-ਅਕਾਲੀ ਸਿਖ ਲੀਡਰਾਂ ਨੇ ਕੀਤੀਆਂ ਹਨ। ਅਜਿਹੇ ਅਕਾਲੀ ਲੀਡਰ ਜ਼ਿਆਦਾ ਨਹੀਂ, ਜੋ ਅਕਾਲੀ ਦਲ ਕਾਇਮ ਕੀਤੇ ਜਾਣ ਵਾਲੇ ਦਿਨ ਅਕਾਲ ਤਖ਼ਤ ਵੱਲੋਂ ਉਨ੍ਹਾਂ ਲਈ ਤਹਿ ਕੀਤੇ ਕੁਰਬਾਨੀਆਂ ਦੇ ਮਾਰਗ 'ਤੇ ਚੱਲ ਸਕਣ। ਪੰਜਾਬ ਦੇ ਹਿੱਤਾਂ ਦੀ ਰੱਖਿਆ ਕਰਨ ਦੀਆਂ ਅਕਾਲੀ ਰਵਾਇਤਾਂ ਬੀਤੇ ਦੀ ਗੱਲ ਬਣ ਗਈਆਂ ਹਨ। ਪੰਜਾਬ ਦੇ ਦਰਿਆਵਾਂ ਦਾ ਪਾਣੀ ਦੂਜੇ ਰਾਜਾਂ ਵਿਚ ਜਾ ਰਿਹਾ ਹੈ, ਜਦ ਕਿ ਅਕਾਲੀ ਅਜਿਹੇ ਬਿਆਨ ਦੇਣ ਲੱਗੇ ਹੋਏ ਹਨ ਕਿ ਪੰਜਾਬ ਦਾ ਇਕ ਬੂੰਦ ਪਾਣੀ ਵੀ ਗ਼ੈਰ-ਰਾਇਪੇਰੀਅਨ ਰਾਜਾਂ

ਨੂੰ ਨਹੀਂ ਜਾਣ ਦਿੱਤਾ ਜਾਏਗਾ। ਕਰੋੜਾਂ, ਅਰਬਾਂ ਬੂੰਦਾਂ ਪਾਣੀ ਦੀਆਂ ਉਨ੍ਹਾਂ ਰਾਜਾਂ ਨੂੰ ਜਾ ਰਹੀਆਂ ਹਨ ਤੇ ਏਨੇ ਹੀ ਬਿਆਨ ਅਕਾਲੀਆਂ ਦੇ ਹੋਠਾਂ 'ਚੋਂ ਨਿਕਲ ਕੇ ਧਰਤੀ 'ਤੇ ਕਿਰ ਰਹੇ ਹਨ।

ਇਹ ਅਕਾਲੀ ਲੀਡਰਾਂ ਦੀ ਕਮਜ਼ੋਰੀ ਸੀ, ਜਿਸ ਕਾਰਣ ਅਕਾਲੀ ਦਲ 1980 ਵਿਚ ਸੱਤਾ ਤੋਂ ਬਾਹਰ ਰਿਹਾ ਤੇ ਅਜੇ ਤਕ ਵੀ ਰਹਿ ਰਿਹਾ ਹੈ, ਭਾਵੇਂ ਵਿਚ-ਵਿਚਾਲੇ ਥੋੜ੍ਹੇ ਸਮੇਂ ਲਈ ਅਕਾਲੀ ਸਰਕਾਰਾਂ ਬਣਦੀਆਂ ਰਹੀਆਂ ਹਨ। ਸੱਤਾ ਉੱਤੇ ਕਾਬਜ਼ ਹੋਣ ਦੀ 'ਅਸਮਰੱਥਾ' ਨੂੰ ਅਕਾਲੀ 'ਕੁਰਬਾਨੀ' ਕਹਿਣ ਲੱਗ ਪਏ ਹਨ! ਅਕਾਲੀ ਵਰਕਰ ਜੋ ਪਾਰਟੀ ਦੇ ਹੁਕਮ 'ਤੇ ਸੂਬੇ ਲਈ ਤੇ ਇਸ ਦੇ ਲੋਕਾਂ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਂਦੇ ਹਨ, ਉਨ੍ਹਾਂ ਨੂੰ ਇਸ ਤਰ੍ਹਾਂ ਆਪਣੇ ਰਾਜਸੀ, ਸਮਾਜਿਕ ਅਤੇ ਆਰਥਿਕ ਵਿਚਾਰਾਂ ਨੂੰ ਰਾਜਸੀ ਸੱਤਾ ਦੀ ਮਦਦ ਨਾਲ ਅਮਲ ਵਿਚ ਲਿਆਉਣੋਂ ਰੋਕਿਆ ਜਾਂਦਾ ਹੈ। ਅਕਾਲੀ ਰਾਜਨੀਤੀ ਦਾ ਇੱਕੋ ਪੱਖ, ਜਿਸ ਉੱਤੇ ਸਮੇਂ ਦਾ ਕੋਈ ਅਸਰ ਨਹੀਂ ਹੁੰਦਾ, ਉਹ ਹੈ ਅਕਾਲੀ ਲੀਡਰਾਂ ਦੀ ਕੁਰਸੀ ਨਾਲ ਪਕੜ ਅਤੇ ਢੀਠਤਾਈ। ਸਾਡੇ ਕੋਲ ਅਜੇ ਵੀ ਉਹ ਲੀਡਰ ਹਨ, ਜੋ 1970 ਦੇ ਨੇੜੇ-ਤੇੜੇ ਅੱਗੇ ਆਏ, ਜਦ ਕਿ ਸਾਰੀ ਦੁਨੀਆ ਦੀ ਉਸ ਦੌਰ ਦੀ ਲੀਡਰਸ਼ਿਪ ਇਤਿਹਾਸ ਦੇ ਕੂੜੇਦਾਨ ਵਿਚ ਜਾ ਪਈ ਹੈ ਤੇ ਉਹਨਾਂ ਦੇ ਨਾਂ ਜਾਣਨ ਲਈ ਵੀ ਇਤਿਹਾਸ ਦੀਆਂ ਕਿਤਾਬਾਂ ਫੋਲਣੀਆਂ ਪੈਂਦੀਆਂ ਹਨ। ਇਸ ਤਰ੍ਹਾਂ ਪਿਛਲੀਆਂ ਦੋ ਪੀੜ੍ਹੀਆਂ ਦੇ ਤਾਜ਼ਾ ਵਿਚਾਰਾਂ ਤੋਂ ਅਕਾਲੀ ਦਲ ਨੂੰ ਵਾਂਝਾ ਰੱਖਿਆ ਗਿਆ ਹੈ। ਪਿਛਲੀ ਇਕ ਚੌਥਾਈ ਸਦੀ ਵਿਚ ਸੰਸਾਰ ਵੱਲੋਂ ਕੀਤੀ ਤਰੱਕੀ ਨੂੰ ਵੇਖਦਿਆਂ ਲੱਗਦਾ ਹੈ ਕਿ ਸਿਖ ਜਨਤਾ ਨੂੰ ਪੱਥਰ ਯੁਗ ਦੇ ਨੇਤਾ ਅਗਵਾਈ ਦੇ ਰਹੇ ਹਨ।

ਇਸ ਤਰ੍ਹਾਂ ਦੀ ਹਾਲਤ ਵਿਚ ਅਕਾਲੀ ਦਲ ਨਿਕਟ ਭਵਿੱਖ ਵਿਚ ਚੋਣਾਂ ਦੇ ਮੈਦਾਨ ਵਿਚ ਕੁੱਦਣ ਵਾਲਾ ਹੈ। ਆਪਣੀ ਹੋਂਦ ਦੇ 76ਵੇਂ ਸਾਲ ਵਿਚ ਕੀ ਇਹ ਇਤਿਹਾਸ ਸਿਰਜਣ ਦੀ ਆਪਣੀ ਸ਼ਕਤੀ ਗਵਾ ਬੈਠੇਗਾ ? ਜਿਸ ਦਿਨ ਅਜਿਹਾ ਹੋ ਗਿਆ, ਉਹ ਦਿਨ ਪੰਜਾਬ ਦੇ ਇਤਿਹਾਸ ਦਾ ਇਕ ਅਤਿ ਦੁਖਦਾਈ ਦਿਨ ਹੋਵੇਗਾ। ਪਾਤਿਸ਼ਾਹ ਇਨ੍ਹਾਂ ਅਕਾਲੀ ਲੀਡਰਾਂ ਉੱਤੇ ਵੀ ਤਰਸ ਕਰੇ ਤੇ ਉਨ੍ਹਾਂ 'ਤੇ ਵੀ ਜੋ ਇਨ੍ਹਾਂ ਦੀ ਅਗਵਾਈ ਕਬੂਲ ਕਰਦੇ ਹਨ।

ਅਕਾਲੀ ਦਲ ਦਾ ਅਕਾਲ ਚਲਾਣਾ*

ਅਕਾਲੀ ਦਲ ਜਦੋਂ ਪੂਰੇ ਜੋਬਨ 'ਤੇ ਸੀ, ਛਵ੍ਹੀਆਂ ਦੀ ਧਾਰ ਉੱਤੇ ਖੇਡਦਾ ਸੀ। ਰੇਲ ਗੱਡੀਆਂ ਅੱਗੇ ਹਿੱਕਾਂ ਡਾਹੁੰਦਾ ਸੀ। ਮਾਂ-ਬੋਲੀ ਲਈ ਘਾਲਣਾਵਾਂ ਘਾਲਦਾ ਸੀ ਅਤੇ ਇਸ ਦੀ ਜਾਂਬਾਜ਼ੀ ਦੀਆਂ ਹਜ਼ਾਰਾਂ ਕਲਮਾਂ ਆਸ਼ਕ ਸਨ। ਇਸ ਦੇ ਕਾਰਨਾਮੇ ਸੁਨਹਿਰੀ ਅੱਖਰਾਂ ਵਿਚ ਲਿਖ ਲਿਖ ਕੇ ਕਈ ਇਤਿਹਾਸਾਂ ਦੇ ਪੱਤਰੇ ਸ਼ਿੰਗਾਰੇ। ਪੰਜਾਬੀ ਸੂਬਾ ਬਣਨ ਤੋਂ ਬਾਅਦ ਇਹ ਲਗਾਤਾਰ ਨਿਘਰਦਾ ਹੀ ਗਿਆ। ਆਖ਼ਰ ਆ ਗਈ ਅੱਜ ਦੀ ਘੜੀ, ਘੋਰੜੂ ਵੱਜਣ ਦਾ ਸਮਾਂ। ਜੇ ਗ਼ੈਬੋਂ ਕੋਈ ਮੁਅਜਜ਼ਾ ਨਾ ਹੋਇਆ ਤਾਂ ਛੇਤੀ ਕੀਰਤਨ ਸੋਹਿਲਾ ਵੀ ਪੜ੍ਹਿਆ ਜਾਵੇਗਾ।

ਜਦ ਅਕਾਲੀ ਦਲ ਦੀ ਅੱਖ ਖੁੱਲ੍ਹੀ, ਤਦ ਵੀ ਇਹ ਭਰ ਜੋਬਨ ਵਿਚ ਸੀ। ਇਹ ਮਾਝੇ ਦੀ ਧਰਤੀ ਉੱਤੇ ਆਪਣੇ ਜਾਂਬਾਜ਼ ਪਿਤਾ ਕਰਤਾਰ ਸਿੰਘ ਝੱਬਰ ਅਤੇ ਮਾਤਾ ਸੰਘਰਸ਼ ਕੌਰ ਦੀ ਕੁੱਖੋਂ ਪੈਦਾ ਹੋਇਆ। ਉਨ੍ਹਾਂ ਦੋਹਾਂ ਮਿਲ ਕੇ ਇਸ ਨੂੰ ਮੁਕੰਮਲ ਸ਼ਸਤਰਧਾਰੀ ਸੂਰਮੇ ਦੇ ਰੂਪ ਵਿਚ ਪ੍ਰਗਟ ਕੀਤਾ। ਨਾਮਕਰਣ ਤੋਂ ਪਹਿਲਾਂ ਵੀ ਇਹ ਕਈ ਮੱਲਾਂ ਮਾਰ ਚੁੱਕਾ ਸੀ। ਇਸ ਦੇ ਪ੍ਰਗਟ ਹੋਣ ਦਾ ਮਕਸਦ ਕੇਵਲ ਸਿਖ ਹੱਕਾਂ ਲਈ, ਗੁਰਦੁਆਰਿਆਂ ਦੀ ਪਵਿੱਤਰਤਾ ਲਈ ਅਤੇ ਸਰਬੱਤ ਦੇ ਭਲੇ ਲਈ ਦ੍ਰਿੜ੍ਹਤਾ ਨਾਲ ਜੂਝਣਾ ਹੀ ਸੀ। ਇਸ ਨੇ ਪੁਰਾਤਨ ਸਿਖ ਯੋਧਿਆਂ ਦੀ ਮਾਨਸਿਕਤਾ ਪਾਈ ਅਤੇ ਇਹ ਲੋਕ ਹਿੱਤ ਲਈ ਲੜਨ ਦਾ ਆਪਣਾ ਘੇਰਾ ਵਧਾਉਂਦਾ ਗਿਆ। ਜਿਵੇਂ ਕਾਬਲੀ, ਅਫ਼ਗਾਨ ਅਤੇ ਮੁਗ਼ਲ ਬਿੱਲੇ ਇਥੋਂ ਪੂਛੋਂ ਫੜ ਕੇ ਇਸ ਦੇ ਪੂਰਵਜਾਂ ਨੇ ਜੈਜੋਂ ਤੋਂ ਪਾਰ ਚਲਾ ਕੇ ਮਾਰੇ ਸਨ, ਇਸੇ ਤਰ੍ਹਾਂ ਅੰਗਰੇਜ਼ੀ ਬਿੱਲੇ ਨੂੰ ਹਾਲੀਏ ਮੱਖਣ ਖਾਂਦੇ ਨੂੰ ਏਸ ਨੇ ਧੌਣੋਂ ਆ ਫੜਿਆ ਤੇ ਵਗ੍ਹਾ ਕੇ ਸੱਤ ਸਮੁੰਦਰੋਂ ਪਾਰ ਮਾਰਿਆ, ਪਰ ਉਸ ਜਾਂਦੇ ਜਾਂਦੇ ਐਸਾ ਪੈਂਤੜਾ ਮਾਰਿਆ ਕਿ ਇਨ੍ਹਾਂ ਦੇ ਹਿੱਸੇ ਦੀ ਧਰਤੀ ਅੱਧੀ ਏਧਰ ਅੱਧੀ ਉਧਰ ਸੁੱਟ ਕੇ ਉੱਤੇ ਨਹੁੰਦਰ ਨਾਲ ਵਾਹਗਾ ਵਾਹ ਗਿਆ।

ਜੇ ਇਹ ਗੁਆਂਢੀਆਂ ਵਾਂਗ ਅੰਗਰੇਜ਼ਾਂ ਨਾਲ ਬਚਾ ਬਚਾ ਕੇ ਗਤਕਾ ਖੇਡਦਾ, ਦੱਸ ਦੱਸ ਕੇ ਪੋਲੇ ਪੋਲੇ ਵਾਰ ਕਰਦਾ, ਢਾਲ ਉੱਤੇ ਖੁੰਢੀਆਂ ਕਿਰਪਾਨਾਂ ਉਲਾਰਦਾ, ਪਰ ਖਿਡਾਰੀ ਦੇ ਆਂਚ ਨਾ ਆਉਣ ਦਿੰਦਾ ਤਾਂ ਸ਼ਾਇਦ ਇਸ ਨੂੰ ਵੀ ਸਰਦਾਰੀ, ਕਮਜ਼ੋਰ, ਘੱਟ-ਗਿਣਤੀਆਂ ਉੱਤੇ ਧੌਂਸ ਜਮਾਉਣ ਦਾ ਹੱਕ ਮਿਲ ਜਾਂਦਾ। ਜੇ ਇਹ ਦੂਜੇ ਗੁਆਂਢੀ ਵਾਂਗ ਕਾਨੂੰਨੀ ਛੁਰੇ ਹੀ ਤਿੱਖੇ ਕਰੀ ਜਾਂਦਾ ਅਤੇ ਆਖ਼ਰ 'ਸਿੱਧੇ ਹੱਥ' ਕਰਦਾ ਤਾਂ ਇਸ ਨੂੰ ਵੀ ਇਕ ਖ਼ੁਦਮੁਖ਼ਤਿਆਰ ਖਿੱਤਾ ਸਾਹ ਲੈਣ ਲਈ ਮਿਲ ਜਾਣਾ ਸੀ, ਪਰ ਇਹ ਤਾਂ ਖਫਣ ਸਿਰ 'ਤੇ ਬੰਨ੍ਹ ਕੇ ਬਾਜ਼ਾਂ ਵਾਂਗ ਝਪਟਿਆ। ਤਖ਼ਤ ਛੱਡਣ ਵਾਲੇ ਅੰਗਰੇਜ਼ਾਂ ਆਪਣੀ

---

* ਰੋਜ਼ਾਨਾ *ਪੰਜਾਬੀ ਟ੍ਰਿਬਿਊਨ* ਦੇ ਧੰਨਵਾਦ ਸਹਿਤ, 14 ਜਨਵਰੀ, 1999.

ਪਾਰਲੀਮੈਂਟ ਵਿਚ ਆਖਿਆ ਕਿ ਇਹੋ ਜਿਹੇ ਬਹਾਦਰ ਮਰਦੇ ਨਹੀਂ ਹੁੰਦੇ, ਇਹ ਆਪਣੀ ਸੂਰਮਗਤੀ ਨਾਲ ਆਪਣੀ ਥਾਂ ਆਪੇ ਬਣਾ ਲਵੇਗਾ। ਇਹੋ ਗੱਲ ਤਖ਼ਤਾਂ ਉੱਤੇ ਬਹਿਣ ਵਾਲਿਆਂ ਆਖ ਕੇ ਇਸ ਨੂੰ ਤਿਫਲ ਤਸੱਲੀਆਂ ਦਿੱਤੀਆਂ।

ਦੋਹਾਂ ਪਾਸਿਆਂ ਦੀ ਮਾਰ ਤੋਂ ਜਦੋਂ ਇਸ ਨੂੰ ਹੋਸ਼ ਆਈ ਤਾਂ ਸਦੀ ਆਪਣੇ ਸਫ਼ਰ ਵਿਚ ਅੱਧ-ਵਿਚਾਲੇ ਪਹੁੰਚੀ ਹੋਈ ਸੀ। ਅਕਾਲੀ ਦਲ ਨੇ ਵੇਖਿਆ ਕਿ ਜਾਂ ਤਾਂ ਇਹ ਸਿਰ ਸੁੱਟ ਕੇ ਬੀਤੇ ਨੂੰ ਵਿਸਾਰ ਕੇ ਆਪਣੇ ਗੁਰੂ ਸਾਹਿਬਾਨ ਅਤੇ ਲੱਖਾਂ ਸ਼ਹੀਦਾਂ ਦੇ ਅਕੀਦਿਆਂ ਨੂੰ ਤਿਲਾਂਜਲੀ ਦੇ ਕੇ ਹਲ ਦਾ ਮੁੰਨਾ ਫੜ ਸਕਦਾ ਹੈ। ਜਾਂ ਭਲੇ ਦਿਨਾਂ ਦੀ ਉਮੀਦ ਵਿਚ ਮਾੜੀ-ਮੋਟੀ ਹਿਲਜੁਲ ਕਰ ਕੇ ਆਪਣੀਆਂ ਘਾਲਣਾਵਾਂ ਨਾਲ ਮੌਤ ਨੂੰ ਪਰੇ ਧੱਕ ਕੇ ਰੱਖ ਸਕਦਾ ਹੈ। ਇਸ ਅਨੁਸਾਰ ਇਹ ਦੋ ਮਾਨਸਿਕਤਾਵਾਂ ਵਿਚ ਵੰਡਿਆ ਗਿਆ। ਤੀਜਾ ਰਾਹ ਜੋ ਸਪੱਸ਼ਟ ਸੀ, ਇਸ ਨੇ ਅਖ਼ਤਿਆਰ ਨਾ ਕੀਤਾ। ਉਹ ਸੀ ਆਪਣੀ ਨੇਕ-ਨੀਅਤੀ ਦੇ ਪਹਾੜ ਵਿਖਾ ਕੇ ਗੁਆਂਢੀਆਂ ਕੋਲੋਂ ਆਪਣੇ ਹੱਕ ਲੈਣੇ। ਕਮੀ ਸੀ ਸਿਰਫ਼ ਦੂਰ-ਅੰਦੇਸ਼ ਸਿਦਕਵਾਨ ਆਗੂਆਂ ਦੀ ਜੋ ਇਤਿਹਾਸ ਦੀਆਂ ਹਜ਼ਾਰਾਂ ਕਿਤਾਬਾਂ ਤੋਂ ਮਿੱਟੀ ਦੀਆਂ ਮੋਟੀਆਂ ਪਰਤਾਂ ਲਾਹ ਕੇ ਇਸ ਦੇ ਅਨੇਕ ਗੁਣਾਂ ਨੂੰ ਇਉਂ ਪ੍ਰਗਟ ਕਰਦੇ ਕਿ ਇਹ ਹਰ ਇਕ ਦਾ ਮਨ ਮੋਹ ਲੈਂਦਾ ਅਤੇ ਲਾਡਲਾ ਬਣ ਸਦਾ ਖ਼ੁਸ਼ੀਆਂ ਖੇੜਿਆਂ ਵਿਚ ਰਹਿੰਦਾ।

ਓਧਰ ਇਹ ਹਾਲ ਕਿ ਸੱਤਾ ਆ ਗਈ, ਭੂਰੇ ਅੰਗਰੇਜ਼ਾਂ ਦੇ ਹੱਥ। ਫੇਬੀਅਨ ਸ਼ੋਸਲਿਜ਼ਮ ਦੀਆਂ ਚਾਰ ਕਿਤਾਬਾਂ ਪੜ੍ਹ ਕੇ ਉਹ ਪੰਡਿਤ ਬਣ ਬੈਠੇ, ਪਰ ਰਹੇ ਭਾਰਤ ਦੀ ਪੁਰਾਤਨ ਸਭਿਅਤਾ ਤੋਂ ਕੋਰੇ ਨਾ-ਵਾਕਫ਼। ਇਕ ਤਾਂ ਪਹਿਲਾਂ ਹੀ ਕਰੇਲਾ ਸੀ ਫੇਰ ਨੀਮ ਚੜ੍ਹਿਆ। ਇਨ੍ਹਾਂ ਦੇ ਮਾਸਟਰ ਜੀ ਫਿਰਨ ਨੱਥ ਘੜਾਉਣ ਨੂੰ ਅਤੇ ਉਨ੍ਹਾਂ ਦੇ ਪੰਡਿਤ ਜੀ ਫਿਰਨ ਨੱਕ ਵਢਾਉਣ ਨੂੰ। ਉਹ ਆਖਣ ਕਿ ਪਹਿਲਾਂ ਸਿੱਖੀ ਦੀ ਗ਼ੈਰ-ਸੈਕੂਲਰ ਗੱਲ ਛੱਡੋ, ਫੇਰ ਦੱਸੋ। ਇਹ ਨਾ ਤਾਂ ਸਿੱਖੀ ਦੀ ਗੱਲ ਕਰਨ ਨੂੰ ਵੱਡੀ ਸੈਕੂਲਰ ਸੋਚ ਸਾਬਤ ਕਰਨ ਅਤੇ ਨਾ ਹੀ ਉਸ ਤੋਂ ਮੁਨਕਰ ਹੋਣ। ਆਖ਼ਰ ਦੋਹਾਂ ਪਾਸਿਆਂ ਤੋਂ ਦਾਣੇ ਮੁੱਕ ਗਏ। ਓਧਰ ਵੀ ਉਹ ਆਏ, ਜਿਨ੍ਹਾਂ ਲਈ ਨਵਾਂ ਫ਼ੈਸਲਾ ਕਰਨਾ ਸੰਭਵ ਸੀ ਅਤੇ ਏਧਰ ਵੀ ਬੁੱਢੇ ਸ਼ਾਹ ਅਸਵਾਰ ਨੂੰ ਆਪਣਿਆਂ ਘੇਰ ਕੇ ਘੋੜਿਓਂ ਲਾਹ ਸੁੱਟਿਆ।

ਏਧਰ ਬੋਲਬਾਲਾ ਹੋ ਗਿਆ। ਦੋ ਨਵੇਂ-ਨਕੋਰ ਘੁਲਾਟੀਆਂ ਦਾ ਜਿਨ੍ਹਾਂ ਦਾ ਇਕ ਇਕ ਪੈਰ ਓਧਰ ਵੀ ਸੀ। ਇਹ ਸਨ 'ਸਿੱਖੀ-ਸੁੱਖੀ ਦੀ ਗੱਲ ਤੋਂ ਉਚੇਰੇ' ਅਤੇ 'ਫ਼ੀਸਦੀਆਂ' ਦੀ ਇਨ੍ਹਾਂ ਨੂੰ ਪਕੜ ਕੋਈ ਨਾ। ਦੋਵੇਂ ਸੰਤ ਜਿਨ੍ਹਾਂ ਚਿਮਟੇ ਪਕੜ ਗੀਤ ਗਾਏ, ਆਪਣੀਆਂ ਸਾਂਝੀਆਂ ਦੋ 'ਹਿੰਦੂ-ਸਿਖ ਅੱਖਾਂ' ਦੇ। ਬਾਬਿਆਂ ਦੀਆਂ ਚਾਰੋਂ ਅੱਖਾਂ ਬੰਦ ਹੋਣ ਤੋਂ ਬਾਅਦ ਅਕਾਲੀ ਦਲ ਨੂੰ ਸਮਝ ਨਾ ਆਵੇ ਕਿ ਮਾਸਟਰ ਜੀ ਦਾ ਸ਼ਬਦ ਯਾਦ ਰੱਖੀਏ ਕਿ ਬਾਬਿਆਂ ਦਾ ਉਪਦੇਸ਼। ਸਭ ਜਾਣਦੇ ਹਨ ਕਿ ਸਿਧਾਂਤ ਨਾਲ ਸੱਚ ਨਾਲ ਪਰਨਾਏ ਮਾਸਟਰਾਂ ਦੇ ਸਬਕਾਂ ਉੱਤੇ ਪਹਿਰਾ ਦੇਣਾ ਸਿੱਲ੍ਹ ਅਲੂਣੀ ਚੱਟਣਾ ਹੁੰਦਾ ਹੈ। ਸਾਧਾਂ ਦੀ ਕਿਆ ਜ਼ਿੰਦਗੀ; ਸਭ ਤੋਂ ਪੂਜਾ ਕਰਵਾਓ, ਦੁੱਧ-ਮਲਾਈਆਂ ਅਤੇ ਚੋਗਿਆਂ ਹੇਠ ਭਾਵੇਂ ਸੌ ਬਲਾਵਾਂ ਪਾਲੋ। ਇਹ ਬੀਮਾਰੀ ਜੋ ਅੱਜ ਅਕਾਲੀ ਦਲ ਲਈ ਜਾਨ ਲੇਵਾ ਸਿੱਧ ਹੋਈ, ਇਸ ਦੇ ਜਰਾਸੀਮਾਂ ਦੀ ਇਹੋ ਸੰਖੇਪ ਕਹਾਣੀ ਹੈ।

'ਫੇਰ ਮਰਜ਼ ਬੜ੍ਹਤੀ ਗਈ ਜੂੰ ਜੂੰ ਦਵਾ ਕੀ।' ਸਿਆਸਤ ਦਾ ਨਿਸ਼ਾਨਾ ਕੇਵਲ ਸੱਤਾ ਹਾਸਲ ਕਰਨਾ ਰਹਿ ਗਿਆ। ਬਾਹਰੀ ਦਿੱਖ ਬਣ ਗਈ ਕੇਵਲ 'ਪੰਥ ਕੀ ਜੀਤ'

ਦੇ ਨਾਅਰਿਆਂ ਦੀ, ਬਾਣੇ ਦੀ, 'ਝੂਲਤੇ ਨਿਸ਼ਾਨਾਂ ਦੀ,' 'ਪੰਥਕ ਸਰਕਾਰ' ਦੇ ਚੋਗਿਆਂ ਦੀ, ਨੀਲੀਆਂ ਦਸਤਾਰਾਂ, ਖੁੱਲ੍ਹੀਆਂ ਦਾੜ੍ਹੀਆਂ ਦੀ, ਪਰ ਅੰਦਰੋਂ ਕੇਵਲ ਇਹ ਅਹਿਸਾਸ ਕਿ ਕਿਸੇ ਦੇ ਰਹਿਮ ਉੱਤੇ ਚਾਰ ਦਿਨ ਸੱਤਾ ਦੇ ਝੂਟੇ ਲੈਣਾ ਹੀ ਸਿੱਖਾਂ ਦੀ ਕਿਸਮਤ ਵਿਚ ਰਹਿ ਗਿਆ ਹੈ। ਜੇ ਇਨ੍ਹਾਂ ਦੇ ਚੇਲੇ ਸਿਆਣੇ ਹੁੰਦੇ ਤਾਂ ਏਹੋ ਗੱਲ ਖੋਲ੍ਹ ਕੇ ਲੋਕਾਂ ਸਾਹਮਣੇ ਰੱਖਦੇ ਅਤੇ ਆਪਣੀ ਨਿਜੀ ਸਿਆਸਤ ਨੂੰ ਲੋਕਾਂ ਦੀ ਕਸਵੱਟੀ ਉੱਤੇ ਘਸਾ ਕੇ ਖਰਾ ਸੋਨਾ ਸਾਬਤ ਕਰਦੇ, ਪਰ ਏਨਾ ਸਮਾਂ ਹੁੰਦਿਆਂ ਵੀ (1980-1996) ਮਾਨਸਿਕ ਦੁਬਿਧਾ ਦੂਰ ਨਾ ਕੀਤੀ। ਸ਼ਾਇਦ ਏਸ ਨੀਤੀ ਨੂੰ ਖਰਾ ਵੀ ਨਹੀਂ ਸਨ ਸਮਝਦੇ।

ਲੁਕਵੀਂ ਖੇਡ ਵਿੱਚੋਂ ਪੈਦਾ ਹੋਇਆ ਧੜੇਬੰਦੀ ਦਾ ਕੈਂਸਰ। ਇਸ ਦੀ ਅਲਾਮਤ ਇਹ ਸੀ ਕਿ ਅਕਾਲੀ ਦਲ ਦੇ ਨਰੋਏ ਜੁੱਸੇ ਵਿੱਚੋਂ ਇੱਕੋ ਇਕ ਕਰ ਕੇ ਲੋਕ ਪ੍ਰਤੀਨਿਧਤਾ ਦੇ ਸੈੱਲ ਝੜਦੇ ਜਾਣ ਅਤੇ ਨਿਜਵਾਦ ਦਾ ਕੇਵਲ ਇੱਕੋ ਸੈੱਲ ਮੋਟਾ ਹੋਈ ਜਾਵੇ। ਬੜੇ ਬੜੇ (ਕਪੂਰ ਸਿੰਘ ਵਰਗੇ) ਸਿਆਣਿਆਂ ਓਹੜ-ਪੋਹੜ ਕੀਤੀ। ਕਾਬਿਲ ਡਾਕਟਰਾਂ ਚੀਰ-ਫਾੜ ਵੀ ਕੀਤੀ, ਪਰ ਬੀਮਾਰੀ ਘਰ ਕਰ ਚੁੱਕੀ ਸੀ। ਆਖ਼ਰ ਦੋ ਧੜਿਆਂ ਦੇ ਨੁਮਾਇੰਦੇ ਦੋ ਹੀ ਸੈੱਲ ਰਹਿ ਗਏ। ਸਰੀਰ ਕਿੰਨੀ ਕੁ ਦੇਰ ਤਕ ਕੇਵਲ ਦੋ ਸੈੱਲਾਂ ਦੇ ਸਹਾਰੇ ਚੱਲਦਾ। ਹੁਣ ਇਹ ਭਾਣਾ ਵਰਤਣ ਉੱਤੇ ਆ ਗਿਆ ਹੈ। ਇਕ ਸੈੱਲ ਦੂਜੇ ਨੂੰ ਖਾਣ ਲਈ ਝਈਆਂ ਲੈ ਰਿਹਾ ਹੈ।

ਹੁਣ ਸਿਖ ਸੰਗਤਾਂ 'ਤੇ ਪੰਜਾਬ ਨੂੰ ਤਸੱਲੀ ਕਰਨੀ ਚਾਹੀਦੀ ਹੈ ਕਿ ਦੋ ਭੀਮ ਕਾਂਇਆਂ ਸੈੱਲ ਤਾਂ ਕਾਇਮ ਰਹਿਣਗੇ, ਨਵੇਂ ਸੂਰਜ ਵੀ ਉਗਣਗੇ, ਮਸਤ ਹਵਾਵਾਂ ਵੀ ਚੱਲਣਗੀਆਂ, ਕਦੇ ਨਹੀਂ ਦਿਸੇਗਾ ਤਾਂ ਅਕਾਲੀ ਦਲ ਚੱਲਦਾ-ਫਿਰਦਾ ਨਹੀਂ ਦਿਸੇਗਾ। ਵੇਖੋ ਸ਼ਾਇਦ ਕੋਈ ਇਸ ਦੀ ਲਾਵਾਰਿਸ ਲਾਸ਼ ਦਾ ਵਾਰਿਸ ਬਣ ਜਾਵੇ। ਨਹੀਂ ਤਾਂ ਇਸ ਨੂੰ ਸਿਵਿਆਂ ਵਿਚ ਜਾ ਕੇ ਮਰਨਾ ਪਵੇਗਾ ਜਾਂ ਕਿਸੇ ਖਾਕੀ ਵਰਦੀ ਜਾਂ ਘੱਟੋ ਘੱਟ ਖਾਕੀ ਨਿੱਕਰ ਵਾਲੇ ਨੂੰ ਇਸ ਦੀ ਲਾਸ਼ ਉੱਤੇ ਮੋਮ ਜਾਂ ਡੀਜ਼ਲ ਸੁੱਟ ਕੇ ਇਥੇ ਹੀ ਲਾਂਬੂ ਲਾਉਣਾ ਪਵੇਗਾ।

ਜੋ ਵੀ ਹੋਵੇ ਆਪਾਂ ਤਾਂ ਕੇਵਲ ਇਸ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਹੀ ਕਰ ਸਕਦੇ ਹਾਂ। ਜਦੋਂ ਕਦੇ ਘੂਕ ਸੁੱਤੀ ਸਿਖ ਕੌਮ ਨੇ ਅੱਖ ਪੱਟੀ ਤਾਂ ਉਸ ਨੂੰ ਦੋ ਅੱਖਰ ਅਫ਼ਸੋਸ ਦੇ ਵੀ ਆਖ ਦੇਵਾਂਗੇ। ਜੇ ਕੋਈ ਵਾਰਿਸ ਹੁੰਦਾ ਤਾਂ ਇਸ ਨੂੰ ਪੱਗ ਵੀ ਬੰਨ੍ਹਾ ਦਿੰਦੇ। ਆਓ ! ਸੁਹਿਰਦ ਸੱਜਣੋਂ "ਜੈ ਘਰਿ ਕੀਰਤਿ ਆਖੀਐ...॥"

•

ਅਨੰਦਪੁਰ ਸਾਹਿਬ ਦੇ ਮਤੇ ਦੀ ਅਸਲੀਅਤ*

ਪਿੱਛੇ ਜਿਹੇ ਕਈ ਦਹਾਕਿਆਂ ਤੋਂ ਅਕਾਲੀ ਦਲ ਦੇ ਸਲਾਹਕਾਰ ਚਲੇ ਆਉਂਦੇ ਜਸਬੀਰ ਸਿੰਘ ਨੇ ਅਨੰਦਪੁਰ ਸਾਹਿਬ ਦੇ ਮਤੇ ਬਾਰੇ ਇਕ ਲੇਖ ਅਖ਼ਬਾਰ ਵਿਚ ਛਾਪਿਆ। ਇਸ ਲੇਖ ਵਿਚ ਪ੍ਰਮੁਖ ਤੌਰ ਉੱਤੇ ਇਹ ਕੋਸ਼ਿਸ਼ ਕੀਤੀ ਗਈ ਕਿ ਸ਼੍ਰੋਮਣੀ ਅਕਾਲੀ ਦਲ (ਅਜੋਕੀ ਪੰਜਾਬੀ ਪਾਰਟੀ) ਨੂੰ ਅਨੰਦਪੁਰ ਦਾ ਮਤਾ ਕਰਨ ਦੇ 'ਇਲਜ਼ਾਮ' ਤੋਂ ਬਰੀ ਕੀਤਾ ਜਾਵੇ। ਇਸ ਮਕਸਦ ਨੂੰ ਸਾਧਣ ਲਈ ਬੇਵਜ੍ਹਾ ਅਣਖੀ ਅਤੇ ਅਕਲ ਦੇ ਧਨੀ ਸਿਰਦਾਰ ਕਪੂਰ ਸਿੰਘ ਨੂੰ ਅੱਖੜ, ਸ਼ਰਾਬੀ ਅਤੇ ਚਲਾਕ ਸਾਜ਼ਸ਼ੀ ਬਣਾ ਕੇ ਪੇਸ਼ ਕੀਤਾ ਗਿਆ, ਜਿਸ ਨੇ ਧੱਕੇ ਅਤੇ ਹੇਰਾ-ਫੇਰੀ ਨਾਲ ਅਕਾਲੀ ਦਲ ਦੀ ਕਾਰਜਕਾਰਨੀ ਕੋਲੋਂ ਇਸ ਉੱਤੇ ਸਹੀ ਪਵਾ ਲਈ ਸੀ। ਉਪਰੰਤ ਖ਼ਵਾਜ਼ੇ ਦੀ ਗਵਾਹੀ ਡੱਡੂ (ਹਰਪਾਲ ਸਿੰਘ ਪਨੂੰ) ਵੀ ਦੇ ਚੁੱਕਿਆ ਹੈ।

ਇਹ ਤਰਕ ਤੱਥੋਂ ਹੀਣਾ ਅਤੇ ਸੱਚਾਈ ਤੋਂ ਕੋਹਾਂ ਦੂਰ ਹੈ। ਜਿਹੜੇ ਸਿਰਦਾਰ ਕਪੂਰ ਸਿੰਘ ਅਤੇ ਜਨਰਲ ਗੁਰਬਖ਼ਸ਼ ਸਿੰਘ ਬਧਣੀ ਤੋਂ ਸਾਰਾ ਸਾਕਾ ਸੁਣ ਚੁੱਕੇ ਹਨ, ਜਾਣਦੇ ਹਨ ਕਿ ਦਲ ਵੱਲੋਂ ਮਤਾ ਕਰਨ ਦੀ ਪ੍ਰਕਿਰਿਆ ਦੱਸੇ ਨਾਲੋਂ ਮੁੱਢੋਂ ਵੱਖਰੀ ਸੀ। ਇਹ ਫ਼ੈਸਲਾ ਕਰ ਲਿਆ ਗਿਆ ਸੀ ਕਿ ਇਸ ਕਿਸਮ ਦਾ ਪ੍ਰਸਤਾਵ ਵਰਕਿੰਗ ਕਮੇਟੀ ਨੇ ਪ੍ਰਵਾਨ ਕਰਨਾ ਹੈ। ਮੁਢਲੇ ਤੌਰ ਉੱਤੇ ਸਹਿਮਤੀ ਕਰ ਕੇ ਫੇਰ ਖਰੜਾ ਤਿਆਰ ਕਰਨ ਵਾਲੀ ਕਮੇਟੀ ਬਣੀ ਸੀ। ਇਸ ਕਮੇਟੀ ਨੇ ਚੰਡੀਗੜ੍ਹ ਵਿਚ ਕਈ ਮਿਲਣੀਆਂ ਦੌਰਾਨ ਮਤੇ ਦੇ ਤਰਕ ਅਤੇ ਮਤੇ ਦੇ ਵਿਸ਼ੇ ਬਾਰੇ ਆਮ ਸਹਿਮਤੀ ਕਰ ਲਈ ਸੀ। ਕਿਉਂਕਿ ਮਤੇ ਉੱਤੇ ਸਿਰਦਾਰ ਕਪੂਰ ਸਿੰਘ ਦੀ ਸੋਚ ਭਾਰੂ ਸੀ, ਇਸ ਵਾਸਤੇ ਇਸ ਦੀ ਸ਼ਬਦਾਵਲੀ ਘੜਨ ਲਈ ਵੀ ਸਿਰਦਾਰ ਨੂੰ ਬੇਨਤੀ ਕੀਤੀ ਗਈ ਸੀ।

ਇਸ 'ਅਕਲ ਦੇ ਕੋਟ' ਪੂਰਨ ਗੁਰਸਿੱਖ ਨੇ ਬੜਾ ਸੋਧ ਸਵਾਰ ਕੇ ਇਕ ਮਤਾ ਦਲ ਦੀ ਮਨਸ਼ਾ ਅਨੁਸਾਰ ਬਣਾਇਆ। ਇਹ ਕਾਗ਼ਜ਼ਾਤ ਉਨ੍ਹਾਂ ਆਖ਼ਰ ਇਸ ਲੇਖ ਦੇ ਲੇਖਕ ਨੂੰ ਦੇ ਦਿੱਤੇ, ਜੋ ਉਸ ਨੇ ਗੁਰਮੁਖ ਦੀ ਹੱਥ-ਲਿਖਤ ਨੂੰ ਅਮੁੱਲ ਖ਼ਜ਼ਾਨਾ ਸਮਝ ਕੇ ਅੱਜ ਤਕ ਸਾਂਭੇ ਹੋਏ ਹਨ। ਇਸ ਅਸਲ ਨੂੰ ਅਨੰਦਪੁਰ ਸਾਹਿਬ ਵਿਚ ਹੋਈ ਦਲ ਦੀ ਕਾਰਜਕਾਰਨੀ ਦੀ ਮਿਲਣੀ ਵਿਚ ਪੇਸ਼ ਕੀਤਾ ਗਿਆ ਅਤੇ ਇੰਨ-ਬਿੰਨ ਉਸੇ ਤਰ੍ਹਾਂ ਮੀਟਿੰਗ ਦੇ ਕਾਰਵਾਈ ਰਜਿਸਟਰ ਵਿਚ ਚੜ੍ਹਾਇਆ ਗਿਆ। ਆਖ਼ਰ ਕਾਰਜਕਾਰਨੀ ਦੇ ਮੈਂਬਰਾਂ ਨੇ ਰਜਿਸਟਰ ਉੱਤੇ ਇਕੋ ਵੇਲੇ ਦਸਤਖ਼ਤ ਕੀਤੇ। ਪੌਣੇ ਦੋ ਦਿਨ ਦੀ ਵਿਚਾਰ ਤੋਂ ਬਾਅਦ ਇਸ ਉੱਤੇ ਦਿਨ ਛਿਪੇ ਤੋਂ ਬਾਅਦ ਜਾ ਕੇ ਦਸਤਖ਼ਤ ਹੋਏ ਸਨ।

---

* ਜਸਬੀਰ ਸਿੰਘ ਆਹਲੂਵਾਲੀਏ ਦੁਆਰਾ 'ਅਨੰਦਪੁਰ ਸਾਹਿਬ ਦੇ ਮਤੇ' ਬਾਰੇ ਗ਼ਲਤ ਬਿਆਨੀਆਂ ਨੂੰ ਇਤਿਹਾਸਕ ਪਰਿਪੇਖ ਵਿਚ ਨਜਿਠਦਾ ਇਹ ਲੇਖ 27 ਅਗਸਤ, 2000 ਨੂੰ *ਪੰਜਾਬੀ ਟ੍ਰਿਬਿਊਨ* ਵਿਚ ਛਪਿਆ।

ਸਮਾਂ ਪਾ ਕੇ ਇਹ ਰਜਿਸਟਰ ਤਲਵੰਡੀ ਦਲ ਦੇ ਕੋਲ ਰਹਿ ਗਿਆ। ਇਸ ਨੂੰ ਤੁਹਾਡੇ ਲੇਖਕ ਨੇ ਦੋ ਤਿੰਨ ਵਾਰ ਤਲਵੰਡੀ ਦਲ ਦੇ ਸਕੱਤਰ ਡਾਕਟਰ ਭਗਤ ਸਿੰਘ ਕੋਲ ਵੇਖਿਆ ਸੀ। ਇਸ ਦਲ ਵਾਲਿਆਂ ਇਲਾਕੇ ਵਾਲੀ ਮੱਦ ਵਿਚ ਉੱਤਰ ਪ੍ਰਦੇਸ਼ ਦੀ ਤਰਾਈ ਨੂੰ ਪੰਜਾਬੀ ਬੋਲਦੇ ਇਲਾਕੇ ਵਜੋਂ ਸ਼ਾਮਿਲ ਕਰ ਕੇ ਆਪਣਾ ਵੱਖਰਾ ਅਨੰਦਪੁਰ ਸਾਹਿਬ ਦਾ ਮਤਾ ਬਣਾ ਲਿਆ ਸੀ ਜਿਸ ਦੀ ਪ੍ਰਾਪਤੀ ਲਈ ਇਸ ਦਲ ਨੇ ਦਿੱਲੀ ਵਿਚ ਬੀਬੀ ਨਿਰਲੇਪ ਕੌਰ ਅਤੇ ਬਾਬਾ ਵਿਰਸਾ ਸਿੰਘ ਦੀ ਮਦਦ ਨਾਲ ਮੋਰਚਾ ਲਾਈ ਰੱਖਿਆ ਸੀ।

ਮਤੇ ਦਾ ਮੂਲ ਤਰਕ ਇਹ ਹੈ ਕਿ "ਸਿਖ 1699 ਵਿਚ ਖ਼ਾਲਸਾ ਸਾਜਣ ਦੇ ਸਮੇਂ ਤੋਂ ਹੀ ਸੰਪੂਰਨ ਪ੍ਰਭੂਸੱਤਾ ਧਾਰਨ ਦੇ ਅਧਿਕਾਰੀ ਹਨ। ਇਨ੍ਹਾਂ 18ਵੀਂ ਸਦੀ ਵਿਚ ਸ਼ਾਹੀ ਹਾਸਲ ਕੀਤੀ ਅਤੇ ਇਨ੍ਹਾਂ ਦੇ ਇਸ ਰੁਤਬੇ ਨੂੰ ਯੂਰਪ ਅਤੇ ਏਸ਼ੀਆ ਦੀਆਂ ਵੱਡੀਆਂ ਤਾਕਤਾਂ ਫ਼ਰਾਂਸ, ਚੀਨ, ਆਦਿ ਨੇ ਪ੍ਰਵਾਨ ਕੀਤਾ। ਸੰਸਾਰ ਪ੍ਰਵਾਣਿਤ ਸਿਆਸੀ ਰੀਤ ਅਨੁਸਾਰ, ਸਿਖ ਅੱਜ ਵੀ ਪੂਰਨ ਸ਼ਾਹੀ ਹੰਢਾਉਣ ਦੇ ਮੁਕੰਮਲ ਅਧਿਕਾਰੀ ਹਨ। ਇਨ੍ਹਾਂ ਨੂੰ ਝਾਂਸਾ ਦੇ ਕੇ ਵੱਡਾ ਦਗ਼ਾ ਕਰ ਕੇ ਅਥਾਹ ਸਭਿਆਚਾਰਕ ਬਹੁ-ਗਿਣਤੀ ਸ਼ਾਹੀ ਮਾਣਨ ਦੇ ਜਨਮ ਸਿੱਧ ਅਧਿਕਾਰਾਂ ਤੋਂ ਵਾਂਝਾ ਕਰ ਚੁੱਕੀ ਹੈ।

"ਹੁਣ ਇਸ ਬਹੁ-ਗਿਣਤੀ ਦੀ ਸਿਖ ਧਰਮ ਨੂੰ ਖੋਰਾ ਲਾ ਕੇ ਸਿੱਖਾਂ ਨੂੰ ਹਿੰਦੂਤਵ ਦੇ ਗਹਿਰੇ ਸਾਗਰ ਵਿਚ ਸਮਾ ਲੈਣ ਦੀ ਬਦਨੀਤੀ ਜ਼ਾਹਿਰ ਹੋ ਚੁੱਕੀ ਹੈ ਅਤੇ ਸਿਖ ਇਸ ਦਾ ਭਰਪੂਰ ਵਿਰੋਧ ਕਰਦੇ ਹੋਏ ਜਿਊਣਾ ਚਾਹੁੰਦੇ ਹਨ। ਇਸ ਲਈ ਹਿੰਦੁਸਤਾਨ ਵਿਚ ਇਨ੍ਹਾਂ ਨੇ ਸ਼ਾਹੀ ਮਾਣਨ ਦੇ ਹੱਕਾਂ ਨੂੰ ਮਾਨਤਾ ਦੇ ਕੇ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਕਰ ਕੇ, ਇਸ ਸੂਬੇ ਨੂੰ ਜਗਤ ਦੀ ਲੋਕਰਾਜੀ ਰੀਤ ਅਨੁਸਾਰ ਆਪਣਾ ਸੰਵਿਧਾਨ ਆਪ ਘੜਨ ਦਾ ਮੁਢਲਾ ਹੱਕ ਕਾਨੂੰਨੀ ਤੌਰ 'ਤੇ ਤਸਲੀਮ ਕੀਤਾ ਜਾਵੇ।

"ਕਿਉਂਕਿ ਸਿਖ ਭਾਰਤ ਦੀ ਏਕਤਾ, ਅਖੰਡਤਾ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ, ਇਸ ਲਈ ਸੁਰੱਖਿਆ, ਆਵਾਜਾਈ, ਬਹਰੂਨੀ ਮੁਆਮਲੇ ਅਤੇ ਕਰੰਸੀ ਦੇ ਮਹਿਕਮੇ ਕੇਂਦਰ ਸਰਕਾਰ ਕੋਲ ਰਹਿਣ ਦਿੱਤੇ ਜਾਣ ਨੂੰ ਪ੍ਰਵਾਨ ਕਰਦੇ ਹਨ। ਬਾਕੀ ਸਾਰੇ ਅਧਿਕਾਰ, ਜੋ ਪੰਜਾਬ ਕੋਲੋਂ ਧੋਖੇ ਨਾਲ, ਧੱਕੇ ਨਾਲ, ਬਦਨੀਅਤ ਅਧੀਨ ਖੋਹੇ ਗਏ ਹਨ, ਸੂਬੇ ਨੂੰ ਵਾਪਸ ਕੀਤੇ ਜਾਣ। ਸਾਹਿਬ ਦਸਵੇਂ ਪਾਤਿਸ਼ਾਹ, ਨੀਲੇ ਦੇ ਸ਼ਾਹ ਅਸਵਾਰ ਦੇ ਓਟ ਆਸਰੇ, ਸਿਖ ਇਹ ਉਪਰੋਕਤ ਹੱਕ ਪ੍ਰਾਪਤ ਕਰਨ ਲਈ ਯਤਨਸ਼ੀਲ ਅਤੇ ਨੇਮਬੱਧ ਹਨ।"

ਇਹ ਮਤਾ ਹੋ ਗਿਆ। ਖ਼ਾਸ ਕਰਕੇ ਇਸ ਲਈ ਕਿ ਸਿਰਦਾਰ ਦੇ ਉੱਤਮ ਤਰਕ ਦੀ ਕੋਈ ਬਾ-ਦਲੀਲ ਕਾਟ ਸੰਭਵ ਨਹੀਂ ਸੀ। ਸੰਗਤ ਦੀ ਕਚਹਿਰੀ ਵਿਚ ਇਸ ਤੋਂ ਘੱਟ ਕੁਝ ਵੀ ਪ੍ਰਵਾਨ ਨਹੀਂ ਸੀ। ਪਰੰਤੂ ਅਕਾਲੀ ਦਲ ਵਿਚ ਅਸਲ ਸੱਤਾਧਾਰੀ ਪਰਦੇ ਦੇ ਪਿੱਛੋਂ ਤਾਰਾਂ ਹਿਲਾਉਣ ਵਾਲੇ, ਖੰਜਰ ਮਾਰ ਕੇ ਧਾਹਾਂ ਮਾਰਨ ਵਾਲਿਆਂ ਵਿਚ ਸ਼ਾਮਿਲ ਹੋਣ ਵਾਲੇ ਨਹੀਂ ਸਨ ਚਾਹੁੰਦੇ ਕਿ ਅਸਲ ਸਿਖ ਵਿਚਾਰਧਾਰਾ ਏਨੇ ਬਲਵਾਨ ਤਰਕ ਦੇ ਮੋਢੀਂ ਚੜ੍ਹ ਕੇ ਜਨਤਾ ਦੀ ਕਚਹਿਰੀ ਵਿਚ ਗੂੰਜੇ। ਅੱਜ ਵੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਨਕਾਰਨ, ਇਸ ਨੂੰ ਉਜੱਡ ਅੱਖੜ ਦਿਮਾਗ਼ਾਂ ਦੀ ਕਾਢ ਨਸ਼ਰ ਕਰਨ ਵਾਲੇ ਅਤੇ ਉਨ੍ਹਾਂ ਦੇ ਬੁਰਕਾਧਾਰੀ ਮਾਲਕ ਨਹੀਂ ਚਾਹੁੰਦੇ ਕਿ ਇਸ ਮਤੇ ਨਾਲ ਉਨ੍ਹਾਂ ਦਾ ਕੋਈ ਸੰਬੰਧ ਪ੍ਰਗਟ ਹੋਵੇ। ਇਸ ਕਾਰਣ ਤਰਕਹੀਣ, ਤੱਥਹੀਣ, ਤਾਲੋਂ-ਖੁਥੇ ਅਤੇ ਸਾਲਾਂ ਬੇਹੇ ਲੇਖ ਦੁਬਾਰੇ ਤਿਬਾਰੇ ਛਪਵਾਏ ਜਾ ਰਹੇ ਹਨ।

ਗਿਆਨੀ ਜੋਗਿੰਦਰ ਸਿੰਘ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਸੰਵਿਧਾਨ ਸੋਧਕ

ਕਮੇਟੀ ਅੱਗੇ ਸਿਖ ਪੱਖ ਪੇਸ਼ ਕਰਨ ਦੇ ਹੁਕਮ ਨੇ ਵੀ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਦੇ ਦਿੱਤੀ ਹੈ। ਗਿਆਨੀ ਜੀ ਸਮੇਤ ਸਾਰੇ ਸਿੱਖਾਂ ਨੇ ਅਜੇ ਤਕ ਅਸਲ ਹਾਲਤ, ਕਿ ਮੋਗਾ ਕਾਨਫ਼ਰੰਸ ਦੇ ਸਮੇਂ ਤੋਂ ਬਾਦਲ ਦਲ (ਟੌਹੜਾ ਸਮੇਤ) ਸਿੱਖੀ ਸਰੂਪ ਅਤੇ ਸਿਆਸੀ ਵਿਚਾਰਧਾਰਾ ਨੂੰ ਮੁਕੰਮਲ ਤਿਲਾਂਜਲੀ ਦੇ ਚੁੱਕੇ ਹਨ, ਸਦਾ ਲਈ ਤਿਆਗ ਚੁੱਕੇ ਹਨ, ਨੂੰ ਸਮਝਣਾ ਹੈ। ਹੁਣ ਇਹ ਬੇਦਾਵੀਏ ਕਦੇ ਵੀ ਸਿਆਸੀ ਤੌਰ 'ਤੇ ਗੁਰੂ ਵੱਲ ਮੂੰਹ ਨਹੀਂ ਕਰਨਗੇ, ਨਾ ਕਿਤੇ ਸਿਖ ਪੱਖ ਪੇਸ਼ ਕਰਨਗੇ। ਸਾਰੇ ਅਕਾਲੀ ਧੜੇ ਹੁਣ ਆਪਣੇ ਆਪ ਨੂੰ ਸਿਖ ਸਿਆਸੀ ਵਿਚਾਰਧਾਰਾ ਤੋਂ ਬਹੁਤ ਦੂਰ ਹੋ ਗਏ ਪ੍ਰਗਟ ਕਰਨ ਲਈ ਉਤਾਵਲੇ ਹਨ। ਵੋਟਾਂ ਵਾਲੇ ਇਕ ਦਿਨ ਸਿੱਖਾਂ ਨੂੰ ਭਰਮਾਉਣ ਲਈ ਨੀਲੀਆਂ ਪੱਗਾਂ ਬੰਨ੍ਹੀ ਰੱਖਣਾ, ਇਨ੍ਹਾਂ ਦੀ ਸਿਆਸੀ ਮਜਬੂਰੀ ਹੈ, ਇਨ੍ਹਾਂ ਦਾ ਰੋਜ਼ੀ-ਰੋਟੀ ਚੱਲਦੇ ਰੱਖਣ ਦਾ ਸਾਧਨ ਹੈ।

ਅਨੰਦਪੁਰ ਸਾਹਿਬ ਦੇ ਮਤੇ ਬਾਰੇ 1973 ਵਿਚ ਹੀ ਚਰਚਾ ਸ਼ੁਰੂ ਹੋ ਗਈ ਸੀ ਅਤੇ ਉਦੋਂ ਹੀ ਇਕ ਖ਼ਾਸ ਅਕਾਲੀ ਗਰੁੱਪ ਦੇ ਇਸ ਤੋਂ ਦੂਰੀ ਜ਼ਾਹਿਰ ਕਰਨ ਦੀਆਂ ਅਲਾਮਤਾਂ ਪ੍ਰਗਟ ਹੋਣ ਲੱਗ ਪਈਆਂ ਸਨ। ਇਨ੍ਹਾਂ ਇਕ ਤਾਂ ਇਸ ਮਤੇ ਬਾਰੇ ਗੂੰਗਿਆਂ ਨੂੰ ਮਾਤ ਪਾਉਣ ਵਾਲੀ ਚੁੱਪ ਸਾਧ ਲਈ ਅਤੇ ਦੂਜੇ ਇਸ ਵਿਚ ਮੁਲੰਮਾ ਆਦਿ ਮਿਲਾ ਕੇ ਇਸ ਦੀ ਨੁਹਾਰ, ਦਿੱਖ ਅਤੇ ਸਮਰੱਥਾ ਖ਼ਤਮ ਕਰਨ ਦੀ ਨੀਤੀ ਘੜ ਲਈ ਸੀ। 1978 ਵਾਲੇ ਅਕਾਲੀ ਦਲ ਦੇ ਲੁਧਿਆਣਾ ਇਕੱਠ ਵੇਲੇ ਇਸ ਅਮਲ ਨੇ ਅਸਾਧਾਰਣ ਤੇਜ਼ੀ ਫੜੀ। ਉਦੋਂ ਤਕ ਇਹ ਮਤਾ ਕੇਵਲ ਅਕਾਲੀ ਦਲ ਦੀ ਕਾਰਜਕਾਰਨੀ ਭਰ ਦਾ ਹੀ ਮਤਾ ਸੀ। ਹੁਣ ਅਕਾਲੀ ਦਲ ਦੀ ਜਨਰਲ ਮੀਟਿੰਗ ਹੋਣ ਚੱਲੀ ਸੀ ਅਤੇ ਇਸ ਨੂੰ ਹਰ ਹੀਲੇ ਬੰਨੇ ਲਾਉਣਾ ਜਗਤ ਹਸਾਈ ਰੋਕਣ ਪੱਖੋਂ ਲਾਜ਼ਮੀ ਸੀ।

ਉਸ ਵੇਲੇ ਸਾਰੇ ਪ੍ਰਮੁੱਖ ਅਕਾਲੀ ਨੇਤਾਵਾਂ ਦਾ ਨੇਤਾ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਸੀ। ਇਹ ਸਾਰਾ ਲਾਣਾ ਉਸ ਨੂੰ ਆਪਣਾ ਸਿਆਸੀ ਗੁਰੂ ਮੰਨਦਾ ਸੀ ਅਤੇ ਬੜੇ ਅਦਬ ਨਾਲ, ਮੁਕੰਮਲ ਹਲੀਮੀ ਨਾਲ ਗੁਰੂ ਜੀ ਕਹਿ ਕੇ ਸੰਬੋਧਨ ਕਰਦਾ ਹੁੰਦਾ ਸੀ। ਇਨ੍ਹਾਂ ਅਨੰਦਪੁਰ ਮਤੇ ਦੇ ਭੂਲ-ਭਲਈਆਂ ਵਿੱਚੋਂ ਨਿਕਲਣ ਲਈ ਉਸ ਦੀ ਸ਼ਰਨ ਲਈ। ਉਸ ਨੇ ਇਨ੍ਹਾਂ ਨੂੰ ਇਸ ਮਤੇ ਉੱਤੇ ਆਧਾਰਿਤ 'ਪਾਲਿਸੀ ਪ੍ਰੋਗਰਾਮ' ਉਲੀਕ ਕੇ ਉਸ ਨੂੰ ਬੇਪਛਾਣ ਕਰਨ ਦੀ ਸਲਾਹ ਦਿੱਤੀ, ਕਿਉਂਕਿ ਜੇ ਇਹ ਮਤੇ ਨੂੰ ਉੱਕਾ ਹੀ ਵਿਸਾਰ ਦਿੰਦੇ ਤਾਂ ਸਿਖ ਸੰਗਤਾਂ ਨੇ ਇਨ੍ਹਾਂ ਨੂੰ ਬੇਦਾਵੀਏ ਆਖਣ ਲੱਗ ਪੈਣਾ ਸੀ। ਮਤਾ ਲਿਖਣ ਵਾਲਾ ਸਿਰਦਾਰ ਅਜੇ ਨੌ-ਬਰ-ਨੌ ਸੀ ਅਤੇ ਉਸ ਦੇ ਇਕ ਇਕ ਪ੍ਰਵਚਨ ਨੂੰ ਸਿਖ ਕੌਮ ਇਲਾਹੀ ਫ਼ੁਰਮਾਨ ਸਮਝ ਕੇ ਕਬੂਲ ਕਰਦੀ ਸੀ।

ਇਸ ਕਾਰਣ ਮੂਲ ਮਤੇ ਦੇ ਪ੍ਰਚੰਡ ਤੇਜ ਨੂੰ ਢੈਲਾ ਕਰਨ ਲਈ, ਇਨ੍ਹਾਂ 'ਅਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪਾਲਿਸੀ ਪ੍ਰੋਗਰਾਮ ਦਾ ਖਰੜਾ' ਤਿਆਰ ਕੀਤਾ। ਇਸ ਵਿਚ ਆਰਥਿਕ, ਸਮਾਜਿਕ, ਮਜ਼ਦੂਰ ਮਸਲਿਆਂ ਨੂੰ ਰਲਗਡ ਕਰ ਕੇ ਸਿਰਦਾਰ ਦੀ ਸਿੱਖਾਂ ਪ੍ਰਤੀ ਸਪੱਸ਼ਟ ਸੋਚ ਨੂੰ ਗੰਧਲਾ ਕੀਤਾ ਗਿਆ ਤਾਂਕਿ ਸਿਖ ਸਿੰਘਨਾਦ ਲੋਕਾਂ ਵਿਚ ਅਸਰਹੀਣ ਹੋ ਕੇ ਰਹਿ ਜਾਵੇ। ਇਸ ਮਕਸਦ ਨੂੰ ਸਿਰੇ ਚਾੜ੍ਹਨ ਲਈ ਬਲਵੰਤ ਸਿੰਘ ਵਿੱਤ ਮੰਤਰੀ ਰਾਹੀਂ ਡਾਕਟਰ ਅਤਰ ਸਿੰਘ ਨੂੰ ਪ੍ਰੇਰਿਆ ਗਿਆ, ਜੋ ਖੱਬੇ-ਪੱਖੀ ਸਿਖ ਚਿੰਤਕ ਪ੍ਰਵਾਨ ਸੀ। ਮੁਢਲੀ 'ਸੋਧ ਕਮੇਟੀ' ਦੀ ਇਕ ਮੀਟਿੰਗ ਵਿਚ ਤੁਹਾਡੇ ਅੱਜ ਦੇ ਲੇਖਕ ਨੂੰ ਵੀ ਬੁਲਾਇਆ ਗਿਆ। ਬਲਵੰਤ ਸਿੰਘ ਨੇ ਆਖਿਆ ਕਿ "ਅਸੀਂ ਕੇਵਲ ਪੰਜਾਬ ਲਈ ਵਿਸ਼ੇਸ਼ ਅਧਿਕਾਰ ਮੰਗੀਏ ਚੰਗਾ ਨਹੀਂ ਲੱਗਦਾ। ਸਿਖ ਤਾਂ

ਸਰਬੱਤ ਦਾ ਭਲਾ ਚਾਹੁੰਦੇ ਹਨ। ਇਸ ਲਈ ਸਾਨੂੰ ਬਾਕੀ ਸਾਰੇ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਕਰਨੀ ਬਣਦੀ ਹੈ।"

ਇਸ ਦਾ ਸਪੱਸ਼ਟ ਉੱਤਰ ਇਹੋ ਸੀ ਕਿ ਤੁਸੀਂ ਪੰਜਾਬ ਦੇ ਨੁਮਾਇੰਦੇ ਹੋ ਨਾ ਕਿ ਸਾਰੇ ਬਾਕੀ ਸੂਬਿਆਂ ਦੇ। ਦੂਸਰਾ ਜੁਆਬ ਸੀ ਕਿ ਤੁਸੀਂ ਸਿਖ ਸਿਆਸੀ ਜਮਾਤ ਦੇ ਹੋ ਅਤੇ ਸਿਖ ਲੋਕਾਂ ਦਾ ਇਤਿਹਾਸ ਦੇ ਪੱਖੋਂ ਬੜਾ ਮਜ਼ਬੂਤ ਕੇਸ ਹੈ, ਜਿਸ ਨੂੰ ਅਸਲ ਮਤੇ ਵਿਚ ਮੁਕੰਮਲ ਯੋਗਤਾ ਨਾਲ ਉਭਾਰਿਆ ਗਿਆ ਹੈ। ਇਹ ਵੀ ਕਹਿਣਾ ਬਣਦਾ ਸੀ ਕਿ ਜੇ ਦੂਜੇ ਸੂਬੇ ਆਖਣ ਕਿ ਅਸੀਂ ਤੁਹਾਨੂੰ ਆਪਣੇ ਅਧਿਕਾਰ ਪ੍ਰਾਪਤ ਕਰਨ ਲਈ ਸੁਯੋਗ ਵਕੀਲ ਨਹੀਂ ਸਮਝਦੇ ਤਾਂ ਤੁਸੀਂ ਕੀ ਉੱਤਰ ਦਿਓਗੇ ? ਏਨੀਆਂ ਗੱਲਾਂ ਇੰਨੇ ਸਪੱਸ਼ਟ ਲਹਿਜੇ ਵਿਚ ਕੌਮ ਵੇਚਣ ਦੇ ਰਾਹ ਤੁਰੇ ਹਾਕਮ ਲੋਕ ਕਦੋਂ ਸੁਣਦੇ ਹਨ ? ਅੱਜ ਦੇ ਲੇਖਕ ਨੂੰ ਇਸ ਤੋਂ ਬਾਅਦ ਹੋਈ ਕਿਸੇ ਮਿਲਣੀ ਵਿਚ ਸ਼ਾਮਿਲ ਨਾ ਕੀਤਾ ਗਿਆ।

ਇਸ ਪ੍ਰਕਿਰਿਆ ਵਿੱਚੋਂ ਹੋ ਕੇ ਨਿਕਲੇ 'ਪਾਲਿਸੀ ਪ੍ਰੋਗਰਾਮ ਦੇ ਖਰੜੇ' ਨੇ ਅਸਲ ਮਤੇ ਨੂੰ ਬਿਲਕੁਲ ਬੇਪਛਾਣ ਕਰ ਦਿੱਤਾ। 'ਮਜ਼ਦੂਰਾਂ ਨੂੰ ਪੂਰੀ ਮਜ਼ਦੂਰੀ ਮਿਲੇ, ਕਿਸਾਨਾਂ ਨੂੰ ਫ਼ਸਲਾਂ ਦੇ ਚੰਗੇ ਭਾਅ ਮਿਲਣ, ਆੜ੍ਹਤੀਆਂ ਦੀ ਆਮਦਨ ਦੂਗਣੀ ਹੋਵੇ' ਆਦਿ ਮੱਦਾਂ ਵਿਚ ਟੋਟੇ ਟੋਟੇ ਕਰ ਕੇ ਦਫ਼ਨ ਕਰ ਦਿੱਤਾ ਗਿਆ। ਅਸਲ ਇਕ ਸਫ਼ੇ ਦਾ ਮਤਾ ਇਸ ਵਿਚ ਮਿਲਦਾ ਹੈ, ਪਰੰਤੂ ਕਈ ਪੰਨਿਆਂ ਤੋਂ ਚੁੱਕ ਕੇ ਪਿੰਜਰ ਬਣਾਉਣ ਲਈ ਅਸਥੀਆਂ ਨੂੰ ਥਾਂ ਸਿਰ ਜੋੜਨਾ ਪੈਂਦਾ ਹੈ। 'ਖ਼ਾਲਸਾ ਜੀ ਕੇ ਬੋਲ ਬਾਲੇ' ਵਾਲਾ ਵਾਕ ਇਸ ਵਿਚ ਸਿੱਖਾਂ ਨੂੰ ਖ਼ੁਸ਼ ਕਰਨ ਲਈ ਜੋੜ ਦਿੱਤਾ ਗਿਆ। ਇਸ ਨੂੰ ਆਧਾਰ ਬਣਾ ਕੇ ਜੋ ਨਫ਼ਰਤ ਦੀ ਹਨੇਰੀ ਸਿੱਖਾਂ ਵਿਰੁੱਧ ਉਠਾਈ ਗਈ, ਉਸ ਤੋਂ ਸਾਰਾ ਸੰਸਾਰ ਅੱਜ ਵਾਕਫ਼ ਹੈ।

ਇਸ ਮਿਲਗੋਭੇ ਖਰੜੇ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਅਸਲ ਅਨੰਦਪੁਰ ਸਾਹਿਬ ਦਾ ਮਤਾ ਪ੍ਰਚਾਰਿਆ ਗਿਆ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਵੀ ਇਸ ਦੀ ਨਕਲ ਉੱਤੇ ਦਸਤਖ਼ਤ ਕਰ ਕੇ, ਅਸਲ ਬਣਾ ਕੇ ਇੰਦਰ ਕੁਮਾਰ ਗੁਜਰਾਲ ਵਗ਼ੈਰਾ ਨੂੰ ਮੋਰਚੇ ਦੌਰਾਨ ਦਿੱਤਾ। ਅੱਜ ਵੀ ਅਸਲ ਸਿਖ ਸਿਆਸੀ ਸਿਧਾਂਤ ਨੂੰ ਨਜ਼ਰਾਂ ਤੋਂ ਓਹਲੇ ਕਰੀ ਰੱਖਣ ਲਈ ਇਸ ਨੂੰ ਵਰਤਿਆ ਜਾ ਰਿਹਾ ਹੈ ਅਤੇ ਸਿਰਦਾਰ ਉੱਤੇ ਕਈ ਪੱਖਾਂ ਤੋਂ ਤਾਬੜ ਤੋੜ ਹਮਲੇ ਕੀਤੇ ਜਾ ਰਹੇ ਹਨ।

1983 ਵਿਚ ਸੁਰਜੀਤ ਸਿੰਘ ਬਰਨਾਲਾ ਨੇ ਬਲਵੰਤ ਸਿੰਘ, ਅਤਰ ਸਿੰਘ ਵਾਲੀ ਕਾਰਵਾਈ ਦੀ ਅਸਲ ਮਿਸਲ ਤੁਹਾਡੇ ਇਸ ਲੇਖਕ ਨੂੰ ਦਿੱਤੀ ਤਾਂ ਉਸ ਨੇ ਵੇਖਿਆ ਕਿ ਟਾਈਪ ਕੀਤੇ ਮਤੇ ਵਿਚ ਪੰਜਾਬ ਦੇ ਵਿਸ਼ੇਸ਼ ਅਧਿਕਾਰਾਂ ਦੀ ਹੀ ਗੱਲ ਸੀ। ਲਫ਼ਜ਼ 'ਪੰਜਾਬ' ਤੋਂ ਬਾਅਦ ਇਸ਼ਾਰਾ ਦੇ ਕੇ 'ਅਤੇ ਹੋਰ ਸੂਬਿਆਂ ਨੂੰ' ਲਫ਼ਜ਼ ਬਲਵੰਤ ਸਿੰਘ ਨੇ ਖ਼ੁਦ ਆਪਣੀ ਕਲਮ ਨਾਲ ਦਰਜ ਕੀਤੇ ਸਨ। ਇਵੇਂ ਹੀ ਛਪੇ 'ਖਰੜੇ' ਵਿਚ ਛਾਪੇ ਹੋਏ ਹਨ।

ਅਸਲ ਸਿਆਸੀ ਸਿਖ ਸੋਚ ਅੱਜ ਵੀ ਲਾਵਾਰਿਸ ਹੈ ਅਤੇ ਦਲਾਂ ਦੀ ਚੋਖੀ ਦਲਦਲ ਦੇ ਬਾਵਜੂਦ ਲਾਵਾਰਿਸ ਹੈ। ਕੋਈ ਇਸ ਦੇ ਕਿਸੇ ਪੱਖ ਨੂੰ ਨੁਮਾਇਸ਼ ਕਰ ਕੇ ਆਪਣਾ ਹਲਵਾ ਮੰਡਾ ਕਾਇਮ ਕਰ ਰਿਹਾ ਹੈ ਅਤੇ ਕੋਈ ਇਸ ਉੱਤੇ ਮਿੱਟੀ ਪਾ ਕੇ ਸਰਕਾਰੇ ਦਰਬਾਰੇ ਕਾਰਗੁਜ਼ਾਰੀ ਵਿਖਾ ਰਿਹਾ ਹੈ। ਵਾਰੇ ਵਾਰੇ ਜਾਈਏ ਸਿਖ ਕੌਮ ਦੇ, ਜੋ ਸਭ ਕਾਸੇ ਤੋਂ ਬੇਖ਼ਬਰ, ਸਰ੍ਹਾਣੇ ਬਾਂਹ ਦੇ ਕੇ ਸੌਂ ਰਹੀ ਹੈ। ਸੱਚ ਦਾ ਘਗਰਾ ਪਾ ਕੇ ਝੂਠ ਨਹੀਂ ਨੱਚੇਗਾ ਤਾਂ ਹੋਰ ਕੀ ਹੋਏਗਾ ? "ਕੂੜ ਫਿਰੈ ਪਰਧਾਨੁ ਵੇ ਲਾਲੋ" ਪ੍ਰਸਿੱਧ ਮਹਾਂਵਾਕ ਹੈ।

ਜੋ ਜਾਗੇ ਸੇ ਉਬਰੇ*

ਸਿਰੀ ਰਾਗ ਵਿਚ ਹਜ਼ੂਰ ਤੀਸਰੇ ਪਾਤਿਸ਼ਾਹ ਦਾ ਫ਼ੁਰਮਾਨ ਹੈ, "ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ॥ ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ॥" ਅਕਾਲੀ ਏਕਤਾ, ਜਿਸ ਦਾ ਚਰਚਾ ਹਰ ਸਿਖ ਨੂੰ ਸੁਖਾਉਂਦਾ ਹੈ, ਅੱਜ ਫੇਰ ਮ੍ਰਿਗ ਤ੍ਰਿਸ਼ਨਾ ਵਾਂਗ ਆਪਣਾ ਜਲਵਾ ਵਿਖਾ ਰਹੀ ਹੈ। ਚਰਚਾ ਨਾਲੋਂ ਵਧੇਰੇ ਲੋੜ ਹੈ ਪਾਟੋਧਾੜ ਦੀ ਬੀਮਾਰੀ ਦੀ ਸਹੀ ਪਛਾਣ ਕਰ ਕੇ ਇਸ ਦਾ ਮੁਕੰਮਲ ਇਲਾਜ ਕਰਨ ਦੀ। ਨਹੀਂ ਤਾਂ ਮੁੱਢਲੇ ਸਿਆਸੀ ਸੱਚ ਦੀ ਅਣਹੋਂਦ ਕਾਰਣ ਇਹ ਸੁਪਨਾ ਵੀ ਵਿਹਾ ਜਾਵੇਗਾ। ਇਸ ਕ੍ਰਾਂਤੀਕਾਲ ਦੇ ਦੌਰਾਨ ਅਵੇਸਲੇਪਣ ਕਾਰਣ ਜੋ ਨੁਕਸਾਨ ਹੋਵੇਗਾ, ਉਹ ਉਸ ਤੋਂ ਵੀ ਵੱਧ ਹੋਵੇਗਾ, ਜੋ ਕੌਮ ਪਿਛਲੇ ਅੱਠ ਸਾਲਾਂ ਵਿਚ ਕਰਵਾ ਚੁੱਕੀ ਹੈ। ਪਿਛਲੇ ਦਸਾਂ ਸਾਲਾਂ ਤੋਂ ਅਕਾਲੀ ਰਾਜਨੀਤੀ ਨਾਲ ਸੰਬੰਧਤ ਹੋਣ ਕਰਕੇ, ਅਤੇ ਇਸ ਨੂੰ ਸੁਖਾਵਾਂ ਮੋੜ ਕੱਟਦੇ ਦੇਖਣ ਦਾ ਚਾਹਵਾਨ ਹੋਣ ਕਰਕੇ, ਮੈਂ ਮਰਜ਼ ਅਤੇ ਅਸਲ ਇਲਾਜ ਸੰਬੰਧੀ ਆਪਣੀ ਕੌਮ ਨਾਲ ਸਮੇਂ ਸਿਰ ਕੁਝ ਵਿਚਾਰ ਸਾਂਝੇ ਕਰਨਾ ਚਾਹੁੰਦਾ ਹਾਂ। ਅੱਗੇ ਸੰਗਤਾਂ ਸਰਬ ਸਮਰੱਥ ਹਨ, 'ਬੁੱਲੇ ਸ਼ਾਹ ਉਹਦੀਆਂ ਉਹ ਜਾਣੇ, ਸਾਨੂੰ ਆਪਣੀ ਤੋੜ ਨਿਭਾਵਣ ਦੇ।'

ਅਕਾਲੀ ਸਿਆਸਤ ਦੀ ਮੁੱਢਲੀ ਕਮਜ਼ੋਰੀ ਇਹ ਹੈ ਕਿ ਬਹੁ-ਗਿਣਤੀ ਦੇ ਮਾਰੂ ਪ੍ਰਭਾਵ ਅਧੀਨ, ਇਸ ਨੇ ਉਹ ਬ੍ਰਾਹਮਣੀ ਸਿਧਾਂਤ ਗਲ ਲਗਾ ਲਏ ਹਨ, ਜੋ ਲੋਕਰਾਜੀ ਪ੍ਰਣਾਲੀ ਵਿਚ ਉੱਕਾ ਅਢੁਕਵੇਂ ਹਨ ਅਤੇ ਸਿਖ ਸਿਆਸੀ ਪਰੰਪਰਾ ਦੇ ਐਨ ਵਿਰੋਧ ਵਿਚ ਖੜੇ ਹਨ। ਹਿੰਦੁਸਤਾਨ ਦੀ ਤਕਰੀਬਨ ਹਰ ਸਿਆਸੀ ਜਮਾਤ ਇਨ੍ਹਾਂ ਨੂੰ ਅਪਣਾਉਣ ਨਾਲ ਰਸਾਤਲ ਵੱਲ ਜਾਂਦੀ ਪ੍ਰਤੱਖ ਵਿਖਾਈ ਦੇ ਰਹੀ ਹੈ। ਥੋੜ੍ਹੇ ਲਫ਼ਜ਼ਾਂ ਵਿਚ ਆਖੀਏ ਤਾਂ ਅਕਾਲੀ ਦਲਾਂ ਦੀ ਅੰਦਰੂਨੀ ਬਣਤਰ ਵਿਚ ਲੋਕਰਾਜੀ ਸਿਧਾਂਤਾਂ ਨੂੰ ਆਧਾਰ ਨਾ ਬਣਾਉਣਾ ਹੀ ਅਸਲ ਬੀਮਾਰੀ ਹੈ। ਲੰਬੀ ਸਰਕਲ ਦੇ ਸ਼੍ਰੋਮਣੀ ਅਕਾਲੀ ਦਲ ਦੇ ਜਥੇ ਨੂੰ ਛੱਡ ਕੇ ਅੱਜ ਹਰ ਅਕਾਲੀ ਧੜੇ ਦਾ ਹਰ ਅਕਾਲੀ ਅਹੁਦੇਦਾਰ ਨਾਮਜ਼ਦ ਹੋਇਆ ਹੈ। ਪਿੰਡ ਦੀ ਇਕਾਈ ਤੋਂ ਲੈ ਕੇ ਪ੍ਰਧਾਨ ਤਕ ਏਸ ਨਾਮਜ਼ਦਗੀ ਦੇ ਦਸਤੂਰ ਅਨੁਸਾਰ ਕਾਇਮ ਹਨ। ਤਕਰੀਬਨ ਮਾਸਟਰ ਤਾਰਾ ਸਿੰਘ ਦੇ ਚਲਾਣੇ ਤੋਂ ਬਾਅਦ ਹੀ ਇਹ ਬਣਤਰ ਪ੍ਰਚੱਲਤ ਹੋਈ ਹੈ। ਅਜਿਹੀ ਜਥੇਬੰਦੀ, ਜਿਸ ਤਕ ਲੋਕ ਰਾਇ ਦੀ ਖ਼ੁਸ਼ਬੂ ਤਕ ਵੀ ਨਾ ਪਹੁੰਚ ਸਕਦੀ ਹੋਵੇ, ਖੜੇ ਪਾਣੀ ਵਾਂਗ ਦੋਸ਼ ਭਰਪੂਰ ਹੋ ਜਾਂਦੀ ਹੈ ਅਤੇ ਛੇਤੀ ਏਸ ਵਿਚ ਕਈ ਘਾਤਕ ਰੋਗਾਂ ਦੇ ਕੀੜੇ ਪੈਦਾ ਹੋ ਜਾਂਦੇ ਹਨ। ਇਹ ਸਭ ਅਜੋਕੇ ਅਕਾਲੀ ਦਲਾਂ ਨਾਲ ਵਾਪਰ ਚੁੱਕਿਆ ਹੈ।

---

* 'ਜਾਗਰੂਕ ਕੌਮਾਂ ਹੀ ਆਪਣੇ ਵਰਤਮਾਨ ਅਤੇ ਭਵਿੱਖ ਦੀਆਂ ਨਿਗ੍ਰਾਬਾਨ ਬਣ ਸਕਦੀਆਂ ਹਨ।' ਇਸ ਲੇਖ ਰਾਹੀਂ ਆਮ ਸਿਖ ਜਨਤਾ ਅਤੇ ਅਕਾਲੀ ਲੀਡਰਾਂ ਨੂੰ ਇਹ ਹੋਕਾ ਦੇ ਕੇ ਜਗਾਉਣ ਦਾ ਉਪਰਾਲਾ ਕੀਤਾ ਗਿਆ ਹੈ।

ਕਾਂਗਰਸ ਵਾਂਗ ਅਕਾਲੀ ਧੜਿਆਂ ਉੱਤੇ ਵੀ ਜੁੰਡਲੀਆਂ ਦੇ ਕਬਜ਼ੇ ਹੋ ਚੁੱਕੇ ਹਨ। ਇਹਨਾਂ ਨੇ, ਪੰਜਾਬ ਦੀ ਵੰਡ ਮਾਝੇ, ਮਾਲਵੇ, ਜਾਤ-ਪਾਤ, ਜ਼ਿਲ੍ਹੇ, ਧੜੇ ਆਦਿ ਨੂੰ ਸਾਹਮਣੇ ਰੱਖ ਕੇ ਕਰ ਲਈ ਹੈ। ਧਾੜਵੀਆਂ, ਨੌਸਰਬਾਜ਼ਾਂ ਦੇ ਟੋਲਿਆਂ ਵਾਂਗ ਇਹ ਧੜੇ ਪੱਕੇ ਪੀਢੇ ਹੋ ਚੁੱਕੇ ਹਨ; ਨਤੀਜਾ ਇਹ ਹੈ ਕਿ ਚਾਹੇ ਕੋਈ ਕਿੰਨੀ ਵੀ ਸਿਆਸੀ ਸੂਝ ਬੂਝ ਰੱਖਦਾ ਹੋਵੇ, ਸੇਵਾ ਦਾ ਜਜ਼ਬਾ ਅਤੇ ਸਮਰੱਥਾ ਰੱਖਦਾ ਹੋਵੇ, ਖ਼ਾਨਿਆਂ ਵਿਚ ਵੰਡੇ ਅਕਾਲੀ ਦਲ ਵਿਚ ਪ੍ਰਵਾਨ ਨਹੀਂ ਚੜ੍ਹ ਸਕਦਾ, ਜਿੰਨਾ ਚਿਰ ਕਿ ਉਹ ਕਿਸੇ ਧੜੇ ਦੇ ਧਨੀ ਦੀ ਮਿੰਨਤ ਤਰਲਾ ਨਾ ਕਰੇ। ਕਈ ਅਦੁੱਤੀ ਪ੍ਰਤਿਭਾ ਵਾਲੇ ਹੀਰੇ ਏਸ ਚੰਦਰੀ ਧੜੇਬਾਜ਼ੀ ਨੇ ਸਰਾਲ ਬਣ ਕੇ ਨਿਗਲ ਲਏ। ਕਈ ਅਜਬ ਸਮਰੱਥਾ ਵਾਲੇ ਸਾਰੀ ਉਮਰ ਬੂਹੇ ਉੱਤੇ ਹਾਕ ਪੈਣ ਦੀ ਉਡੀਕ ਕਰਦੇ ਹੋਏ ਪੂਣੀ ਕੱਤੇ ਬਿਨਾਂ ਚਰਖੇ ਚੁੱਕ ਲੈ ਗਏ। ਕਲ਼ਗੀਆਂ ਵਾਲੇ ਦਾ ਮਹਾਂ ਸ਼ਕਤੀਸ਼ਾਲੀ ਪੰਥ ਨਿਹੱਥਾ, ਨਿਮਾਣਾ, ਬੇਜ਼ੁਬਾਨ ਹੋ ਕੇ ਗੁੰਮਨਾਮੀ ਨਾਲ ਘੁਲਦਾ ਹੋਇਆ ਆਪਣੇ ਲਾਲਾਂ ਨੂੰ ਕੌਡੀਆਂ ਨਾਲ ਤੁਲਦੇ ਵੇਖਦਾ ਰਿਹਾ। ਸਿਰਦਾਰ ਕਪੂਰ ਸਿੰਘ ਆਈ.ਸੀ.ਐੱਸ. ਵਰਗਾ ਇਕ ਵੀ ਬੁੱਧੀਮਾਨ ਸੂਰਮਾ ਜੇ ਕਿਸੇ ਹੋਰ ਕੌਮ ਵਿਚ ਹੋਇਆ ਹੁੰਦਾ ਤਾਂ ਉਹ ਕੌਮ ਨਿਸਚੇ ਹੀ ਬਾਕੀ ਸਭ ਕੌਮਾਂ ਨੂੰ ਰਾਹ ਵਿਖਾਉਣਯੋਗ ਹੁੰਦੀ। ਅਸੀਂ ਤਾਂ ਸੰਤ ਬਾਬਾ ਜਰਨੈਲ ਸਿੰਘ ਵਰਗੇ ਸੰਤ ਸਿਪਾਹੀ ਨੂੰ ਵੀ ਘੱਟੇ ਵਿਚ ਰੋਲ ਦਿੱਤਾ। ਇਹ ਅਤੇ ਇਹਨਾਂ ਵਰਗੇ ਹੋਰ ਅਨੇਕ, ਜੋ ਦਸਮੇਸ਼ ਦੇ ਰਾਹ ਉੱਤੇ ਚੱਲਦੇ ਹੋਏ ਈਨ ਨਾ ਮੰਨਣ ਦੇ ਹੱਕ ਵਿਚ ਸਨ, ਕਿਸੇ ਬੌਣੇ ਧੜੇ ਦੇ ਮੇਚ ਨਾ ਆਏ।

ਇਕ ਪੱਖੋਂ ਵੇਖਿਆਂ, ਖ਼ਾਸ ਕਰਕੇ 1978 ਤੋਂ ਬਾਅਦ ਦਾ ਅਕਾਲੀ ਇਤਿਹਾਸ ਵੱਖ ਵੱਖ ਧੜਿਆਂ ਵੱਲੋਂ ਆਪਣੀ ਪ੍ਰਭੂਸੱਤਾ ਕਾਇਮ ਰੱਖਣ ਦੇ ਮਹਾਂਯੁੱਧ ਦਾ ਨਜ਼ਾਰਾ ਹੀ ਹੈ। ਇਹ ਧੜੇ ਆਪਸ ਵਿਚ ਪਾਟ ਪਾਟ ਲੈ ਦੇ ਕਰ ਕੇ ਫੇਰ ਜੁੜਦੇ ਰਹੇ। ਪਾਟਣ ਜੁੜਨ ਦੇ ਸਭ ਨਾਟਕ ਧੜਿਆਂ ਦੇ ਹਿੱਤਾਂ ਨੂੰ ਮਹਿਫ਼ੂਜ਼ ਰੱਖਣ ਖ਼ਾਤਰ ਹੁੰਦੇ ਰਹੇ। ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ, "ਰੋਟੀਆਂ ਕਾਰਨ ਪੂਰਹਿ ਤਾਲ।" ਇਨ੍ਹਾਂ ਦੀ ਫੁੱਟ ਨੂੰ ਪੰਥਕ ਫੁੱਟ ਪ੍ਰਚਾਰਿਆ ਜਾਣਾ ਅਤੇ ਬਾਂਦਰ ਵੰਡ ਉਪਰੰਤ ਇਨ੍ਹਾਂ ਦੇ ਇਕੱਤਰ ਨੂੰ ਪੰਥਕ ਏਕਤਾ ਦਾ ਨਾਂ ਦਿੱਤਾ ਜਾਣਾ; ਕੌਮ ਬੇਬੱਸ ਹੋ ਕੇ ਇਨ੍ਹਾਂ ਦੇ ਮੂੰਹਾਂ ਵੱਲ ਵੇਖਦੀ ਰਹਿ ਜਾਂਦੀ ਰਹੀ; ਜਥੇਬੰਦਕ ਅਹੁਦਿਆਂ ਵਾਂਗ ਚੋਣਾਂ ਸਮੇਂ ਵੀ ਇਨ੍ਹਾਂ ਆਪਣੇ ਧੜਿਆਂ ਦੇ ਬੰਦਿਆਂ ਨੂੰ ਹੀ ਟਿਕਟਾਂ ਦੇਣੀਆਂ, ਦਿਵਾਣੀਆਂ। ਪਿਛਲੇ ਸਮਿਆਂ ਉੱਤੇ ਝਾਤੀ ਮਾਰੋ ਤਾਂ ਤੁਹਾਨੂੰ ਅਸੈਂਬਲੀ, ਪਾਰਲੀਮੈਂਟ ਦੀਆਂ ਕਈ ਟਿਕਟਾਂ ਗਧਿਆਂ ਦੇ ਗਲਾਂ ਨਾਲ ਬੰਨ੍ਹੀਆਂ ਨਜ਼ਰ ਆਉਣਗੀਆਂ ਅਤੇ ਕਈ ਕਿੱਕਰਾਂ ਕਰੀਰਾਂ ਉੱਤੇ ਟੰਗੀਆਂ ਹੋਈਆਂ। ਕਈ ਐਸੇ ਗੁੰਗੇ ਭਲਵਾਨ ਚੁਣੇ ਗਏ, ਜਿਨ੍ਹਾਂ ਸਭਾਵਾਂ ਵਿਚ ਅਠਾਰਾਂ ਸਾਲ ਅਖੰਡ ਮੌਨ ਵਰਤ ਧਾਰੀ ਰੱਖਿਆ। ਜੇ ਅੱਜ ਬਾਕੀ ਹਿੰਦੁਸਤਾਨ ਅਕਾਲੀ ਦਲ ਦੇ ਰਾਜਸੀ ਨਿਸ਼ਾਨੇ ਬਾਰੇ ਉੱਕਾ ਭੰਬਲਭੂਸੇ ਵਿਚ ਹੈ ਤਾਂ ਉਸ ਨੂੰ ਕੀ ਦੋਸ਼ ਦੇਈਏ ? ਜਿਨ੍ਹਾਂ ਨਿਸ਼ਾਨਾ ਪ੍ਰਗਟ ਕਰਨਾ ਸੀ, ਲੰਮੀਆਂ ਤਾਣ ਕੇ ਸੁੱਤੇ ਰਹੇ। ਖ਼ੈਰ! ਜੱਦੀ ਪੁਸ਼ਤੀ ਗੱਦੀਆਂ ਕਾਇਮ ਕਰਨ ਦੀ ਹੋੜ ਨਿਰੰਤਰ ਲੱਗੀ ਰਹੀ। ਪਾਰਲੀਮੈਂਟ ਬੋਰਡ ਦੇ ਮੈਂਬਰ ਆਪਣੇ ਆਪ ਨੂੰ ਅਤੇ ਆਪਣੇ ਪੁੱਤ, ਭਰਾਵਾਂ ਅਤੇ ਆਪਣੀਆਂ ਜ਼ਨਾਨੀਆਂ ਆਦਿ ਨੂੰ ਟਿਕਟਾਂ ਵੰਡਦੇ ਰਹੇ। 'ਸਈਆਂ ਭਏ ਕੋਤਵਾਲ ਅਬ ਡਰ ਕਾਹੇ ਕਾ।' ਸਿੱਟਾ ਇਹ ਨਿਕਲਿਆ ਕਿ ਮਹਾਨ ਸਿਖ ਕੌਮ ਦੇ ਉਹ ਸਭ ਤੋਂ ਵੱਧ ਨੁਮਾਇੰਦੇ ਬਣੇ, ਜੋ ਠੋਕ ਵਜਾ ਕੇ ਸੱਚ ਉੱਤੇ ਪਹਿਰਾ ਦੇ ਸਕਣ ਦਾ ਸੁਪਨਾ ਵੀ ਨਹੀਂ ਸਨ ਲੈਣਾ ਜਾਣਦੇ। ਉਹਨਾਂ ਚਾਪਲੂਸੀ ਰਾਹੀਂ ਟਿਕਟ ਹਾਸਲ ਕਰਨੀ ਹੁੰਦੀ

ਸੀ ਅਤੇ ਏਸੇ ਜ਼ਰੀਏ ਸਿਆਸੀ ਵਕਾਰ ਬਣਾਉਣਾ ਹੁੰਦਾ ਸੀ। ਲੋਕਾਂ ਦੀ ਅਣਖੀ ਨਿੱਗਰ ਸੋਚ ਦਾ ਸੋਮਾ ਸੁੱਕ ਗਿਆ। ਜਿਨ੍ਹਾਂ ਸਮੇਂ ਦੀ ਸਿਆਸੀ ਰੌਂ ਨੂੰ ਨਾ ਪਛਾਣਿਆ, ਨੁੱਕਰ ਲੱਗਦੇ ਗਏ ਜਾਂ ਕਾਂਗਰਸ ਪਾਰਟੀ ਵੱਲ ਧੱਕੇ ਗਏ। ਜਿਨ੍ਹਾਂ ਧੜੇਬਾਜ਼ਾਂ ਨੂੰ ਖ਼ੁਸ਼ ਰੱਖਣ ਦੇ ਕਰਮ ਨੂੰ ਨਖਿੱਧ ਜਾਣ ਕੇ ਤਿਆਗਿਆ, ਪੰਥ ਦੀ ਦੁਰਦਸ਼ਾ ਨੂੰ ਵੇਖ ਕੇ ਸਾਰੀ ਉਮਰ ਤਿਲ ਤਿਲ ਕਰ ਕੇ ਕਟੀਂਦੇ ਰਹੇ। ਲੋਕ ਰਾਇ ਦੇ ਸਹੀ ਨੁਮਾਇੰਦਿਆਂ ਲਈ ਅਕਾਲੀ ਦਲ ਦੇ ਦਰਵਾਜ਼ੇ ਬੰਦ ਰਹੇ। ਦੂਸਰਾ ਸਿੱਟਾ ਇਹ ਰਿਹਾ ਕਿ ਕੌਮ ਦੇ ਜਜ਼ਬਾਤੀ ਅਤੇ ਜੁਝਾਰੂ ਸੁਭਾਅ ਨੂੰ ਮੁੱਖ ਰੱਖ ਕੇ ਨੇਤਾ ਕੌਮ ਦੇ ਗਲ ਅਜਿਹੀਆਂ ਲੜਾਈਆਂ ਪਾਉਂਦੇ ਰਹੇ, ਜਿਨ੍ਹਾਂ ਵਿਚ ਇਹ ਕੁਝ ਕਾਰਵਾਈ ਦਿਖਾ ਸਕਣ ਅਤੇ ਜਿਨ੍ਹਾਂ ਨੂੰ ਰਿੜਕ ਕੇ ਇਹ ਆਪਣੀਆਂ ਕੁਰਸੀਆਂ ਕੱਢ ਸਕਣ। ਪਾਰਟੀ ਨੇ ਲੋਕ ਰਾਇ ਤੋਂ ਅਗਵਾਈ ਲੈਣੀ ਸੀ, ਪਰ ਅਜਿਹੇ ਸਿਆਸੀ ਮਾਹੌਲ ਵਿਚ ਜਥੇਬੰਦੀ ਧੜੇਬਾਜ਼ਾਂ ਦੇ ਸੌੜੇ ਵਿਚਾਰਾਂ ਨੂੰ ਲੋਕਾਂ ਉੱਤੇ ਠੋਸਣ ਦਾ ਸਾਧਨ ਬਣ ਕੇ ਰਹਿ ਗਈ। ਅੱਜ ਵੀ ਲੋਕਤੰਤਰੀ ਪਾਰਟੀ ਅਖਵਾਉਂਦੀ ਹੈ, ਪਰ ਹਨੇਰ ਸਾਈਂ ਦਾ, ਪਾਰਟੀ ਵਿਚ ਲੋਕਾਂ ਦੀ, ਕਿਸੇ ਵੀ ਪੱਧਰ ਉੱਤੇ ਕੋਈ ਪੁੱਛਗਿੱਛ ਨਹੀਂ।

ਇਹ ਹੈ ਰਾਜਸੀ ਸੱਚ, ਜਿਸ ਨੂੰ ਜਾਣੇ ਬਿਨਾਂ ਅਕਾਲੀ ਅਤੇ ਪੰਥਕ ਏਕਤਾ ਦਾ ਪ੍ਰਯੋਜਨ ਬਾਲੂ ਦੀ ਭੀਤ ਹੀ ਹੋ ਨਿਬੜੇਗਾ।

ਅੱਜ ਵੱਖ ਵੱਖ ਨਾਵਾਂ ਹੇਠ ਪ੍ਰਚੱਲਤ ਅਕਾਲੀ ਧੜੇ ਅਤੇ ਉਹਨਾਂ ਦੀ ਛਾਵੇਂ ਪਲ ਰਹੇ ਧੜਿਆਂ ਵਿਚਲੇ ਧੜੇ ਸਾਰੇ ਦੇ ਸਾਰੇ ਕਦਾਚਿਤ ਏਕਤਾ ਨਹੀਂ ਕਰ ਸਕਦੇ, ਕਿਉਂਕਿ ਹੈਂਕੜ ਦੀ ਸੇਹ ਦਾ ਤੱਕਲਾ ਹਰ ਇਕ ਦੇ ਵਿਹੜੇ ਟਿਕਾ ਕੇ ਗੱਡਿਆ ਹੋਇਆ ਹੈ। ਜੇ ਲੋਕਾਂ ਦੀ ਪਿੱਠ ਪਿੱਛੇ ਇਹਨਾਂ ਏਕਤਾ ਕਰ ਵੀ ਲਈ ਤਾਂ ਇਹ ਏਕਤਾ ਕੇਵਲ ਧੜੇ ਪਾਲਣ ਖ਼ਾਤਰ ਅਤੇ ਸ਼ਹੀਦ ਸਿੰਘਾਂ ਦੇ ਮਘ ਰਹੇ ਸਿਵਿਆਂ ਉੱਤੇ ਮੰਡੇ ਸੇਕਣ ਖ਼ਾਤਰ ਹੀ ਹੋਵੇਗੀ। ਅਜਿਹੀ ਏਕਤਾ ਵਿੱਚੋਂ ਕੌਮ ਦੀ ਬਿਹਤਰੀ ਨਹੀਂ ਨਿਕਲ ਸਕਦੀ, ਜਿਵੇਂ ਕਿ ਬੱਕਰੀ ਊਠ ਨੂੰ ਜਨਮ ਨਹੀਂ ਦੇ ਸਕਦੀ। ਅੱਜ ਕੌਮ ਦੇ ਜਾਗਣ ਦਾ ਵੇਲਾ ਹੈ। ਸੁੱਤਿਆਂ ਦੀਆਂ ਗਠੜੀਆਂ ਨੂੰ ਚੋਰ ਲੱਗ ਰਹੇ ਹਨ। ਨਿਹਾਇਤ ਜ਼ਰੂਰੀ ਹੈ ਕਿ ਕੌਮ ਕੇਹਰ ਵਾਂਗ ਆਪਣੇ ਗ਼ੁੱਸੇ ਨੂੰ ਛੱਡ ਕੇ ਅਵੇਸਲੇਪਣ ਦੀ ਹਨੇਰੀ ਗੁਫ਼ਾ ਤੋਂ ਬਾਹਰ ਆਵੇ ਅਤੇ ਆਪਣੀ ਕਿਸਮਤ ਨੂੰ ਆਪਣੇ ਹੱਥ ਵਿਚ ਲੈਣ ਦੀ ਸਿੰਘ ਗਰਜਣਾ ਕਰੇ। ਬੇਈਮਾਨ ਵਿਚੋਲਿਆਂ ਨੂੰ ਉਸੇ ਤਰ੍ਹਾਂ ਗਲੋਂ ਲਾਹ ਦੇਵੇ, ਜਿਵੇਂ ਕਦੇ ਦਸਮੇਸ਼ ਪਿਤਾ ਨੇ ਮਸੰਦਾਂ ਨੂੰ ਗਲੋਂ ਲਾਹਿਆ ਸੀ ਅਤੇ ਸੰਗਤ ਨੂੰ ਖ਼ਾਲਸਾ ਕਰ ਕੇ ਦੁਨੀਆ ਉੱਤੇ ਰਾਜ ਕਰਨ ਦੇ ਰਾਹ ਤੋਰਿਆ ਸੀ। ਜੇ ਕਿਤੇ ਇਹ ਹੋ ਜਾਵੇ ਤਾਂ ਇਹ ਹਿੰਦੁਸਤਾਨ ਹੀ ਨਹੀਂ, ਏਸ਼ੀਆ ਦੀ ਸਭ ਤੋਂ ਵੱਡੀ ਜੁਗਗਰਦੀ ਹੋਵੇਗੀ ਅਤੇ ਖ਼ਾਲਸਾ ਦੁਨੀਆ ਨੂੰ ਸਹੀ ਰਾਹ ਵਿਖਾਉਣ ਦਾ ਆਪਣਾ ਬਿਰਦ ਪਾਲ ਰਿਹਾ ਹੋਵੇਗਾ। ਫ਼ੁਰਮਾਨ ਹੈ :

ਰਚ ਦੀਨੋ ਖਾਲਸਾ ਜਗਤ ਕਉ ਦੈਨ ਸੰਥ॥

ਆਵਾਜ਼ਾਂ ਮਾਰ ਰਹੀ ਮੰਜ਼ਿਲ ਤਕ ਪਹੁੰਚਣ ਲਈ ਕੇਵਲ ਕੁਝ ਤਰੱਦਦ ਕਰਨ ਦੀ ਲੋੜ ਹੈ। ਧੜਿਆਂ ਦਿਆਂ ਧਨੀਆਂ, ਜਿਨ੍ਹਾਂ ਨੇ ਹੇਮੂ ਬਾਣੀਏ ਵਾਂਗ ਅੱਜ ਤਕ ਚੰਮ ਦੀਆਂ ਚਲਾਈਆਂ ਹਨ, ਨੂੰ ਕੌਮ ਉੱਤੇ ਤਰਸ ਕਰਨ ਲਈ ਮਜਬੂਰ ਕੀਤਾ ਜਾਵੇ। ਸਭ ਨੂੰ ਇਕ ਸਾਂਝੀ ਕਮੇਟੀ ਬਣਾਉਣ ਲਈ ਮਨਾਇਆ ਜਾਵੇ, ਉਸ ਤਿਆਗ ਦੀ ਮੰਗ ਕੀਤੀ ਜਾਵੇ, ਜਿਸ ਨੂੰ ਕਰਨ ਲਈ ਇਹ ਸਟੇਜ ਉੱਤੇ ਬਹਿਬਲ ਹੋਏ ਦਿੱਸਦੇ ਹਨ।

ਸ: ਸਿਮਰਨਜੀਤ ਸਿੰਘ ਮਾਨ, ਸ: ਗੁਰਚਰਨ ਸਿੰਘ ਟੌਹੜਾ, ਸ: ਪ੍ਰਕਾਸ਼ ਸਿੰਘ ਬਾਦਲ, ਸ: ਤੋਤਾ ਸਿੰਘ, ਸ: ਕਾਬਲ ਸਿੰਘ, ਬਾਬਾ ਜੋਗਿੰਦਰ ਸਿੰਘ ਅਤੇ ਸ: ਜਗਦੇਵ ਸਿੰਘ ਤਲਵੰਡੀ ਮਿਲ ਬੈਠਣ ਅਤੇ ਐਲਾਨ ਕਰਨ ਕਿ ਅਗਾਂਹ ਨੂੰ ਕੋਈ ਪਾਰਟੀ ਦਾ ਜਾਂ ਸਰਕਾਰੀ ਅਹੁਦਾ ਨਹੀਂ ਲੈਣਗੇ। ਫਿਰ ਇਹ ਅਕਾਲੀ ਦਲ ਨੂੰ ਦੁਬਾਰਾ ਜਥੇਬੰਦ ਕਰਨ ਵਿਚ ਤਨੋਂ ਮਨੋਂ ਜੁੱਟ ਜਾਣ। ਸਭ ਤੋਂ ਪਹਿਲਾਂ ਇਹ ਅਜਿਹੇ ਅਕਾਲੀਆਂ ਦੀ ਸੂਚੀ ਬਣਾਉਣ, ਜਿਨ੍ਹਾਂ ਨੇ ਮੌਕੇ ਮਿਲਣ ਦੇ ਬਾਵਜੂਦ ਕੌਮ ਦੀ ਸੇਵਾ ਓਨੀ ਨਹੀਂ ਕੀਤੀ, ਜਿੰਨੀ ਕੁਰਸੀ ਹੰਢਾਈ ਹੈ। ਅਜਿਹਿਆਂ ਨੂੰ ਬੇਨਤੀ ਕੀਤੀ ਜਾਵੇ ਕਿ ਅੱਗੋਂ ਘਰੋਂ ਘਰੀਂ ਬਿਰਾਜਨ।

ਦੂਜਾ ਕਦਮ ਇਹ ਹੋਵੇ ਕਿ ਅਸੈਂਬਲੀ ਹਲਕੇਵਾਰ ਲੋਕਾਂ ਵੱਲੋਂ ਚੁਣੇ ਹੋਏ ਪੰਚਾਂ, ਸਰਪੰਚਾਂ, ਸੰਘਰਸ਼ ਨਾਲ ਜੁੜੇ ਸਿਰਕੱਢ ਲੋਕਾਂ ਦੀਆਂ ਆਮ ਸਭਾਵਾਂ ਬੁਲਾਈਆਂ ਜਾਣ। ਇਹਨਾਂ ਵਿੱਚੋਂ ਇਕ ਪਿੰਡ ਦਾ ਬੰਦਾ ਚੁਣ ਕੇ ਸਰਕਲ ਸ਼੍ਰੋਮਣੀ ਅਕਾਲੀ ਦਲ ਦੀ ਚੋਣ ਕਰਵਾਈ ਜਾਵੇ। ਹਰ ਸਰਕਲ ਦੇ ਜਨਰਲ ਹਾਊਸ ਨੂੰ ਅਧਿਕਾਰ ਹੋਵੇ ਕਿ ਉਹ ਉਤਲੇ ਪਾਰਟੀ ਅਹੁਦਿਆਂ, ਪਾਰਟੀ ਸਭਾਵਾਂ ਅਤੇ ਅਸੈਂਬਲੀ ਆਦਿ ਦੀਆਂ ਚੋਣਾਂ ਲਈ ਤਿੰਨ ਤਿੰਨ ਨਾਂ ਦੇ ਸਕੇ, ਜਿਨ੍ਹਾਂ ਵਿੱਚੋਂ ਇਕ ਦਾ ਥਾਪਿਆ ਜਾਣਾ ਲਾਜ਼ਮੀ ਹੋਵੇ। ਇਉਂ ਲੜੀਵਾਰ ਉਤਲੇ ਪੱਧਰ ਤਕ ਪਾਰਟੀ ਚੋਣਾਂ ਮੁਕੰਮਲ ਹੋਣ ’ਤੇ ਆਖ਼ਰ ਪ੍ਰਧਾਨ ਬਾਕਾਇਦਾ ਚੁਣਿਆ ਜਾਵੇ। ਇਸ ਤਰ੍ਹਾਂ ਚੁਣਿਆ ਪ੍ਰਧਾਨ ਕਮੇਟੀ ਦੀ ਦੇਖ-ਰੇਖ ਹੇਠ ਪਹਿਲਾਂ ਜਨਰਲ ਇਜਲਾਸ ਬੁਲਾਵੇ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਨਿਸ਼ਾਨਾ ਤੈਅ ਕਰੇ (ਜਾਂ ਪ੍ਰਚੱਲਤ ਨਿਸ਼ਾਨੀਆਂ ਵਿੱਚੋਂ ਇਕ ਚੁਣ ਲਵੇ)। ਏਨਾ ਕੁਝ ਹੋਣ ਉਪਰੰਤ ਹੀ ਅਸੀਂ ਸਿਖ ਅਤੇ ਪੰਜਾਬ ਮਸਲੇ ਦੇ ਹੱਲ ਲਈ ਹੰਭਲਾ ਮਾਰਨ ਦੇ ਯੋਗ ਹੋਵਾਂਗੇ। ਯੋਗ ਸਮੇਂ ਸਰਕਾਰ ਬਣਨ ਸਮੇਂ ਉਕਤ ਕਮੇਟੀ ਨੁਮਾਇੰਦਿਆਂ ਦੀ ਸਲਾਹ ਨਾਲ ਮੁੱਖ ਮੰਤਰੀ ਮਨੋਨੀਤ ਕਰੇ ਅਤੇ ਆਪ ਸਟੀਅਰਿੰਗ ਕਮੇਟੀ ਬਣ ਕੇ ਸਖ਼ਤ ਨਿਗਾਹ ਰੱਖੇ ਕਿ ਕੀ ਸਰਕਾਰ ਲੋਕਾਂ ਵੱਲੋਂ ਨਿਰਧਾਰਤ ਅਸੂਲਾਂ ਅਨੁਸਾਰ ਚੱਲ ਰਹੀ ਹੈ ਜਾਂ ਨਹੀਂ। ਖ਼ਾਸ ਤੌਰ ਉੱਤੇ ਖ਼ਿਆਲ ਰੱਖੇ ਕਿ ਕੋਈ ਸਰਕਾਰੀ ਅਹੁਦੇ ਨੂੰ ਜ਼ਾਤੀ ਮੁਫ਼ਾਦ ਵਾਸਤੇ ਨਾ ਵਰਤ ਸਕੇ।

ਆਖਿਆ ਜਾਵੇਗਾ, ‘ਡੁੱਬੀ ਤਾਹੀਏਂ ਜੇ ਸਾਹ ਨਾ ਆਇਆ।’ ਜੇ ਏਨੇ ਜੋਗੇ ਹੀ ਇਹ ਨੇਤਾ ਹੁੰਦੇ ਤਾਂ ਕੌਮ ਨੂੰ ਮਾੜੇ ਦਿਨ ਕਿਉਂ ਵੇਖਣੇ ਪੈਂਦੇ। ਇਸ ਦਾ ਹੱਲ ਹੈ ਕਿ ਸਿਧਾਂਤ ਨਾਲ ਬੱਝੇ ਉਹ ਖਾੜਕੂ ਅੱਗੇ ਆਉਣ, ਜਿਹੜੇ ਸਿਰਾਂ ਉੱਤੇ ਕਫਣ ਬੰਨ੍ਹ ਕੇ ਨਿਕਲੇ ਹਨ ਅਤੇ ਬਿਨਾਂ ਕਿਸੇ ਦਬਾਅ ਪਾਉਣ ਦੇ ਏਸ ਕੰਮ ਨੂੰ ਸਿਰੇ ਚਾੜ੍ਹਨ। ਜੇ ਇਹ ਵੀ ਏਨੇ ਜੋਗੇ ਨਹੀਂ ਤਾਂ ਸਾਰੇ ਧੜਿਆਂ ਦੇ ਦੂਜੀ ਕਤਾਰ ਦੇ ਨੇਤਾ ਇਹ ਬੀੜਾ ਚੁੱਕਣ। ਜੇ ਕਿਤੇ ਵੀ ਕੋਈ ਨੀਲਕੰਠ ਨਹੀਂ ਲੱਭਦਾ ਤਾਂ ਸੰਗਤਾਂ ਤਹੱਈਆ ਕਰਨ। “ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ” ਗੁਰਵਾਕ ਅਮਿਟ ਹਨ। ਗੁਰੂ ਰੂਪ ਸੰਗਤ ਆਪਣੀ ਕਿਸਮਤ ਦੀ ਵਾਗਡੋਰ ਆਪਣੇ ਹੱਥ ਲਵੇ ਅਤੇ ਸਾਰੇ ਖੱਬੀਖ਼ਾਨਾਂ ਨੂੰ ਦੁਰਕਾਰ ਦੇਵੇ।

‘ਕੀ ਇਹ ਸੰਭਵ ਹੈ ?’ ਦਾ ਜੁਆਬ ‘ਹਾਂ’ ਹੈ। ਪਿਛਲੇ ਦਿਨੀਂ ਲੰਬੀ ਹਲਕੇ ਦੇ ਲੋਕਾਂ ਨੇ ਇਵੇਂ ਕੀਤਾ, ਇੰਨ-ਬਿੰਨ ਇਵੇਂ। ਉਨ੍ਹਾਂ ਐਲਾਨ ਵੀ ਕੀਤਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਵਲੋਂ ਆਪਣਾ ਉਮੀਦਵਾਰ ਚੋਣਾਂ ਵਿਚ ਆਪੇ ਖੜਾ ਕਰਨਗੇ, ਇਹ ਐਲਾਨ ਉਸ ਸਭਾ ਵਿਚ ਹੋਇਆ, ਜਿਸ ਵਿਚ 66 ਪਿੰਡਾਂ ਦੇ ਪੰਚ, ਸਰਪੰਚ, ਸਿਰਕੱਢ ਵਿਅਕਤੀ ਹਾਜ਼ਰ ਸਨ। ਚੋਣਾਂ ਸਰਬਸੰਮਤੀ ਨਾਲ ਹੋਈਆਂ। ਹੁਣ ਲੋੜ ਹੈ ਕਿ ਹਰ ਹਲਕਾ ਲੰਬੀ

ਬਣ ਜਾਵੇ ਅਤੇ ਲੰਬੇ ਸਮੇਂ ਲਈ ਕੌਮ ਦੇ ਉਜਲੇ ਭਵਿੱਖ ਦਾ ਜਾਮਨ ਹੋ ਨਿਬੜੇ। ਸੰਗਤਾਂ ਵਿਚ ਅਥਾਹ ਸ਼ਕਤੀ ਹੈ, ਇਸਦੀ ਵਰਤੋਂ ਕੀਤੀ ਜਾਵੇ।

ਦੁਸ਼ਟ ਦਮਨ, ਮਸੰਦਾਂ ਨੂੰ ਸੋਧਣ ਵਾਲੇ ਬੰਦੀਛੋੜ ਦਸਮੇਸ਼ ਦਾ ਜਨਮ ਦਿਨ 24 ਦਸੰਬਰ ਨੂੰ ਆ ਰਿਹਾ ਹੈ। ਉਸ ਪਵਿੱਤਰ ਦਿਹਾੜੇ ਖ਼ਾਲਸਾ ਪੰਥ ਜਾਗੇ। (ਸ਼ੇਰਾਂ ਦੀਏ ਸੁੱਤੀਏ ਕੌਮੇ ਪਾਸਾ ਤਾਂ ਮਾਰ ਓਏ) ਅਤੇ ਆਪਣੇ ਆਪ ਨੂੰ ਜੁੱਤੀ ਦੀ ਨੋਕ ਤੋਂ ਫੜ ਕੇ ਉਤਾਂਹ ਚੁੱਕੇ ਅਤੇ ਉਹਨਾਂ ਸਿਆਸੀ ਬੁਲੰਦੀਆਂ 'ਤੇ ਲੈ ਜਾਵੇ, ਜਿਨ੍ਹਾਂ ਉੱਤੇ ਇਸ ਨੂੰ ਵੇਖਣ ਦੇ ਹਜ਼ੂਰ ਚਾਹਵਾਨ ਹਨ। ਪੁੰਨ ਨਾਲੇ ਫਲੀਆਂ। ਆਓ ! ਮਾਣਸ ਖਾਣੀ ਰਾਤ ਦਾ ਕੋਈ ਅੰਤ ਲੱਭੀਏ, ਨੂਰ ਭਰੀ ਸਵੇਰ ਵੱਲ ਕਦਮ ਚੁੱਕੀਏ, ਏਸ਼ੀਆ ਦਾ ਚਾਨਣ ਮੁਨਾਰਾ ਬਣੀਏ। ਦੁਨੀਆ ਸਾਰੀ ਆਖੇ 'ਧੰਨ ਕਲ਼ਗੀਆਂ ਵਾਲਾ, ਧੰਨ ਉਸ ਦੇ ਸਿਖ' "ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ" ਗੁਰੋਪਦੇਸ਼ ਹੈ।

•

ਸ਼੍ਰੋਮਣੀ ਕਮੇਟੀ ਦੇ ਜਮਹੂਰੀ ਪ੍ਰਬੰਧ ਦੀ ਅਹਿਮੀਅਤ*

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਸਿਖ ਵਿਦਵਾਨਾਂ ਵਿਚ ਦੋ ਆਪੋ ਵਿਰੋਧੀ ਵਿਚਾਰਧਾਰਾਵਾਂ ਹਨ। ਇਕ ਤਾਂ ਉਹ ਹਨ, ਜੋ ਏਸ ਦੇ 1966 ਤੋਂ ਬਾਅਦ ਦੇ ਨਮੋਸ਼ੀ ਭਰੇ ਇਤਿਹਾਸ ਵੱਲ ਝਾਤ ਪਾ ਕੇ ਏਸ ਨੂੰ ਸਿਖ ਧਰਮ ਲਈ ਹਾਨੀਕਾਰਕ ਸੰਸਥਾ ਗਰਦਾਨਦੇ ਹਨ। ਦੂਸਰੇ ਉਹ ਹਨ, ਜੋ ਏਸ ਦੇ ਪਿਛੋਕੜ, ਹੋਂਦ ਵਿਚ ਆਉਣ ਦੇ ਕਾਰਣ ਅਤੇ 1966 ਤਕ ਦੇ ਇਤਿਹਾਸ ਨੂੰ ਵਾਚ ਕੇ ਏਸ ਨੂੰ ਇਕ ਬੇ-ਹੱਦ ਗੌਰਵਮਈ ਸਿਖ ਸੰਸਥਾ ਸਮਝਦੇ ਹੋਏ ਏਸ ਦੀਆਂ ਪ੍ਰਾਪਤੀਆਂ ਉੱਤੇ ਮਾਣ ਕਰਦੇ ਹਨ। ਦੋ ਪੱਖਾਂ ਤੋਂ ਵੇਖਿਆਂ ਸ਼੍ਰੋਮਣੀ ਕਮੇਟੀ ਸੰਸਾਰ ਦੀਆਂ ਨਿਰਾਲੀਆਂ ਸੰਸਥਾਵਾਂ ਵਿੱਚੋਂ ਸਪੱਸ਼ਟ ਨਜ਼ਰ ਆਉਂਦੀ ਹੈ। ਜਦ ਸਾਰਾ ਹਿੰਦੁਸਤਾਨ ਗ਼ੁਲਾਮ ਸੀ, ਜਦੋਂ ਸਾਰੇ ਏਸ਼ੀਆ, ਅਫ਼ਰੀਕਾ ਅਤੇ ਯੂਰਪ ਦੇ ਵੱਡੇ ਹਿੱਸੇ ਵਿਚ ਬਹੁਤੇ ਲੋਕ ਵੋਟ ਪਾਉਣ ਦੇ ਹੱਕ ਤੋਂ ਮਹਿਰੂਮ ਸਨ; ਏਥੋਂ ਤਕ ਕਿ ਲੋਕਤੰਤਰ ਦੀ ਮਾਂ ਅਖਵਾਉਣ ਵਾਲੇ ਬਰਤਾਨੀਆ ਵਿਚ ਵੀ ਵੋਟ ਹੱਕ ਸੀਮਿਤ ਸੀ, ਓਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਬਾਲਗ ਸਿੰਘ-ਸਿੰਘਣੀ ਦੀ ਵੋਟ ਨਾਲ ਚੁਣੀ ਜਾਂਦੀ ਸੀ। ਬਰਤਾਨੀਆ ਵਿਚ ਔਰਤਾਂ ਨੂੰ ਵੋਟ ਹੱਕ 1932 ਤੋਂ ਬਾਅਦ ਮਿਲਿਆ, ਪਰੰਤੂ ਸਿਖ ਬੀਬੀਆਂ 1926 ਤੋਂ ਵਰਤਦੀਆਂ ਆਈਆਂ ਹਨ। ਏਸ ਸੰਸਥਾ ਦੀ ਲੋਕਰਾਜੀ ਦਿੱਖ ਬੇ-ਹੱਦ ਪ੍ਰਭਾਵਸ਼ਾਲੀ ਅਤੇ ਲੋਕਤੰਤਰ ਦੇ ਮੁੱਢ ਤੋਂ ਮੁੱਦਈ ਖ਼ਾਲਸਾ ਜੀ ਦੇ ਵਿਰਸੇ ਦਾ ਅਹਿਮ ਅੰਗ ਹੈ।

ਦੂਜਾ, ਸਾਰੇ ਸੰਸਾਰ ਦੇ ਮੋਹਰੀ (ਜਿਨ੍ਹਾਂ ਨੂੰ ਟੌਇਨਬੀ 'ਉੱਚੇ ਧਰਮ' ਗਿਣਦਾ ਹੈ) ਧਰਮਾਂ ਵਿੱਚੋਂ ਸਿਖ ਧਰਮ ਹੀ ਐਸਾ ਹੈ, ਜਿਸ ਕੋਲ ਧਰਮ-ਅਸਥਾਨਾਂ ਦੇ ਪ੍ਰਬੰਧ ਲਈ ਚੁਣੀ ਹੋਈ ਸੰਸਥਾ ਮੌਜੂਦ ਹੈ। ਇਹ ਏਸ ਲਈ ਵੀ ਹੈ ਕਿ ਜਿਸ ਵੇਲੇ ਯਹੂਦੀ ਅਤੇ ਈਸਾਈ ਧਰਮ ਪੈਦਾ ਹੋਏ ਸਨ, ਓਸ ਵੇਲੇ ਸੰਸਾਰ ਉੱਤੇ ਲੋਕਤੰਤਰ ਦਾ ਤਸੱਵਰ ਨਹੀਂ ਸੀ। ਏਸ ਤੋਂ ਅਗਾਂਹ, ਇਨ੍ਹਾਂ ਧਰਮਾਂ ਦੇ ਕੁਝ ਕੁ ਮੁੱਢਲੇ ਧਾਰਮਿਕ ਸਿਧਾਂਤ ਅਜਿਹੇ ਹਨ ਕਿ ਜਿਨ੍ਹਾਂ ਦੇ ਹੁੰਦਿਆਂ ਇਨ੍ਹਾਂ ਵਿਚ ਲੋਕਤੰਤਰ ਲਈ ਢੋਈ ਨਹੀਂ। ਏਸੇ ਕਾਰਣ ਪੱਛਮ ਵਿਚ ਧਰਮ ਨੂੰ ਸਿਆਸਤ ਤੋਂ ਵੱਖ ਕਰਨਾ ਪਿਆ ਸੀ ਅਤੇ ਸੈਕੁਲਰਇਜ਼ਮ ਦੀ ਨਾਸਤਕ ਵਿਚਾਰਧਾਰਾ ਨੇ ਜ਼ੋਰ ਫੜਿਆ ਸੀ। ਕਿਉਂਕਿ ਇਸਲਾਮ ਦਾ ਪ੍ਰਪੱਕ ਅਕੀਦਾ ਹੈ ਕਿ ਕੁਰਾਨ ਸ਼ਰੀਫ਼ ਵਿਚ ਪਰਮਾਤਮਾ ਦੇ ਮੁਕੰਮਲ ਆਖ਼ਰੀ ਹੁਕਮ ਦਰਜ ਹਨ, ਏਸ ਲਈ ਇਨ੍ਹਾਂ ਨੂੰ ਸਮਝਣ

---

* ਖ਼ਾਲਸੇ ਦੀ ਬੁਨਿਆਦੀ ਰਵਾਇਤ ਜਮਹੂਰੀਅਤ ਦੀ ਤੱਤ ਰੂਪ ਵਿਚ ਵਿਆਖਿਆ ਕਰਦਾ ਇਹ ਲੇਖ ਇੱਕੋ ਸਮੇਂ ਰੋਜ਼ਾਨਾ *ਪੰਜਾਬੀ ਟ੍ਰਿਬਿਊਨ* ਅਤੇ *ਦੇਸ਼ ਸੇਵਕ* ਵਿਚ 16 ਸਤੰਬਰ, 1996 ਨੂੰ ਛਪਿਆ।

ਸਮਝਾਉਣ ਲਈ ਪੁਜਾਰੀ ਜਮਾਤ ਦੀ ਹੋਂਦ ਜ਼ਰੂਰੀ ਹੈ। ਏਸ ਜਮਾਤ ਦੇ ਹੁੰਦਿਆਂ ਲੋਕਤੰਤਰ ਦਾ ਬੋਲਬਾਲਾ ਸੰਭਵ ਨਹੀਂ। ਬੁੱਧ ਮੱਤ ਖ਼ਾਸਕਰ ਮਹਾਂਯਾਨ, ਜੋ ਕਿ ਪੰਜਾਂ ਪਾਣੀਆਂ ਦੀ ਹੀ ਉਪਜ ਸੀ, ਵਿਚ ਮੁੱਢਲੇ ਲੋਕਪੱਖੀ ਤੱਤ ਮੌਜੂਦ ਸਨ। ਸੰਘ ਦੀ ਹੋਂਦ ਤੋਂ ਹੀ ਸਪੱਸ਼ਟ ਹੈ ਕਿ ਪਹਿਲੋਂ ਪਹਿਲ ਏਸ ਦੇ ਧਾਰਮਿਕ ਪ੍ਰਬੰਧ ਲੋਕ ਆਧਾਰਿਤ ਹੀ ਰਹੇ ਹੋਣਗੇ। ਬਾਅਦ ਵਿਚ, ਜਿਸ ਸਮੇਂ ਦਾ ਇਤਿਹਾਸ ਦੁਨੀਆ ਵਧੇਰੇ ਜਾਣਦੀ ਹੈ, ਇਹ ਬ੍ਰਾਹਮਣਵਾਦ ਵਿਚ ਰਲਗਡ ਹੋ ਗਿਆ ਅਤੇ ਲੋਕ ਵਿਰੋਧੀ ਤੱਥਾਂ ਦੀ ਏਸ ਵਿਚ ਭਰਮਾਰ ਹੋ ਗਈ, ਜਿਸ ਕਾਰਣ ਏਸ ਦੇ ਧਰਮ ਅਸਥਾਨ ਸੇਵਾ-ਸੰਭਾਲ ਬਾਰੇ ਵਿਚਾਰ ਕਰਨਾ ਲਾਹੇਵੰਦ ਨਹੀਂ ਰਹੇਗਾ। ਬ੍ਰਾਹਮਣਵਾਦ ਵਿਚ, ਜੋ ਕਿ ਕਈ ਸਦੀਆਂ ਤੋਂ ਹਿੰਦੂ ਧਰਮ ਉੱਤੇ ਹਾਵੀ ਹੋ ਕੇ ਏਸ ਦਾ ਸਮਾਨਾਰਥਿਕ ਬਣ ਗਿਆ ਹੈ, ਲੋਕ ਪੱਖੀ ਤੱਥਾਂ ਦੀ ਪਛਾਣ ਕਰਨਾ ਤਾਂ ਨਿਰਾ ਕੱਟਿਆਂ ਵਾਲੇ ਘਰੋਂ ਲੱਸੀ ਲੱਭਣਾ ਹੈ। ਏਸ ਪਰਿਖੇਪ ਵਿਚ ਸਿਖ ਧਰਮ ਸਥਾਨਾਂ ਦੇ ਪ੍ਰਬੰਧ ਲਈ ਲੋਕਤੰਤਰ ਆਧਾਰਿਤ ਸੰਸਥਾ ਹੋਣਾ ਗੌਰਵਮਈ ਹੀ ਹੈ। ਦਸਮੇਸ਼ ਦਾ ਬਿਰਦ ਵੀ ਤਾਂ ਸੀ, "ਰਚ ਦੀਨੋ ਖਾਲਸਾ ਜਗਤ ਕਉ ਦੈਨ ਸੰਥ।"

ਮਤ ਕੋਈ ਸਮਝੇ ਕਿ ਇਹ ਅੰਗਰੇਜ਼ਾਂ ਦੀ ਮਿਹਰਬਾਨੀ ਦਾ ਪ੍ਰਗਟਾਵਾ ਸੀ। ਸਿੱਖਾਂ ਨੇ ਇਹ ਲੋਕਤੰਤਰਿਕ ਹੱਕ 600 ਸ਼ਹੀਦੀਆਂ ਦੇ ਕੇ ਅਤੇ ਘੱਟੋ ਘੱਟ 45,000 ਲੋਕਾਂ ਨੂੰ ਜੇਲ੍ਹ ਭੇਜ ਕੇ ਖੋਹਿਆ ਸੀ। ਪਰ ਅਜੇ ਵੀ ਸ਼੍ਰੋਮਣੀ ਕਮੇਟੀ ਬਣ ਨਾ ਸਕਦੀ, ਜੇ ਕਦੇ ਮਦਨ ਮੋਹਨ ਮਾਲਵੀਆ ਅਤੇ ਮੁਹੰਮਦ ਅਲੀ ਜਿਨਾਹ, ਜੋ ਓਸ ਸਮੇਂ ਸੈਂਟਰਿਲ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਸਨ, ਅਕਾਲੀਆਂ ਨਾਲ ਮਿਲ ਕੇ ਅਕਾਲੀਆਂ ਦੀ ਮਰਜ਼ੀ ਦਾ ਸਰਬ ਹਿੰਦ ਗੁਰਦੁਆਰਾ ਬਿਲ ਤਿਆਰ ਨਾ ਕਰ ਲੈਂਦੇ। ਏਸ ਅਧੀਨ ਕੁਝ ਹਿੰਦੁਸਤਾਨ ਦੇ ਗੁਰਦੁਆਰੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆ ਜਾਣੇ ਸਨ। ਏਸ ਵੱਡੀ ਬਲਾ ਨੂੰ ਟਾਲਣ ਲਈ ਹੇਲੀ ਨੇ ਮੋਗੇ ਤੋਂ ਪੰਜਾਬ ਅਸੈਂਬਲੀ ਦੇ ਮੈਂਬਰ ਤਾਰਾ ਸਿੰਘ ਨੂੰ ਆਖ ਕੇ ਕਾਹਲ ਵਿਚ ਮੌਜੂਦਾ ਗੁਰਦੁਆਰਾ ਐਕਟ ਦਾ ਆਧਾਰ ਬਿੱਲ ਪੰਜਾਬ ਲੈਜਿਸਲੇਟਿਵ ਕਾਊਂਸਲ ਵਿਚ ਦਾਖ਼ਲ ਕਰਵਾਇਆ। ਸਦਾ ਵਾਂਗ ਆਪਸੀ ਧੜੇਬੰਦੀ ਅਤੇ ਖਹਿਬਾਜ਼ੀ ਵਿਚ ਗ਼ਲਤਾਨ ਅਕਾਲੀ ਗੌਰ ਹੀ ਨਾ ਕਰ ਸਕੇ ਕਿ ਉਹਨਾਂ ਅਣਗਹਿਲੀ ਕਾਰਣ ਸੁਤੇ-ਸਿੱਧ ਹੀ ਕੀ ਕੁਝ ਗੁਆ ਲਿਆ ਹੈ। ਜੇ ਇਕ ਵੀ ਸਤਰਕ ਆਗੂ ਹੁੰਦਾ ਤਾਂ ਕੁਲ ਹਿੰਦ ਗੁਰਦੁਆਰਾ ਐਕਟ, ਜਿਸ ਲਈ ਇਹ ਪਿਛਲੇ ਪੰਜਾਹ ਸਾਲਾਂ ਤੋਂ ਕੇਂਦਰੀ ਸਰਕਾਰ ਦੀਆਂ ਮਿੰਨਤਾਂ ਕਰ ਰਹੇ ਹਨ, ਇਹਨਾਂ ਨੂੰ ਅੱਜ ਤੋਂ 72 ਸਾਲ ਪਹਿਲਾਂ 1925 ਵਿਚ ਸਹਿਜੇ ਹੀ ਮਿਲ ਜਾਣਾ ਸੀ। ਅਜੋਕੇ ਇਤਿਹਾਸ ਦਾ ਅਕਾਲੀਆਂ ਨਾਲ ਇਹ ਪਹਿਲਾ ਠੱਠਾ ਸੀ। ਕੀ ਇਹ ਕਦੇ ਵੀ ਉਪਰੋਕਤ ਦੋਨਾਂ ਸੱਜਣਾਂ ਨੂੰ, ਖ਼ਾਸਕਰ ਜਿਨਾਹ ਨੂੰ, ਸ਼੍ਰੋਮਣੀ ਕਮੇਟੀ ਦੇ ਅਸਲ ਦਾਇ ਤਸਲੀਮ ਕਰਨਗੇ ?

ਉਪਰੋਕਤ ਸੰਦਰਭ ਵਿਚ ਏਹੋ ਪ੍ਰਵਾਨ ਕਰਨਾ ਬਣਦਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਜਮਹੂਰੀ ਖ਼ਾਸਾ ਇਕ ਗੌਰਵਮਈ ਤੱਥ ਹੈ। ਏਥੇ ਤਾਂ ਸੰਭਵ ਨਹੀਂ, ਪਰ ਏਸ ਵਿਚਾਰ ਦਾ ਨਿੱਗਰ ਸਮਰਥਨ ਐਨ ਸੰਭਵ ਹੈ ਕਿ ਇਹ ਖ਼ਾਸਾ ਸਿਖ ਧਰਮ ਦੇ ਮੁੱਢਲੇ ਅਸੂਲਾਂ ਦੇ ਅਨੁਕੂਲ ਹੈ। ਹੁਣ ਚੋਣਾਂ ਦੇ ਸੰਬੰਧ ਵਿਚ, ਸ਼੍ਰੋਮਣੀ ਕਮੇਟੀ ਦਾ ਹਰ ਪੱਖੋਂ ਮੁਲਾਂਕਣ ਹੋਣਾ ਚਾਹੀਦਾ ਹੈ। ਏਥੇ ਸਿਰਫ਼ ਏਸ ਦੇ ਲੋਕ ਪੱਖੀ ਅਤੇ ਜਮਹੂਰੀ ਖ਼ਾਸੇ ਨੂੰ ਮੁੱਖ ਰੱਖ ਕੇ ਮੁਲਾਂਕਣ ਕੀਤਾ ਜਾ ਰਿਹਾ ਹੈ।

ਅੰਗਰੇਜ਼ ਹਕੂਮਤ ਸ਼੍ਰੋਮਣੀ ਕਮੇਟੀ ਬਣਾਉਣ ਦੇ ਵਿਰੁਧ ਸੀ ਅਤੇ ਅਖ਼ੀਰ ਤਕ ਸਾਮਰਾਜੀ ਹੱਥਕੰਡੇ ਵਰਤ ਕੇ 1925 ਤਕ ਇਸ ਨੂੰ ਟਾਲਦਾ ਰਿਹਾ। ਪਰੰਤੂ ਜਦੋਂ ਓਸ

ਨੇ ਏਸ ਨੂੰ ਬਣਾਉਣਾ ਪ੍ਰਵਾਨ ਕਰ ਲਿਆ ਤਾਂ ਪੂਰੀ ਇਮਾਨਦਾਰੀ ਨਾਲ ਏਸ ਸੰਬੰਧੀ ਬਣੇ ਕਾਨੂੰਨ ਦੀ ਪਾਲਨਾ ਕਰਦਾ ਰਿਹਾ। 1925 ਤੋਂ ਲੈ ਕੇ 1944 ਤਕ ਦੇ ਇੱਕੀ ਸਾਲਾਂ ਵਿਚ ਕਮੇਟੀ ਦੀਆਂ ਛੇ ਵਾਰ ਚੋਣਾਂ ਹੋਣੀਆਂ ਚਾਹੀਦੀਆਂ ਸਨ ਅਤੇ ਇਹ ਬਾ-ਕਾਇਦਾ 1926, 1930, 1933, 1936, 1939 ਵਿਚ ਹੋਈਆਂ। ਤਿੰਨ ਸਾਲਾਂ ਤੋਂ ਪੰਜ ਸਾਲਾਂ ਤਕ ਜੀਵਨ ਕਾਲ ਵਧਾਏ ਜਾਣ ਕਾਰਣ ਅਗਲੀ ਚੋਣ 1944 ਵਿਚ ਸੀ ਅਤੇ ਉਹ ਹੋਈ। ਅੰਗਰੇਜ਼ਾਂ ਨੇ ਕਦੇ ਆਲਮੀ ਜੰਗ ਦਾ ਬਹਾਨਾ ਲਾ ਕੇ ਚੋਣ ਪਿੱਛੇ ਨਾ ਪਾਈ।

1947 ਵਿਚ 'ਆਪਣੀ' ਜਮਹੂਰੀ ਸਰਕਾਰ ਦਾ ਯੁਗ ਸ਼ੁਰੂ ਹੁੰਦਾ ਹੈ, ਜੋ ਸਾਮਰਾਜ ਦਾ ਖ਼ਾਤਮਾ ਕਰ ਕੇ ਹੋਂਦ ਵਿਚ ਆਈ ਸੀ। 1947 ਤੋਂ ਹੀ ਹਾਲਾਤ ਦਾ ਨਾਟਕੀ ਮੋੜ ਸ਼ੁਰੂ ਹੁੰਦਾ ਹੈ। 1950 ਦੀਆਂ ਚੋਣਾਂ ਮੁਲਤਵੀ ਕਰਨ ਲਈ ਪੰਜਾਬ ਦੀ ਵੰਡ ਦਾ ਬਹਾਨਾ ਮੌਜੂਦ ਸੀ ਹੀ। ਸੋ, ਸਮੇਂ ਸਿਰ ਚੋਣਾਂ ਨਾ ਹੋ ਸਕੀਆਂ। ਕੇਵਲ 1955, 1960 ਅਤੇ 1965 ਦੀਆਂ ਚੋਣਾਂ ਹੀ ਸਮੇਂ ਸਿਰ ਕਾਨੂੰਨ ਅਨੁਸਾਰ ਹੋ ਸਕੀਆਂ। ਏਸ ਗੱਲ ਦੇ ਇਸ਼ਾਰੇ ਇਤਿਹਾਸ ਵਿਚ ਹਨ ਕਿ ਸ਼ਾਇਦ ਮਾਸਟਰ ਤਾਰਾ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੇ ਛਣਕਣੇ ਨਾਲ ਵਰਾਉਣ ਦੀ ਨੀਤੀ ਅਧੀਨ ਹੀ ਕਾਨੂੰਨ ਦੀ ਪਾਲਨਾ ਕੀਤੀ ਗਈ। ਪਰ ਉਹ ਗੁਰਸਿੱਖ ਸੱਜਣ ਸੀ, ਜੋ ਗੁਰੂ ਕੀ ਕਉਡੀ ਨੂੰ ਪਾਰੇ ਤੁਲ ਜਾਣਦਾ ਸੀ। ਸ਼੍ਰੋਮਣੀ ਕਮੇਟੀ ਓਸ ਲਈ ਲੁੱਟਮਾਰ ਦਾ ਮੌਕਾ ਨਹੀਂ ਸੀ, ਬਲਕਿ ਅੱਗਾ ਸਵਾਰਨ ਲਈ ਸੇਵਾ ਦਾ ਮਹਾਂ ਯੱਗ ਸੀ। ਕਈ ਵਾਰ ਉਹ ਘੰਟਿਆਂ ਬੱਧੀ ਵਰ੍ਹਦੇ ਮੀਂਹ ਦੇ ਬੰਦ ਹੋਣ ਨੂੰ ਉਡੀਕਦਾ ਰਹਿੰਦਾ, ਪਰ ਆਪਣੇ ਘਰ ਵਾਪਸ ਜਾਣ ਲਈ ਸ਼੍ਰੋਮਣੀ ਕਮੇਟੀ ਦੀ ਇੱਕੋ ਇਕ ਜੀਪ ਨਾ ਵਰਤਦਾ। ਕਹਿ ਦਿੰਦਾ, "ਸਹੇ ਨੂੰ ਨਹੀਂ ਪਹੇ ਨੂੰ ਰੋਂਦੇ ਹਾਂ।" ਅੱਜ ਹਰ ਛੋਟੇ-ਮੋਟੇ ਮੁਲਾਜ਼ਮ ਨੂੰ ਸ਼੍ਰੋਮਣੀ ਕਮੇਟੀ ਦੇ ਖ਼ਰਚੇ ਉੱਤੇ ਏਅਰ ਕੰਡੀਸ਼ਨ ਕਾਰ ਹਾਸਲ ਹੈ। ਸੁਣਿਐ ਕਿ ਸ਼੍ਰੋਮਣੀ ਕਮੇਟੀ ਦੇ ਪਟਰੋਲ ਨਾਲ ਪ੍ਰਧਾਨ ਦੀ ਕਾਰ ਘੱਟੋ ਘੱਟ ਦੋ ਸੌ ਮੀਲ ਦਾ ਸਫ਼ਰ ਰੋਜ਼ ਕਰਦੀ ਹੈ। ਮਾਸਟਰ ਨਾਲ ਦਾਲ ਗਲਦੀ ਨਾ ਵੇਖ ਕੇ ਹਿੰਦ ਦੀ ਕਾਂਗਰਸ ਸਰਕਾਰ ਨੇ ਪ੍ਰਤਾਪ ਸਿੰਘ ਅਤੇ ਮੋਹਨ ਲਾਲ ਸੁਖਾੜੀਆ ਨਾਲ ਮਿਲ ਕੇ ਫ਼ਤਹਿ ਸਿੰਘ ਪੈਦਾ ਕੀਤਾ। ਹੈਰਾਨੀ ਦੀ ਗੱਲ ਨਹੀਂ ਕਿ ਫ਼ਤਹਿ ਸਿੰਘ ਅਤੇ ਉਸਦੀ ਉੱਮਤ ਦਾ ਕਬਜ਼ਾ ਹੋਣ ਤੋਂ ਬਾਅਦ ਕਾਂਗਰਸ ਸਰਕਾਰ ਨੇ ਕਦੇ ਵੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਹੀਂ ਕਰਵਾਈਆਂ। ਪਿਛਲੇ ਤੀਹ ਸਾਲਾਂ ਵਿਚ ਕੇਵਲ ਇਕ ਵਾਰੀ ਚੋਣ ਹੋਈ।

ਸੰਤ ਫ਼ਤਹਿ ਸਿੰਘ ਦੀ ਸਿਖ ਸਿਆਸਤ ਵਿਚ ਆਮਦ, ਸਿੱਖਾਂ ਦੇ ਵਿਸ਼ੇਸ਼ ਸਿਆਸੀ ਦਾਅਵੇ ਛੱਡਣ ਨਾਲ, ਲੰਗੜਾ ਲੂਲ੍ਹਾ ਪੰਜਾਬੀ ਸੂਬਾ ਪ੍ਰਵਾਨ ਕਰਨ ਨਾਲ ਹੁੰਦੀ ਹੈ। ਜਾਪਦਾ ਹੈ ਕਿ ਉਸ ਨੇ ਆਪਣੀ ਉੱਮਤ ਲਈ, ਬਦਲੇ ਵਿਚ ਸ਼੍ਰੋਮਣੀ ਕਮੇਟੀ ਦੀ ਸਦੀਵੀ ਸਰਦਾਰੀ ਦੀ ਮੰਗ ਕੀਤੀ। ਇੰਦਰਾ ਗਾਂਧੀ ਦੀ ਮਿਹਰਬਾਨੀ ਨਾਲ ਉਸ ਦੀ ਇਹ ਮੰਗ ਮੰਨ ਲਈ ਗਈ ਅਤੇ ਅੱਜ ਤਕ ਏਸ ਉੱਤੇ ਅਮਲ ਜਾਰੀ ਹੈ। ਫ਼ਤਹਿ ਸਿੰਘ ਦੇ ਚਾਟੜੇ ਚੁਣੇ ਮਹੰਤ ਬਣ ਕੇ ਸ਼੍ਰੋਮਣੀ ਕਮੇਟੀ ਉੱਤੇ ਲਗਾਤਾਰ ਕਾਬਜ਼ ਹਨ। ਏਸ ਅਣਲਿਖੇ ਸਮਝੌਤੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 1970, 1975, 1980, 1985, 1990, ਅਤੇ 1995 ਵਿਚ ਹੋਣੀਆਂ ਸਨ ਪਰ ਨਾ ਹੋ ਸਕੀਆਂ। 1995 ਵਿਚ ਤਾਂ ਹਾਈ ਕੋਰਟ ਦੇ ਹੁਕਮ ਦੇ ਬਾਵਜੂਦ ਨਾ ਹੋ ਸਕੀਆਂ, ਕਿਉਂਕਿ ਅਜੇ ਕੇਂਦਰ ਵਿਚ ਕਾਂਗਰਸ ਹਕੂਮਤ ਕਾਇਮ ਸੀ। ਵੇਖੋ ਕਰਨੀ ਰੱਬ ਦੀ ਜਾਂ ਬਰਕਤ ਸਮਝੌਤੇ ਦੀ ਕਿ ਏਸ ਸਾਰੇ ਸਮੇਂ ਵਿਚ ਚੋਣਾਂ ਕੇਵਲ 1979 ਵਿਚ ਹੀ ਹੋ ਸਕੀਆਂ ਅਤੇ ਓਦੋਂ ਕੇਂਦਰ ਵਿਚ ਕਾਂਗਰਸ ਦਾ ਰਾਜ ਨਹੀਂ ਸੀ। ਕੇਂਦਰ

ਦੀ ਕਾਂਗਰਸ ਸਰਕਾਰ ਨੇ ਆਪਣੇ ਚਹੇਤੇ, ਪੂਰਨ ਆਗਿਆਕਾਰੀ, ਹਮ-ਖ਼ਿਆਲ ਅਕਾਲੀ ਸਿਆਸਤਦਾਨਾਂ ਨੂੰ ਨਿਵਾਜਣ ਲਈ ਸ਼੍ਰੋਮਣੀ ਕਮੇਟੀ ਦਾ ਲੋਕਰਾਜੀ ਚਿਹਰਾ ਕਰੂਰਤਾ ਦੀ ਹੱਦ ਤਕ ਵਲੂੰਧਰਿਆ। ਜੇ ਆਪਣੇ ਧੜੇ ਖੜੇ ਕਰ ਕੇ ਮਾਸਟਰ ਜੀ ਨੂੰ ਪ੍ਰਧਾਨਗੀ ਚੋਣਾਂ ਵਿਚ ਹਰਾਉਣ ਦੇ ਅਮਲਾਂ ਨੂੰ ਛੱਡ ਵੀ ਦੇਈਏ, ਤਾਂ ਚੋਣਾਂ ਨਾ ਕਰਵਾਉਣਾ ਇਸ ਕਮੇਟੀ ਦੇ ਖ਼ਾਸੇ ਨੂੰ ਖੋਰਨ ਵਾਲਾ ਵੱਡਾ ਨਿੱਗਰ ਕਦਮ ਕਿਹਾ ਜਾ ਸਕਦਾ ਹੈ। ਜੇ ਅੱਜ ਕੇਂਦਰ ਵਿਚ ਕਾਂਗਰਸ ਸਰਕਾਰ ਹੁੰਦੀ ਤਾਂ ਕੀ 1996 ਵਿਚ ਚੋਣਾਂ ਹੋ ਸਕਦੀਆਂ ?

ਫੇਰੂਮਾਨ ਤਿਲ ਤਿਲ ਕਟ ਕੇ ਸ਼ਹੀਦ ਹੋਏ, ਕਪੂਰ ਸਿੰਘ ਸਾਰੀ ਉਮਰ ਨੰਗੇ ਧੜ ਜੂਝਦਾ ਰਿਹਾ, ਪਾਣੀ ਲੁੱਟੇ ਗਏ, ਮੋਰਚੇ ਤਬਾਹ ਹੋਏ, ਸਿੱਖਾਂ ਦੀਆਂ ਪੱਗਾਂ ਲੱਥੀਆਂ, ਲਾਇਬ੍ਰੇਰੀਆਂ ਸੜੀਆਂ, ਤੋਸ਼ੇਖ਼ਾਨੇ ਬਰਬਾਦ ਹੋਏ, ਦਰਬਾਰ ਗੋਲੀਆਂ ਨਾਲ ਵਿੰਨ੍ਹੇ ਗਏ, ਤਖ਼ਤ ਮਲੀਆਮੇਟ ਕੀਤੇ ਗਏ; ਸਾਧੂ, ਸੰਤ, ਗ੍ਰੰਥੀ, ਸੇਵਾਦਾਰ ਮਾਰੇ, ਹਜ਼ਾਰਾਂ ਨਹੀਂ ਲੱਖਾਂ ਸ਼ਹੀਦੀਆਂ ਹੋਈਆਂ, ਪਰ ਕਾਂਗਰਸ ਨੇ ਫ਼ਤਹਿ ਸਿੰਘ ਅਤੇ ਉਸ ਦੇ ਚਾਟੜਿਆਂ ਨੂੰ ਹਰ ਹਾਲ ਹਰ ਦੌਰ ਵਿਚ ਸ਼੍ਰੋਮਣੀ ਕਮੇਟੀ ਦੀ ਸਰਦਾਰੀ ਉੱਤੇ ਕਾਇਮ ਰੱਖਿਆ। ਸਿਖ ਧਰਮ ਨੂੰ ਮੋੜਾ ਦੇ ਕੇ ਬ੍ਰਾਹਮਣਵਾਦ ਦੀ ਝੋਲੀ ਵੀ ਤਾਂ ਇਨ੍ਹਾਂ ਹੀ ਪਾਉਣਾ ਸੀ! ਸਿੱਖਾਂ ਨੂੰ ਸਿਆਸੀ ਗ਼ੁਲਾਮੀ ਦੀ ਪੰਜਾਲੀ ਵਿਚ ਗਰਦਨ ਪਾਉਣ ਲਈ ਵੀ ਤਾਂ ਇਹਨਾਂ ਹੀ ਤਿਆਰ ਕਰਨਾ ਸੀ! ਗੋਲਕਾਂ ਲੁੱਟਣ ਦੀ ਖੁੱਲ੍ਹੀ ਛੁੱਟੀ ਇਹਨਾਂ ਨੂੰ ਕਿਉਂ ਨਾ ਦਿੱਤੀ ਜਾਂਦੀ?

ਇਉਂ ਸ਼੍ਰੋਮਣੀ ਕਮੇਟੀ ਦਾ ਲੋਕਤਾਂਤਰਿਕ ਮੁਹਾਂਦਰਾ ਵਿਗੜਨਾ ਇਹਨਾਂ ਦੀ ਵੀ ਗੂੜ੍ਹੀ ਤੋਂ ਗੂੜ੍ਹੀ ਸਿਆਸੀ ਲੋੜ ਬਣਦੀ ਗਈ। ਇਸ ਅਮਲ ਵਿਚ ਪੁੰਨ ਵੀ ਸੀ ਤੇ ਫਲੀਆਂ ਵੀ। ਪੁੰਨ ਤਾਂ ਇਹ ਸੀ ਕਿ ਨਿਸੱਤੀ, ਨਿਤਾਣੀ ਕੀਤੀ ਗਈ ਸਿਖ ਕੌਮ ਦੀ ਸਰਦਾਰੀ ਦਾ ਭਰਮ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣ ਕੇ ਪਾਲਣਾ ਸੰਭਵ ਸੀ। ਇਸ ਵਿੱਚੋਂ ਝੂੰਗੇ ਵਾਂਗ ਕਦੇ ਕਦਾਈਂ ਥੋੜ੍ਹਚਿਰੀ ਅਕਾਲੀ ਸਰਕਾਰ ਵੀ ਕੱਢੀ ਜਾਂਦੀ ਰਹੀ ਤਾਂਕਿ ਸ਼੍ਰੋਮਣੀ ਕਮੇਟੀ ਤੋਂ ਬਾਹਰ ਰਹੇ ਅਕਾਲੀ ਨੇਤਾਵਾਂ ਨੂੰ ਵਜ਼ੀਰੀਆਂ, ਚੇਅਰਮੈਨੀਆਂ ਅਤੇ ਸਰਦਾਰੀਆਂ ਦੀ ਠੱਗਮੂਰੀ ਸੁੰਘਾਈ ਜਾ ਸਕੇ। ਇਉਂ ਸਹਿਜੇ ਸਹਿਜੇ ਜਮਹੂਰੀ ਅਧਿਕਾਰ ਗਵਾਉਂਦੀ ਹੋਈ ਸਿਖ ਕੌਮ, ਆਪਣੀ ਹੋਣੀ ਨੂੰ ਪਰਾਏ ਹੱਥੀਂ ਖੇਡਦੇ ਧੜੇਬਾਜ਼ ਖ਼ੁਦਗਰਜ਼ ਆਗੂਆਂ ਨੂੰ ਸੌਂਪਦੀ ਹੋਈ ਵੀ ਆਪਣੇ ਆਪ ਨੂੰ ਖ਼ੁਦਮੁਖ਼ਤਿਆਰ ਤਸੱਵਰ ਕਰਦੀ ਰਹੀ।

ਇਹਨਾਂ ਤੀਹ ਸਾਲਾਂ ਵਿਚ ਜੋ ਵੱਡਾ ਨੁਕਸਾਨ ਹੋਇਆ, ਉਹ ਸ਼ਾਇਦ ਕਦੇ ਵੀ ਪੂਰਾ ਨਾ ਹੋ ਸਕੇ। ਸਿੱਖਾਂ ਵਿਚ ਅਨਪੜ੍ਹਤਾ ਫੈਲੀ, ਜੋ ਅੱਜ-ਕੱਲ੍ਹ ਪਤਿਤਪੁਣੇ ਵਿਚ ਵਟਦੀ ਜਾ ਰਹੀ ਹੈ। ਛੋਟੇ-ਮੋਟੇ ਮੱਠ, ਜਿਨ੍ਹਾਂ ਦੀ ਆਮਦਨ ਗੁਰਦੁਆਰਾ ਨਾਢਾ ਸਾਹਿਬ ਨਾਲੋਂ ਵੀ ਅੱਧੀ ਹੈ, ਦਰਜਨਾਂ ਵਿਦਿਅਕ ਸੰਸਥਾਵਾਂ ਸਿਰਜ ਚੁੱਕੇ ਹਨ ਅਤੇ ਸਿੱਖਾਂ ਸਮੇਤ ਲੱਖਾਂ ਸਿਖਿਆਰਥੀਆਂ ਨੂੰ ਵਿਦਿਆ ਦੇ ਰਹੇ ਹਨ। ਦਸਮੇਸ਼ ਦੀ ਕੌਮ, ਜਿਸ ਬਾਬਤ ਉਨ੍ਹਾਂ 1699 ਵਿਚ ਫ਼ੁਰਮਾਇਆ ਸੀ, "ਬਾਲ ਬਿਰਧ ਸਭ ਸੋਧੇ ਪਠਾਵਾ॥ ਕੋਊ ਅਨਪਢ ਰਹਿਣ ਨ ਪਾਵਾ॥" ਅੱਜ ਲਿੰਗਾਇਤ ਅਤੇ ਸਾਕਤ ਮੱਠਾਂ ਉੱਤੇ ਵਿਦਿਆ ਦੀ ਭੀਖ ਲਈ ਝੋਲੀ ਅੱਡੀ ਖੜੀ ਹੈ। ਇਥੇ ਗੁਰਾਂ ਦੇ ਵਰਸੋਏ ਪੰਜਾਬ ਵਿਚ, ਕਿਸੇ ਹੋਰ ਵੱਲੋਂ ਜ਼ਿਲ੍ਹੇਵਾਰ ਸਾਖਰਤਾ ਮੁਹਿੰਮ ਚਲਾਈ ਜਾ ਰਹੀ ਹੈ। ਗੁਰੂਸਰ ਦੇ ਹੰਸ ਛਪੜੀਆਂ ਉੱਤੇ ਡੱਡਾਂ ਖਾ ਰਹੇ ਹਨ। ਇਹ ਦਿਨ ਵੀ ਵੇਖਣੇ ਸਨ। ਜੇ ਸ਼੍ਰੋਮਣੀ ਕਮੇਟੀ ਜਮਹੂਰੀ ਹੱਥਾਂ ਵਿਚ ਹੁੰਦੀ, ਤਾਂ ਅੱਜ ਵੀ ਏਥੇ ਕੋਈ ਅਨਪੜ੍ਹ ਰਹਿਣ ਨਾ ਪਾਉਂਦਾ, ਕੋਈ ਬੇ-ਰੁਜ਼ਗਾਰ ਨਾ ਹੁੰਦਾ। ਪੂਰੇ ਭਾਰਤ ਵਿਚ ਅੱਖਰ ਗਿਆਨ ਦਾ ਦਾਤਾ ਖ਼ਾਲਸਾ ਪੰਥ ਹੁੰਦਾ।

ਏਸ ਗ਼ੈਰ-ਜਮਹੂਰੀ ਰੰਗਤ ਦਾ, ਨਾ-ਜਾਇਜ਼ ਕਬਜ਼ੇ ਦਾ ਦੂਜਾ ਨਤੀਜਾ ਇਹ ਨਿਕਲਿਆ ਕਿ ਅਜ਼ੀਮ ਇਮਾਰਤਾਂ, ਗੁਰ-ਨਿਸ਼ਾਨੀਆਂ, ਗੁਰ-ਪਰਿਵਾਰ, ਚਰਨ-ਛੁਹ ਪ੍ਰਾਪਤ ਮੁਕੱਦਸ ਥਾਵਾਂ ਖ਼ਤਮ ਕਰ ਦਿੱਤੀਆਂ ਗਈਆਂ। ਠੰਡਾ ਬੁਰਜ, ਜਿਓਤੀ ਸਰੂਪ, ਬਹਾਦਰਗੜ੍ਹ, ਚਮਕੌਰ ਦੀ ਕੱਚੀ ਗੜ੍ਹੀ ਆਦਿ ਸਭ ਢਾਹ ਦਿੱਤੀਆਂ ਗਈਆਂ। ਅਕਾਲ ਤਖ਼ਤ ਢਾਹੁਣ ਵਾਲੇ ਬੇਗਾਨਿਆਂ ਤਾਂ ਸਿਖ ਪੰਥ ਦੇ ਕਾਲਜੇ ਨੂੰ ਹੱਥ ਪਾਇਆ ਸੀ, ਪਰ ਸਿਖ ਧਰਮ ਨੂੰ ਨਿਰਜਿੰਦ ਕਰਨ ਦੀ ਤੀਬਰ ਚਾਹ ਰੱਖਣ ਵਾਲੇ ਆਪਣਿਆਂ ਤਾਂ ਏਸ ਦੇ ਪੋਟੇ-ਪੋਟੇ ਨੂੰ ਨੋਚਿਆ, ਖ਼ੂਨ ਦਾ ਕਤਰਾ ਕਤਰਾ ਵਹਾਇਆ। ਸਾਰੀਆਂ ਇਤਿਹਾਸਕ ਯਾਦਗਾਰਾਂ ਆਪਣੇ ਹੱਥੀਂ ਤਬਾਹ ਕਰ ਕੇ, ਸਿਖ ਕੌਮ ਦਾ ਵੱਡਾ ਨੁਕਸਾਨ ਕਰਨ ਵਾਲੇ ਅਜੇ ਵੀ ਆਪਣੇ ਆਪ ਨੂੰ ਸਿੱਖਾਂ ਦੇ ਵੱਡੇ ਖ਼ੈਰ-ਖ਼ਾਹ ਪ੍ਰਚਾਰਦੇ ਹਨ।

ਹੋਰ ਘਾਟਾ ਇਹ ਪਿਆ ਕਿ ਕੌਮ ਵਿਚ ਇਖ਼ਲਾਕੀ ਨਿਘਾਰ ਆਇਆ। ਸੇਵਾ ਲਈ ਸਿਰਜੀ ਕੌਮ ਦੇ ਡਾਕਟਰ ਬੀਮਾਰਾਂ ਨੂੰ ਕੋਹਦੇ ਤੇ ਲਾਸ਼ਾਂ ਦਾ ਮੁੱਲ ਵੱਟਦੇ ਹਨ। ਪਰਾਏ ਹੱਕਾਂ ਲਈ ਸਿਰਧੜ ਦੀ ਬਾਜ਼ੀ ਲਾਉਣ ਵਾਲੀ ਕੌਮ ਦੇ ਵਾਰਸ ਵੱਢੀਆਂ ਲੈ ਕੇ ਅਨਿਆਂ ਕਰ ਰਹੇ ਹਨ। ਇਖ਼ਲਾਕ ਕਿਵੇਂ ਕਾਇਮ ਰਹੇ, ਜੇ ਅੱਖਰ ਅੱਖਰ ਉੱਤੇ ਮੁਹਰ ਰੱਖ ਕੇ ਵਿਦਿਆ ਹਾਸਲ ਕਰਨੀ ਪਵੇ। ਬੇਈਮਾਨਾਂ, ਵੱਢੀਖ਼ੋਰਾਂ ਦਾ ਕੋਈ ਦੀਨ ਧਰਮ ਨਹੀਂ ਹੁੰਦਾ, ਏਸ ਲਈ ਇਖ਼ਲਾਕੀ ਸਰਮਾਇਆ ਲੁਟਾ ਚੁੱਕੀ ਕੌਮ ਪਤਿਤਪੁਣੇ ਦੀ ਲਪੇਟ ਵਿਚ ਆ ਚੁੱਕੀ ਹੈ। ਗੁਰੂ ਕੀ ਕਉਡੀ ਅਰਥਾਤ ਪਬਲਿਕ ਸਰਮਾਏ ਨੂੰ ਜ਼ਹਿਰ ਅਤੇ ਪਾਰਾ ਸਮਝਣ ਵਾਲੇ ਸਿੱਖਾਂ ਵਿਚ ਇਕ ਪਾਸੇ ਗੁਰਦੁਆਰੇ ਦੇ ਧਨ ਆਸਰੇ ਮਹਿਲ ਉਸਾਰਨ ਦੀ ਰੁਚੀ ਜ਼ੋਰ ਫੜ ਰਹੀ ਹੈ ਅਤੇ ਦੂਜੇ ਪਾਸੇ ਕਿਰਤ ਨਾ ਕਰਨ ਵਾਲੇ ਵਿਹਲੜਾਂ ਦੀ ਜਮਾਤ ਪੈਦਾ ਹੋ ਰਹੀ ਹੈ, ਜੋ ਗੁਰੂ ਸੇਵਾ ਦੇ ਸੰਕਲਪ ਨੂੰ ਗੁਰਦੁਆਰਿਆਂ ਦੇ ਧਨ ਉੱਤੇ ਪਲਣ ਦਾ ਸਮਾਨਾਰਥ ਸਮਝਦੇ ਹਨ।

ਥੋੜ੍ਹੇ ਦਿਨਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਮਹੂਰੀ ਖ਼ਾਸੇ ਨੂੰ ਬਹਾਲ ਕਰਨ ਦਾ ਇਕ ਵੱਡਮੁੱਲਾ ਅਤੇ ਦੁਰਲੱਭ ਮੌਕਾ ਸਿਖ ਸੰਗਤਾਂ ਦੇ ਹੱਥ ਚੋਣਾਂ ਦੇ ਰੂਪ ਵਿਚ ਆਉਣ ਵਾਲਾ ਹੈ। ਕੀ ਸਿਖ ਕੌਮ ਏਸਦੀ ਭਰਪੂਰ ਸਦ-ਵਰਤੋਂ ਕਰ ਕੇ ਏਸ ਰਾਹੀਂ ਆਪਣੀ ਹੋਣੀ ਆਪਣੇ ਹੱਥਾਂ ਵਿਚ ਲੈਣ ਵਿਚ ਸਫਲ ਹੋਵੇਗੀ ਜਾਂ ਫੇਰ ਮੌਕਾ ਖੁੰਝਾ ਕੇ ਸਦਾ ਲਈ ਹੱਥ ਮਲਦੀ ਰਹਿ ਜਾਏਗੀ ? ਕੀ ਪੰਥ ਪੰਥ ਕੂਕਦੇ, ਭਿੰਡਰਾਂਵਾਲਿਆਂ ਦੇ ਨਾਂਅ ਦੀਆਂ ਕੁਰਲੀਆਂ ਕਰਦੇ ਸਿਮਰਨਜੀਤ ਸਿੰਘ ਵਰਗੇ ਨਾ-ਅਹਿਲ ਆਗੂ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਵੱਲ ਆਉਣ ਦੇਣਗੇ ਜਾਂ ਇਹਨਾਂ ਸਾਦਾ ਦਿਲ ਗੁਰੂ ਪਿਆਰਿਆਂ ਨੂੰ ਤਿੰਨ ਫ਼ੁਟੀਆਂ ਕ੍ਰਿਪਾਨਾਂ ਅਤੇ ਬਰਛਿਆਂ ਦੀ ਚਕਾਚੌਂਧ ਵਿਚ ਉਲਝਾਈ ਰੱਖਣਗੇ ? ਕੀ ਸਿਖ ਹਰ ਕਿਸਮ ਦੇ ਜਜ਼ਬਾਤੀ ਬਲੈਕਮੇਲ ਤੋਂ ਬੱਚ ਸਕਣਗੇ ? ਅੱਜ ਸ਼੍ਰੋਮਣੀ ਕਮੇਟੀ ਦੀ ਜਮਹੂਰੀਅਤ ਬਹਾਲ ਕਰਨ ਵੱਲ ਚੁੱਕਿਆ ਸਾਰਥਕ ਕਦਮ ਇਹਨਾਂ ਨੂੰ ਏਸ਼ੀਆ ਦੇ ਚਾਨਣ ਮੁਨਾਰੇ ਵੀ ਸਥਾਪਿਤ ਕਰ ਸਕਦਾ ਹੈ ਅਤੇ ਏਸ ਪਹਿਲੂ ਤੋਂ ਵਿਖਾਈ ਕਮਜ਼ੋਰੀ ਇਹਨਾਂ ਨੂੰ ਸਿਵਿਆਂ ਦੇ ਰਾਹ ਵੀ ਤੋਰ ਸਕਦੀ ਹੈ। ਸੰਸਾਰ ਨੂੰ ਸਿਖਿਆ ਦੇਣ ਲਈ ਸਾਜੇ ਖ਼ਾਲਸੇ ਦੀ ਹੋਣੀ ਭਵਿੱਖ ਦੀ ਕੁੱਖ ਵਿਚ ਕੀ ਲੁਕਾਈ ਬੈਠੀ ਹੈ ? ਕਿਤੇ ਸ਼੍ਰੋਮਣੀ ਕਮੇਟੀ ਨੂੰ ਸੁਹਿਰਦਤਾ ਨਾਲ ਸਿਖ ਪੰਥ ਦੇ ਪੈਰਾਂ ਦਾ ਪੈਖੜ ਅਤੇ ਗਲ ਦਾ ਡਹਿਆ ਸਮਝਣ ਵਾਲੇ ਤਰਲੋਚਨ ਸਿੰਘ ਵਰਗੇ ਵਿਦਵਾਨ ਸੱਚੇ ਹੀ ਤਾਂ ਸਾਬਤ ਨਾ ਹੋ ਜਾਣਗੇ ? ਗੁਰੂ ਖ਼ੈਰ ਕਰੇ!

•

ਜਨ ਨਾਨਕ ਸਰਣਿ ਤੁਮਾਰੀ*

ਪਹਿਲਾਂ ਤਾਂ ਸਿੱਖਾਂ ਅਤੇ ਸਿੱਖੀ ਉੱਤੇ ਹਮਲੇ ਲੁਕਵੇਂ ਅਤੇ ਐਸੇ ਭੁਲੇਖਾ ਪਾਊ ਹੁੰਦੇ ਸਨ ਕਿ ਆਮ ਸਿਆਣਿਆਂ ਨੂੰ ਵੀ ਸਮਝਣ ਵਿਚ ਦੇਰ ਲੱਗਦੀ ਸੀ। ਪਰ ਜਦੋਂ ਦਾ ਸਿੱਖਾਂ ਨੇ ਅਕਾਲੀ ਦਲ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਜੀ ਦੀ ਰਹਿਨੁਮਾਈ ਹੇਠ ਸਿੱਖਾਂ ਦੀ ਅਣਖ ਬਹਾਲ ਕਰਨ ਖ਼ਾਤਰ ਅਤੇ ਪੰਜਾਬ ਦੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਮੋਰਚਾ ਲਾਇਆ ਹੈ, ਉਦੋਂ ਦਾ ਸਪੱਸ਼ਟ ਤੌਰ 'ਤੇ 'ਹਿੰਦੀ ਹਿੰਦੂ ਹਿੰਦੁਸਤਾਨ' ਦਾ ਦਮ ਭਰਨ ਵਾਲੀ ਹਰ ਜਣੀ-ਖਣੀ ਸਿੱਖਾਂ ਦਾ ਸਰਬਨਾਸ਼ ਕਰਨ ਲਈ ਯਤਨਸ਼ੀਲ ਹੈ। ਇਨ੍ਹਾਂ ਦੀ ਕੁਚੇਸ਼ਟਾ ਪਿੱਛੇ ਐਨ ਉਹੋ ਮੰਦਭਾਵਨਾ ਕੰਮ ਕਰ ਰਹੀ ਹੈ, ਜਿਹੜੀ ਕਿ ਸੋਮਨਾਥ ਦਾ ਮੰਦਿਰ ਭੰਨਣ ਵਾਲੇ ਮਹਿਮੂਦ ਬੁਤਸ਼ਿਕਨ ਦੀ ਸੀ। ਭਾਰਤ ਦੇ ਭੂਤਰੇ ਹੋਏ ਹਾਕਮ, ਹੰਕਾਰੀ ਬਹੁ-ਗਿਣਤੀ ਤੋਂ ਰਾਜਸੀ ਬਲ ਪ੍ਰਾਪਤ ਕਰ ਕੇ, ਗੁਰੂ ਨਾਨਕ ਪਾਤਿਸ਼ਾਹ ਦੇ ਜੁਗੋ ਜੁਗ ਅਟੱਲ ਉਪਦੇਸ਼ਾਂ ਨੂੰ ਬੀਤੇ ਸਮੇਂ ਦੀ ਭੁੱਲੀ ਵਿਸਰੀ ਦਾਸਤਾਂ ਬਣਾਉਣਾ ਲੋਚਦੇ ਹਨ। ਇਉਂ ਇਹ ਜ਼ਾਲਮ, ਮਨੁੱਖਤਾ ਦੀ ਇੱਕੋ ਇਕ ਟੇਕ ਨੂੰ ਨਸ਼ਟ-ਭ੍ਰਸ਼ਟ ਕਰ ਕੇ, ਸੰਸਾਰ ਦੇ ਸਦੀਵੀ ਕਲਿਆਣ ਦੇ ਸੋਮੇ ਨੂੰ ਬੰਦ ਕਰ ਦੇਣ ਦੀਆਂ ਵਿਉਂਤਾਂ ਬਣਾਈ ਬੈਠੇ ਹਨ। ਹਿੰਦੂ ਸਾਮਰਾਜ ਦੀ ਮੁਕੰਮਲ ਸਥਾਪਤੀ ਦੇ ਰਾਹ ਵਿਚ ਉਨ੍ਹਾਂ ਨੂੰ ਸਿੱਖੀ ਹੀ ਇੱਕੋ ਇਕ ਮਹਾਂ ਰੋਕ ਜਾਪਦੀ ਹੈ। ਇਹ ਅਗਿਆਨੀ ਇਸ ਨਿਗਰ ਸੱਚ ਤੋਂ ਉੱਕਾ ਬੇਖ਼ਬਰ ਹਨ ਕਿ ਹਿੰਦੂ ਸਾਮਰਾਜ ਨੂੰ ਸੁਰਜੀਤ ਕਰਨ ਦਾ ਨਤੀਜਾ ਨਿਸ਼ਚੇ ਹੀ ਹਿੰਦੁਸਤਾਨ ਨੂੰ ਖੇਰੂੰ ਖੇਰੂੰ ਕਰਨਾ ਹੀ ਨਿਕਲੇਗਾ। ਹੈਰਾਨੀ ਦੀ ਗੱਲ ਹੈ ਕਿ ਸਮੁੱਚਾ ਭਾਰਤ ਸਿੱਖਾਂ ਦਾ ਮਲੀਆਮੇਟ ਕਰਨ ਦੇ ਹੱਕ ਵਿਚ ਯਕ ਜ਼ੁਬਾਨ ਹੈ।

ਅਜਿਹੀ ਕੁਚੇਸ਼ਟਾ ਦੀ ਪਹਿਲੀ ਕੜੀ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਨੂੰ ਮਿਥਿਆ ਗਿਆ ਹੈ; ਤਿਆਰੀ ਵਜੋਂ ਨਿਤ ਨਵੇਂ ਸੂਰਜ ਦਰਬਾਰ ਸਾਹਿਬ ਦੀ ਪਵਿੱਤਰ ਹਦੂਦ ਵਿਚ ਭਗੌੜਿਆਂ ਦੇ ਲੁਕੇ ਹੋਣ ਨੂੰ ਮੁੜ ਮੁੜ ਪ੍ਰਚਾਰਿਆ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਦਾ ਤਾਂ ਤਕੀਆ ਕਲਾਮ ਹੀ ਇਹ ਹੈ ਕਿ ਮੁਜਰਮ ਦਰਬਾਰ ਸਾਹਿਬ ਵਿਚ ਪਨਾਹ ਲੈ ਚੁੱਕੇ ਹਨ। ਹਾਲਾਂਕਿ ਉਹਨਾਂ ਦਾ ਆਪਣਾ ਪੁਲਿਸ ਜਰਨੈਲ ਦੋ ਵਾਰ ਐਲਾਨ ਕਰ ਚੁੱਕਿਆ ਹੈ ਕਿ ਮੁਜਰਮਾਂ ਦੇ ਉਥੇ ਹੋਣ ਦਾ ਕੋਈ ਸਬੂਤ ਨਹੀਂ। ਪ੍ਰਧਾਨ ਮੰਤਰੀ ਤਕ ਏਸੇ ਵਿਸ਼ੇ ਬਾਰੇ ਫ਼ਿਕਰਮੰਦ ਹੋਣ ਦੇ ਚਰਚੇ ਸ਼ਰੇਆਮ ਕਰਵਾ ਚੁੱਕੇ ਹਨ। ਪਾਰਲੀਮੈਂਟ ਵਿਚ ਇਸ ਬਾਰੇ ਭਖਵੀਂ ਬਹਿਸ ਹੋ ਚੁੱਕੀ ਹੈ। ਲੋਕ ਸਭਾ ਵਿਚ ਫ਼ਿਰਕਾ-ਪ੍ਰਸਤੀ ਦਾ ਲਾਵਾ

* ਸਥਾਪਿਤ ਸਰਕਾਰਾਂ ਦੇ ਜਬਰ-ਜ਼ੁਲਮ ਨਾਲ ਟੱਕਰ ਲੈਣ ਵਾਲਿਆਂ ਅਤੇ ਮਜ਼ਲੂਮਾਂ ਨੂੰ ਸ਼ਰਨ ਦੇਣ ਨੂੰ ਖ਼ਾਲਸੇ ਦੇ ਬੁਨਿਆਦੀ ਫ਼ਰਜ਼ ਵਜੋਂ ਤਸਲੀਮ ਕਰਨ ਦਾ ਐਲਾਨ ਕਰਦਾ ਇਹ ਲੇਖ ਲੜੀਵਾਰ 23-24-25 ਅਗਸਤ, 1983 ਨੂੰ *ਅਕਾਲੀ ਪੱਤ੍ਰਕਾ* ਵਿਚ ਛਪਿਆ।

ਗੱਜ-ਵੱਜ ਕੇ ਫਟਿਆ ਹੈ ਅਤੇ ਦੇਸ਼ ਦੇ ਵਿਧਾਨ ਨੂੰ ਨਿਗਲਣ ਤਕ ਪਹੁੰਚ ਗਿਆ ਹੈ। ਹਰ ਪਾਸੇ ਤੋਂ ਮੌਕੇ ਦੀ ਤਾੜ ਵਿਚ ਬੈਠੀ ਸਰਕਾਰ ਨੂੰ ਭਰਪੂਰ ਪ੍ਰੇਰਨਾ ਦਿੱਤੀ ਜਾ ਰਹੀ ਹੈ ਕਿ ਉਹ ਮੁਜਰਮ ਫੜਨ ਦੇ ਬਹਾਨੇ ਦਰਬਾਰ ਸਾਹਿਬ ਵਿਚ ਪੁਲਿਸ ਭੇਜ ਕੇ ਸਿੱਖੀ ਦੀ ਸ਼ਾਨ ਨੂੰ ਪੈਰਾਂ ਹੇਠ ਰੋਲੇ। ਇਹ ਗੱਲ ਵੀ ਲੁਕੀ ਛਿਪੀ ਨਹੀਂ ਕਿ ਬਹੁ-ਗਿਣਤੀ ਤੋਂ ਵਾਹ ਵਾਹ ਖੱਟਣ ਲਈ ਕਾਂਗਰਸ ਸਰਕਾਰ ਏਸ ਬਹਾਨੇ ਦਾਖ਼ਲ ਹੋਣ ਹਿੱਤ ਕਈ ਸਾਜ਼ਿਸ਼ਾਂ ਕਰ ਚੁੱਕੀ ਹੈ।

ਬੇਹੱਦ ਅਫ਼ਸੋਸ! ਕਿ ਮਾਰੂ ਹਮਲੇ ਦਾ ਢੁੱਕਵਾਂ ਉੱਤਰ ਅਜੇ ਤਕ ਪੰਥ ਨੇ ਡੱਟ ਕੇ ਨਹੀਂ ਦਿੱਤਾ। ਅਬਦਾਲੀ ਤੋਂ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਣ ਲਈ ਜਿਵੇਂ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਲੀਕ ਵਾਹੀ ਸੀ, ਉਸ ਤਰ੍ਹਾਂ ਅੱਜ ਕਿਸੇ ਨੇ ਨਹੀਂ ਵਾਹੀ। ਕੇਵਲ ਉਸੇ ਦਮਦਮੀ ਟਕਸਾਲ ਦੇ ਮੌਜੂਦਾ ਸੰਚਾਲਕ ਸੰਤ ਜਰਨੈਲ ਸਿੰਘ ਖ਼ਾਲਸਾ ਦੀ ਮਰਦਊਪਣੇ ਵਿਚ ਭਿੱਜੀ ਲਲਕਾਰ ਹੀ ਹੈ, ਜੋ ਸਿੱਖੀ ਦੀ ਅਣਖ ਨੂੰ ਕੰਨੀਓਂ ਫੜ ਕੇ ਅਧੋਗਤੀ ਦੇ ਸਾਗਰ ਵਿਚ ਡੁਬਣੋਂ ਬਚਾਅ ਰਹੀ ਹੈ; ਜਾਂ ਫੇਰ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਇਕ ਐਲਾਨ। ਜਿਥੇ ਪਹਿਲੇ ਸੰਤਾਂ ਨੇ ਦਰਬਾਰ ਸਾਹਿਬ ਉੱਤੇ ਹਮਲੇ ਦਾ ਢੁਕਵਾਂ ਉੱਤਰ ਦੇਣ ਦੀ ਗੱਲ ਕੀਤੀ ਹੈ, ਉਥੇ ਦੂਜਿਆਂ ਨੇ ਅਜਿਹੇ ਸਮੇਂ ਸ਼ਾਂਤਮਈ ਰਹਿੰਦੇ ਹੋਏ ਸ਼ਹੀਦੀ ਦੇਣ ਦਾ ਪ੍ਰਣ ਕੀਤਾ ਹੈ।

ਬਹਾਨੇ ਦੇ ਜੁਆਬ ਵਿਚ ਕਈ ਲੀਡਰ ਕਹਿੰਦੇ ਰਹੇ ਕਿ ਕੋਈ ਮੁਜਰਮ ਗੁਰਦੁਆਰੇ ਵਿਚ ਨਹੀਂ। ਜਦੋਂ ਮਸਲਾ ਬਹੁਤ ਜ਼ਿਆਦਾ ਭੱਖ ਪਿਆ ਤਾਂ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਨੇ ਇਕ ਕਮੇਟੀ ਬਣਾ ਦਿੱਤੀ, ਜਿਸ ਨੇ ਗੁਰੂ ਨਾਨਕ ਨਿਵਾਸ, ਗੁਰੂ ਰਾਮਦਾਸ ਸਰਾਂ ਆਦਿ ਦਾ ਰਿਕਾਰਡ ਵੇਖ ਕੇ, ਪੜਤਾਲ ਕਰ ਕੇ, ਕਿਹਾ ਕਿ ਕੋਈ ਮੁਜਰਮ ਗੁਰਦੁਆਰੇ ਦੀ ਹਦੂਦ ਵਿਚ ਨਹੀਂ ਹੈ। ਸਰਕਾਰ ਹੁਣ ਕਹਿ ਰਹੀ ਹੈ ਕਿ ਕਮੇਟੀ ਨਿਰਪੱਖ ਸਿੱਖਾਂ ਦੀ ਬਣਾ ਕੇ ਪੜਤਾਲ ਕਰਵਾਓ। ਭਾਰਤ ਦੇ ਕਾਣੇ ਵਿਧਾਨ ਪ੍ਰਤੀ ਅਥਾਹ ਸ਼ਰਧਾ ਪ੍ਰਗਟ ਕਰਦਿਆਂ ਕੁਝ ਕੁ ਸਿਖ ਸੁਪਰੀਮ ਕੋਰਟ ਵਿਚ ਦਾਅਵਾ ਦਾਇਰ ਕਰ ਚੁੱਕੇ ਹਨ ਕਿ ਮੁਜਰਮਾਂ ਨੂੰ ਪਨਾਹ ਦੇਣ ਵਾਲੀ ਸ਼੍ਰੋਮਣੀ ਕਮੇਟੀ ਦਾ ਮੁੱਢਲਾ ਕਾਨੂੰਨ ਹੀ ਖ਼ਤਮ ਕਰ ਦਿੱਤਾ ਜਾਵੇ। ਆਮ ਅਫ਼ਵਾਹ ਹੈ ਕਿ ਇਹ ਮੁਕੱਦਮਾ 'ਮਹਾਂ ਸਿਖ' ਗਿਆਨੀ ਜ਼ੈਲ ਸਿੰਘ ਨੇ ਪੰਥਕ ਸ਼ਕਤੀ ਨੂੰ ਖੇਰੂੰ ਖੇਰੂੰ ਕਰਨ ਵਾਸਤੇ ਕਰਵਾਇਆ ਹੈ। ਦਾਅਵੇ ਅਤੇ ਜਵਾਬੀ ਦਾਅਵੇ ਨਿੱਤ ਨਵੇਂ ਸੂਰਜ ਹੋ ਰਹੇ ਹਨ। ਪਰੰਤੂ ਸਿਧਾਂਤ ਨੂੰ ਸਮਝਣ ਦੀ ਕਿਸੇ ਨੇ ਕੋਸ਼ਿਸ਼ ਨਹੀਂ ਕੀਤੀ। ਸਰਕਾਰ ਸਿਧਾਂਤ ਨੂੰ ਸਮਝਣਾ ਨਹੀਂ ਚਾਹੁੰਦੀ। ਉਸ ਦਾ ਸਿੱਧਾ ਮਕਸਦ ਸਿੱਖਾਂ ਦੀ ਮੁਛ ਨੀਵੀਂ ਕਰਨਾ ਹੈ। ਅਸੀਂ ਭੰਬਲਭੂਸੇ ਵਿਚ ਪੈ ਕੇ ਆਪਣਾ ਸਾਰਾ ਗੌਰਵਮਈ ਵਿਰਸਾ ਵਿਸਾਰ ਚੁੱਕੇ ਹਾਂ ਅਤੇ ਗਰਮਜੋਸ਼ੀ ਨਾਲ ਨਾਅਰੇ ਮਾਰਦੇ ਹੋਏ ਖੁੰਢੀ ਛੁਰੀ ਨਾਲ ਹਲਾਲ ਹੋ ਰਹੇ ਹਾਂ।

ਸ੍ਰੀ ਦਰਬਾਰ ਸਾਹਿਬ ਵਿਚ ਦੋਸ਼ੀਆਂ ਦੇ ਪਨਾਹ ਲੈਣ ਸੰਬੰਧੀ ਸਿੱਖੀ ਦੇ ਸਿਧਾਂਤ ਦੀ ਵਿਆਖਿਆ, ਏਸ ਲੇਖ ਦਾ ਧੁਰਾ ਹੈ। ਸਮਝਣ ਵਾਲੇ ਨੁਕਤੇ ਇਹ ਹਨ:

1. ਮੁਜਰਮ ਕਿਨ੍ਹਾਂ ਨੂੰ ਕਿਹਾ ਜਾ ਰਿਹਾ ਹੈ?
2. ਉਹਨਾਂ ਦਾ ਜੁਰਮ ਕੀ ਹੈ?
3. ਦਰਬਾਰ ਸਾਹਿਬ ਵਿਚ ਕਿਉਂ ਲੁਕੇ ਹਨ?
4. ਕੀ ਹੱਕ ਹੈ ਉਹਨਾਂ ਨੂੰ ਉਥੇ ਪਨਾਹ ਲੈਣ ਦਾ?

5. ਕੀ ਉਥੋਂ ਕੋਈ ਉਹਨਾਂ ਨੂੰ ਕੱਢਣ ਦਾ ਅਧਿਕਾਰ ਰੱਖਦਾ ਹੈ ?
6. ਇਸ ਸੰਬੰਧੀ ਖ਼ਾਲਸਈ ਕਿਰਦਾਰ ਕੀ ਹੈ ?

ਮੁਜਰਮ ਉਹਨਾਂ ਨੂੰ ਕਿਹਾ ਜਾ ਰਿਹਾ ਹੈ, ਜਿਹਨਾਂ ਉੱਤੇ ਧਰਮ ਦੀ ਬੇਅਦਬੀ ਨਾ ਸਹਾਰਦੇ ਹੋਏ, ਬੇਅਦਬੀ ਕਰਨ ਵਾਲਿਆਂ ਨੂੰ ਕਤਲ ਕਰਨ ਦਾ ਇਲਜ਼ਾਮ ਹੈ। 'ਅੱਤਵਾਦੀ' ਲਫ਼ਜ਼ ਵੀ ਉਹਨਾਂ ਅਣਖੀਲੇ ਨੌਜਵਾਨਾਂ ਲਈ ਵਰਤਿਆ ਜਾ ਰਿਹਾ ਹੈ, ਜੋ ਗੁਰੂ ਹਜ਼ੂਰ ਸੱਚੇ ਪਾਤਿਸ਼ਾਹ ਦੇ ਬਚਨਾਂ 'ਤੇ ਪਹਿਰਾ ਦਿੰਦੇ ਹੋਏ 'ਗੁਰੂ ਕੀ ਨਿੰਦਾ ਸੁਣੇ ਨਾ ਕਾਨ ਭੇਟਾ ਕਰੇ ਸੰਗ ਕ੍ਰਿਪਾਨ।' ਨੂੰ ਮਨ ਵਿਚ ਧਾਰ ਕੇ ਜੂਝ ਗਏ ਹਨ। ਮਿਸਾਲ ਦੇ ਤੌਰ 'ਤੇ ਜਲੰਧਰ ਦਾ ਇਕ ਅਖ਼ਬਾਰ ਨਵੀਸ ਗੁਰੂ ਦੇ ਦੋਖੀ ਨਿਰੰਕਾਰੀਆਂ ਦਾ ਸੰਗੀ ਸੀ, ਗੁਰੂ ਦਾ ਨਿੰਦਕ ਸੀ। ਗੁਰੂ ਸਾਹਿਬਾਨ ਦੀ ਸ਼ਾਨ ਦੇ ਖ਼ਿਲਾਫ਼ ਜੋ ਕੁਫ਼ਰ ਉਹ ਤੋਲਦਾ ਸੀ, ਉਹ ਦੁਹਰਾ ਕੇ ਤਾਂ ਅਸੀਂ ਘੋਰ ਪਾਪ ਦੇ ਭਾਗੀ ਨਹੀਂ ਬਣਨਾ; ਏਨਾ ਕਹਿਣਾ ਹੀ ਕਾਫ਼ੀ ਹੈ ਕਿ ਅਜਿਹਾ ਲਿਖਦਾ ਸੀ ਜਿਵੇਂ ਉਸ ਦੀ ਕਲਮ ਨੂੰ ਕੋਹੜ ਹੋ ਗਿਆ ਹੋਵੇ। ਸਵਰਗਵਾਸੀ ਸਿੰਘ ਸਾਹਿਬ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਜੀ, ਜਥੇਦਾਰ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇਸ਼ ਦਾ ਗ਼ੱਦਾਰ ਲਿਖ ਕੇ ਪੰਥ ਦੀ ਆਨ ਤੇ ਸ਼ਾਨ ਨੂੰ ਨਸ਼ਤਰ ਮਾਰੀ ਹੈ। ਉਸ ਨੂੰ ਕਿਸੇ ਅਣਖ ਵਾਲੇ ਗੁਰੂ ਕਲਗ਼ੀਧਰ ਦੇ ਲਾਲ ਨੇ ਸੋਧ ਦਿੱਤਾ, ਜਿਸ ਤਰ੍ਹਾਂ ਨਿਰੰਜਣੀਏ ਨੂੰ ਸਿੰਘਾਂ ਨੇ ਸੋਧਿਆ ਸੀ। ਏਸ ਕੋਹੜੀ ਕਲਮ ਵਾਲੇ ਦੇ ਕਾਤਲਾਂ ਨੂੰ ਸਰਕਾਰ ਵੱਲੋਂ ਅੱਤਵਾਦੀ ਦਾ ਖ਼ਿਤਾਬ ਦਿੱਤਾ ਗਿਆ ਅਤੇ ਇਹੋ ਜਿਹੇ ਹਰ ਨੌਜਵਾਨ ਨੂੰ ਦਿੱਤਾ ਜਾ ਰਿਹਾ ਹੈ।

ਆਓ, ਹੁਣ ਵਿਚਾਰੀਏ ਕਿ ਮੁਜਰਮ ਕੌਣ ਸੀ ਅਤੇ ਉਸ ਦਾ ਜੁਰਮ ਕੀ ਸੀ ? ਪਹਿਲੀ ਆਲਮੀ ਜੰਗ ਤੋਂ ਬਾਅਦ ਦੇ ਦਿਨਾਂ ਦੀ ਝਬਾਲ ਪਿੰਡ ਦੀ ਕਥਾ ਹੈ। ਉਥੋਂ ਦੇ ਮੁਸਲਮਾਨਾਂ ਨੂੰ ਇਕ ਸ਼ਰਾਰਤ ਸੁੱਝੀ, ਉਹ ਆਪ ਨਬੀ ਖ਼ਾਂ, ਗ਼ਨੀ ਖ਼ਾਂ ਬਣ ਬੈਠੇ ਅਤੇ ਪਿੰਡ ਦੇ ਸਿਖ ਸੁਨਿਆਰੇ ਨੂੰ ਜਿਗਾ ਤੋੜੇ ਕਲਗ਼ੀ ਲਾ ਕੇ ਗੁਰੂ ਗੋਬਿੰਦ ਸਿੰਘ ਬਣਾ ਲਿਆ। ਉਹ ਉਸ ਨੂੰ ਪਲੰਘ ਉੱਤੇ ਬਿਠਾ ਕੇ ਪਿੰਡ ਦਾ ਗੇੜਾ ਕੱਢਣ ਤੁਰ ਪਏ। ਇਕ ਕੁਤਰਾ ਕਰ ਰਹੇ ਜ਼ਿਮੀਂਦਾਰ ਨੂੰ ਉਸ ਦਾ ਲੜਕਾ ਆ ਕੇ ਕਹਿਣ ਲੱਗਾ, 'ਸਤਿਗੁਰ ਆਏ ਹਨ; ਸਾਰਾ ਪਿੰਡ ਦਰਸ਼ਨ ਕਰ ਰਿਹਾ ਹੈ ਆਪਾਂ ਵੀ ਕਰੀਏ' ਅਤੇ ਉਸ ਨੇ ਸਵਾਂਗ ਦਾ ਸਾਰਾ ਵੇਰਵਾ ਦੱਸ ਦਿੱਤਾ। ਦਾਹ ਚੁੱਕ ਬੁੱਕਲ ਵਿਚ ਲੈ ਕੇ ਉਹ ਰਹਿਤਵਾਨ ਸਿੰਘ ਵੀ ਆਪਣੇ ਪੁੱਤਰ ਨਾਲ ਹੋ ਤੁਰਿਆ। ਬਾਰ ਵਿੱਚੋਂ ਝਾਕੀ ਲੰਘ ਰਹੀ ਸੀ। ਉਸ ਨੇ ਬੇਨਤੀ ਕੀਤੀ ਕਿ ਮੰਜਾ ਜ਼ਮੀਨ 'ਤੇ ਰੱਖ ਕੇ ਦਰਸ਼ਨ ਕਰਵਾਏ ਜਾਣ। ਮੰਜਾ ਨੀਵਾਂ ਹੁੰਦਿਆਂ ਹੀ ਉਸ ਨੇ ਦਾਹ ਦੇ ਇੱਕੋ ਵਾਰ ਨਾਲ ਨਕਲੀਏ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ। ਉਸ ਉੱਤੇ ਕਤਲ ਦਾ ਮੁਕੱਦਮਾ ਚੱਲਿਆ, ਪਰੰਤੂ ਅੰਮ੍ਰਿਤਸਰ ਦੇ ਸੈਸ਼ਨ ਜੱਜ ਨੇ ਉਸ ਨੂੰ ਬਰੀ ਕਰ ਦਿੱਤਾ। ਕਿਉਂਕਿ ਉਸਦੇ ਧਾਰਮਿਕ ਜਜ਼ਬਾਤ ਉੱਤੇ ਕਰੜੀ ਅਤੇ ਨਿਰਦਈ ਠੇਸ ਮਾਰਨ ਵਾਲੇ ਨਾਲ ਇਹੀ ਜਾਇਜ਼ ਵਰਤਾਰਾ ਸੀ। ਸਿਆਣੇ ਜੱਜ ਦਾ ਇਹ ਫ਼ੈਸਲਾ ਉਸ ਵੇਲੇ ਦਾ ਹੈ, ਜਦੋਂ ਕਿ ਧਾਰਮਿਕ ਜਜ਼ਬਾਤ ਨੂੰ ਠੇਸ ਪਹੁੰਚਾਣ ਵਾਲੇ ਨੂੰ ਸਜ਼ਾ ਦੇਣ ਲਈ ਸੰਬੰਧਤ ਕਾਨੂੰਨ ਵਿਚ ਕੋਈ ਧਾਰਾ ਮੌਜੂਦ ਨਹੀਂ ਸੀ; ਇਹ ਬਹੁਤ ਦੇਰ ਬਾਅਦ ਜਾ ਕੇ ਸ਼ਾਮਿਲ ਕੀਤੀ ਗਈ। ਏਸ ਧਾਰਾ ਦੇ ਜਨਮ ਦੀ ਕਥਾ ਵੀ ਦਿਲ ਟੁੰਬਵੀਂ ਹੈ।

1947 ਤੋਂ ਕੁਝ ਸਾਲ ਪਹਿਲਾਂ ਦੀ ਇਕ ਕਹਾਣੀ ਉਸ ਹਿੰਦੂ ਹੈਂਕੜਬਾਜ਼

ਮਨੋਬਿਰਤੀ ਦਾ ਭਰਪੂਰ ਮੁਜ਼ਾਹਰਾ ਕਰਦੀ ਹੈ, ਜਿਸ ਦਾ ਪ੍ਰਗਟਾਵਾ ਪਾਕਿਸਤਾਨ ਬਣਨ ਦਾ ਇੱਕੋ ਇਕ ਅਤੇ ਮੁੱਢਲਾ ਕਾਰਣ ਹੈ। ਜਲੰਧਰ ਦੇ ਉਪਰੋਕਤ ਅਖ਼ਬਾਰ-ਨਵੀਸ ਵਾਂਗ ਕਿਸੇ ਆਰੀਆ ਸਮਾਜੀ ਨੇ ਮੁਹੰਮਦ ਸਾਹਿਬ ਦੀ ਸ਼ਾਨ ਦੇ ਖ਼ਿਆਲ ਕੁਫ਼ਰ ਤੋਲਦਿਆਂ ਇਕ ਬਹੁਤ ਘਟੀਆ ਕਿਤਾਬ ਲਿਖੀ, ਜਿਸ ਵਿਚ ਰੱਬ ਦੇ ਏਸ ਪਿਆਰੇ ਨੂੰ ਆਚਰਣਹੀਣ ਸਿੱਧ ਕਰਨ ਦਾ ਯਤਨ ਕੀਤਾ ਗਿਆ। ਮੁਸਲਮਾਨਾਂ ਦੇ ਹਿਰਦੇ ਏਸ ਕਿਤਾਬ ਨੂੰ ਪੜ੍ਹ ਕੇ ਵਲੂੰਧਰੇ ਗਏ। ਉਹ ਆਮ ਗਲੀਆਂ ਵਿਚ ਇਹ ਗੀਤ ਗਾਉਂਦੇ ਸੁਣੇ ਜਾਂਦੇ ਸਨ:

ਮੇਰੇ ਮੌਲਾ ਬੁਲਾ ਲੇ ਮਦੀਨੇ ਮੁਝੇ।
ਹਿੰਦ ਮੇਂ ਅਬ ਦੇਂਗੇ ਨਾ ਜੀਨੇ ਮੁਝੇ।

ਲਾਹੌਰ ਦਾ ਮਹਾਸ਼ਾ ਪ੍ਰਕਾਸ਼ਕ ਆਪਣੀ ਦੁਕਾਨ ਉੱਤੇ ਗੁੰਮਨਾਮ ਲੇਖਕ ਦੀ ਏਸ ਕ੍ਰਿਤ ਨੂੰ ਵੇਚਣ ਲੱਗਾ। ਦੋ ਢਾਈ ਸੌ ਮੀਲ ਦੂਰ ਇਕ ਮੋਚੀ ਦੇ ਨੌਜਵਾਨ ਮੁੰਡੇ ਦੇ ਕੰਨੀਂ ਸਾਰੇ ਮਸਲੇ ਦੀ ਭਿਣਕ ਜਾ ਪਈ। ਉਸ ਗ਼ਰੀਬ ਨੇ ਆਪਣੀ ਰੋਜ਼ੀ ਦਾ ਵਸੀਲਾ, ਰੰਬੀ, ਆਰ ਆਦਿ ਵੇਚ ਕੇ ਇਕ ਚਾਕੂ ਖ਼ਰੀਦਿਆ ਅਤੇ ਆਪਣੀ ਜਾਨ ਤੋਂ ਪਿਆਰੇ ਰਸੂਲ ਦੀ ਬੇਅਦਬੀ ਕਰਨ ਵਾਲੇ ਨੂੰ ਨਰਕ ਤੋਰਨ ਲਈ ਪੈਦਲ ਹੀ ਚੱਲ ਪਿਆ। ਲਾਹੌਰ ਆਪਣਾ ਕਾਰਜ ਪੂਰਾ ਕਰਨ ਤੋਂ ਬਾਅਦ ਹਮਦਰਦਾਂ ਨੂੰ ਉਸ ਨੇ ਕਿਹਾ, "ਮੈਂ ਕੋਈ ਜੁਰਮ ਨਹੀਂ ਕੀਤਾ, ਮੈਂ ਕੇਵਲ ਰਸੂਲ ਦੀ ਬੇਅਦਬੀ ਦਾ ਬਦਲਾ ਲਿਆ ਹੈ।" ਉਸ ਦੇ ਖ਼ਿਲਾਫ਼ ਕੋਈ ਗਵਾਹ ਪੇਸ਼ ਨਾ ਹੋਇਆ, ਪਰੰਤੂ ਉਸ ਨੇ ਬੜੇ ਫ਼ਖ਼ਰ ਨਾਲ ਇਕਬਾਲ ਕਰ ਲਿਆ। ਸਾਰੀ ਦੁਨੀਆ ਦੀ ਹਮਦਰਦੀ ਉਹਦੇ ਨਾਲ ਸੀ; ਕਿਉਂਕਿ ਉਸ ਨੇ ਇਕ ਨੀਚ ਅਤੇ ਪਾਮਰ ਨੂੰ ਨਰਕ ਦੇ ਰਾਹ ਪਾਇਆ ਸੀ। ਜੱਜ ਖ਼ੁਦ ਦੰਡ ਦੇਣਾ ਨਹੀਂ ਸੀ ਚਾਹੁੰਦਾ, ਪਰੰਤੂ ਉਸ ਨੂੰ ਕਾਨੂੰਨ ਗ਼ਾਜ਼ੀ ਦੇ ਹੱਕ ਵਿਚ ਨਾ ਜਾਪਿਆ ਅਤੇ ਉਸ ਨੂੰ ਫਾਂਸੀ ਦੀ ਸਜ਼ਾ ਹੋਈ। ਉਸ ਦੇ ਜਨਾਜ਼ੇ ਵਿਚ ਡਾਕਟਰ ਸਰ ਮੁਹੰਮਦ ਇਕਬਾਲ, ਸਰ ਜ਼ਫ਼ਰਉਲਾ ਖ਼ਾਂ ਤੋਂ ਲੈ ਕੇ ਹਰ ਕਹਿੰਦਾ ਕਹਾਉਂਦਾ ਮੁਸਲਮਾਨ ਸ਼ਾਮਿਲ ਹੋਇਆ। ਮੁਕਾਬਲੇ ਵਿਚ ਸਾਡੇ ਬਹਾਦਰ ਵੀਰ ਮੁਸੀਬਤ ਸਿੰਘ ਦੀ ਲਾਸ਼ ਨੂੰ ਸ੍ਰੀ ਅੰਮ੍ਰਿਤਸਰ ਵਿਚ, ਜਿਥੇ ਸਿੰਘ ਸਭਾ ਸ਼ਤਾਬਦੀ ਕਮੇਟੀ, ਚੀਫ਼ ਖ਼ਾਲਸਾ ਦੀਵਾਨ ਆਦਿ ਸੈਂਕੜੇ ਸਿਖ ਜਥੇਬੰਦੀਆਂ ਹਨ, ਲਾਵਾਰਸ ਸਾੜ ਦਿੱਤਾ ਗਿਆ। ਚੇਤੇ ਰਹੇ ਕਿ ਇਸ ਧਰਮਵੀਰ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਰੋਸ ਪ੍ਰਗਟ ਕਰਨ ਲਈ ਉੱਡਦਾ ਜਹਾਜ਼ ਅਗਵਾ ਕੀਤਾ ਸੀ ਅਤੇ ਇਸ ਨਿਹੱਥੇ ਨੂੰ ਨਾਜਾਇਜ਼ ਗੋਲੀ ਮਾਰ ਦਿੱਤੀ ਗਈ ਸੀ।

ਆਲਮਉਦੀਨ ਦੁਆਰਾ ਲਾਹੌਰ ਦੇ ਮਹਾਸ਼ੇ ਨੂੰ ਸੋਧਣ ਉਪਰੰਤ ਅੰਗਰੇਜ਼ਾਂ ਨੇ ਡੂੰਘੀ ਸੋਚ ਵਿਚਾਰ ਕਰ ਕੇ ਜੁਰਮਾਂ ਦੀ ਲਿਸਟ ਵਿਚ ਵਾਧਾ ਕਰਦਿਆਂ ਧਾਰਾ 353-ਏ ਸ਼ਾਮਲ ਕੀਤੀ। ਏਸ ਅਧੀਨ ਕਿਸੇ ਦੀ ਧਾਰਮਿਕ ਭਾਵਨਾ ਨੂੰ ਠੇਸ ਪੁਚਾਉਣ ਨੂੰ ਜੁਰਮ ਕਰਾਰ ਦਿੱਤਾ ਗਿਆ ਅਤੇ ਸਰਕਾਰ ਦਾ ਇਹ ਫ਼ਰਜ਼ ਬਣਾਇਆ ਗਿਆ ਕਿ ਉਹ ਹਰ ਉਸ ਮੁਜਰਮ ਉੱਤੇ ਮੁਕੱਦਮਾ ਚਲਾਵੇ, ਜੋ ਕਿਸੇ ਦੇ ਧਰਮ ਉੱਤੇ ਹਮਲਾ ਕਰੇ।

ਇਹ ਧਾਰਾ ਕਾਨੂੰਨ ਦਾ ਇਕ ਹਿੱਸਾ ਅਜੇ ਵੀ ਹੈ। ਪਰ ਪਿਛਲੇ ਕੁਝ ਕੁ ਸਾਲਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੇ ਕਈ ਸਾਕੇ ਹੋ ਚੁੱਕੇ ਹਨ। ਗੁਰੂ ਸਾਹਿਬਾਨ ਦੀ ਸ਼ਾਨ ਦੇ ਖ਼ਿਲਾਫ਼ ਬਹੁਤ ਘਟੀਆ ਲਫ਼ਜ਼ ਵਰਤੇ ਜਾ ਚੁੱਕੇ ਹਨ। ਹੁਣੇ ਹੁਣੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਦੀ ਤਸਵੀਰ ਅਯੋਗ ਢੰਗ ਨਾਲ ਛਾਪ ਕੇ ਸਿੱਖਾਂ ਨੂੰ ਚਿੜ੍ਹਾਇਆ ਗਿਆ ਹੈ। ਸਿਖ ਕੌਮ ਦੀ ਬੇਅਦਬੀ ਕਰਨ ਦੀ ਕੋਈ ਕਸਰ ਬਾਕੀ ਨਹੀਂ

ਰਹੀ, ਪਰੰਤੂ ਕੀ ਕਾਰਣ ਹੈ ਕਿ ਸਰਕਾਰ ਨੇ ਅਜੇ ਤਕ ਕਿਸੇ ਇਕ ਉੱਤੇ ਵੀ, ਇਸ ਧਾਰਾ ਅਧੀਨ, ਮੁਕੱਦਮਾ ਨਹੀਂ ਚਲਾਇਆ ? ਚੇਤੇ ਰਹੇ ਕਿ ਕਾਨੂੰਨ ਅਨੁਸਾਰ ਮੁਕੱਦਮਾ ਕੇਵਲ ਸਰਕਾਰ ਹੀ ਚਲਾ ਸਕਦੀ ਹੈ, ਹੋਰ ਕੋਈ ਨਹੀਂ। ਮੁਜਰਮ ਹੋਇਆ ਇਸ ਕਾਨੂੰਨ ਦੀ ਉਲੰਘਣਾ ਕਰਨ ਵਾਲਾ ਜਾਂ ਉਹ ਕਰਿੰਦਾ, ਜੋ ਏਸ ਕਾਨੂੰਨ ਅਧੀਨ ਮੁਕੱਦਮਾ ਚਲਾਉਣ ਤੋਂ ਇਨਕਾਰੀ ਹੈ। ਧਰਮ ਦੇ ਰਾਹ ਉੱਤੇ ਚੱਲਦਾ ਹੋਇਆ, ਬੇਅਦਬੀ ਨਾ ਸਹਾਰਦਾ ਹੋਇਆ ਜੇ ਕੋਈ ਕਿਸੇ ਦੁਸ਼ਟ ਕੰਸ ਨੂੰ ਸੋਧ ਵੀ ਦੇਵੇ ਤਾਂ ਉਹ ਮੁਜਰਮ ਕਿਵੇਂ ਹੋਇਆ ? ਅਵਤਾਰ ਕਿਵੇਂ ਨਾ !

ਭਾਰਤੀ ਦੰਡਾਵਲੀ ਦੇ ਚੈਪਟਰ ਚਾਰ ਅਨੁਸਾਰ ਕਈ ਤਰ੍ਹਾਂ ਦੇ ਜੁਰਮ ਕਰਨ ਵਾਲਿਆਂ ਨੂੰ ਨਿਰਦੋਸ਼ ਤਸੱਵਰ ਕੀਤਾ ਜਾਂਦਾ ਹੈ। ਇਸ ਵਿਚ ਇਹ ਵੀ ਜ਼ਿਕਰ ਹੈ ਕਿ ਕਿਸੇ ਦਾ ਮਨ ਏਨਾ ਦੁਖੇ ਕਿ ਉਹ ਜਲਦੀ ਵਿਚ ਕਿਸੇ ਮੁਜਰਮ ਨੂੰ ਸੋਧ ਦੇਵੇ ਤਾਂ ਅਜਿਹੇ ਆਦਮੀ ਨੂੰ ਪੂਰਨ ਨਿਰਦੋਸ਼ ਮੰਨਿਆ ਗਿਆ ਹੈ; ਉਹ ਆਦਮੀ ਕਾਨੂੰਨ ਅਨੁਸਾਰ ਦੰਡ ਦਾ ਬਿਲਕੁਲ ਭਾਗੀ ਨਹੀਂ।

ਧਾਰਮਿਕ ਤੌਰ ਉੱਤੇ ਅਸੀਂ ਮੱਸੇ ਰੰਘੜ ਦਾ ਸਿਰ ਕੱਟਣ ਵਾਲੇ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੂੰ ਪੂਰਨ ਗੁਰਸਿੱਖ ਅਤੇ ਸੰਤ ਮੰਨਦੇ ਹਾਂ। ਦਰਬਾਰ ਸਾਹਿਬ ਵਿਚ ਜੇ ਸੱਚਮੁੱਚ ਕਿਸੇ ਨੇ ਪਨਾਹ ਲਈ ਹੈ ਤਾਂ ਉਹ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਦੋ ਬਹਾਦਰ ਵੀਰ ਹਨ। ਹਰ ਧਾਰਮਿਕ ਆਦਮੀ ਦਾ ਦ੍ਰਿੜ੍ਹ ਨਿਸਚਾ ਹੈ ਕਿ ਅਜਿਹੇ ਮਹਾਂਪੁਰਸ਼ ਕਦਾਚਿਤ ਅੱਤਵਾਦੀ ਨਹੀਂ; ਸੱਤਵਾਦੀ, ਪੂਰਨ ਗੁਰਸਿੱਖ ਹਨ, ਜਿਨ੍ਹਾਂ ਦੇ ਚਰਨਾਂ ਦੀ ਧੂੜ ਮੱਥੇ ਉੱਤੇ ਲਾਉਣ ਨਾਲ ਸਿੱਖੀ ਦੀ ਮਹਾਂ ਦਾਤ ਸਹਿਜੇ ਹੀ ਪ੍ਰਾਪਤ ਹੋ ਸਕਦੀ ਹੈ। ਅਜਿਹੇ ਮਹਾਂਪੁਰਸ਼ਾਂ ਨੂੰ ਮੁਜਰਮ ਕੂਕਣ ਵਾਲੀਆਂ ਸਰਕਾਰਾਂ ਦੇ ਕਰਿੰਦੇ ਵੇਖਦਿਆਂ ਹੀ ਕਾਨੂੰਨ ਦੀ ਮਨਸ਼ਾ ਦੇ ਵਿਰੁੱਧ ਗੋਲੀ ਮਾਰ ਦਿੰਦੇ ਹਨ, ਜਿਵੇਂ ਕਿ ਬਿਲਕੁਲ ਨਿਹੱਥੇ ਮੁਸੀਬਤ ਸਿੰਘ ਨੂੰ ਜਾਂ ਕੁਲਵੰਤ ਸਿੰਘ ਨੂੰ ਮਾਰੀ ਸੀ; ਜਾਂ ਤਸੀਹੇ ਦੇ ਕੇ ਮਾਰ ਦਿੰਦੇ ਹਨ, ਜਿਵੇਂ ਕਿ ਭਾਈ ਕੁਲਵੰਤ ਸਿੰਘ ਅਤੇ ਭਾਈ ਗੁਰਮੀਤ ਸਿੰਘ ਨੂੰ ਮਾਰਿਆ ਸੀ। ਉਹਨਾਂ ਉੱਤੇ ਝੂਠੇ ਮੁਕੱਦਮੇ ਬਣਾਉਂਦੇ ਹਨ। ਚੇਤੇ ਰਹੇ ਕਿ ਹੁਣ ਤਕ ਬਣੇ ਮੁਕੱਦਮਿਆਂ ਵਿੱਚੋਂ ਕੋਈ ਇਕ ਵੀ ਸੱਚਾ ਸਾਬਤ ਨਹੀਂ ਹੋ ਸਕਿਆ ਅਤੇ ਹਰ ਇਕ ਅਜਿਹੇ ਸ਼ਖ਼ਸ ਨੂੰ ਅਦਾਲਤਾਂ ਬਾਇਜ਼ਤ ਬਰੀ ਕਰ ਚੁੱਕੀਆਂ ਹਨ।

ਕੋਈ ਦੱਸੇ ਕਿ ਬੁੱਚੜ ਬਿਰਤੀਆਂ ਵਾਲੇ ਨਿਰਦਈ ਕਸਾਈਆਂ ਨੂੰ ਦਰਬਾਰ ਸਾਹਿਬ ਵਿੱਚੋਂ, ਜੇ ਉਹ ਉਥੇ ਹਨ ਵੀ, ਕੱਢ ਕੇ ਹੀਰਿਆਂ ਵਰਗੇ, ਹਰ ਪੱਖੋਂ ਨਿਰਦੋਸ਼, ਕਾਨੂੰਨ ਅਤੇ ਇਖ਼ਲਾਕ ਪੱਖੋਂ ਵੀ, ਮਾਵਾਂ ਦੇ ਮਸ ਫੁੱਟਦੇ ਪੁੱਤ ਕੌਣ ਅੱਤਵਾਦੀ ਅਖਵਾ ਕੇ ਮਾਰਨ ਲਈ ਦੇਵੇ ? ਕਿਉਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਸਿੱਧੀ ਅਤੇ ਸਪੱਸ਼ਟ ਗੱਲ ਨਹੀਂ ਕਹਿੰਦੀ। ਸੱਚ ਨੂੰ ਨਿਰਭੈ ਹੋ ਕੇ ਸੱਚ ਕਹਿਣਾ ਹੀ ਧਰਮ ਹੈ। ਏਹੋ ਹੀ ਸਿੱਖਾਂ ਦੀ ਸਿਆਸਤ ਹੈ। ਯਾਦ ਕਰੋ, ਸੱਚੇ ਪਾਤਿਸ਼ਾਹ ਗੁਰੂ ਨਾਨਕ ਹਜ਼ੂਰ ਨੂੰ, ਜਿਨ੍ਹਾਂ ਨੇ ਬਾਬਰ ਦੀਆਂ ਘਟਾਵਾਂ ਵਾਂਗ ਚੜ੍ਹੀਆਂ ਆ ਰਹੀਆਂ ਫ਼ੌਜਾਂ ਨੂੰ ਬੱਬਰ ਸ਼ੇਰ ਦੀ ਜ਼ੁਬਾਨ ਨਾਲ ਫਿਟਕਾਰ ਪਾਈ ਸੀ "ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ"; ਸਮੇਂ ਦੇ ਜਰਵਾਣੇ ਹਾਕਮਾਂ ਨੂੰ ਨਿਰਸੰਕੋਚ ਕਿਹਾ ਸੀ "ਰਾਜੇ ਸੀਹ ਮੁਕਦਮ ਕੁਤੇ"। ਜੋ ਸੱਚੇ ਪਾਤਿਸ਼ਾਹ ਨੇ ਲੀਹ ਪਾਈ ਹੈ, ਉਹੀ ਸਿੱਖਾਂ ਦੇ ਮੰਨਣਯੋਗ ਹੈ; ਹੋਰ ਸਭ ਕੂੜ ਕਪਟ ਹੈ।

ਫ਼ਰਜ਼ ਕਰੋ, ਦਰਬਾਰ ਸਾਹਿਬ ਦੀ ਹੱਦ ਦੇ ਅੰਦਰ ਅਜਿਹੇ 'ਮੁਜਰਮ' ਹਨ ਵੀ ਤਾਂ ਕੌਣ ਉਹਨਾਂ ਨੂੰ ਫੜਾ ਸਕਣ ਦਾ ਹੱਕਦਾਰ ਹੈ। ਸਰਕਾਰਾਂ ਮਨੁੱਖ ਲਈ ਬਣਦੀਆਂ ਹਨ, ਨਾ ਕਿ ਮਨੁੱਖ ਸਰਕਾਰਾਂ ਦੀਆਂ ਜ਼ਾਲਮ ਨੀਤੀਆਂ ਦਾ ਸ਼ਿਕਾਰ ਹੋਣ ਲਈ। ਅਜਿਹੇ ਹਾਲਾਤ ਵਿਚ ਜੇ ਕੋਈ ਧਾਰਮਿਕ ਸਥਾਨਾਂ ਦੀ ਪਨਾਹ ਲੈਂਦਾ ਵੀ ਹੈ ਤਾਂ ਵੀ ਮਨੁੱਖੀ ਹੱਕਾਂ ਨੂੰ ਉਹਲੇ ਕਰ ਕੇ, ਕਿਸੇ ਸੰਸਥਾ ਨੂੰ ਫੜਨ ਫੜਾਉਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਧਾਰਮਿਕ ਸਥਾਨ, ਖ਼ਾਸ ਤੌਰ ਉੱਤੇ ਸ੍ਰੀ ਦਰਬਾਰ ਸਾਹਿਬ, ਕਿਸੇ ਸਰਕਾਰੀ ਧੌਂਸ ਅਧੀਨ ਨਹੀਂ ਹਨ। ਇਹ ਮਨੁੱਖ ਮਾਤਰ ਦੀ ਜ਼ੁਲਮ ਤੋਂ ਰਾਖੀ ਕਰਨ ਲਈ ਅਤੇ ਉਹਨਾਂ ਦੀ ਆਤਮਕ ਉੱਨਤੀ ਲਈ, ਹਰ ਦੁਨਿਆਵੀ ਕਾਨੂੰਨ ਤੋਂ ਹਰ ਵਕਤ ਉਤਾਂਹ, ਕਰਤਾ ਪੁਰਖ ਦੇ ਹੁਕਮ ਅਨੁਸਾਰ ਸਿਰਜੇ ਗਏ ਹਨ। ਸ੍ਰੀ ਦਰਬਾਰ ਸਾਹਿਬ ਨਿਸ਼ਚੇ ਹੀ ਮੁਕੰਮਲ ਤੌਰ ਉੱਤੇ ਭਾਰਤ ਦੇ ਕਾਨੂੰਨ ਤੋਂ ਮੁਕਤ "ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ" ਹੈ। ਇਹ ਭਾਵਨਾ ਹੈ ਸਾਰੇ ਸੰਸਾਰ ਦੇ ਸਿੱਖਾਂ ਦੀ। ਜੇ ਭਾਰਤ ਦਾ ਲੋਕਰਾਜ ਏਨੇ ਸਿੱਖਾਂ ਦੀ ਏਸ ਭਾਵਨਾ ਦਾ ਸਤਿਕਾਰ ਕਰਨਾ ਨਹੀਂ ਜਾਣਦਾ, ਤਾਂ ਇਹ ਕੋਈ ਲੋਕਰਾਜ ਨਹੀਂ; ਬਹੁ-ਗਿਣਤੀ ਦਾ, ਸਿੱਖਾਂ, ਮੁਸਲਮਾਨਾਂ, ਈਸਾਈਆਂ ਅਤੇ ਹਰੀਜਨਾਂ ਨੂੰ ਦਬੇਲ ਅਤੇ ਗ਼ੁਲਾਮ ਬਣਾਉਣ ਦਾ ਵੱਡਾ ਯਤਨ ਹੀ ਹੈ। 'ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ, ਚੀਰਾ ਤੋ ਕਤਰਾ-ਇ-ਖ਼ੂੰ ਨਾ ਨਿਕਲਾ।'

ਯਾਦ ਰਹੇ ਕਿ ਅੱਜ ਅਮਰੀਕਾ ਦੇ ਗਿਰਜੇ ਵੀ ਦਰਬਾਰ ਸਾਹਿਬ ਵਾਲੀ ਹਸਤੀ ਹਾਸਲ ਕਰਨ ਲਈ ਯਤਨਸ਼ੀਲ ਹਨ; ਉਹ ਵੀ ਏਹੋ ਤਰਕ ਦਿੰਦੇ ਹਨ। ਏਹੋ ਸਿੱਖੀ ਦੀ ਪੁਰਾਤਨ ਰੀਤ ਹੈ ਕਿ ਜੇ ਕੋਈ ਚੋਰ, ਤਸਕਰ ਵੀ ਪਨਾਹ ਲੈ ਲਵੇ ਤਾਂ ਉਸ ਨੂੰ ਦੁਰਕਾਰਨਾ ਨਹੀਂ ਬਣਦਾ। ਖ਼ੁਸਰੋ ਵਰਗੇ ਬਾਗ਼ੀ ਦਾ ਵੀ ਮਾਣ ਸਤਿਕਾਰ ਕਰਨਾ ਬਣਦਾ ਹੈ। ਏਥੋਂ ਤਕ ਕਿ ਜੇ ਮਾਤਾ ਕੌਲਾਂ ਵਰਗੀ ਅਨਧਰਮੀ, ਪਰ ਨਿਆਸਰਾ, ਔਰਤ ਵੀ ਪਨਾਹ ਲਵੇ ਤਾਂ ਨਿਆਸਰਿਆਂ ਦੇ ਆਸਰੇ ਗੁਰੂ ਹਜ਼ੂਰ ਅਮਰਦਾਸ ਜੀ ਦਾ ਦਰਬਾਰ ਉਸ ਲਈ ਢੁਕਵੀਂ ਥਾਂ ਹੈ। ਏਥੋਂ ਤਕ ਕਿ ਹਜ਼ੂਰ ਗੁਰੂ ਹਰਿਗੋਬਿੰਦ ਜੀ ਮਹਾਰਾਜ ਨੇ ਜਾਨਵਰਾਂ (ਘੋੜੇ ਤੇ ਬਾਜ਼) ਤਕ ਨੂੰ ਵੀ ਪਨਾਹ ਦਿੱਤੀ। ਬਾਜ਼ ਲੈਣ ਆਏ ਮੁਗ਼ਲ ਅਹਿਲਕਾਰਾਂ ਨੂੰ ਆਪ ਦਾ ਜੁਆਬ ਸੀ, 'ਤੁਸੀਂ ਬਾਜ ਹੀ ਬਾਜ ਪੁਕਾਰਦੇ ਹੋ, ਅਸੀਂ ਤਾਜ ਤੁਸਾਡੜਾ ਚਾਹਵਦੇ ਹਾਂ।' ਇਹ ਉਨ੍ਹਾਂ ਦਾ ਮੁਕੰਮਲ ਪ੍ਰਭੂਸੱਤਾ ਧਾਰਨ ਕਰਨ ਦਾ ਐਲਾਨ ਸੀ ਅਤੇ ਕਾਨੂੰਨਨ ਅਹਿਮ ਐਲਾਨ ਸੀ, ਕਿਉਂਜੁ ਮੁਕੰਮਲ ਪ੍ਰਭੂਸੱਤਾ ਧਾਰੀ (Sovereign) ਹੀ ਪਨਾਹ ਦੇਣ ਦੀ ਹੈਸੀਅਤ ਰੱਖਦਾ ਹੈ। ਉਨ੍ਹਾਂ ਨੇ ਏਸ ਐਲਾਨ ਰਾਹੀਂ ਗੁਰੂ ਘਰ ਦਾ ਸੰਸਾਰ ਦੀਆਂ ਸਰਕਾਰਾਂ ਦੇ ਕਾਨੂੰਨ ਤੋਂ ਨਿਸ਼ਚੇ ਉੱਤੇ ਹੋਣ ਦਾ ਦਾਅਵਾ ਨਿਰਸੰਕੋਚ ਕੀਤਾ।

ਗੁਰੂ ਸੱਚੇ ਪਾਤਿਸ਼ਾਹ ਦੇ ਇਹਨਾਂ ਬਚਨਾਂ ਤੋਂ ਬਾਅਦ ਹਰ ਗੁਰਦੁਆਰਾ, ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਖ਼ਾਸ ਤੌਰ ਉੱਤੇ ਸ੍ਰੀ ਦਰਬਾਰ ਸਾਹਿਬ, ਮੁਕੰਮਲ ਪ੍ਰਭੂਸੱਤਾ ਦਾ ਧਾਰਨੀ ਹੈ। ਗੁਰਬਾਣੀ ਦੇ ਇਹ ਵਾਕ ਨਿਰੋਲ ਸੱਚ ਹਨ, "ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ" ਅਤੇ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ"। ਏਵੇਂ ਹੀ ਸਿਖ ਸੰਗਤਾਂ ਨੂੰ, ਗੁਰਦੁਆਰੇ ਦੇ ਸੇਵਾਦਾਰਾਂ ਅਤੇ ਲੀਡਰਾਂ ਨੂੰ ਸਮਝਣਾ ਜਾਇਜ਼ ਹੈ। ਏਸ ਸੰਬੰਧੀ ਇਕ ਛੋਟੀ ਜਿਹੀ ਇਤਿਹਾਸਕ ਕਥਾ ਹੈ, ਜਿਸ ਤੋਂ ਸਾਰਾ ਸਿਧਾਂਤ ਸਪੱਸ਼ਟ ਹੋ ਜਾਂਦਾ ਹੈ। ਭਾਈ ਉਦੇ ਸਿੰਘ ਕੈਥਲ ਵਿਚ ਰਾਜ ਕਰਦੇ ਸਨ ਕਿ ਉਹਨਾਂ ਦਾ ਕੋਈ ਖ਼ਾਸ ਚਾਕਰ ਵਿਭਚਾਰ ਕਰ ਬੈਠਾ। ਫੇਰ ਸਿੱਖੀ ਦੇ

ਧਾਰਨੀ ਨੇ ਨਿਆਂਕਾਰੀ ਰਾਜ ਕੋਪ ਤੋਂ ਡਰਦੇ ਹੋਏ ਧਮਧਾਣ ਸਾਹਿਬ ਦੇ ਗੁਰਦੁਆਰੇ ਜਾ ਪਨਾਹ ਲਈ। ਮਹੰਤ ਕੋਲ ਉਸ ਨੇ ਬੇਨਤੀ ਕੀਤੀ, "ਮੈਂ ਸ਼ਰਨਾਗਤ ਹਾਂ, ਮੈਨੂੰ ਰਾਜ ਕੋਪ ਤੋਂ ਬਚਾਉ, ਮੈਂ ਨਿਰਦੋਸ਼ ਮਾਰਿਆ ਜਾਵਾਂਗਾ।" ਇਹ ਸ਼ਬਦ ਉਸ ਨੇ ਇਸ ਲਈ ਕਹੇ ਕਿ ਉਸ ਨੂੰ ਸਿੱਖੀ ਦੀ ਰਵਾਇਤ ਦਾ ਪਤਾ ਸੀ, ਜਿਸ ਅਧੀਨ ਗੁਰਦੁਆਰੇ ਹਰ ਉਸ ਬੇਗੁਨਾਹ ਨੂੰ ਪਨਾਹ ਦੇਣ ਲਈ ਹਨ, ਜਿਸ ਦਾ ਰਾਜ ਵੈਰੀ ਹੋ ਜਾਵੇ। ਉਸ ਨੂੰ ਇਹ ਵੀ ਪਤਾ ਸੀ ਕਿ ਧਮਧਾਣ ਸਾਹਿਬ ਦਾ ਗੁਰਦੁਆਰਾ ਕੈਥਲ ਦੀ ਹੱਦ ਅੰਦਰ ਸੀ ਅਤੇ ਰਾਜਾ ਭਾਈ ਉਦੇ ਸਿੰਘ ਦੇ ਰਾਜ ਵਿਚ ਸੀ; ਪਰੰਤੂ ਉਸ ਨੇ ਫੇਰ ਵੀ ਉਥੇ ਪਨਾਹ ਲਈ, ਕਿਉਂਕਿ ਉਹ ਜਾਣਦਾ ਸੀ ਕਿ ਗੁਰਦੁਆਰੇ ਵਿਚ ਰਾਜ ਗੁਰੂ ਕਾ ਹੈ ਅਤੇ ਉਥੇ ਕਿਸੇ ਦਾ ਕੋਈ ਕਾਨੂੰਨ ਉਸ ਦਾ ਕੁਝ ਨਹੀਂ ਵਿਗਾੜ ਸਕਦਾ। ਰਾਜੇ ਨੇ ਪਤਾ ਲੱਗਣ ਉੱਤੇ ਕੁਝ ਸਵਾਰ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਭੇਜੇ। ਉਨ੍ਹਾਂ ਦੇ ਜਾਣ ਤੋਂ ਬਾਅਦ, ਉਹ ਸਭਾ ਵਿਚ ਕਹਿਣ ਲੱਗਾ, "ਜੇ ਗੁਰਦੁਆਰੇ ਦਾ ਮਹੰਤ ਗੁਰੂ ਕਾ ਸਿੰਘ ਹੈ ਤਾਂ ਨਿਹਾਲ ਸਿੰਘ ਨੂੰ ਸਵਾਰਾਂ ਦੇ ਹਵਾਲੇ ਨਹੀਂ ਕਰੇਗਾ।" ਉਸ ਨੂੰ ਪਤਾ ਸੀ ਕਿ ਗੁਰਦੁਆਰੇ ਸਰਬ ਸਮਰੱਥ (Sovereign) ਹਨ ਅਤੇ ਉਥੇ ਉਸ ਦਾ ਕਾਨੂੰਨ ਨਹੀਂ ਚੱਲਦਾ। ਮਹੰਤ ਗੁਰੂ ਕਾ ਸਿੰਘ ਸੀ। ਉਸ ਨੇ ਜੁਆਬ ਦਿੱਤਾ, "ਭਾਈ ਸਾਹਿਬ ਨੂੰ ਕਹਿ ਦਿਉ ਕਿ ਜੋ ਗੁਰਦੁਆਰੇ ਦੀ ਸ਼ਰਨ ਆਇਆ ਹੈ, ਅਸੀਂ ਨਹੀਂ ਦੇ ਸਕਦੇ।" ਇਕ ਰਿਆਸਤ ਵਿਚ ਸਥਿਤ ਮੁਕੰਮਲ ਤੌਰ ਉੱਤੇ ਰਾਜੇ ਦੀ ਪਰਜਾ, ਏਸ ਮਹੰਤ ਦਾ ਧੰਨਤਾਯੋਗ ਸਿੱਖੀ ਕਿਰਦਾਰ ਸਿੱਧਾ ਅਸਾਡੇ ਅੱਜ ਦੇ ਉਨ੍ਹਾਂ ਆਗੂਆਂ ਦੇ ਕਥਨਾਂ ਅਤੇ ਕਰਮਾਂ ਦਾ ਖੰਡਨ ਕਰਦਾ ਹੈ, ਜਿਹੜੇ ਕਿ ਬਾਬਾ ਅਟੱਲ ਸਾਹਿਬ ਦੀ ਨੌਂਵੀਂ ਮੰਜ਼ਲ ਤੋਂ ਕੂਕ ਕੂਕ ਕੇ ਕਹਿ ਰਹੇ ਹਨ ਕਿ ਗੁਰਦੁਆਰੇ ਵਿਚ ਕੋਈ ਮੁਜਰਮ ਨਹੀਂ; ਅਤੇ ਜਿਸ ਦਾ ਸਿੱਧਾ ਭਾਵ ਇਹ ਬਣਦਾ ਹੈ ਕਿ ਜੇ ਕੋਈ ਹੁੰਦਾ ਤਾਂ ਅਸੀਂ ਜ਼ਰੂਰ ਹਵਾਲੇ ਕਰ ਦੇਣਾ ਸੀ। ਇਹ ਜੁਆਬ ਸੁਣ ਕੇ ਭਾਈ ਉਦੇ ਸਿੰਘ ਨੇ ਗੁੱਸੇ ਵਿਚ ਆ ਕੇ ਗੁਰਦੁਆਰੇ ਉੱਤੇ ਹਮਲਾ ਕਰਨ ਦੀ ਸਾਜ਼ਿਸ਼ ਨਹੀਂ ਬਣਾਈ, ਪਰੰਤੂ ਧੀਰਜ ਨਾਲ, ਸ਼ੁਕਰਾਨੇ ਦੇ ਲਹਿਜੇ ਵਿਚ ਕਿਹਾ, "ਸਿੱਖਾਂ ਵਿਚ ਜਾਨ ਪੂਰੀ ਹੈ, ਸਿੱਖੀ ਨਿਭੇਗੀ, ਤੱਗੇਗੀ।" ਕੀ ਸਾਡੇ ਅੱਜ ਦੇ ਲੀਡਰਾਂ ਦੇ ਏਸ ਸੰਬੰਧੀ ਬਿਆਨ ਨੂੰ ਸੁਣ ਕੇ ਅਜਿਹਾ ਪ੍ਰਭਾਵ ਮਨ ਵਿਚ ਪੈਂਦਾ ਹੈ ਕਿ ਕੇਵਲ ਇਹੋ ਸਿੱਖੀ ਨੂੰ ਨਿਭਾਉਣ ਦੇ ਚਾਹਵਾਨ, ਗੁਰੂ ਹਜ਼ੂਰ ਦੇ ਸਨਮੁਖ ਸੁਰਖ਼ਰੂ ਹੋਣਾ ਲੋਚਣ ਵਾਲੇ ਸੂਰਮੇ ਹਨ, ਜਿਸ ਤਰ੍ਹਾਂ ਕਿ ਗਰੀਬ ਸਿੰਘ ਮਹੰਤ ਸੀ ? ਸਮਾਂ ਪਾ ਕੇ ਰਾਜਾ ਗੁਰਦੁਆਰੇ ਹਾਜ਼ਰ ਹੋਇਆ, 125 ਰੁਪਏ ਦੀ ਦੇਗ ਵਰਤਾਈ, ਡੋਹਰ ਨਾਂ ਦਾ ਪਿੰਡ ਗੁਰਦੁਆਰੇ ਨੂੰ ਅਰਦਾਸ ਕਰਵਾਇਆ ਅਤੇ ਫੇਰ ਮਹੰਤ ਨੂੰ ਕਹਿਣ ਲੱਗਾ, "ਮਹੰਤ ਜੀ, ਤੁਹਾਡੀ ਸਿੱਖੀ ਧੰਨ ਹੈ। ਮੈਂ ਤੁਹਾਡੀ ਧਰਮ ਦੇ ਅਸੂਲਾਂ ਦੀ ਪਰਪੱਕਤਾ ਦਾ ਕਦਰਦਾਨ ਹਾਂ, ਪਰ ਇਹ ਪੁਰਖ ਨਿਸ਼ਪਾਪ ਨਹੀਂ। ਇਹ ਉਹ ਖੂਨਾਮੀ ਕਰ ਕੇ ਆਇਆ ਹੈ, ਜੋ ਸਿਖ ਧਰਮ ਵਿਚ ਵਿਹਿਤ ਨਹੀਂ। ਇਹ ਕੋਈ ਰਾਜਸੀ ਭੁੱਲ ਕਰ ਕੇ ਨਹੀਂ ਆਇਆ, ਖੂਨਾਮੀਆ ਹੈ। ਐਸਿਆਂ ਨੂੰ ਪਨਾਹ ਦੇਣੀ ਪਾਪ ਤੇ ਜੁਰਮ ਨੂੰ ਵਧਾਏਗੀ, ਇਸ ਕਰਕੇ ਇਸ ਦਾ ਦੇਣਾ ਵਾਜਬ ਹੈ ਅਤੇ ਗੁਰਸਿੱਖੀ ਹੈ।" ਰਾਜੇ ਨੂੰ ਪਤਾ ਸੀ ਕਿ ਜੇ ਕਿਸੇ ਸ਼ਖ਼ਸ ਨੂੰ ਕੋਈ ਵਕਤੀ ਰਾਜਸੀ ਸ਼ਕਤੀ ਦੋਸ਼ੀ ਗਰਦਾਨੇ, ਤਾਂ ਉਹ ਸੱਚਮੁੱਚ ਦੋਸ਼ੀ ਨਹੀਂ ਬਣ ਜਾਂਦਾ। ਖੂਨਾਮੀਆ ਤਾਂ ਹੀ ਹਵਾਲੇ ਕੀਤਾ ਜਾ ਸਕਦਾ ਹੈ, ਜੇ ਉਹ ਐਸਾ ਜੁਰਮ ਕਰ ਕੇ ਆਇਆ ਹੋਵੇ, ਜੋ ਜ਼ਾਹਿਰਾ ਤੌਰ ਉੱਤੇ ਸਿੱਖੀ ਅਸੂਲਾਂ ਅਨੁਸਾਰ ਜੁਰਮ ਬਣਦਾ ਹੋਵੇ ਅਤੇ ਉਸ ਦੇ ਗੁਰਦੁਆਰੇ

ਪਨਾਹ ਲੈਣ ਨਾਲ ਸਿੱਖੀ ਦੀ ਸਾਖ ਵਿਚ ਵਾਧਾ ਨਾ ਹੁੰਦਾ ਹੋਵੇ। ਸਿੱਖੀ ਦਾ ਇਹ ਸਹੀ ਅਤੇ ਪ੍ਰਵਾਣਿਤ ਅਸੂਲ ਹੈ ਕਿ ਗੁਰਦੁਆਰੇ ਧਰਮ ਦੇ ਪ੍ਰਚਾਰ ਲਈ ਹਨ ਅਤੇ ਏਸ ਲਈ ਉਨ੍ਹਾਂ ਸਿਰਲੱਥ ਬਹਾਦਰਾਂ ਨੂੰ ਸ਼ਰਨ ਦੇਣ ਲਈ ਹਨ, ਜਿਨ੍ਹਾਂ ਨੇ ਸਿੱਖੀ ਨੂੰ ਨਿਭਾਉਣ ਖ਼ਾਤਰ, ਰਹਿਤਨਾਮੇ ਦੇ ਬਚਨਾਂ 'ਗੁਰੂ ਕੀ ਨਿੰਦਾ ਸੁਣੇ ਨਾ ਕਾਨ ਭੇਟਾ ਕਰੇ ਸੰਗ ਕ੍ਰਿਪਾਨ' ਉੱਤੇ ਡਟ ਕੇ ਪਹਿਰਾ ਦਿੱਤਾ ਹੈ।

ਦੋਸ਼ੀ ਗਰਦਾਨਿਆ ਜਾਣਾ ਅਤੇ ਦੋਸ਼ੀ ਹੋਣਾ ਦੋ ਵੱਖ ਵੱਖ ਗੱਲਾਂ ਹਨ। ਅੱਜ-ਕੱਲ੍ਹ ਸਰਕਾਰੀ ਕਰਮਚਾਰੀ ਅਤੇ ਨੇਤਾ ਸਿਰਫ਼ ਆਪਣੀਆਂ ਕਾਰਵਾਈਆਂ ਪਾਉਣ ਲਈ ਕਈਆਂ ਨੂੰ ਦੋਸ਼ੀ ਕਰਾਰ ਦੇ ਦਿੰਦੇ ਹਨ। ਮੌਜੂਦਾ ਦੌਰ ਵਿਚ ਇਹ ਵਾਰ ਵਾਰ ਹੋ ਚੁੱਕਿਆ ਹੈ। ਗਊਆਂ ਦੇ ਸਿਰ ਵੱਢਣ ਦੇ ਦੋਸ਼ ਵਿਚ ਇਕ ਸਿੰਘ ਨੂੰ ਇਸ਼ਤਿਹਾਰੀ ਮੁਜਰਮ ਕਰਾਰ ਦਿੱਤਾ ਗਿਆ ਅਤੇ ਬਾਅਦ ਵਿਚ ਉਸ ਨੂੰ ਨਿਰਦੋਸ਼ ਸਮਝ ਕੇ ਫੜਨ ਜਾਂ ਮਾਰਨ ਵਾਸਤੇ ਐਲਾਨਿਆਂ ਇਨਾਮ ਵਾਪਿਸ ਲੈ ਲਿਆ ਗਿਆ। ਅਨੰਦਪੁਰ ਸਾਹਿਬ ਵਾਲੇ ਨਿਰੰਕਾਰੀ ਦੇ ਕਥਿਤ ਕਾਤਲਾਂ ਤੋਂ ਲੈ ਕੇ ਭਾਈ ਅਮਰੀਕ ਸਿੰਘ, ਬਾਬਾ ਥਾਰਾ ਸਿੰਘ ਅਤੇ ਹਰਸਿਮਰਨ ਸਿੰਘ ਤਕ ਉੱਤੇ ਲੱਗੇ ਦੋਸ਼ਾਂ ਨੂੰ ਅਦਾਲਤਾਂ ਨੇ ਮੰਨਣ ਯੋਗ ਨਹੀਂ ਪਾਇਆ ਅਤੇ ਸਭਨਾਂ ਨੂੰ ਬਰੀ ਕਰ ਦਿੱਤਾ ਹੈ। ਪਿਛਲੇ ਦਿਨੀਂ ਪੁਲਿਸ ਨੇ ਮੁਕੱਦਮਾ ਬਣਾਇਆ ਕਿ ਕਿਸੇ ਨੇ ਫਲਾਣੇ ਬੰਦੇ ਨੂੰ ਕਤਲ ਕਰ ਦਿੱਤਾ ਹੈ; ਕੁੱਟ-ਮਾਰ ਕੇ ਉਨ੍ਹਾਂ ਕੋਲੋਂ ਜੁਰਮ ਦਾ ਇਕਬਾਲ ਵੀ ਕਰਵਾ ਲਿਆ, ਲਾਸ਼ ਬਰਾਮਦ ਕਰਵਾ ਲਈ ਅਤੇ ਸੈਸ਼ਨ ਜੱਜ ਨੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ। ਹਾਈਕੋਰਟ ਵਿਚ ਅਪੀਲ ਚੱਲ ਰਹੀ ਸੀ ਕਿ 'ਮਕਤੂਲ' ਅਦਾਲਤ ਵਿਚ ਪੇਸ਼ ਹੋ ਗਿਆ। ਦਿਨ ਦੀਵੀਂ ਅਜਿਹੇ ਕੁਫ਼ਰ ਤੋਲਣ ਵਾਲੇ ਅਫ਼ਸਰ ਅਤੇ ਸਿਆਸੀ ਆਗੂ ਕਿਸੇ ਨੌਜਵਾਨ ਨੂੰ ਦੋਸ਼ੀ ਦੱਸਣ ਤਾਂ ਕੀ ਉਨ੍ਹਾਂ ਦੇ ਦੁਸ਼ਮਣ ਨੂੰ ਇੰਨ-ਬਿੰਨ ਸੱਚ ਸਮਝਣਾ ਸਿਆਣਪ ਹੈ? ਨੀਤੀ ਹੈ? ਦੋਸ਼ੀ ਓਹ ਨਹੀਂ ਜੋ ਧਰਮ ਦੀ ਬੇਅਦਬੀ ਨੂੰ ਨਾ ਸਹਾਰਦੇ ਹੋਏ ਮਰਦਾਂ ਵਾਂਗ ਜੂਝ ਜਾਂਦੇ ਹਨ। ਦੋਸ਼ੀ ਉਹ ਹਨ, ਜੋ ਦੰਡਾਵਲੀ ਕਾਨੂੰਨ ਦੀ ਧਾਰਾ 330, 331 ਆਦਿ ਨੂੰ ਵਿਸਾਰ ਕੇ, ਪੁਲਿਸ ਹਿਰਾਸਤ ਵਿਚ ਨਿਰਦੋਸ਼ਾਂ ਨੂੰ ਤਸੀਹੇ ਦੇ ਕੇ 7 ਤੋਂ 10 ਸਾਲ ਤਕ ਕੈਦ ਭੁਗਤਣ ਦੇ ਹੱਕਦਾਰ ਬਣਦੇ ਹਨ, ਜਾਂ 302 ਦੀ ਉਲੰਘਣਾ ਕਰ ਕੇ ਹੱਥਕੜੀ ਲੱਗੇ ਬੇਬਸ ਨੌਜੁਆਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਦਿੰਦੇ ਹਨ।

ਸਿੱਖੀ ਸਿਧਾਂਤ, ਗੁਰੂ ਅਕਾਲ ਪੁਰਖ ਦੀ ਆਪਣੀ ਮਰਜ਼ੀ ਨਾਲ ਉਪਜਿਆ "ਗੁਰਬਰ ਅਕਾਲ ਕੇ ਹੁਕਮ ਸੋਂ ਉਪਜਿਓ ਬਿਗਿਆਨਾ" ਉੱਚਤਮ ਮਨੁੱਖ ਦੀ ਅੰਤਰ-ਆਤਮਾ ਦਾ ਸ਼ਿੰਗਾਰ ਹੈ। ਇਹ ਹਰ ਉਸ ਕਾਨੂੰਨ ਨਾਲ ਇੰਨ-ਬਿੰਨ ਮੇਲ ਖਾਂਦਾ ਹੈ, ਜੋ ਮਨੁੱਖ ਦੀ ਸ਼ੁਧ ਆਤਮਾ ਦੀ ਉਪਜ ਹੈ। ਮੰਦਭਾਵਨਾ ਅਧੀਨ ਸਿਆਸੀ ਲਾਭ ਲਈ ਕੀਤੇ ਮੁੱਖ ਮੰਤਰੀਆਂ ਅਤੇ ਪ੍ਰਧਾਨ ਮੰਤਰੀਆਂ ਦੇ ਬਿਆਨ ਅਤੇ ਐਲਾਨ ਕੇਵਲ ਕੂੜ ਦਾ ਪਸਾਰ ਹਨ। ਸਿੰਘਾਂ ਨੂੰ ਇਹ ਤੱਥ ਸਮਝ ਕੇ ਸੋਚਣਾ ਚਾਹੀਦਾ ਹੈ ਕਿ ਕੀ ਉਹ ਨੌਜਵਾਨਾਂ, ਜੋ ਧਰਮ ਅਤੇ ਕਾਨੂੰਨ ਦੋਹਾਂ ਅਨੁਸਾਰ ਨਿਰਦੋਸ਼ ਹਨ, ਨੂੰ ਕੇਵਲ ਐਲਾਨਾਂ ਰਾਹੀਂ ਸਰਕਾਰੀ ਮੁਲਾਜ਼ਮਾਂ ਜਾਂ ਸਿਆਸੀ ਨੇਤਾਵਾਂ ਦਾ ਦੋਸ਼ੀ ਗਰਦਾਨ ਦੇਣਾ ਉਨ੍ਹਾਂ ਨੂੰ ਦੋਸ਼ੀ ਸਾਬਤ ਕਰ ਦਿੰਦਾ ਹੈ?

ਨਿਹਾਲ ਸਿੰਘ ਨੂੰ ਰਾਜੇ ਦੇ ਹਵਾਲੇ ਕਰਦੇ ਵਕਤ ਮਹੰਤ ਗਰੀਬ ਸਿੰਘ ਨੇ ਦੋ ਸ਼ਰਤਾਂ ਰੱਖੀਆਂ ਸਨ, 'ਨਿਆਂ ਕਰਨਾ, ਦੋਸ਼ੀ ਹੋਵੇ ਤਾਂ ਦੰਡ ਵਿਚ ਦਇਆ ਵਰਤਣੀ।' ਜੇ ਕੋਈ

ਵਾਕਿਆ ਹੀ ਮੁਜਰਮ ਹੋਵੇ ਤਾਂ ਏਹੋ ਜਿਹੀਆਂ ਕੁਝ ਸ਼ਰਤਾਂ ਲਾ ਕੇ ਕਾਨੂੰਨ ਦੇ ਹਵਾਲੇ ਕੀਤਾ ਜਾ ਸਕਦਾ ਹੈ; ਉਹ ਵੀ ਉਨ੍ਹਾਂ ਦੇ ਹਵਾਲੇ, ਜਿਨ੍ਹਾਂ ਉੱਤੇ ਇਹ ਸ਼ੱਕ ਨਾ ਹੋਵੇ ਕਿ ਉਹ ਵੇਖਦੇ ਹੀ ਬੰਬ ਅਤੇ ਗੋਲੀਆਂ ਦੀ ਬੁਛਾੜ ਨਾਲ ਉਸ ਨੂੰ ਹਲਾਕ ਕਰ ਦੇਣਗੇ, ਜਿਵੇਂ ਨਿਰਦੋਸ਼ ਬਾਲਕ ਹਰਦੇਵ ਸਿੰਘ ਨੂੰ ਮਾਨਾਂਵਾਲੇ ਕੀਤਾ ਜਾ ਚੁੱਕਾ ਹੈ। ਪਰੰਤੂ ਨਿਰਦੋਸ਼ ਸਿੰਘ ਦਾ ਪੂਰਾ ਪੂਰਾ ਹੱਕ ਹੈ ਕਿ ਉਹ ਗੁਰਦੁਆਰਿਆਂ ਵਿਚ ਗੁਰੂ ਦੀ ਸ਼ਰਨ ਜਾਂ ਪਨਾਹ ਲੈ ਸਕਣ; ਅਤੇ ਸੇਵਾਦਾਰਾਂ ਦਾ ਧਾਰਮਿਕ ਫ਼ਰਜ਼ ਹੈ ਕਿ ਉਹ ਅਜਿਹੇ ਸਿੰਘ ਦਾ ਸਤਿਕਾਰ ਕਰਨ ਅਤੇ ਭਾਈ ਮਨੀ ਸਿੰਘ ਵਾਂਗ ਪੁਰਜ਼ਾ ਪੁਰਜ਼ਾ ਕੱਟ ਜਾਣ, ਪਰ ਉਨ੍ਹਾਂ ਦੀ 'ਵਾ ਵੱਲ ਵੀ ਕਿਸੇ ਝੂਠੀ ਸਰਕਾਰ ਦੇ ਰੱਤ ਪੀਣੇ ਜ਼ਾਲਮ ਕਰਿੰਦੇ ਨੂੰ ਝਾਕਣ ਨਾ ਦੇਣ। ਭਾਈ ਮਨੀ ਸਿੰਘ ਜੀ ਨੇ ਦਰਬਾਰ ਸਾਹਿਬ ਦੀ ਸ਼ਰਨ ਆਏ ਸਿੰਘਾਂ ਦੀ ਰੱਖਿਆ ਜਾਨ ਦੇ ਕੇ ਕੀਤੀ। ਸਿੱਖੀ ਦੇ ਨਾਂ ਉੱਤੇ, ਸੰਗਤਾਂ ਦੇ ਸਤਿਕਾਰ ਸਦਕਾ, ਉੱਚੀਆਂ ਕੁਰਸੀਆਂ ਮਾਣਨ ਵਾਲੇ ਸਿਖ ਲੀਡਰਾਂ ਨੂੰ, ਸਿਖ ਧਰਮ ਦੇ ਅਸੂਲਾਂ ਪ੍ਰਤੀ ਡਟ ਕੇ ਪਹਿਰਾ ਦੇਣ ਲਈ, ਪ੍ਰੇਰਨਾ ਕਰਨ ਦੀ ਲੋੜ ਨਹੀਂ ਹੋਣੀ ਚਾਹੀਦੀ। ਗੁਰੂ ਦੀਆਂ ਸੰਗਤਾਂ ਵੀ ਆਪਣੇ ਸਰਬੰਸਦਾਨੀ ਸਤਿਗੁਰੂ ਦਾ ਬਿਰਦ ਪਛਾਣਨ। ਨਿਰਦੋਸ਼ ਮੁਸ ਫੁਟ ਗੱਭਰੂ ਭਾਈ ਤਾਰੂ ਸਿੰਘ ਅਤੇ ਉਸਦੀ ਬਾਲਕੀ ਭੈਣ ਨੂੰ, ਜਿਸ ਵੇਲੇ ਮੁਗ਼ਲ ਸਿਪਾਹੀ ਗ੍ਰਿਫ਼ਤਾਰ ਕਰ ਕੇ ਲੈ ਜਾ ਰਹੇ ਸਨ ਤਾਂ ਭੜਾਣੇ ਪਿੰਡ ਉਹ ਰਾਤ ਰਹੇ। ਭੜਾਣੇ ਦੀ ਸੰਗਤ ਨੇ ਪੰਥ ਦੀ ਬੇਟੀ, ਭਾਈ ਤਾਰੂ ਸਿੰਘ ਦੀ ਭੈਣ ਨੂੰ ਰਿਸ਼ਵਤ ਦੇ ਕੇ ਛੁਡਾ ਲਿਆ। ਫੇਰ ਮਤਾ ਕੀਤਾ, 'ਤਾਰੂ ਸਿੰਘ ਛਡਾਈਏ ਹੋਣੀ ਹੋਏ ਸੁ ਹੋਏ', ਕਿਉਂਕਿ 'ਸਿਖ ਛੁਡਾਵਣ ਹੈ ਵਡ ਧਰਮ। ਗਊ ਬ੍ਰਹਮਣ ਤੇ ਸੌ ਗੁਨੇ ਕਰਮ।' ਏਹੋ ਸਿੱਖੀ ਰੀਤ ਹੈ, ਜਿਸ ਸੰਬੰਧੀ ਪਵਿੱਤਰ ਗੁਰਵਾਕ ਹਨ, "ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ॥ ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ॥" ਗੁਰੂ ਸ਼ਹਿਨਸ਼ਾਹ ਹਜ਼ੂਰ ਦੀਆਂ ਸੰਗਤਾਂ ਨੂੰ ਸੰਬੋਧਨ ਕਰ ਕੇ ਕੋਈ ਧਾਰਮਿਕ ਆਦਮੀ ਹੀ 'ਕਾਢੀ ਬਾਹੀ' ਕੂਕ ਸਕਦਾ ਹੈ ਕਿ 'ਦਸ ਗੁਰੂਅਨ ਕੀ ਰੀਤ ਸੰਭਾਰੋ'।

•

ਸਤਿਗੁਰ ਆਗੈ ਸੀਸ ਭੇਟ ਦੇਉ*

ਭਾਈ ਰਤਨ ਸਿੰਘ ਭੰਗੂ ਦੇ ਅਦੁੱਤੀ *ਪੰਥ ਪ੍ਰਕਾਸ਼* ਵਿਚ ਲਿਖਿਆ ਹੈ ਕਿ ਵੱਡੇ ਘੱਲੂਘਾਰੇ ਦੀ ਸ਼ਾਮ ਨੂੰ ਸਿੰਘਾਂ ਦੇ ਇਕੱਠ ਨੇ ਇਹ ਅਰਦਾਸਾ ਸੋਧਿਆ :

ਪੰਥ ਜੋ ਰਹਾ ਤੋ ਤੇਰਾ ਗ੍ਰੰਥ ਭੀ ਰਹੇਗਾ ਨਾਥ,
ਪੰਥ ਨ ਰਹਾ ਤੋ ਤੇਰਾ ਗ੍ਰੰਥ ਕੌਣ ਮਾਨੈਗੋ।

ਗੁਰੂ ਮਾਰੇ ਮੱਸੇ ਰੰਘੜ ਦਾ ਸਿਰ ਵੱਢਣ ਵਾਲਾ, ਭਾਈ ਰਤਨ ਸਿੰਘ ਦਾ ਦਾਦਾ, ਮਹਿਤਾਬ ਸਿੰਘ ਅਤੇ ਤਾਇਆ ਘੱਲੂਘਾਰੇ ਵਿਚ ਸ਼ਾਮਿਲ ਸਨ। ਉਨ੍ਹਾਂ ਕੋਲੋਂ ਸੁਣੀ ਗੱਲ ਨੂੰ ਜੇ ਆਪ ਵਾਰਤਕ ਵਿਚ ਕਲਮਬੰਦ ਕਰਦੇ, ਤਾਂ ਜੁ ਸੰਖੇਪਤਾ ਦੀ ਲੋੜ ਹਾਵੀ ਨਾ ਹੁੰਦੀ, ਤਾਂ ਸ਼ਾਇਦ ਇਉਂ ਕਰਦੇ—ਰਹਿਰਾਸ ਵੇਲੇ ਆਪਣੇ ਅਤੇ ਸ਼ਹੀਦਾਂ ਦੇ ਖ਼ੂਨ ਨਾਲ ਸੁਰਖ਼ ਹੋਈ ਧਰਤੀ 'ਤੇ ਵੀਰਾਂ ਦੇ ਮੱਘਦੇ ਸਿਵਿਆਂ ਦੀ ਲੋਅ ਹੇਠ ਜਦ ਜ਼ਖ਼ਮੀ ਸ਼ੇਰਾਂ, ਹਠੀਆਂ ਜਪੀਆਂ, ਪਰਉਪਕਾਰੀਆਂ, ਫ਼ਕੀਰਾਂ ਦਾ ਦੀਵਾਨ ਸਜਿਆ ਤਾਂ ਉਹਨਾਂ ਮਿੱਠੇ ਮੇਹਣੇ ਦੇ ਤੌਰ 'ਤੇ ਗੁਰੂ ਪਰਮੇਸ਼ਰ ਅੱਗੇ ਇਉਂ ਅਰਦਾਸ ਕੀਤੀ; ਕਹਿਣ ਲੱਗੇ, "ਨਿਰੰਤਰ ਗੁਰਬਾਣੀ ਪ੍ਰਵਾਹ ਰਾਹੀਂ ਤੇਰਾ ਸਰਬ ਕਲਿਆਣਕਾਰੀ ਉਪਦੇਸ਼ ਜਿਊਂਦਾ ਰੱਖਣ ਲਈ ਖ਼ਾਲਸਾ ਜਨਮ ਤੋਂ ਵਚਨਬੱਧ ਅਤੇ ਯਤਨਸ਼ੀਲ ਰਿਹਾ ਹੈ। ਆਪ ਦੇ ਗੁਰੂ ਗ੍ਰੰਥ ਸਾਹਿਬ ਰਾਹੀਂ ਕੀਤੇ ਫ਼ੁਰਮਾਨ ਨੂੰ ਜੁਗੋ ਜੁਗ ਅਟੱਲ ਰੱਖਣ ਹਿੱਤ ਖ਼ਾਲਸੇ ਨੇ ਵਰ੍ਹਿਆਂ ਤੋਂ ਸਿਰ 'ਤੇ ਖਫਣ ਬੰਨ੍ਹਿਆ ਹੋਇਆ ਹੈ। ਏਸ ਉਦੇਸ਼ ਦੀ ਪੂਰਤੀ ਲਈ ਅੱਜ ਆਪ ਦੇ ਸਾਹਮਣੇ ਸਾਰ ਦਾ ਖੰਡਾ ਖੜਕਾਇਆ। ਜੋ ਸਿਰ ਅੰਮ੍ਰਿਤਪਾਨ ਵੇਲੇ ਹਜ਼ੂਰ ਦੀ ਭੇਟਾ ਕੀਤੇ ਸਨ, ਅੱਜ ਓਹਾ ਤਲੀ 'ਤੇ ਰੱਖ ਕੇ ਆਪ ਦੇ ਚਰਨੀ ਹਾਜ਼ਰ ਹੋਏ ਖ਼ਾਲਸੇ ਦੀ ਭੇਟ ਪ੍ਰਵਾਨ ਕਰਨਾ ਅਤੇ ਰਹਿੰਦੀਆਂ ਸੰਗਤਾਂ ਨੂੰ ਏਸੇ ਲੀਹ 'ਤੇ ਚੱਲਣ ਦਾ ਬਲ ਬਖ਼ਸ਼ਣਾ। ਪਰ ਸ਼ਹਿਨਸ਼ਾਹ ਅੱਜ ਖ਼ਾਲਸੇ ਦਾ ਏਨਾ ਨੁਕਸਾਨ ਹੋਇਆ ਹੈ ਕਿ ਏਸ ਫ਼ਕੀਰ ਦੇ ਟੋਲੇ ਦਾ ਵੀ ਕੱਖ ਨਹੀਂ ਰਿਹਾ। ਵਾਹ ਭਲਾ! ਜਿਵੇਂ ਤੇਰੀ ਰਜ਼ਾ ਹੈ; ਪਰ ਹੇ ਨਾਥ, ਜੇ ਆਪ ਦੀ ਬਾਣੀ ਨੂੰ ਪ੍ਰਚਾਰਨ ਲਈ ਮਰ ਮਿਟਣ ਵਾਲੇ ਨਾ ਰਹੇ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਸਿਰ 'ਤੇ ਚੁੱਕ ਕੇ ਕੌਣ ਤੁਰੂ ? ਹੇ ਸਰਬਸ਼ਕਤੀਮਾਨ, ਖ਼ਾਲਸੇ ਨੂੰ ਬਲ ਬਖ਼ਸ਼ ਕਿ ਉਹ ਆਪ ਦੇ ਰਾਹ 'ਤੇ ਚੱਲਦਾ ਹੋਇਆ ਸਦਾ ਚੜ੍ਹਦੀਆਂ ਕਲਾਂ ਵਿਚ ਜਾਵੇ ਅਤੇ ਆਉਣ ਵਾਲੇ ਕਰੋੜਾਂ ਲੋਕਾਂ ਦੇ ਭਲੇ ਲਈ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਉਪਦੇਸ਼ਾਂ ਨੂੰ ਸਦਾ ਜਿਊਂਦਾ ਜਾਗਦਾ ਰੱਖਣ ਵਿਚ ਸਫਲ ਹੋਵੇ।"

ਜ਼ਿੰਦਾ ਸ਼ਹੀਦਾਂ ਦੀ ਦਿਲ ਨੂੰ ਹਿਲਾ ਦੇਣ ਵਾਲੀ ਏਸ ਅਰਦਾਸ ਵਿਚ ਓਸ ਡੂੰਘੇ

---

* 'ਜੂਝ ਮਰਉਂ ਤਉ ਸਾਚ ਪਤੀਜੈ' ਦੀ ਅਦੁੱਤੀ ਭਾਵਨਾ ਨੂੰ ਇਤਿਹਾਸ ਦੇ ਚਿਤ੍ਰਪਟ 'ਤੇ ਪ੍ਰਜਵਲਤ ਕਰਦਾ ਇਹ ਲੇਖ *ਕੌਮੀ ਏਕਤਾ* ਵਿਚ 25 ਜੁਲਾਈ, 1977 ਨੂੰ ਛਪ ਚੁੱਕਾ ਹੈ।

ਸਿਧਾਂਤ ਦੀ ਸਪੱਸ਼ਟ ਝਲਕ ਹੈ, ਜਿਸ ਨੂੰ ਸਿੱਖੀ ਦੇ ਆਦਿ ਤੋਂ ਹੀ ਨੀਂਹ ਪੱਥਰ ਦਾ ਦਰਜਾ ਪ੍ਰਾਪਤ ਰਿਹਾ ਹੈ। ਗੁਰੂ ਖ਼ਾਤਰ ਸੀਸ ਭੇਟ ਕਰਨ ਦੇ ਸਿਧਾਂਤ 'ਤੇ ਹੀ ਗੁਰੂ ਨਾਨਕ ਨੇ ਸਿੱਖੀ ਦੇ ਮਹਿਲ ਨੂੰ ਉਸਾਰਿਆ; ਆਪ ਦਾ ਹੁਕਮ ਹੈ:

> ਜਉ ਤਉ ਪ੍ਰੇਮ ਖੇਲਣ ਕਾ ਚਾਉ॥
> ਸਿਰੁ ਧਰਿ ਤਲੀ ਗਲੀ ਮੇਰੀ ਆਉ॥
> ਇਤੁ ਮਾਰਗਿ ਪੈਰੁ ਧਰੀਜੈ॥
> ਸਿਰੁ ਦੀਜੈ ਕਾਣਿ ਨ ਕੀਜੈ॥

ਏਸ ਸਿਧਾਂਤ ਨੂੰ ਇੰਨ ਬਿੰਨ ਸਹੀ ਮੰਨਣਾ ਹੀ ਸਦਾ ਸਿਖ ਦੀ ਸਿੱਖੀ ਦਾ ਮਾਪ ਰਿਹਾ ਹੈ। ਵੱਖ ਵੱਖ ਸਮਿਆਂ 'ਤੇ ਅਤੇ ਜ਼ਮਾਨੇ ਦੀ ਰੌ ਅਨੁਸਾਰ ਇਸ ਦਾ ਬਾਹਰੀ ਰੂਪ ਅਥਵਾ ਇਸ 'ਤੇ ਫੁਲ ਚੜ੍ਹਾਉਣ ਦਾ ਤਰੀਕਾ ਬਦਲਦਾ ਆਇਆ ਹੈ; ਪਰ ਸਿਧਾਂਤ ਜਿਉਂ ਦਾ ਤਿਉਂ ਅਟੱਲ ਰਿਹਾ ਹੈ। ਮਾਰੂਥਲਾਂ ਦੀਆਂ ਰੇਤਾਂ ਫੱਕਦਾ ਅਤੇ ਅੱਕਾਂ ਦੀਆਂ ਕੱਕੜੀਆਂ ਖਾਂਦਾ ਮਰਦਾਨਾ ਗੁਰੂ ਪਰਮੇਸ਼ਰ ਲਈ ਸੌ ਵਾਰ ਮਰ ਮਰ ਜਿਉਇਆ। ਗੁਰੂ ਹਰਿਗੋਬਿੰਦ ਪਾਤਿਸ਼ਾਹ ਦੇ ਵੇਖਦਿਆਂ ਮੁੱਠੀ ਭਰ ਸਿੱਖਾਂ ਦਾ ਮੁਗ਼ਲੀਆ ਸਲਤਨਤ ਦੀ ਅਥਾਹ ਫ਼ੌਜ ਨਾਲ ਜੂਝਣਾ ਆਪਣੇ ਆਪ ਨੂੰ ਸਿੱਧਾ ਮੌਤ ਦੀ ਭੱਠੀ ਵਿਚ ਝੋਕਣਾ ਸੀ, ਪਰ ਮਾੜੇ ਤੋਂ ਮਾੜਾ ਸਿਖ ਵੀ ਨਾ ਡੋਲਿਆ। ਹਜ਼ੂਰ ਦੀਆਂ ਪਵਿੱਤਰ ਨਜ਼ਰਾਂ ਦੇ ਘੇਰੇ ਵਿਚ ਮੌਤ ਨੂੰ ਚਾਈਂ ਚਾਈਂ ਲਾੜੀ ਵਾਂਗ ਵਰਿਆ। ਗੁਰੂ ਤੇਗ਼ ਬਹਾਦਰ ਹਜ਼ੂਰ ਵੱਲ ਮੂੰਹ ਕਰ ਕੇ ਸਿਉਨੇ ਦੀ ਕਲਮ ਨਾਲ ਲੇਖਾ ਲਿਖ ਕੇ ਆਇਆ ਭਾਈ ਦਿਆਲਾ ਦੇਗ ਵਿਚ ਉਬਲ ਗਿਆ, ਪਰ ਅੰਤ ਤਕ ਸੀ ਨਾ ਕੀਤੀ। ਸੁਭਾਗੇ ਭਾਈ ਮਤੀਦਾਸ ਨੇ ਗੁਰੂ ਦੇ ਵੇਂਹਦਿਆਂ ਆਪਣਾ ਖ਼ੂਨ ਬੁੱਕ ਭਰ ਭਰ ਕੇ ਡੋਲ੍ਹਿਆ ਅਤੇ ਭਾਈ ਸਤੀਦਾਸ ਨੇ ਆਪਣੇ ਤਨ ਨੂੰ ਬਿਨਾਂ ਝਿਜਕ ਅਗਨ ਭੇਟ ਕੀਤਾ। ਇਉਂ ਗੁਰੂ ਸਾਹਿਬ ਨੇ ਸਿੱਖਾਂ ਕੋਲੋਂ ਸੀਸ ਭੇਟ ਲੈ ਕੇ ਗੁਰੂ ਨਾਨਕ ਦੇ ਅਸੂਲ ਨੂੰ ਅਮਲੀ ਤੌਰ 'ਤੇ ਦ੍ਰਿੜ੍ਹਾਇਆ ਤਾਂਕਿ ਆਉਣ ਵਾਲੀਆਂ ਨਸਲਾਂ ਨੂੰ ਪ੍ਰਗਟ ਹੋਵੇ ਕਿ ਗੁਰੂ ਨੂੰ ਸਿਰ ਦੇਣਾ ਲਫ਼ਜ਼ੀ ਹੇਰਾ-ਫੇਰੀ ਜਾਂ ਫੋਕਾ ਰਸਮ ਰਿਵਾਜ ਨਹੀਂ, ਬਲਕਿ ਅਮਲੀ ਜੀਵਨ ਹੈ; ਨਿਸ਼ਚਿਤ ਅਤੇ ਅਟੱਲ ਸਿਧਾਂਤ ਹੈ।

ਹਜ਼ੂਰ ਦਸਵੇਂ ਪਾਤਿਸ਼ਾਹ ਨੇ ਏਸ ਸਿਧਾਂਤ ਦੀ ਰੂਪ-ਰੇਖਾ ਨੂੰ ਐਨ ਪ੍ਰਤੱਖ ਉਦੋਂ ਉਘਾੜਿਆ, ਜਦੋਂ ਆਪ ਨੇ ਅੰਮ੍ਰਿਤ ਦੀ ਰਸਮ ਤੋਂ ਪਹਿਲਾਂ ਸੀਸ ਮੰਗੇ। ਅਮਲੀ ਰੂਪ ਉਦੋਂ ਸਾਹਮਣੇ ਆਇਆ, ਜਦੋਂ ਚਮਕੌਰ ਦੀ ਕੱਚੀ ਗੜ੍ਹੀ ਵਿਚ ਚਾਲੀ ਭੁੱਖੇ ਸ਼ੇਰਾਂ ਨੇ ਦਸ ਲੱਖ ਦੁੰਬਿਆਂ ਪਲੀ ਫ਼ੌਜ ਦਾ ਮੁਕਾਬਲਾ ਕੀਤਾ। ਇਉਂ ਜਾਪਦਾ ਹੈ ਕਿ ਚਮਕੌਰ ਦੀ ਧਰਤੀ 'ਤੇ ਗੁਰੂ ਹੇਤ ਸੀਸ ਭੇਟ ਕਰਨ ਦੇ ਸਿਧਾਂਤ ਨੂੰ ਸੰਪੂਰਨ ਕੀਤਾ ਗਿਆ ਅਤੇ ਜਾਣ ਬੁਝ ਕੇ ਐਸੇ ਵੱਡੇ ਪੈਮਾਨੇ 'ਤੇ ਦ੍ਰਿੜ੍ਹਾਇਆ ਗਿਆ ਕਿ ਰਹਿੰਦੀ ਦੁਨੀਆ ਤਕ ਸਿਖ ਏਸ ਨੂੰ ਭੁੱਲ ਨਾ ਸਕਣ। ਸਬਕ ਸਿਖਾਉਣ ਖ਼ਾਤਰ ਹੀ ਤਿੰਨ ਪਿਆਰਿਆਂ ਅਤੇ ਦੋ ਸਾਹਿਬਜ਼ਾਦਿਆਂ ਦੇ ਸੀਸ ਰਣਖੇਤ ਵਿਚ ਰਹੇ। ਦੋ ਦੋ, ਤਿੰਨ ਤਿੰਨ ਸਿੰਘਾਂ ਨੂੰ ਹਜ਼ੂਰ ਨੇ ਥਾਪੀ ਦੇ ਕੇ ਕਿਹਾ ਕਿ ਦਸ ਲੱਖ ਨਾਲ ਜਾ ਭਿੜੋ। ਕੋਈ ਇਕ ਵੀ ਸਿੰਘ ਨਾ ਡੋਲਿਆ; ਉਹਨਾਂ ਨੂੰ ਨਾ ਸਾਹਮਣੇ ਖੜੀਆਂ ਬੇ-ਓੜਕ ਸ਼ਸਤਰ-ਬੱਧ ਫ਼ੌਜਾਂ ਦਿੱਸੀਆਂ ਅਤੇ ਨਾ ਸਿਰ ਉੱਤੇ ਕੂਕਾਂ ਮਾਰਦੀ ਹੋਣੀ ਨੂੰ ਉਹਨਾਂ ਗੌਲਿਆ। ਉਹਨਾਂ ਦੀ ਨਿਗਾਹ ਕੇਵਲ ਆਪਣੇ ਓਸ ਪ੍ਰਣ 'ਤੇ ਕੇਂਦਰਤਿ ਸੀ, ਜੋ ਅੰਮ੍ਰਿਤ ਦੀ ਅਮੋਲਕ ਦਾਤ ਪ੍ਰਾਪਤ ਕਰਨ ਵੇਲੇ ਸਾਹਿਬ

ਦੀ ਹਜ਼ੂਰੀ ਵਿਚ ਕੀਤਾ ਸੀ। ਸਿਧਾਂਤ ਦੀ ਹਰ ਹਾਲਤ ਵਿਚ ਅਟੱਲਤਾ ਦੱਸਣ ਲਈ ਸੱਚੇ ਪਾਤਿਸ਼ਾਹ ਨੇ ਆਪਣੇ ਬਾਲ ਸਾਹਿਬਜ਼ਾਦਿਆਂ ਨੂੰ ਵੀ ਨਿੱਕੀਆਂ ਨਿੱਕੀਆਂ ਕ੍ਰਿਪਾਨਾਂ ਦੇ ਕੇ ਤੋਪਾਂ ਦੇ ਮੂਹਰੇ ਜੂਝਣ ਲਈ ਭੇਜਿਆ। ਗੁਰੂ ਦੀ ਸੰਤਾਨ ਤਕ ਨੂੰ ਵੀ ਗੁਰੂ ਖ਼ਾਤਰ ਸ਼ਹੀਦੀ ਪਾਉਣ ਦੀ ਲੋੜ ਨੂੰ ਅਮਲੀ 'ਤੌਰ 'ਤੇ ਪ੍ਰਚਾਰਿਆ ਗਿਆ। ਗੁਰੂ ਵਿਅਕਤੀ ਦੀ ਆਪਣੀ ਸ਼ਾਂਤੀ ਅਤੇ ਪਰਿਵਾਰਕ ਸੁੱਖ ਵੀ ਭੇਟ ਕੀਤਾ ਗਿਆ ਤਾਂ ਜੁ ਅੱਗੇ ਤੋਂ ਕੋਈ ਇਹੋ ਜਿਹੀ ਅੜਚਨ ਸਿਧਾਂਤ ਨੂੰ ਮੰਨਣ ਦੇ ਰਾਹ ਵਿਚ ਨਾ ਆਵੇ। ਇਉਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਹਰ ਪੱਖ ਤੋਂ ਏਸ ਸਿਧਾਂਤ ਨੂੰ ਪ੍ਰਪੱਕ ਕੀਤਾ ਗਿਆ ਅਤੇ ਏਸ ਦੇ ਨਰੋਏਪਣ ਦਾ ਯੋਗ ਮੁਜ਼ਾਹਰਾ ਕੀਤਾ ਗਿਆ।

ਕਿ ਏਹ ਸਿਧਾਂਤ ਗੁਰੂ ਸਾਹਿਬਾਨ ਦੇ ਸਰੀਰਾਂ ਦੇ ਜਾਣ ਤੋਂ ਬਾਅਦ ਵੀ ਅਟੱਲ ਹੈ, ਨੂੰ ਵੀ ਗੁਰੂ ਦਸਮੇ ਪਾਤਿਸ਼ਾਹ ਦੇ ਛੋਟੇ ਦੁੱਧ ਪੀਂਦੇ ਸਾਹਿਬਜ਼ਾਦਿਆਂ ਨੇ ਸਰਹੰਦ ਦੀਆਂ ਨੀਹਾਂ ਵਿਚ ਪ੍ਰਪੱਕ ਕੀਤਾ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਮੁਸਲਮਾਨ ਬਣਨ ਦੀ ਪ੍ਰੇਰਨਾ ਕਰਦਿਆਂ ਦੱਸਿਆ ਗਿਆ ਕਿ ਉਹਨਾਂ ਦੇ ਪਿਤਾ ਨੂੰ ਚਮਕੌਰ ਵਿਚ ਮਾਰ ਕੇ ਸਿੱਖੀ ਨੂੰ ਸਮੂਲ ਨਸ਼ਟ ਕਰ ਦਿੱਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਨੂੰ ਮਾਰਨ ਦਾ ਦਾਅਵਾ ਏਨਾ ਝੂਠਾ ਨਹੀਂ ਸੀ, ਕਿਉਂਕਿ ਭਾਈ ਸੰਗਤ ਸਿੰਘ ਹਜ਼ੂਰ ਦੀ ਕਲਗ਼ੀ ਸਜਾ ਕੇ ਸਿਰ ਭੇਟ ਕਰ ਚੁੱਕਿਆ ਸੀ ਅਤੇ ਆਮ ਮੁਗ਼ਲਾਂ ਦਾ ਵਿਚਾਰ ਸੀ ਜੁ ਹਜ਼ੂਰ ਮਾਰੇ ਗਏ ਹਨ। ਪਰ ਬਾਲਕ ਸਾਹਿਬਜ਼ਾਦੇ ਏਹ ਜਾਣਦੇ ਸਨ ਕਿ ਗੁਰੂ ਦਾ ਮਾਰੇ ਜਾਣਾ ਹੋਰ ਗੱਲ ਹੈ ਅਤੇ ਗੁਰੂ ਸਿਧਾਂਤ ਦਾ ਅਟੱਲ ਹੋਣਾ ਹੋਰ। ਇਨ੍ਹਾਂ ਪੰਘੂੜੇ ਵਿਚ ਪੈਣ ਵਾਲੇ ਬੱਚਿਆਂ ਨੇ ਆਪਣੀ ਕੁਰਬਾਨੀ ਰਾਹੀਂ ਦ੍ਰਿੜ੍ਹ ਕੀਤਾ ਕਿ ਗੁਰੂ ਦੀ ਜਾਤ ਫ਼ਨਾਹ ਹੋਣ ਤੋਂ ਬਾਅਦ ਵੀ ਗੁਰੂ ਲਈ ਸੀਸ ਭੇਟ ਦਾ ਦੌਰ ਨਿਰੰਤਰ ਚੱਲਦਾ ਰਹਿਣਾ ਚਾਹੀਦਾ ਹੈ। ਮਖ਼ਮਲੀ ਸੇਜਾਂ 'ਤੇ ਸੌਣ ਵਾਲੇ, ਗੁਰੂ ਕਰਤਾਰ ਦੀ ਪਵਿੱਤਰ ਗੋਦ ਵਿਚ ਖੇਡਣ ਵਾਲੇ ਸਾਹਿਬਜ਼ਾਦੇ ਇੱਟਾਂ ਦਾ ਸਰ੍ਹਾਣਾ ਲਾ ਕੇ ਖ਼ੂਨੀ ਸਰਹੰਦ ਦੀਆਂ ਗਲੀਆਂ ਵਿਚ ਸਦਾ ਦੀ ਨੀਂਦ ਸੌਂ ਗਏ, ਤਾਂ ਜੁ ਦੁਨੀਆ ਜਾਣੇ ਕਿ ਗੁਰੂ ਅਬਿਨਾਸ਼ੀ ਹੈ ਅਤੇ ਸਿਖ ਦਾ ਫ਼ਰਜ਼ ਗੁਰੂ ਲਈ ਸੀਸ ਭੇਟ ਕਰਨਾ ਸਦਾ ਰਿਹਾ ਹੈ ਅਤੇ ਰਹੇਗਾ।

ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸੱਤ ਸੌ ਸਾਥੀਆਂ ਨੇ ਆਪਣੀ ਕੁਰਬਾਨੀ ਦੁਆਰਾ ਏਸ ਸਿਧਾਂਤ ਨੂੰ ਸੁਰਜੀਤ ਰੱਖਿਆ। ਏਹਨਾਂ ਤੋਂ ਬਾਅਦ ਬੇਮਿਸਾਲ ਸ਼ਹੀਦੀ ਹੋਈ ਭਾਈ ਮਨੀ ਸਿੰਘ ਜੀ ਦੀ, ਜਿਨ੍ਹਾਂ ਨੇ ਇਕ ਰਤੀ ਤੋਲ ਸਰੀਰ ਨੂੰ ਕਟਵਾ ਕੇ ਅਗਾਧ ਅਥਾਹ ਸ਼ਰਧਾ ਨਾਲ ਅੰਮ੍ਰਿਤ ਛਕਣ ਵੇਲੇ ਕੀਤੇ ਪ੍ਰਣ ਨੂੰ ਪਾਲਿਆ। ਸਾਰਾ ਸਿਖ ਇਤਿਹਾਸ ਏਨ੍ਹਾਂ ਤੋਂ ਬਾਅਦ ਏਸੇ ਸਿਧਾਂਤ ਦੀ ਵਿਆਖਿਆ ਅਤੇ ਇਸ ਉੱਤੇ ਅਮਲ ਦੀ ਅਦੁੱਤੀ ਕਹਾਣੀ ਹੈ। ਇਤਿਹਾਸ ਦੇ ਪੰਨੇ ਫੋਲਦਿਆਂ ਵੇਖਦੇ ਹਾਂ, ਕਿਧਰੇ ਕੋਈ ਤਾਰੂ ਸਿੰਘ ਖੋਪਰੀ ਨੂੰ ਕਚਕੌਲ ਬਣਾਈ ਭੇਟ ਲਿਜਾ ਰਿਹਾ ਹੈ; ਅਰਸ਼ੀ ਢਾਡੀ ਸੋਹਣ ਸਿੰਘ ਸੀਤਲ ਦੇ ਅਮਿਟ ਲਫ਼ਜ਼ਾਂ ਵਿਚ, ਕਿਤੇ ਕਈ ਮਾਵਾਂ ਆਪਣੇ ਦਿਲ ਦੇ ਟੁਕੜਿਆਂ ਦੀਆਂ ਲੋਥਾਂ ਗਲ ਵਿਚ ਪਾਈ ਪੀਹਣ ਪੀਂਹਦੀਆਂ ਗਾ ਰਹੀਆਂ ਹਨ:

ਗੋਦੀ ਥਪਕ ਕੇ ਪੁਤ ਦੀ ਲੋਥ ਤਾਈਂ,
ਮਾਉਂ ਕਿਹਾ 'ਮੇਰੀ ਜਿੰਦ ਜਾਨ ਹੈਂ ਤੂੰ।
ਮੇਰੇ ਲਾਡਲੇ ਹੀਰਿਆ ਲਾਲ ਚੰਨਾ!
ਮੇਰੇ ਪ੍ਰਾਣ ਤੇ ਸਿੱਖੀ ਦੀ ਸ਼ਾਨ ਹੈਂ ਤੂੰ।

ਬੰਦ ਬੰਦ ਕਟਾਏ ਨੇ ਧਰਮ ਬਦਲੇ,
ਮਨੀ ਸਿੰਘ ਜੇਹਾ ਸਿਦਕਵਾਨ ਹੈਂ ਤੂੰ।
ਫ਼ਤਹ ਜ਼ੁਲਮ ਹੰਕਾਰ ਤੇ ਪਾਉਣ ਵਾਲਾ,
ਤਾਰਾ ਸਿੰਘ ਦੇ ਵਾਂਗ ਬਲਵਾਨ ਹੈਂ ਤੂੰ।'

ਕਿਧਰੇ ਕੋਈ ਬੋਤਾ ਸਿੰਘ ਸੋਟਾ ਫੜ ਕੇ ਫ਼ੌਜਾਂ ਨਾਲ ਜੂਝ ਰਿਹਾ ਹੈ, ਕਿਧਰੇ ਸੁਬੇਗ ਸਿੰਘ ਸ਼ੁਕਰ ਸ਼ੁਕਰ ਕੂਕਦਾ ਚਰਖੜੀ 'ਤੇ ਗੇੜੇਂ ਲਾ ਰਿਹਾ ਹੈ। ਪੰਨੇ ਪਲਟਦੇ ਜਾਈਏ, ਦਰਸ਼ਨ ਕਰਦੇ ਰਹੀਏ; ਸ਼ਹੀਦੀਆਂ ਦਾ ਇਹ ਦੌਰ ਐਸਾ ਚੱਲਿਆ ਅਰ ਸਦੀਆਂ ਤਕ ਚੱਲਦਾ ਰਿਹਾ ਕਿ ਕੋਈ ਵੀ ਪੱਤਰਾ ਰੱਤ ਨਾਲ ਸੂਹਾ ਹੋਣੋਂ ਨਾ ਬਚਿਆ। ਇਕ ਪੱਥਰ ਦਿਲ ਵੀ ਓਦੋਂ ਤਕ ਹੀ ਦਾਸਤਾਂ ਪੜ੍ਹ ਸੁਣ ਸਕਦਾ ਹੈ, ਜਦੋਂ ਤਕ ਉਸਦਾ ਕਾਲਜਾ ਮੂੰਹ ਨੂੰ ਨਾ ਆਉਣ ਲੱਗ ਪਵੇ।

ਪਰ ਉਦੋਂ ਦਿਲ ਹੇਠਾਂ ਨੂੰ ਜਾਂਦਾ ਹੈ, ਜਦੋਂ ਵੇਖਦੇ ਹਾਂ ਕਿ ਔਖੇ ਵੇਲੇ ਸਭ ਕੁਝ ਬਾਜ਼ੀ 'ਤੇ ਲਾਉਣ ਵਾਲੇ ਸਿਖ ਸੌਖਾ ਵੇਲਾ ਆਉਂਦਿਆਂ ਹੀ ਆਪਣੇ ਕੌਲ ਨੂੰ ਵਿਸਾਰਦੇ ਰਹੇ ਹਨ। ਕਈ ਵਾਰ ਇਹ ਭਰਵੱਟਿਆਂ 'ਤੇ ਤਾਜ ਰੱਖ ਕੇ ਗ਼ਫ਼ਲਤ ਦੀ ਗੂੜ੍ਹੀ ਨੀਂਦ ਸੌਂ ਜਾਂਦੇ ਰਹੇ ਹਨ। ਵਕਤ ਗਵਾਹ ਹੈ ਕਿ ਗੁਰੂ ਖ਼ਾਤਰ ਆਪਣੀ ਰੱਤ ਨੂੰ ਚੂਲੀਆਂ ਭਰ ਭਰ ਡੋਲ੍ਹਣ ਵਾਲੇ ਰਾਜ ਭਾਗ ਆਉਂਦਿਆਂ ਹੀ ਗੁਰੂ ਤੋਂ ਸਿੱਧੇ ਬੇਮੁਖ ਹੋ ਵਿਚਰਦੇ ਰਹੇ ਹਨ। ਇਹ ਗੁਰੂ ਦੇ ਚਿਹਰੇ ਵੱਲ ਇਉਂ ਵੇਖਦੇ ਰਹੇ, ਜਿਵੇਂ ਕੇਵਲ ਸ਼ਿਸ਼ਟਾਚਾਰ ਵੱਸ ਕਿਸੇ ਅਣਜਾਣੇ ਨੂੰ ਪਛਾਣਨ ਦੀ ਕੋਸ਼ਿਸ਼ ਕਰੀਦੀ ਹੈ। ਬਨਾਵਟੀ ਹਾਸੇ ਅਤੇ ਓਪਰੀਆਂ ਮੁਸਕਾਨਾਂ ਦੁਆਰਾ ਅਸੀਂ ਗੁਰੂ ਨਾਲ ਸੰਪਰਕ ਰੱਖਣ ਦੀ ਕੋਸ਼ਿਸ਼ ਕਰਦੇ ਰਹੇ ਹਾਂ; ਅਸੀਂ ਕਈ ਵਾਰੀ ਆਪਣੇ ਕਦਮਾਂ ਨੂੰ ਗੁਰੂ ਵੱਲ ਵਧਣ ਤੋਂ ਰੋਕਿਆ ਤਾਂ ਜੁ ਅਸੀਂ ਰਾਜਸੀ ਪਿੜ ਵਿਚ ਖੜੇ ਰਹਿਣ ਦਾ ਭਰਮ ਪਾ ਸਕੀਏ। ਸਾਡੇ ਹੱਥ ਗੁਰੂ ਲਈ ਨਾ ਉਠੇ, ਕਿਉਂਕਿ ਅਸੀਂ ਘੁੱਟ ਕੇ ਭਾਰੇ ਖੀਸਿਆਂ ਨੂੰ ਪਾਏ ਹੋਏ ਸਨ। ਭੂਤਕਾਲ ਦੀ ਹਿੱਕ ਵਿਚ ਕਈ ਅਜਿਹੇ ਮੁਰਦੇ ਦੱਬੇ ਪਏ ਹਨ ਅਤੇ ਵਰਤਮਾਨ ਵਿਚ ਅਸੀਂ ਅਕਸਰ ਇਹੋ ਜਿਹੇ ਜਨਾਜ਼ੇ ਨਿਕਲਦੇ ਵੇਖਦੇ ਹਾਂ।

ਸਿਆਣੇ ਅਤੇ ਦਿਆਨਤਦਾਰ ਗੁਰੂ ਦਾ ਭੈਅ ਰੱਖਣ ਵਾਲੇ ਸਿੱਖਾਂ ਦਾ ਫ਼ਰਜ਼ ਹੈ ਕਿ ਉਹ ਇਹਨਾਂ ਮੁਰਦਿਆਂ ਨੂੰ ਕੱਢ ਕੇ ਚੀਰ ਫਾੜ ਕਰਨ ਤਾਂਕਿ ਕਬਰਸਤਾਨ ਵੱਲ ਜਾਂਦੇ ਇਸ ਮਾਤਮੀ ਕਾਫ਼ਲੇ ਨੂੰ ਸਦਾ ਲਈ ਠੱਲ੍ਹ ਪਾਈ ਜਾ ਸਕੇ। ਅਸਲ ਵਿਚ ਇਹ ਫ਼ਰਜ਼ ਉਨ੍ਹਾਂ ਦਾ ਹੈ, ਜੋ ਕੌਮ ਦੇ ਭਵਿੱਖ ਵਿਚ ਹਿੱਸਾ ਪਾਉਣ ਲਈ ਕਿਰਿਆਸ਼ੀਲ ਹਨ; ਜਾਂ ਜੋ ਅਜਿਹੇ ਲੋਕਾਂ ਨੂੰ ਸਲਾਹ ਦੇਣ ਦੇ ਕਾਬਲ ਹਨ। ਇਤਿਹਾਸ ਦੇ ਨਿਰਪੱਖ ਵਿਦਿਆਰਥੀ ਦਾ ਫ਼ਰਜ਼ ਤਾਂ ਉਨ੍ਹਾਂ ਦੇ ਗਿਆਤ ਲਈ ਸਮਕਾਲੀ ਸਿਖ ਇਤਿਹਾਸ ਵਿੱਚੋਂ ਕੇਵਲ ਇਕ ਦ੍ਰਿਸ਼ਟਾਂਤ ਦੇਣ 'ਤੇ ਹੀ ਅਦਾ ਹੋ ਜਾਂਦਾ ਹੈ।

ਅਜੇ ਹੁਣ ਦੀ ਗੱਲ ਹੈ ਕਿ ਕਾਂਗਰਸ ਦੀ ਪੁਰਾਣੀ ਅਤੇ ਜੰਗੇ ਆਜ਼ਾਦੀ ਦੇ ਮੁੱਢ ਤੋਂ ਅਖ਼ਤਿਆਰ ਕੀਤੀ ਨੀਤੀ ਅਨੁਸਾਰ ਅੰਤ ਨੂੰ ਸਾਰੇ ਭਾਰਤ ਵਿਚ ਬੋਲੀ ਦੇ ਆਧਾਰ 'ਤੇ ਸੂਬੇ ਬਣ ਗਏ, ਪਰ ਕੇਵਲ ਇਕ ਪੰਜਾਬੀ ਸੂਬਾ ਹੀ ਨਾ ਬਣ ਸਕਿਆ। ਦਲੀਲ ਘੜੀ ਗਈ ਕਿ ਸਰਕਾਰ ਸਰਹੱਦੀ ਸੂਬੇ ਨੂੰ ਕਮਜ਼ੋਰ ਨਹੀਂ ਕਰਨਾ ਚਾਹੁੰਦੀ। ਚਾਹੀਦਾ ਸੀ ਕਿ ਸਾਰੇ ਪੰਜਾਬੀ ਇਕ-ਮੁੱਠ ਹੋ ਕੇ ਆਪਣੀ ਮਾਂ-ਬੋਲੀ ਨੂੰ ਰਾਜ ਤਖ਼ਤ 'ਤੇ ਬਿਠਾਉਣ ਦਾ ਉਪਰਾਲਾ ਕਰਦੇ ਅਤੇ ਹਾਸੋਹੀਣੀਆਂ ਦਲੀਲਾਂ ਨੂੰ ਨੰਗਿਆਂ ਕਰਦੇ। ਪਰੰਤੂ ਬਾਹਰਲੇ

ਪੰਜਾਬੀ ਹਿੰਦੂ, ਇਕ ਸੋਚੀ ਸਮਝੀ ਸਾਜ਼ਿਸ਼ ਅਨੁਸਾਰ ਪੰਜਾਬੀ ਨੂੰ ਤਿਲਾਂਜਲੀ ਦੇ ਬੈਠੇ। ਮਰਦਮਸ਼ੁਮਾਰੀ ਵਿਚ ਉਹਨਾਂ ਚਿੱਟਾ ਝੂਠ ਬੋਲ ਕੇ ਹਿੰਦੀ ਨੂੰ ਆਪਣੀ ਮਾਤ-ਭਾਸ਼ਾ ਲਿਖਾਇਆ। ਇਹ ਉਹਨਾਂ ਏਸ ਲਈ ਕੀਤਾ ਕਿ ਪੰਜਾਬੀ ਬੋਲੀ ਗੁਰੂ ਸਾਹਿਬਾਨ ਦੀ ਬਣਾਈ ਗੁਰਮੁਖੀ ਲਿਪੀ ਵਿਚ ਲਿਖੀਂਦੀ ਹੈ ਅਤੇ ਇਉਂ ਇਸ ਦਾ ਜਿਊਂਦੇ ਰਹਿਣਾ ਸਿੱਖੀ ਦੇ ਗੁਰੂ ਸਿਧਾਂਤ ਦੀ ਨਿਗਰਤਾ ਦੀ ਅਮਿਟ ਨਿਸ਼ਾਨੀ ਹੈ। ਪੰਜਾਬੀ ਨੂੰ ਦੁਰਕਾਰ ਕੇ ਉਹ ਏਸਦੀ ਬੁੱਕਲ ਵਿਚ ਵੱਸਦੀ ਗੁਰਬਾਣੀ ਨੂੰ ਆਪਣਿਆਂ ਲਈ ਓਪਰਾ ਬਣਾਉਣਾ ਲੋਚਦੇ ਸਨ। ਇਸ ਹਾਲਤ ਵਿਚ ਸਭ ਦੀ ਸਾਂਝੀ ਪੰਜਾਬੀ ਬੋਲੀ ਦੀ ਸੰਭਾਲ ਦਾ ਬੋਝ ਸਿੱਖਾਂ ਦੇ, ਦੇਸ਼ ਦੀ ਵੰਡ ਕਾਰਣ ਕਮਜ਼ੋਰ ਹੋਏ ਮੋਢਿਆਂ 'ਤੇ ਆ ਪਿਆ। ਗੁਆਂਢੀਆਂ ਨੇ ਪੰਡ ਸਿਰ 'ਤੇ ਚੁਕਾ ਕੇ ਜੱਦੋ-ਜਹਿਦ ਦੇ ਟੋਏ ਵੱਲ ਧੱਕ ਦਿੱਤਾ।

ਸਿੱਖ ਇਹ ਤਾਂ ਜਾਣਦੇ ਸਨ ਕਿ ਪੰਜਾਬੀ ਉਹਨਾਂ ਦੀ ਬੋਲੀ ਹੈ। ਪਰ ਇਹ ਕੇਵਲ ਉਹਨਾਂ ਦੀ ਹੀ ਬੋਲੀ ਹੈ, ਉਨ੍ਹਾਂ ਨੂੰ ਪਹਿਲੀ ਵਾਰੀ ਪਤਾ ਲੱਗਿਆ। ਉਹ ਇਹ ਨਹੀਂ ਸਨ ਸਮਝਦੇ ਕਿ ਬੋਲੀਆਂ ਹਿੰਦੂ, ਮੁਸਲਮਾਨ ਜਾਂ ਸਿਖ ਹੁੰਦੀਆਂ ਹਨ; ਇਹ ਯਕੀਨ ਉਹਨਾਂ ਨੇ ਗੁਰਮੁਖੀ ਲਿੱਪੀ ਵਿਚ ਲਿਖੇ ਅਨੇਕ ਬੋਲੀਆਂ ਦੇ ਖ਼ਜ਼ਾਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਆਂ ਸੀਸ ਨਿਵਾ ਕੇ ਹਾਸਲ ਕੀਤਾ ਸੀ। ਉਹ ਸਮਝਦੇ ਸਨ ਕਿ ਜੇ ਉਹਨਾਂ ਨੂੰ ਮਰਾਠੀ, ਉੜੀਆ ਪੂਜਣ ਜੋਗ ਲੱਗਦੀਆਂ ਹਨ ਤਾਂ ਪੰਜਾਬੀ ਵੀ ਪੰਜਾਬੀਆਂ ਨੂੰ ਕਦੇ ਗ਼ੈਰ ਨਹੀਂ ਲੱਗ ਸਕਦੀ। ਪਰ ਪ੍ਰਤੱਖ ਨੂੰ ਪ੍ਰਮਾਣ ਕੀ। ਪੰਜਾਬੀ ਨੂੰ ਦਿੱਤਾ ਹਿੰਦੂਆਂ ਦਾ ਤਿਆਗ-ਪੱਤਰ ਉਹਨਾਂ ਦੇ ਸਾਹਮਣੇ ਸੀ। ਉਹਨਾਂ ਬੇਝਿਜਕ ਪੰਜਾਬੀ ਨੂੰ ਸੁਰੱਖਿਅਤ ਰੱਖਣ ਦੀ ਜ਼ਿੰਮੇਦਾਰੀ ਅਪਣਾ ਕੇ ਆਜ਼ਾਦ ਭਾਰਤ ਦੇ ਸੱਜਰੇ ਹਾਕਮਾਂ ਨਾਲ ਮੱਥਾ ਲਾਇਆ ਅਤੇ ਅਨੇਕ ਕਸ਼ਟ ਸਹੇ। ਪੁਲਿਸ ਦੀਆਂ ਡਾਂਗਾਂ ਸੀਨਾ ਤਾਣ ਕੇ ਖਾਧੀਆਂ, ਗੋਲੀਆਂ ਨੂੰ ਗਲ ਲਾਇਆ ਅਤੇ ਜੇਲ੍ਹਾਂ ਨੂੰ ਨੱਕੋ ਨੱਕ ਭਰ ਦਿੱਤਾ। ਬੁੱਢਿਆਂ, ਬੱਚਿਆਂ ਅਤੇ ਇਸਤਰੀਆਂ ਨੇ ਵੀ ਇਕ ਦੂਜੇ ਤੋਂ ਮੂਹਰੇ ਹੋ ਕੇ ਪੰਜਾਬੀ ਦੇ ਯੱਗ ਵਿਚ ਅਹੂਤੀ ਪਾਈ। ਮੰਜੀ ਸਾਹਿਬ ਤੋਂ ਮਾਇਆ ਦੀ ਅਪੀਲ ਕੀਤੀ ਗਈ ਤਾਂ ਬੀਬੀਆਂ ਨੇ ਕਾਂਟੇ, ਹਾਰ, ਛੱਲੇ, ਛਾਪਾਂ ਕੌਮ ਦੀ ਝੋਲੀ ਪਾਈਆਂ। ਕਾਕਾ ਇੰਦਰਜੀਤ ਸਿੰਘ ਵਰਗੇ ਦਸ ਦਸ ਸਾਲ ਦੇ ਬੱਚਿਆਂ ਨੇ ਆਪਣੀ ਜਾਨ ਕੁਰਬਾਨ ਕੀਤੀ। ਮਾਸਟਰ ਤਾਰਾ ਸਿੰਘ ਬੁੱਢਾ ਜਰਨੈਲ ਹਫ਼ਤਿਆਂ ਬੱਧੀ ਭੁੱਖਾ ਤੜਪਦਾ ਰਿਹਾ। ਨਾਜ਼ਰ ਸਿੰਘ, ਚੈਂਚਲ ਸਿੰਘ ਵਰਗੇ ਭਰਪੂਰ ਗੋਲੀਆਂ ਦਾ ਸ਼ਿਕਾਰ ਹੋਏ। ਹਜ਼ਾਰਾਂ ਲੋਕ ਬੇਘਰ ਅਤੇ ਬਰਬਾਦ ਹੋਏ। ਜੁਰਮਾਨਿਆਂ ਵਜੋਂ ਸਿੱਖਾਂ ਨੇ ਕਰੋੜਾਂ ਰੁਪਿਆ ਤਾਰਿਆ; ਅਕਹਿ ਕਸ਼ਟ ਸਹੇ ਪਰ ਕਿਸੇ ਸੀ ਨਾ ਕੀਤੀ। ਪੰਜਾਬੀ ਸੂਬੇ ਦਾ ਮੋਰਚਾ ਆਧੁਨਿਕ ਸੰਸਾਰ ਦੇ ਇਤਿਹਾਸ ਵਿਚ ਇਕ ਅਜਬ ਕ੍ਰਿਸ਼ਮਾ ਹੋ ਗੁਜ਼ਰਿਆ। ਕਾਲੇ ਅਮਰੀਕਨਾਂ ਦੀ, ਬਰਾਬਰ ਅਧਿਕਾਰਾਂ ਲਈ ਲੜੀ ਲੜਾਈ ਦੇ ਸਿਖਰ 'ਤੇ ਵੀ ਢਾਈ ਹਜ਼ਾਰ ਤੋਂ ਵੱਧ ਲੋਕ ਜੇਲ੍ਹ ਨਹੀਂ ਸਨ ਗਏ ਅਤੇ ਇਸਦਾ ਜ਼ਿਕਰ ਮਾਰਟਨ ਲੂਥਰ ਕਿੰਗ ਆਪਣੀ ਪੁਸਤਕ ਵਿਚ ਫ਼ਖ਼ਰ ਨਾਲ ਕਰਦਾ ਹੈ। ਪੰਜਾਬੀ ਸੂਬੇ ਦੇ ਮੋਰਚੇ ਸਾਹਮਣੇ ਇਹ ਸੰਸਾਰ ਪ੍ਰਸਿੱਧ ਘਟਨਾ ਬੱਚਿਆਂ ਦਾ ਸ਼ੁਗਲ ਬਣ ਕੇ ਰਹਿ ਜਾਂਦੀ ਹੈ। ਜੰਗੇ ਆਜ਼ਾਦੀ ਦੌਰਾਨ ਸਮੁੱਚੇ ਭਾਰਤ ਵਰਸ਼ ਵਿੱਚੋਂ ਏਨੇ ਸਤਿਆਗ੍ਰਹੀ ਨਹੀਂ ਸਨ ਨਿਕਲੇ, ਜਿੰਨੇ ਹੁਣ ਚਿੜੀ ਦੇ ਪੌਂਚੇ ਜਿੰਨੇ ਪੰਜਾਬ ਦੀ ਅੱਧੀ ਨਾਲੋਂ ਘੱਟ ਸਿਖ ਆਬਾਦੀ ਵਿੱਚੋਂ ਨਿਕਲੇ।

ਪੰਜਾਬੀ ਦੀ ਰੱਖਿਆ ਉਹਲੇ ਉਹੋ ਅੰਮ੍ਰਿਤਪਾਨ ਵੇਲੇ ਦੇ ਪ੍ਰਣ ਦਾ ਪਰਛਾਵਾਂ ਸੀ, ਜੋ ਸਿੱਖੀ ਨਾਲ ਏਹਨਾਂ ਪੰਜਾਂ ਸਦੀਆਂ ਤੋਂ ਜੁੜਿਆ ਹੋਇਆ ਹੈ। ਮਸਲਾ ਇੱਕੋ ਇਕ

ਸੀ: ਕੀ ਸਿਖ ਸੰਸਕ੍ਰਿਤੀ ਦੇ ਸੋਮੇ ਅਤੇ ਪ੍ਰਤੀਕ, ਗੁਰਮੁਖੀ ਵਿਚ ਲਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਧੁਨਿਕ ਸੰਸਾਰ ਵਿਚ ਜਿਊਂਦੀ ਜਾਗਦੀ ਸ਼ਕਤੀ ਰੱਖਣਾ ਹੈ ਜਾਂ ਨਹੀਂ ? ਇਹ ਤਾਂ ਹੀ ਸੰਭਵ ਸੀ, ਜੇ ਇਸ ਸੰਸਕ੍ਰਿਤੀ ਦੇ ਵਾਹਨ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਅੱਖਰਾਂ ਨੂੰ ਜਿਊਂਦੇ ਰੱਖਿਆ ਜਾ ਸਕੇ। ਮਾਸਟਰ ਤਾਰਾ ਸਿੰਘ ਨੇ ਆਪਣੇ ਕੁਝ ਲੇਖਾਂ ਵਿਚ ਏਸ ਲੁਕਵੇਂ ਸਿਧਾਂਤ ਵੱਲ ਇਸ਼ਾਰਾ ਕੀਤਾ ਅਤੇ ਮੰਜੀ ਸਾਹਿਬ ਤੋਂ ਕੁਝ ਕੁ ਬੁਲਾਰਿਆਂ ਦੀ ਜ਼ੁਬਾਨ ਵਿੱਚੋਂ ਮੱਲੋ ਮੱਲੀ ਇਹ ਸਿਧਾਂਤ ਪ੍ਰਗਟ ਤਾਂ ਹੋਇਆ, ਪਰ ਜਾਣ ਬੁਝ ਕੇ ਕਿਸੇ ਨੇ ਏਸ ਦੀ ਸਪੱਸ਼ਟ ਰੂਪ-ਰੇਖਾ ਨਾ ਉਲੀਕੀ। ਫੇਰ ਵੀ ਗੁਰੂ ਨੇ ਕਿਸੇ ਗ਼ੈਬੀ ਸ਼ਕਤੀ ਰਾਹੀਂ ਏਸ ਸਿਧਾਂਤ ਨੂੰ ਹਰ ਸਿਖ ਦੇ ਮਨ ਵਿਚ ਵਸਾ ਦਿੱਤਾ। ਉਹ ਜਾਣ ਗਏ ਕਿ ਪੰਜਾਬੀ ਉਹਲੇ ਲੁਕਵਾਂ ਹਮਲਾ ਸਿੱਧਾ ਗੁਰੂ ਉੱਤੇ ਹੈ; ਉਸ ਗੁਰੂ ਉੱਤੇ ਜਿਸ ਨੇ ਉਨ੍ਹਾਂ ਲਈ ਸੀਸ ਦਿੱਤਾ ਸੀ ਅਤੇ ਜਿਸਦੀ ਰੱਖਿਆ ਖ਼ਾਤਰ ਸਿਰ ਦੇਣ ਲਈ ਹਰ ਸਿਖ ਬਚਨਬੱਧ ਹੈ।

ਇਸ ਸਿਧਾਂਤ ਦਾ ਝਲਕਾਰਾ ਰਾਜਸੀ ਸ਼ਕਤੀ ਵਿਚ ਮਦਮਸਤ ਹੋਏ ਹਾਕਮਾਂ ਦੀਆਂ ਧਰਮ ਵਿਰੋਧੀ ਅਤੇ ਇਖ਼ਲਾਕਹੀਨ ਕਾਰਵਾਈਆਂ ਵਿੱਚੋਂ ਵੀ ਪਿਆ। ਇਹਨਾਂ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਪੰਨਿਆਂ ਨੂੰ ਗੁਰਦੁਆਰਿਆਂ ਵਿਚ ਜਾ ਕੇ ਪਾੜਿਆ। ਹੋਰ ਕਈ ਪ੍ਰਕਾਰ ਦੀਆਂ ਬੇਅਦਬੀਆਂ ਕੀਤੀਆਂ, ਜੋ ਇਹ ਕਲਮ ਲਿਖਣ ਤੋਂ ਅਸਮਰਥ ਹੈ। ਇਹੋ ਜਿਹੇ ਕਮੀਨੇ ਹਮਲਿਆਂ ਰਾਹੀਂ ਬੁਜ਼ਦਿਲ ਲੋਕਾਂ ਨੇ ਸਪੱਸ਼ਟ ਕੀਤਾ ਕਿ ਉਹ ਪੰਜਾਬੀ ਬੋਲੀ ਨੂੰ ਹੀ ਨਹੀਂ, ਬਲਕਿ ਸਿਖੀ ਦੇ ਗੁਰੂ ਸਿਧਾਂਤ ਨੂੰ ਮਾਰੂ ਢਾਹ ਲਾ ਕੇ ਸਿੱਖੀ ਨੂੰ ਨਿੱਸਲ ਕਰ ਦੇਣਾ ਲੋਚਦੇ ਹਨ। ਅੰਮ੍ਰਿਤ ਸਰੋਵਰ ਦੇ ਪਾਵਨ ਜਲ ਵਿਚ ਜਗਤ ਜੂਠ ਤਮਾਕੂ ਦੇ ਡੱਬੇ ਸੁੱਟ ਕੇ ਉਹਨਾਂ ਉਸ ਮਨੋਬਿਰਤੀ ਨੂੰ ਨੰਗਿਆਂ ਕੀਤਾ, ਜੋ ਸਿੱਧੇ ਤੌਰ 'ਤੇ ਸਿਖ-ਸੰਸਕ੍ਰਿਤੀ ਦੇ ਸੋਮਿਆਂ ਨੂੰ ਭ੍ਰਸ਼ਟ ਅਤੇ ਦੂਸ਼ਤ ਕਰ ਕੇ ਬੰਦ ਕਰ ਦੇਣਾ ਲੋਚਦਾ ਸੀ। ਏਸ ਮਨੋਵੇਗ ਹੇਠ ਹੀ ਇਕ ਵਕਤ ਅਬਦਾਲੀ ਨੇ ਹਰਿਮੰਦਰ ਸਾਹਿਬ ਨੂੰ ਢਾਹ ਕੇ ਅੰਮ੍ਰਿਤ ਸਰੋਵਰ ਨੂੰ ਘੋੜਿਆਂ ਦੀ ਲਿੱਦ ਅਤੇ ਗਊਆਂ ਦੇ ਮਾਸ ਨਾਲ ਪੂਰਿਆ ਸੀ। ਇਹਨਾਂ ਹਰਕਤਾਂ ਤੋਂ ਸਿਖ ਉਹੀ ਸਮਝੇ, ਜੋ ਕਰਨ ਵਾਲੇ ਸਮਝਾਉਣਾ ਚਾਹੁੰਦੇ ਸਨ। ਜਿਨ੍ਹਾਂ ਨੇ ਅਸਰ ਨੂੰ ਹੋਰ ਅਣਗੌਲਿਆਂ ਕਰ ਕੇ ਅਜੇ ਲੁਕਵੇਂ ਸਿਧਾਂਤ ਨੂੰ ਨਹੀਂ ਸੀ ਵੇਖਿਆ, ਉਹਨਾਂ ਹੁਣ ਪੱਛੇ ਹੋਏ ਕਲੇਜਿਆਂ ਦੇ ਖ਼ੂਨ ਨਾਲ ਵਾਹੇ ਨਕਸ਼ਿਆਂ ਰਾਹੀਂ ਪਛਾਣ ਲਿਆ।

ਇਉਂ ਸਿੱਖਾਂ ਦੀ ਜਗਤ ਨੂੰ ਚਕਾਚੌਂਧ ਕਰਨ ਵਾਲੀ ਕੁਰਬਾਨੀ ਉਸੇ ਜਜ਼ਬੇ ਅਧੀਨ ਹੋਈ, ਜਿਸ ਅਧੀਨ ਭਾਈ ਮਨੀ ਸਿੰਘ ਦਾ ਪੁੱਤਰ ਭਾਈ ਬਚਿੱਤਰ ਸਿੰਘ ਸਾਂਗ ਫੜ ਹਾਥੀ ਨਾਲ ਜੂਝਿਆ ਸੀ ਅਤੇ ਜਿਸ ਅਧੀਨ ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਦਾ ਸਿਰ ਕਲਮ ਕੀਤਾ ਸੀ।

ਇਹਨਾਂ ਕੁਰਬਾਨੀਆਂ ਦਾ ਸਦਕਾ ਅਖ਼ੀਰ ਪੰਜਾਬੀ ਸੂਬਾ ਬਣਿਆ ਅਤੇ ਪਹਿਲੀ ਵੇਰ ਪੰਜਾਬੀ ਦਾ ਦਮ ਭਰਨ ਵਾਲੇ ਜੱਦੋ-ਜਹਿਦ ਦੇ ਮੋਹਰੀ ਨੀਲੇ ਬਾਣੇ ਵਾਲੇ ਅਕਾਲੀਆਂ ਦੀ ਸਰਕਾਰ ਬਣੀ। ਪਰ ਅਚਨਚੇਤ ਨਾ ਜਾਣੇ ਕੀ ਹੋਇਆ, ਕਿਥੋਂ ਅਤੇ ਕਿਵੇਂ ਦਿਲਾਂ ਦਿਮਾਗ਼ਾਂ 'ਤੇ ਹਨੇਰੇ ਬੱਦਲ ਛਾਏ, ਕਿ ਜਿਸ ਪੰਜਾਬੀ ਨੂੰ ਰਾਜ ਤਖ਼ਤ 'ਤੇ ਬਿਠਾਉਣ ਖ਼ਾਤਰ ਹਜ਼ਾਰਾਂ ਕੁਰਬਾਨੀਆਂ ਹੋਈਆਂ ਸਨ, ਉਸ ਨੂੰ ਸਮਾਂ ਆਉਣ 'ਤੇ ਸਿੱਖਾਂ ਦੇ ਪ੍ਰਤੀਨਿਧ ਮੂਲੋਂ ਹੀ ਵਿਸਾਰ ਬੈਠੇ। ਗੁੱਝੇ ਸਿਧਾਂਤ ਦਾ ਝਾਉਲਾ ਪੈਣਾ ਵੀ ਬਿਲਕੁਲ ਬੰਦ ਹੋ ਗਿਆ। ਜਿਸ ਉਦੇਸ਼ ਦੀ ਪੂਰਤੀ ਲਈ ਆਮ ਸਿੱਖਾਂ ਨੇ ਵੀ ਜਾਨਾਂ ਵਾਰੀਆਂ ਸਨ, ਉਸ ਪ੍ਰਾਪਤੀ

ਨੂੰ ਕਾਨੂੰਨੀ ਸ਼ਕਲ ਦੇਣ ਵੇਲੇ ਸਿਖ ਆਗੂ ਪੈਰ ਮਲਣ ਲੱਗ ਪਏ। ਐਡਾ ਵੱਡਾ ਯੁੱਧ ਜਿੱਤ ਕੇ ਵੀ ਉਹਨਾਂ ਨੇਜ਼ੇ ਦੀ ਨੋਕ ਨਾਲ ਚੁੱਕ ਕੇ ਜਿੱਤ ਦਾ ਸਿਹਰਾ ਕੌਮ ਦੇ ਮੱਥੇ ਨਾ ਸਜਾਇਆ। ਉਹ ਆਪਣੀ ਛਿਨ ਭੰਗਰੀ, ਪਰਾਈ ਇੱਛਾ ਅਧੀਨ ਤੁਛ ਰਾਜ ਸ਼ਕਤੀ ਦੀ ਨਿਖਿਧ ਗੀਟੀ ਨੂੰ ਹੀਰਾ ਸਮਝ ਕੇ ਬੇਮੁਖ ਹੋ ਗਏ। ਉਹਨਾਂ ਗੁਰੂ ਸੇਵਾ ਦੇ ਸਿਧਾਂਤ ਨੂੰ ਮਨੋਂ ਵਿਸਾਰ ਕੇ ਪਰਾਧੀਨ 'ਬਾਦਰ ਕੀ ਛਾਈ' ਸ਼ਕਤੀ ਤੋਂ ਕੁਰਬਾਨ ਕਰ ਦਿੱਤਾ। ਸਮਕਾਲੀ ਸਿਖ-ਇਤਿਹਾਸ ਦੇ ਵਿਦਿਆਰਥੀ, ਜਿਨ੍ਹਾਂ ਦੇ ਵੇਂਹਦਿਆਂ ਪੰਜਾਬੀ ਸੂਬੇ ਦੀ ਲੜਾਈ ਲੜੀ ਗਈ ਸੀ, ਸਮਝਦੇ ਸਨ ਕਿ ਕੌਮ ਸ਼ਹਿਨਸ਼ਾਹੀਆਂ ਅਰ ਤਖ਼ਤੋ ਤਾਜ ਗੁਰੂ-ਸੇਵਾ ਦੇ ਯੱਗ ਵਿਚ ਅਹੂਤੀ ਪਾ ਦੇਵੇਗੀ। ਪਰ ਹੋਇਆ ਐਨ ਉਲਟ; ਸੁਪਨਵਤ ਸ਼ਕਤੀ ਦਾ ਪਰਛਾਵਾਂ ਵੇਖ ਕੇ ਸਿੱਖਾਂ ਨੇ ਗੁਰੂ ਨੂੰ ਵਿਸਾਰ ਦਿੱਤਾ ਅਤੇ ਗ਼ੈਰਾਂ ਦੇ ਹੱਥਾਂ ਵਿਚ ਬੇਜਾਨ ਖਿਲੌਣੇ ਬਣ ਗਏ।

ਹਜ਼ਾਰਾਂ ਸਿਦਕਵਾਨਾਂ ਦੇ ਖ਼ੂਨ ਦਾ ਮੁੱਲ ਪਾਉਣ ਵਾਲਾ ਇੱਕੋ ਇਕ ਪਾਰਖੂ, ਇੱਕੋ ਇਕ ਸ਼ੇਰ ਮਰਦ, ਨਨਕਾਣਾ ਸਾਹਿਬ ਦੇ ਸ਼ਹੀਦ ਦਾ ਹਮਨਾਮ, ਲਛਮਣ ਸਿੰਘ ਗਿੱਲ ਨਿਤਰਿਆ। ਏਸ ਨੇ ਪੰਜਾਬੀ ਨੂੰ ਰਾਜ ਤਖ਼ਤ 'ਤੇ ਬਿਠਾ ਕੇ ਸ਼ਹੀਦਾਂ ਦੀਆਂ ਰੂਹਾਂ ਨੂੰ ਉਹ ਅਮਲੀ ਸ਼ਰਧਾਂਜਲੀ ਭੇਟ ਕੀਤੀ, ਜਿਸ ਨੂੰ ਸ਼ਰਧਾਵਾਨ ਸਿਖ ਹਰ ਜ਼ਮਾਨੇ ਵਿਚ ਸਤਿਕਾਰ ਨਾਲ ਚਿੱਤਵਿਆ ਕਰਨਗੇ। ਇਹ ਲਛਮਣ ਸਿੰਘ ਪੰਜਾਬੀ ਸੂਬੇ ਦੇ ਮੋਰਚਿਆਂ ਦਾ ਜਰਨੈਲ ਤਾਂ ਸੀ, ਪਰ ਉਸ ਵੇਲੇ ਦੇ ਅਕਾਲੀ ਆਗੂਆਂ ਦਾ ਤ੍ਰਿਸਕਾਰਿਆ, ਧੱਕਿਆ ਅਤੇ ਬਾਹਰ ਸੁੱਟਿਆ ਹੋਇਆ ਸੀ। ਇਹ ਪੰਜਾਬੀ ਸੂਬੇ ਦੀ ਲੜਾਈ ਕਾਰਣ ਉਪਜੇ ਜਜ਼ਬਿਆਂ ਦਾ ਤਰਜਮਾਨ ਤਾਂ ਨਿਸ਼ਚੇ ਸੀ, ਪਰੰਤੂ ਉਸਦੇ ਕੀਤੇ ਕੰਮ ਲਈ ਪੰਜਾਬੀ ਸੂਬੇ ਦੇ ਆਗੂਆਂ ਨੂੰ ਜ਼ਿੰਮੇਦਾਰ ਨਹੀਂ ਠਹਿਰਾਇਆ ਜਾ ਸਕਦਾ। ਏਸ ਹੀਰੇ ਦੀ ਨਿਰਾਲੀ ਦਮਕ ਆਪਣੀ ਸੀ।

ਏਸ ਵਿਚਾਰ ਵਿੱਚੋਂ ਸਿਖ ਬੁੱਧੀਵਾਨਾਂ, ਚਿੰਤਕਾਂ, ਆਗੂਆਂ ਅਤੇ ਉਹਨਾਂ ਦੇ ਸਲਾਹਕਾਰਾਂ ਦੇ ਵਿਚਾਰਨ ਯੋਗ ਦੋ ਅਹਿਮ ਮਸਲੇ ਨਿਤਰਦੇ ਹਨ, ਜਿਨ੍ਹਾਂ ਦੇ ਜੁਆਬ ਦੇਣੇ ਸਿੱਖੀ ਦੇ ਭਵਿੱਖ ਲਈ ਅਤਿ ਜ਼ਰੂਰੀ ਹਨ। ਇਕ ਤਾਂ ਇਹ, ਕਿ ਹਰ ਵਾਰ ਜਿੱਤ ਕੇ ਫ਼ੌਜਾਂ ਅੰਤ ਨੂੰ ਕਿਉਂ ਹਾਰਦੀਆਂ ਹਨ ? ਅਤੇ ਦੂਸਰਾ ਇਹ, ਕਿ ਕੀ ਅੱਗੋਂ ਸਦਾ ਏਵੇਂ ਹੀ ਹੁੰਦਾ ਰਹੂ ? ਸ਼ਹੀਦਾਂ ਦੀਆਂ ਰੂਹਾਂ ਜੁਆਬ ਲਈ ਵਿਆਕੁਲ ਹਨ।

ਮੀਰੀ ਪੀਰੀ ਅਤੇ ਭਾਰਤੀ ਸੰਵਿਧਾਨ*

ਪਿਛਲੇ ਦਿਨਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਵਿਚ ਸੋਧ ਕਰਨ ਜਾਂ ਨਾ ਕਰਨ ਦੇ ਵਿਸ਼ੇ ਨੂੰ ਲੈ ਕੇ ਕਾਫ਼ੀ ਕੁਝ ਪੜ੍ਹਨ ਨੂੰ ਮਿਲਿਆ, ਪਰ ਮੰਨਣਾ ਪਵੇਗਾ ਕਿ ਸਪੱਸ਼ਟਤਾ ਪੱਖੋਂ ਪਰਨਾਲਾ ਓਥੇ ਦਾ ਓਥੇ ਹੀ ਹੈ। ਕਈ ਦਿਸ਼ਾਵਾਂ ਵਿੱਚੋਂ ਗਰਮ-ਸਰਦ ਹਵਾਵਾਂ ਚੱਲੀਆਂ ਹਨ, ਪਰ ਸਿਧਾਂਤਕ ਧੁੰਧਲਾਪਨ ਦੂਰ ਨਹੀਂ ਹੋਇਆ। ਸਿਆਸਤ ਵਿਚ ਵਿਚਾਰਵਾਨਾਂ ਦੀ ਘਾਟ ਹੀ ਸ਼ਾਇਦ ਇਸ ਭੰਬਲਭੂਸੇ ਲਈ ਜ਼ਿੰਮੇਦਾਰ ਹੈ। ਜੇ ਹੇਠ ਲਿਖੀਆਂ ਸਤਰਾਂ ਵਿਦਵਾਨਾਂ ਨੂੰ ਕਿਰਿਆਸ਼ੀਲ ਕਰ ਕੇ ਬਹਿਸ ਨੂੰ ਸਹੀ ਮੁੱਦੇ ਉੱਤੇ ਲਿਆਉਣ ਵਿਚ ਕਾਮਯਾਬ ਹੋ ਜਾਣ ਤਾਂ ਘੱਟੋ ਘੱਟ ਹਵਾ ਨਾਲ ਗਤਕਾ ਖੇਡਣ ਦਾ ਹਾਸੋ-ਹੀਣਾ ਸਵਾਂਗ ਤਾਂ ਤੁਰੰਤ ਖ਼ਤਮ ਕੀਤਾ ਜਾ ਸਕਦਾ ਹੈ।

ਇਹ ਮੰਨ ਕੇ ਚੱਲਣਾ ਪਵੇਗਾ ਕਿ ਮੀਰੀ ਪੀਰੀ ਦਾ ਡੂੰਘਾ ਸਿਧਾਂਤ ਸਹਿਜੇ ਸਮਝ ਆਉਣ ਵਾਲਾ ਨਹੀਂ ਹੈ। ਇਕ ਪੱਖੋਂ ਪੰਜਾਬ ਦੀ ਉਲਝੀ ਤਾਣੀ ਵੀ ਇਸੇ ਨਾ-ਸਮਝੀ ਦੀ ਉਪਜ ਹੈ। ਨਾ ਸਮਝ ਆਉਣ ਦਾ ਕਾਰਣ ਕੇਵਲ ਸੰਕਲਪ ਦਾ ਅਥਾਹ ਹੋਣਾ ਹੀ ਨਹੀਂ, ਬਲਕਿ ਏਦੋਂ ਵੱਧ ਸੰਸਾਰ ਦੇ ਬਹੁਤੇ ਧਰਮਾਂ ਵਿਚ ਇਸ ਦੀ ਅਣਹੋਂਦ ਵੀ ਹੈ। ਕੇਵਲ ਸਿਖ ਧਰਮ ਅਤੇ ਇਸਲਾਮ ਹੀ ਹਨ, ਜੋ ਧਰਮ ਅਤੇ ਸਿਆਸਤ ਦੇ ਸੁਮੇਲ ਜਾਂ ਮੀਰੀ ਪੀਰੀ ਦੇ ਸੰਕਲਪਾਂ ਦੇ ਮੁਕੰਮਲ ਰੂਪ ਵਿਚ ਕਾਇਲ ਹਨ। ਇਸਲਾਮ ਵਿਚ ਇਸ ਸਿਧਾਂਤ ਦੇ ਆਧਾਰ ਵਿਚ ਫ਼ਲਸਫ਼ੇ ਪੱਖੋਂ ਇਕ ਵੱਡਾ ਦੋਸ਼ ਹੈ ਜੋ ਕਿਧਰੇ ਹੋਰ ਵਿਚਾਰਿਆ ਜਾਣਾ ਹੀ ਯੋਗ ਹੈ; ਸਿੱਖੀ ਵਿਚ ਇਹ ਚਸ਼ਮਾ ਸਾਹਿਬ ਨਾਨਕ ਵਾਂਗ ਹੀ ਨਿਰਮਲ ਹੈ। ਸਨਾਤਨ ਹਿੰਦੂ ਧਰਮ, ਜਿਸ ਅਨੁਸਾਰ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਅਵਤਾਰ ਵੀ ਸਨ ਅਤੇ ਰਾਜੇ ਵੀ, ਦਾ ਜ਼ਿਕਰ ਵਾਜਬ ਨਹੀਂ; ਕਿਉਂਕਿ ਬ੍ਰਾਹਮਣਵਾਦ ਦੇ ਪ੍ਰਭਾਵ ਅਧੀਨ ਇਹ ਧਰਮ ਇਸ ਸਮੇਤ ਆਪਣੇ ਕਈ ਵੱਡਮੁੱਲੇ ਸੰਕਲਪਾਂ ਨੂੰ ਤਿਲਾਂਜਲੀ ਦੇ ਚੁੱਕਾ ਹੈ। ਸਨਾਤਨੀ ਮੁਕੰਮਲ ਤੌਰ 'ਤੇ ਬੇਖ਼ਬਰ ਹਨ ਅਤੇ ਸ਼ਾਇਦ ਰਾਜਸੀ ਘੁਮੰਡ ਕਾਰਣ ਬਾਖ਼ਬਰ ਹੋ ਵੀ ਨਾ ਸਕਣ। ਹੁਣ ਉਨ੍ਹਾਂ ਲਈ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਕੇਵਲ ਕਥਾਵਾਂ ਦੇ ਨਾਇਕ ਹਨ, ਮਰਿਆਦਾ ਪੁਰਸ਼ੋਤਮ ਨਹੀਂ।

ਮੀਰੀ ਪੀਰੀ ਦਾ ਸਿਖ ਸਿਧਾਂਤ, ਜਿਹੜੇ ਮੁੱਢਲੇ ਨਿਯਮਾਂ ਵਿੱਚੋਂ ਜਨਮ ਲੈਂਦਾ ਹੈ, ਉਹ ਸਾਰੇ ਦੇ ਸਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਰੂਪਣ ਕੀਤੇ ਹੋਏ ਹਨ। ਸੰਖੇਪ ਰੂਪ ਵਿਚ ਇਹ ਇਉਂ ਹਨ :

---

* ਅੱਸੀਵਿਆਂ ਦੇ ਅਖ਼ੀਰ ਵਿਚ ਲਿਖਿਆ ਇਹ ਲੇਖ ਆਜ਼ਾਦ ਸਿਖ ਹਸਤੀ ਦੇ ਜ਼ਾਮਨ ਮੀਰੀ ਪੀਰੀ ਦੇ ਸਿਧਾਂਤ ਦੀ, ਹਿੰਦੁਸਤਾਨ ਦੀ ਸੱਚੀ ਆਤਮਾ ਦੇ ਪ੍ਰਤਿਬਿੰਬ ਅਤੇ ਵਿਸ਼ਵ ਕਲਿਆਣ ਦੇ ਸੋਮੇ ਵਜੋਂ ਵਿਆਖਿਆ ਕਰਦਾ ਹੈ।

1. ਅਦਲੀ ਅਕਾਲ ਪੁਰਖ ਹੀ ਸੱਚਾ ਸ਼ਹਿਨਸ਼ਾਹ ਹੈ ਅਤੇ ਦੁਨਿਆਵੀ ਰਾਜੇ ਸੱਤਾ ਦੇ ਕੂੜੇ ਦਾਅਵੇਦਾਰ ਹਨ।
2. ਅਕਾਲ ਪੁਰਖ ਸਭ ਖ਼ੂਬੀਆਂ ਦਾ ਸਾਗਰ ਅਤੇ ਸਭ ਗੁਣਾਂ ਦਾ ਖ਼ਜ਼ਾਨਾ ਹੈ, ਉਸ ਦਾ ਇਕ ਖ਼ਾਸਾ ਸੰਤਾਂ ਨੂੰ ਉਬਾਰਨਾ ਅਤੇ ਦੁਸ਼ਟਾਂ ਨੂੰ ਸੰਘਾਰਨਾ ਹੈ।
3. ਮਨੁੱਖਾ ਜੀਵਨ ਦਾ ਮਨੋਰਥ ਹੈ ਗੁਰਬਾਣੀ ਦੁਆਰਾ ਪ੍ਰਗਟਾਏ ਅਕਾਲ ਪੁਰਖ ਦੇ ਗੁਣਾਂ ਨੂੰ ਗ੍ਰਹਿਣ ਕਰ ਕੇ ਓਸੇ ਦਾ ਰੂਪ ਹੋ ਨਿਬੜਨਾ।
4. ਬੁਰਾਈ ਆਪਣੇ ਆਪ ਖ਼ਤਮ ਨਹੀਂ ਹੁੰਦੀ, ਉਹ ਵਧਦੀ ਫੁੱਲਦੀ ਰਹਿੰਦੀ ਹੈ, ਜਦੋਂ ਤਕ ਕਿ ਇਸ ਦਾ ਟਾਕਰਾ ਕਰ ਕੇ ਇਸ ਨੂੰ ਖ਼ਤਮ ਕਰਨ ਲਈ ਸਿੱਧਾ ਹੰਭਲਾ ਨਾ ਮਾਰਿਆ ਜਾਵੇ।
5. ਸੱਚ ਧਰਮ ਉੱਤੇ ਡਟ ਕੇ ਪਹਿਰਾ ਦੇਣਾ, ਕੂੜ ਨੂੰ ਵੰਗਾਰਨਾ ਮਨੁੱਖ ਮਾਤਰ ਦੀ ਸਰਬੋਤਮ ਸੇਵਾ ਅਤੇ ਅਧਿਆਤਮਵਾਦ ਦੀ ਚਰਮ ਸੀਮਾ ਹੈ। 1699 ਵਿਚ ਸੰਤ ਸਿਪਾਹੀ ਖ਼ਾਲਸਾ ਸਾਜਣ ਵਾਲੇ ਕਲਗ਼ੀਧਰ ਨੇ ਇਨ੍ਹਾਂ ਨਿਯਮਾਂ ਨੂੰ ਹੀ ਖ਼ਾਲਸਾ ਪੰਥ ਦੇ ਮਹੱਲ ਦੀ ਆਧਾਰਸ਼ਿਲਾ ਬਣਾਇਆ ਸੀ।

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੈਲਾਸ਼ ਪਰਬਤ ਉੱਤੇ ਸੰਸਾਰ ਤਿਆਗ ਕੇ ਬੈਠੇ ਸਿੱਧਾਂ ਨੂੰ ਸਮਝਾਇਆ ਸੀ, ਸਭਿਅਕ ਮਨੁੱਖ ਦਾ ਪਹਿਲਾ ਫ਼ਰਜ਼ ਹੈ ਕਿ ਉਹ ਸਮਾਜ ਪ੍ਰਤੀ ਆਪਣੀ ਜ਼ਿੰਮੇਦਾਰੀ ਨਿਭਾਵੇ ਅਤੇ ਮਨੁੱਖ ਮਾਤਰ ਦੇ ਭਲੇ ਲਈ ਧਰਮ ਅਤੇ ਨਿਆਂ ਦੀ ਬੁਨਿਆਦ ਮਜ਼ਬੂਤ ਕਰਨ ਲਈ ਆਪਣਾ ਸਾਰਾ ਤਾਣ ਲਾ ਦੇਵੇ। ਮਨੁੱਖ ਮਾਤਰ ਦਾ ਸਦਾ ਭਲਾ ਸੋਚਣਾ ਅਤੇ ਉਸ ਨੂੰ ਸੰਭਵ ਬਣਾਉਣ ਹਿੱਤ ਸਦਾ ਜੂਝਦੇ ਰਹਿਣਾ ਧਾਰਮਿਕ ਜੀਵਨ ਦਾ ਪ੍ਰਮੁਖ ਕਰਤੱਵ ਹੈ। ਇਸੇ ਘਾਲਣਾ ਦੇ ਆਧਾਰ ਉੱਤੇ ਅਖ਼ੀਰ ਸੱਚੇ ਦੇ ਦੀਵਾਨ ਵਿਚ ਖੋਟੇ ਖਰੇ ਦੀ ਪਰਖ ਹੋਣੀ ਹੈ। ਇਸ ਲਈ ਜੇ ਸਿਰ ਲਾਉਣ ਦਾ ਮੌਕਾ ਆ ਬਣੇ ਤਾਂ ਵੀ ਝਿਜਕਣਾ ਨਹੀਂ ਚਾਹੀਦਾ। ਜਿਥੇ ਦੂਸਰੇ ਧਰਮਾਂ ਵਿਚ ਮੁਕਤੀ ਪ੍ਰਾਪਤੀ ਦੇ ਹੋਰ ਅਨੇਕ ਸਾਧਨ ਹਨ, ਉਥੇ ਖ਼ਾਲਸੇ ਲਈ ਪਰਮ ਪੁਰਖ ਵਿਚ ਅਭੇਦ ਹੋਣ ਦਾ ਇੱਕੋ ਇਕ ਰਾਹ ਇਹੋ ਹੈ ਕਿ ਉਹ ਧਰਮੀ ਪੁਰਸ਼ ਦੇ ਆਤਮਿਕ ਵਿਕਾਸ ਅਤੇ ਦੁਨਿਆਵੀ ਖ਼ੁਸ਼ੀ ਵਿਚ ਵਿਘਨ ਪਾਉਣ ਵਾਲੀਆਂ ਅਨਿਆਂਕਾਰੀ ਸ਼ਕਤੀਆਂ ਨਾਲ ਨਿਰੰਤਰ ਯੁੱਧ ਕਰਦਾ ਰਹੇ। ਗੁਰੂ ਗੋਬਿੰਦ ਸਿੰਘ ਜੀ ਦੇ ਅਮਿਟ ਵਾਕ "ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ" ਅਤੇ ਰਤਨ ਸਿੰਘ ਭੰਗੂ ਦੇ 'ਜਾਤ ਪਾਤ ਸਿੰਘਨ ਕੀ ਦੰਗਾ' ਦੇ ਏਹੋ ਭਾਵ ਹਨ।

ਉਪਰੋਕਤ ਤੋਂ ਸਪੱਸ਼ਟ ਹੈ ਕਿ ਸਿਖ ਧਰਮ ਦਾ ਸਿਧਾਂਤ ਨਿਆਂਕਾਰੀ ਸਰਬ-ਸ਼ਕਤੀਮਾਨ ਅਕਾਲ ਪੁਰਖ ਨੂੰ ਸਰਬ-ਵਿਆਪਕ ਤਸੱਵਰ ਕਰਦਾ ਹੈ। ਉਸ ਦਾ ਅਕੀਦਾ ਹੈ ਕਿ ਸੰਸਾਰਕ ਜੀਵਨ ਅੰਤਮ ਜੀਵਨ ਨਹੀਂ ਜਾਂ ਜੀਵਨ ਦਾ ਅੰਤ ਨਹੀਂ। ਇਸ ਸੰਸਾਰ ਤੋਂ ਪਰ੍ਹੇ ਹੋਰ ਸੰਸਾਰ (ਬੇਗਮਪੁਰਾ, ਅਨੰਦਪੁਰ, ਸੱਚਖੰਡ) ਜਿਸ ਵਿਚ ਇਸ ਸੰਸਾਰਕ ਜੀਵਨ ਦੇ ਜੇਤੂ ਨੇ ਸਨਮਾਨਜਨਕ (ਆਓ ਆਓ ਕਹੈ ਸਭ ਕੋਊ) ਦਾਖ਼ਲਾ ਹਾਸਲ ਕਰਨਾ ਹੈ। ਸਥੂਲ ਜੀਵਨ ਵਿਚ ਵੀ ਉੱਨਤੀ ਦਾ ਸੰਕਲਪ ਅਤੇ ਆਧਾਰ ਅਧਿਆਤਮਵਾਦ ਨਾਲ ਸੰਬੰਧਤ ਹੈ; ਪਦਾਰਥਵਾਦ ਨਾਲ ਨਹੀਂ। ਇਨ੍ਹਾਂ ਤਿੰਨਾਂ ਅਸੂਲਾਂ ਦੇ ਉਲਟ ਹਨ, ਧਰਮ-ਨਿਰਪੱਖਤਾ ਦੇ ਤਿੰਨੋਂ ਮੁੱਢਲੇ ਨਿਯਮ। ਧਰਮ-ਨਿਰਪੱਖਤਾ ਪਰਮਾਤਮਾ ਦੀ ਹੋਂਦ ਤੋਂ ਇਨਕਾਰੀ ਹੈ; ਨਾਸਤਿਕਤਾ ਇਸ ਦਾ ਅਨਿਖੜਵਾਂ ਅੰਗ ਹੈ। ਇਹ ਪਦਾਰਥਕ ਉੱਨਤੀ

ਨੂੰ ਮਨੁੱਖਤਾ ਦੀ ਚਰਮ ਸੀਮਾ ਦੱਸਦਾ ਹੈ ਅਤੇ ਸਥੂਲ ਪੱਧਰ ਤੋਂ ਉੱਤੇ ਕਿਸੇ ਹੋਰ ਦੁਨੀਆ ਜਾਂ ਜੀਵਨ ਨੂੰ ਮਾਨਤਾ ਨਹੀਂ ਦਿੰਦਾ।

ਸੈਕੂਲਰਇਜ਼ਮ (ਧਰਮ-ਨਿਰਪੱਖਤਾ) ਦੀ ਲਹਿਰ ਬਰਤਾਨੀਆ ਵਿਚ 1849 ਈਸਵੀ ਵਿਚ ਚਾਰਟਿਸਟ ਲਹਿਰ ਦੀ ਨਾਕਾਮਯਾਬੀ ਤੋਂ ਬਾਅਦ ਚੱਲੀ ਸੀ। ਇਸ ਦਾ ਸੰਚਾਲਕ ਸੀ ਜੋਰਜ ਜੈਕਬ ਹੋਲੀਓਕ। ਹੋਲੀਓਕ ਚਿਰਜੀਵੀ ਸੀ ਅਤੇ ਤਕਰੀਬਨ ਚਾਰ ਦਹਾਕੇ ਕਿਤਾਬਾਂ ਲਿਖ ਕੇ ਇਸ ਦੇ ਸਿਧਾਂਤਾਂ ਨੂੰ ਪ੍ਰਚਾਰਦਾ ਰਿਹਾ। ਉਸ ਦੀਆਂ ਪ੍ਰਮੁਖ ਪੁਸਤਕਾਂ ਹਨ; *ਸੈਕੂਲਰਇਜ਼ਮ ਦੇ ਨਿਯਮ* ***(Principles of Secularism)***, *ਆਸਤਿਕਤਾ ਦਾ ਮੁਕੱਦਮਾ* ***(The Trial of Theism)***, *ਨਾਸਤਿਕਤਾ ਦੀਆਂ ਹੱਦਾਂ* ***(The Limits of Atheism)*** *ਅਤੇ ਸੈਕੂਲਰਇਜ਼ਮ ਦਾ ਨਿਕਾਸ ਅਤੇ ਸੁਭਾਅ* ***(The Origin and Nature of Secularism)***। ਉਸ ਦੇ ਪ੍ਰਮੁਖ ਪੈਰੋਕਾਰਾਂ ਵਿੱਚੋਂ ਹਨ, ਚਾਰਲਸ ਬਰੈਡਲਾ, ਚਾਰਲਸ ਵੱਟ ਅਤੇ ਜੀ.ਡਬਲਯੂ. ਫੁਟ, ਜੋ ਸਾਰੇ ਨਾਸਤਕ ਸਨ ਅਤੇ ਨਾਸਤਿਕਤਾ ਨੂੰ ਸੈਕੂਲਰਇਜ਼ਮ ਦਾ ਅਨਿਖੜਵਾਂ ਅੰਗ ਸਮਝਦੇ ਤੇ ਪ੍ਰਚਾਰਦੇ ਸਨ। ਸੈਕੂਲਰਇਜ਼ਮ ਦੀ ਲਹਿਰ ਓਦੋਂ ਓਦੋਂ ਤਾਕਤ ਫੜਦੀ ਰਹੀ, ਜਦੋਂ ਧਰਮ ਵਿਰੋਧੀ ਭਾਵਨਾ ਜਨਤਾ ਵਿਚ ਪ੍ਰਚਲਤ ਰਹੀ। ਇਸ ਸਿਧਾਂਤ ਦੀ ਜੜ੍ਹ ਤਕ ਪੁੱਜਣਾ ਹੋਵੇ ਤਾਂ ਅਸੀਂ ਖੋਜ ਕਰਦੇ ਹੋਏ ਇਧਰੋਂ ਜਰਮੀ ਬੈਂਥਮ ਅਤੇ ਜੇਮਸ ਮਿੱਲ ਦੇ ਐਸੋਸੀਏਸ਼ਨਿਸਟ ਅਖਾੜੇ ਤਕ ਜਾ ਪੁੱਜਾਂਗੇ ਅਤੇ ਉਧਰੋਂ ਸੈਕੂਲਰਇਜ਼ਮ ਸਾਨੂੰ ਥੋਮਸ ਪੇਨ ਅਤੇ ਰਿਚਰਡ ਕਾਰਲਾਇਲ ਦੀ ਨਾਸਤਿਕਤਾ ਤਕ ਪੁਚਾ ਦੇਵੇਗਾ।

ਸੈਕੂਲਰਇਜ਼ਮ ਦਾ ਸੰਸਾਰਕ ਜੀਵਨ ਬਹੁਤ ਹੀ ਥੋੜ੍ਹਾ ਸੀ। ਇਹ ਲਹਿਰ ਅਲਪਜੀਵੀ ਵਾਵਰੋਲੇ ਵਾਂਗ ਆਈ ਅਤੇ ਗਈ। ਸੂਤਰਧਾਰ ਜਿਵੇਂ ਨਟੀ ਨੂੰ ਕਹਿੰਦਾ ਹੈ, 'ਆਇਆ ਬੁੱਲਾ ਪੌਣ ਦਾ ਕੱਖ ਚੜ੍ਹਿਆ ਜਾ ਅਕਾਸ। ਡਿੱਗਦਾ ਡਿੱਗਦਾ ਡਿੱਗ ਪਿਆ ਕੱਖ ਕੱਖਾਂ ਦੇ ਪਾਸ।' ਇਹ ਆਪਣੇ ਮੁੱਖ ਮੰਤਵ ਵਿਚ ਅਸਫਲ ਰਹੀ, ਨਾ ਹੀ ਧਰਮ ਤੋਂ ਬਾਹਰ ਸਦਾਚਾਰ ਦੀ ਪੱਕੀ ਨੀਂਹ ਕਾਇਮ ਕਰ ਸਕੀ ਅਤੇ ਨਾ ਹੀ ਕਿਸੇ ਨਵੀਂ ਜੀਵਨ ਜਾਚ ਦੀ ਤਾਮੀਰ ਕਰ ਸਕੀ। ਫ਼ਲਸਫ਼ੇ ਪੱਖੋਂ ਇਸ ਦੀ ਘਾਤਕ ਕਮਜ਼ੋਰੀ ਇਹ ਸੀ ਕਿ ਇਹ ਤੱਥ ਅਤੇ ਕਦਰ ਕੀਮਤ ਦੇ ਫ਼ਰਕ ਨੂੰ ਨਿਖਾਰਨ ਤੋਂ ਅਸਮਰੱਥ ਰਹੀ। ਮੋਟੇ ਤੌਰ 'ਤੇ ਤੱਥ ਅਨੁਭਵ ਉਪਰ ਆਧਾਰਿਤ ਹੁੰਦੇ ਹਨ ਅਤੇ ਕਦਰਾਂ-ਕੀਮਤਾਂ ਡੂੰਘੇ ਯਕੀਨ ਉੱਤੇ। ਇਸ ਫ਼ਰਕ ਨੂੰ ਨਾ ਸਮਝਣ ਕਾਰਣ ਹੋਲੀਓਕ, ਬਰੈਡਲਾ ਆਦਿ ਦਾ ਉਸਾਰਿਆ ਮਹਿਲ ਰੇਤ ਵਾਂਗ ਢੇਰੀ ਹੋ ਗਿਆ। ਜਿੰਨਾ ਚਿਰ ਇਹ ਲਹਿਰ ਚੱਲੀ, ਇਹ ਉਸਾਰਨ ਨਾਲੋਂ ਢਾਹੁਣ ਵਿਚ ਜ਼ਿਆਦਾ ਤੱਤਪਰ ਰਹੀ। ਅੰਤ ਸੰਸਾਰ ਦੇ ਕਿਸੇ ਵੀ ਖਲਾ ਨੂੰ ਪੂਰੇ ਬਿਨਾਂ, ਬਿਨਾਂ ਕਿਸੇ ਕਿਸਮ ਦੀ ਬਿਹਤਰੀ ਲਿਆਉਣ ਦੇ ਇਹ ਸੰਸਾਰ ਤੋਂ ਅਲੋਪ ਹੋ ਗਈ।

ਹੁਣ ਅਸੀਂ ਆਈਏ ਅਕਾਲੀ ਦਲ ਦੇ ਸੰਵਿਧਾਨ ਦੀ ਸੋਧ ਅਤੇ ਇਸ ਦੇ ਤਰਕ ਵੱਲ।

ਭਾਰਤ ਦੀ ਲੋਕ ਸਭਾ ਵਿਚ ਕਿਸੇ ਨੇ ਸੈਕੂਲਰਇਜ਼ਮ ਦੇ ਸਿਧਾਂਤ ਅਤੇ ਇਤਿਹਾਸ ਵੱਲ ਡੂੰਘੀ ਨਜ਼ਰ ਨਾ ਮਾਰੀ ਅਤੇ ਸਿਆਸੀ ਜਮਾਤਾਂ ਉੱਤੇ ਸੰਬੰਧਤ ਕਾਨੂੰਨ ਦੀ ਧਾਰਾ 29 ਦੇ ਅਨੁਸਾਰ ਆਪੋ ਆਪਣੇ ਵਿਧਾਨ ਵਿਚ ਸੋਧ ਕਰਨ ਦਾ ਹੁਕਮ ਲਾਗੂ ਕਰ ਦਿੱਤਾ ਗਿਆ। ਹੁਣ ਕੇਵਲ ਉਹੋ ਸਿਆਸੀ ਜਮਾਤ ਕਾਨੂੰਨੀ ਮਾਨਤਾ ਪ੍ਰਾਪਤ ਕਰ ਸਕਦੀ

ਹੈ, ਜੋ ਸੈਕੂਲਰਇਜ਼ਮ, ਸਮਾਜਵਾਦ ਅਤੇ ਲੋਕਤੰਤਰ ਵਿਚ ਆਸਥਾ ਰੱਖਦੀ ਹੋਵੇ। ਕਾਨੂੰਨ ਘੜਨੀ ਸਭਾ ਨੇ ਇਹ ਵੀ ਡੂੰਘਾਈ ਨਾਲ ਨਾ ਵਿਚਾਰਿਆ ਕਿ ਲੋਕਤੰਤਰ ਵਿਚ ਆਸਥਾ ਰੱਖਣ ਵਾਲੇ ਦਾ ਮੁੱਢਲਾ ਕਾਨੂੰਨੀ ਹੱਕ ਹੈ ਕਿ ਉਹ ਸਮਾਜਵਾਦ ਨੂੰ ਮੰਨੇ ਜਾਂ ਸਾਮੰਤਵਾਦ ਨੂੰ। ਇਥੋਂ ਤਕ ਕਿ ਲੋਕਤੰਤਰ ਵਿਰੋਧੀਆਂ ਨੂੰ, ਲੋਕਤੰਤਰ ਵਿਰੁੱਧ ਪ੍ਰਚਾਰ ਕਰਨ ਲਈ ਸਿਆਸੀ ਪਾਰਟੀ ਬਣਾਉਣ ਦਾ ਅਧਿਕਾਰ ਦਿੰਦਾ ਹੈ। ਲੋਕਤੰਤਰ ਵਿਚ ਇਨ੍ਹਾਂ ਹੱਕਾਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਇਉਂ ਸਮਝਿਆਂ ਨਵਾਂ ਕਾਨੂੰਨ ਨਾ ਤਾਂ ਤਰਕਸੰਗਤ ਹੈ ਅਤੇ ਨਾ ਹੀ ਨਿਆਂਪੂਰਣ। ਇਕ ਪੱਖ ਇਹ ਵੀ ਹੈ ਕਿ ਸਮਾਜਵਾਦ ਦੀ ਵਿਆਖਿਆ ਹਰ ਸਮਾਜਵਾਦੀ ਆਪਣੇ ਨਿਵੇਕਲੇ ਢੰਗ ਨਾਲ ਕਰਦਾ ਹੈ। ਕੌਣ ਕਹਿ ਸਕਦਾ ਹੈ ਕਿ ਕਿਹੜੀ ਵਿਆਖਿਆ ਚੋਣ ਕਮਿਸ਼ਨਰ ਦੇ ਦਿਲ ਲੱਗੀ ?

ਵਰ੍ਹਿਆਂ ਤੋਂ ਨਪੀੜੀਦੀ ਆ ਰਹੀ ਸਿਖ ਮਾਨਸਿਕਤਾ ਅਜੇ ਇਨ੍ਹਾਂ ਸਵਾਲਾਂ ਨਾਲ ਜੂਝ ਹੀ ਰਹੀ ਸੀ ਕਿ ਹਿੰਦੁਸਤਾਨ ਦੇ ਗ੍ਰਿਹ ਮੰਤਰੀ ਨੇ ਬਲਦੀ ਉੱਤੇ ਤੇਲ ਪਾਉਣ ਵਾਲਾ ਬਿਆਨ ਪੰਜਾਬ ਦੀ ਧਰਤੀ ਉੱਤੇ ਹੀ ਆ ਦਾਗਿਆ। ਉਸ ਨੇ ਆਖਿਆ ਕਿ ਅਕਾਲੀਆਂ ਨੂੰ ਇਨ੍ਹਾਂ ਸਿਧਾਂਤਾਂ ਵਿਚ ਯਕੀਨ ਪ੍ਰਗਟ ਕਰਨ ਲਈ ਧਾਰਾ 29 ਦੇ ਅਨੁਸਾਰ ਆਪਣੇ ਸੰਵਿਧਾਨ ਵਿਚ ਜ਼ਰੂਰ ਸੋਧ ਕਰਨੀ ਪਵੇਗੀ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਬਰਨਾਲਾ ਧੜੇ ਨੂੰ ਛੱਡ ਕੇ ਕੋਈ ਅਕਾਲੀ ਸੋਧ ਕਰਨ ਲਈ ਤਿਆਰ ਨਹੀਂ। ਮੀਰੀ ਪੀਰੀ ਦੇ ਸਿਧਾਂਤ ਨੂੰ ਸ਼ਰੇਆਮ ਅਣਗੌਲਿਆ ਕਰ ਕੇ ਅਤੇ ਐਨ ਵਿਰੋਧੀ ਸਿਧਾਂਤ ਵਿਚ ਵਿਸ਼ਵਾਸ ਪ੍ਰਗਟ ਕਰ ਕੇ ਕੋਈ ਅਕਾਲੀ ਧੜਾ ਸਿਖ ਜਨਤਾ ਵਿਚ ਆਪਣੀ ਸਾਖ ਨਹੀਂ ਬਚਾ ਸਕਦਾ। ਸ੍ਰੀ ਬਰਨਾਲਾ ਦਾ ਬਾਰ ਬਾਰ ਇਹ ਆਖਣਾ ਕਿ ਮੀਰੀ ਪੀਰੀ ਦਾ ਸੋਧ ਨਾਲ ਕੋਈ ਤਅਲੁਕ ਨਹੀਂ, ਇਸੇ ਡੂੰਘੇ ਤੌਖਲੇ ਦਾ ਪ੍ਰਗਟਾਵਾ ਹੈ ਜਾਂ ਫੇਰ ਉਹ ਅਗਿਆਨਤਾ ਵੱਸ ਇਸ ਬਿਆਨ ਨੂੰ ਦੁਹਰਾ ਰਹੇ ਹਨ।

ਉਨ੍ਹਾਂ ਦੀਆਂ ਤਾਂ ਉਹ ਜਾਣਨ ਪਰੰਤੂ ਅਜੋਕਾ ਸੰਸਾਰ ਜੋ ਮੀਰੀ ਪੀਰੀ ਦੇ ਸਮਰੱਥ ਸੰਕਲਪ ਨੂੰ ਗਲ ਲਾਉਣ ਲਈ ਕਾਹਲੀਆਂ ਪੁਲਾਂਘਾਂ ਪੁੱਟ ਰਿਹਾ ਹੈ, ਏਨਾ ਜ਼ਰੂਰ ਜਾਣਦਾ ਹੈ ਕਿ ਇਸ ਸਿਧਾਂਤ ਤੋਂ ਮੁਨਕਰ ਹੋਣਾ ਭਾਰਤ ਵਰਸ਼ ਨੂੰ ਘੱਟੋ ਘੱਟ ਪੰਜ ਸਦੀਆਂ ਜ਼ਰੂਰ ਪਛਾੜ ਦੇਵੇਗਾ। ਇਹ ਸਿਧਾਂਤ ਕੁਝ ਨਵਾਂ ਸਿਰਜਣਾ ਲੋਚਦੇ ਦੁਖੀ ਸੰਸਾਰੀ ਜੀਵਾਂ ਦੇ ਉਜਲ ਭਵਿੱਖ ਦਾ ਇੱਕੋ ਇਕ ਜਾਮਨ ਹੈ।

ਈਸਾਈ ਮੱਤ, ਜਿਸ ਵਿਚ ਮੀਰੀ ਪੀਰੀ ਦਾ ਹੋਣਾ ਯਸੂ ਮਸੀਹ ਦੇ ਲੋਕਾਂ ਖ਼ਾਤਰ ਸੂਲ ਚੜ੍ਹਨ ਤੋਂ ਹੀ ਪ੍ਰਤੱਖ ਹੈ, ਉੱਨੀ ਸਦੀਆਂ ਇਸ ਸਿਧਾਂਤ ਤੋਂ ਮੁਨਕਰ ਰਿਹਾ ਹੈ। ਆਖ਼ਰ ਜਾਦੂ ਸਿਰ ਚੜ੍ਹ ਕੇ ਬੋਲਿਆ ਅਤੇ ਅੱਜ ਈਸਾਈ ਮੱਤ ਵਿਚ 'ਲਿਬਰੇਸ਼ਨ ਥੀਓਲੌਜੀ' ਦਾ ਬੋਲਬਾਲਾ ਹੈ। ਅੱਜ ਦੱਖਣੀ ਅਮਰੀਕਾ ਅਤੇ ਅਫ਼ਰੀਕਾ ਇਸ ਦੇ ਕਾਇਲ ਹੋ ਚੁੱਕੇ ਹਨ। ਅਫ਼ਰੀਕਾ ਦਾ ਬਿਸ਼ਪ ਟੂਟੂ ਲਿਬਰੇਸ਼ਨ ਥੀਓਲੌਜੀ ਦੀ ਟਹਿਣੀ ਉੱਤੇ ਲੱਗਿਆ ਸਭ ਤੋਂ ਸੁੰਦਰ ਅਤੇ ਖ਼ੁਸ਼ਬੂਦਾਰ ਫੁੱਲ ਹੈ। ਹਿੰਦੁਸਤਾਨ ਦੀ ਈਸਾਈਅਤ ਇਸ ਸਿਧਾਂਤ ਵੱਲ ਪ੍ਰਤੱਖ ਤੌਰ 'ਤੇ ਖਿਚੀਂਦੀ ਚਲੀ ਜਾ ਰਹੀ ਹੈ, ਜਿਵੇਂ ਕਿ ਲੋਹਾ ਮਿਕਨਾਤੀਸ ਵੱਲ ਖਿੱਚਿਆ ਜਾਂਦਾ ਹੈ। ਤੀਹ ਕੁ ਸਾਲ ਪਹਿਲਾਂ ਬਰਮਾ ਦੇ ਪਗੋਡਿਆਂ ਨੇ ਬੜੀ ਗੰਭੀਰ ਸ਼ਾਨ ਨਾਲ ਆਪਣੇ ਭਿਖਸ਼ੂ ਬੱਚਿਆਂ ਨੂੰ ਲੋਕ ਭਲਾਈ ਖ਼ਾਤਰ ਸੜ ਕੇ ਮਰਦੇ ਵੇਖਿਆ ਸੀ। ਕੱਲ੍ਹ ਕੋਰੀਆਈ ਲੋਕਾਂ ਨੇ ਜ਼ੁਲਮ ਵਿਰੁੱਧ ਬੋਧ ਮੱਠਾਂ ਵਿੱਚੋਂ ਲੜਾਈ ਲਾਮਬੰਦ ਕੀਤੀ। ਇਸੇ ਸਿਧਾਂਤ ਦਾ ਆਸਰਾ ਲੈ ਕੇ ਮੌਲਾਨਾ ਖੁਮਾਇਨੀ ਨੇ ਦੋ ਹਜ਼ਾਰ ਸਾਲ ਪੁਰਾਣੀ

ਸ਼ਹਿਨਸ਼ਾਹੀ ਨੂੰ ਜੜ੍ਹੋਂ ਉਖੇੜ ਦਿੱਤਾ। ਸੰਸਾਰ ਦੇ ਸਭਿਆਚਾਰ ਵਿਚ ਜਵਾਰਭਾਟੇ ਆ ਰਹੇ ਹਨ। ਜੋ ਸਾਰੀ ਮਨੁੱਖਤਾ ਦਾ ਸਾਂਝਾ ਸਭਿਆਚਾਰ ਸਾਡੀਆਂ ਨਜ਼ਰਾਂ ਦੇ ਸਾਹਮਣੇ ਉਸਰ ਰਿਹਾ ਹੈ, ਉਸ ਦਾ ਸ਼ਿੰਗਾਰ ਮੀਰੀ ਪੀਰੀ ਦਾ ਸਿਧਾਂਤ ਹੈ। ਇਸੇ ਲਈ ਜਗਤ ਗੁਰੂ ਨਾਨਕ ਨੇ ਜਗਤ ਦੀ ਝੋਲੀ ਨੂੰ ਉੱਤਮ ਸੰਕਲਪ ਦੇ ਰਤਨਾਂ ਨਾਲ ਭਰਪੂਰ ਕਰਨ ਲਈ, ਛੇਵੇਂ ਰੂਪ ਵਿਚ 'ਦੋ ਤਲਵਾਰਾਂ ਬੱਧੀਆਂ; ਇਕ ਮੀਰੀ ਦੀ ਇਕ ਪੀਰੀ ਦੀ।'

ਇਸ ਵਿਚ ਜ਼ਰਾ ਵੀ ਸ਼ੱਕ ਨਹੀਂ ਕਿ ਮੀਰੀ ਪੀਰੀ ਦਾ ਸੰਕਲਪ ਹਿੰਦੁਸਤਾਨ ਦੀ ਆਤਮਾ ਦਾ ਉੱਤਮ ਉਭਾਰ ਹੈ ਅਤੇ ਨਾਲੋ ਨਾਲ ਆਉਣ ਵਾਲੇ ਯੁੱਗ ਦਾ ਸਿੰਘਨਾਦ ਹੈ। ਹਿੰਦੁਸਤਾਨ ਦੇ ਪੁਰਾਤਨ ਵਿਰਸੇ ਦੀਆਂ ਦਾਅਵੇਦਾਰ ਸਿਆਸੀ ਜਮਾਤਾਂ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਦੇ ਪੈਰੋਕਾਰ, ਜ਼ਰਾ ਦੋ ਘੜੀਆਂ ਖੜ੍ਹੋ ਕੇ ਸੋਚਣ ਤਾਂ ਸਹੀ ਕਿ ਉਹ ਇਸ ਤੋਂ ਮੁਨਕਰ ਹੋ ਕੇ ਆਪਣੀਆਂ ਅਣਜੰਮੀਆਂ ਪੀੜ੍ਹੀਆਂ ਨੂੰ ਕਿਹੜੀ ਡੂੰਘੀ ਖੱਡ ਵੱਲ ਧੱਕ ਰਹੀਆਂ ਹਨ। ਅੱਜ ਫੇਰ ਇਕ ਵਾਰੀ ਹਿੰਦੁਸਤਾਨ ਦੀ ਪੁਰਾਤਨ ਸਭਿਅਤਾ ਦੇ ਸੁਹਣੇ ਅੰਸ਼ ਦੀ ਰੱਖਿਆ ਦਾ ਭਾਰ ਸਿਰਫ਼ ਸਿੱਖਾਂ ਦੇ ਮੋਢਿਆਂ ਉੱਤੇ ਆ ਪਿਆ ਹੈ।

•

ਹਿੰਦੁਸਤਾਨ ਦਾ ਰਾਜਸੀ ਸੰਕਟ ਅਤੇ ਸਿਖ*

ਸਿਖ ਧਰਮ ਦੇ ਸਿਧਾਂਤ ਅਨੁਸਾਰ ਸਰਬ-ਵਿਆਪਕ, ਸਭ ਦਾ ਸਾਂਝਾ ਪਿਤਾ ਵਾਹਿਗੁਰੂ ਸਭ ਗੁਣਾਂ ਦੀ ਖਾਣ ਅਤੇ ਖ਼ਜ਼ਾਨਾ ਹੈ, ਅਤੇ ਉਹੋ ਹੀ ਸੱਚਾ ਪਾਤਿਸ਼ਾਹ ਹੈ। ਵਕਤੀ ਹਾਕਮ ਕੇਵਲ ਝੂਠੇ ਦਾਅਵੇ ਕਰਨ ਵਾਲੇ ਸੁਆਂਗੀ ਹਨ। ਇਹ ਕੇਵਲ ਉਦੋਂ ਤਕ ਸੱਤਾ ਵਿਚ ਕਾਇਮ ਰਹਿਣ ਦੇ ਅਧਿਕਾਰੀ ਹਨ, ਜਦੋਂ ਤਕ ਉਹ ਮੁਕੰਮਲ ਇਨਸਾਫ਼ ਕਰਦੇ ਹਨ ਜਾਂ ਕਰਵਾ ਸਕਦੇ ਹਨ। ਪਾਤਿਸ਼ਾਹੀ ਜਾਂ ਸਿਆਸੀ ਸ਼ਕਤੀ ਸੁਖ ਦੇਣ ਵਾਲੀ ਇਕ ਸਾਂਝੀ ਛੱਤ ਹੋਣੀ ਚਾਹੀਦੀ ਹੈ। ਪਰਮ ਦਇਆਵਾਨ ਪਾਰਬ੍ਰਹਮ ਦਾ ਅਟੱਲ ਹੁਕਮ ਹੈ ਕਿ ਕੋਈ ਕਿਸੇ ਉਤੇ ਤੱਦੀ ਨਾ ਕਰੇ। ਸਿਆਸੀ ਸ਼ਕਤੀ ਦਾ ਪਰਮ ਧਰਮ ਹੈ ਕਿ ਸੱਚੇ ਸ਼ਾਹ ਦੇ ਇਸ ਹੁਕਮ ਨੂੰ ਇੰਨ-ਬਿੰਨ ਲਾਗੂ ਕਰੇ।

ਸਰਬ ਸਾਂਝੇ ਪਰਮਾਤਮਾ ਦਾ ਹੁਕਮ ਹੀ ਕਾਨੂੰਨ ਦਾ ਆਧਾਰ ਹੈ। ਕਾਨੂੰਨ ਦਾ ਦੂਜਾ ਆਧਾਰ ਜਾਗੇ ਹੋਏ ਮਨੁੱਖ (ਗੁਰਮੁਖ) ਦੀ ਪਰਮਾਤਮਾ ਨਾਲ ਲੱਗੀ ਲਿਵ ਹੈ, ਜਿਸ ਰਾਹੀਂ ਉਹ ਹੁਕਮ ਨੂੰ ਪਛਾਣਦਾ ਹੈ ਅਤੇ ਹੁਕਮ ਅਨੁਸਾਰ, ਕਾਨੂੰਨ ਰਾਹੀਂ, ਅਜਿਹੇ ਸਮਰੱਥ ਸਮਾਜ ਦੀ ਸਿਰਜਣਾ ਕਰਨਾ ਲੋਚਦਾ ਹੈ, ਜੋ ਮਨੁੱਖ ਮਾਤਰ ਦੀ ਸਾਂਝੀ ਬਿਹਤਰੀ ਨੂੰ ਚਿਰ ਸਥਾਈ ਬਣਾਉਣ ਲਈ ਹੰਭਲਾ ਮਾਰ ਸਕੇ। ਕਿਉਂਜੁ ਕਾਨੂੰਨ ਦਾ ਮਕਸਦ ਹੀ ਐਸੇ ਸਮਾਜ ਦੀ ਸਿਰਜਣਾ ਹੈ, ਜਿਸ ਵਿਚ ਹਰ ਮਨੁੱਖ ਭੈਅ ਰਹਿਤ ਹੋ ਕੇ, ਗੁਣ ਨਿਧਾਨ ਪਰਮਾਤਮਾ ਵੱਲ ਵਧਦਾ ਹੋਇਆ, ਸਹਿਜੇ ਹੀ ਉਸ ਦੇ ਗੁਣਾਂ ਨੂੰ ਗ੍ਰਹਿਣ ਕਰਦਾ ਹੋਇਆ, ਉਸ ਦੇ ਤੱਤ ਰੂਪ ਵਿਚ ਸਮਾਅ ਕੇ ਉਹੀ ਹੋ ਨਿਬੜੇ। ਮਨੁੱਖ ਨੇ ਇਸੇ ਜਨਮ ਵਿਚ ਹੀ ਉਕਤ ਪਰਮ ਮਨੋਰਥ ਦੀ ਪੂਰਤੀ ਕਰਦਿਆਂ ਮੁਕਤੀ ਪ੍ਰਾਪਤ ਕਰਨੀ ਹੈ ਅਤੇ ਅਕਾਲ ਪੁਰਖ ਦੇ ਦਰਬਾਰ ਵਿਚ ਸੁਰਖ਼ਰੂ ਹੋਣਾ ਹੈ : "ਫਿਰਿ ਇਆ ਅਉਸਰੁ ਚਰੈ ਨ ਹਾਥਾ" ਗੁਰਵਾਕ ਹਨ।

ਸਰਬੱਤ ਦੇ ਭਲੇ ਲਈ ਸਰਬ ਸਾਂਝਾ ਸਭਿਆਚਾਰ ਹੋਂਦ ਵਿਚ ਲਿਆਉਣਾ, ਜਿਸ ਵਿਚ ਸਭ ਧਰਮਾਂ ਅਤੇ ਸਭਿਆਤਾਵਾਂ ਦੇ ਲੋਕ ਬੇਹਤਰੀਨ ਗੁਣਾਂ ਅਤੇ ਕਦਰਾਂ-ਕੀਮਤਾਂ ਦਾ ਝਲਕਾਰਾ ਵੇਖ ਸਕਣ, ਸਿਖ ਧਰਮ ਦਾ, ਗੁਰੂ ਪਰਮੇਸ਼ਰ ਦੇ ਆਸ਼ੇ ਅਨੁਸਾਰ, ਆਖ਼ਰੀ ਨਿਸ਼ਾਨਾ ਹੈ। ਦਸਮ ਪਿਤਾ ਦੇ ਸਾਜੇ-ਨਿਵਾਜੇ ਖ਼ਾਲਸਾ ਪੰਥ ਦਾ ਮਨੋਰਥ ਕੇਵਲ ਇਹ ਹੈ ਕਿ ਅਜਿਹੀ ਉੱਤਮ ਸਭਿਅਤਾ ਦੇ ਰਾਹ ਵਿਚ ਆਉਂਦੀਆਂ ਰੋਕਾਂ ਨੂੰ ਹਟਾਉਂਦਾ ਰਹੇ ਅਤੇ ਸਭ ਨੂੰ ਆਪਣੀ ਹੋਂਦ ਤੇ ਕਰਮ ਰਾਹੀਂ ਨਵੇਂ ਸਿਰਜੇ ਗਾਡੀ ਰਾਹ ਉੱਤੇ ਚੱਲਣ ਲਈ ਪ੍ਰੇਰਦਾ ਰਹੇ। ਆਪਣੇ ਸਾਂਝੇ ਪਿਤਾ ਦੀ ਤੀਬਰ ਇੱਛਾ ਅਨੁਸਾਰ ਮਨੁੱਖ ਮਾਤਰ ਸਦਾ

* ਹਿੰਦੁਸਤਾਨ ਦੇ ਰਾਜਸੀ ਸੰਕਟ ਦੀ ਪਿਠ ਭੂਮੀ ਵਿਚ ਕ੍ਰਿਆਸ਼ੀਲ ਆਤਮਘਾਤੀ ਸੋਚ ਅਤੇ ਸਿਖ ਕੌਮ ਦੀ ਦ੍ਰਿੜ੍ਹਤਾ ਅਤੇ ਸ੍ਵੈਮਾਣ ਨਾਲ ਜਿਊਣ ਦੀ ਇੱਛਾ ਦੀ ਤਰਜਮਾਨੀ ਇਹ ਲੇਖ ਕਰਦਾ ਹੈ।

ਰਹਿਣ ਵਾਲੇ ਖੇੜੇ ਅਤੇ ਚਾਅ ਦਾ ਅਧਿਕਾਰੀ ਹੈ। "ਖੁਸੀਆ ਪਾਤਿਸਾਹੀਆ" ਨੂੰ ਸਦੀਵੀ ਬਣਾਉਣ ਲਈ ਜ਼ਰੂਰੀ ਹੈ ਕਿ ਮਨੁੱਖਤਾ ਉਸ ਪੰਥ ਦੀ ਪਾਂਧੀ ਬਣੇ, ਜੋ ਖ਼ਾਲਸੇ ਦੇ ਪਹਿਰੇ ਹੇਠ 'ਬੇਗਮਪੁਰੇ' ਨੂੰ ਜਾ ਰਿਹਾ ਹੈ।

ਧੁਰ ਕੀ ਬਾਣੀ ਦੇ ਇਹਨਾਂ ਪਾਕ ਅਸੂਲਾਂ ਦੇ ਸੰਦਰਭ ਵਿਚ ਹੁਣ ਅਸੀਂ ਸਿਆਸੀ ਸ਼ਕਤੀ ਦੀ ਕਾਇਮੀ ਦੇ ਆਧਾਰ (Legitimacy) ਦਾ ਥੋੜ੍ਹਾ ਹੋਰ ਸਪੱਸ਼ਟ ਜ਼ਿਕਰ ਕਰਦੇ ਹਾਂ। ਸਿਖ ਸਿਧਾਂਤ ਅਨੁਸਾਰ ਸ਼ਾਹੀ ਰਾਜ ਸ਼ਕਤੀ (Sovereignty) ਦੀ ਕਾਇਮੀ ਨਾਲੋਂ ਜ਼ਰੂਰੀ ਹੈ, ਉਸ ਦਾ ਅਧਿਕਾਰੀ (Legitimate) ਹੋਣਾ। ਏਸ ਸੰਬੰਧੀ ਇਕ ਸਾਰਥਕ ਮਿਥ ਹੈ, ਜਿਸ ਦਾ ਪ੍ਰਚੰਡ ਤੇਜ ਕਈ ਸਦੀਆਂ ਪਿੱਛੋਂ ਵੀ ਘੱਟ ਨਹੀਂ ਸਕਿਆ। ਏਸ ਦੀ ਪ੍ਰਚਾਰ ਸਮਰੱਥਾ ਇਤਨੀ ਤੀਖਣ ਹੈ ਕਿ ਸਿਖ ਇਤਿਹਾਸ ਦਾ ਹਰ ਕਰਤਾ ਅਤੇ ਸਾਖੀਕਾਰ ਏਸ ਨੂੰ ਘੱਟੋ ਘੱਟ ਪਿਛਲੀਆਂ ਚਾਰ ਸਦੀਆਂ ਤੋਂ ਵਰਤਦਾ ਆਇਆ ਹੈ। ਅੱਜ ਵੀ ਇਹ ਬੀਜ ਰੂਪ ਵਿਚ ਸਿੱਖੀ ਦੇ ਰਾਜਸੀ ਸਿਧਾਂਤ ਨੂੰ ਆਪਣੇ ਸੀਨੇ ਵਿਚ ਸੰਭਾਲੀ ਬੈਠਾ ਹੈ। ਮਿੱਥਘਾੜੇ ਦੀ ਸੂਖਮ ਬੁੱਧੀ ਅਤੇ ਤੁੰਦ ਵਿਚਾਰ ਨੂੰ ਪ੍ਰਸਾਰਨ ਵਾਲੀ ਸ਼ਕਤੀ ਦਾ ਲਾ-ਮਿਸਾਲ ਹੋਣਾ ਪ੍ਰਤੱਖ ਹੀ ਹੈ।

ਸ਼ੁਧ ਵਿਚਾਰ ਨੂੰ ਸਾਂਭਣ ਅਤੇ ਪ੍ਰਸਾਰਨ ਹਿੱਤ ਘੜੀ ਗਈ ਇਹ ਸੰਖੇਪ ਮਿੱਥ ਮੂਲ ਰੂਪ ਵਿਚ ਇਉਂ ਹੈ : ਇਕ ਸਮੇਂ ਗੁਰੂ ਨਾਨਕ ਸੱਚੇ ਪਾਤਿਸ਼ਾਹ ਦੇ ਦਰਬਾਰ ਵਿਚ ਮੁਗ਼ਲ ਬਾਦਸ਼ਾਹ ਬਾਬਰ ਹਾਜ਼ਰ ਹੋਇਆ, ਸੱਤ ਮੁੱਠਾਂ ਭੰਗ ਦੀਆਂ ਭੇਟ ਕੀਤੀਆਂ ਅਤੇ ਸਿਆਸੀ ਸ਼ਕਤੀ ਬਖ਼ਸ਼ਣ ਲਈ ਬੇਨਤੀ ਕੀਤੀ। ਸੱਚੇ ਪਾਤਿਸ਼ਾਹ ਨੇ ਗੌਰ ਕਰ ਕੇ ਉਸ ਨੂੰ ਸੱਤ ਪੁਸ਼ਤਾਂ ਲਈ ਪਾਤਿਸ਼ਾਹੀ ਬਖ਼ਸ਼ਿਸ਼ ਕੀਤੀ, ਪਰ ਏਸ ਸ਼ਰਤ ਉੱਤੇ ਕਿ ਉਹ ਅਤੇ ਉਸ ਦੀ ਵੰਸ਼ ਦੇ ਰਾਜ ਅਧਿਕਾਰੀ ਸਦਾ ਸੁੱਚਾ ਨਿਆਂ ਕਰਨਗੇ। ਅਨਿਆਂਕਾਰੀ ਹੋਣ ਦੀ ਸੂਰਤ ਵਿਚ ਉਸ ਨਾਲ ਕੌਲ ਕੀਤਾ ਕਿ ਸਵਾ ਲੱਖ (ਜਾਂ ਸੱਤ) ਸਿਰ ਦੇ ਕੇ ਉਸ ਕੋਲੋਂ ਇਹ ਸ਼ਕਤੀ ਮੋੜ ਲਈ ਜਾਵੇਗੀ। ਇਸ ਮਿੱਥ ਵਿਚ ਲੁਕੇ ਸਿਧਾਂਤਾਂ ਦਾ ਵਿਸ਼ਲੇਸ਼ਣ ਇਉਂ ਪ੍ਰਵਾਨ ਕੀਤਾ ਜਾਂਦਾ ਹੈ।

1. ਸ਼ਹਿਨਸ਼ਾਹੀ ਕਿਸੇ ਦਾ ਜੱਦੀ ਪੁਸ਼ਤੀ ਹੱਕ ਨਹੀਂ, ਬਲਕਿ ਹਰ ਕੌਮ ਪਰਮਾਤਮਾ ਦੀ ਅਮਾਨਤ ਦਾ ਦਰਜਾ ਰੱਖਦੀ ਹੈ। ਉਸ ਸਮੇਂ ਪ੍ਰਚੱਲਤ ਵਿਚਾਰਾਂ ਨੂੰ ਘੋਖ ਕੇ ਹੀ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਇਹ ਵਿਚਾਰ ਕਿੰਨਾ ਕ੍ਰਾਂਤੀਕਾਰੀ ਸੀ। ਸੱਚ-ਮੁੱਚ ਕੇਵਲ ਸਾਹਿਬ ਨਾਨਕ ਹੀ ਏਸ ਵਿਚਾਰ ਦੇ ਜਨਮ ਦਾਤਾ ਹੋਣ ਦੇ ਅਧਿਕਾਰੀ ਹਨ।
2. ਵਕਤੀ ਹਾਕਮ ਦਾ ਪ੍ਰਮੁਖ ਕਰਮ ਹੈ—ਧਰਮ ਅਤੇ ਨਿਆਂ ਅਧੀਨ ਵਿਚਰਨਾ। ਧਰਮ ਨੂੰ ਸਿਆਸਤ ਤੋਂ ਵੱਖ ਕਰਨ ਲਈ ਕਾਨੂੰਨ ਘੜਨ ਵਾਲੇ, ਸਮਰਾਟ ਅਸ਼ੋਕ ਦੇ ਰਾਜਸੀ ਸ਼ਕਤੀ ਦੇ ਬਿੰਬ ਵਜੋਂ ਪ੍ਰਚੱਲਤ ਕੀਤੇ ਸ਼ੇਰਾਂ ਦੇ ਸਿਰਾਂ ਉੱਤੋਂ ਧਮਚੱਕਰ ਨੂੰ ਲਾਹੁਣ ਵਾਲੇ ਅਗਿਆਨੀ ਇਹ ਸਮਝ ਸਕਣ ਦੇ ਸਮਰੱਥ ਹੀ ਨਹੀਂ ਕਿ ਉਹ ਕਿਸ ਡੂੰਘੀ ਖਾਈ ਵੱਲ ਮਨੁੱਖਤਾ ਨੂੰ ਧੱਕ ਰਹੇ ਹਨ।
3. ਧਾਰਮਿਕ ਮਨੁੱਖ ਦਾ ਪ੍ਰਮੁਖ ਕਰਤਬ ਹੈ ਕਿ ਆਪਣੀ ਸੂਖਮ ਬੁੱਧੀ ਰਾਹੀਂ ਨਿਰੰਤਰ ਪਰਮਾਤਮਾ ਦੇ ਹੁਕਮ ਨਾਲ ਜੁੜਿਆ ਰਹੇ ਅਤੇ ਕਦੇ ਵੀ ਆਪਣੇ ਆਪ ਨੂੰ ਸਿਆਸਤ ਅਧੀਨ ਤਸੱਵਰ ਨਾ ਕਰੇ। ਮਨੁੱਖ ਦਾ ਮੁੱਢਲਾ ਸੰਬੰਧ ਧਰਮ ਨਾਲ ਹੈ; ਸਿਆਸਤ ਨਾਲ ਉਦੋਂ ਤਕ, ਜਦੋਂ ਤਕ ਉਹ ਧਰਮ-ਕਰਮ ਵਿਚ ਵਿਘਨ ਨਾ ਪਾਵੇ।

4. ਧਾਰਮਿਕ ਮਨੁੱਖ ਦਾ ਸਮਾਜ ਪ੍ਰਤੀ ਫ਼ਰਜ਼ ਹੈ ਕਿ ਉਹ ਸਿਆਸੀ ਸ਼ਕਤੀ ਨੂੰ ਧਰਮ ਦੇ ਰਾਹ ਤੋਂ ਥਿੜਕਣ ਨਾ ਦੇਵੇ। ਏਹ ਉਸ ਦੀ ਮਨੁੱਖ-ਮਾਤਰ ਪ੍ਰਤੀ ਸੇਵਾ ਵੀ ਹੈ।
5. ਜੇ ਸਿਆਸੀ ਸ਼ਕਤੀ ਏਸ ਆਧਾਰ ਉਤੋਂ ਥਿੜਕ ਜਾਵੇ ਤਾਂ ਉਸ ਦਾ ਫ਼ਰਜ਼ ਹੈ ਕਿ ਉਹ ਪਰਮਾਤਮਾ ਦੇ ਹੁਕਮਾਂ ਦੀ ਉਲੰਘਣਾ ਲਈ ਬਜ਼ਿਦ ਸਿਆਸੀ ਸ਼ਕਤੀ ਨੂੰ ਵੰਗਾਰੇ; ਸੁੱਚੇ ਸਮਾਜ ਨੂੰ ਭ੍ਰਸ਼ਟ ਕਰਨ ਤੋਂ ਰੋਕੇ ਅਤੇ ਅਜਿਹੀ ਸ਼ਕਤੀ ਨੂੰ ਮਲੀਆਮੇਟ ਕਰਨ ਲਈ ਜਨਤਕ ਲਹਿਰ ਪੈਦਾ ਕਰੇ। ਸੱਚੇ ਪਾਤਿਸ਼ਾਹ ਨੇ ਸਿੱਖਾਂ ਨੂੰ ਫ਼ੁਰਮਾਇਆ ਸੀ ਕਿ ਸੱਚੇ ਸਿਧਾਂਤ ਅਤੇ ਜਨਤਕ ਲਹਿਰ ਉਹਨਾਂ ਦੀ ਕ੍ਰਾਂਤੀ ਦੇ ਪ੍ਰਮੁਖ ਅੰਗ ਹੋਣਗੇ। "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥" ਵਾਲੇ ਮਹਾਂਵਾਕ ਦਾ ਅਰਥ ਵੀ ਏਸ ਸੰਦਰਭ ਵਿਚ ਉਘੜਦਾ ਹੈ।
6. ਅਜਿਹਾ ਕਰਨ ਵਿਚ ਜੇ ਉਸ ਨੂੰ ਸ਼ਹਾਦਤ ਵੀ ਪ੍ਰਾਪਤ ਕਰਨੀ ਪਵੇ ਤਾਂ ਖਿੜੇ ਮੱਥੇ ਪ੍ਰਾਪਤ ਕਰੇ। ਰਤਨ ਸਿੰਘ ਭੰਗੂ ਨੇ ਆਪਣੇ *ਪ੍ਰਾਚੀਨ ਪੰਥ ਪ੍ਰਕਾਸ਼* ਵਿਚ ਉਕਤ ਸਿਧਾਂਤ ਦੀ ਪੁਸ਼ਟੀ ਕੀਤੀ ਹੈ: 'ਰਾਜ ਕਰਹਿਂ, ਇਕੈ ਲਰ ਮਰਹਿਂ।'

ਸਿਆਸਤ ਸੰਬੰਧੀ ਸਿੱਖੀ ਦੇ ਵਿਚਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਰਾਜਸੀ ਮੋਹਰ ਤੋਂ ਵੀ ਸਪੱਸ਼ਟ ਹਨ, ਜੋ ਏਸ ਪ੍ਰਕਾਰ ਹਨ: "ਸ਼ਾਹਾਂ ਦੇ ਸ਼ਹਿਨਸ਼ਾਹ ਦਾ ਦਰਜਾ ਅਤੇ ਸਦੀਵੀ ਫ਼ਤਹਿ ਸੱਚੇ ਸਾਹਿਬ ਨੇ, ਸਾਹਿਬ ਸ੍ਰੀ ਨਾਨਕ ਗੁਰੂ ਗੋਬਿੰਦ ਸਿੰਘ ਨੂੰ ਬਖ਼ਸ਼ਿਸ਼ ਕੀਤੇ। ਏਸ ਲਈ ਸਿਧਾਂਤ ਇਹ ਹੈ ਕਿ ਸਿਖ ਇਥੇ ਉਥੇ ਦੋਹਾਂ ਜਹਾਨਾਂ ਵਿਚ ਸਰਬ ਸਮਰੱਥ (Sovereign) ਹਨ।"

ਉਪਰੋਕਤ ਵਿਚਾਰਾਂ ਨੂੰ, ਸਿਖ ਇਤਿਹਾਸ ਦਾ ਧੁਰਾ ਦਰਸਾਉਣਾ ਐਨ ਸੰਭਵ ਹੈ। ਸਿਖ ਧਰਮ ਦੇ ਇਹਨਾਂ ਰਾਜਸੀ ਸਿਧਾਂਤਾਂ ਦੇ ਨਿਰੂਪਣ ਤੋਂ ਬਾਅਦ, ਆਓ ਅਸੀਂ ਵੇਖੀਏ ਕਿ ਕੀ ਇਹਨਾਂ ਦੇ ਵਧਣ ਫੁੱਲਣ ਦੀਆਂ ਸੰਭਾਵਨਾਵਾਂ ਅੱਜ ਦੇ ਜ਼ਮਾਨੇ ਵਿਚ ਵੀ ਹਨ? ਮੋਟੇ ਮੋਟੇ ਦੋ ਤਿੰਨ ਪਹਿਲੂਆਂ ਦੇ ਘੋਖਣ ਨਾਲ ਇਹ ਨਿਰਣਾ ਸਹਿਜੇ ਹੀ ਹੋ ਜਾਂਦਾ ਹੈ। ਏਸ ਧਾਰਨਾ ਕਿ ਅਜਿਹੇ ਵਿਚਾਰਾਂ ਦਾ ਪਣਪਣਾ ਮਨੁੱਖ ਮਾਤਰ ਦੇ ਸਦੀਵੀ ਭਲੇ ਵਿਚ ਹੈ, ਤੋਂ ਮੁਨਕਰ ਹੋਣਾ ਅਸੰਭਵ ਹੈ। ਬਿਨਾਂ ਸ਼ੱਕ ਇਹ ਵਿਚਾਰ ਵਿਸ਼ਵ ਕਲਿਆਣਕਾਰੀ ਹਨ। ਅੱਜ ਦੀ ਸਭ ਤੋਂ ਵੱਧ ਵਿਕਸਿਤ ਲੋਕਰਾਜੀ ਵਿਚਾਰਧਾਰਾ ਅਤੇ ਸ਼ਾਹੀ (Sovereignty) ਦੇ ਆਧੁਨਿਕ ਰੂਪ ਅਧਿਕਾਰਵਾਦ (Legitimacy) ਨਾਲ ਸਿਖ ਸਿਧਾਂਤ ਦੀ ਜੇ ਅਸੀਂ ਤੁਲਨਾ ਕਰੀਏ ਤਾਂ ਜਾਣਾਂਗੇ ਕਿ ਇਹ ਇੰਨ-ਬਿੰਨ ਸਿਖ ਸਿਧਾਂਤ ਨਾਲ ਮਿਲਦੇ ਹਨ। ਬਹੁਵਾਦ (Pluralism) ਦਾ ਸਿਧਾਂਤ ਤਾਂ ਇਉਂ ਜਾਪਦਾ ਹੈ, ਜਿਵੇਂ ਅੱਜ ਦੇ ਯੁਗ ਨੇ ਸਿੱਖੀ ਤੋਂ ਹੀ ਸਿੱਧਾ ਅਪਣਾਇਆ ਹੋਵੇ। ਨਿਰੋਲ ਸਿਧਾਂਤਕ ਪੱਖੋਂ ਜੇ ਮੌਜੂਦਾ ਭਾਰਤੀ ਸੰਵਿਧਾਨ ਦੇ ਮੂਲ ਆਧਾਰਾਂ ਦੀ ਘੋਖ ਕਰੀਏ ਤਾਂ ਉਹ ਵੀ ਬਹੁਤ ਹਦ ਤਕ, ਤੱਤ ਰੂਪ ਵਿਚ, ਸਿਖ ਰਾਜਸੀ ਵਿਚਾਰਧਾਰਾ ਦੇ ਸਮਰਥਕ ਨਜ਼ਰ ਆਉਣਗੇ।

ਏਨਾ ਕੁਝ ਹੁੰਦਿਆਂ ਹੋਇਆਂ ਵੀ ਜੇ ਅਸੀਂ ਡੂੰਘੀ ਨਜ਼ਰ ਨਾਲ ਪਰਖ ਕਰੀਏ ਕਿ ਕੀ ਇਹਨਾਂ ਪਰਮ ਕਲਿਆਣਕਾਰੀ ਸਿਖ ਸਿਧਾਂਤਾਂ ਦਾ ਅਜੋਕੇ ਭਾਰਤ ਦੀ ਪ੍ਰਚੱਲਤ

ਰਾਜਸੀ ਪ੍ਰਣਾਲੀ ਵਿਚ ਪਣਪ ਸਕਣਾ ਸੰਭਵ ਹੈ ? ਤਾਂ ਨਿਸਚੇ ਹੀ ਅਸਾਡਾ ਫ਼ੈਸਲਾ ਹੋਵੇਗਾ, ਨਹੀਂ। 1982 ਤੋਂ ਲਗਾਤਾਰ ਹੋ ਰਹੀਆਂ ਧਰਮੀ ਸਿੱਖਾਂ ਤੇ ਨੌਜਵਾਨਾਂ ਦੀਆਂ ਸ਼ਹੀਦੀਆਂ ਪ੍ਰਤੱਖ ਪ੍ਰਮਾਣ ਹਨ ਕਿ ਅਜਿਹਾ ਸੰਭਵ ਨਹੀਂ।

ਆਜ਼ਾਦ ਭਾਰਤ ਵਿਚ ਉਹ ਸ਼ਕਤੀਆਂ ਪ੍ਰਮੁਖ ਹਨ ਅਤੇ ਲਗਾਤਾਰ ਬਲਵਾਨ ਹੋ ਰਹੀਆਂ ਹਨ, ਜੋ ਮਾਨਵਤਾ ਲਈ ਘਾਤਕ ਹਨ ਅਤੇ ਲੋਕਰਾਜ ਦੀਆਂ ਕਦਰਾਂ-ਕੀਮਤਾਂ ਦਾ ਮੁਕੰਮਲ ਨਿਰੋਧ ਹਨ। ਇਹਨਾਂ ਦਾਨਵੀ ਸ਼ਕਤੀਆਂ ਦਾ ਮੋਟਾ ਮੋਟਾ ਬਿਉਰਾ ਹੇਠ ਕੀਤੀ ਵਿਚਾਰ ਤੋਂ ਸਪੱਸ਼ਟ ਹੋ ਜਾਵੇਗਾ।

1. ਬੁੱਧ ਧਰਮ ਨੂੰ ਉਸ ਦੀ ਜੰਮਣ ਭੂਮੀ ਤੋਂ ਖ਼ਤਮ ਕਰਨ, ਮੁਸਲਮਾਨਾਂ ਨੂੰ ਜਬਰੀ ਪਾਕਿਸਤਾਨ ਧੱਕਣ, ਈਸਾਈ ਮੱਤ ਦਾ ਪ੍ਰਚਾਰ ਬੰਦ ਕਰਨ ਦੀ ਚੇਸ਼ਟਾ ਅਤੇ ਸਿਖ ਧਰਮ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਤੋਂ ਸਪੱਸ਼ਟ ਹੈ ਕਿ ਹਿੰਦੁਸਤਾਨ ਦੀ ਸਥਾਈ ਬਹੁ-ਗਿਣਤੀ ਵਿਸ਼ਵ ਭਾਈਚਾਰੇ ਪ੍ਰਤੀ ਕੋਈ ਜ਼ਿੰਮੇਦਾਰੀ ਆਪਣੇ ਉੱਤੇ ਲੈਣ ਨੂੰ ਤਿਆਰ ਨਹੀਂ। ਉਹ ਆਪਣੀ ਸੰਸਕ੍ਰਿਤੀ ਨੂੰ ਸਦਾ ਵਾਂਗ ਸਰਵੋਤਮ ਮੰਨਦੀ ਹੋਈ ਵਿਸ਼ਵ ਕਲਿਆਣਕਾਰੀ ਸਭਿਅਤਾ ਦੇ ਉਸਾਰੇ ਜਾਣ ਦਾ ਵਿਰੋਧ ਕਰਨ ਲਈ ਦ੍ਰਿੜ ਹੈ।
2. ਸਿੱਖਾਂ ਪ੍ਰਤੀ ਕੀਤੇ ਗੰਭੀਰ ਵਾਅਦਿਆਂ ਤੋਂ ਮੁਨਕਰ ਹੋ ਕੇ ਵਿਧਾਨ ਘੜਨਾ, ਬਾਕੀ ਘੱਟ-ਗਿਣਤੀਆਂ ਨੂੰ ਸੰਵਿਧਾਨਿਕ ਸੁਰੱਖਿਆ ਨਾ ਦੇਣਾ, ਵਿਧਾਨ ਵਿਚ ਦਿੱਤੇ ਅਧਿਕਾਰ ਵੀ ਵਾਪਸ ਲੈ ਲੈਣਾ ਦਰਸਾਉਂਦਾ ਹੈ ਕਿ ਸੰਵਿਧਾਨ ਦੇ ਦਿਲ ਵਿਚ ਵੱਡੇ ਵੱਡੇ ਮਘੋਰੇ ਹਨ, ਜੋ ਸਦਾ ਹੀ ਮੁਲਕ ਦੀ ਸਿਹਤ ਲਈ ਹਾਨੀਕਾਰਕ ਰਹੇ ਹਨ ਅਤੇ ਕਦੇ ਵੀ ਇਸ ਰਾਜਸੀ ਇਕਾਈ ਉੱਤੇ ਮਾਰੂ ਪ੍ਰਭਾਵ ਪਾ ਸਕਣ ਦੇ ਸਮਰੱਥ ਹਨ। ਇਹਨਾਂ ਦੇ ਹੁੰਦਿਆਂ ਬਹੁ-ਕੇਂਦਰਿਤ (Pluralistic) ਸਮਾਜ ਦੀ ਸਿਰਜਣਾ ਬਿਲਕੁਲ ਅਸੰਭਵ ਹੈ।
3. ਇਕ ਘਰਾਣੇ ਦੇ ਰਾਜ ਕਰਨ ਦੀ ਪ੍ਰਥਾ ਅਤੇ ਵਿਸ਼ੇਸ਼ ਸਿਆਸੀ ਜਮਾਤ ਦਾ ਮੁੜ ਮੁੜ ਕੇ ਪਾਰਲੀਮੈਂਟ ਅਤੇ ਕਬੀਨਾ ਦੀ ਸੰਘੀ ਨੱਪਣ ਦੇ ਸਮਰੱਥ ਹੋਣਾ, ਐਮਰਜੈਂਸੀ ਲੱਗਣ, ਕਾਲੇ ਕਾਨੂੰਨਾਂ ਦੀ ਪ੍ਰਵਾਨਗੀ, ਹਜ਼ਾਰਾਂ ਬੇਗੁਨਾਹ ਸਿੱਖਾਂ ਦੇ ਕਤਲ ਸੰਬੰਧੀ ਸ਼ੋਕ ਮਤਾ ਵੀ ਨਾ ਕਰਨਾ, ਠੱਕਰ ਰਿਪੋਰਟ ਸੰਬੰਧੀ ਵਿਵਾਦ ਅਤੇ ਉਣਾਹਠਵੀਂ ਤਰਮੀਮ ਦੇ ਲਾਗੂ ਹੋਣ ਆਦਿ ਮੁਆਮਲਿਆਂ ਤੋਂ ਪ੍ਰਤੱਖ ਹੈ। ਪ੍ਰਮੁਖ ਲੋਕਰਾਜੀ ਸੰਸਥਾਵਾਂ ਦਾ ਇਉਂ ਨਿੱਸਲ ਹੋ ਜਾਣਾ ਦੱਸਦਾ ਹੈ ਕਿ ਲੋਕਰਾਜ ਦੀ ਕਬਰ ਪੁੱਟਣ ਵਾਲੀਆਂ ਸ਼ਕਤੀਆਂ ਲੋਕਰਾਜ ਦੇ ਨਾਂ ਉੱਤੇ ਉਭਰੀਆਂ ਸੰਸਥਾਵਾਂ ਦਾ ਹੀ ਅਨਿਖੜਵਾਂ ਅੰਗ ਹਨ। ਕੌਮੀ ਜੀਵਨ ਨੂੰ ਨੀਝ ਨਾਲ ਵੇਖਿਆਂ ਸਪੱਸ਼ਟ ਹੁੰਦਾ ਹੈ ਕਿ ਲੋਕਰਾਜ ਇਹਨਾਂ ਦੇ ਗਲ ਘੋਟੂ ਦੀ ਤਾਬ ਝੱਲ ਸਕਣ ਦੇ ਸਮਰੱਥ ਨਹੀਂ।
4. ਨਿਆਂ ਪ੍ਰਣਾਲੀ ਦਾ ਜ਼ਾਤੀ ਰੰਜਸ਼ਾਂ ਅਤੇ ਕਿੜਾਂ ਕੱਢਣ ਦੀ ਨੀਤੀ ਲਈ ਵਰਤਿਆ ਜਾਣਾ, ਜੋਧਪੁਰ ਦੇ ਨਿਰਦੋਸ਼ਾਂ ਨੂੰ ਸਾਲਾਂ ਬੱਧੀ ਕਾਲ ਕੋਠੜੀਆਂ ਵਿਚ ਬੰਦ ਰੱਖਣਾ, ਕਾਲੇ ਕਾਨੂੰਨਾਂ, ਝੂਠੇ ਪੁਲਿਸ ਮੁਕਾਬਲਿਆਂ ਨੂੰ ਠੱਲ੍ਹ ਨਾ ਪਾਉਣਾ, ਪਾਣੀ ਸੰਬੰਧੀ ਸੰਵਿਧਾਨ ਅਨੁਸਾਰ ਪੰਜਾਬ ਨਾਲ ਜਬਰੀ ਅਨਿਆਂ ਕਰਨ ਅਤੇ ਕਿਹਰ ਸਿੰਘ ਵਰਗੇ ਨਿਰਦੋਸ਼ ਨੂੰ ਫਾਂਸੀ ਉੱਤੇ ਲਟਕਾ ਦੇਣ ਆਦਿ ਤੋਂ ਪ੍ਰਤੱਖ ਹੈ ਕਿ ਨਿਆਂ

ਪ੍ਰਣਾਲੀ ਦੀ ਇਹ ਦੁਰਵਰਤੋਂ ਲੋਕਰਾਜ ਦੇ ਪ੍ਰਮੁਖ ਥੰਮ ਨੂੰ ਨਸ਼ਟ ਕਰਨ ਦੇ ਤੁਲ ਹੈ ਅਤੇ ਲੋਕਰਾਜੀ ਅਸੂਲਾਂ ਅਤੇ ਮਨੁੱਖੀ ਅਧਿਕਾਰਾਂ ਦਾ ਮੁਕੰਮਲ ਨਿਰੋਧ ਹੈ। ਇਸ ਨਿਆਂ ਪ੍ਰਣਾਲੀ ਦੇ ਹੁੰਦਿਆਂ ਲੋਕਤੰਤਰ ਪੱਖੀ ਮਨੋਬ੍ਰਿਤੀਆਂ ਦੀ ਹੋਂਦ ਦੇ ਸੁਪਨੇ ਲੈਣਾ ਕੱਟਿਆਂ ਵਾਲੇ ਘਰੋਂ ਲੱਸੀ ਦੀ ਉਮੀਦ ਤੋਂ ਵੱਧ ਕੁਝ ਨਹੀਂ ਹੈ।

5. ਲੋਕ ਪ੍ਰਚਾਰ ਦੇ ਜ਼ਰੀਏ ਦਾ, ਮੁਸਲਸਲ ਸਾਲਾਂ ਬੱਧੀ, ਸਿਖ ਘੱਟ-ਗਿਣਤੀ ਨੂੰ ਭੰਡੀ ਜਾਣਾ ਅਤੇ ਸਿੱਖਾਂ ਦੇ ਹੱਕ ਵਿਚਲੇ ਤੱਥਾਂ ਨੂੰ ਅਸਲੋਂ ਨਸ਼ਰ ਨਾ ਕਰਨਾ ਦੱਸਦਾ ਹੈ ਕਿ ਲੋਕਰਾਜ ਦਾ ਇਹ ਵੱਡਾ ਥੰਮ੍ਹ ਵੀ ਖੋਖਲਾ ਹੋ ਕੇ ਢਹਿ ਢੇਰੀ ਹੋ ਚੁੱਕਾ ਹੈ।

6. ਕਬੀਨਾ ਦਾ ਜ਼ਿਕਰ ਉੱਤੇ ਆ ਚੁੱਕਾ ਹੈ; ਕਾਰਜ-ਕਾਰਣੀ ਸੰਬੰਧੀ ਕਈ ਇਸ਼ਾਰੇ ਹੋ ਚੁੱਕੇ ਹਨ, ਬਾਕੀ ਏਨਾ ਕਹਿਣਾ ਹੀ ਕਾਫ਼ੀ ਹੈ ਕਿ ਨਿਰਦੋਸ਼ ਸਿੱਖਾਂ ਦੇ ਕਤਲਾਂ ਵਿਚ ਪ੍ਰਮੁਖ ਹਿੱਸਾ ਕਾਰਜ-ਕਾਰਣੀ ਦਾ ਹੀ ਹੈ। ਸਪੱਸ਼ਟ ਹੈ ਕਿ ਭਾਰਤ ਦੇ ਹੁਕਮਰਾਨ ਮੁਕੰਮਲ ਤੌਰ ਉੱਤੇ ਬੇਖ਼ਬਰ ਹਨ ਕਿ ਲੋਕਰਾਜ ਅਤੇ ਕਾਨੂੰਨ ਕਿਸ ਬਲਾ ਦਾ ਨਾਂ ਹੈ।

ਖ਼ੁਦਾ ਨੇ ਉਨ ਪੇ ਅਤਾ ਕੀ ਹੈ ਖ਼੍ਵਾਜਗੀ,
ਜਿਨ੍ਹੇਂ ਖ਼ਬਰ ਨਹੀਂ ਰਵਸ਼ੇ ਬੰਦਾ ਪਰਵਰੀ ਕਿਆ ਹੈ।

7. ਜਿਊਣ ਦੇ ਹੱਕ ਨੂੰ ਖ਼ਤਮ ਕਰਨ ਵਾਲੀ ਆਈਨੀ ਤਰਮੀਮ ਦੇ ਹੁੰਦਿਆਂ ਮਨੁੱਖੀ ਅਧਿਕਾਰਾਂ ਦੀ ਗੱਲ ਕਰਨਾ ਤਾਂ ਸਮਾਂ ਵਿਅਰਥ ਗਵਾਉਣਾ ਹੈ। ਆਜ਼ਾਦ ਭਾਰਤ ਵਿਚ ਵਿਅਕਤੀਗਤ ਮਾਨਵ ਅਧਿਕਾਰ ਕਿਸੇ ਬਹੁਮਤ ਦੀ ਖ਼ੈਰ ਆਸਰੇ ਸਿਸਕ ਰਹੇ ਹਨ ਅਤੇ ਦੱਸਦੇ ਹਨ ਕਿ ਇਹ ਲੋਕਾਂ ਦੇ ਦਿਲਾਂ ਵਿਚ ਚਟਾਨ ਵਾਂਗ ਮਜ਼ਬੂਤ ਆਧਾਰ ਨਹੀਂ ਬਣ ਸਕੇ। ਏਥੇ ਮਨੁੱਖੀ ਅਧਿਕਾਰਾਂ ਦੀ ਖ਼ੈਰ, ਬਹੁ-ਸੰਮਤੀ ਨਾਲ ਸਰਕਾਰ ਬਣਾ ਚੁੱਕੇ, ਕਿਸੇ ਮਨਚਲੇ ਨੇ ਤਰਸਦੀ ਪਰਜਾ ਦੀ ਝੋਲੀ ਪਾਉਣੀ ਹੈ; ਪਰ ਸਿਖ ਇਹ ਸਮਝਦੇ ਹਨ ਕਿ ਮਨੁੱਖੀ ਅਧਿਕਾਰ ਸਭਿਅਤਾ ਦਾ ਧੌਲ ਅਤੇ ਜੁਗੋ ਜੁਗ ਅਟੱਲ ਸੱਚੇ ਸਾਹਿਬ ਦੀ, ਮਨੁੱਖ ਮਾਤਰ ਨੂੰ ਬਖ਼ਸ਼ੀ, ਸਰਬੋਤਮ ਸੁਗਾਤ ਹਨ।

ਬਹੁ-ਗਿਣਤੀ ਵਿਚ ਕਿਹੜੀਆਂ ਧਾਰਨਾਵਾਂ ਪ੍ਰਚੱਲਤ ਹਨ, ਜੋ ਮਾਨਵ ਕਲਿਆਣਕਾਰੀ ਰੁਚੀਆਂ ਦਾ ਵਿਰੋਧ ਅਤੇ ਨਿਰੋਧ ਕਰਨ ਲਈ ਸਦਾ ਤਤਪਰ ਰਹਿੰਦੀਆਂ ਹਨ ? ਏਸ ਸੁਆਲ ਦਾ ਤਫ਼ਸੀਲ ਸਹਿਤ ਜੁਆਬ ਸੰਭਵ ਵੀ ਹੈ ਅਤੇ ਸਹਿਲ ਵੀ, ਪਰ ਏਥੇ ਵਿਚਾਰਨ ਦਾ ਸਮਾਂ ਨਹੀਂ। ਬੀਜ ਰੂਪ ਵਿਚ ਗੁਰੂ ਨਾਨਕ ਪਾਤਿਸ਼ਾਹ ਜਗਤ ਗੁਰੂ ਦੀ ਵਿਚਾਰਧਾਰਾ ਤੋਂ ਮੁਨਕਰ ਹੋਣਾ ਹੀ ਵੱਡਾ ਸਰਾਪ ਹੈ, ਜਿਸ ਨੇ ਹਿੰਦੁਸਤਾਨ ਦੇ ਤਾਲੂਏ ਵਿਚ ਵੱਸਦੇ ਅੰਮ੍ਰਿਤ ਨੂੰ ਜ਼ਹਿਰ ਬਣਾ ਦਿੱਤਾ ਹੈ ਅਤੇ ਜਿਸ ਕਾਰਣ ਹਿੰਦੁਸਤਾਨ ਦਾ ਕੌਮੀ ਜੀਵਨ ਦੋ ਸ੍ਵੈ-ਵਿਰੋਧੀ ਸਭਿਅਤਾਵਾਂ ਦੇ ਪੁੜਾਂ ਵਿਚ ਨਪੀੜੀਂਦਾ ਮੂਰਛਾ ਪ੍ਰਾਪਤ ਕਰ ਚੁੱਕਿਆ ਹੈ। ਏਸ ਹਾਲਤ ਨੂੰ ਬਦਲਣ ਲਈ ਜ਼ਰੂਰੀ ਹੈ ਕਿ ਦੋ ਵੱਡੇ ਕਦਮ, ਸੰਜੀਵਨੀ ਬੂਟੀ—ਸੇਵਨ ਸਮਝ ਕੇ ਤੁਰੰਤ ਚੁੱਕੇ ਜਾਣ।

ਪਹਿਲਾ ਤਾਂ ਇਹ ਕਿ ਹਿੰਦੁਸਤਾਨ ਦੀ ਆਤਮਾ, ਪੈਗੰਬਰਾਂ ਦੇ ਸੁਲਤਾਨ, ਸੱਚੇ

ਪਾਤਿਸ਼ਾਹ ਗੁਰੂ ਨਾਨਕ ਹਜ਼ੂਰ, ਜੋ ਮੀਰੀ ਪੀਰੀ ਵਾਲਾ ਗੁਰੂ ਹਰਿਗੋਬਿੰਦ ਵੀ ਸੀ, ਜੋ ਦਲ ਭੰਜਨ ਸੂਰਮਾ ਚਿੱਟੇ ਬਾਜ਼ਾਂ ਵਾਲਾ ਅਣਖੀਲਾ ਦਸਮੇਸ਼ ਵੀ ਸੀ, ਵੱਲ ਮੂੰਹ ਕਰੇ ਅਤੇ ਉਸ ਦੇ ਵਿਚਾਰਾਂ ਨੂੰ ਆਪਣੇ ਸਾਹਾਂ ਵਿਚ ਵਸਾ ਲਵੇ।

ਦੂਸਰਾ ਇਹ ਕਿ ਹਿੰਦੁਸਤਾਨ ਦੇ ਆਈਨ ਵਿਚ ਤਰਮੀਮ ਕਰ ਕੇ, ਤੁਰੰਤ ਪੰਜਾਬ ਨੂੰ ਸ੍ਵੈ-ਨਿਰਧਾਰਤ ਰਾਜਸੀ ਦਰਜਾ ਦੇ ਦੇਵੇ। ਜੇ ਇਸ ਅਮਲ ਨੂੰ ਬਾਕੀ ਸਾਰੀਆਂ ਭਾਰਤੀ ਕੌਮਾਂ ਪ੍ਰਤੀ ਵੀ ਲਾਗੂ ਕੀਤਾ ਜਾਵੇ ਤਾਂ ਸਹਿਜੇ ਹੀ ਟੁੱਟਣ ਕਿਨਾਰੇ ਖੜਾ ਹਿੰਦੁਸਤਾਨ ਇਕਮੁੱਠ ਹੋ ਕੇ ਵੱਡੀ ਸ਼ਕਤੀ ਬਣ ਕੇ ਉਭਰ ਸਕਦਾ ਹੈ। ਨਹੀਂ ਤਾਂ ਗ਼ੁਲਾਮੀ ਇਕ ਵਾਰ ਫਿਰ ਜ਼ੰਜੀਰਾਂ ਹੱਥ ਵਿਚ ਫੜੀ, ਹਿੰਦੁਸਤਾਨੀ ਸਲਤਨਤ ਨੂੰ ਮਲੀਆਮੇਟ ਕਰ ਕੇ, ਆਪਣੀਆਂ ਡੂੰਘੀਆਂ ਤੈਹਾਂ ਵਿਚ ਗ਼ਰਕ ਕਰਨ ਹਿਤ, ਸੁਆਗਤ ਕਰਨ ਲਈ ਤਿਆਰ-ਬਰ-ਤਿਆਰ ਖੜੀ ਹੈ।

•

ਅੰਬੇਦਕਰ ਸਿਖ ਕਿਉਂ ਨਾ ਬਣ ਸਕਿਆ ?*

ਭਾਗ ਪਹਿਲਾ

ਸਿਖ ਪੰਥ ਦੀ ਮੌਜੂਦਾ ਸੰਕਟਮਈ ਸਿਆਸੀ ਸਥਿਤੀ ਨਿਰੋਲ ਕਾਂਗਰਸ ਪਾਰਟੀ ਦੀ ਵਾਅਦਾ-ਸ਼ਿਕਨੀ ਦੀ ਉਪਜ ਹੈ। ਪਰੰਤੂ ਏਸ ਕਾਰਣ ਗ਼ੁੱਸੇ ਅਤੇ ਨਿਰਾਸਤਾ ਵਿਚ ਡੁੱਬੇ ਸਿਖ ਏਸ ਦੇ ਹਰ ਪਹਿਲੂ ਦੇ ਮੁੱਢ ਵਿਚ ਆਪਣੇ ਆਗੂਆਂ ਦੀ ਬਦ-ਦਿਆਨਤਦਾਰੀ ਜਾਂ ਘੱਟੋ-ਘੱਟ ਨਾ-ਅਹਿਲੀਅਤ ਜ਼ਰੂਰ ਭਾਂਪਦੇ ਹਨ। ਬਜ਼ੁਰਗ ਆਗੂਆਂ ਨੂੰ ਭੰਡਣਾ ਇਕ ਘਾਤਕ ਰੁਝਾਨ ਤਕਰੀਬਨ ਬਣ ਚੁੱਕਿਆ ਹੈ। ਪਿੱਛੇ ਜਿਹੇ ਲੁਧਿਆਣੇ ਵਿਚ 'ਭਾਰਤੀ ਘੱਟ-ਗਿਣਤੀਆਂ ਅਤੇ ਦਲਿਤ ਫ਼ਰੰਟ' ਵੱਲੋਂ ਡਾ. ਅੰਬੇਦਕਰ ਦਾ ਜਨਮ ਦਿਨ ਮਨਾਉਣ ਵਾਸਤੇ ਇਕ ਜਲਸਾ ਹੋਇਆ, ਜਿਸ ਵਿਚ ਸਟੇਜ ਸਕੱਤਰ ਸਮੇਤ ਘੱਟੋ ਘੱਟ ਤਿੰਨ ਬੁਲਾਰਿਆਂ ਨੇ ਮਾਸਟਰ ਤਾਰਾ ਸਿੰਘ ਆਦਿ ਨੂੰ ਅੰਬੇਦਕਰ ਦੇ ਸਿਖ ਬਣਨ ਦੇ ਰਾਹ ਵਿਚ ਰੁਕਾਵਟਾਂ ਪਾਉਣ ਲਈ ਦੋਸ਼ੀ ਸਮਝ ਕੇ ਨਕਾਰਿਆ। ਆਮ ਧਾਰਨਾ ਹੈ ਕਿ ਮਾਸਟਰ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਅੰਬੇਦਕਰ ਨੂੰ ਸਿੱਖੀ ਵਿਚ ਬਰਾਬਰੀ ਦਾ ਦਰਜਾ ਦੇਣ ਤੋਂ ਇਨਕਾਰ ਕੀਤਾ ਅਤੇ ਉਸ ਦੇ ਸਿਖ ਬਣਨ ਦੇ ਇਰਾਦੇ ਨੂੰ ਭਰਵਾਂ ਹੁੰਗਾਰਾ ਨਹੀਂ ਦਿੱਤਾ। ਇਕ ਧਾਰਮਿਕ ਸ਼ਖ਼ਸੀਅਤ ਨੇ ਤਾਂ ਵੇਗ ਵਿਚ ਆ ਕੇ, ਉਨ੍ਹਾਂ ਦੀ ਕੁਤਾਹੀ ਕਾਰਣ ਮਾਸਟਰ ਜੀ ਨੂੰ 'ਪਾਪੀ' ਤਕ ਵੀ ਆਖ ਦਿੱਤਾ।

ਡਾ. ਅੰਬੇਦਕਰ ਦੇ ਅੱਠ ਕਰੋੜ ਦਲਿਤਾਂ ਸਮੇਤ ਧਰਮ-ਬਦਲੀ ਦੇ ਸੰਕਲਪ ਦੀ ਸ਼ੁਰੂਆਤ ਜ਼ਾਹਰਾ ਤੌਰ ਉੱਤੇ ਉਹਨਾਂ ਦੇ 'ਜਾਤ-ਪਾਤ ਤੋੜਕ ਮੰਡਲ' ਲਾਹੌਰ ਦੇ ਮਾਰਚ 1936 ਦੇ ਪ੍ਰਧਾਨਗੀ ਭਾਸ਼ਣ ਲਿਖਣ ਤੋਂ ਹੋਈ ਮੰਨੀ ਜਾਣੀ ਚਾਹੀਦੀ ਹੈ। ਕੌੜੀ ਸੱਚਾਈ ਨਾਲ ਭਰਿਆ ਇਹ ਭਾਸ਼ਣ ਆਖ਼ਰ ਉਥੇ ਏਸੇ ਕਾਰਣ ਪੜ੍ਹਿਆ ਨਾ ਜਾ ਸਕਿਆ ਅਤੇ ਬਾਅਦ ਵਿਚ *Annihilation of Caste* (ਜਾਤ-ਪਾਤ ਦਾ ਖ਼ਾਤਮਾ) ਦੇ ਨਾਂਅ ਹੇਠ ਕਿਤਾਬੀ ਰੂਪ ਵਿਚ ਛਪਿਆ। ਏਸ ਭਾਸ਼ਣ ਦਾ ਡੂੰਘਾ ਤਰਕ ਇਹ ਹੈ ਕਿ ਹਿੰਦੂਆਂ ਵਿਚ ਜਾਤ-ਪਾਤ ਦੇ ਰੁਝਾਨ ਨੂੰ ਕੇਵਲ ਹਿੰਦੂ ਧਰਮ ਨੂੰ ਮੁਕੰਮਲ ਤਿਲਾਂਜਲੀ ਦੇ ਕੇ ਹੀ ਖ਼ਤਮ ਕੀਤਾ ਜਾ ਸਕਦਾ ਹੈ; ਕਿਉਂਕਿ ਹਿੰਦੂਆਂ ਦੀ ਨਸ ਨਸ ਵਿਚ ਸਮਾਏ ਵਰਣ ਆਸ਼ਰਮ ਧਰਮ ਦਾ ਪੱਕਾ ਆਧਾਰ ਮੁੱਢਲੇ ਹਿੰਦੂ ਧਰਮ ਗ੍ਰੰਥ ਹਨ। ਵੇਦਾਂ, ਸ਼ਾਸਤਰਾਂ ਅਤੇ ਸਿਮਰਤੀਆਂ ਦਾ ਪ੍ਰਭਾਵ ਹਿੰਦੂ ਮਨਾਂ ਵਿੱਚੋਂ ਕੱਢੇ ਬਿਨਾਂ ਜਾਤ-ਪਾਤ ਛੂਆ-ਛਾਤ ਦਾ ਖ਼ਾਤਮਾ ਸੰਭਵ ਨਹੀਂ। ਇਨ੍ਹੀਂ ਦਿਨੀਂ ਆਮ ਪ੍ਰਚੱਲਤ ਵਿਚਾਰ ਕਿ ਅੰਬੇਦਕਰ ਹਿੰਦੂ ਧਰਮ

---

* ਅੰਬੇਦਕਰ ਦੇ ਸਿੱਖੀ ਵਿਚ ਦਾਖ਼ਲ ਹੋਣ ਦੇ ਰਾਹ ਵਿਚ ਰੁਕਾਵਟ ਸਾਜ਼ਿਸ਼ੀ ਤਾਕਤਾਂ ਨੂੰ ਇਸ ਲੇਖ ਵਿਚ ਬਾਖ਼ੂਬੀ ਬੇਪਰਦ ਕੀਤਾ ਗਿਆ ਹੈ। ਇਹ ਲੇਖ 20 ਅਕਤੂਬਰ, 1995 ਨੂੰ ਰੋਜ਼ਾਨਾ *ਅਜੀਤ* ਵਿਚ ਅਤੇ ਫਿਰ *ਪੰਜਾਬੀ ਟ੍ਰਿਬਿਊਨ* ਵਿਚ ਵੀ ਛਪਿਆ।

ਨੂੰ ਛੱਡਣਾ ਚਾਹੁੰਦੇ ਹਨ, ਦਾ ਕਾਫ਼ੀ ਪ੍ਰਚਾਰ ਹੋ ਗਿਆ। ਕਈ ਧਰਮਾਂ ਦੇ ਨੁਮਾਇੰਦੇ ਉਹਨਾਂ ਨੂੰ ਅਜਿਹੇ ਧਰਮਾਂ ਦੀ ਜਾਣਕਾਰੀ ਦੇਣ ਆਏ, ਜਿਨ੍ਹਾਂ ਵਿਚ ਸਦੀਆਂ ਤੋਂ ਲਤਾੜੇ ਲੋਕ ਬਰਾਬਰੀ ਦਾ ਦਰਜਾ ਹਾਸਲ ਕਰ ਕੇ ਸਨਮਾਨਜਨਕ ਜੀਵਨ ਜਿਊ ਸਕਦੇ ਸਨ।

ਬੰਬਈ ਦੀ ਛੋਟੀ ਜਿਹੀ ਸਿਖ ਬਰਾਦਰੀ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਗੁਰਦਿੱਤ ਸਿੰਘ ਸੇਠੀ ਨੇ ਅੰਬੇਦਕਰ ਨਾਲ ਸੰਪਰਕ ਕੀਤਾ ਅਤੇ ਸਿਖ ਬਣਨ ਦੀ ਦਾਅਵਤ ਦਿੱਤੀ। ਇਹਨਾਂ ਦੀ ਪ੍ਰੇਰਣਾ ਸਦਕਾ ਹੀ ਸ੍ਰੀ ਨਨਕਾਣਾ ਸਾਹਿਬ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਏਸ ਮੁਆਮਲੇ ਵਿਚ ਦਿਲਚਸਪੀ ਲੈਣੀ ਸ਼ੁਰੂ ਕੀਤੀ। ਜਾਇਜ਼ਾ ਲੈਣ ਵਾਸਤੇ ਨਨਕਾਣਾ ਸਾਹਿਬ ਵਾਲਿਆਂ ਨੇ ਇਕ ਵਫ਼ਦ ਨਰੈਣ ਸਿੰਘ ਦੀ ਪ੍ਰਧਾਨਗੀ ਹੇਠ ਭੇਜਿਆ। ਏਸ ਵਫ਼ਦ ਨੇ ਖ਼ਾਸ ਤੌਰ 'ਤੇ ਮੁਹਾਰ, ਵਾਂਗ, ਚਮਾਰ, ਜਾਤਾਂ ਨਾਲ ਸੰਪਰਕ ਕਰਨਾ ਸੀ। ਇਹ ਲੋਕ 11-12 ਜਨਵਰੀ, 1936 ਨੂੰ ਪੂਨੇ ਵਿਚ ਹੋਈ ਅਛੂਤ ਕਾਨਫ਼ਰੰਸ ਵਿਚ ਵੀ ਸਿੱਖਾਂ ਵੱਲੋਂ ਸ਼ਾਮਿਲ ਹੋਏ। ਇਹਨਾਂ ਵਿਚ ਸ਼ਾਮਿਲ ਭਾਈ ਸਮੁੰਦ ਸਿੰਘ ਜੀ ਹਜ਼ੂਰੀ ਰਾਗੀ ਨੇ ਕੀਰਤਨ ਕਰ ਕੇ ਸਭ ਨੂੰ ਪ੍ਰਭਾਵਿਤ ਕੀਤਾ। ਇਹਨਾਂ ਤਕਰੀਰਾਂ ਕੀਤੀਆਂ, ਉਥੋਂ ਦੀ ਭਾਸ਼ਾ ਵਿਚ ਸੰਬੰਧਤ ਧਾਰਮਿਕ ਵਿਸ਼ਿਆਂ ਬਾਰੇ ਕਿਤਾਬਚੇ ਵੰਡੇ ਅਤੇ ਲੰਗਰ ਲਗਾਇਆ। ਅੰਬੇਦਕਰ ਸਮੇਤ ਸਾਰੇ ਲੋਕਾਂ ਨੇ ਬਹੁਤ ਅਸਰ ਕਬੂਲਿਆ। ਏਸੇ ਵਫ਼ਦ ਦੀ ਸਾਲਾਹ ਉੱਤੇ ਸ੍ਰੀ ਨਨਕਾਣਾ ਸਾਹਿਬ ਕਮੇਟੀ ਨੇ 25 ਜਨਵਰੀ, 1936 ਨੂੰ 'ਗੁਰੂ ਨਾਨਕ ਸਿਖ ਪ੍ਰਚਾਰ ਟਰੱਸਟ' ਕਾਇਮ ਕੀਤਾ, ਜਿਸ ਵਿਚ ਉਸ ਸਮੇਂ ਦੇ ਮੋਢੀ ਸਿੱਖਾਂ ਨੂੰ ਬਿਨਾਂ ਕਿਸੇ ਧੜੇਬੰਦੀ ਵਿਤਕਰੇ ਦੇ ਸ਼ਾਮਿਲ ਕੀਤਾ ਗਿਆ। ਬਾਅਦ ਵਿਚ ਦਲਿਤਾਂ ਵਿਚ ਪ੍ਰਚਾਰ ਕਰਨ ਦੇ ਕੰਮ ਨੂੰ ਅਹਿਮ ਜਾਣ ਕੇ ਸਰਬ-ਸਾਂਝੀ ਸਿਖ ਕਾਨਫ਼ਰੰਸ ਸਰਦਾਰ ਬਹਾਦਰ ਮਤਾਬ ਸਿੰਘ ਦੀ ਪ੍ਰਧਾਨਗੀ ਹੇਠ ਬੁਲਾਈ ਗਈ, ਜਿਸ ਦੇ ਸਿੱਟੇ ਵਜੋਂ 13 ਅਪਰੈਲ, 1936 ਨੂੰ ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ ਹੇਠ 'ਸਰਬ ਹਿੰਦ ਸਿਖ ਮਿਸ਼ਨ' ਨਾਂਅ ਦੀ ਜਥੇਬੰਦੀ ਕਾਇਮ ਕੀਤੀ ਗਈ। 'ਸ਼ਹੀਦ ਸਿਖ ਮਿਸ਼ਨਰੀ ਕਾਲਜ' ਏਸ ਮਿਸ਼ਨ ਨੂੰ ਸੌਂਪ ਦਿੱਤਾ। ਏਸੇ ਸਾਲ ਸ੍ਰੀ ਅੰਮ੍ਰਿਤਸਰ ਗੁਰਮਤਿ ਪ੍ਰਚਾਰ ਕਾਨਫ਼ਰੰਸ ਬੁਲਾਈ ਗਈ।

ਜਾਪਦਾ ਇਉਂ ਹੈ ਕਿ ਦਲਿਤਾਂ ਦੇ ਸਿਖ ਧਰਮ ਪ੍ਰਵੇਸ਼ ਦੀ ਸੰਭਾਵਨਾ ਨੂੰ ਲੈ ਕੇ ਸਿਖ ਕੌਮ ਨੇ ਸਮੇਂ ਦੇ ਆਗੂਆਂ ਸਮੇਤ ਇਹਨਾਂ ਨੂੰ ਜੀ ਆਇਆਂ ਆਖਣ ਲਈ ਚਾਵਾਂ ਨਾਲ ਦਿਨ ਰਾਤ ਇਕ ਕਰ ਦਿੱਤਾ।

ਗੁਰਮਤਿ ਪ੍ਰਚਾਰ ਕਾਨਫ਼ਰੰਸ ਵਿਚ ਦੂਰ ਦੂਰ ਦੇ ਦਲਿਤ ਆਗੂਆਂ ਸਮੇਤ ਅੰਬੇਦਕਰ ਵੀ ਸ਼ਾਮਿਲ ਹੋਏ। ਪ੍ਰਿੰਸੀਪਲ ਖ਼ਾਲਸਾ ਕਾਲਜ ਗੁਜਰਾਂਵਾਲਾ ਬਾਵਾ ਹਰਕਿਸ਼ਨ ਸਿੰਘ ਦੀ ਅੰਗਰੇਜ਼ੀ ਵਿਚ ਤਕਰੀਰ ਖ਼ਾਸ ਅਸਰਦਾਇਕ ਰਹੀ। ਸੰਗਤ ਅਤੇ ਪੰਗਤ ਨੇ ਵੀ ਬਹੁਤ ਅਸਰ ਪਾਇਆ। ਆਖ਼ਰ ਅੰਬੇਦਕਰ ਨੇ ਆਪਣੇ ਸਾਥੀਆਂ ਸਮੇਤ ਸਿਖ ਧਰਮ ਵਿਚ ਪ੍ਰਵੇਸ਼ ਕਰਨ ਦੇ ਇਰਾਦੇ ਨੂੰ ਸ਼ਰੇਆਮ ਜ਼ਾਹਿਰ ਕੀਤਾ; ਅਲਬੱਤਾ ਗੋਲਮੋਲ ਲਫ਼ਜ਼ਾਂ ਵਿਚ। ਉਹ ਮਹਾਂਰਾਸ਼ਟਰ ਤੋਂ ਪੰਦਰਾਂ ਦਲਿਤ ਨੌਜਵਾਨਾਂ ਨੂੰ ਪ੍ਰਚਾਰਕ ਬਣਾਉਣ ਦੇ ਇਰਾਦੇ ਨਾਲ ਲੈ ਕੇ ਆਏ ਸਨ। ਇਹਨਾਂ ਪੰਦਰਾਂ ਨੂੰ ਬਾਕੀ ਆਸਾਮ, ਬੰਗਾਲ, ਬਿਹਾਰ, ਕੋਚੀਨ ਆਦਿ ਤੋਂ ਏਸੇ ਮਕਸਦ ਲਈ ਆਪਣੇ ਨੌਜਵਾਨਾਂ ਸਮੇਤ ਸਿਖਲਾਈ ਵਾਸਤੇ ਪਹਿਲਾਂ ਖ਼ਾਲਸਾ ਕਾਲਜ ਗੁਜਰਾਂਵਾਲਾ ਅਤੇ ਬਾਅਦ ਵਿਚ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਸ਼੍ਰੋਮਣੀ ਕਮੇਟੀ ਤੇ ਵਜ਼ੀਫ਼ਿਆਂ ਉੱਤੇ ਦਾਖ਼ਲ ਕਰ ਲਿਆ ਗਿਆ। ਇਹਨਾਂ ਸਭਨਾਂ ਆਪਣੀ ਪੂਰੀ ਸਿਖਲਾਈ ਸਮਾਂ ਪਾ ਕੇ ਮੁਕੰਮਲ ਕੀਤੀ।

ਅੰਬੇਦਕਰ ਚਾਹੁੰਦੇ ਸਨ ਕਿ ਦਲਿਤਾਂ ਵਿਚ ਵਿਦਿਆ ਦੇ ਪ੍ਰਚਾਰ ਲਈ ਇਕ ਅਦਾਰਾ ਕਾਇਮ ਕੀਤਾ ਜਾਵੇ ਅਤੇ ਉਹਨਾਂ ਦਾ ਅਖ਼ਬਾਰ ਚਲਾਉਣ ਲਈ ਛਾਪੇਖ਼ਾਨੇ ਦਾ ਇੰਤਜ਼ਾਮ ਕੀਤਾ ਜਾਵੇ। ਸਰਬ ਹਿੰਦ ਪ੍ਰਚਾਰ ਮਿਸ਼ਨ ਨਯਾਗਾਉਂ, ਬੰਬਈ ਵਿਚ ਪੰਝੱਤਰ ਹਜ਼ਾਰ ਰੁਪਏ ਦੀ ਜ਼ਮੀਨ ਡਾਕਟਰ ਸਾਹਿਬ ਦੇ ਛਾਪੇਖ਼ਾਨੇ ਵਾਸਤੇ ਉਨ੍ਹਾਂ ਦੇ ਨਾਂਅ ਉੱਤੇ ਹੀ ਖ਼ਰੀਦੀ। ਏਸ ਉੱਤੇ ਛਾਪਾਖ਼ਾਨਾ ਲਾ ਕੇ ਦਿੱਤਾ ਅਤੇ ਉਹਨਾਂ ਦਾ *ਜਨਤਾ* ਅਖ਼ਬਾਰ ਉਥੋਂ ਛਪਦਾ ਰਿਹਾ। ਅੱਜ-ਕੱਲ੍ਹ ਉਸੇ ਜਗ੍ਹਾ ਉੱਤੇ ਗੁਰਦੁਆਰਾ ਸਿੰਘ ਸਭਾ ਹੈ ਅਤੇ ਲੜਕੀਆਂ ਦਾ ਸਕੂਲ ਚੱਲ ਰਿਹਾ ਹੈ। ਅੰਬੇਦਕਰ ਨੂੰ ਪੰਜ ਹਜ਼ਾਰ ਰੁਪਏ ਵਿਦੇਸ਼ ਯਾਤਰਾ ਵਾਸਤੇ ਦਿੱਤੇ ਗਏ। ਉਹ ਜਰਮਨੀ ਗਏ ਅਤੇ ਕਾਲਜ ਵਾਸਤੇ ਇਕ ਬਹੁਤ ਵੱਡੀ ਤਿੰਨ-ਮੰਜ਼ਲੀ ਇਮਾਰਤ ਦਾ ਨਕਸ਼ਾ ਲੈ ਕੇ ਆਏ। ਉਹਨਾਂ ਦੇ ਹੀ ਨਾਂਅ ਉੱਤੇ ਤਕਰੀਬਨ ਇਕ ਲੱਖ ਅੱਸੀ ਹਜ਼ਾਰ ਦੀ ਜ਼ਮੀਨ ਖ਼ਰੀਦੀ ਗਈ ਅਤੇ ਤੁਰੰਤ ਉਸ ਉੱਤੇ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ। ਉਸ ਸਸਤੇ ਜ਼ਮਾਨੇ ਵਿਚ ਵੀ ਖ਼ਰਚੇ ਦਾ ਅੰਦਾਜ਼ਾ ਦਸ ਲੱਖ ਰੁਪਏ ਸੀ। ਉਸ ਸਮੇਂ ਬੰਬਈ ਵਿਚ ਦਸ ਵੀ ਸਿਖ ਵਿਦਿਆਰਥੀ ਨਹੀਂ ਸਨ, ਜੋ ਦਾਖ਼ਲਾ ਲੈ ਸਕਦੇ। ਚਾਲੂ ਹੋਣ ਉਪਰੰਤ ਲਗਾਤਾਰ ਸੱਤ ਸਾਲ ਤਕ ਇਹ ਕਾਲਜ ਘਾਟੇ ਵਿਚ ਚੱਲਦਾ ਰਿਹਾ ਅਤੇ 1942 ਤਕ ਏਸ ਵਿਚ ਹਜ਼ਾਰ ਤੋਂ ਘੱਟ ਹੀ ਵਿਦਿਆਰਥੀ ਦਾਖ਼ਲਾ ਲੈਂਦੇ ਰਹੇ।

ਇਹਨਾਂ ਦਿਨਾਂ ਵਿਚ ਪ੍ਰਚਾਰ ਮਿਸ਼ਨ ਦੇ ਸਕੱਤਰ ਹੈੱਡਮਾਸਟਰ ਕਿਹਰ ਸਿੰਘ ਨੇ ਅੰਬੇਦਕਰ ਆਦਿ ਨਾਲ ਕਈ ਮੁਲਾਕਾਤਾਂ ਕੀਤੀਆਂ। ਇਕ ਅਹਿਮ ਖ਼ੁਫ਼ੀਆ ਮੁਲਾਕਾਤ, ਜਿਸ ਵਿਚ ਅਛੂਤਾਂ ਦੇ ਸਿੰਘ ਸਜਣ ਸੰਬੰਧੀ ਮੁਕੰਮਲ ਪ੍ਰੋਗਰਾਮ ਉਲੀਕਿਆ ਗਿਆ, ਇਸ ਵਿਚ ਹਿੰਦੂ ਮਹਾਂ ਸਭਾ ਦੇ ਡਾਕਟਰ ਮੂੰਜੇ, ਸਾਵਰਕਰ, ਅੰਬੇਦਕਰ, ਕੇਂਦਰੀ ਸਰਕਾਰ ਦੇ ਅਛੂਤ ਵਜ਼ੀਰ ਰਾਜਾ ਜੀ ਵੀ ਸ਼ਾਮਿਲ ਹੋਏ। ਪੰਡਿਤ ਮਦਨ ਮੋਹਨ ਮਾਲਵੀਆ ਅਤੇ ਜੁਗਲ ਕਿਸ਼ੋਰ ਬਿਰਲਾ ਦੀ ਵੀ ਸਹਿਮਤੀ ਲੈ ਲਈ ਗਈ। ਏਸ ਕੰਮ ਲਈ ਬਿਰਲੇ ਨੇ ਮਿਸ਼ਨ ਨੂੰ ਪੱਚੀ ਹਜ਼ਾਰ ਰੁਪਿਆ ਵੀ ਭੇਟ ਕੀਤਾ। ਹਿੰਦੂ ਮਹਾਂਸਭੀਆਂ ਦਾ ਮੱਤ ਸੀ ਕਿ ਅਛੂਤ ਸਿਖ ਬਣ ਕੇ ਭਾਰਤੀ ਸਭਿਅਤਾ ਦੇ ਘੇਰੇ ਵਿਚ ਰਹਿਣਗੇ, ਈਸਾਈ ਜਾਂ ਮੁਸਲਮਾਨ ਬਣ ਕੇ ਪੁਰਾਤਨ ਸਭਿਅਤਾ ਦੇ ਐਨ ਵਿਰੋਧੀ ਹੋ ਜਾਣਗੇ। ਅੰਬੇਦਕਰ ਜਾਣਦੇ ਸਨ ਕਿ ਜੈਨੀਆਂ ਅਤੇ ਬੋਧੀਆਂ ਦਾ ਸਿਆਸੀ ਪ੍ਰਭਾਵ ਨਹੀਂ ਅਤੇ ਉਹ ਤਕਰੀਬਨ ਹਿੰਦੂ ਹੀ ਸਮਝੇ ਜਾਂਦੇ ਹਨ; ਈਸਾਈ ਜਾਂ ਮੁਸਲਮਾਨ ਬਣਨ ਲਈ ਸ਼ਾਇਦ ਸਭ ਨਾ ਮੰਨਦੇ। ਉਸ ਤਰ੍ਹਾਂ ਵੀ ਈਸਾਈ ਮੱਤ ਮੱਧ ਭਾਰਤ ਵਿਚ ਸਿਆਸੀ ਤੌਰ 'ਤੇ ਪ੍ਰਭਾਵਹੀਨ ਹੋ ਰਿਹਾ ਸੀ ਅਤੇ ਮੁਸਲਮਾਨਾਂ ਵਿਚ ਸਮਾਉਣ ਨਾਲ ਅੰਬੇਦਕਰ ਦੀ ਸਿਆਸੀ ਪ੍ਰਤਿਭਾ ਨੂੰ ਠੇਸ ਪਹੁੰਚਦੀ ਸੀ। ਇਕ ਸਮੇਂ ਆਗ਼ਾਖ਼ਾਨ ਅਤੇ ਹੈਦਰਾਬਾਦ ਦੇ ਨਿਜ਼ਾਮ ਨੇ ਉਹਨਾਂ ਨੂੰ ਇਸਲਾਮ ਵੱਲ ਪ੍ਰੇਰਨ ਲਈ ਸੋਨੇ ਦੀਆਂ ਮੁਹਰਾਂ ਦਾ ਭਰਿਆ ਟਰੱਕ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ। ਡਾਕਟਰ ਸਾਹਿਬ ਨੂੰ ਹਰ ਪੱਖੋਂ ਸਿਖ ਧਰਮ ਹੀ ਸੂਤ ਬਹਿੰਦਾ ਸੀ, ਜਿਸ ਦੇ ਇਕ ਕਰੋੜ ਅਨੁਆਈਆਂ ਨੂੰ ਉਹ ਸਹਿਜੇ ਹੀ ਅੱਠ ਗੁਣਾ ਨਵੇਂ ਸਜਣ ਵਾਲਿਆਂ ਵਿਚ ਸਮਾ ਸਕਦੇ ਸਨ। ਖ਼ੈਰ!

ਕਾਲਜ ਦੇ ਕੰਮ ਵਿਚ ਚੁਸਤੀ ਲਿਆਉਣ ਲਈ 22 ਮਾਰਚ, 1937 ਨੂੰ ਇਸ ਦੀ ਉਸਾਰੀ ਦਾ ਕੰਮ ਸ੍ਰੀ ਨਨਕਾਣਾ ਸਾਹਿਬ ਕਮੇਟੀ ਨੂੰ ਸੌਂਪਿਆ ਗਿਆ, ਜਿਸ ਕੋਲ ਕਿ ਪੈਸੇ ਦਾ ਯੋਗ ਪ੍ਰਬੰਧ ਸੀ। 20 ਜੂਨ ਨੂੰ ਦਾਖ਼ਲਾ ਖੁੱਲ੍ਹਣਾ ਸੀ ਅਤੇ ਅੰਬੇਦਕਰ ਚਾਹੁੰਦੇ

ਸਨ ਕਿ ਕਾਲਜ ਉਦੋਂ ਤਕ ਮੁਕੰਮਲ ਹੋ ਜਾਵੇ। ਕਮੇਟੀ ਦੇ ਨੁਮਾਇੰਦਿਆਂ ਸ: ਨਰੈਣ ਸਿੰਘ ਅਤੇ ਸ: ਆਤਮਾ ਸਿੰਘ (ਜੋ ਬਾਅਦ ਵਿਚ ਕਈ ਵਾਰ ਵਜ਼ੀਰ ਬਣੇ) ਨੇ ਜ਼ੋਰ ਸ਼ੋਰ ਨਾਲ ਕੰਮ ਆਰੰਭ ਕਰ ਦਿੱਤਾ। ਕਈ ਵਾਰ ਰਾਤ ਨੂੰ ਦੋ ਦੋ ਵਜੇ ਤਕ ਕੰਮ ਚੱਲਦਾ ਅਤੇ ਪ੍ਰਬੰਧਕ ਕੰਮ ਉੱਤੇ ਖੜੇ ਹੀ ਰੋਟੀ ਖਾਂਦੇ। ਅੰਬੇਦਕਰ ਦੂਜੇ ਤੀਜੇ ਦਿਨ ਆਉਂਦੇ ਅਤੇ ਆਪਣੇ ਸੁਝਾਅ ਦੇ ਜਾਂਦੇ। ਚਾਲੀ ਕਮਰਿਆਂ ਦੀ ਤਿੰਨ-ਮੰਜ਼ਲੀ ਇਮਾਰਤ ਨੂੰ ਆਖ਼ਰ ਤਿੰਨ ਮਹੀਨਿਆਂ ਵਿਚ ਮੁਕੰਮਲ ਕੀਤਾ ਅਤੇ 20 ਜੂਨ, 1937 ਨੂੰ ਦਾਖ਼ਲੇ ਵਾਲੇ ਦਿਨ ਮੇਜ਼ਾਂ, ਕੁਰਸੀਆਂ ਆਦਿ ਸਮੇਤ ਤਿਆਰ-ਬਰ-ਤਿਆਰ ਸੀ।

ਇਹਨਾਂ ਦਿਨਾਂ ਵਿਚ ਹੀ ਕੁਝ ਨਵੀਆਂ ਸੋਚਾਂ ਉਭਰੀਆਂ ਅਤੇ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨੇ ਡਾ. ਅੰਬੇਦਕਰ ਨੂੰ ਸਿਖ ਧਰਮ ਵੱਲੋਂ ਉਪਰਾਮ ਕਰ ਦਿੱਤਾ। ਪ੍ਰਮੁਖ ਤੌਰ 'ਤੇ ਮੋਹਨ ਦਾਸ ਕਰਮ ਚੰਦ ਗਾਂਧੀ ਅਤੇ ਉਨ੍ਹਾਂ ਦੀ ਕਾਂਗਰਸ ਪਾਰਟੀ ਦੀ ਸਿਖ ਵਿਰੋਧੀ ਜ਼ਿਹਨੀਅਤ ਹੀ ਏਸ ਅਚਾਨਕ ਹੋਈ ਤਬਦੀਲੀ ਲਈ ਜ਼ਿੰਮੇਵਾਰ ਸੀ।

ਸਿਖ ਆਗੂ ਤੁਰੰਤ ਭਾਂਪ ਗਏ ਕਿ ਗਾਂਧੀ ਅਤੇ ਕਾਂਗਰਸੀ ਨੇਤਾ ਅਛੂਤਾਂ ਦੇ ਸਿਖ ਬਣਨ ਵਿਰੁੱਧ ਹਨ। ਰੋਕਥਾਮ ਵਜੋਂ ਉਨ੍ਹਾਂ ਮਾਸਟਰ ਸੁਜਾਨ ਸਿੰਘ ਨੂੰ ਗਾਂਧੀ ਨਾਲ ਗੱਲਬਾਤ ਲਈ ਭੇਜਿਆ। ਗਾਂਧੀ ਨੇ ਘੜੀ ਫੜ ਕੇ, ਜਾਂਦਿਆਂ ਹੀ ਉਨ੍ਹਾਂ ਨੂੰ ਕਿਹਾ ਕਿ ਉਹ ਕੇਵਲ ਪੰਜ ਮਿੰਟ ਉਨ੍ਹਾਂ ਨੂੰ ਦੇ ਸਕਦੇ ਹਨ। ਸੁਜਾਨ ਸਿੰਘ ਦੀ ਗਾਂਧੀ ਨਾਲ ਹੇਠ ਲਿਖੇ ਅਨੁਸਾਰ ਗੱਲ ਹੋਈ :

ਸੁਜਾਨ ਸਿੰਘ : "ਆਪ ਨੂੰ ਅਛੂਤ ਲੋਕਾਂ ਦੇ ਸਿਖ ਬਣ ਜਾਣ ਉੱਤੇ ਕੀ ਇਤਰਾਜ਼ ਹੈ ?"

ਗਾਂਧੀ : "ਕਿਆ ਸਿਖ ਹਿੰਦੂ ਹੈਂ ?"

ਸਿੰਘ : "ਨਹੀਂ।"

ਗਾਂਧੀ : "ਅਗਰ ਸਿਖ ਹਿੰਦੂ ਨਹੀਂ ਹੈਂ ਤੋ ਸਿਖ ਔਰ ਮੁਸਲਮਾਨ ਮੇਂ ਕਿਆ ਫ਼ਰਕ ਹੈ ? ਜਬ ਅਛੂਤੋਂ ਨੇ ਹਿੰਦੂ ਨਹੀਂ ਰਹਿਨਾ ਤੋ ਵਹ ਸਿਖ ਕਿਉਂ ਬਨੇ, ਮੁਸਲਮਾਨ ਕਿਉਂ ਨਾ ਬਨ ਜਾਏਂ ?"

ਸਿੰਘ : (ਉਨ੍ਹਾਂ ਦੀ ਮਾਸਟਰ ਤਾਰਾ ਸਿੰਘ ਨੂੰ ਲਿਖੀ ਚਿੱਠੀ ਦਾ ਹਵਾਲਾ ਦਿੰਦੇ ਹੋਏ) "ਆਪ ਤੋ ਅਪਨੇ ਆਪ ਕੋ ਇੰਡੀਅਨ ਕਹਿਤੇ ਹੈਂ, ਆਪ ਕੋ ਹਿੰਦੂ, ਮੁਸਲਮਾਨ ਮੇਂ ਫ਼ਰਕ ਕਿਉਂ ਨਜ਼ਰ ਆਤਾ ਹੈ ? ਕੋਈ ਅੰਬੇਦਕਰ ਸਿਖ ਬਨੇ, ਮੁਸਲਮਾਨ ਬਨੇ ਯਾ ਹਿੰਦੂ ਰਹੇ, ਆਪ ਕੋ ਇਸ ਮੇਂ ਫ਼ਰਕ ਕਿਉਂ ਨਜ਼ਰ ਪੜਤਾ ਹੈ ?"

ਗਾਂਧੀ : (ਛਿੱਥੇ ਪੈ ਕੇ) "ਸਰਦਾਰ ਸਾਹਿਬ ਮੇਰੇ ਪਾਸ ਔਰ ਵਕਤ ਨਹੀਂ।"

ਸਿੰਘ : (ਉਠਦੇ ਹੋਏ) "ਆਪ ਹਿਪੱਕ੍ਰਿਟ (ਪਾਖੰਡੀ) ਹੈਂ।"

ਗਾਂਧੀ ਅਤੇ ਕਾਂਗਰਸੀ ਹਿੰਦੂਆਂ ਨੇ ਅੰਬੇਦਕਰ ਦੇ ਆਲੇ-ਦੁਆਲੇ ਦੇ ਅਛੂਤ ਆਗੂਆਂ ਉੱਤੇ ਉਨ੍ਹਾਂ ਨੂੰ ਅੰਬੇਦਕਰ ਨਾਲੋਂ ਨਾਤਾ ਤੋੜਨ ਦੀ ਕੁਚੇਸ਼ਟਾ ਅਧੀਨ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ। ਅਜਿਹੇ ਸੰਕੇਤ ਵੀ ਮਿਲਦੇ ਹਨ ਕਿ ਸ਼ਾਇਦ ਅੰਬੇਦਕਰ ਦੀ ਗੁੱਝੀ ਸਹਿਮਤੀ ਨਾਲ ਹੀ ਤਾਣਾ-ਬਾਣਾ ਬੁਣਿਆ ਗਿਆ। ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਗਿਆ ਕਿ ਹਿੰਦੂ ਸਮਾਜ ਦੇ ਅੰਦਰ ਅਛੂਤਾਂ ਦਾ ਦਰਜਾ ਉੱਚਾ ਕੀਤਾ ਜਾਵੇਗਾ ਅਤੇ ਨੌਕਰੀਆਂ ਆਦਿ ਵਿਚ ਯੋਗ ਸਥਾਨ ਦਿੱਤਾ ਜਾਵੇਗਾ। ਜਾਪਦਾ ਇਉਂ

ਹੈ ਕਿ ਅਕਾਲੀ ਆਗੂਆਂ ਵਾਂਗ ਉਹ ਵੀ ਕਾਂਗਰਸ ਦੇ ਲਾਰਿਆਂ ਉੱਤੇ ਭਰਮ ਗਏ। ਵਾਅਦਿਆਂ ਦੇ ਖੋਖਲੇ ਹੋਣ ਅਤੇ ਨਾਕਾਫ਼ੀ ਹੋਣ ਬਾਰੇ ਚਾਨਣ ਤਾਂ ਉਨ੍ਹਾਂ ਨੂੰ ਵੀ 1950 ਤੋਂ ਬਾਅਦ ਹੀ ਹੋਇਆ, ਉਸ ਸਮੇਂ ਵੇਲਾ ਵਿਹਾ ਚੁੱਕਿਆ ਸੀ। ਉਨ੍ਹਾਂ ਦਾ ਸਿਖ ਧਰਮ ਵਿਚ ਪ੍ਰਵੇਸ਼ ਅਸੰਭਵ ਸੀ, ਹੁਣ ਉਹ ਹਿੰਦੂ ਧਰਮ ਵਿਚ ਨਾ ਮਰਨ ਦੇ ਸੰਕਲਪ ਨੂੰ ਕੇਵਲ ਬੋਧੀ ਜਾਂ ਜੈਨੀ ਬਣ ਕੇ ਹੀ ਨਿਭਾਅ ਸਕਦੇ ਸਨ। ਆਖ਼ਰ ਉਨ੍ਹਾਂ ਕੋਲ ਆਪਣੇ ਲੋਕਾਂ ਨੂੰ ਹਿੰਦੂ ਸ਼ਾਸਤਰਾਂ ਦੇ ਪ੍ਰਭਾਵ ਤੋਂ ਬਚਾਉਣ ਲਈ ਇੱਕੋ ਇਕ ਰਾਹ 'ਬੁੱਧਮ ਸ਼ਰਣਮ ਗਛਾਮੀ' ਹੀ ਰਹਿ ਗਿਆ ਸੀ ਅਤੇ ਹੁਣ ਬੜੀ ਇਮਾਨਦਾਰੀ ਨਾਲ ਉਹ ਏਸ ਰਾਹੇ ਪੈ ਗਏ।

ਮਈ ਦੇ ਮਹੀਨੇ ਡਾ. ਅੰਬੇਦਕਰ ਨੂੰ ਕੁਝ ਉਲਝਣਾਂ ਵਿਚ ਮਹਿਸੂਸ ਕੀਤਾ ਗਿਆ। 23 ਮਈ, 1937 ਨੂੰ ਬਾਵਾ ਹਰਕਿਸ਼ਨ ਸਿੰਘ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਮਾਸਟਰ ਸੁਜਾਨ ਸਿੰਘ, ਈਸ਼ਰ ਸਿੰਘ ਮਝੈਲ ਅਤੇ ਤੇਜਾ ਸਿੰਘ ਅੱਕਰਪੁਰੀ ਪੰਜਾਬ ਤੋਂ ਬੰਬਈ ਡਾ. ਅੰਬੇਦਕਰ ਨਾਲ ਫ਼ੈਸਲਾਕੁਨ ਗੱਲਬਾਤ ਲਈ ਪਹੁੰਚੇ। ਉਨ੍ਹਾਂ ਨੂੰ ਏਸ ਵਫ਼ਦ ਦੇ ਆਉਣ ਦਾ ਅਗਾਊਂ ਪਤਾ ਲੱਗ ਚੁੱਕਾ ਸੀ ਅਤੇ ਉਹ ਅਚਾਨਕ ਗਰਮੀ ਦੀਆਂ ਛੁੱਟੀਆਂ ਬਿਤਾਉਣ ਲਈ ਜੰਜੀਰਾ ਨਾਂ ਦੇ ਟਾਪੂ ਉੱਤੇ ਚਲੇ ਗਏ ਸਨ। ਪੰਜਾਬੋਂ ਆਏ ਵਫ਼ਦ ਨੇ ਨਰੈਣ ਸਿੰਘ ਸੇਠੀ ਨੂੰ ਨਾਲ ਲਿਆ ਅਤੇ ਜੰਜੀਰੇ ਪਹੁੰਚ ਗਏ। ਆਖ਼ਰ ਗੱਲਬਾਤ ਇਉਂ ਨਿਬੜੀ : ਬਾਬਾ ਹਰਕਿਸ਼ਨ ਸਿੰਘ ਨੇ ਉਨ੍ਹਾਂ ਨੂੰ ਪੁੱਛਿਆ ਕਿ ਕੀ ਉਨ੍ਹਾਂ ਕੋਈ ਫ਼ੈਸਲਾ ਕਰ ਲਿਆ ਹੈ, ਕੀ ਉਹ ਫ਼ੈਸਲਾ ਕਰਨ ਲਈ ਹੋਰ ਸਮਾਂ ਚਾਹੁੰਦੇ ਹਨ ਜਾਂ ਉਹ ਹਾਲ ਦੀ ਘੜੀ ਫ਼ੈਸਲਾ ਗੁਪਤ ਰੱਖਣਾ ਚਾਹੁੰਦੇ ਹਨ। ਡਾ. ਅੰਬੇਦਕਰ ਦਾ ਜੁਆਬ ਸੀ ਕਿ ਉਹਨਾਂ ਕੋਈ ਫ਼ੈਸਲਾ ਨਹੀਂ ਕੀਤਾ ਅਤੇ ਹੁਣ ਸ਼ਾਇਦ ਉਹ ਕੋਈ ਫ਼ੈਸਲਾ ਕਰ ਵੀ ਨਹੀਂ ਸਕਦੇ। ਉਨ੍ਹਾਂ ਦੱਸਿਆ ਕਿ ਹਿੰਦੂ ਆਗੂਆਂ ਨੇ ਉਨ੍ਹਾਂ ਨਾਲੋਂ ਉਨ੍ਹਾਂ ਦੇ ਸਾਰੇ ਸਹਿਯੋਗੀਆਂ ਨੂੰ ਪਾੜ ਲਿਆ ਹੈ, ਹੁਣ ਉਹ ਕੱਲਮ 'ਕੱਲੇ ਰਹਿ ਗਏ ਹਨ।

ਇਨ੍ਹੀਂ ਦਿਨੀਂ ਕਾਂਗਰਸੀ ਹਿੰਦੂਆਂ ਨੇ ਧੂੰਆਂਧਾਰ ਪ੍ਰਚਾਰ ਕੀਤਾ ਕਿ ਅਛੂਤ ਹਿੰਦੂ ਸਮਾਜ ਦਾ ਹੀ ਪਛੜਿਆ ਹਿੱਸਾ ਹਨ। ਉੱਨਤ ਕਰ ਕੇ ਬਰਾਬਰ ਲੈ ਆਉਣ ਤਕ ਇਨ੍ਹਾਂ ਨੂੰ ਵਿਸ਼ੇਸ਼ ਰਿਆਇਤਾਂ ਦੇਣੀਆਂ ਬਣਦੀਆਂ ਹਨ। ਇਸ ਮੰਗ ਉੱਤੇ ਦਬਾਅ ਪਾਉਣ ਲਈ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਮਰਨ ਵਰਤ ਰੱਖ ਲਿਆ, ਜੋ ਕਿ ਤਿੰਨ ਹਫ਼ਤੇ ਜਾਰੀ ਰਿਹਾ। ਆਖ਼ਰ ਰਾਜਾ ਜੀ ਅਤੇ ਪੰਡਿਤ ਮਦਨ ਮੋਹਨ ਮਾਲਵੀਆ, ਜੋ ਉਸ ਸਮੇਂ ਸੈਂਟਰਲ ਕੈਬਨਿਟ ਦੇ ਮੈਂਬਰ ਸਨ, ਦੇ ਯਤਨਾਂ ਨਾਲ ਅਛੂਤਾਂ ਨੂੰ ਪਛੜੇ ਹਿੰਦੂ ਮੰਨ ਕੇ ਉਨ੍ਹਾਂ ਲਈ ਦੇਸ਼ ਦੇ ਰਾਜਸੀ ਜੀਵਨ ਅੰਦਰ ਵਿਸ਼ੇਸ਼ ਅਸਾਮੀਆਂ ਸੁਰੱਖਿਅਤ ਕੀਤੀਆਂ ਜਾਣ ਦਾ ਐਲਾਨ ਸਰਕਾਰ ਵੱਲੋਂ ਕਰਵਾਇਆ ਗਿਆ। ਇਉਂ ਡਾ. ਅੰਬੇਦਕਰ ਨੂੰ ਚਾਰੇ ਪਾਸਿਉਂ ਘੇਰ ਕੇ ਹਿੰਦੂ ਧਰਮ ਨੂੰ ਨਾ ਛੱਡਣ ਲਈ ਮਜਬੂਰ ਕੀਤਾ ਗਿਆ।

ਇਸ ਕੌਤਕ ਸੰਬੰਧੀ ਸਿਰਦਾਰ ਕਪੂਰ ਸਿੰਘ, ਮਾਸਟਰ ਤਾਰਾ ਸਿੰਘ ਅਤੇ ਬਾਵਾ ਹਰਕਿਸ਼ਨ ਸਿੰਘ ਵੀ ਆਪਣੇ ਵਿਚਾਰ ਪ੍ਰਗਟ ਕਰ ਚੁੱਕੇ ਹਨ। ਉਪਰੋਕਤ ਤੱਥਾਂ ਤੋਂ ਜਾਣੂ ਸ: ਨਰੈਣ ਸਿੰਘ ਅਤੇ ਸ: ਆਤਮਾ ਸਿੰਘ ਸਾਬਕਾ ਮਾਲ ਮੰਤਰੀ ਖ਼ੁਸ਼ਕਿਸਮਤੀ ਨਾਲ ਅਜੇ ਜਿਊਂਦੇ ਹਨ। ਨਰੈਣ ਸਿੰਘ ਇਕ ਕਿਤਾਬਚੇ ਵਿਚ ਤਕਰੀਬਨ ਇਹ ਸਾਰੀਆਂ ਗੱਲਾਂ ਲਿਖ ਚੁੱਕੇ ਹਨ। ਸਭ ਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਸਿਖ ਰਹਿਤ ਪੱਖੋਂ ਢਿੱਲੇ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਵੀ ਇਕ ਸਮੇਂ ਅਛੂਤਾਂ ਦੇ ਸਿੰਘ ਸਜਣ ਦੀ ਕਨਸੋਅ

ਸੁਣ ਕੇ ਡਾ. ਅੰਬੇਦਕਰ ਨੂੰ ਅਥਾਹ ਧਨ ਪ੍ਰਚਾਰ ਲਈ ਦੇਣ ਦੀ ਪੇਸ਼ਕਸ਼ ਕੀਤੀ ਸੀ ਅਤੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਦੀ ਵੀ ਹਾਮੀ ਭਰੀ ਸੀ। ਉਹਨਾਂ ਨੂੰ ਬਰਾਬਰ ਦਾ ਦਰਜਾ ਨਾ ਦੇਣ ਦੀ ਅਫ਼ਵਾਹ ਤਾਂ ਉੱਕਾ ਹੀ ਤਰਕਹੀਣ ਅਤੇ ਬੇ-ਬੁਨਿਆਦ ਹੈ। ਅੱਠ ਕਰੋੜ ਨਵੇਂ ਸਜੇ ਸਿੰਘਾਂ ਨੂੰ ਕੌਣ ਕੋਈ ਦਰਜਾ ਦੇ ਸਕਦਾ ਸੀ। ਸਗੋਂ ਉਨ੍ਹਾਂ ਤੈਅ ਕਰਨਾ ਸੀ ਕਿ ਪਹਿਲਾਂ ਤੋਂ ਚਲੇ ਆ ਰਹੇ ਤਕਰੀਬਨ ਇਕ ਕਰੋੜ ਸਿੱਖਾਂ ਦਾ ਸਿਖ ਸਮਾਜ ਵਿਚ ਕੀ ਦਰਜਾ ਹੋਣਾ ਸੀ।

ਸਿਖ ਆਗੂਆਂ ਨੇ ਕਈ ਅਜਿਹੀਆਂ ਗ਼ਲਤੀਆਂ ਕੀਤੀਆਂ ਹਨ, ਜਿਨ੍ਹਾਂ ਲਈ ਉਹ ਭੰਡੇ ਜਾਣ ਦੇ ਹੱਕਦਾਰ ਹਨ। ਪਰ ਏਸ ਮਾਮਲੇ ਵਿਚ ਉਨ੍ਹਾਂ ਨਾ ਕੋਈ ਕੁਤਾਹੀ ਕੀਤੀ ਅਤੇ ਨਾ ਕੋਈ ਅਵੇਸਲਾਪਨ ਦਿਖਾਇਆ। ਪੁਰਾਣੇ ਮੁਰਦੇ ਪੁੱਟਣ ਦੀ ਥਾਂ ਹੁਣ ਦਲਿਤ ਵੀਰਾਂ ਦਾ ਧਿਆਨ ਅੰਬੇਦਕਰ ਕੋਲੋਂ ਕਰਵਾਈ ਗ਼ਲਤੀ ਵੱਲ ਦਿਵਾਉਂਦਿਆਂ ਹੋਇਆਂ ਉਸ ਦੀ ਦਰੁਸਤੀ ਕਰਨ ਵੱਲ ਕੇਂਦਰਿਤ ਕਰਨਾ ਚਾਹੀਦਾ ਹੈ। ਪਿਛਲੇ ਚਾਲੀ ਸਾਲਾਂ ਦੇ ਇਤਿਹਾਸ ਨੇ ਦਲਿਤਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਹੁਣ ਉਹ ਅੱਗੇ ਨਾਲੋਂ ਬਿਹਤਰ ਸਮਝਦੇ ਹਨ ਕਿ "ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥" ਹੁਣ ਉਨ੍ਹਾਂ ਨਾਲ ਏਸੇ ਧਾਰਨਾ ਉੱਤੇ ਵਾਰਤਾਲਾਪ ਕਰਨ ਉੱਤੇ ਜ਼ੋਰ ਲਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਦੱਸਣਾ ਹੈ ਕਿ ਗੁਰ-ਉਪਦੇਸ਼ ਕੈਸੀ ਉਤਮ ਵਸਤੂ ਹੈ : "ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥" ਵਿਆਹ ਵਿਚ ਬੀਆਂ ਦਾ ਲੇਖਾ ਅਸੰਗਤ ਹੈ।

ਭਾਗ ਦੂਜਾ

ਇਕ ਪੰਜਾਬੀ ਅਖ਼ਬਾਰ ਵਿਚ ਛਪੇ ਮੇਰੇ ਇਕ ਪਹਿਲੇ ਲੇਖ ਵਿਚ ਮੈਂ ਇਹ ਮੱਤ ਪੇਸ਼ ਕੀਤਾ ਸੀ ਕਿ ਡਾ. ਅੰਬੇਦਕਰ ਨੇ ਇਹ ਤੌਖ਼ਲਾ ਕਦੇ ਵੀ ਪ੍ਰਗਟ ਨਹੀਂ ਸੀ ਕੀਤਾ ਕਿ ਸਿਖ ਵੀ ਜਾਤ-ਪਾਤ ਨੂੰ ਮੰਨਦੇ ਹਨ ਅਤੇ ਉਸ ਵੱਲੋਂ ਸਿਖ ਧਰਮ ਧਾਰਨ ਨਾ ਕਰਨ ਦਾ ਕਾਰਣ ਕੋਈ ਹੋਰ ਹੈ। ਆਪਣੇ ਵਿਚਾਰ ਦੇ ਹੱਕ ਵਿਚ ਮੈਂ ਦਲੀਲ ਪੇਸ਼ ਕੀਤੀ ਸੀ ਕਿ ਸਿੱਖਾਂ ਅੰਦਰ ਜਾਤ-ਪਾਤ ਨਾਂ ਦੀ ਕੋਈ ਚੀਜ਼ ਨਹੀਂ। ਇਸ ਧਾਰਨਾ ਦੇ ਹੱਕ ਵਿਚ ਧੁਰ ਕੀ ਬਾਣੀ ਗੁਰਬਾਣੀ ਦੀ ਗਵਾਹੀ ਦਿੱਤੀ ਜਾ ਸਕਦੀ ਹੈ। ਮੇਰੀ ਦੂਜੀ ਦਲੀਲ ਇਹ ਸੀ ਕਿ ਸਿੱਖੀ ਵਿਚ ਪ੍ਰਵੇਸ਼ ਕਰਨ ਦੀ ਚੇਸ਼ਟਾ ਕਰਨ ਵਾਲੇ ਡਾ. ਅੰਬੇਦਕਰ ਦੇ ਸਾਥੀਆਂ ਦੀ ਗਿਣਤੀ ਸਿੱਖਾਂ ਦੀ ਕੁਲ ਗਿਣਤੀ ਨਾਲੋਂ 20 ਗੁਣਾ ਜ਼ਿਆਦਾ ਹੋਣੀ ਸੀ। ਮੇਰੇ ਲਈ ਇਹ ਗੱਲ ਸੋਚਣੀ ਵੀ ਅਸੰਭਵ ਸੀ ਕਿ ਸਾਰੀ ਸੰਖਿਆ ਦਾ ਕੇਵਲ ਵੀਹਵਾਂ ਭਾਗ ਬਾਕੀਆਂ ਉੱਤੇ ਆਪਣੇ ਸਮਾਜਿਕ ਵਰਤਾਰੇ ਨੂੰ ਠੋਸ ਸਕੇਗਾ—ਉਹ ਵੀ ਉਸ ਹਾਲਤ ਵਿਚ ਜਦੋਂ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਹਾਮੀ ਨਹੀਂ ਭਰੀ ਗਈ ਹੋਈ।

ਮੈਨੂੰ ਪਤਾ ਹੈ, ਬਹੁਤ ਸਾਰੇ ਸਿਖ ਵਿਦਵਾਨਾਂ ਦਾ ਵਿਸ਼ਵਾਸ ਵੀ ਇਹੀ ਹੈ ਕਿ ਡਾ. ਅੰਬੇਦਕਰ ਨੇ ਸਿੱਖੀ ਕੇਵਲ ਇਸ ਲਈ ਧਾਰਨ ਨਾ ਕੀਤੀ, ਕਿਉਂਕਿ ਸਿੱਖਾਂ ਅੰਦਰ ਵੀ ਜਾਤ-ਪਾਤ ਕਾਇਮ ਹੈ। ਉਨ੍ਹਾਂ 'ਚੋਂ ਕਈ ਤਾਂ ਮੈਨੂੰ ਫਿਰ ਇਹ ਤਾਹਨਾ ਦੇਣਗੇ ਕਿ ਮੈਂ "ਗੱਲ ਨੂੰ ਸਮਝ ਨਹੀਂ ਸਕਦਾ" ਪਰ ਸਮਾਜਿਕ ਵਰਤਾਰਿਆਂ ਬਾਰੇ ਜੋ ਕੁਝ ਵੀ ਥੋੜ੍ਹਾ ਬਹੁਤ ਮੈਂ ਸਮਝ ਸਕਦਾ ਹਾਂ, ਉਸ ਅਨੁਸਾਰ ਮੇਰਾ ਇਹ ਯਕੀਨ ਹੋਰ ਵੀ ਪੱਕਾ ਹੋ ਗਿਆ ਹੈ ਕਿ ਹਿੰਦੂ ਜਾਤੀ-ਪ੍ਰਥਾ ਇਕ ਅਜਿਹਾ ਪੀਡਾ ਪ੍ਰਬੰਧ ਹੈ, ਜੋ ਮਨੁੱਖ ਦੀ ਅੰਤਿਮ ਮੁਕਤੀ

ਨਾਲ ਜੋੜਿਆ ਗਿਆ ਹੋਇਆ ਹੈ, ਜਿਸ ਨੂੰ ਮਨੂ ਸਿੰਮ੍ਰਿਤੀ ਵਰਗੇ ਗ੍ਰੰਥਾਂ ਦੀ ਪ੍ਰਵਾਨਗੀ ਹਾਸਲ ਹੈ, ਜਿਸ ਦਾ ਪ੍ਰਚਾਰ ਹਜ਼ਾਰਾਂ ਸੰਤਾਂ ਨੇ ਕੀਤਾ ਹੈ ਤੇ ਜੋ ਘੱਟੋ ਘੱਟ ਪੰਜ ਹਜ਼ਾਰ ਸਾਲ ਤੋਂ ਅਮਲੀ ਜੀਵਨ ਦਾ ਭਾਗ ਬਣਿਆ ਹੋਇਆ ਹੈ। ਸਿਖ ਧਰਮ ਗ੍ਰੰਥ ਦੀ ਹਾਲਤ ਐਨ ਇਸ ਦੇ ਉਲਟ ਹੈ। ਕਿਸੇ ਸਿਖ ਦੀਵਾਨ ਵਿਚ ਖੜੇ ਹੋ ਕੇ ਕੋਈ ਇਹ ਪ੍ਰਚਾਰ ਨਹੀਂ ਕਰ ਸਕਦਾ ਕਿ ਬਦਨਾਮ ਜਾਤੀ-ਪ੍ਰਥਾ ਨਾਲ ਜੁੜੇ ਰਹਿਣਾ ਗੁਰਮਤਿ ਹੈ। ਕਿਸੇ ਸਿਖ ਗੁਰੂ ਜਾਂ ਹੋਰ ਕਿਸੇ ਮਹਾਂਪੁਰਸ਼ ਨੇ ਜਾਤ-ਪਾਤ ਨੂੰ ਕੋਈ ਆਦਰ ਸਤਿਕਾਰ ਨਹੀਂ ਦਿੱਤਾ। ਹਰ ਸਿਖ ਇਸ ਗੱਲ ਬਾਰੇ ਬੜਾ ਸਪੱਸ਼ਟ ਹੈ ਕਿ ਜਾਤ-ਪਾਤ ਦਾ ਮਨੁੱਖ ਦੀ ਮੁਕਤੀ ਨਾਲ ਕੋਈ ਸੰਬੰਧ ਨਹੀਂ। ਸਿਖ ਇਹ ਵੀ ਜਾਣਦੇ ਹਨ ਕਿ ਜਾਤ-ਪਾਤ ਦੀ ਪਾਲਣਾ ਮਨੁੱਖ ਦੇ ਰੂਹਾਨੀ ਵਿਕਾਸ ਅਤੇ ਜੀਵਨ ਦਾ ਅੰਤਿਮ ਟੀਚਾ ਪ੍ਰਾਪਤ ਕਰਨ ਦੇ ਰਾਹ ਵਿਚ ਰੋੜਾ ਬਣ ਜਾਂਦੀ ਹੈ। ਸਿਖ ਇਤਿਹਾਸ ਵਿਚ, ਜਾਤ-ਪਾਤ ਵਿਚ ਵਿਸ਼ਵਾਸ ਪ੍ਰਗਟ ਕਰਨ ਦੀ ਕੋਈ ਪ੍ਰਥਾ ਨਹੀਂ। ਸਗੋਂ ਸਿੱਖਾਂ ਦੀਆਂ ਕਈ ਲਗਾਤਾਰ ਚਲੀਆਂ ਆ ਰਹੀਆਂ ਰਵਾਇਤਾਂ ਅਤੇ ਮਰਿਆਦਾਵਾਂ ਵਿਚ ਇਸ ਦਾ ਖੰਡਨ ਬੜੇ ਸਪੱਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ—ਜਿਵੇਂ ਕਿ ਲੰਗਰ ਦੀ ਪ੍ਰਥਾ ਵਿਚ।

ਕਈ ਵਿਦਵਾਨ ਆਲੋਚਕ (ਜਿਨ੍ਹਾਂ ਵਿਚ ਕਈ ਰੰਗੀਨ ਐਨਕਾਂ ਵਾਲੇ ਇਤਿਹਾਸਕਾਰ ਵੀ ਸ਼ਾਮਿਲ ਹਨ) ਇਹ ਸੁਣ ਕੇ ਸ਼ਾਇਦ ਹੈਰਾਨ ਹੋਣਗੇ ਕਿ ਉਪਰੋਕਤ ਤੱਥ ਸੂਝਵਾਨ ਲੋਕਾਂ ਨੂੰ ਇਸ ਨਤੀਜੇ 'ਤੇ ਪਹੁੰਚਣ ਵਿਚ ਹੀ ਸਹਾਈ ਹੁੰਦੇ ਹਨ ਕਿ ਸਿੱਖਾਂ ਵਿਚ ਜਾਤ-ਪਾਤ ਵਿਵਸਥਾ ਨਾਂ ਦੀ ਕੋਈ ਚੀਜ਼ ਨਹੀਂ। ਮੈਂ ਅਕਸਰ ਮਹਿਸੂਸ ਕੀਤਾ ਹੈ ਕਿ ਸਿਖ ਪੰਥ ਦੀ ਬਣਤਰ ਵਿਚ ਜੱਟ ਭਾਈਚਾਰੇ ਬਾਰੇ ਅਗਿਆਨਤਾ 'ਚੋਂ ਉਪਜੀ ਕੱਟੜ ਭਾਵਨਾ ਹੀ ਕੁਝ ਕੁ ਵਿਦਵਾਨਾਂ ਨੂੰ ਅਜਿਹਾ ਸੋਚਣ ਲਈ ਤਿਆਰ ਕਰਦੀ ਹੈ ਕਿ ਸਿੱਖਾਂ ਅੰਦਰ ਵੀ ਜਾਤ-ਪਾਤ ਦੀ ਪ੍ਰਥਾ ਕਾਇਮ ਹੈ। ਇਸੇ ਕੱਟੜ ਭਾਵਨਾ ਦਾ ਲਾਭ ਮੈਕਲਉਡ ਵਰਗੇ ਇਤਿਹਾਸਕਾਰਾਂ ਨੇ ਉਠਾਉਣ ਦੀ ਕੋਸ਼ਿਸ਼ ਕੀਤੀ ਅਤੇ ਚਲਾਕੀ ਨਾਲ 1984 ਵਿਚ ਦਰਬਾਰ ਸਾਹਿਬ ਅਤੇ ਸਮੁੱਚੇ ਪੰਥ ਉੱਤੇ ਕੀਤੇ ਗਏ ਹਮਲੇ ਨੂੰ ਇਕ ਤਰ੍ਹਾਂ ਜਾਇਜ਼ ਠਹਿਰਾਉਣ ਲਈ ਇਸ ਨੂੰ ਵਰਤਿਆ ਗਿਆ। ਅਜਿਹੇ ਲੋਕਾਂ ਨੂੰ ਸਰਦਾਰ ਜਗਜੀਤ ਸਿੰਘ ਵਰਗੇ ਮਹਾਨ ਵਿਦਵਾਨ ਦੀ ਪੁਸਤਕ *ਜਾਤ ਪਾਤ ਤੇ ਸਿਖ* ਦੇ ਹਿੱਸੇ ਪੜ੍ਹ ਕੇ ਸੁਣਾਉਣ ਦਾ ਕੋਈ ਫ਼ਾਇਦਾ ਨਹੀਂ, ਕਿਉਂਕਿ ਸਿੱਖਾਂ ਨਾਲ ਸੰਬੰਧਤ ਹਰ ਗੱਲ ਨੂੰ ਛੁਟਿਆਉਣ ਦੇ ਉਨ੍ਹਾਂ ਦੇ ਆਹਰ ਵਿਚ ਉਨ੍ਹਾਂ ਦੀ ਅਗਿਆਨਤਾ ਅਤੇ ਕੱਟੜਤਾ ਹੀ ਉਨ੍ਹਾਂ ਦੇ ਕੰਮ ਆਉਂਦੀ ਹੈ।

ਜੇ ਉਹ ਹਿੰਦੂ ਵਰਣ ਵਿਵਸਥਾ (ਜਾਤ-ਪਾਤ) ਦਾ ਵਿਸ਼ਲੇਸ਼ਣ ਕਰਨ ਦੀ ਖੇਚਲ ਕਰਨ ਤਾਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਇਤਿਹਾਸ ਵਿਚ ਕਿਸੇ ਵੀ ਹੋਰ ਸਮਾਜ ਵਿਚ, ਕਿਸੇ ਵੀ ਸਮੇਂ ਅਜਿਹੀ ਵਿਵਸਥਾ ਨਹੀਂ ਰਹੀ। ਜਾਤੀ ਅਭਿਮਾਨ ਅਤੇ ਨਾ-ਬਰਾਬਰੀ ਦੇ ਦੈਂਤ, ਇਕ ਜਾਂ ਦੂਜੇ ਰੂਪ ਵਿਚ ਹਰ ਸਮਾਜ ਵਿਚ ਸਦਾ ਰਹੇ ਹਨ, ਪਰ ਜਾਤ-ਪਾਤ ਇਕ ਹਿੰਦੂ ਦੇ ਹਰ ਕਾਰਜ ਅਤੇ ਵਿਸ਼ਵਾਸ ਦਾ ਭਾਗ ਬਣ ਗਈ ਹੈ। ਨਾ-ਬਰਾਬਰੀ ਨੂੰ ਇਕ ਚੰਗੇ ਵਿਉਂਤੇ ਢੰਗ ਨਾਲ ਧਾਰਮਿਕ ਅਤੇ ਗ਼ੈਰ-ਧਾਰਮਿਕ ਜੀਵਨ ਦੇ ਹਰ ਖੇਤਰ ਵਿਚ ਲਾਗੂ ਕਰਨ ਦੇ ਅਮਲ ਕਾਰਣ ਹੀ ਹਿੰਦੂ ਜਾਤ ਵਿਵਸਥਾ ਵਿਲੱਖਣ ਬਣ ਗਈ ਹੈ। ਅਕਸਰ ਉਹ ਲੋਕ ਜੋ 'ਪ੍ਰਥਾ' ਜਾਂ 'ਵਿਵਸਥਾ' ਸ਼ਬਦ ਦੀ ਮਹੱਤਾ ਨੂੰ ਸਮਝਣੋਂ ਚੂਕ ਜਾਂਦੇ ਹਨ, ਉਹੀ ਅਜਿਹਾ ਸੋਚਣ ਲੱਗ ਜਾਂਦੇ ਹਨ ਕਿ ਜਿਥੇ ਕਿਥੇ ਛੋਟਾ-ਮੋਟਾ ਭਿੰਨ

ਭੇਦ ਨਜ਼ਰ ਆਉਂਦਾ ਹੈ, ਉਥੇ ਹੀ ਜਾਤ-ਪਾਤ ਮੌਜੂਦ ਹੈ। ਡੂੰਘੀ ਸੋਚ ਰੱਖਣ ਵਾਲਿਆਂ ਲਈ ਅਜਿਹੇ ਛੋਟੇ ਭਿੰਨ ਭੇਦ ਕੋਈ ਅਰਥ ਨਹੀਂ ਰੱਖਦੇ, ਕਿਉਂਕਿ ਉਹ ਜਾਣਦੇ ਹਨ ਕਿ ਉਹ ਇੱਟਾਂ ਹੋਰ ਹੁੰਦੀਆਂ ਹਨ, ਜੋ ਜਾਤ-ਪਾਤ ਦਾ ਮਹਿਲ ਉਸਾਰਨ ਵਿਚ ਸਹਾਈ ਹੁੰਦੀਆਂ ਹਨ।

ਆਪਣੀ ਲਿਖਤ, *ਸਿਖ ਸ਼ਕਤੀ ਦਾ ਅਰੂਜ਼ ਤੇ ਪਤਨ*, ਜਿਸ ਦਾ ਜਾਦੂਨਾਥ ਸਰਕਾਰ ਵੱਲੋਂ ਕੀਤਾ ਗਿਆ ਅਨੁਵਾਦ 1911 ਦੇ *ਮਾਡਰਨ ਰੀਵੀਊ* ਵਿਚ ਛਪਿਆ ਸੀ, ਰਾਬਿੰਦਰ ਨਾਥ ਟੈਗੋਰ ਨੇ ਗੁਰੂ ਗੋਬਿੰਦ ਸਿੰਘ ਦੇ ਕੰਮਾਂ ਬਾਰੇ ਲਿਖਿਆ, "ਉਹਨਾਂ (ਗੁਰੂ ਜੀ) ਨੇ ਜਾਤ-ਪਾਤ ਦੀ ਪ੍ਰਥਾ ਨੂੰ ਪੂਰੀ ਤਰ੍ਹਾਂ ਜੜ੍ਹੋਂ ਉਖਾੜ ਸੁੱਟਿਆ...।" ਉਸੇ ਹੀ ਲੇਖ ਵਿਚ ਟੈਗੋਰ ਨੇ ਹੋਰ ਲਿਖਿਆ, "ਗੁਰੂ ਗੋਬਿੰਦ ਸਿੰਘ ਦੇ ਇਕ ਵਾਰ ਨਾਲ ਹੀ, ਪਹਿਲਾਂ ਤੋਂ ਕਮਜ਼ੋਰ ਪੈ ਚੁੱਕੀ ਜਾਤੀ ਪ੍ਰਥਾ ਧਰਤੀ 'ਤੇ ਧੜੰਮ ਕਰ ਕੇ ਡਿਗ ਪਈ।"

ਇਕ ਹੋਰ ਵਿਅਕਤੀ ਜੋ ਇਸ ਗੱਲ ਵਿਚ ਯਕੀਨ ਰੱਖਦਾ ਸੀ ਕਿ ਜਾਤ-ਪਾਤ ਸਿੱਖਾਂ ਵਿਚ ਬਿਲਕੁਲ ਵੀ ਨਹੀਂ ਸੀ, ਉਹ ਡਾ. ਅੰਬੇਦਕਰ ਆਪ ਸੀ। 1936 ਵਿਚ ਲਾਹੌਰ ਦੇ 'ਜਾਤ-ਪਾਤ ਤੋੜਕ ਮੰਡਲ' ਨੇ ਡਾ. ਬੀ.ਆਰ. ਅੰਬੇਦਕਰ ਨੂੰ ਲਾਹੌਰ ਵਿਖੇ ਆਪਣੇ ਸਾਲਾਨਾ ਸਮਾਗਮ ਵਿਚ ਪ੍ਰਧਾਨਗੀ ਭਾਸ਼ਣ ਦੇਣ ਲਈ ਬੁਲਾਇਆ। ਡਾ. ਅੰਬੇਦਕਰ ਨੇ ਪ੍ਰਧਾਨਗੀ ਭਾਸ਼ਣ ਲਿਖਿਆ ਤੇ ਲਿਖ ਕੇ ਮੰਡਲ ਨੂੰ ਭੇਜ ਦਿੱਤਾ। ਇਸ ਨੂੰ ਪੜ੍ਹਨ ਮਗਰੋਂ, ਮੰਡਲ ਦਾ ਵਿਚਾਰ ਬਣਿਆ ਕਿ ਡਾ. ਅੰਬੇਦਕਰ ਨੂੰ ਨਾ ਬੁਲਾਇਆ ਜਾਵੇ, ਪਰ ਸੱਦਾ ਵਾਪਸ ਲੈਣ ਤੋਂ ਬਚਣ ਲਈ ਉਨ੍ਹਾਂ ਆਪਣੀ ਕਾਨਫ਼ਰੰਸ ਹੀ ਰੱਦ ਕਰ ਦਿੱਤੀ। ਉਹ ਭਾਸ਼ਣ, ਜੋ ਲਾਹੌਰ ਵਿਚ ਨਾ ਪੜ੍ਹਿਆ ਜਾ ਸਕਿਆ, ਮਗਰੋਂ 'ਜਾਤ-ਪਾਤ ਦਾ ਖ਼ਾਤਮਾ' ਦੇ ਨਾਂ ਹੇਠ ਪ੍ਰਕਾਸ਼ਤ ਕਰ ਦਿੱਤਾ ਗਿਆ ਤੇ ਹੁਣ *ਡਾ. ਬਾਬਾ ਸਾਹਿਬ ਅੰਬੇਦਕਰ ਦੀਆਂ ਲਿਖਤਾਂ ਤੇ ਭਾਸ਼ਣ* ਨਾਂ ਦੀ ਪੁਸਤਕ ਵਿਚ ਮਿਲਦਾ ਹੈ। ਆਪਣੇ ਬੜੇ ਹੀ ਸਵਾਰ ਕੇ ਲਿਖੇ ਭਾਸ਼ਣ ਵਿਚ ਡਾ. ਅੰਬੇਦਕਰ ਆਪਣੇ ਇਸ ਮੱਤ ਦੇ ਹੱਕ ਵਿਚ ਤਿੰਨ ਕਾਰਣ ਬਿਆਨ ਕਰਦੇ ਹਨ ਕਿ ਗ਼ੈਰ-ਹਿੰਦੂਆਂ ਵਿਚ ਜਾਤ-ਪਾਤ ਵਿਵਸਥਾ ਨਹੀਂ ਹੈ:

1. "ਕਿਸੇ ਸਿਖ ਨੂੰ ਪੁੱਛੋ ਕਿ ਉਹ ਕੌਣ ਹੈ ? ਉਹ ਤੁਹਾਨੂੰ ਦੱਸੇਗਾ ਕਿ ਉਹ ਸਿਖ ਹੈ। ਉਹ ਤੁਹਾਨੂੰ ਆਪਣੀ ਜਾਤ ਨਹੀਂ ਦਸਦਾ। ...ਪਰ ਹਿੰਦੂਆਂ ਦੇ ਮਾਮਲੇ ਵਿਚ ਜਾਤ ਏਨੀ ਮਹੱਤਵਪੂਰਨ ਹੈ ਕਿ ਇਸ ਨੂੰ ਜਾਣੇ ਬਗ਼ੈਰ ਤੁਸੀਂ ਕੋਈ ਪੱਕਾ ਵਿਚਾਰ ਹੀ ਨਹੀਂ ਬਣਾ ਸਕਦੇ ਕਿ ਉਹ ਕਿਹੋ ਜਿਹਾ ਵਿਅਕਤੀ ਹੈ। ਗ਼ੈਰ-ਹਿੰਦੂਆਂ ਵਿਚ ਜਾਤ-ਪਾਤ ਦਾ ਏਨਾ ਸਮਾਜਿਕ ਮਹੱਤਵ ਨਹੀਂ ਹੈ।"
2. "ਜੇ ਕੋਈ ਸਿਖ ਆਪਣੀ ਜਾਤ ਛੱਡ ਦੇਂਦਾ ਹੈ ਤਾਂ ਸਿਖ ਉਸ ਨੂੰ ਆਪਣੇ ਵਿੱਚੋਂ ਛੇਕ ਨਹੀਂ ਦੇਣਗੇ। ਪਰ ਹਿੰਦੂਆਂ ਦੇ ਮਾਮਲੇ ਵਿਚ ਜਾਤ ਬਦਲਣ ਵਾਲੇ ਨੂੰ ਅਵੱਸ਼ ਛੇਕਿਆ ਜਾਵੇਗਾ।"
3. "ਗ਼ੈਰ-ਹਿੰਦੂਆਂ ਅੰਦਰ ਜਾਤ-ਪਾਤ ਨੂੰ ਧਰਮ ਵੱਲੋਂ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ, ਪਰ ਹਿੰਦੂਆਂ ਵਿਚ ਇਹ ਧਰਮ ਦੇ ਸਹਾਰੇ ਹੀ ਖੜੀ ਹੈ। ਗ਼ੈਰ-ਹਿੰਦੂਆਂ ਅੰਦਰ ਜਾਤ-ਪਾਤ ਇਕ ਚਲੀ ਆ ਰਹੀ ਰੀਤ ਹੈ, ਕੋਈ ਪਵਿੱਤਰ ਧਾਰਮਿਕ ਸੰਸਥਾ ਨਹੀਂ। ਉਨ੍ਹਾਂ (ਗ਼ੈਰ-ਹਿੰਦੂਆਂ) ਨੇ ਇਸ ਨੂੰ ਜਨਮ ਨਹੀਂ ਸੀ ਦਿੱਤਾ। ਉਨ੍ਹਾਂ ਦੀ ਹਾਲਤ ਵਿਚ, ਇਹ ਸਿਰਫ਼ ਮਰੀ ਨਹੀਂ। ਉਹ ਜਾਤ ਨੂੰ ਇਕ ਧਾਰਮਿਕ

ਵਿਚਾਰਧਾਰਾ ਨਹੀਂ ਮੰਨਦੇ। ਧਰਮ ਹਿੰਦੂਆਂ ਨੂੰ ਮਜਬੂਰ ਕਰਦਾ ਹੈ ਕਿ ਜਾਤ-ਪਾਤ ਦੇ ਆਧਾਰ 'ਤੇ ਮਨੁੱਖਾਂ ਨੂੰ ਨਿਖੇੜਨਾ ਇਕ ਸ਼ੁਭ ਕਰਮ ਹੈ। ਜੇ ਹਿੰਦੂ ਜਾਤ-ਪਾਤ ਨੂੰ ਤੋੜਨਾ ਚਾਹੁਣਗੇ ਤਾਂ ਉਨ੍ਹਾਂ ਦਾ ਧਰਮ ਉਨ੍ਹਾਂ ਦੇ ਰਾਹ ਵਿਚ ਆ ਜਾਏਗਾ।"

ਡਾ. ਅੰਬੇਦਕਰ ਨੇ ਇਹ ਵਿਚਾਰ 1936 ਵਿਚ ਪ੍ਰਗਟ ਕੀਤੇ ਸਨ ਤੇ ਇਹ ਸਮਾਂ ਸਾਡੇ ਲਈ ਕਾਫ਼ੀ ਮਹੱਤਵਪੂਰਨ ਹੈ। ਉਪਰੋਕਤ ਘਟਨਾ ਬਾਰੇ ਗਾਂਧੀ ਦਾ ਪ੍ਰਤੀਕਰਮ ਸਪੱਸ਼ਟ ਕਰਦਾ ਹੈ ਕਿ ਹਿੰਦੂ ਸਮਾਜ ਵਿਚ ਜਾਤ-ਪਾਤ ਬਾਰੇ ਉਸ ਦੇ ਅਸਲ ਵਿਚਾਰ ਕੀ ਸਨ। ਮੰਡਲ ਦੇ ਕਾਰਜ ਕਰਤਾ ਸੰਤ ਰਾਮ ਨੇ ਗਾਂਧੀ ਨੂੰ ਦੱਸਿਆ ਕਿ ਮੰਡਲ ਆਪ ਜਾਤ-ਪਾਤ ਵਿਚ ਯਕੀਨ ਨਹੀਂ ਰੱਖਦਾ, ਪਰ ਉਨ੍ਹਾਂ ਨੂੰ ਕਾਨਫ਼ਰੰਸ ਇਸ ਲਈ ਰੱਦ ਕਰਨੀ ਪਈ, ਜਦੋਂ ਅੰਬੇਦਕਰ ਨੇ ਆਪਣੇ ਭਾਸ਼ਣ ਵਿਚ ਇਹ ਕਹਿਣ ਦੀ ਜ਼ਿੱਦ ਕੀਤੀ ਕਿ "ਇਕ ਹਿੰਦੂ ਵਜੋਂ ਇਹ ਮੇਰਾ ਅੰਤਮ ਭਾਸ਼ਣ ਹੈ।" ਅੰਬੇਦਕਰ ਕਿਉਂਕਿ ਹਿੰਦੂ ਧਰਮ ਨੂੰ ਤਿਆਗ ਰਿਹਾ ਸੀ, ਇਸ ਲਈ ਮੰਡਲ, ਕਾਨਫ਼ਰੰਸ ਵਿਚ ਉਸ ਦੇ ਮੂੰਹੋਂ ਇਹ ਐਲਾਨ ਨਹੀਂ ਸੀ ਸੁਣਨਾ ਚਾਹੁੰਦਾ। 15 ਅਗਸਤ, 1936 ਦੇ *ਹਰੀਜਨ* ਵਿਚ, ਗਾਂਧੀ ਨੇ ਲਿਖਿਆ, "ਜੇ ਮੰਡਲ ਸ਼ਾਸਤਰਾਂ ਦੀ ਸਹਾਇਤਾ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਫਿਰ ਇਹ ਵੀ ਉਹੀ ਕੁਝ ਕਰਦਾ ਹੈ, ਜੋ ਡਾ. ਅੰਬੇਦਕਰ ਕਰਦਾ ਹੈ ਅਰਥਾਤ ਹਿੰਦੂ ਧਰਮ ਦਾ ਤਿਆਗ ਕਰਨਾ। ਪਰ ਇਹ ਪੁੱਛਣਾ ਗ਼ਲਤ ਨਹੀਂ ਹੋਵੇਗਾ ਕਿ ਜੇ ਮੰਡਲ ਸ਼ਾਸਤਰਾਂ ਨੂੰ ਰੱਦ ਕਰਦਾ ਹੈ ਤਾਂ ਫਿਰ ਮੰਨਦਾ ਕਿਸ ਨੂੰ ਹੈ? ਕੁਰਾਨ ਦਾ ਤਿਆਗ ਕਰ ਕੇ ਕੋਈ ਮੁਸਲਮਾਨ ਕਿਵੇਂ ਬਣਿਆ ਰਹਿ ਸਕਦਾ ਹੈ ਤੇ ਬਾਈਬਲ ਨੂੰ ਛੱਡ ਕੇ ਕੋਈ ਈਸਾਈ ਕਿਵੇਂ ਹੋ ਸਕਦੈ?" ਇਸ ਤੋਂ ਅੱਗੇ ਗਾਂਧੀ ਆਮ ਜਨਤਾ ਦਾ ਧਿਆਨ ਰੱਖ ਕੇ ਆਪਣੇ ਸਿਧਾਂਤ ਵੱਲ ਇਸ਼ਾਰਾ ਕਰਦਾ ਹੈ ਕਿ ਸ਼ਾਸਤਰਾਂ ਅਤੇ ਜਾਤ-ਪਾਤ ਵਿਵਸਥਾ ਵਿਚਲੀ ਦੁਬਿਧਾ ਨੂੰ ਕਿਵੇਂ ਮਿਟਾਣਾ ਅਤੇ ਇਕ ਦੂਜੇ ਦੇ ਪੂਰਕ ਬਣਾਉਣਾ ਹੈ।

ਉਪਰ ਵਰਣਤ ਪੰਜਾਬੀ ਅਖ਼ਬਾਰ ਨੇ ਹੁਣੇ ਜਿਹੇ ਇਕ ਹੋਰ ਲੇਖ ਪ੍ਰਕਾਸ਼ਤ ਕੀਤਾ ਹੈ, ਜਿਸ ਵਿਚ ਮੇਰੇ ਪਹਿਲੇ ਲੇਖ ਵਿਚ ਦਿੱਤੇ ਮੇਰੇ ਵਿਚਾਰਾਂ ਦਾ ਮਜ਼ਾਕ ਉਡਾਇਆ ਗਿਆ ਹੈ। ਗਾਂਧੀ ਦੀ ਇਹ ਕਹਿ ਕੇ ਹਮਾਇਤ ਕੀਤੀ ਗਈ ਹੈ ਕਿ ਦਲਿਤਾਂ ਨੂੰ ਸਿਖ ਬਣਨੋਂ ਰੋਕ ਕੇ ਉਸ ਨੇ ਕੋਈ ਗ਼ਲਤ ਗੱਲ ਨਹੀਂ ਕੀਤੀ, ਕਿਉਂਕਿ ਅਜਿਹਾ ਕਰਨਾ ਉਸ ਦੇ ਹਿੰਦੂ ਫ਼ਿਰਕੇ ਦੇ ਭਲੇ ਵਿਚ ਸੀ। ਅਜਿਹਾ ਕਹਿਣ ਨਾਲ ਕੀ ਭਾਰਤੀ ਜਨਤਾ ਦੇ ਵੱਡੇ ਭਾਗ ਦੀ ਬੰਦ ਖ਼ਲਾਸੀ ਨੂੰ ਰੋਕਣ ਦੀ ਉਸ ਦੀ ਇੱਛਾ ਦੇ ਗ਼ੈਰ-ਸਦਾਚਾਰਕ ਖ਼ਾਸੇ ਨੂੰ ਭੁਲਾਇਆ ਜਾ ਸਕਦਾ ਹੈ? ਗਾਂਧੀ ਦੀ ਭੂਮਿਕਾ ਦਾ ਵਿਸ਼ਲੇਸ਼ਣ ਕਰਨ ਸਮੇਂ ਮੇਰਾ ਨੁਕਤਾ ਕੇਵਲ ਏਨਾ ਸੀ ਕਿ ਭਾਵੇਂ ਉਹ ਗ਼ੈਰ-ਫ਼ਿਰਕੂ ਕੌਮੀ ਆਗੂ ਹੋਣ ਦਾ ਵਿਖਾਵਾ ਕਰਦਾ ਸੀ, ਜੋ ਸਭਨਾਂ ਦੇ ਭਲੇ ਲਈ ਕੰਮ ਕਰਦਾ ਸੀ—ਪਰ ਦਿਲੋਂ ਮਨੋਂ ਉਹ ਕੇਵਲ ਇਕ ਹਿੰਦੂ ਲੀਡਰ ਹੀ ਸੀ। ਘੱਟੋ ਘੱਟ ਮੇਰੇ ਇਸ ਨਿਰਣੇ ਵਿਚ ਕੋਈ ਗ਼ਲਤੀ ਨਹੀਂ ਲੱਭੀ ਗਈ, ਪਰ ਗਾਂਧੀ ਦੇ ਫ਼ਿਰਕੂ ਰਵਈਏ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਗਿਆ ਹੈ ਕਿ ਉਹ ਆਪਣੇ ਫ਼ਿਰਕੇ ਦੇ ਹਿੱਤਾਂ ਦੀ ਰਖਵਾਲੀ ਕਰ ਰਿਹਾ ਸੀ। ਮਾਸਟਰ ਤਾਰਾ ਸਿੰਘ ਦੀ ਮਿਸਾਲ ਵੀ ਦਿੱਤੀ ਗਈ ਹੈ, ਜਿਨ੍ਹਾਂ ਵੱਲੋਂ ਆਪਣੇ ਫ਼ਿਰਕੇ ਦੇ ਹਿੱਤਾਂ ਦੀ ਰਖਵਾਲੀ ਨੂੰ ਆਪਣੀ ਦਲੀਲ ਦੇ ਹੱਕ ਵਿਚ ਵਰਤਿਆ ਗਿਆ ਹੈ।

ਦੋਹਾਂ ਦੇ ਫ਼ਰਕ ਨੂੰ ਸਮਝਣ ਦੀ ਲੋੜ ਹੈ। ਮਾਸਟਰ ਜੀ ਨੇ ਕਦੀ ਝੂਠਾ ਦਾਅਵਾ ਨਹੀਂ ਕੀਤਾ ਕਿ ਉਹ ਇਕ ਰਾਸ਼ਟਰੀ ਨੇਤਾ ਹਨ ਤੇ ਨਾ ਹੀ ਉਨ੍ਹਾਂ ਦੇ ਮਨ ਵਿਚ ਕਿਸੇ

ਹੋਰ ਫ਼ਿਰਕੇ ਨੂੰ ਆਪਣੇ ਦਾਬੇ ਹੇਠ ਰੱਖਣ ਦੀ ਗੱਲ ਹੀ ਕਦੋ ਆਈ ਸੀ। ਉਨ੍ਹਾਂ ਦਾ ਪ੍ਰੇਰਨਾ ਸ੍ਰੋਤ ਤਾਂ ਕੇਵਲ ਇਹ ਸਵੱਛ ਵਿਚਾਰ ਸੀ ਕਿ ਅਸੀਂ ਆਪਣੀ ਕੌਮ ਦੇ ਰਾਜਸੀ ਭਵਿੱਖ ਨੂੰ ਬਚਾਣਾ ਹੈ। ਦੂਜੇ ਪਾਸੇ, ਗਾਂਧੀ ਦੀ ਸੋਚ ਬਹੁ-ਗਿਣਤੀ ਦੇ ਦਾਬੇ ਵਾਲੀ ਸੋਚ ਸੀ ਤੇ ਉਹ ਬਰਤਾਨਵੀ ਸਾਮਰਾਜ ਦੀ ਥਾਂ ਭਾਰਤ ਵਿਚ ਸੈਕੂਲਰ, ਲੋਕਰਾਜੀ ਪ੍ਰਣਾਲੀ ਕਾਇਮ ਕਰਨ ਦਾ ਬਹਾਨਾ ਵਰਤ ਕੇ ਇਥੇ ਬਹੁ-ਗਿਣਤੀ ਸਭਿਆਚਾਰ ਦਾ ਸਥਾਈ ਗ਼ਲਬਾ ਸਥਾਪਿਤ ਕਰਨਾ ਚਾਹੁੰਦਾ ਸੀ। ਜੇ ਉਸ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰ ਕੇ, ਪੁਰਾਤਨ ਹਿੰਦੂ ਗੌਰਵ ਦੀ ਮੁੜ ਕੇ ਸਥਾਪਤੀ ਦੀ ਗੱਲ ਖੁਲ੍ਹ ਕੇ ਕੀਤੀ ਹੁੰਦੀ ਤਾਂ ਉਸ ਦੀ ਆਲੋਚਨਾ ਕਰਨ ਦੀ ਬਹੁਤੀ ਗੁੰਜਾਇਸ਼ ਨਹੀਂ ਸੀ ਹੋਣੀ। ਅਜਿਹੀ ਹਾਲਤ ਵਿਚ ਘੱਟ-ਗਿਣਤੀਆਂ ਨੂੰ ਪਤਾ ਲੱਗ ਜਾਣਾ ਸੀ ਕਿ ਆਜ਼ਾਦ ਭਾਰਤ ਵਿਚ ਉਨ੍ਹਾਂ ਨੂੰ ਕੀ ਮਿਲਣ ਵਾਲਾ ਹੈ। ਉਸ ਹਾਲਤ ਵਿਚ ਜਾਂ ਤਾਂ ਉਹ ਆਪਣੇ ਲਈ ਕਾਫ਼ੀ ਸਾਰੀ 'ਸੁਰੱਖਿਆ' ਮੰਗ ਲੈਂਦੀਆਂ ਜਾਂ ਫਿਰ ਕਹਿ ਲਉ ਕਿ ਬਲਦੀ ਅੱਗ ਵਿਚ ਅੱਖਾਂ ਖੋਲ੍ਹ ਕੇ ਛਾਲ ਮਾਰਦੀਆਂ। ਗਾਂਧੀ ਦੇ ਸਾਰੇ ਯਤਨ ਏਨੇ ਗੁੱਝੇ ਸਨ ਕਿ ਉਸ ਦੀਆਂ ਨੀਤੀਆਂ ਦਾ ਸ਼ਿਕਾਰ ਹੋਣ ਵਾਲੇ ਤਿੰਨ ਫ਼ਿਰਕਿਆਂ 'ਚੋਂ ਕੇਵਲ ਕੁਝ ਮੁਸਲਮਾਨ ਹੀ ਅਸਲੀਅਤ ਸਮਝ ਸਕੇ ਅਤੇ ਜਾਲ ਵਿਚ ਫਸਣੋਂ ਬੱਚ ਸਕੇ। ਅਫ਼ਸੋਸ, ਦਲਿਤ ਵੀ ਸ਼ਿਕਾਰ ਬਣ ਗਏ। ਮੈਨੂੰ ਇਸ ਵਿਚ ਕਿਸੇ ਤਰ੍ਹਾਂ ਦਾ ਰਾਜਸੀ ਸਦਾਚਾਰ ਨਜ਼ਰ ਨਹੀਂ ਆਉਂਦਾ ਕਿ ਦਲਿਤਾਂ ਅਤੇ ਸਿੱਖਾਂ ਨੂੰ ਧੋਖੇ ਨਾਲ ਫਸਾ ਲਿਆ ਗਿਆ ਤੇ ਗਾਂਧੀ ਦੀਆਂ ਮਿੱਠੀਆਂ ਗੱਲਾਂ ਨਾਲ ਉਨ੍ਹਾਂ ਨੂੰ ਇਕ ਅਜਿਹੀ ਸਥਿਤੀ ਵਿਚ ਲਿਆ ਖੜਾ ਕੀਤਾ ਗਿਆ, ਜੋ ਉਨ੍ਹਾਂ ਦੇ ਹਿੱਤਾਂ ਲਈ ਬਹੁਤ ਹੀ ਖ਼ਰਾਬ ਸੀ। ਅਖ਼ੀਰ, ਦਲਿਤਾਂ ਦੀ ਮੰਦੀ ਹਾਲਤ ਨੂੰ ਸਥਾਈ ਬਣਾਉਣ ਲਈ ਗਾਂਧੀ ਵੀ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ। ਸਾਰੇ ਹੀ ਯੁੱਗਾਂ ਦੇ ਮਹਾਂਪੁਰਸ਼ਾਂ ਅਤੇ ਸੂਝਵਾਨਾਂ ਦੇ ਮੱਤ ਅਨੁਸਾਰ, ਸਾਰੇ ਲੋਕਾਂ ਦਾ ਇਹ ਹੱਕ ਹੈ ਕਿ ਉਹ ਰਾਜਸੀ ਅਤੇ ਧਾਰਮਿਕ ਆਜ਼ਾਦੀ ਪ੍ਰਾਪਤ ਕਰਨ। ਗਾਂਧੀ ਨੇ ਦਲਿਤਾਂ ਅਤੇ ਸਿੱਖਾਂ ਦੇ ਮਾਮਲੇ ਵਿਚ ਰੋੜਾ ਅਟਕਾਇਆ। ਇਹ ਯਕੀਨਨ ਗ਼ਲਤ ਸੀ ਤੇ ਨਿੰਦਣਯੋਗ ਹੈ। ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ, ਜੇ ਮੈਂ ਮੁਸਲਮਾਨਾਂ, ਦਲਿਤਾਂ ਅਤੇ ਖ਼ਾਸ ਤੌਰ 'ਤੇ ਸਿੱਖਾਂ ਨੂੰ ਗ਼ੁਲਾਮ ਰੱਖਣ ਵਿਚ ਗਾਂਧੀ ਵੱਲੋਂ ਚੁੱਕੇ ਗਏ ਕਦਮਾਂ ਸਦਕਾ ਉਸ ਦੀ ਸਰਾਹਣਾ ਨਹੀਂ ਕਰ ਸਕਦਾ। ਮੈਨੂੰ ਇਹ ਗੱਲ ਸੂਰਜ ਵਾਂਗ ਰੌਸ਼ਨ ਹੈ ਕਿ ਗਾਂਧੀ ਦੀ ਫ਼ਿਰਕੂ ਸੋਚ ਹੀ ਪੰਜ ਦਰਿਆਵਾਂ ਦੀ ਮਹਾਨ ਧਰਤੀ ਦੀ ਵੰਡ ਦਾ ਕਾਰਣ ਬਣੀ। ਜਿਹੜੇ ਲੋਕ ਅਜਿਹੇ ਵਿਅਕਤੀ ਦੇ ਪ੍ਰਸ਼ੰਸਕ ਬਣੇ ਰਹਿਣਾ ਚਾਹੁੰਦੇ ਹਨ, ਮੈਂ ਉਨ੍ਹਾਂ ਨੂੰ ਕੁਝ ਨਹੀਂ ਕਹਿੰਦਾ।

ਦਲਿਤਾਂ ਨੂੰ ਹਿੰਦੂ ਧਰਮ ਦੇ ਘੇਰੇ ਵਿਚ ਰੱਖਣ ਦੀ ਗਾਂਧੀ ਦੀ ਇੱਛਾ ਏਨੀ ਤੀਬਰ ਸੀ ਕਿ ਉਸ ਨੇ ਕਈ ਕਦਮ ਇਸ ਇੱਛਾ ਦੀ ਪੂਰਤੀ ਹਿੱਤ ਚੁੱਕੇ, ਜਿਨ੍ਹਾਂ 'ਚੋਂ ਕਈਆਂ ਨੂੰ ਤਾਂ ਸੱਚ ਆਖੀਏ ਤਾਂ ਸਦਾਚਾਰ-ਵਿਹੂਣੇ ਹੀ ਕਿਹਾ ਜਾ ਸਕਦਾ ਹੈ। ਯਰਵਦਾ ਜੇਲ੍ਹ ਵਿਚ ਉਸ ਵੱਲੋਂ ਰੱਖਿਆ ਵਰਤ ਅਜਿਹਾ ਇਕ ਗ਼ਲਤ ਹੱਥਕੰਡਾ ਸੀ। ਜਿਸ ਇਤਰਾਜ਼ਯੋਗ ਢੰਗ ਨਾਲ ਡਾ. ਅੰਬੇਦਕਰ ਨੂੰ ਮਨਾਇਆ ਗਿਆ, ਉਹ ਇਤਿਹਾਸ ਦੇ ਇਕ ਕਾਲੇ ਅਧਿਆਏ ਵਜੋਂ ਹੀ ਜਾਣਿਆ ਜਾਵੇਗਾ। ਇਸ ਵਰਤ ਦਾ ਅੰਤਮ ਨਿਸ਼ਾਨਾ ਦਲਿਤਾਂ ਨੂੰ, ਕੋਈ ਹੋਰ ਧਰਮ ਧਾਰਨ ਕਰਨ ਦੀ ਇੱਛਾ ਪੂਰੀ ਕਰਨ ਤੋਂ ਰੋਕਣਾ ਹੀ ਸੀ। ਪ੍ਰਤੱਖ ਹੈ ਕਿ ਉਨ੍ਹਾਂ ਦੇ ਲੀਡਰਾਂ ਦੇ ਮਨਾਂ ਵਿਚ ਉਸ ਸਮੇਂ ਸਿੱਖੀ ਧਾਰਨ ਕਰਨ ਦਾ ਵਿਚਾਰ ਕਿਉਂਕਿ ਸਭ ਤੋਂ ਉਪਰ ਸੀ, ਇਸ ਲਈ ਗਾਂਧੀ ਦਾ ਵਰਤ ਉਨ੍ਹਾਂ ਨੂੰ ਸਿੱਖੀ ਕੋਲੋਂ ਦੂਰ

ਕਰਨ ਦਾ ਹੀ ਇਕ ਯਤਨ ਸੀ। ਮੇਰੇ ਵੱਲੋਂ ਇਸ ਤੱਥ ਦਾ ਬਿਆਨ ਕਰਨ ਪ੍ਰਤੀ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ। ਆਖ਼ਰਕਾਰ ਗਾਂਧੀ ਦੇ ਇਰਾਦੇ ਹਮੇਸ਼ਾ ਸਾਫ਼ ਅਤੇ ਸਪੱਸ਼ਟ ਨਹੀਂ ਸਨ ਹੁੰਦੇ।

ਆਪਣੇ ਕੁਝ ਆਲੋਚਕਾਂ ਵਾਲੀ ਉਹ ਕਲਾ ਮੈਨੂੰ ਨਹੀਂ ਆਉਂਦੀ ਕਿ ਮਜ਼ਲੂਮ ਦਾ ਸਾਥ ਵੀ ਦਿਆਂ ਤੇ ਜ਼ਾਲਮ ਦੇ ਗੁਣ ਵੀ ਗਾਵਾਂ। ਜੇ ਕਿਸੇ ਨੂੰ ਮੇਰੀ 'ਸਮਝ ਸਕਣ ਦੀ ਸਮਰੱਥਾ' ਬਾਰੇ ਸ਼ੱਕ ਖੜ੍ਹੇ ਕਰਨੇ ਪਸੰਦ ਹੋਣ ਤਾਂ ਉਹ ਇਕ ਵਾਰ ਫਿਰ ਅਜਿਹਾ ਕਰ ਸਕਦਾ ਹੈ, ਕਿਉਂਕਿ ਮੈਨੂੰ ਇਸ ਗੱਲ ਦੀ ਸਮਝ ਸੱਚਮੁੱਚ ਨਹੀਂ ਆ ਸਕਦੀ ਕਿ ਉਸ ਗਾਂਧੀ ਨਾਲ ਕੋਈ ਹਮਦਰਦੀ ਕਿਵੇਂ ਕਰੇ, ਜੋ ਮਾਨਵੀ ਕਦਰਾਂ ਦੀ ਬਹਾਲੀ ਕਰਨ ਵਾਲਿਆਂ ਦਾ ਚੋਗ਼ਾ ਪਹਿਨ ਕੇ ਪੂਰੀ ਤਰ੍ਹਾਂ ਫ਼ਿਰਕੂ ਨੀਤੀ 'ਤੇ ਚੱਲ ਰਿਹਾ ਸੀ। ਉਸ ਨੂੰ ਆਪਣਾ ਮਨ-ਭਾਉਂਦਾ ਸ਼ੁਗਲ ਪੂਰਾ ਕਰਨ ਦੇਣ ਲਈ ਇਕ ਹੋਰ ਮੌਕਾ ਦੇਂਦਿਆਂ, ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਜਾਤ-ਪਾਤ ਵਿਵਸਥਾ ਦੇ ਜੂਲੇ 'ਚੋਂ ਨਿਕਲ ਭੱਜਣ ਦੇ ਦਲਿਤਾਂ ਦੇ ਹਰ ਯਤਨ ਨੂੰ ਨਾਕਾਮ ਬਣਾ ਕੇ ਗਾਂਧੀ ਇਕ ਅਮਾਨਵੀ ਵਿਵਹਾਰ ਵੀ ਕਰ ਰਿਹਾ ਸੀ। ਇਹ ਉਹ ਅਜਿਹੇ ਬੇਸਹਾਰਾ ਲੋਕਾਂ ਨਾਲ ਕਰ ਰਿਹਾ ਸੀ, ਜਿਨ੍ਹਾਂ ਨੂੰ ਨਰਕ ਭੋਗਦਿਆਂ ਮੁੱਦਤਾਂ ਬੀਤ ਗਈਆਂ ਸਨ ਅਤੇ ਜਿਨ੍ਹਾਂ ਨੂੰ ਗਾਂਧੀ ਉੱਤੇ ਵਿਸ਼ਵਾਸ ਵੀ ਓੜਕਾਂ ਦਾ ਸੀ। ਜੇ ਉਸ ਵਿਚ ਜ਼ਰਾ ਭਰ ਵੀ ਮਾਨਵਤਾ ਦਾ ਕਣ ਬਾਕੀ ਹੁੰਦਾ ਤਾਂ ਉਹ ਡਾ. ਅੰਬੇਦਕਰ ਦੇ ਉਨ੍ਹਾਂ ਯਤਨਾਂ ਵਿਚ ਦਿਲੋਂ ਮਨੋਂ ਸਹਾਈ ਹੁੰਦਾ, ਜਿਨ੍ਹਾਂ ਰਾਹੀਂ ਡਾ. ਅੰਬੇਦਕਰ ਆਪਣੇ ਲੋਕਾਂ ਨੂੰ ਮਾਨਵੀ ਇਤਿਹਾਸ ਦੀ ਸਭ ਤੋਂ ਜ਼ਾਲਮ ਅਤੇ ਅਪਮਾਨਜਨਕ ਪ੍ਰਥਾ ਤੋਂ ਨਿਜਾਤ ਦਿਵਾਉਣ ਲਈ ਯਤਨ ਕਰ ਰਿਹਾ ਸੀ।

•

ਉਨ੍ਹਾਂ ਇਸ ਤਰ੍ਹਾਂ ਕਿਉਂ ਕੀਤਾ ?*

ਤਰਨ ਤਾਰਨ ਦੇ ਸਾਬਕਾ ਪੁਲਿਸ ਮੁਖੀ ਅਜੀਤ ਸਿੰਘ ਸੰਧੂ ਦੀ ਆਤਮ-ਹੱਤਿਆ ਕਾਰਣ ਹੋਈ ਮੌਤ ਦਾ ਲੋੜ ਤੋਂ ਵੱਧ ਤਿੱਖਾ ਪ੍ਰਤੀਕਰਮ ਹੋਇਆ ਹੈ, ਜੋ ਕਿ ਆਪਣੇ ਆਪ ਵਿਚ ਬੜੀ ਚਿੰਤਾ ਵਾਲੀ ਗੱਲ ਹੈ। ਇਸ 'ਤਹਿਜ਼ੀਬਯਾਫ਼ਤਾ ਸਮਾਜ' ਦੀ ਜ਼ਮੀਰ ਉਦੋਂ ਨਾ ਜਾਗੀ, ਜਦੋਂ ਲੱਖਾਂ ਸਿੱਖਾਂ ਨੂੰ ਬੰਦੀ ਬਣਾਇਆ ਜਾ ਰਿਹਾ ਸੀ ਅਤੇ ਦੋ ਲੱਖ ਤੋਂ ਵੱਧ ਸਿੱਖਾਂ ਨੂੰ ਫ਼ਿਰਕੂ ਆਧਾਰ 'ਤੇ ਕਤਲ ਕੀਤਾ ਜਾ ਰਿਹਾ ਸੀ। ਇਹ ਉਦੋਂ ਵੀ ਸੁੱਤੀ ਰਹੀ, ਜਦੋਂ ਦਹਾਕਿਆਂ ਬੱਧੀ ਪੰਜਾਬੀ ਨੂੰ ਸੰਵਿਧਾਨ ਅਨੁਸਾਰ ਬਣਦਾ ਉਸ ਦਾ ਹੱਕ ਦੇਣ ਤੋਂ ਨਾਂਹ ਕੀਤੀ ਜਾਂਦੀ ਰਹੀ। ਇਸ ਨੇ ਪੰਜਾਬ ਦੇ ਪਾਣੀਆਂ ਸੰਬੰਧੀ ਉਸ ਦੇ ਕਾਨੂੰਨੀ ਅਧਿਕਾਰਾਂ ਉੱਤੇ ਪੈਂਦੇ ਛਾਪੇ ਵੱਲ ਵੀ ਕੋਈ ਧਿਆਨ ਨਾ ਦਿੱਤਾ। ਇਸ ਦੇ ਮਨ 'ਤੇ ਅਕਾਲ ਤਖ਼ਤ ਸਾਹਿਬ ਦੀ ਤਬਾਹੀ ਅਤੇ ਦਰਬਾਰ ਸਾਹਿਬ ਦੀ ਬੇਹੁਰਮਤੀ ਵੇਲੇ ਵੀ ਓਨਾ ਅਸਰ ਨਾ ਹੋਇਆ, ਜਿੰਨਾ ਇਕ ਤਾਨਾਸ਼ਾਹ ਪੁਲਿਸ ਅਫ਼ਸਰ ਦੀ ਆਤਮ-ਹੱਤਿਆ ਨਾਲ ਹੋਇਆ ਹੈ—ਉਹ ਅਫ਼ਸਰ, ਜੋ ਇਹ ਸਮਝਦਾ ਸੀ ਕਿ ਉਸ ਦੇ ਫ਼ਰਜ਼ਾਂ ਵਿਚ ਇਹ ਸ਼ਾਮਲ ਸੀ ਕਿ ਉਹ ਹਜ਼ਾਰਾਂ ਮਾਸੂਮ ਨੌਜਵਾਨਾਂ ਨੂੰ ਕਤਲ ਕਰ ਦੇਵੇ ਅਤੇ ਅਜਿਹਾ ਕਰਨ ਵੇਲੇ ਕੋਈ ਹਰਜ ਨਹੀਂ, ਜੇ ਉਹ ਨਿਜੀ ਲਾਭ ਅਤੇ ਮਾਰੂ ਮਨ-ਪਰਚਾਵੇ ਲਈ ਕੁਝ ਸੌ ਹੋਰ ਬੰਦੇ ਵੀ ਮਾਰ ਦੇਵੇ।

ਜੇ ਬਹਿਸ ਨੂੰ ਅਰਥ-ਭਰਪੂਰ ਬਣਾਉਣਾ ਹੈ ਤਾਂ ਗੱਲ ਦਾ ਆਰੰਭ ਸ਼ੁਰੂ ਤੋਂ ਕਰਨਾ ਬਣਦਾ ਹੈ। 15 ਅਗਸਤ, 1947 ਤੋਂ ਪਹਿਲਾਂ ਘੱਟ-ਗਿਣਤੀਆਂ ਅਤੇ 'ਖ਼ਾਸ ਤੌਰ 'ਤੇ ਸਿੱਖਾਂ' (ਰਾਵੀ ਦੇ ਕੰਢੇ ਦਸੰਬਰ 1929 ਵਿਚ ਕਾਂਗਰਸ ਵੱਲੋਂ ਪਾਸ ਕੀਤੇ ਗਏ ਇਤਿਹਾਸਕ ਮਤੇ ਵਿੱਚੋਂ ਸ਼ਬਦ ਉਧਾਰੇ ਲਏ ਗਏ ਹਨ) ਨੂੰ ਇਹ ਦੇਣ ਦਾ ਭਰੋਸਾ ਦਿੱਤਾ ਗਿਆ ਸੀ : ਇਕ ਧਰਮ ਨਿਰਪੱਖ, ਨਿਆਂ ਆਧਾਰਿਤ ਰਾਜ ਪ੍ਰਬੰਧ, ਇਕ ਪੱਕਾ ਸੰਵਿਧਾਨ, ਵੱਖਰੀਆਂ ਚੋਣਾਂ, ਅਸੈਂਬਲੀਆਂ ਤੇ ਨੌਕਰੀਆਂ ਵਿਚ ਰਾਖਵੀਆਂ ਸੀਟਾਂ, ਭਾਸ਼ਾ ਦੇ ਆਧਾਰ 'ਤੇ ਰਾਜਾਂ ਦਾ ਪੁਨਰਗਠਨ, ਫ਼ੈਡਰਲ ਪ੍ਰਬੰਧ ਜਿਸ ਵਿਚ ਕੁਝ ਇਕ ਨੂੰ ਛੱਡ ਕੇ ਬਾਕੀ ਅਧਿਕਾਰ ਰਾਜਾਂ ਕੋਲ, ਧਰਮ ਦੇ ਮਾਮਲੇ ਵਿਚ ਕੋਈ ਦਖ਼ਲ-ਅੰਦਾਜ਼ੀ ਨਹੀਂ, ਕਾਨੂੰਨ ਸਾਹਵੇਂ ਮੁਕੰਮਲ ਬਰਾਬਰੀ ਅਤੇ ਬਾਵਕਾਰ ਜੀਵਨ ਬਸਰ ਕਰਨ ਦੀਆਂ ਸੰਭਾਵਨਾਵਾਂ—ਜਿਸ ਨਾਲ 'ਆਜ਼ਾਦੀ ਦਾ ਨਿਘ' ਮਾਣਿਆ ਜਾ ਸਕੇਗਾ। ਆਜ਼ਾਦੀ ਲਈ ਸੰਘਰਸ਼ ਕਰ ਰਹੇ ਰਾਸ਼ਟਰ ਵੱਲੋਂ ਸਿੱਖਾਂ ਨੂੰ ਇਹ ਯਕੀਨ ਦਿਵਾਇਆ ਗਿਆ ਕਿ 'ਕੋਈ ਅਜਿਹਾ

---

* ਬੀਤੇ ਕੱਲ੍ਹ ਦੀ ਖਾੜਕੂ ਲਹਿਰ ਦੀ ਆੜ ਵਿਚ ਪੁਲਿਸ ਵੱਲੋਂ ਬੇਗੁਨਾਹ ਸਿੱਖਾਂ 'ਤੇ ਢਾਹੇ ਅਣਮਨੁੱਖੀ ਤਸ਼ੱਦਦ ਦੀਆਂ ਤਹਿਆਂ ਨੂੰ ਮਨੋਵਿਗਿਆਨਕ-ਵਿਸ਼ਲੇਸ਼ਣਾਤਮਕ ਨਜ਼ਰੀਏ ਤੋਂ ਫਰੋਲਦਾ ਇਹ ਲੇਖ *ਸਪੋਕਸਮੈਨ ਵੀਕਲੀ* ਦੇ ਮਾਸਕ ਅੰਕ, ਜੁਲਾਈ 1997 ਵਿਚ ਛਪਿਆ।

ਸੰਵਿਧਾਨ ਲਾਗੂ ਨਹੀਂ ਕੀਤਾ ਜਾਵੇਗਾ, ਜੋ ਸਿੱਖਾਂ ਦੀ ਪੂਰੀ ਤਸੱਲੀ ਨਾ ਕਰਦਾ ਹੋਵੇ।'

ਜੇ ਮੌਕਾ ਦਿੱਤਾ ਜਾਵੇ ਤਾਂ ਯਕੀਨ ਨਾਲ ਸਾਬਤ ਕੀਤਾ ਜਾ ਸਕਦਾ ਹੈ ਕਿ ਉਪਰ ਵਰਣਤ ਸਾਰੇ ਵਾਅਦੇ ਹਵਾ ਵਿਚ ਉਡਾ ਦਿੱਤੇ ਗਏ ਅਤੇ 15 ਅਗਸਤ, 1947 ਦੀ ਸਵੇਰ ਨੂੰ ਪਹਿਲਾਂ ਵਾਲੇ ਸਾਰੇ ਵਿਚਾਰ ਉਲਟਾ ਦਿੱਤੇ ਗਏ, ਖ਼ਾਸ ਤੌਰ 'ਤੇ ਉਹ ਜਿਨ੍ਹਾਂ ਦਾ ਸੰਬੰਧ ਪੰਜਾਬ ਅਤੇ ਸਿੱਖਾਂ ਨਾਲ ਸੀ। ਭਾਰਤ ਦੀ ਵੰਡ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਰੂਪ ਵਿਚ ਕਰਨੀ ਇਕ ਫ਼ਿਰਕੂ ਕਾਰਵਾਈ ਸੀ, ਜਿਸ ਨੇ ਦੋਵੇਂ ਪਾਸੇ ਫ਼ਿਰਕੂ ਬਹੁ-ਗਿਣਤੀਆਂ ਨੂੰ ਰਾਜ ਗੱਦੀ 'ਤੇ ਬਿਠਾ ਦਿੱਤਾ। ਇਸ ਪਾਸੇ ਦੀ ਫ਼ਿਰਕੂ ਬਹੁ-ਗਿਣਤੀ ਨੂੰ ਖ਼ਤਰਾ ਘੱਟ-ਗਿਣਤੀ ਵੱਲੋਂ ਮਹਿਸੂਸ ਹੋਇਆ, ਇਸ ਲਈ ਨੀਤੀ ਵਜੋਂ ਉਨ੍ਹਾਂ ਨੂੰ ਦਬਾਅ ਦੇਣ ਦਾ ਫ਼ੈਸਲਾ ਲਿਆ ਗਿਆ। ਆਧੁਨਿਕ ਰਾਜ ਦੀਆਂ ਅਸੀਮਤ ਸ਼ਕਤੀਆਂ ਦੀ ਮਦਦ ਇਸ ਕੰਮ ਲਈ ਲੈਣ ਦਾ ਨਿਰਣਾ ਵੀ ਲਿਆ ਗਿਆ। ਅਜਿਹਾ ਕਰਨ ਲਈ ਧਰਮ-ਨਿਰਪੱਖਤਾ, ਲੋਕਰਾਜ ਦਾ ਓਹਲਾ ਵਰਤਿਆ ਗਿਆ ਅਤੇ ਦੇਸ਼ ਦੀ ਏਕਤਾ, ਅਖੰਡਤਾ ਨੂੰ ਬਹਾਨੇ ਵਜੋਂ ਵਰਤਿਆ ਗਿਆ। ਪੰਜਾਬ ਵਿਚ, ਇਸ ਨੇ ਰਾਜ ਦਾ ਭਾਸ਼ਾ ਦੇ ਆਧਾਰ 'ਤੇ ਪੁਨਰ-ਗਠਨ ਕਰਨ ਤੋਂ ਇਨਕਾਰ ਕਰ ਦਿੱਤਾ, ਤਾਂਕਿ ਇਸ ਰਾਜ ਵਿਚ ਵੀ ਸਿੱਖਾਂ ਨੂੰ ਹਮੇਸ਼ਾ ਲਈ ਘੱਟ-ਗਿਣਤੀ ਵਿਚ ਰੱਖਿਆ ਜਾ ਸਕੇ। ਇਸ ਦੇ ਪੁਨਰ-ਗਠਨ ਮਗਰੋਂ ਨੀਤੀ ਇਹ ਬਣ ਗਈ ਕਿ ਗਿਣਤੀ ਦੇ ਪੱਖੋਂ ਬਹੁ-ਗਿਣਤੀ ਪ੍ਰਾਪਤ ਕਰ ਚੁੱਕੇ ਸਿੱਖਾਂ ਨੂੰ ਇਥੇ ਰਾਜ ਕਰਨ ਤੋਂ ਰੋਕਿਆ ਜਾਏ ਅਤੇ ਰਾਜ ਦੇ ਸੰਵਿਧਾਨਕ ਅਧਿਕਾਰ ਖੋਹ ਲਏ ਜਾਣ। ਸਵਰਨ ਹਿੰਦੂਆਂ (18 ਪ੍ਰਤੀਸ਼ਤ) ਦੀ ਛੋਟੀ ਜਿਹੀ ਘੱਟ-ਗਿਣਤੀ ਨੂੰ ਜਿਹੜੀਆਂ ਸਰਕਾਰਾਂ ਪ੍ਰਵਾਨ ਸਨ, ਕੇਵਲ ਉਨ੍ਹਾਂ ਨੂੰ ਹੀ ਪੂਰੇ ਸਮੇਂ ਲਈ ਰਾਜ ਕਰਨ ਦਿੱਤਾ ਗਿਆ। ਦੂਜੀ ਹਾਲਤ ਵਿਚ, ਜਿਵੇਂ ਕਿ ਨਹਿਰੂ ਨੇ ਸੰਤ ਫ਼ਤਹਿ ਸਿੰਘ ਨੂੰ ਦੱਸਿਆ, 'ਸ਼ਹਿਰਾਂ ਵਿਚ ਰਹਿਣ ਵਾਲੇ ਸਾਫ਼ ਸੁਥਰੇ ਲੋਕਾਂ ਨੂੰ ਇਹ ਸੋਚ ਕੇ ਬੜਾ ਧੱਕਾ ਲੱਗਦਾ ਹੈ ਕਿ ਮੂਰਖ ਦਿਹਾਤੀ ਲੋਕ ਉਨ੍ਹਾਂ ਉੱਤੇ ਰਾਜ ਕਰਨਗੇ।' ਨਹਿਰੂ ਦੀ ਬੇਟੀ ਇੰਦਰਾ ਗਾਂਧੀ ਇਹ ਸੋਚ ਕੇ ਹੀ ਪਰੇਸ਼ਾਨ ਹੋ ਜਾਂਦੀ ਸੀ ਕਿ 'ਪੰਜਾਬ ਵਿਚ ਹਿੰਦੂਆਂ ਦਾ ਕੀ ਬਣੇਗਾ' ਜੇ ਪੰਜਾਬ ਵਿਚ ਬਹੁ-ਗਿਣਤੀ ਵਾਲਾ ਰਾਜ ਬਣ ਗਿਆ। ਭਾਰਤ ਦੇ ਹਿੱਤਾਂ ਨੂੰ ਪੰਜਾਬ ਦੀ ਇਸ ਛੋਟੀ ਜਿਹੀ ਘੱਟ-ਗਿਣਤੀ ਨਾਲ ਗ਼ਲਤ ਤੌਰ 'ਤੇ ਜੋੜ ਦਿੱਤਾ ਗਿਆ।

ਜਦੋਂ ਸਿੱਖਾਂ ਨੇ ਆਪਣੇ ਲੋਕਰਾਜੀ ਅਤੇ ਸੰਵਿਧਾਨਕ ਅਧਿਕਾਰਾਂ ਦੀ ਵਰਤੋਂ ਕਰਨ ਦੀ ਜ਼ਿੱਦ ਕੀਤੀ ਤਾਂ ਉਨ੍ਹਾਂ ਨੂੰ ਫ਼ਿਰਕੂ, ਵੱਖਵਾਦੀ ਅਤੇ ਮਗਰੋਂ ਮਾਸਟਰ ਤਾਰਾ ਸਿੰਘ ਦੀ ਪਾਕਿਸਤਾਨ ਯਾਤਰਾ ਪਿੱਛੋਂ ਪਾਕਿਸਤਾਨੀ ਏਜੰਟ ਗਰਦਾਨਿਆ ਜਾਣ ਲੱਗਾ। ਪੰਜਾਬੀ ਸੂਬੇ ਦੀ ਉਨ੍ਹਾਂ ਦੀ ਮੰਗ ਦੀ ਦੋ ਕੌਮਾਂ ਦੇ ਸਿਧਾਂਤ ਤੋਂ ਪ੍ਰੇਰਿਤ ਪਾਕਿਸਤਾਨ ਦੀ ਮੰਗ ਨਾਲ ਤੁਲਨਾ ਦਿੱਤੀ ਜਾਣ ਲੱਗੀ। 1947 ਤੋਂ ਮਗਰੋਂ ਉਨ੍ਹਾਂ ਵਿਰੁੱਧ ਜ਼ਹਿਰੀਲਾ ਪ੍ਰਚਾਰ ਜਾਰੀ ਹੈ। ਜਦੋਂ ਪੁਰਅਮਨ ਤੇ ਸੰਵਿਧਾਨਕ ਢੰਗਾਂ ਰਾਹੀਂ ਉਨ੍ਹਾਂ ਨੇ ਆਪਣੀਆਂ ਮੰਗਾਂ ਦੇ ਹੱਕ ਵਿਚ ਅੰਦੋਲਨ ਛੇੜਿਆ ਤਾਂ ਉਨ੍ਹਾਂ ਵਿਰੁੱਧ ਭੰਡੀ ਪ੍ਰਚਾਰ ਨੇ ਸਿਖਰਾਂ ਛੋਹ ਲਈਆਂ। ਉਨ੍ਹਾਂ ਦੇ ਸ਼ਾਂਤੀਪੂਰਨ ਅੰਦੋਲਨਾਂ ਨੂੰ ਹਿੰਸਕ ਢੰਗਾਂ ਨਾਲ ਕੁਚਲਣ ਲਈ ਇਹ ਸੌਖਾ ਰਾਹ ਲੱਭ ਲਿਆ ਗਿਆ।

ਮੌਜੂਦਾ ਸਥਿਤੀ ਦਾ ਠੀਕ ਵਿਸ਼ਲੇਸ਼ਣ ਉਦੋਂ ਤਕ ਸੰਭਵ ਨਹੀਂ ਹੋ ਸਕਦਾ, ਜਦ ਤਕ ਉਪਰ ਵਰਣਤ ਪਿਛੋਕੜ ਨੂੰ ਸਾਹਮਣੇ ਨਹੀਂ ਰੱਖ ਲਿਆ ਜਾਂਦਾ।

ਆਉ ! ਹੁਣ ਅਕਾਲੀ ਦਲ ਦੇ ਹੁਣੇ ਪਿੱਛੇ ਜਿਹੇ ਚੱਲੇ ਧਰਮ ਯੁੱਧ ਮੋਰਚੇ ਵੱਲ

ਚੱਲੀਏ। ਮੋਰਚਾ ਆਰੰਭਣ ਤੋਂ ਪਹਿਲਾਂ ਦਰਬਾਰ ਸਾਹਿਬ ਵਿਖੇ ਸੰਸਾਰ ਸਿਖ ਕਨਵੈਨਸ਼ਨ ਕੀਤੀ ਗਈ ਤੇ ਉਹ ਮੁੱਦੇ ਸਪੱਸ਼ਟ ਕੀਤੇ ਗਏ, ਜਿਨ੍ਹਾਂ ਕਰ ਕੇ ਸੰਸਾਰ ਭਰ ਦੇ ਸਿਖ ਉਤੇਜਿਤ ਹਨ। ਇਨ੍ਹਾਂ ਦੀ ਇਕ ਸੂਚੀ ਤਿਆਰ ਕਰ ਕੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਰਾਹੀਂ ਰਾਸ਼ਟਰ ਨੂੰ ਭੇਟ ਕੀਤੀ ਗਈ। ਉਪਰੋਕਤ ਦੱਸੇ ਪਿਛੋਕੜ ਵਿਚ ਅਤੇ ਬਦਨਾਮ ਐਮਰਜੈਂਸੀ ਦੌਰਾਨ ਅਕਾਲੀ ਦਲ ਵੱਲੋਂ ਐਮਰਜੈਂਸੀ-ਵਿਰੋਧੀ ਮੋਰਚਾ ਲਾਉਣ ਕਾਰਣ ਇੰਦਰਾ ਗਾਂਧੀ ਨੇ ਯਾਦ-ਪੱਤਰ ਵੱਲ ਕੋਈ ਧਿਆਨ ਨਾ ਦਿੱਤਾ। ਮਹੱਤਵਪੂਰਨ ਗੱਲ ਇਹ ਵੀ ਹੈ ਕਿ ਰਾਸ਼ਟਰੀ ਰਾਜਨੀਤੀ ਵਿਚ ਇਹ ਕੋਈ ਮੁੱਦਾ ਵੀ ਨਾ ਬਣ ਸਕਿਆ। ਉਸ ਨੇ ਫ਼ੈਸਲਾ ਕੀਤਾ ਕਿ ਜਦੋਂ ਸਿਖ ਮੋਰਚਾ ਲਾਉਣ ਤਾਂ ਉਨ੍ਹਾਂ ਨੂੰ ਚੰਗਾ ਸਬਕ ਸਿਖਾਇਆ ਜਾਏ। ਇਕ ਨਿਜੀ ਕਿੜ ਕੱਢਣ ਲਈ ਉਸ ਨੇ ਰਾਜ ਦੀ ਅਥਾਹ ਸ਼ਕਤੀ ਨੂੰ ਵਰਤਣ ਦਾ ਫ਼ੈਸਲਾ ਕੀਤਾ। ਇਸੇ ਲਈ ਹੀ ਉਹ ਦਰਿਆਈ ਪਾਣੀਆਂ ਦਾ ਮਸਲਾ ਸੁਪਰੀਮ ਕੋਰਟ ਨੂੰ ਸੰਵਿਧਾਨ ਦੀਆਂ ਧਾਰਾਵਾਂ ਅਨੁਸਾਰ ਹੱਲ ਕਰਨ ਲਈ ਦੇਣ ਵਾਸਤੇ ਤਿਆਰ ਨਾ ਹੋਈ। ਉਸ ਨੇ ਸਗੋਂ ਸੁਪਰੀਮ ਕੋਰਟ ਵਿਚ ਦਾਇਰ ਕੀਤਾ ਕੇਸ ਇਕ ਤਰ੍ਹਾਂ ਨਾਲ 'ਪਸਤੌਲ ਦੀ ਨੋਕ 'ਤੇ' ਵਾਪਸ ਕਰਵਾ ਲਿਆ, ਜਦੋਂ ਉਸ ਨੇ ਉਦੋਂ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਧਮਕੀ ਦਿੱਤੀ ਕਿ ਜੇ ਕੇਸ ਵਾਪਸ ਨਾ ਲਿਆ ਤਾਂ ਉਹ ਉਸ ਨੂੰ ਬਰਤਰਫ਼ ਕਰ ਦੇਵੇਗੀ।

ਇਸ ਥਾਂ 'ਤੇ ਆ ਕੇ ਅਖ਼ਬਾਰਾਂ, ਅਦਾਲਤਾਂ, ਰਾਜ ਪ੍ਰਬੰਧ, ਫ਼ੌਜ ਅਤੇ ਖ਼ਾਸ ਤੌਰ 'ਤੇ ਪੁਲਿਸ ਨੇ ਉਸ ਦਾ ਸਾਥ ਦੇਣਾ ਸ਼ੁਰੂ ਕੀਤਾ। ਵੱਖ ਵੱਖ ਹੱਦ ਤਕ ਰਾਜ ਦੇ ਇਹ ਵੱਖ ਵੱਖ ਅਦਾਰੇ ਇਕ ਸਿਆਸਤਦਾਨ ਦੀ ਲਾਲਸਾ ਪੂਰਤੀ ਅਤੇ ਖ਼ਾਨਦਾਨੀ ਰਾਜ ਕਾਇਮ ਕਰਨ ਦੀ ਚਾਲ ਵਿਚ ਜਾਣ-ਬੁਝ ਕੇ ਉਸ ਦੇ ਪਿਛਲੱਗ ਬਣ ਗਏ। ਸਰਕਾਰੀ ਦਹਿਸ਼ਤ ਸ਼ੁਰੂ ਕਰਨ ਦਾ ਰਾਹ ਤਿਆਰ ਕਰ ਲਿਆ ਗਿਆ, ਜੋ ਕਿ ਲੋਕਰਾਜੀ ਵਿਚਾਰਧਾਰਾ ਦੀਆਂ ਜੜ੍ਹਾਂ ਪੁੱਟਣ ਵਾਲੀ ਗੱਲ ਹੁੰਦੀ ਹੈ। ਉਸ ਦੇ, ਅਤੇ ਮਗਰੋਂ ਉਸ ਦੇ ਪੁੱਤਰ ਦੇ ਰਾਜ ਵਿਚ ਇਹ ਗੱਲ ਭੁਲਾ ਹੀ ਦਿੱਤੀ ਗਈ ਕਿ ਇਥੇ ਇਕ ਲਿਖਤੀ ਸੰਵਿਧਾਨ ਵੀ ਮੌਜੂਦ ਹੈ, ਜਿਸ ਦੀ ਪਾਲਨਾ ਕਰਨਾ ਰਾਜ ਦੇ ਹਰ ਅੰਗ ਲਈ ਜ਼ਰੂਰੀ ਹੁੰਦਾ ਹੈ। ਇਸ ਗੱਲ ਨੂੰ ਪ੍ਰਤੱਖ ਵਾਂਗ ਦੱਸਿਆ ਜਾ ਸਕਦਾ ਹੈ ਕਿ ਅਕਾਲੀ ਅੰਦੋਲਨ ਜਿਨ੍ਹਾਂ ਉਪਰੋਕਤ ਮੰਗਾਂ ਨੂੰ ਲੈ ਕੇ ਸ਼ੁਰੂ ਹੋਇਆ ਸੀ, ਹਰ ਮੰਗ ਪੰਜਾਬ ਅਤੇ ਸਿੱਖਾਂ ਦੇ ਸੰਵਿਧਾਨਕ ਹੱਕਾਂ ਨੂੰ ਨਕਾਰਨ ਵਿੱਚੋਂ ਉਪਜੀ ਸੀ। ਆਪਣੇ ਆਗੂ ਅਤੇ ਆਕਾ ਵਾਂਗ ਹੀ, ਰਾਜ ਦੀਆਂ ਦੂਜੀਆਂ ਸੰਸਥਾਵਾਂ ਨੂੰ ਚਲਾਉਣ ਵਾਲੇ ਬੰਦਿਆਂ ਨੇ ਵੀ ਆਪਣੇ ਸਾਰੇ ਸਦਾਚਾਰਕ ਅਤੇ ਕਾਨੂੰਨੀ ਫ਼ਰਜ਼ ਭੁਲਾ ਦਿੱਤੇ ਅਤੇ ਇਹ ਵੀ ਭੁੱਲ ਗਏ ਕਿ ਉਨ੍ਹਾਂ ਨੇ ਲੋਕਰਾਜੀ ਹੱਦਬੰਦੀ ਅੰਦਰ ਰਹਿ ਕੇ ਕੰਮ ਕਰਨਾ ਹੈ। ਇੱਕੋ ਇਕ ਮਨੋਰਥ ਇਹ ਸੀ ਕਿ ਸਿੱਖਾਂ ਨੂੰ ਦਬਾ ਕੇ ਰੱਖਣਾ ਹੈ ਤੇ ਉਨ੍ਹਾਂ ਦੇ ਅਸਲ ਪ੍ਰਤੀਨਿਧਾਂ ਨੂੰ ਸੱਤਾ ਵਿਚ ਨਹੀਂ ਆਉਣ ਦੇਣਾ। ਇਹ ਵੀ ਬੜਾ ਸਪੱਸ਼ਟ ਹੈ ਕਿ ਇਹ ਸਭ ਕੁਝ ਭੁੱਲਣ ਪਿੱਛੇ ਇਕ ਵੱਡਾ ਕਾਰਣ ਇਹ ਵੀ ਸੀ ਕਿ ਉਹ ਇਸ ਤਰ੍ਹਾਂ ਆਪਣੇ ਲਈ ਹਲਵੇ ਮਾਂਡੇ ਦਾ ਪ੍ਰਬੰਧ ਕਰਨਾ ਚਾਹੁੰਦੇ ਸਨ। ਅਜਿਹਾ ਉਨ੍ਹਾਂ ਨੇ ਪੂਰੇ ਜੋਸ਼ ਅਤੇ ਤਨਦੇਹੀ ਨਾਲ ਕੀਤਾ, ਜੋ ਕਿ ਅਜਿਹੇ ਲੋਕਾਂ ਦਾ ਕਰਨਾ ਬਣਦਾ ਹੈ, ਜਿਨ੍ਹਾਂ ਨੇ ਆਪਣੀ ਆਤਮਾ ਉਨ੍ਹਾਂ ਵੱਡੇ ਸਿਆਸਤਦਾਨਾਂ ਅੱਗੇ ਵੇਚ ਦਿੱਤੀ ਹੋਵੇ, ਜਿਨ੍ਹਾਂ ਦੇ ਸ਼ੈਤਾਨੀ ਕਾਰਿਆਂ ਸਦਕਾ ਹਿੰਦੁਸਤਾਨ, 1947 ਤੋਂ ਮਗਰੋਂ ਇਕ ਆਤਮਾ-ਵਿਹੂਣਾ ਰਾਜ ਬਣ ਗਿਆ ਸੀ।

ਜੇ ਆਧੁਨਿਕ ਸਮੇਂ ਵਿਚ, ਸਰਕਾਰੀ ਦਹਿਸ਼ਤਗਰਦੀ ਨੇ ਆਪਣੇ ਫਨ ਕਿਸੇ ਥਾਂ ਫੈਲਾਅ ਕੇ ਵਿਖਾਏ ਹਨ ਤਾਂ ਉਹ ਹੈ 'ਮਹਾਤਮਾ' ਗਾਂਧੀ ਦਾ ਭਾਰਤ ਦੇਸ਼ ਮਹਾਨ। ਦੋ ਫ਼ੀ ਸਦੀ ਤੋਂ ਘੱਟ ਵਾਲੀ ਇਕ ਧਾਰਮਿਕ ਘੱਟ-ਗਿਣਤੀ ਦੇ ਲੋਕਾਂ ਵਿਰੁੱਧ ਰਾਜ ਦੇ ਅਥਾਹ ਵਸੀਲਿਆਂ ਦੀ ਵਰਤੋਂ ਕਰ ਕੇ ਚੋਣਵੇਂ ਰੂਪ ਵਿਚ ਸਰਕਾਰੀ ਦਹਿਸ਼ਤਵਾਦ ਚਾਲੂ ਕੀਤਾ ਗਿਆ। ਇਸ ਤੋਂ ਜ਼ਿਆਦਾ ਘਿਨਾਉਣੀ, ਗ਼ੈਰ-ਲੋਕਰਾਜੀ ਕਾਰਵਾਈ ਨਹੀਂ ਵੇਖੀ ਗਈ ਹੋਣੀ। ਇਸ ਤੋਂ ਪਤਾ ਲੱਗਦਾ ਹੈ, ਰਾਜ ਚਲਾ ਰਹੀ ਬਹੁ-ਗਿਣਤੀ ਸਦਾਚਾਰਕ ਤੌਰ 'ਤੇ ਭ੍ਰਿਸ਼ਟ ਹੋ ਚੁੱਕੀ ਹੈ। ਹਾਲਤ ਕੈਂਸਰ ਦੇ ਅਸਾਧ ਰੋਗ ਵਾਲੀ ਬਣ ਚੁੱਕੀ ਹੈ। ਸਾਡੇ ਅਫ਼ਸਰਸ਼ਾਹੀ ਦੇ ਬਹੁਤੇ ਕਾਰਿੰਦੇ, ਜਿਨ੍ਹਾਂ ਵਿਚ ਪੁਲਿਸ ਵਾਲੇ ਵੀ ਸ਼ਾਮਿਲ ਹਨ, ਸਾਡੇ ਭ੍ਰਿਸ਼ਟ ਅਤੇ ਗ਼ਰਕ ਚੁੱਕੇ ਸਿਆਸਤਦਾਨਾਂ ਦੇ ਹੱਥ-ਠੋਕੇ ਬਣ ਗਏ। ਅਜੀਤ ਸਿੰਘ ਸੰਧੂ ਉਨ੍ਹਾਂ 'ਚੋਂ ਇਕ ਸੀ।

ਇਸ ਵਿਚਾਰਧਾਰਾ ਅਧੀਨ ਉਨ੍ਹਾਂ ਲੋਕਾਂ ਨੇ ਕਿਸ ਹੱਦ ਤਕ ਦੀ ਬਰਬਰਤਾ ਦਾ ਨੰਗਾ ਨਾਚ ਨੱਚਿਆ, ਉਸ ਦੇ ਕੁਝ ਨਮੂਨੇ ਹਾਜ਼ਿਰ ਹਨ:

1. ਤਿੰਨ ਸਾਲ ਤੋਂ ਘੱਟ ਉਮਰ ਦੇ ਘੱਟੋ ਘੱਟ ਤਿੰਨ ਬੱਚੇ ਬੇਰਹਿਮੀ ਨਾਲ ਗੋਲੀ ਮਾਰ ਕੇ ਮਾਰ ਦਿੱਤੇ ਗਏ। ਇਸਲਾਮ ਛੋਟੇ ਬੱਚਿਆਂ ਦੀ ਹੱਤਿਆ ਦਾ ਏਨਾ ਸਖ਼ਤ ਵਿਰੋਧੀ ਹੈ ਕਿ ਉਨ੍ਹਾਂ ਕਾਲੇ ਦਿਨਾਂ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦਿਆਂ ਨੂੰ ਅਦਾਲਤੀ ਕਾਰਵਾਈ ਮਗਰੋਂ ਜਿਵੇਂ ਸ਼ਹੀਦ ਕੀਤਾ ਗਿਆ, ਉਸ ਨਾਲ ਭਾਵੇਂ ਥੋੜ੍ਹੇ ਸਮੇਂ ਲਈ ਹੀ ਸਹੀ, ਪਰ ਮੁਗ਼ਲਾਂ ਹੱਥੋਂ ਪੰਜਾਬ ਦੀ ਹਕੂਮਤ ਜਾਂਦੀ ਰਹੀ, ਜੋ ਕਿ ਇਕ ਇਨਕਲਾਬ ਤੋਂ ਘੱਟ ਨਹੀਂ ਸੀ ਸਮਝਿਆ ਗਿਆ।
2. ਬਾਬਾ ਚਰਨ ਸਿੰਘ ਵਰਗੇ ਸੰਤਾਂ ਨੂੰ ਸੰਗਤਾਂ ਕੋਲੋਂ ਉਗਰਾਹੀ ਗਈ ਕਰੋੜਾਂ ਰੁਪਏ ਦੀ ਰਕਮ ਦੇ ਦੇਣ ਲਈ ਮਜਬੂਰ ਕੀਤਾ ਗਿਆ। ਇਹ ਗੁਰਦੁਆਰਿਆਂ ਦੀ ਉਸਾਰੀ ਲਈ ਇਕੱਤਰ ਕੀਤੀ ਗਈ ਸੀ। ਉਨ੍ਹਾਂ ਦੇ ਇਕ ਸਾਥੀ ਨੂੰ ਦੋ ਜੀਪਾਂ ਨਾਲ ਬੰਨ੍ਹ ਕੇ ਅਤੇ ਵਿਰੋਧੀ ਦਿਸ਼ਾਵਾਂ ਵੱਲ ਘਸੀਟ ਕੇ ਦੋ ਟੁਕੜਿਆਂ ਵਿਚ ਚੀਰ ਦਿੱਤਾ ਗਿਆ ਸੀ। ਬਾਬਾ ਚਰਨ ਸਿੰਘ ਵਾਂਗ ਹੀ, ਉਨ੍ਹਾਂ 'ਚੋਂ ਕਈਆਂ ਨੂੰ ਪੁਲਿਸ ਦੀ ਹਿਰਾਸਤ ਵਿਚ ਹੀ ਮਾਰ ਦਿੱਤਾ ਗਿਆ ਸੀ। ਇਹੀ ਕੁਝ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨਾਲ ਵੀ ਹੋਇਆ ਸੀ।
3. ਅੰਮ੍ਰਿਤਸਰ ਵਿਚ ਜਿਵੇਂ ਇਕ ਸੇਲਜ਼ਮੈਨ ਨਾਲ ਕੀਤਾ ਗਿਆ, ਨੌਜੁਆਨਾਂ ਨੂੰ ਬੇਹੋਸ਼ ਕਰ ਦਿੱਤਾ ਜਾਂਦਾ ਸੀ, ਅਤੇ ਫਿਰ ਲੋਕਾਂ ਦੇ ਸਾਹਮਣੇ ਤੇਲ ਛਿੜਕ ਕੇ ਜ਼ਿੰਦਾ ਸਾੜ ਦਿੱਤਾ ਗਿਆ, ਤਾਂਕਿ ਸਿਖ-ਵਿਰੋਧੀ ਲੋਕਾਂ ਨੂੰ ਖ਼ੁਸ਼ ਕੀਤਾ ਜਾ ਸਕੇ। ਜ਼ਿਲ੍ਹੇ ਦੇ ਮੁਖੀ ਪੁਲਸੀਏ ਪਹਿਰੇ 'ਤੇ ਖੜੇ ਰਹੇ, ਤਾਂਕਿ ਉਸ ਨੂੰ ਕੋਈ ਬਚਾਅ ਨਾ ਸਕੇ।
4. ਅਸਲੀ ਜਾਂ ਆਪੇ ਬਣਾਏ ਗਏ ਖਾੜਕੂਆਂ ਨੂੰ ਮਾਰਨ ਲਈ ਨਿਰਦੋਸ਼ ਲੋਕਾਂ ਨੂੰ ਢਾਲ ਵਜੋਂ ਵਰਤਿਆ ਜਾਂਦਾ ਸੀ।
5. ਨਿਦਰੋਸ਼ ਲੋਕਾਂ ਕੋਲੋਂ ਪੈਸੇ ਬਟੋਰਨ ਲਈ ਉਨ੍ਹਾਂ ਨੂੰ ਫੜ ਲਿਆ ਜਾਂਦਾ ਸੀ, ਉਨ੍ਹਾਂ ਦੇ ਘਰ ਵਾਲਿਆਂ ਤੋਂ ਸਭ ਕੁਝ ਲੁੱਟ ਲਿਆ ਜਾਂਦਾ ਸੀ ਤੇ ਅੰਤ ਵਿਚ ਉਨ੍ਹਾਂ ਨੂੰ 'ਅਣਪਛਾਤੇ ਖ਼ਤਰਨਾਕ ਖਾੜਕੂ' ਦੱਸ ਕੇ ਖ਼ਤਮ ਕਰ ਦਿੱਤਾ ਜਾਂਦਾ ਸੀ ਜਾਂ ਕਹਿ ਦਿੱਤਾ ਜਾਂਦਾ ਸੀ ਕਿ ਪਾਕਿਸਤਾਨ 'ਚੋਂ ਫ਼ੌਜੀ ਸਿਖਲਾਈ ਲੈ ਕੇ ਭਾਰਤ ਪਰਤੇ ਸਨ।

6. ਮਰਨ ਵਾਲੇ ਵਿਅਕਤੀਆਂ ਦੀਆਂ ਲਾਸ਼ਾਂ ਵੀ ਘਰ ਦਿਆਂ ਨੂੰ ਨਹੀਂ ਸਨ ਮੋੜੀਆਂ ਜਾਂਦੀਆਂ, ਸਗੋਂ 'ਲਾਵਾਰਸ' ਕਹਿ ਕੇ ਸਾੜ ਦਿੱਤੀਆਂ ਜਾਂਦੀਆਂ ਸਨ। ਇਕ ਜ਼ਿਲ੍ਹੇ ਦੇ ਇਕ ਭਾਗ ਵਿਚ ਇਨ੍ਹਾਂ ਦੀ ਗਿਣਤੀ ਢਾਈ ਹਜ਼ਾਰ ਲੱਭ ਪਈ ਸੀ। 'ਮਲੇਛ' ਅਥਵਾ 'ਗੰਦੇ' ਮੁਗ਼ਲਾਂ ਨੇ ਗੁਰੂ ਤੇਗ਼ ਬਹਾਦਰ ਜੀ ਦਾ ਅਤੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਦੇ ਸਰੀਰ ਵਾਪਸ ਕਰ ਦਿੱਤੇ ਸਨ, ਗਊ ਖਾਣੇ ਅੰਗਰੇਜ਼ਾਂ ਨੇ ਵੀ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਦੇਹ ਵਾਪਸ ਕਰ ਦਿੱਤੀ ਸੀ, ਆਦਿ ਆਦਿ। ਪਰ ਸਾਡੇ ਮਹਾਨ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਲੜਨ ਵਾਲੇ ਸਾਡੇ 'ਬਹਾਦਰ' ਸਿਪਾਹੀਆਂ ਨੇ ਆਪਣੇ ਸ਼ਿਕਾਰ ਲੋਕਾਂ ਦੀਆਂ ਦੇਹਾਂ ਵਾਪਸ ਨਹੀਂ ਕੀਤੀਆਂ। ਇਸ ਤਰ੍ਹਾਂ ਕਰ ਕੇ ਖ਼ਤਮ ਕੀਤੇ ਗਏ ਨੌਜੁਆਨਾਂ ਦੇ ਘਰ ਦਿਆਂ ਨੂੰ ਕਿਸ ਪੀੜਾ ਵਿੱਚੋਂ ਲੰਘਣਾ ਪਿਆ, ਉਸ ਨੂੰ ਮਹਿਸੂਸ ਕਰਨ ਲਈ ਸੋਚ ਦੇ ਘੋੜੇ ਬਹੁਤੇ ਤੇਜ਼ ਦੁੜਾਉਣ ਦੀ ਲੋੜ ਨਹੀਂ। ਉਹ ਅਜੇ ਵੀ ਦੁੱਖਾਂ ਦੀ ਸੇਜ 'ਤੇ ਲੇਟੇ ਹੋਏ ਹਨ। ਜਸਵੰਤ ਸਿੰਘ ਖਾਲੜਾ ਦੀ ਬਿਰਧ ਮਾਤਾ ਦੀ ਰੋ ਰੋ ਕੇ ਸੁੱਜੀ ਹੋਈ ਇਕ ਅੱਖ ਉਸ ਨੂੰ ਚਿੱਟੀ ਚਾਦਰ ਵਿਚ ਲਿਪਟੀ ਲਾਸ਼ ਵਜੋਂ ਵੇਖਦੀ ਹੈ ਤੇ ਦੂਜੀ ਅੱਖ ਅਜੇ ਵੀ ਉਸ ਨੂੰ ਠੀਕ ਠਾਕ ਸਮਝ ਕੇ ਕਈ ਵਾਰ ਆਸ ਲਾ ਬੈਠਦੀ ਹੈ ਕਿ ਹੁਣੇ ਉਹ ਦਰਵਾਜ਼ੇ ਦੀ ਮੁਹਾਠ ਟੱਪ ਕੇ ਅੰਦਰ ਆ ਵੜੇਗਾ।

ਜਿਨ੍ਹਾਂ ਨੂੰ ਪੁਲਿਸ ਵੱਲੋਂ ਢਾਹੇ ਜ਼ੁਲਮਾਂ ਦੀ ਹੋਰ ਜ਼ਿਆਦਾ ਜਾਣਕਾਰੀ ਚਾਹੀਦੀ ਹੈ, ਉਹ ਜ਼ਰਾ ਇਨ੍ਹਾਂ ਤੱਥਾਂ ਵੱਲ ਝਾਤ ਮਾਰ ਲੈਣ :

1. ਉਘੇ ਖਾੜਕੂਆਂ ਪਰਮਜੀਤ ਸਿੰਘ ਪੰਜਵੜ ਦੀ ਮਾਤਾ ਅਤੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਪਿਤਾ, ਮਾਤਾ ਅਤੇ ਭਰਾ ਨੂੰ ਪੁਲਿਸ ਨੇ ਚੁੱਕ ਲਿਆ, ਜੋ ਅੱਜ ਤਕ ਵੀ ਲਾਪਤਾ ਹਨ। ਇਹੀ ਕੁਝ ਸੀਤਲ ਸਿੰਘ ਮੱਤੇਵਾਲ ਦੇ ਦੋ ਭਰਾਵਾਂ ਅਤੇ ਪਤਨੀ ਨਾਲ ਵੀ ਹੋਇਆ।
2. ਵਲਟੋਹਾ ਕਾਂਡ ਦੇ ਇਕ ਨੌਜੁਆਨ ਨੂੰ ਪੋਸਟ ਮਾਰਟਮ ਲਈ ਮੁਰਦਾਖ਼ਾਨਾ ਵਿਚ ਲਿਆਂਦਾ ਗਿਆ, ਜਿਥੇ ਨੌਜੁਆਨ ਨੂੰ ਜ਼ਿੰਦਾ ਪਾਇਆ ਗਿਆ। ਉਸ ਨੂੰ ਪੁਲਿਸ ਝੱਟ ਉਥੋਂ ਚੁੱਕ ਕੇ ਲੈ ਗਈ ਅਤੇ ਥੋੜ੍ਹੀ ਦੇਰ ਮਗਰੋਂ ਗੋਲੀਆਂ ਦੇ ਨਵੇਂ ਨਿਸ਼ਾਨਾਂ ਸਮੇਤ ਮਾਰ ਕੇ ਫਿਰ ਲੈ ਆਈ। ਇਹ ਘਟਨਾ ਥੋੜ੍ਹੀ ਕੁ ਜਾਗੀ ਹੋਈ ਜ਼ਮੀਰ ਵਾਲੇ ਬੰਦਿਆਂ ਨੂੰ ਵੀ ਧੁਰ ਅੰਦਰ ਤਕ ਹਿਲਾ ਸਕਦੀ ਹੈ।
3. ਇਕ ਡੀ.ਐੱਸ.ਪੀ. ਬਲਦੇਵ ਸਿੰਘ ਨੇ ਜ਼ਮੀਨ ਦੇ ਝਗੜੇ ਵਿਚ ਇਕ ਪਰਿਵਾਰ ਦੇ 9 ਜੀਅ ਮਾਰ ਦਿੱਤੇ ਸਨ, ਕਿਉਂਕਿ ਉਹ ਵਿਰੋਧੀ ਧਿਰ ਨਾਲ ਸੰਬੰਧਤ ਸਨ। ਇਹ ਘਟਨਾ ਮਜੀਠਾ ਪੁਲਿਸ ਜ਼ਿਲ੍ਹੇ ਦੇ ਬੱਗਾ ਪਿੰਡ ਦੀ ਹੈ।
4. ਡੀ.ਐੱਸ.ਪੀ. ਸਵਰਨ ਸਿੰਘ ਸ਼ਾਇਦ ਲੋਕ ਗਾਇਕ ਦਿਲਸ਼ਾਦ ਅਖ਼ਤਰ ਨੂੰ ਥੋੜ੍ਹਾ ਸਮਾਂ ਪਹਿਲਾਂ ਹੀ ਮਾਰਨ ਦਾ ਦੋਸ਼ੀ ਹੈ, ਕਿਉਂਕਿ ਇਕ ਵਿਆਹ ਵਿਚ ਸ਼ਰਾਬ ਵਿਚ ਧੁਤ ਹੋ ਕੇ ਜਦ ਉਸ ਨੇ ਇਕ ਲੱਚਰ ਗੀਤ ਪੇਸ਼ ਕਰਨ ਦੀ ਫ਼ਰਮਾਇਸ਼ ਕੀਤੀ ਤਾਂ ਗਾਇਕ ਨੇ ਇਹ ਫ਼ਰਮਾਇਸ਼ ਪੂਰੀ ਨਾ ਕੀਤੀ।
5. ਜਸਪਾਲ ਸਿੰਘ ਡੀ.ਐੱਸ.ਪੀ. ਉੱਤੇ ਜਸਵੰਤ ਸਿੰਘ ਖਾਲੜਾ ਨੂੰ ਲਾਪਤਾ ਕਰਨ ਅਤੇ ਕੁਲਵੰਤ ਸਿੰਘ ਐਡਵੋਕੇਟ, ਉਸ ਦੀ ਪਤਨੀ ਤੇ ਮਾਸੂਮ ਬੱਚੇ ਨੂੰ ਜ਼ਿੰਦਾ ਨਹਿਰ ਵਿਚ ਸੁੱਟ ਕੇ ਮਾਰ ਦੇਣ ਦਾ ਦੋਸ਼ ਹੈ।

6. ਐੱਸ.ਪੀ. ਸਰਦੂਲ ਸਿੰਘ ਸੈਨੀ ਕੁਲਜੀਤ ਸਿੰਘ ਢੱਟ ਦੇ ਕੇਸ ਵਿਚ ਦੋਸ਼ੀ ਹੈ। ਢੱਟ ਸ਼ਹੀਦ ਭਗਤ ਸਿੰਘ ਦਾ ਭਣੇਵਾਂ ਸੀ, ਜਿਸ ਦਾ ਖਾੜਕੂ ਲਹਿਰ ਨਾਲ ਦੂਰ ਦਾ ਵਾਸਤਾ ਵੀ ਨਹੀਂ ਸੀ।

ਇਹ ਉਪਰੋਕਤ ਪੁਲਸੀਏ ਉਹੀ ਹਨ, ਜਿਨ੍ਹਾਂ ਲਈ ਖ਼ੁਰਾਕ ਅਤੇ ਸਪਲਾਈ ਮੰਤਰੀ ਮਦਨ ਲਾਲ ਮਿੱਤਲ ਨੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ, ਉਨ੍ਹਾਂ ਨੂੰ 'ਸੂਰਬੀਰ' ਅਫ਼ਸਰ ਦੱਸਦਿਆਂ ਕਿਹਾ ਸੀ ਕਿ ਉਨ੍ਹਾਂ ਨੇ ਸਿਆਹ ਕਾਲੇ ਦਿਨਾਂ ਵਿਚ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਵੱਡਾ ਹੱਲਾ ਮਾਰਿਆ ਸੀ। ਇਕ ਦਿਨ ਪਹਿਲਾਂ, ਲੋਕ ਸਭਾ ਵਿਚ ਬੀ.ਜੇ.ਪੀ. ਦੇ ਡਿਪਟੀ ਲੀਡਰ ਜਸਵੰਤ ਸਿੰਘ ਨੇ ਸੰਧੂ ਬਾਰੇ ਬੜੇ ਦੁੱਖ ਨਾਲ ਬੋਲਦਿਆਂ ਕਿਹਾ ਸੀ ਕਿ ਉਹ 'ਵਫ਼ਾਦਾਰ ਸੇਵਕ...ਕੌਮੀ ਇਰਾਦੇ ਦਾ ਹਥਿਆਰ' ਸੀ, ਜਿਸ ਨੂੰ ਸਾਰੇ ਦੋਸ਼ਾਂ ਤੋਂ ਮੁਕਤ ਕਰਦੇ ਹੋਏ ਉਸ ਨੇ ਹੋਰ ਕਿਹਾ, "ਰਾਜ ਦੀ ਨੀਤੀ ਦੇ ਅਜਿਹੇ ਕਾਰਿੰਦਿਆਂ ਨੇ...ਹਦਾਇਤਾਂ ਅਨੁਸਾਰ ਕੰਮ ਕੀਤਾ।" (*ਟ੍ਰਿਬਿਊਨ*, 30 ਮਈ, 1997)। ਇਹੀ ਉਹ ਲੋਕ ਹਨ, ਜਿਨ੍ਹਾਂ ਬਾਰੇ *ਟ੍ਰਿਬਿਊਨ* ਨੇ ਸੰਪਾਦਕੀ ਰਾਹੀਂ ਵੀ ਚਿੰਤਾ ਪ੍ਰਗਟ ਕੀਤੀ ਹੈ।

ਇਸ ਸੰਬੰਧ ਵਿਚ, ਮੇਰਾ ਵਿਚਾਰ ਹੈ ਕਿ ਹੇਠਾਂ ਦਿੱਤੇ ਸੁਝਾਵਾਂ 'ਤੇ ਹਮਦਰਦੀ ਨਾਲ ਵਿਚਾਰ ਕੀਤੀ ਜਾਵੇ :

1. 1982 ਤੋਂ ਹੁਣ ਤਕ ਹਿੰਸਕ ਮੌਤ ਮਰਨ ਵਾਲੇ ਸਾਰੇ ਪੰਜਾਬੀਆਂ ਦੀ ਜਨ-ਗਣਨਾ ਕੀਤੀ ਜਾਏ ਅਤੇ ਹਰ ਵਿਅਕਤੀ ਦੇ ਮਰਨ ਦੇ ਢੰਗ ਅਤੇ ਹਾਲਾਤ ਬਾਰੇ ਤੱਥ ਲੱਭੇ ਜਾਣ।
2. ਕਤਲ ਕਰਨ ਵਾਲਿਆਂ ਨੂੰ ਮਿਲੀਆਂ ਇਨਾਮੀ ਰਕਮਾਂ ਤੇ ਲੁੱਟ ਦੇ ਮਾਲ ਦਾ ਵੇਰਵਾ ਤਿਆਰ ਕੀਤਾ ਜਾਵੇ।
3. ਉਨ੍ਹਾਂ ਦੀ ਕੁਲ ਜਾਇਦਾਦ ਦਾ ਵੇਰਵਾ ਦੱਸਿਆ ਜਾਵੇ।
4. ਦੇਸ਼ ਅਤੇ ਦੁਨੀਆ ਲਈ ਇਹ ਬੜਾ ਲਾਹੇਵੰਦਾ ਰਹੇਗਾ, ਜੇ ਉਸ ਜੁੰਡਲੀ ਬਾਰੇ ਪੜਤਾਲ ਕਰਵਾਈ ਜਾਵੇ, ਜੋ ਸ਼ਹਿਰੀਆਂ ਨੂੰ ਬਿਨਾਂ ਮੁਕੱਦਮਾ ਚਲਾਏ ਮਾਰ ਦੇਣ ਦੇ ਹੁਕਮ ਜਾਰੀ ਕਰਦੀ ਸੀ। ਯਕੀਨਨ ਇਹ ਇਕ ਧਾਰਮਿਕ ਘੱਟ-ਗਿਣਤੀ ਵਿਰੁੱਧ ਫ਼ਿਰਕੂ ਹੁਕਮ ਸਨ। ਇਸ ਨਾਲ ਦੁਨੀਆ ਭਰ ਦੇ ਲੋਕਾਂ ਨੂੰ 'ਸੰਸਾਰ ਦੇ ਸਭ ਤੋਂ ਵੱਡੇ ਲੋਕਰਾਜ' ਦੇ ਅੰਦਰ ਝਾਤ ਮਾਰਨ ਦਾ ਸੁਨਹਿਰੀ ਮੌਕਾ ਮਿਲੇਗਾ।
5. ਜੋ ਲੋਕ ਸੈਂਕੜੇ, ਹਜ਼ਾਰਾਂ ਬੇਦੋਸ਼ਿਆਂ ਨੂੰ ਮਾਰਨ, ਔਰਤਾਂ ਦੀ ਪੱਤ ਲੁੱਟਣ ਅਤੇ ਪੈਸੇ ਬਟੋਰਨ ਵਰਗੀਆਂ ਜ਼ਿਆਦਤੀਆਂ ਕਰਨ ਵਾਲੇ ਪੁਲਸੀਆਂ ਲਈ ਆਮ ਮਾਫ਼ੀ ਦੀ ਮੰਗ ਕਰ ਰਹੇ ਹਨ, ਉਹ ਜ਼ਰਾ ਰੁਕ ਕੇ ਸੋਚਣ ਕਿ ਇਸ ਨਾਲ ਦਰਜਨ ਤੋਂ ਵੱਧ ਉਨ੍ਹਾਂ ਰਾਜਾਂ ਲਈ ਕੀ ਪਿਰਤ ਪੈ ਜਾਏਗੀ, ਜਿਥੇ ਅੰਦੋਲਨ ਚੱਲ ਰਹੇ ਹਨ। ਕੀ ਰਾਜ ਦੀਆਂ ਖ਼ਰਾਬੀਆਂ ਅਤੇ ਰਾਜ ਕਰ ਰਹੀ ਬਹੁ-ਗਿਣਤੀ ਵੱਲੋਂ ਰਾਜਨੀਤੀ ਦੇ ਵਿਗਾੜੇ ਹੋਏ ਪ੍ਰਬੰਧ ਦਾ ਇੱਕੋ ਇਕ ਇਲਾਜ ਸਰਕਾਰੀ ਦਹਿਸ਼ਤਗਰਦੀ ਹੀ ਹੈ ? ਇਹ ਸੋਚਣਾ ਮੂਰਖਤਾ ਹੋਵੇਗੀ ਕਿ ਇਕ ਰਾਸ਼ਟਰ ਦਾ ਨਿਰਮਾਣ ਲੱਖਾਂ ਮਾਸੂਮ ਸ਼ਹਿਰੀਆਂ ਦੇ ਖ਼ੂਨ, ਦੁੱਖਾਂ ਅਤੇ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਉੱਤੇ ਕੀਤਾ ਜਾ ਸਕਦਾ ਹੈ। ਅੱਜ ਪੁਲਿਸ ਨੂੰ ਦਿੱਤੀ ਜਾ ਰਹੀ ਅੰਨ੍ਹੀ ਤਾਕਤ, ਅੰਨ੍ਹੀ ਸਦਾਚਾਰਕ ਗਿਰਾਵਟ ਨੂੰ ਜਨਮ ਦੇਵੇਗੀ ਅਤੇ ਦੇਸ਼ ਟੁਕੜੇ ਹੋਣ ਦੇ ਕਿਨਾਰੇ ਪੁੱਜ ਜਾਵੇਗਾ। ਇਸ ਮੌਕੇ

ਪੁੱਛਿਆ ਜਾ ਸਕਦਾ ਹੈ ਕਿ ਉਸ ਰਾਜ ਦੀ ਕੀ ਨੁਮਾਇੰਦਾ ਹੈਸੀਅਤ ਹੈ, ਜਿਸ ਨੇ ਆਪਣੇ ਲੱਖਾਂ ਬੇਕਸੂਰ ਸ਼ਹਿਰੀਆਂ ਨੂੰ ਮਾਰ ਮੁਕਾਇਆ। ਫਿਰ ਇਹ ਕਤਲ ਵੀ ਗ਼ਲਤ ਢੰਗਾਂ ਦੀ ਵਰਤੋਂ ਕਰ ਕੇ ਕੀਤੇ ਗਏ। ਕੋਈ ਵੀ ਸਰਕਾਰ, ਕਿਸੇ ਵੀ ਕਾਰਣ ਕਰ ਕੇ, 'ਠੀਕ ਜੰਗ' ਵਿਚ ਵੀ ਸਦਾਚਾਰ ਵਿਹੂਣੇ ਢੰਗ ਨਹੀਂ ਅਪਨਾ ਸਕਦੀ। ਜੇ ਕਰਦੀ ਹੈ ਤਾਂ ਕੀ ਇਸ ਨੂੰ ਲੋਕਰਾਜੀ ਕਿਹਾ ਜਾ ਸਕਦਾ ਹੈ ? ਸ਼ਿਕਾਰ ਹੋਈ ਕੌਮ ਜਾਂ ਧੜੇ ਦਾ ਪੂਰਾ ਹੱਕ ਬਣਦਾ ਹੈ ਕਿ ਅਜਿਹੀ ਹਾਲਤ ਵਿਚ ਖ਼ਤਰਨਾਕ ਸਰਕਾਰੀ ਹਿੰਸਾ ਤੋਂ ਬਚਾਅ ਕਰਨ ਲਈ ਜਵਾਬੀ ਹਿੰਸਾ ਦਾ ਸਹਾਰਾ ਲਵੇ। ਅਜਿਹਾ ਇਸ ਲਈ ਵੀ ਹੈ ਕਿ ਰਾਜ ਨੂੰ ਹੁਣ ਸਦਾਚਾਰਕ ਅਸੂਲਾਂ ਦੇ ਆਧਾਰ 'ਤੇ ਬਣਾਈ ਹੋਈ ਇਕ ਜਥੇਬੰਦੀ ਨਹੀਂ ਸਮਝਿਆ ਜਾਂਦਾ, ਜੋ ਕਿ ਪਹਿਲਾਂ ਇਤਿਹਾਸ ਦੇ ਹਰ ਪੜਾਅ 'ਤੇ ਸਮਝਿਆ ਜਾਂਦਾ ਸੀ। ਜਾਬਰ ਅਤੇ ਜਬਰ ਸਹਿਣ ਵਾਲੀਆਂ ਸ਼੍ਰੇਣੀਆਂ ਦਾ ਸਪੱਸ਼ਟ ਨਿਖੇੜਾ ਹੋ ਚੁੱਕਾ ਹੈ।

ਪੰਜਾਬ ਦੀ ਸਥਿਤੀ ਬਾਰੇ ਨਿਰਣਾ ਉਪਰ ਦਿੱਤੀ ਜਾਣਕਾਰੀ ਦੇ ਪਿਛੋਕੜ ਵਿਚ ਹੀ ਕੀਤਾ ਜਾ ਸਕਦਾ ਹੈ ਤੇ ਉਹ ਵੀ ਉਪਰ ਦਿੱਤੇ ਮੁੱਦਿਆਂ ਬਾਰੇ ਇਕ ਵਿਆਪਕ ਸਹਿਮਤੀ ਦਾ ਮਾਹੌਲ ਤਿਆਰ ਕਰਨ ਮਗਰੋਂ।

ਜੇ ਤੱਥਾਂ ਤੋਂ ਇਹ ਪਤਾ ਲੱਗੇ ਕਿ ਬੇਕਸੂਰਿਆਂ ਨੂੰ ਜ਼ੁਲਮ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਤਾਂ ਦੇਸ਼ ਦੇ ਕਾਨੂੰਨ, ਲੋਕ-ਰਾਏ ਅਤੇ ਰੱਬ ਨੂੰ ਉਨ੍ਹਾਂ ਦੀ ਮਦਦ 'ਤੇ ਆ ਜਾਣਾ ਚਾਹੀਦਾ ਹੈ। ਜੇ ਇਹ ਪਤਾ ਲੱਗੇ ਕਿ ਭ੍ਰਿਸ਼ਟਾਂ ਨੂੰ ਸਜ਼ਾ ਦੇਣ ਦਾ ਸਮਾਂ ਆਣ ਪੁੱਜਾ ਹੈ ਤਾਂ ਉਨ੍ਹਾਂ ਦੇ ਹੱਕ ਵਿਚ ਹੋਰ ਰੌਲਾ-ਰੱਪਾ ਬੰਦ ਹੋ ਜਾਣਾ ਚਾਹੀਦਾ ਹੈ। ਇਹੀ ਹਾਲ ਰਾਜਸੀ ਠੱਗਾਂ ਤੇ ਹੋਰ ਉਸ ਅਫ਼ਸਰਸ਼ਾਹੀ ਦਾ ਹੋਣਾ ਚਾਹੀਦਾ ਹੈ, ਜੋ ਇਸ ਸਦੀ ਦੇ ਸਭ ਤੋਂ ਵੱਧ ਬੇਰਹਿਮ ਅਤੇ ਸਿੱਖਾਂ ਦੇ 500 ਸਾਲਾ ਇਤਿਹਾਸ ਦੇ ਸਭ ਤੋਂ ਦਰਦਨਾਕ ਫ਼ੈਸਲੇ ਲਈ ਜ਼ਿੰਮੇਵਾਰ ਸਨ।

ਇਹ ਵਿਚਾਰ ਆਮ ਜਨਤਾ ਦੇ ਮੁੱਖ ਭਾਗ ਦੇ ਹਨ, ਸ਼ਾਇਦ ਜਨਤਾ ਦੇ ਪ੍ਰਭਾਵੀ ਭਾਗ ਦੇ ਵਿਚਾਰ ਕਿ ਜਿਨ੍ਹਾਂ ਲੋਕਾਂ ਨੇ ਉਪਰ ਵਰਣਤ ਕਾਰਵਾਈਆਂ ਕੀਤੀਆਂ, ਉਹ ਕਾਨੂੰਨ, ਸਦਾਚਾਰ, ਲੋਕ-ਰਾਏ, ਅੰਤਰ-ਆਤਮਾ ਅਤੇ ਸਭ ਤੋਂ ਉਪਰ ਰੱਬ ਦੀ ਕਚਹਿਰੀ ਦੇ ਦੋਸ਼ੀ ਹਨ। ਉਹ ਤਾਂ ਮਨੁੱਖ ਹੀ ਨਹੀਂ ਹਨ। ਉਨ੍ਹਾਂ ਨੇ ਮਨੁੱਖਤਾ ਨੂੰ ਦਾਗ਼ ਲਗਵਾਇਆ। ਉਹ ਅਜਿਹੇ ਜਾਨਵਰ ਹਨ, ਜਿਨ੍ਹਾਂ ਨੇ ਕੁਝ ਪੈਸੇ ਬਣਾਉਣ ਲਈ ਆਪਣੇ ਭਰਾਵਾਂ ਨੂੰ ਹੀ ਮਾਰ ਮੁਕਾਇਆ। ਉਨ੍ਹਾਂ ਨੇ ਮਾਵਾਂ ਨੂੰ ਓੜਕਾਂ ਦੀ ਪੀੜਾ ਦਿੱਤੀ ਅਤੇ ਪੁਰਾਣੇ ਪੈ ਚੁੱਕੇ ਫ਼ਿਰਕੂ ਸਿਧਾਂਤਾਂ ਅਤੇ ਭੂਗੋਲਿਕ ਇਕਾਈਆਂ ਦੀ ਖ਼ਿਆਲੀ ਸੇਵਾ ਉਨ੍ਹਾਂ ਦੇ ਗੰਭੀਰ ਅਪਰਾਧਾਂ ਉੱਤੇ ਪਰਦਾ ਨਹੀਂ ਪਾ ਸਕਦੀ। ਨੌਕਰੀ ਸ਼ੁਰੂ ਕਰਨ ਸਮੇਂ ਸੰਵਿਧਾਨ ਦੀ ਪਾਲਣਾ ਕਰਨ ਦੀ ਜਿਹੜੀ ਸਹੁੰ ਉਨ੍ਹਾਂ ਨੇ ਚੁੱਕੀ ਸੀ, ਉਹ ਉਨ੍ਹਾਂ ਨੇ ਤੋੜ ਦਿੱਤੀ। ਲੋਕਾਂ ਦੇ ਜੀਵਨ ਦੀ ਰੱਖਿਆ ਕਰਨ ਦਾ ਜਿਹੜਾ ਪ੍ਰਣ ਉਨ੍ਹਾਂ ਨੇ ਲਿਆ, ਉਹ ਉਹਨਾਂ ਨੇ ਤੋੜ ਦਿੱਤਾ। ਇਸ ਲਈ ਉਹ ਆਮ ਸਮੂਹਿਕ ਕਾਤਲਾਂ ਨਾਲੋਂ ਵਧੇਰੇ ਮਾੜੇ ਹਨ। ਬੁਜ਼ਦਿਲ ਹੋਣ ਕਰਕੇ ਉਨ੍ਹਾਂ ਨੇ ਬੰਦੀ ਬਣਾ ਕੇ ਹਜ਼ਾਰਾਂ ਨੌਜੁਆਨਾਂ ਉੱਤੇ ਬੇਪਨਾਹ ਅਤਿਆਚਾਰ ਕੀਤੇ। ਜੇ ਉਸ ਦੀ ਸਜ਼ਾ ਦਾ ਤਖ਼ਮੀਨਾ ਹੀ ਲਾਇਆ ਜਾਏ ਤਾਂ ਉਨ੍ਹਾਂ ਨੂੰ ਲਗਭਗ ਇਕ ਹਜ਼ਾਰ ਸਾਲ ਦੀ ਕੈਦ ਮਿਲਣੀ ਬਣੇਗੀ।

ਉਨ੍ਹਾਂ ਨੂੰ ਆਪਣੇ ਆਪ ਨੂੰ ਇਹ ਕਹਿ ਕੇ ਬਰੀ ਨਹੀਂ ਹੋਣ ਦੇਣਾ ਚਾਹੀਦਾ ਕਿ

ਉਹ ਤਾਂ ਕੇਵਲ ਹੁਕਮਾਂ ਦੇ ਗ਼ੁਲਾਮ ਸਨ, ਜਿਵੇਂ ਕਿ ਜਸਵੰਤ ਸਿੰਘ ਨੇ ਵੀ ਉਨ੍ਹਾਂ ਨੂੰ ਬਚਾਉਣ ਲਈ ਕਿਹਾ ਹੈ। ਇਹ ਫ਼ਜ਼ੂਲ ਦੀ ਦਲੀਲ ਉਨ੍ਹਾਂ ਲਈ ਬਚਾਅ ਦਾ ਹਥਿਆਰ ਨਹੀਂ ਬਣਨ ਦੇਣੀ ਚਾਹੀਦੀ। ਨਿਊਰਮਬਰਗ ਮੁਕੱਦਮੇ ਨੇ ਇਸ ਪ੍ਰਸ਼ਨ ਦਾ ਫ਼ੈਸਲਾ ਬਹੁਤ ਪਹਿਲਾਂ ਕਰ ਦਿੱਤਾ ਹੋਇਆ ਹੈ। ਕੋਈ ਵੀ ਕਾਨੂੰਨ ਹੱਤਿਆ ਕਰਨ ਦਾ ਅਧਿਕਾਰ ਨਹੀਂ ਦੇਂਦਾ ਅਤੇ ਹੱਤਿਆ ਕਰਨ ਸੰਬੰਧੀ ਮਿਲਿਆ ਕੋਈ ਗ਼ੈਰ-ਕਾਨੂੰਨੀ ਹੁਕਮ ਕਾਤਲ ਨੂੰ ਜ਼ਿੰਮੇਵਾਰੀ ਤੋਂ ਨਹੀਂ ਬਚਾਅ ਸਕਦਾ। ਕਿਸੇ ਵੀ ਵਿਅਕਤੀ ਨੂੰ ਆਪਣੇ ਤੋਂ ਉਪਰਲੇ ਦਾ ਗ਼ੈਰ-ਕਾਨੂੰਨੀ ਹੁਕਮ ਲਾਗੂ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ—ਉਪਰਲਾ ਭਾਵੇਂ ਰਾਜਸੀ ਤੌਰ 'ਤੇ ਕਿੰਨਾ ਹੀ ਸ਼ਕਤੀਸ਼ਾਲੀ ਵਿਅਕਤੀ ਕਿਉਂ ਨਾ ਹੋਵੇ।

ਜੋ ਲੋਕ ਅਜਿਹਾ ਕਰਦੇ ਰਹੇ ਹਨ, ਉਹ ਕਿਸੇ ਦੇ ਵੀ ਨਾਇਕ ਨਹੀਂ। ਕਾਹਲੋਂ ਵਰਗੇ ਕੁਝ ਲੋਕ ਆਤਮਾ ਉੱਤੇ ਬੋਝ ਨਾ ਸਹਾਰਦਿਆਂ ਹੋਇਆਂ ਪਾਗਲ ਹੋ ਗਏ। ਸੰਧੂ ਵਰਗਿਆਂ ਨੇ ਆਤਮ-ਹੱਤਿਆ ਦਾ ਸੌਖਾ ਰਾਹ ਚੁਣ ਲਿਆ। ਜਦੋਂ ਦੂਜੇ ਵੀ ਸ਼ਾਂਤ ਚਿਤ ਹੋ ਕੇ ਆਪਣੇ ਕਾਰਿਆਂ ਬਾਰੇ ਸੋਚਣਗੇ ਤਾਂ ਉਨ੍ਹਾਂ ਨੂੰ ਲੱਗੇਗਾ ਕਿ ਉਨ੍ਹਾਂ ਦੀ ਹੋਣੀ ਵੀ ਉਨ੍ਹਾਂ ਨੂੰ ਇਹਨਾਂ ਗਲੀਆਂ ਵਿਚ ਹੀ ਖੜੀ ਸੈਨਤਾਂ ਮਾਰ ਰਹੀ ਹੈ। ਉਨ੍ਹਾਂ ਨੇ ਮਨੁੱਖ ਅਤੇ ਰੱਬ ਵਿਰੁੱਧ ਪਾਪ ਕੀਤਾ ਹੈ, ਨਿਆਂ ਅਤੇ ਸਦਾਚਾਰ ਵਿਰੁੱਧ ਪਾਪ ਕੀਤਾ ਹੈ ਅਤੇ ਅਜਿਹਾ ਕਰ ਕੇ ਹਮੇਸ਼ਾ ਲਈ ਬਦਨਾਮੀ ਖੱਟ ਲਈ ਹੈ। ਉਨ੍ਹਾਂ ਨੇ ਹਵਾ ਨੂੰ ਬੀਜਿਆ ਸੀ। ਹੁਣ ਇਸੇ ਦੀ ਖੇਤੀ ਉਨ੍ਹਾਂ ਨੂੰ ਮਿਲੇਗੀ।

ਉਨ੍ਹਾਂ ਲੋਕਾਂ ਲਈ ਉੱਚੀ ਉੱਚੀ ਵੈਣ ਪਾਉਣ ਦੀ ਬਜਾਏ, ਜਿਨ੍ਹਾਂ ਨੇ ਅੱਖਾਂ ਖੁੱਲ੍ਹੀਆਂ ਹੋਣ 'ਤੇ ਵੀ ਆਪਣੀ ਹੋਣੀ ਆਪ ਚੁਣੀ ਅਤੇ ਹਿਟਲਰ ਅਤੇ ਨਿਊਰਮਬਰਗ ਦੇ ਬਾਵਜੂਦ ਚੁਣੀ, ਆਉ ਅਸੀਂ ਦੋ ਅੱਥਰੂ ਉਨ੍ਹਾਂ ਦੇ ਵਹਿਸ਼ੀ ਜ਼ੁਲਮਾਂ ਦਾ ਸ਼ਿਕਾਰ ਹੋਣ ਵਾਲੇ ਬੇਕਸੂਰ ਅਤੇ ਬੇਸਹਾਰਾ ਮਜ਼ਲੂਮਾਂ ਲਈ ਬਚਾਅ ਕੇ ਰੱਖੀਏ ਅਤੇ ਉਨ੍ਹਾਂ ਮਾਵਾਂ ਲਈ ਜਿਨ੍ਹਾਂ ਦੀਆਂ ਅੱਖਾਂ 'ਚੋਂ ਅਜੇ ਵੀ ਹੰਝੂ ਝਰਨੇ ਵਾਂਗ ਫੁਟਦੇ ਰਹਿੰਦੇ ਹਨ ਅਤੇ ਉਨ੍ਹਾਂ ਬਾਪੂਆਂ ਲਈ ਜੋ ਜ਼ਿੰਦਗੀ ਦੀ ਸ਼ਾਮ ਵੇਲੇ ਆਪਣੇ ਆਪ ਨੂੰ ਇਕੱਲਿਆਂ ਅਤੇ ਨਿਆਸਰੇ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਦੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਲਈ ਜਿਨ੍ਹਾਂ ਦੇ ਜੀਵਨ ਵਿਚ ਬਲੈਕਹੋਲ ਜਿੰਨੇ ਵੱਡੇ ਮਘੋਰੇ ਬਣ ਗਏ ਹਨ, ਜੋ ਭਰਨ ਨੂੰ ਹੀ ਨਹੀਂ ਆ ਸਕਦੇ। ਸੰਧੂ ਕੋਲ ਖ਼ਾਸ ਤੌਰ 'ਤੇ ਸ਼ਿਕਾਇਤ ਕਰਨ ਲਈ ਕੁਝ ਵੀ ਨਹੀਂ ਸੀ। ਉਸ ਦੇ ਸਿਰ ਦਾ ਸ਼ਿਕਾਰ ਕਰਨ ਲਈ ਕੋਈ ਘਰੋਂ ਨਹੀਂ ਸੀ ਨਿਕਲਿਆ। ਜਿਸ ਕਾਨੂੰਨ ਨੂੰ ਉਸ ਨੇ ਬੇਦਰਦੀ ਨਾਲ ਪੈਰਾਂ ਹੇਠ ਰੋਲਿਆ, ਉਸੇ ਕਾਨੂੰਨ ਨੇ ਅਖ਼ੀਰ ਉਸ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਤਹਿਤ ਕਾਬੂ ਕਰ ਲਿਆ। ਜੇ ਉਹ ਇਹ ਸੋਚਦਾ ਸੀ ਕਿ ਕਾਨੂੰਨ ਕਦੇ ਉਸ ਨੂੰ ਫੜ ਨਹੀਂ ਸਕੇਗਾ ਤਾਂ ਇਸ ਵਿਚ ਕਿਸੇ ਹੋਰ ਦਾ ਦੋਸ਼ ਨਹੀਂ ਸੀ। ਹੋਰ ਕਈਆਂ ਵਾਂਗ, ਉਹ ਵੀ ਬਦਨਾਮ ਸਰਕਾਰੀ ਦਹਿਸ਼ਤਵਾਦ ਦਾ ਬੜਾ ਬੇਰਹਿਮ ਪੁਰਜ਼ਾ ਅਤੇ ਪੰਜਾਬ ਰਾਜ, ਸਿੱਖਾਂ ਦੇ ਹੱਕਾਂ ਨੂੰ ਦਬਾਉਣ ਦਾ ਸਾਧਨ। ਉਸ ਨੇ ਕਾਲਾ ਧਨ ਇਕੱਤਰ ਕਰਨ ਲਈ ਸਰਕਾਰੀ ਸ਼ਕਤੀ ਨੂੰ ਹਥਿਆਇਆ ਤੇ ਵਰਤਿਆ। ਜਿਹੜਾ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਦਾ ਹੈ, ਉਹ ਅਕਸਰ ਇਸ ਤਰ੍ਹਾਂ ਦੀ ਮੌਤ ਹੀ ਹਾਸਲ ਕਰਦਾ ਹੈ, ਜਿਸ ਤਰ੍ਹਾਂ ਦੀ ਸੰਧੂ ਨੂੰ ਮਿਲੀ। ਇਤਿਹਾਸ ਦੀ ਇਹ ਇਕ ਪੁਰਾਣੀ ਸਿਖਿਆ ਹੈ।

ਸਿਖ ਇਤਿਹਾਸ ਇਕ ਹੋਰ ਸਿਖਿਆ ਵੀ ਦੇਂਦਾ ਹੈ ਜਿਸ ਨੂੰ ਅਸੀਂ ਆਪਣਾ ਨੁਕਸਾਨ ਕਰ ਕੇ ਹੀ ਵਿਸਾਰ ਸਕਦੇ ਹਾਂ। ਗੁਰੂ ਹਰਿਗੋਬਿੰਦ ਸਾਹਿਬ ਨੇ ਤਲਵਾਰ ਉਦੋਂ

ਚੁੱਕੀ, ਜਦੋਂ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਫਿਰ ਜਦੋਂ ਗੁਰੂ ਤੇਗ਼ ਬਹਾਦਰ ਜੀ ਨਾਲ ਇਹੀ ਕੀਤਾ ਗਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਸਾਹਿਬ ਚੁੱਕ ਲਈ। ਬੰਦਾ ਬਹਾਦਰ ਉਦੋਂ ਮੈਦਾਨ ਵਿਚ ਉਤਰਿਆ, ਜਦੋਂ ਬਹਾਦਰ ਸ਼ਾਹ ਨੇ ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਦੇ ਕਾਤਲਾਂ ਨੂੰ ਸਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਭਾਈ ਮਨੀ ਸਿੰਘ ਦੀ ਸ਼ਹੀਦੀ ਹੀ ਅਸਲ ਕਾਰਣ ਬਣਿਆ ਸਿੱਖਾਂ ਦੇ ਉਭਾਰ ਦਾ, ਜਿਸ ਦੇ ਨਤੀਜੇ ਵਜੋਂ ਮਿਸਲਾਂ ਦਾ ਰਾਜ ਕਾਇਮ ਹੋਇਆ। ਜੇ ਨਨਕਾਣਾ ਸਾਹਿਬ ਦੇ ਮਹੰਤ ਨਾਰਾਇਣ ਦਾਸ ਨੂੰ ਮੁਨਾਸਬ ਸਜ਼ਾ ਦੇ ਦਿੱਤੀ ਜਾਂਦੀ ਤਾਂ ਬੱਬਰ ਅਕਾਲੀ ਅਤੇ ਗ਼ਦਰ ਪਾਰਟੀ ਨੇ ਜਨਮ ਨਹੀਂ ਸੀ ਲੈਣਾ। ਇਹ ਬਿਲਕੁਲ ਨਿਸ਼ਚਿਤ ਹੈ ਕਿ ਜੇ ਵਿਸਾਖੀ ਦੇ ਕਤਲਾਂ ਲਈ ਨਿਰੰਕਾਰੀ ਬਾਬੇ ਨੂੰ ਮੁਨਾਸਬ ਸਜ਼ਾ ਮਿਲ ਜਾਂਦੀ ਤਾਂ ਪਿਛਲੇ ਇਕ ਦਹਾਕੇ ਦੀ ਖਾੜਕੂ ਹਿੰਸਾ ਸ਼ਾਇਦ ਉੱਕਾ ਹੀ ਨਾ ਹੁੰਦੀ।

•

ਸਾਨੂੰ ਦਿਉ ਹਿਸਾਬ ਸ਼ਹੀਦੀਆਂ ਦਾ !*

ਸ੍ਰੀ ਅਕਾਲ ਤਖ਼ਤ ਉੱਤੇ ਇਕੱਤਰ ਹੋਏ ਖ਼ਾਲਸਾ ਜੀ ਨੂੰ ਇਹ ਯਾਦ ਕਰਵਾਉਣ ਦੀ ਤਾਂ ਲੋੜ ਹੀ ਨਹੀਂ ਕਿ ਇਸ ਅਲੌਕਿਕ ਤਖ਼ਤ ਦਾ ਜਨਮ ਸਿੱਖੀ ਦੇ ਮਹਾਨ, ਹਰ ਜ਼ਮਾਨੇ ਦੇ ਹਾਣ ਦੇ, ਮਨੁੱਖੀ ਅਧਿਕਾਰ ਮਹਿਫ਼ੂਜ਼ ਕਰਨ ਦੇ ਸੰਕਲਪ ਵਿੱਚੋਂ ਹੀ ਹੋਇਆ ਸੀ। ਇਥੇ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਪਾਤਿਸ਼ਾਹ ਨੇ ਨਿਮਾਣੇ, ਨਿਤਾਣੇ ਅਤੇ ਲਤਾੜੇ ਲੋਕਾਂ ਨੂੰ ਆਪਣੀ ਅਪਾਰ ਕ੍ਰਿਪਾ ਕਰ ਕੇ ਅਕਾਲ ਦੇ ਸਦੀਵੀ ਤਖ਼ਤ ਦੀ ਛਾਵੇਂ ਬਿਠਾ ਕੇ ਉਪਦੇਸ਼ ਕੀਤਾ ਸੀ ਕਿ ਉਹ ਹਰ ਸਮੇਂ ਮਨੁੱਖਤਾ ਪ੍ਰਤੀ ਸੰਵੇਦਨਸ਼ੀਲ ਰਹਿੰਦੇ ਹੋਏ ਆਪਣੀ ਕਿਸਮਤ ਆਪ ਘੜਨਗੇ। ਇਹੋ ਲੋਕਰਾਜ ਦਾ ਸੰਕਲਪ ਹੈ, ਜਿਸ ਦੀ ਬਾਕੀ ਸੰਸਾਰ ਨੂੰ ਸਦੀਆਂ ਬਾਅਦ ਸੋਝੀ ਪਈ। ਦਸਮੇਸ਼ ਨੇ ਤਿੰਨ ਸੌ ਸਾਲ ਪਹਿਲਾਂ ਖ਼ਾਲਸਾ ਸਾਜ ਕੇ ਇਹੋ ਅਸੂਲ ਦ੍ਰਿੜ੍ਹ ਕਰਵਾਇਆ ਅਤੇ 'ਬਾਦਸ਼ਾਹ ਦਰਵੇਸ਼' ਦੇ ਆਪਣੇ ਬਿਰਦ ਵਿਚ ਸਾਂਝੀਵਾਲ ਬਣਾਇਆ।

ਇਸ ਬਿਰਦ ਦੀ ਪਾਲਣਾ ਕਰਦਿਆਂ ਤੁਸੀਂ ਕੋਟ ਕਟਕਾਂ ਦੇ ਆਕਾ, ਪਾਣੀਪਤ ਵਿਚ ਹਿੰਦੁਸਤਾਨ ਦੀ ਕਿਸਮਤ ਦੇ ਘਾੜੇ ਅਹਿਮਦ ਸ਼ਾਹ ਅਬਦਾਲੀ ਨੂੰ ਕਾਬਲੀ ਬਿੱਲਾ ਜਾਣਿਆ। ਤੁਹਾਡੇ ਮੁੱਠੀ ਭਰ ਜੰਗਲੀ ਵਾਸ ਕਰਦੇ ਬਜ਼ੁਰਗਾਂ ਨੇ ਹਿੰਦੁਸਤਾਨ ਦੀ ਕੁਰਲਾਉਂਦੀ ਆਤਮਾ ਦੀ ਆਵਾਜ਼ ਸੁਣੀ। ਤੁਸੀਂ ਜਾਨਾਂ ਹੂਲ ਕੇ ਸਿਰ ਵਾਰ ਕੇ ਗ਼ਜ਼ਨੀ ਦੇ ਬਜ਼ਾਰਾਂ ਵਿਚ ਵਿਕਣ ਜਾਂਦੀਆਂ ਹਜ਼ਾਰਾਂ ਔਰਤਾਂ ਨੂੰ ਛੁਡਵਾਇਆ। ਖ਼ਾਲਸਾ ਜੀ ! ਸੰਸਾਰ ਦੇ ਇਤਿਹਾਸ ਵਿਚ ਤੁਹਾਡਾ ਇਹ ਕਾਰਨਾਮਾ ਵੱਡੇ ਤੋਂ ਵੱਡਾ ਕਾਰਨਾਮਾ ਹੈ, ਪਰ ਇਸ ਤੋਂ ਵੱਡਾ ਤੁਸੀਂ ਅਗਲੇ ਦਿਨ ਕੀਤਾ, ਜਦੋਂ ਤੁਸੀਂ ਇਨ੍ਹਾਂ ਔਰਤਾਂ ਨੂੰ ਘਰੋ-ਘਰੀ ਪਹੁੰਚਾਇਆ। ਸੱਚ ਜਾਣੋ, ਇਤਿਹਾਸ ਦਾ ਵੈਰਾਗ ਨਹੀਂ ਥੰਮ੍ਹਦਾ, ਜਦੋਂ ਮਹਾਂਰਾਸ਼ਟਰ ਦੀ ਕਿਸੇ ਗਲੀ ਵਿਚ ਝਾਤ ਮਾਰ ਕੇ ਵੇਖਦਾ ਹੈ ਕਿ ਪਾਟੇ ਮੈਲੇ ਕਪੜਿਆਂ ਵਾਲਾ ਸਿੰਘ ਕਿਸੇ ਮਲੂਕ ਜਿਹੀ ਔਰਤ ਦੇ ਸਿਰ ਉੱਤੇ ਹੱਥ ਫੇਰ ਕੇ ਬੜੀ ਬੇਸਬਰੀ ਨਾਲ ਆਪਣੇ ਖੀਸੇ ਦੇ ਖੂੰਜੇ ਪੈਸੇ ਧੇਲੇ ਲਈ ਟਟੋਲ ਰਿਹਾ ਹੈ ਤਾਂਕਿ ਵਿਦਾ ਹੁੰਦੀ ਭੈਣ ਨੂੰ ਸ਼ਗਨ ਦੇ ਸਕੇ। ਸਿੱਖਾਂ ਦਾ ਹੀ ਨਹੀਂ, ਮਾਨਵਤਾ ਦਾ ਇਤਿਹਾਸ ਵੀ ਗਜ਼-ਗਜ਼ ਉੱਚਾ ਹੋ ਜਾਂਦਾ ਹੈ, ਜਦੋਂ ਉਹ ਭੈਣ ਦੇ ਘਰੋਂ ਪਾਣੀ ਦਾ ਘੁੱਟ ਭਰੇ ਬਿਨਾਂ ਹੀ ਫ਼ਤਹਿ ਬੁਲਾ ਦਿੰਦਾ ਹੈ।

ਇਸੇ ਤਖ਼ਤ ਉੱਤੇ ਜ਼ਮਾਨੇ ਨੇ ਇਕ ਹੋਰ ਅਲੌਕਿਕ ਝਾਕੀ ਵੇਖੀ। ਪੰਜ ਮਿਸਲਾਂ ਦੇ ਸੂਰਬੀਰ ਕੀਰਤਨ ਸੁਣ ਰਹੇ ਸਨ, ਜਦੋਂ ਕਿਸੇ ਦੁਖੀ ਨੇ ਪੁਕਾਰ ਕੀਤੀ। 'ਦੂਖ ਨਿਵਾਰਣ'

---

* ਤਿੰਨ ਸੌ ਸਾਲਾ ਖ਼ਾਲਸਾ ਸਿਰਜਣਾ ਦੇ ਇਤਿਹਾਸਕ ਮੌਕੇ 'ਤੇ ਗੁਰੂ-ਸਿਧਾਂਤ ਅਤੇ ਸਿਖ ਇਤਿਹਾਸ ਦੇ ਸੁਨਹਿਰੀ ਕਾਰਨਾਮਿਆਂ ਦਾ ਵਾਸਤਾ ਪਾ ਕੇ ਮਨੁੱਖੀ ਅਧਿਕਾਰਾਂ ਦਾ ਪਰਚਮ ਬੁਲੰਦ ਕਰਨ ਲਈ, ਇਹ ਲੇਖ, ਸਿਖ ਕੌਮ ਦੀ ਜ਼ਮੀਰ ਨੂੰ ਫ਼ਰਿਆਦੀ ਹੈ। 2 ਫ਼ਰਵਰੀ, 1999 ਨੂੰ *ਪੰਜਾਬੀ ਟ੍ਰਿਬਿਊਨ, ਅੱਜ ਦੀ ਆਵਾਜ਼* ਅਤੇ ਹੋਰ ਅਖ਼ਬਾਰਾਂ ਵਿਚ ਛਪਿਆ।

ਬਿਰਦ ਦੇ ਧਨੀ ਉਸੇ ਵੇਲੇ ਅਰਦਾਸਾਂ ਕਰ ਕੇ ਉਠੇ ਅਤੇ ਕਸੂਰ ਦੀਆਂ ਬਾਰਾਂ ਤਕੜੀਆਂ ਗੜ੍ਹੀਆਂ ਨਾਲ ਭਿੜਨ ਲਈ ਬੇ-ਸਾਜ਼ੋ ਸਾਮਾਨ ਧਾਅ ਪਏ। ਸੂਰਜ ਡੁੱਬਣ ਤੋਂ ਪਹਿਲਾਂ ਕਸੂਰ ਫ਼ਤਹਿ ਕਰ ਕੇ ਫ਼ਰਿਆਦੀ ਦੀ ਘਰਵਾਲੀ ਨੂੰ ਨਵਾਬ ਕਸੂਰ ਦੇ ਹਰਮਾਂ ਵਿੱਚੋਂ ਕੱਢ ਕੇ ਉਸ ਦੇ ਹਵਾਲੇ ਕੀਤਾ। 'ਤੁਸੀਂ ਅੱਖਾਂ ਤੱਕੀਆਂ ਰੋਂਦੀਆਂ ਫੇਰ ਅੱਖ ਨਾ ਲਾਈ।'

ਇਕ ਵਾਰੀ ਫੇਰ ਤੁਸੀਂ ਇਵੇਂ ਅਤੇ ਅਜਿਹਾ ਕਾਰਜ ਸਾਧਣ ਲਈ ਤਿੰਨ ਦਰਿਆ ਪਾਰ ਕਰ ਕੇ ਲੁਹਾਰੀ ਦੇ ਨਵਾਬ ਨਾਲ ਜਾ ਭਿੜੇ, ਜਦੋਂ ਘਰ ਵਾਲਿਆਂ ਉਸ ਨੂੰ ਪਤਿਤਾ ਜਾਣ ਕਰ ਕੇ ਘਰ ਪੈਰ ਪਾਉਣ ਤੋਂ ਇਨਕਾਰ ਕੀਤਾ ਤਾਂ ਤੁਹਾਡੀ ਬੀਰਤਾ ਤੋਂ ਵੀ ਉੱਚਾ ਦਇਆ ਦਾ ਜਜ਼ਬਾ ਤੁਹਾਡੇ ਵਿਚ ਠਾਠਾਂ ਮਾਰਨ ਲੱਗਾ। ਇਕ ਸਿੰਘ ਨੇ ਭੂਰਾ ਵਿਛਾਇਆ ਅਤੇ ਉਸ ਅਬਲਾ ਨੂੰ ਖ਼ਾਲਸੇ ਦੀ ਬੇਟੀ ਜਾਣ ਕੇ ਤੁਸੀਂ ਜੋ ਤਿੱਲ ਫੁੱਲ ਤੁਹਾਡੇ ਪੱਲੇ ਸੀ, ਉਸ ਭੂਰੇ ਉੱਤੇ ਢੇਰੀ ਕਰ ਦਿੱਤਾ। ਝੱਟ ਉਸ ਦਾ ਪਤਿਤਪੁਣਾ ਧਨ ਦੇ ਅੰਬਰ ਹੇਠ ਦੱਬਿਆ ਗਿਆ ਅਤੇ ਉਸ ਦਾ ਆਪਣੇ ਘਰ ਵੱਸਣਾ ਬਹੁਤ ਸੌਖਾ ਹੋ ਗਿਆ। ਉਸ ਵੇਲੇ ਯੋਧਿਆਂ ਵਾਲੀ ਬੀਰਤਾ ਤੋਂ ਨਹੀਂ ਤੁਸੀਂ ਬਾਗ਼ ਵਿਚ ਫੁੱਲਾਂ ਨੂੰ ਬਚਾਉਣ ਲਈ ਚੋਗਾ ਸਮੇਟ ਕੇ ਸੈਰ ਕਰਦੇ ਸੱਤਵੇਂ ਪਾਤਿਸ਼ਾਹ ਦੇ ਸੰਕਲਪ ਵਿੱਚੋਂ ਉਪਜਿਆ, ਮਾਤਾ ਦੇ ਪਤਾਸਿਆਂ ਦਾ ਅੰਮ੍ਰਿਤ ਬਾਟੇ ਵਿਚ ਘੋਲਿਆ ਸਰਵੋਤਮ ਮਨਾਂ ਦਾ ਸਰਵੋਤਮ ਦਇਆ ਦਾ ਜਜ਼ਬਾ ਵਰਤੋਂ ਵਿਚ ਲਿਆਂਦਾ। ਤੁਸੀਂ ਧੰਨ ਹੋਏ, ਤੁਹਾਡੀਆਂ ਮਾਤਾਵਾਂ ਧੰਨ ਹੋਈਆਂ, ਤੁਹਾਡਾ ਆਉਣਾ ਸਫਲ ਹੋਇਆ ਅਤੇ ਮਹਾਂ ਪਰਉਪਕਾਰੀ ਜਾਣ ਕੇ ਸਦੀਆਂ ਨੇ ਤੁਹਾਨੂੰ ਝੁਕ-ਝੁਕ ਕੋਰਨਿਸ਼ਾਂ ਕੀਤੀਆਂ।

ਖ਼ਾਲਸਾ ਜੀ ! ਅੱਜ ਤੁਸੀਂ ਤਖ਼ਤਾਂ ਦੇ ਮਾਲਕ ਹੋ। ਪੰਜਾਬ ਦਾ ਤਖ਼ਤ ਨੀਲੋ ਨੀਲ ਹੈ। ਅੱਜ ਦਿੱਲੀ ਦਾ ਤਖ਼ਤ ਵੀ ਨੀਲੀ ਭਾਅ ਮਾਰ ਰਿਹਾ ਹੈ। ਅੱਜ ਤੁਹਾਡੇ ਇਸ ਇਲਾਹੀ ਤਖ਼ਤ ਉੱਤੇ ਵੀ ਤੁਹਾਡੇ ਪੁਰਖਿਆਂ ਤੋਂ ਪ੍ਰਾਪਤ ਪਵਿੱਤਰ ਜਜ਼ਬਿਆਂ ਨੂੰ ਸੇਧ ਦੇਣ ਵਾਲੇ ਸੰਵੇਦਨਾਸ਼ੀਲ ਸਾਧੂ, ਮਹਾਤਮਾ, ਜੱਜ, ਜਰਨੈਲ, ਸਤਯੁਗੀ ਬਿਰਤੀ ਧਾਰ ਕੇ ਬਿਰਾਜਮਾਨ ਹਨ। ਵੱਡੀ ਗਿਣਤੀ ਵਿਚ ਤੁਹਾਡੀ ਕੌਮ ਦੇ ਨੁਮਾਇੰਦੇ ਆਏ ਹੋਏ ਹਨ। ਮਨੁੱਖੀ ਅਧਿਕਾਰ ਜਥੇਬੰਦੀ ਦਾ ਇਕ ਛੋਟਾ ਸੇਵਕ ਹੋਣ ਦੇ ਨਾਤੇ ਗੁਰੂ ਚਰਨਾਂ ਵਿਚ ਜੁੜੇ ਪਰਉਪਕਾਰੀ ਖ਼ਾਲਸਾ ਜੀ ਨੂੰ ਸਦਾ ਦੁਖੀਆਂ ਦੀ ਅੱਖ ਪੂੰਝਣ ਦੇ ਬਿਰਦ ਦਾ ਧਿਆਨ ਦਿਵਾਉਂਦਾ ਹੋਇਆ, ਬੜੇ ਅਦਬ ਨਾਲ, ਬੜੀ ਆਜਜ਼ੀ ਨਾਲ, ਬੇਹੱਦ ਸਤਿਕਾਰ ਨਾਲ, ਤੁਹਾਨੂੰ ਬੰਦੀ ਛੋੜ ਪਿਤਾ ਦਾ ਪਰਛਾਵਾਂ ਜਾਣਦਾ ਹੋਇਆ, ਤੁਹਾਨੂੰ 'ਬੇਕਸਾਂ ਰਾ ਯਾਰ' ਕਲਗ਼ੀਧਰ ਦਾ ਖ਼ਾਸ ਰੂਪ ਜਾਣਦਾ ਹੋਇਆ, ਤੁਹਾਡੇ ਪਰਉਪਕਾਰ ਦੇ ਜਜ਼ਬੇ ਨੂੰ ਝੰਜੋੜਦਾ ਹੋਇਆ, ਆਉਣ ਵਾਲੀਆਂ ਪੀੜ੍ਹੀਆਂ ਦੀ ਸੁਖ ਮੰਗਦਾ ਹੋਇਆ, ਮੈਂ ਤੁਹਾਡੇ ਕੰਨੀਂ ਹਜ਼ਾਰਾਂ ਰੋ-ਰੋ ਬੇਜ਼ਾਰ ਹੋਈਆਂ ਮਾਵਾਂ, ਹਜ਼ਾਰਾਂ ਡੇਢ ਦਹਾਕੇ ਤੋਂ ਰੋਂਦੀਆਂ ਭੈਣਾਂ, ਲੱਖਾਂ ਬਾਪੂਆਂ ਦੇ ਸਿਵਿਆਂ ਵਾਂਗ ਸੁਲਗਦੇ ਦਿਲਾਂ ਤੀਕ ਬਾਲਾਂ ਦੀ ਇਕ ਪੁਕਾਰ ਪੁਚਾਉਣਾ ਚਾਹੁੰਦਾ ਹਾਂ।

ਮੈਂ ਤੁਹਾਨੂੰ, ਲੋਕ ਸਮੂਹ ਨੂੰ, ਤੁਹਾਡੇ ਤਖ਼ਤਾਂ ਉੱਤੇ ਬੈਠੇ ਨੁਮਾਇੰਦਿਆਂ ਤੋਂ ਉਚੇਰਾ ਜਾਣ ਕੇ ਗੁਰੂ ਲਿਵ ਨਾਲ ਜੁੜੇ ਹੋਣ ਕਰਕੇ ਉਨ੍ਹਾਂ ਮੂਰਤੀਆਂ ਦੇ ਮਾਲਕ ਜਾਣਦਾ ਹਾਂ, ਜਿਨ੍ਹਾਂ ਨੂੰ ਤੁਸੀਂ 'ਛਾਤੀ ਦੇ ਕੇ ਪਾਉ' ਘੜਿਆ ਹੈ ਅਤੇ ਜੋ ਅੱਜ ਤਖ਼ਤਾਂ ਉੱਤੇ ਭਗਵਾਨ ਬਣੀਆਂ ਬੈਠੀਆਂ ਹਨ। ਜਮਹੂਰੀ ਸਰਕਾਰਾਂ ਨੂੰ ਹਰ ਮਤਦਾਤਾ ਕੇਵਲ ਅਤੇ ਕੇਵਲ ਮਨੋਰਥ ਸਿੱਧੀ ਦੇ ਸੰਦ ਜਾਣਦਾ ਹੈ। ਤੁਹਾਡੀ ਸਵੱਲੀ ਨਜ਼ਰ ਨਾ ਰਹਿੰਦਿਆਂ ਇਹ ਝੱਟ ਝੜ-ਝੜ

ਪੈਂਦੀਆਂ ਰੇਤ ਦੀਆਂ ਕੰਧਾਂ ਹਨ। ਤੁਸੀਂ ਇਨ੍ਹਾਂ ਨੂੰ ਦਹਾਕਿਆਂ ਤੋਂ ਜੇਲ੍ਹੀਂ ਡੱਕੇ ਬੇਕਸੂਰਾਂ ਦੀ ਕਿਸਮਤ ਦੇ ਮਾਲਕ ਨਾ ਬਣਨ ਦਿਓ। ਇਤਿਹਾਸ ਤੁਹਾਡੇ ਸ਼ਹੀਦਾਂ ਦੇ ਨਾਵਾਂ ਉੱਤੇ ਜੰਮੀ ਧੂੜ ਨੂੰ ਹਟਾ ਕੇ ਉਨ੍ਹਾਂ ਮੁਬਾਰਕ ਅੱਖਰਾਂ ਨੂੰ ਪੜ੍ਹਨਾ ਲੋਚਦਾ ਹੈ, ਜਿਨ੍ਹਾਂ ਨੂੰ ਜੋੜ ਕੇ ਇਹ ਨਾਮ ਬਣਦੇ ਹਨ। ਜ਼ਾਲਮ ਜ਼ਮਾਨਾ ਉਨ੍ਹਾਂ ਦੀਆਂ ਲਾਸ਼ਾਂ ਖਪਾ ਚੁੱਕਿਆ ਹੈ, ਪਰ ਐਸਾ ਹਰਗਿਜ਼ ਹਰਗਿਜ਼ ਨਾ ਹੋਵੇ ਕਿ ਉਨ੍ਹਾਂ ਦੇ ਨਾਮ ਵੀ ਅਣਗਹਿਲੀ ਦਾ ਦੈਂਤ ਨਿਗਲ ਜਾਵੇ। ਅੱਜ ਇਸ ਤਖ਼ਤ ਉੱਤੇ ਭਰਵੀਂ ਆਵਾਜ਼ ਉਠਾਓ। ਆਪਣੇ ਹੱਥੀਂ ਘੜੀਆਂ ਸਰਕਾਰਾਂ ਨੂੰ ਆਖੋ ਕਿ ਬੰਦੀ ਛੋੜ ਖ਼ਾਲਸਾ ਤੁਰੰਤ ਨਿਰਦੋਸ਼ਾਂ ਦੀ ਰਿਹਾਈ ਚਾਹੁੰਦਾ ਹੈ। ਇਨ੍ਹਾਂ ਨੂੰ ਆਖੋ ਕਿ ਤ੍ਰੈ-ਸ਼ਤਾਬਦੀ ਮਨਾਉਣ ਵੇਲੇ ਉਨ੍ਹਾਂ ਸੈਂਕੜੇ, ਹਜ਼ਾਰਾਂ ਦੇ ਨਾਮ ਅਤੇ ਅੰਤ ਸਮੇਂ ਹਾਲਾਤ ਜਾਣਨਾ ਚਾਹੁੰਦਾ ਹੈ, ਜੋ ਇਨ੍ਹਾਂ ਗੱਦੀ-ਨਸ਼ੀਨਾਂ ਦੀ ਵੰਗਾਰ ਉੱਤੇ ਧਰਮ ਯੁੱਧ ਮੋਰਚੇ ਵਿਚ ਜੂਝੇ ਸਨ। ਇਹ ਰਾਜ ਭਾਗ ਨੂੰ ਜਾਂਦੇ ਰਾਹ ਉਨ੍ਹਾਂ ਪੱਧਰ ਕੀਤੇ ਹਨ, ਜਿਨ੍ਹਾਂ ਨੂੰ ਇਨ੍ਹਾਂ ਗੱਦੀਦਾਰਾਂ ਨੇ ਹੀ ਇਸੇ ਤਖ਼ਤ ਉੱਤੇ ਮਰਜੀਵੜੇ ਬਣਨ ਦੀਆਂ ਕਸਮਾਂ ਦਿਵਾਈਆਂ ਸਨ।

ਅਸੀਂ ਇਹ ਤਾਂ ਜਾਣਨਾ ਚਾਹੁੰਦੇ ਹਾਂ, ਕਿਉਂਕਿ ਜੋ ਲੱਖਾਂ ਟੱਬਰ ਆਪਣੇ ਪਿਆਰਿਆਂ ਦੇ ਪਰਤਣ ਨਾ ਪਰਤਣ ਦੀ ਅਸਹਿ ਪੀੜ ਨਾਲ ਵਿੰਨ੍ਹੇ ਪਏ ਹਨ। ਕਰੋੜਾਂ ਲੋਕ ਉਨ੍ਹਾਂ ਦੇ ਭੋਗ ਪਾ ਕੇ ਆਪਣਾ ਆਖ਼ਰੀ ਫ਼ਰਜ਼ ਅਦਾ ਕਰਨਾ ਚਾਹੁੰਦੇ ਹਨ। ਜਦੋਂ ਤੋਂ ਸੰਸਾਰ ਸਜਿਆ ਹੈ, ਮਨੁੱਖ ਜ਼ਾਤੀ ਇਵੇਂ ਕਰਦੀ ਆਈ ਹੈ। ਅਸੀਂ ਜਾਣਨਾ ਚਾਹੁੰਦੇ ਹਾਂ ਤਾਂਕਿ ਮਾਵਾਂ ਇੱਕੋ ਵਾਰ ਆਪਣੇ ਹੰਝੂ ਮੁਕਾ ਲੈਣ।

ਅਸੀਂ ਕਿਸੇ ਸੰਗਦਿਲ ਜ਼ਾਲਮ ਨੂੰ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਕਿਹੋ ਜਿਹੇ ਹੀਰੇ ਉਸ ਦੀ ਪੱਥਰ-ਦਿਲੀ ਦੀ ਭੇਟਾ ਕਰ ਚੁੱਕੇ ਹਾਂ। ਸਾਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਕਿਸ ਬੇਕਸੀ ਵਿੱਚੋਂ ਉਨ੍ਹਾਂ ਨੂੰ ਲੰਘਣਾ ਪਿਆ। ਮਾਨਵਤਾ ਦਾ ਇਤਿਹਾਸ ਗੀਤ ਅਨੁਸਾਰ ਉਨ੍ਹਾਂ ਦੇ ਨਾਮ ਆਪਣੇ ਮੁਕਟ ਵਿਚ ਸਜਾਉਣਾ ਚਾਹੁੰਦਾ ਹੈ। ਸੱਚ, ਧਰਮ, ਨਿਆਂ ਹਿੱਤ ਜੋ ਚਰਖੜੀਆਂ ਚੜ੍ਹੇ, ਤਾਰੂ ਸਿੰਘ ਦੇ, ਬਾਬਾ ਫ਼ਤਹਿ ਸਿੰਘ ਦੇ ਵੀਰ ਸਨ। ਆਖੋ! ਅਸਾਨੂੰ ਚਾਅ ਹੈ ਉਨ੍ਹਾਂ ਦੇ ਨਾਮ ਜਾਣਨ ਦਾ, ਅਗਾਂਹ ਨੂੰ ਇਹ ਸਾਡੇ ਕੌਮੀ ਜੀਵਨ ਦਾ ਸੋਮਾ ਬਣਨਗੇ।

ਅਸੀਂ ਸਹੇ ਨੂੰ ਨਹੀਂ ਪਹੇ ਨੂੰ ਰੋਂਦੇ ਹਾਂ। ਅੱਜ ਜ਼ੁਲਮ ਨੰਗੇ ਨਾ ਹੋਏ ਤਾਂ ਕੱਲ ਫੇਰ ਪੰਜਾਬ ਦੀ ਲਹੂ ਲੁਹਾਣ ਧਰਤੀ ਨਾਲ ਇਹੋ ਕੁਝ ਬੀਤ ਸਕਦਾ ਹੈ। ਜਿਨ੍ਹਾਂ ਨੇ ਹਰਿਮੰਦਰ ਦੇ ਵਿੰਨ੍ਹੇ ਸੀਨੇ ਦੀ ਦਾਸਤਾਂ ਦੇ ਪ੍ਰਤੀਕ ਗੋਲੀਆਂ ਦੇ ਨਿਸ਼ਾਨ ਮਿਟਾ ਦਿੱਤੇ, ਉਹ ਤੁਹਾਨੂੰ ਸੌ-ਸੌ ਬਹਾਨੇ ਬਣਾ ਕੇ ਹੋੜਨਗੇ। ਇਹ ਸ਼ਾਂਤਮਈ ਘੋੜ-ਚੜ੍ਹਿਆਂ ਦਾ ਫ਼ੈਸਲਾਕੁਨ ਹੱਲਾ ਹੈ। ਕੋਈ ਤੇਜ ਸਿੰਘ, ਲਾਲ ਸਿੰਘ ਤੁਹਾਨੂੰ ਡੱਕ ਨਾ ਲਵੇ। ਖ਼ਾਲਸਾ ਜੀ! ਤੁਸੀਂ ਬਿਬੇਕ ਬੁੱਧੀ ਦੇ ਮਾਲਕ ਕਲਗ਼ੀਧਰ ਦੇ ਜਾਏ, ਤੁਸੀਂ ਟਕਸਾਲੀਆਂ ਦੇ ਚੰਡੇ, ਜਪੁਜੀ ਦੀਆਂ ਸਾਣਾਂ ਉੱਤੇ ਲਾਏ, ਪਰਮ ਬਿਬੇਕੀ ਖ਼ਾਲਸਈ ਸ਼ਾਨ ਦੇ ਵਾਰਸ ਹੋ। ਭੁਲੇਖਾ-ਪਾਊ ਘੁਣਤਰਾਂ ਦਾ ਪ੍ਰਭਾਵ ਨਾ ਕਬੂਲਣਾ।

ਸ੍ਰੀ ਅਕਾਲ ਤਖ਼ਤ ਦੀਆਂ ਦਰੀਆਂ ਉੱਤੇ ਸਾਜੇ ਅਕਾਲੀ ਦਲ ਦੀ ਸਰਕਾਰ ਅੱਜ ਰਾਜ ਕਰ ਰਹੀ ਹੈ। "ਝੂਲਤੇ ਨਿਸ਼ਾਨ ਰਹੇਂ, ਪੰਥ ਮਹਾਰਾਜ ਕੇ" ਦੇ ਨਾਅਰਿਆਂ, ਨੀਲੀਆਂ ਪੱਗਾਂ, ਪ੍ਰਕਾਸ਼ੇ ਦਾੜ੍ਹਿਆਂ ਦੇ ਪ੍ਰਭਾਵ ਪ੍ਰਚਾਰ ਕੇ ਸੱਤਾ ਦੀ ਪੌੜੀ ਚੜ੍ਹੀ ਹੈ। ਇਸ ਨੂੰ ਇਕ ਆਵਾਜ਼ ਹੋ ਕੇ ਆਖੋ ਕਿ 1980 ਤੋਂ ਲੈ ਕੇ ਅੱਜ ਤਕ ਧਰਮ ਯੁੱਧ ਮੋਰਚੇ ਨਾਲ ਸੰਬੰਧਤ

ਜਿੰਨੀਆਂ ਸ਼ਹੀਦੀਆਂ ਹੋਈਆਂ ਹਨ, ਉਨ੍ਹਾਂ ਦਾ ਮੁਕੰਮਲ ਵੇਰਵਾ ਮੁਹੱਈਆ ਕਰਨ ਲਈ ਹਾਈਕੋਰਟ ਆਦਿ ਦੇ ਜੱਜਾਂ ਦੀ ਇਕ ਕਮਿਸ਼ਨ ਕਾਇਮ ਕਰੋ, ਜੋ ਕਿ ਇਹ ਵੇਰਵਾ ਇਕ ਸਾਲ ਦੇ ਅੰਦਰ-ਅੰਦਰ ਦੇਵੇ। ਇਹ ਕੋਈ ਜੱਗੋਂ ਤੇਰ੍ਹਵੀਂ ਮੰਗ ਨਹੀਂ।

ਸੰਸਾਰ ਦੀ ਰੀਤ ਵੱਲ ਨਿਗ੍ਹਾ ਮਾਰੀਏ ਤਾਂ ਵੀ ਇਹ ਮੰਗ ਜਾਇਜ਼ ਹੈ। ਵੀਅਤਨਾਮ ਅਮਰੀਕਾ ਨਾਲ ਸਫ਼ਾਰਤੀ ਸੰਬੰਧ ਸਥਾਪਿਤ ਕਰਨ ਲਈ ਉਤਾਵਲਾ ਸੀ। ਕਈ ਦਹਾਕੇ ਉਡੀਕਣਾ ਪਿਆ, ਕਿਉਂਕਿ ਅਮਰੀਕਾ ਵੀਅਤਨਾਮ ਦੀ ਧਰਤੀ ਉੱਤੇ ਸ਼ਹੀਦ ਹੋਏ ਅਮਰੀਕੀ ਸਿਪਾਹੀਆਂ ਦੀਆਂ ਅਸਥੀਆਂ, ਨਾਵਾਂ, ਹਾਲਾਤਾਂ ਦੇ ਵੇਰਵਿਆਂ ਬਿਨਾਂ ਸੰਬੰਧ ਨਹੀਂ ਕਾਇਮ ਕਰਨਾ ਚਾਹੁੰਦਾ ਸੀ। ਜਦੋਂ ਪੰਦਰਾਂ ਸਾਲ ਪੁਣਛਾਣ ਕਰ ਕੇ ਵੀਅਤਨਾਮ ਨੇ ਆਖ਼ਰੀ ਦਸ ਸਿਪਾਹੀਆਂ ਦੇ ਵੇਰਵੇ ਹਾਜ਼ਰ ਕੀਤੇ, ਤਾਂ ਅਮਰੀਕੀ ਰਾਜਦੂਤ ਨੇ ਆਪਣਾ ਪੈਰ ਵੀਅਤਨਾਮ ਦੀ ਧਰਤੀ ਉੱਤੇ ਰੱਖਿਆ। ਜਿਊਂਦੀਆਂ ਕੌਮਾਂ ਇਵੇਂ ਹੀ ਕਰਦੀਆਂ ਹੁੰਦੀਆਂ ਹਨ। ਜੇ ਸੰਸਾਰ ਦੇ ਇਤਿਹਾਸ ਉੱਤੇ ਨਿਗ੍ਹਾ ਮਾਰ ਕੇ ਵੇਖੀਏ ਤਾਂ ਖ਼ਾਲਸੇ ਨਾਲੋਂ ਵੱਧ, ਜਿਸ ਨੇ ਇਕ ਅੰਦਾਜ਼ੇ ਅਨੁਸਾਰ ਸਵਾ ਲੱਖ ਤੋਂ ਵੱਧ ਸ਼ਹੀਦੀਆਂ ਹੱਕ ਸੱਚ ਉੱਤੇ ਪਹਿਰਾ ਦੇਣ ਲਈ ਅੱਜ ਦੇ ਦਿੱਤੀਆਂ ਹਨ, ਕੌਣ ਜਿਊਂਦਾ ਹੈ?

•

ਭਾਰਤ ਦੀ ਤਹਿਰੀਕ-ਏ-ਆਜ਼ਾਦੀ ਦਾ ਸੱਚ*

ਭਾਗ ਪਹਿਲਾ

ਔਰੰਗਜ਼ੇਬ ਨੇ ਇਤਿਹਾਸ ਲਿਖਣ ਉੱਤੇ ਪਾਬੰਦੀ ਲਗਾ ਦਿੱਤੀ ਸੀ ਤਾਂਕਿ ਜਿਸ ਇਤਿਹਾਸਕ ਰੌਂ ਨੂੰ ਉਹ ਪ੍ਰਚੱਲਤ ਕਰਨਾ ਚਾਹੇ, ਸਹਿਜੇ ਹੀ ਦਰਬਾਰੀਆਂ ਕੋਲੋਂ ਲਿਖਵਾ ਕੇ ਪ੍ਰਚਾਰ ਸਕੇ। ਕਈ ਵਾਰ ਕੌਮੀ ਸੁਭਾਅ ਦੀ ਔਰੰਗਜ਼ੇਬੀ ਸਮਰੱਥਾ ਨੂੰ ਭਾਂਪਦੇ ਹੋਏ ਚਾਲਾਕ ਲੇਖਕ ਸਮੇਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੀ ਚੇਸ਼ਟਾ ਨੂੰ ਇਤਿਹਾਸ ਦੀ ਸੰਗਿਆ ਦੇ ਕੇ ਸਮੇਂ ਦੀ ਹਿੱਕ ਉੱਤੇ ਠੇਲ੍ਹ ਦਿੰਦੇ ਹਨ। ਇਹ ਕਾਗ਼ਜ਼ ਦੀ ਬੇੜੀ ਅਜਬ ਕ੍ਰਿਸ਼ਮੇ ਕਰ ਗੁਜ਼ਰਦੀ ਹੈ। ਦਸਮੇਸ਼ ਪ੍ਰਤੀ ਅਥਾਹ ਸ਼ਰਧਾ ਦੇ ਪਰਛਾਵੇਂ ਕੇਸਰ ਸਿੰਘ ਛਿੱਬਰ ਆਪੇ ਸੱਚੇ ਪਾਤਿਸ਼ਾਹ ਦਾ ਖਿਡਾਵਾ, ਆਪੇ ਅੰਮ੍ਰਿਤ ਦਾ ਦਾਤਾ, ਆਪੇ ਮਨਮਰਜ਼ੀ ਦੇ ਥਾਪੇ ਪੰਜ ਪਿਆਰਿਆਂ ਦਾ ਮੁਖੀ ਅਤੇ ਆਪੇ ਬ੍ਰਾਹਮਣ ਸਿੱਖਾਂ ਦਾ ਕਦਰਦਾਨ ਬਣ ਬੈਠਦਾ ਹੈ। ਏਸ ਧਰਤੀ ਦੇ ਹਰ ਕਣ ਨੂੰ ਆਪਣੇ ਖ਼ੂਨ ਨਾਲ ਸਿੰਜਣ ਵਾਲੇ ਤਾਂ 'ਗ਼ਦਾਰ ਕੀ ਬੇਟੀ-ਬੇਟੇ' ਬਣ ਜਾਂਦੇ ਹਨ ਅਤੇ ਆਖ਼ਰੀ ਹਿੰਦੁਸਤਾਨ ਰਾਜ ਨੂੰ ਖ਼ਤਮ ਕਰਨ ਲਈ ਚੜ੍ਹ ਕੇ ਆਏ 'ਹਿੰਦੁਸਤਾਨੀ, ਪੂਰਬੀ, ਦੱਖਣੀ' ਪਹਿਲੀ ਜੰਗੇ ਆਜ਼ਾਦੀ ਦੇ ਸਿਪਾਹੀ ਬਣ ਜਾਂਦੇ ਹਨ। 'ਜ਼ਖ਼ਮ ਸਾਹਮਣੇ ਮੂੰਹ 'ਤੇ ਖਾਣ ਵਾਲਾ' ਅਟਾਰੀਵਾਲਾ ਸ਼ਾਮ ਸਿੰਘ ਤਾਂ ਕਿਸੇ ਨੂੰ ਚਿੱਤ ਚੇਤੇ ਨਹੀਂ, ਨਾ ਬਾਬਾ ਵਸਾਖਾ ਸਿੰਘ ਦਦੇਹਰ, ਪਰ ਲਾਠੀ ਦਾ ਝਾਉਲਾ ਪੈਣ ਉੱਤੇ ਪ੍ਰਲੋਕ ਸਿਧਾਰ ਜਾਣ ਵਾਲੇ ਪੰਜਾਬ ਦੇ ਮਹਾਨ ਸ਼ਹੀਦ ਬੱਬਰ ਸ਼ੇਰ ਅਖਵਾਉਂਦੇ ਹਨ।

ਕੁਝ ਇਹੋ ਜਿਹਾ ਭਾਰਤੀਕਰਣ ਹੋਇਆ ਹਿੰਦੁਸਤਾਨ ਦੀ 'ਜੰਗੇ ਆਜ਼ਾਦੀ' ਦੀ ਮੁੱਖ ਧਾਰਨਾ ਦਾ। ਏਸ ਪ੍ਰਤੀ ਘੱਟੋ ਘੱਟ ਅੱਧੀ ਦਰਜਨ ਪ੍ਰਮੁਖ ਧਾਰਨਾਵਾਂ ਹਨ, ਜੋ ਕਿ ਅੱਧੀ ਸਦੀ ਤੋਂ ਆਪਸ ਵਿਚ ਖਹਿੰਦੀਆਂ ਸਥਾਪਿਤ ਹੋਣ ਲਈ ਕਮਰਕੱਸੇ ਕਰੀ ਫਿਰਦੀਆਂ ਹਨ। ਏਥੇ ਸਾਰੀਆਂ ਦਾ ਜ਼ਿਕਰ ਕਰ ਕੇ, ਆਖ਼ਰ ਇਕ ਦਾ ਮੁਕਾਬਲਤਨ ਵਿਸਤਾਰ ਕਰ ਕੇ ਉਸਦੇ ਸੱਚ ਦੀ ਸਮਰੱਥਾ ਨੂੰ ਘਟਨਾਵਾਂ ਦੀ ਘਸਵੱਟੀ ਉੱਤੇ ਪਰਖਣਾ ਵਾਜਿਬ ਰਹੇਗਾ। ਅੰਗਰੇਜ਼ ਮਹਿਜ਼ ਵਪਾਰੀ ਲੋਕ ਸਨ ਅਤੇ ਮੁਨਾਫ਼ਾ ਕਮਾਉਂਦੇ ਕਮਾਉਂਦੇ ਇਕ ਵਿਸ਼ਾਲ ਸਾਮਰਾਜ ਦੇ ਮਾਲਕ ਬਣ ਬੈਠੇ। ਦੂਜੀ ਆਲਮੀ ਜੰਗ ਦੇ ਨਿੱਸਲ ਕੀਤਿਆਂ ਜਦੋਂ ਵੇਖਿਆ ਕਿ ਮੁਨਾਫ਼ੇ ਨਾਲੋਂ ਖ਼ਰਚੇ ਵਧ ਗਏ ਹਨ ਤਾਂ ਹਿੰਦੁਸਤਾਨ ਛੱਡ ਕੇ ਚਲੇ ਗਏ। ਦੂਜੀ ਧਾਰਨਾ ਦੀ ਹੋਂਦ ਹੈ, ਜ਼ਮਾਨੇ ਦੇ ਦੌਰ ਵਿਚ ਪੁੰਗਰੇ ਨਵੇਂ ਵਿਚਾਰਾਂ ਦੇ ਸੰਦਰਭ ਵਿਚ। 'ਲੀਗ ਔਵ ਨੇਸ਼ਨਜ਼' ਦੇ ਚਾਰਟਰ ਉੱਤੇ ਦਸਤਖ਼ਤ ਕਰ ਕੇ, ਵੂਡਰੋ ਵਿਲਸਨ ਦੀ ਪ੍ਰੇਰਨਾ

---

* ਅਹਿਮ ਦਸਤਾਵੇਜ਼ੀ ਸਬੂਤਾਂ ਨਾਲ ਪਰੁੱਤਾ ਹਿੰਦੁਸਤਾਨ ਦੀ ਤਹਿਰੀਕ-ਏ-ਆਜ਼ਾਦੀ ਬਾਰੇ ਬਹੁ-ਪੱਖੀ ਅਹਿਮੀਅਤ ਵਾਲਾ ਇਹ ਲੇਖ *ਸਪੋਕਸਮੈਨ ਵੀਕਲੀ* ਦੇ ਮਾਸਕ ਅੰਕ ਅਗਸਤ, 1997 ਵਿਚ ਛਪਿਆ।

ਸਦਕਾ ਅਤੇ ਬਸਤੀਵਾਦ ਵਿਰੋਧ ਦੀ ਤਾਬ ਨਾ ਸਹਾਰਦੇ ਹੋਏ ਅੰਗਰੇਜ਼ ਅਤੇ ਬਾਕੀ ਬਸਤੀਵਾਦੀ ਮੁਲਕ ਸਹਿਜੇ ਸਹਿਜੇ ਸਾਰੀਆਂ ਬਸਤੀਆਂ ਖ਼ਾਲੀ ਕਰ ਗਏ। ਇਹ ਧਾਰਨਾ ਸੱਚ ਦਾ ਇਕ ਨਿੱਗਰ ਹਿੱਸਾ ਹੈ। ਕੁਝ ਲੋਕਾਂ ਦਾ ਆਖਣਾ ਹੈ ਕਿ ਹਿੰਦੁਸਤਾਨ ਵਿਚ ਹਿੰਸਕ ਲਹਿਰਾਂ ਨੂੰ ਉਠਦਾ ਵੇਖ ਕੇ, ਫ਼ੌਜ ਦੀ ਬਗ਼ਾਵਤ ਦੀਆਂ ਕਨਸੋਆਂ ਸੁਣ ਕੇ, ਡਰ ਕੇ ਅੰਗਰੇਜ਼ ਭੱਜ ਗਏ। ਉਹ ਇਹ ਤਰਕ ਵਿਸਾਰ ਦਿੰਦਾ ਹੈ ਕਿ ਤਕਰੀਬਨ ਸਾਰੇ ਹਿੰਦੁਸਤਾਨ ਨੂੰ ਅੰਗਰੇਜ਼ਾਂ ਨੇ ਜੰਗਾਂ ਯੁੱਧਾਂ ਵਿਚ ਹੀ ਫ਼ਤਹਿ ਕੀਤਾ ਸੀ। ਦੋ ਆਲਮੀ ਜੰਗਾਂ ਵਿਚ ਇਹ ਥਰ ਥਰ ਕੰਬਦੇ ਨਹੀਂ ਸਨ ਵੇਖੇ ਗਏ ਅਤੇ 1857 ਦੇ ਗ਼ਦਰ ਤੋਂ ਬਾਅਦ ਇਹਨਾਂ ਏਸ ਧਰਤੀ ਦੇ ਉਦਾਲੇ ਗ਼ੁਲਾਮੀ ਦੇ ਸੰਗਲ ਹੋਰ ਮਜ਼ਬੂਤ ਕੀਤੇ ਸਨ। ਇਹ ਵੀ ਸੱਚ ਹੈ ਕਿ ਸਿੱਖਾਂ ਤੋਂ ਬਿਨਾਂ ਕਿਸੇ ਨੇ ਵੀ ਨਾ ਤਾਂ ਲੱਕ ਬੰਨ੍ਹ ਕੇ ਹਿੰਸਕ ਲਹਿਰਾਂ ਚਲਾਈਆਂ ਅਤੇ ਨਾ ਕਾਇਮ ਰੱਖੀਆਂ। ਬਹੁਤੀਆਂ ਆਰਜ਼ੀ ਸਨ ਅਤੇ 1947 ਤੋਂ ਢੇਰ ਪਹਿਲਾਂ ਦਮ ਤੋੜ ਚੁੱਕੀਆਂ ਸਨ।

ਅੰਗਰੇਜ਼ ਯਕੀਨ ਕਰਦੇ ਸਨ ਕਿ ਉਹਨਾਂ ਕੋਲ ਉਚੇਰੀ ਸਭਿਅਤਾ ਹੈ, ਜਿਸਦੀ ਰੌਸ਼ਨੀ ਫੈਲਾਉਣ ਲਈ ਉਹ ਹਿੰਦੁਸਤਾਨ ਆਏ, ਅਫ਼ਰੀਕਾ ਆਦਿ ਗਏ। ਇਹ ਸੰਕਲਪ ਉਹਨਾਂ ਵਿਚ 'ਗੋਰੇ ਦਾ ਬੋਝ' (Whiteman's Burden) ਨਾਂਅ ਹੇਠ ਪ੍ਰਚੱਲਤ ਸੀ। ਉਹਨਾਂ ਦਾ ਖ਼ਿਆਲ ਸੀ ਕਿ ਧਰਮ, ਰਾਜਨੀਤੀ ਇਤਿਆਦਿ ਸੰਬੰਧੀ ਨਿੱਗਰ ਕਦਰਾਂ-ਕੀਮਤਾਂ ਉਹਨਾਂ ਪ੍ਰਚਾਰੀਆਂ ਅਤੇ ਜਦੋਂ ਇਹ ਕੰਮ ਮੁਕੰਮਲ ਹੋ ਗਿਆ ਤਾਂ ਵਾਪਸ ਆਪਣੇ ਟਾਪੂ ਉੱਤੇ ਚਲੇ ਗਏ। ਉਹਨਾਂ ਦੀ ਏਸ ਧਾਰਨਾ ਵਿਚ ਵੱਡੀ ਸਚਾਈ ਹੋਣੀ ਸੀ, ਜੇ ਉਹ ਏਸ ਦੇਸ਼ ਦਾ ਆਰਥਿਕ ਸ਼ੋਸ਼ਣ ਨਾ ਕਰਦੇ, ਕੀਤੀਆਂ ਸੰਧੀਆਂ ਨੂੰ ਨਾ ਤੋੜਦੇ, ਰਾਜ ਕਰਨ ਦੀ ਹਵਸ ਤੋਂ ਸੱਖਣੇ ਹੁੰਦੇ, ਲੋਕਾਂ ਲਈ ਉਹਨਾਂ ਨਾਲੋਂ ਚੰਗੀਆਂ ਸਰਕਾਰਾਂ, ਮਸਲਨ 'ਸਰਕਾਰ ਖ਼ਾਲਸਾ ਜੀਉ' ਨੂੰ ਨਾ ਹੜਪਦੇ। ਜਰਮਨ ਮਿਸ਼ਨਰੀ ਰੈਵਰੰਡ ਵੂਲਫ਼ ਨੂੰ ਰਣਜੀਤ ਸਿੰਘ ਨੇ ਪੁੱਛਿਆ ਸੀ ਕਿ ਜੇ ਤੂੰ ਐਡਾ ਭਾਣਾ ਮੰਨਣ ਵਾਲਾ ਹੈਂ ਤਾਂ ਰੱਸੀਆਂ ਦੇ ਪੁਲ ਉੱਤੇ ਡਰ ਕੇ ਚੀਕਾਂ ਕਿਉਂ ਮਾਰਦਾ ਸੈਂ ? ਅਤੇ ਸਲਾਹ ਦਿੱਤੀ ਸੀ ਕਿ "ਜੇ ਤੂੰ ਸਭਿਆਚਾਰ, ਤਹਿਜ਼ੀਬ ਵਗ਼ੈਰਾ ਸਿਖਾਉਣ ਆਇਆ ਹੈਂ ਤਾਂ ਏਥੇ ਪੰਜਾਬ ਵਿਚ ਕੀ ਕਰਦਾ ਹੈਂ ? ਕਲਕੱਤੇ ਜਾ ਕੇ ਸਭਿਆਚਾਰ ਤਹਿਜ਼ੀਬ ਤੋਂ ਕੋਰੇ ਗਵਰਨਰ ਜਨਰਲ ਅਤੇ ਬਾਕੀ ਅੰਗਰੇਜ਼ਾਂ ਨੂੰ ਇਹ ਸਭ ਸਿਖਾ।"

ਪੰਜਵੀਂ ਧਾਰਨਾ ਹੈ ਕਿ ਹਿੰਦੁਸਤਾਨ ਦੇ ਲੋਕ ਸੱਤਵਾਦੀ ਸ਼ਾਂਤਮਈ ਧਾਰਮਿਕ ਸਨ। ਉਹਨਾਂ ਸਤਿਆਗ੍ਰਹਿ ਕੀਤਾ, ਸ਼ਾਂਤਮਈ ਲਹਿਰਾਂ ਚਲਾਈਆਂ, ਜੇਲ੍ਹਾਂ ਭਰੀਆਂ, ਬਿਨਾਂ ਸੀ ਕੀਤਿਆਂ ਡਾਂਗਾਂ ਖਾਧੀਆਂ, ਚਰਖੇ ਚਲਾਏ, ਖੱਦਰ ਹੰਢਾਏ ਅਤੇ ਦੁਖ ਸਹੇ। ਅੰਗਰੇਜ਼ ਦੀ ਆਤਮਾ ਪਸੀਜ ਗਈ। ਉਹਨਾਂ ਨੇ ਹਰ ਹਿੰਦੁਸਤਾਨੀ ਵਿਚ ਈਸਾ ਸੂਲੀ ਚੜ੍ਹਦਾ ਵੇਖਿਆ ਅਤੇ ਸ਼ਰਮਾ ਕੇ ਨਿਆਂ ਕਰਨ ਲਈ ਰਾਜ਼ੀ ਹੋ ਗਏ। ਆਖ਼ਰ ਦੋਨੋਂ ਹੱਥ ਜੋੜ ਕੇ ਗਾਂਧੀ ਅਤੇ ਕਾਂਗਰਸ ਦੇ ਪੈਰਾਂ ਉੱਤੇ ਰਾਜਸੀ ਸੱਤਾ ਰੱਖ ਕੇ ਜਹਾਜ਼ ਚੜ੍ਹ ਗਏ।

ਏਸ ਧਾਰਨਾ ਵਿਚ ਛਾਨਣੀ ਜਿੰਨੇ ਛੇਦ ਹਨ। ਪਹਿਲਾਂ ਤਾਂ ਅਸੀਂ ਏਨੇ ਸੱਤਵਾਦੀ ਨਹੀਂ, ਨਾ ਹੀ ਅਹਿੰਸਕ ਹਾਂ। ਨਾਗਾਲੈਂਡ, ਆਸਾਮ, ਕਸ਼ਮੀਰ, ਪੰਜਾਬ, ਆਦਿ ਸੂਬਿਆਂ ਵਿਚ ਸੱਚ, ਨਿਆਂ ਲਈ ਲੜਦਿਆਂ ਏਨੀਆਂ ਹੱਤਿਆਵਾਂ ਕਰ ਚੁੱਕੇ ਹਾਂ, ਜਿੰਨੀਆਂ ਕਿ ਆਪਣੇ ਤਮਾਮ ਜੰਗਾਂ ਯੁੱਧਾਂ ਨੂੰ ਮਿਲਾ ਕੇ ਅੰਗਰੇਜ਼ ਨੇ ਹਿੰਦੁਸਤਾਨ ਵਿਚ ਨਹੀਂ ਸਨ ਕੀਤੀਆਂ। ਨਿਆਂ ਧਰਮ ਦੀ ਰੁਚੀ ਸਾਡੇ ਵਿਚ ਏਨੀ ਕੁ ਹੈ ਕਿ ਨਿਰੋਲ ਅਨਿਆਂ (ਨਵੇਂ

ਟਾਡਾ) ਨੂੰ ਕਾਨੂੰਨ ਬਣਾਉਣ ਲਈ ਅੱਜ ਵੀ ਜੂਝ ਰਹੇ ਹਾਂ। ਸਾਲਾਂ ਬੱਧੀ ਜੂਝ ਕੇ, ਸ਼ਹੀਦੀਆਂ ਦੇ ਕੇ ਜੇਲ੍ਹਾਂ ਭਰ ਕੇ ਸਿਖ ਇਹ ਨਹੀਂ ਮਨਵਾ ਸਕੇ ਕਿ ਪੰਜਾਬ ਦੇ ਦਰਿਆਈ ਪਾਣੀ ਦਾ ਮਸਲਾ ਸੁਪਰੀਮ ਕੋਰਟ ਸੰਵਿਧਾਨ ਅਨੁਸਾਰ ਨਜਿੱਠੇ। ਸਾਡੀ ਆਪਣੀ ਅੱਧੀ ਸਦੀ ਦਾ ਮੰਥਨ ਕਰ ਕੇ ਬਣਾਈ ਬੋਲੀਆਂ ਦੇ ਆਧਾਰ ਉੱਤੇ ਸੂਬੇ ਬਣਾਉਣ ਦੀ ਨੀਤੀ ਨੂੰ ਅਸੀਂ ਲੱਖਾਂ ਗ੍ਰਿਫ਼ਤਾਰੀਆਂ ਅਨੇਕਾਂ ਮੋਰਚਿਆਂ ਬੇਗਿਣਤ ਸ਼ਹੀਦੀਆਂ ਤੋਂ ਬਾਅਦ ਵੀ ਲਾਗੂ ਨਹੀਂ ਕਰ ਸਕੇ। ਪੰਜਾਬ ਅੱਜ ਵੀ ਨਾ-ਮੁਕੰਮਲ ਉਪ-ਸੂਬਾ ਹੈ।

ਚੀਨ ਨੇ ਅਥਾਹ ਸ਼ਕਤੀ ਹੁੰਦਿਆਂ ਨਾ ਤਾਂ ਤਾਈਵਾਨ ਉੱਤੇ ਜਬਰੀ ਕਬਜ਼ਾ ਕੀਤਾ ਹੈ, ਨਾ ਹਾਂਗਕਾਂਗ ਉੱਤੇ ਕੀਤਾ ਸੀ। ਅਸੀਂ ਹੋਛੇ, ਹਾਬੜੇ ਲੋਕਾਂ ਵਾਂਗ ਵੱਡੀ ਕਾਹਲੀ ਵਿਚ ਹੈਦਰਾਬਾਦ, ਕਸ਼ਮੀਰ ਅਤੇ ਗੋਆ ਉੱਤੇ ਫ਼ੌਜੀ ਮਦਦ ਨਾਲ ਕਬਜ਼ੇ ਕਰ ਚੁੱਕੇ ਹਾਂ। ਕਸ਼ਮੀਰ ਨੂੰ ਕਸ਼ਮੀਰੀਆਂ ਤੋਂ ਸੱਖਣਾ ਕਰ ਕੇ ਧਰਤੀ ਦੇ ਟੁਕੜੇ ਉੱਤੇ ਧੌਂਸ ਜਮਾਉਣ ਲਈ ਅਸੀਂ ਕਿਵੇਂ ਪੱਬਾਂ ਭਾਰ ਹੋ ਰਹੇ ਹਾਂ। ਕੀ ਆਜ਼ਾਦੀ ਲਈ ਲੜ ਚੁੱਕੇ ਨਿਆਈਂ ਲੋਕ ਆਜ਼ਾਦੀ ਲਈ ਲੜਦਿਆਂ ਦਾ ਖ਼ੂਨ ਕਦੇ ਇਉਂ ਵੀਟਦੇ ਹਨ ? ਅੰਗਰੇਜ਼ ਤਾਂ ਬਾਰ ਬਾਰ ਗੋਲਮੇਜ਼ ਕਾਨਫ਼ਰੰਸਾਂ ਕਰ ਕੇ, ਮਿਸ਼ਨ ਆਦਿ ਭੇਜ ਕੇ ਮਸਲੇ ਦਾ ਸੰਵਿਧਾਨਿਕ ਹੱਲ ਲੱਭਦੇ ਸਨ।

ਉਪਰੋਕਤ ਵਰਗੇ ਅਨੇਕਾਂ ਵਿਘਨਕਾਰੀ ਤੱਥਾਂ ਤੋਂ ਇਲਾਵਾ ਵੱਡੀਆਂ ਵੱਡੀਆਂ ਘਟਨਾਵਾਂ ਵੀ ਹਨ, ਜੋ ਕਿਵੇਂ ਵੀ ਕਾਂਗਰਸੀ ਵਿਚਾਰ ਨਾਲ ਮੇਲ ਨਹੀਂ ਖਾਂਦੀਆਂ। ਇਹਨਾਂ ਵਿਚ ਹਨ, ਤਕਰੀਬਨ 1930 ਤਕ ਹਿੰਦੁਸਤਾਨ ਦਾ ਹਿੱਸਾ ਰਹਿ ਚੁੱਕੇ ਬਰਮਾ, ਸ੍ਰੀ ਲੰਕਾ ਸਮੇਤ ਦਰਜਨਾਂ ਹੋਰ ਮੁਲਕਾਂ ਦਾ ਆਜ਼ਾਦ ਹੋਣਾ, ਜਿਨ੍ਹਾਂ ਵਿਚ ਨਾ ਕਦੇ ਕੋਈ ਅੰਦੋਲਨ ਚੱਲਿਆ, ਨਾ ਬੰਬ ਚੱਲੇ, ਨਾ ਚਰਖੇ ਘੂਕੇ। ਜੇ ਹੋਰ ਨੇੜੇ ਵੇਖੀਏ ਤਾਂ ਮੁਹੰਮਦ ਅਲੀ ਜਿਨਾਹ ਇਕ (ਸਮਾਂ ਪੈ ਕੇ ਦੋ ਨਵੇਂ) ਇਸਲਾਮੀ ਮੁਲਕ ਬਣਾ ਗਿਆ। ਜਿਨਾਹ ਨੇ ਉਸੇ ਅੰਗਰੇਜ਼ ਤੋਂ ਆਜ਼ਾਦੀ ਹਾਸਲ ਕੀਤੀ ਅਤੇ ਯਕੀਨਨ ਉਸਦਾ ਕਾਰਨਾਮਾ ਕਾਂਗਰਸੀਆਂ ਨਾਲੋਂ ਵੱਡੀ ਇਤਿਹਾਸਕ ਮਹੱਤਤਾ ਵਾਲਾ ਹੈ। ਜੇ ਅਜਿਹੇ ਕੰਮ ਚਰਖੇ ਚਲਾਉਣ ਨਾਲ ਹੁੰਦੇ ਤਾਂ ਕੀ ਜਿਨਾਹ ਨੂੰ ਸਾਰੀ ਉਮਰ ਦੋਨੋਂ ਹੱਥੀਂ ਚਰਖੇ ਨਾ ਘੁਕਾਉਣੇ ਪੈਂਦੇ ? ਹੋਰ ਹੈਰਾਨੀ ਦੀ ਗੱਲ ਇਹ ਹੈ ਕਿ ਨਾ ਉਸ ਨੇ ਆਪਣੀ ਕੌਮ ਨੂੰ ਬੰਬ ਚਲਾਉਣ ਲਈ ਉਕਸਾਇਆ, ਨਾ ਉਸ ਨੇ ਜੇਲ੍ਹਾਂ ਭਰੀਆਂ, ਨਾ ਹੜਤਾਲਾਂ ਕੀਤੀਆਂ, ਨਾ ਲੂਣ-ਸਤਿਆਗ੍ਰਹਿ, ਨਾ ਭਾਰਤ ਛੋੜੋ ਅੰਦੋਲਨ ਅਤੇ ਨਾ ਹੀ ਨਾ-ਮਿਲਵਰਤਨ ਲਹਿਰ ਚਲਾਈ। ਉਹ ਆਪ ਇਕ ਦਿਨ ਜੇਲ੍ਹ ਨਾ ਗਿਆ ਅਤੇ ਨਾ ਉਸ ਨੇ ਕੋਈ ਭੁੱਖ ਹੜਤਾਲ ਕੀਤੀ, ਨਾ ਬੇਲੋੜੀ ਨਾਅਰੇ-ਬਾਜ਼ੀ ਵਿਚ ਕੌਮ ਨੂੰ ਉਲਝਾਇਆ। ਇਕੱਲੇ ਏਸ ਨੁਕਤੇ ਵਿਚ ਉਹ ਸੰਕੇਤ ਤੇ ਰਮਜ਼ਾਂ ਹਨ, ਜੋ 'ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ' ਦੇ ਅਤੇ ਏਸ ਵਿਚ ਜੂਝਦੇ ਸੂਰਮਿਆਂ ਦੇ ਅਸਲ ਨਕਸ਼ ਨੁਹਾਰ ਲੋਕਾਂ ਸਾਹਮਣੇ ਪ੍ਰਗਟ ਕਰਨ ਦੇ ਸਮਰੱਥ ਹਨ।

ਮੁਲਕ ਛੱਡ ਕੇ ਜਾਣ ਵਾਲਿਆਂ ਵੀ ਉਹਨਾਂ ਕਾਰਣਾਂ ਦਾ ਖ਼ੁਲਾਸਾ ਕੀਤਾ, ਜਿਨ੍ਹਾਂ ਕਰਕੇ ਉਹ ਏਥੋਂ ਗਏ ਸਨ। ਉਹਨਾਂ ਨਾ ਬਿਆਨ ਦਿੱਤੇ, ਨਾ ਡੌਂਡੀ ਪਿੱਟੀ। ਉਹਨਾਂ ਨਾ ਤਾਂ ਝੂਠ ਦੇ ਪਹਾੜਾਂ ਉੱਤੇ ਸੱਚ ਦੀ ਕਲੀ ਫੇਰਨ ਦੀ ਕੋਸ਼ਿਸ਼ ਕੀਤੀ, ਨਾ ਹੀ ਸਾਡੇ ਵਾਂਗ ਖੰਭਾਂ ਦੀਆਂ ਡਾਰਾਂ ਬਣਾਈਆਂ। ਉਹਨਾਂ ਵੱਡਾ ਯਤਨ ਕਰ ਕੇ ਹਿੰਦੁਸਤਾਨ ਦੀ ਆਜ਼ਾਦੀ ਨਾਲ ਸੰਬੰਧਤ ਚੋਣਵੇਂ ਦਸਤਾਵੇਜ਼ਾਂ ਨੂੰ ਬਾਰਾਂ ਵੱਡੀਆਂ ਜਿਲਦਾਂ ਵਿਚ ਛਾਪ ਦਿੱਤਾ। ਉਹਨਾਂ ਧਾਰਨਾ ਘੜੀ ਕਿ ਉਹਨਾਂ ਹਿੰਦੁਸਤਾਨੀਆਂ ਨੂੰ ਗ਼ੁਲਾਮ ਕਰਨ ਦੇ ਸਮੇਂ

ਤੋਂ ਹੀ ਇਨ੍ਹਾਂ ਦੀ ਆਜ਼ਾਦੀ ਦਾ ਬੰਦੋਬਸਤ ਕਰਨਾ ਸ਼ੁਰੂ ਕਰ ਦਿੱਤਾ ਸੀ। 1862 ਦੀ ਇੰਡੀਅਨ ਕੌਂਸਲਜ਼ ਐਕਟ ਤੋਂ ਬਾਅਦ ਮੁਤਵਾਤਰ ਬਣਨ ਵਾਲੇ ਕਾਨੂੰਨਾਂ ਰਾਹੀਂ ਹਿੰਦੁਸਤਾਨੀਆਂ ਲਈ ਆਜ਼ਾਦੀ ਦੀ ਮਾਤਰਾ ਵਧਾਉਂਦੇ ਗਏ। 1901 ਵਿਚ ਲੋਕਲ ਕਮੇਟੀਆਂ ਵਿਚ ਵੋਟ ਪਾਉਣ ਦਾ ਅਧਿਕਾਰ ਦਿੱਤਾ, 1909 ਵਿਚ ਕੌਮਾਂ ਨੂੰ ਨੁਮਾਇੰਦਗੀ ਦਿੱਤੀ। ਇਉਂ ਸਮੇਂ ਦੀਆਂ ਕਈ ਦਹਿਲੀਜ਼ਾਂ ਟਪਦਿਆਂ 1946 ਵਿਚ ਕੈਬਨਿਟ ਮਿਸ਼ਨ ਪ੍ਰਸਤਾਵ ਰਾਹੀਂ ਇਕ ਆਜ਼ਾਦ ਅਖੰਡ ਹਿੰਦੁਸਤਾਨ ਦਾ ਵਿਧਾਨ ਪੇਸ਼ ਕੀਤਾ। ਏਸ ਨਾਲ ਆਸ ਜਗਾਈ ਕਿ ਮੁਸਲਮਾਨ, ਸਿਖ ਅਤੇ ਬਾਕੀ ਜਨਰਲ ਜਮਾਤਾਂ ਧਰਮ, ਨਿਆਂ, ਕਾਨੂੰਨ ਨੂੰ ਮੰਨਦੀਆਂ ਹੋਈਆਂ ਅਮਨ, ਚੈਨ ਨਾਲ ਸਾਂਝੇ ਹਿੰਦੁਸਤਾਨ ਵਿਚ ਆਪਸੀ ਮੇਲ-ਜੋਲ ਨਾਲ ਰਹਿ ਸਕਣ।

ਇਹਨਾਂ ਦੀ ਦੱਸੀ ਇਹ ਕਹਾਣੀ ਵਜ਼ਨਦਾਰ, ਦਸਤਾਵੇਜ਼ੀ ਤੱਥਾਂ ਦੀ ਜ਼ੁਬਾਨੀ ਹੈ। ਇਹ ਵੀ ਸੱਚ ਹੈ ਕਿ ਉਹ ਪੌਣੀ ਸਦੀ ਸਿਰਤੋੜ ਕੋਸ਼ਿਸ਼ ਕਰਦੇ ਰਹੇ ਕਿ ਹਿੰਦੁਸਤਾਨ ਲਈ ਸੁਚੱਜੇ ਸੰਵਿਧਾਨ ਦਾ ਇੰਤਜ਼ਾਮ ਹੋ ਸਕੇ। ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਸੀਂ ਆਜ਼ਾਦੀ ਦੇ ਵਾਰਸਾਂ ਨੇ ਨਾ ਤਾਂ ਉਹਨਾਂ ਦੇ ਦਿੱਤੇ ਸੰਵਿਧਾਨ ਨੂੰ ਪ੍ਰਵਾਨ ਕੀਤਾ, ਨਾ ਹੀ ਆਪਣਾ ਕੋਈ ਸਾਂਝਾ ਸੰਵਿਧਾਨ ਖ਼ੁਦ ਘੜਿਆ। ਜਦੋਂ ਸਾਨੂੰ ਚੁਣੌਤੀ ਦਿੱਤੀ ਗਈ ਕਿ ਆਪਣਾ ਵਿਧਾਨ ਆਪੇ ਘੜ ਲਉ ਤਾਂ ਨਹਿਰੂ ਕਮੇਟੀ ਰਾਹੀਂ ਅਜਿਹੇ ਗੁਲ ਖਿੜਾਏ ਕਿ ਉਹ ਨਾ ਸਿੱਖਾਂ ਨੂੰ ਪ੍ਰਵਾਨ ਹੋਣ ਦੇ ਕਾਬਲ ਸੀ, ਨਾ ਮੁਸਲਮਾਨਾਂ ਨੂੰ, ਨਾ ਦਲਿਤਾਂ ਨੂੰ। ਕੈਬਨਿਟ ਮਿਸ਼ਨ ਪ੍ਰਸਤਾਵ ਦੇ ਆਧਾਰ ਉੱਤੇ ਜਦੋਂ ਸਾਂਝੀ ਵਜ਼ਾਰਤ ਬਣ ਗਈ ਅਤੇ ਵਿਧਾਨ ਘਾੜਨੀ ਸਭਾ ਉਸਰ ਗਈ ਤਾਂ ਕਾਂਗਰਸ ਨੇ (ਮੁਨਸ਼ੀ ਅਨੁਸਾਰ) ਸੋਚਿਆ ਸਮਝਿਆ ਬਿਆਨ ਦੇ ਕੇ ਇਕ ਸਦੀ ਦੀ ਵਿਧਾਨਿਕ ਤਰੱਕੀ ਨੂੰ ਬੇਕਿਰਕੀ ਨਾਲ ਰੋੜ੍ਹ ਦਿੱਤਾ। ਇਹ ਬਿਆਨ ਸੀ ਜਵਾਹਰ ਲਾਲ ਦਾ, ਜਿਸ ਨੇ ਆਖਿਆ ਕਿ ਮਿਸ਼ਨ ਪ੍ਰਸਤਾਵ ਕੁਝ ਹੋਵੇ, ਕਾਨੂੰਨ ਜੋ ਆਖੇ ਸੋ ਆਖੇ, ਅਸੀਂ ਆਪਣੀ ਬਹੁ-ਗਿਣਤੀ ਦੇ ਬਲਬੂਤੇ ਆਪਣੀ ਮਰਜ਼ੀ ਦਾ ਸੰਵਿਧਾਨ ਮੁਸਲਮਾਨਾਂ ਉੱਤੇ ਠੋਸਾਂਗੇ। ਏਸ ਤੋਂ ਮੁਸਲਮਾਨਾਂ ਠੀਕ ਸਮਝਿਆ ਕਿ ਉਹਨਾਂ ਨੂੰ ਗ਼ੁਲਾਮ ਕਰਨ ਦਾ ਗੋਰਖਧੰਦਾ ਉਸਾਰਿਆ ਜਾ ਰਿਹਾ ਹੈ। ਆਖ਼ਰ ਜਿਨਾਹ ਨੇ ਹੋਰ ਚਾਰਾ ਨਾ ਚੱਲਦਾ ਵੇਖ ਕੇ 'ਸਿੱਧੇ ਹੱਥ ਕਰਨ ਦਾ' (Direct Action) ਐਲਾਨ ਕੀਤਾ, ਜਿਸ ਦੀ ਸੰਪੂਰਨਤਾ ਪਾਕਿਸਤਾਨ ਦੇ ਹੋਂਦ ਵਿਚ ਆਉਣ ਉੱਤੇ ਹੋਈ।

ਜੇ ਇਹਨਾਂ ਤਕਰੀਬਨ 11,000 ਪੰਨਿਆਂ ਦੇ ਤੱਥਾਂ ਨੂੰ ਵੂਡਰੋ ਵਿਲਸਨ ਦੇ ਵਿਚਾਰਾਂ, ਲੀਗ ਔਵ ਨੇਸ਼ਨਜ਼ ਦੇ ਚਾਰਟਰ, ਸੰਸਾਰ ਵਿਚ ਫੈਲੀ ਬਸਤੀਵਾਦ ਵਿਰੁੱਧ ਭਾਵਨਾ, ਸਿੱਖਾਂ ਵਲੋਂ ਚਲਾਈਆਂ ਕੂਕਾ, ਗ਼ਦਰ ਅਤੇ ਬੱਬਰ ਅਕਾਲੀ ਲਹਿਰਾਂ ਦੀ ਪਿੱਠਭੂਮੀ ਵਿਚ ਵਿਚਾਰੀਏ ਤਾਂ ਸੱਚ ਦੀ ਨੁਹਾਰ ਉਘੜਨ ਲੱਗ ਪੈਂਦੀ ਹੈ। ਜੇ ਏਸ ਸੰਮਿਲਤ ਵਿਚਾਰਧਾਰਾ ਨੂੰ ਅੰਗਰੇਜ਼ਾਂ ਦੀਆਂ ਆਰਥਿਕ ਮੁਸ਼ਕਲਾਂ ਆਦਿ ਦੇ ਸੰਦਰਭ ਵਿਚ ਘੋਖੀਏ ਤਾਂ ਤਸਵੀਰ ਸਪੱਸ਼ਟ ਹੋਣ ਲੱਗਦੀ ਹੈ। ਸ਼ਾਇਦ ਹਿੰਦੁਸਤਾਨ ਦੀ ਆਜ਼ਾਦੀ ਦੀ ਮੁਕੰਮਲ ਦਾਸਤਾਨ ਇਹਨਾਂ ਤੱਥਾਂ ਦੀ ਬੁੱਕਲ ਵਿਚ ਸਮਾਈ ਹੋਈ ਹੈ। ਇਹੋ ਕਹਾਣੀ ਸਿਰਦਾਰ ਕਪੂਰ ਸਿੰਘ ਨੇ ਉਸ *ਸਾਚੀ ਸਾਖੀ* ਵਿਚ ਦੱਸਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿਰੁੱਧ ਅੱਜ-ਕੱਲ੍ਹ ਤੂਫ਼ਾਨੇ-ਬਦ-ਤਮੀਜ਼ੀ ਉਠਿਆ ਹੋਇਆ ਹੈ।

ਕੋਈ ਆਖੇਗਾ, ਫੇਰ ਗਾਂਧੀ ਅਤੇ ਕਾਂਗਰਸ ਦਾ ਅੰਦੋਲਨ ਕੀ ਸੀ ? ਜੇ ਪਹਿਲੀ ਵਾਰ ਇਹ ਨਿਰਣਾ ਕਰਨਾ ਹੁੰਦਾ ਤਾਂ ਸ਼ਾਇਦ ਕੋਈ ਵੀ ਝਿਜਕਦਾ। ਪਰ ਅਕੱਟ ਸਬੂਤਾਂ,

ਨਿੱਗਰ ਤੱਥਾਂ, ਅਨੇਕਾਂ ਵਾਜਬ ਪ੍ਰਮਾਣਾਂ ਦੇ ਆਧਾਰ ਉੱਤੇ ਏਸ ਸਵਾਲ ਦਾ ਕਤਈ ਜੁਆਬ ਦਿੱਤਾ ਜਾ ਚੁੱਕਿਆ ਹੈ। ਮਾਈਕਲ ਐਡਵਰਡਜ਼ (*Last years of the British Rule, Myth of the Mahatama*), ਅਨਿਲ ਸੀਲ (*The Emergence of Indian Nationalism*), ਲੁਈਸ ਨੇਮੀਅਰ ਆਦਿ ਅਨੇਕਾਂ ਗਹਿਰ-ਗੰਭੀਰ ਇਤਿਹਾਸਕਾਰ ਏਸ ਬਾਰੇ ਆਪਣਾ ਨਿਰਣਾ ਦੇ ਚੁੱਕੇ ਹਨ। ਉਹਨਾਂ ਦੀ ਜ਼ੁਬਾਨੀ ਦੱਸਣਾ ਹੀ ਵਾਜਬ ਹੈ। ਅਨਿਲ ਸੀਲ ਕਹਿੰਦਾ ਹੈ ਕਿ ਆਜ਼ਾਦੀ ਦੀ ਲੜਾਈ ਕੇਵਲ 'ਦੋ ਬੇ-ਜਾਨ, ਖੋਖਲੇ, ਅਹਿੱਲ ਬੁੱਤਾਂ ਦਾ ਦੁਸਹਿਰੇ ਵਾਲਾ ਦਵੰਦਯੁੱਧ ਸੀ।' ਮਾਈਕਲ ਐਡਵਰਡਜ਼ ਤਾਂ ਹੋਰ ਵੀ ਸਪੱਸ਼ਟ ਹੈ ਕਿ 'ਗਾਂਧੀ ਅੰਦਰੋ ਅੰਦਰ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ ਅਤੇ ਉਹਨਾਂ ਦੇ ਹਿੱਤ ਪੂਰ ਰਿਹਾ ਸੀ।' ਨੇਮੀਅਰ ਦਾ ਬਿਆਨ ਹੈ ਕਿ 'ਅਖੌਤੀ ਆਜ਼ਾਦੀ ਦੀ ਲੜਾਈ ਕੇਵਲ ਬ੍ਰਾਹਮਣ-ਗ਼ੈਰ-ਬ੍ਰਾਹਮਣ, ਆਰੀਆਂ-ਅਨਆਰੀਆਂ, ਹਿੰਦੂ-ਮੁਸਲਮਾਨ ਭੱਦਰ ਲੋਕਾਂ ਦਾ ਆਪਸੀ ਯੁੱਧ ਸੀ। ਹਰ ਕੋਈ ਏਸ ਨੂੰ ਅੰਗਰੇਜ਼ਾਂ ਦੀ ਮਦਦ ਨਾਲ ਜਿੱਤ ਕੇ ਨਵੇਂ ਉਭਰਦੇ ਸੰਸਾਰ ਵਿਚ ਆਪਣੀ ਸਿਆਸੀ ਪ੍ਰਭੂਸੱਤਾ ਕਾਇਮ ਕਰਨਾ ਲੋਚਦਾ ਸੀ।' ਸਾਰੀ ਖੇਡ ਨੂੰ ਹੋਰ ਸਪੱਸ਼ਟ ਕਰਦਾ ਹੋਇਆ ਅਨਿਲ ਸੀਲ ਕਹਿੰਦਾ ਹੈ ਕਿ ਗਾਂਧੀ, ਨਹਿਰੂ, ਪਟੇਲ ਉਪਰੋਕਤ ਪ੍ਰਕਿਰਿਆ ਦੇ ਕੇਵਲ ਦਲਾਲ ਸਨ ਅਤੇ ਆਪਣੇ ਲੋਕਾਂ ਦੀ ਸ਼ਕਤੀ ਬਚਾਉਣ ਅਤੇ ਵਧਾਉਣ ਵਿਚ ਲੱਗੇ ਹੋਏ ਸਨ।

ਇਉਂ ਵੇਖਿਆਂ ਪ੍ਰਤੱਖ ਹੁੰਦਾ ਹੈ ਕਿ ਆਜ਼ਾਦੀ ਦੀ ਅਸਲ ਲੜਾਈ ਲੜਨ ਵਾਲੇ ਕੂਕਿਆਂ, ਗ਼ਦਰੀਆਂ, ਬੱਬਰਾਂ, ਭਾਈ ਮਹਾਰਾਜ ਸਿੰਘ ਆਦਿ ਦੀਆਂ ਕੁਰਬਾਨੀਆਂ ਦਾ ਯੋਗ ਮੁੱਲ ਕਿਉਂ ਪਾਇਆ ਨਾ ਗਿਆ; ਸਿੱਖਾਂ ਨਾਲ ਕੀਤੇ ਗੰਭੀਰ ਵਾਅਦੇ ਕਿਉਂ ਵਫ਼ਾ ਨਾ ਹੋਏ ਅਤੇ ਆਮ ਲੋਕ ਹਿੰਦੁਸਤਾਨ ਦੀ ਆਜ਼ਾਦੀ ਤੋਂ ਬਾਅਦ ਅਨੇਕਾਂ ਕਿਸਮ ਦੀ ਗ਼ੁਲਾਮੀ ਦੇ ਸੰਗਲਾਂ ਵਿਚ ਕਿਉਂ ਜਕੜੇ ਗਏ ? ਕਈ ਇਤਿਹਾਸਕ ਘਟਨਾਵਾਂ 'ਤੇ ਵੀ ਨਵੀਂ ਰੌਸ਼ਨੀ ਪੈਂਦੀ ਹੈ, ਮਸਲਨ ਚੌਰਾ-ਚੌਰੀ ਦੀ ਘਟਨਾ ਤੋਂ ਬਾਅਦ ਗਾਂਧੀ ਦੇ ਅੰਦੋਲਨ ਵਾਪਸ ਲੈਣ ਦੇ ਕਾਰਣਾਂ ਉੱਤੇ ਅਤੇ ਪਾਕਿਸਤਾਨ ਬਣਨ ਉੱਤੇ ਲਾਸ਼ਾਂ ਵਿਛਾਉਣ ਦੀਆਂ ਧਮਕੀਆਂ ਦੇਣ ਵਾਲੇ ਕਿਉਂ ਅੱਖਾਂ ਸਾਹਮਣੇ ਮੁਲਕ ਦੇ ਟੁਕੜੇ ਹੁੰਦੇ ਵੇਖਦੇ ਰਹੇ। 1947 ਤੋਂ ਬਾਅਦ ਦੀਆਂ ਹਜ਼ਾਰਾਂ ਘਟਨਾਵਾਂ ਨੂੰ ਤਾਂ ਏਸ ਰਹੱਸ ਦਾ ਮਨਨ ਕੀਤੇ ਬਿਨਾਂ ਸਮਝਿਆ ਹੀ ਨਹੀਂ ਜਾ ਸਕਦਾ। ਘੱਟ-ਗਿਣਤੀਆਂ ਅਤੇ ਬਿਗਾਨੀਆਂ ਕੌਮਾਂ ਉੱਤੇ ਜ਼ੋਰ, ਜਬਰ, ਕਹਿਰ ਦੇ ਲਗਾਤਾਰ ਜਾਰੀ ਰਹਿਣ, ਅਕਾਲ ਤਖ਼ਤ ਦੇ ਢਹਿਣ, ਦਰਬਾਰ ਸਾਹਿਬ ਦਾ ਗੋਲੀਆਂ ਨਾਲ ਛਾਨਣੀ ਹੋਣ ਆਦਿ ਅਨੇਕਾਂ ਇਤਿਹਾਸ ਦੇ ਪੰਨਿਆਂ ਬਾਰੇ ਪ੍ਰੌਢ ਵਿਚਾਰ ਬਣਾਉਣ ਵਿਚ ਉਪਰੋਕਤ ਵਿਚਾਰਧਾਰਾ ਇਕ ਸੂਤਰਧਾਰ ਦਾ ਰੋਲ ਨਿਭਾਉਂਦੀ ਹੈ। ਜਿੰਨੇ ਬਜਰ ਗੁਨਾਹ ਅਤੇ ਘਿਨਾਉਣੇ ਜੁਰਮ ਅਖੌਤੀ ਆਜ਼ਾਦੀ ਦੀ ਲੜਾਈ ਲੜਨ ਵਾਲਿਆਂ ਨੇ ਕੀਤੇ ਹਨ, ਏਨੇ ਤਾਂ ਇਕ ਪੂਰੀ ਸਦੀ ਵਿਚ ਸ਼ੈਤਾਨ ਨੇ ਖ਼ੁਦ ਵੀ ਨਹੀਂ ਕੀਤੇ ਹੋਣਗੇ। ਨਾ ਸਮਝਣ ਦਾ ਨਤੀਜਾ ਇਹ ਹੈ ਕਿ ਅੱਜ ਵੀ ਬਰਬਰਤਾ ਨੰਗੀ ਨੱਚ ਰਹੀ ਹੈ, ਖ਼ੂਨ ਵੀਟਿਆ ਜਾ ਰਿਹਾ ਹੈ। 'ਦਿੱਲੀ ਹੈਂਸਿਆਰੀਏ ਤੈਂ ਰੱਤ ਧੜੀ ਲਵਾਈ। ਤੂੰ ਮਾਸ ਖਾਏਂ ਇਉਂ ਪੁਤਰਾਂ ਜਿਉਂ ਬਕਰ ਕਸਾਈ।' (ਨਜਾਬਤ ਦੀ ਵਾਰ)।

ਆਉ ! ਅੱਖਾਂ ਉੱਤੇ ਤਣੀਆਂ ਕੂੜੇ ਪ੍ਰਚਾਰ ਦੀਆਂ ਸੈਂਕੜੇ ਪਰਤਾਂ ਲਾਹੀਏ ਅਤੇ ਸਿਰਦਾਰ ਕਪੂਰ ਸਿੰਘ ਵਰਗੇ ਮਹਾਂ-ਮਾਨਵ ਦੀ ਮਦਦ ਨਾਲ ਨਿਰੋਲ ਸੱਚ ਦੇ ਪਾਵਨ ਦੀਦਾਰ ਕਰ ਕੇ ਨਿਹਾਲ, ਨਿਹਾਲ ਹੋਈਏ !

ਭਾਗ ਦੂਜਾ

ਇਸ ਪ੍ਰਕਾਰ ਦੀ ਪੜਚੋਲ ਲਈ ਇਹੀ ਠੀਕ ਰਹੇਗਾ ਕਿ ਸੁਤੰਤਰਤਾ ਲਹਿਰ ਬਾਰੇ ਪਹਿਲਾਂ ਆਮ ਪ੍ਰਚੱਲਤ ਸਿਧਾਂਤ ਦਾ ਵਰਣਨ ਕਰ ਲਈਏ। ਆਧੁਨਿਕ ਭਾਰਤ ਦੇ ਇਤਿਹਾਸ ਦੀ ਕੋਈ ਵੀ ਪੁਸਤਕ ਚੁੱਕ ਲਉ। ਉਸ ਵਿਚ ਸੁਤੰਤਰਤਾ ਅੰਦੋਲਨ ਬਾਰੇ ਉਚੇਚਾ ਜ਼ਿਕਰ ਕੀਤਾ ਗਿਆ ਹੋਵੇਗਾ। ਲਗਭਗ ਸਾਰੀਆਂ ਵਿਚ ਹੀ ਇਸ ਅੰਦੋਲਨ ਦੇ ਮੁੱਖ ਪੜਾਅ ਇੱਕੋ ਜਿਹੇ ਦੱਸੇ ਹੋਣਗੇ : 1857 ਦਾ ਗ਼ਦਰ, 1885 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਕਾਇਮੀ, 1903-08 ਦੀ ਸਵਦੇਸ਼ੀ ਲਹਿਰ, ਹੋਮ ਰੂਲ ਲਹਿਰ, ਨਾ-ਮਿਲਵਰਤਣ ਲਹਿਰ 1920-21, ਸਿਵਲ ਨਾ-ਫ਼ੁਰਮਾਨੀ ਲਹਿਰ 1930-32, ਭਾਰਤ ਛੋੜੋ ਅੰਦੋਲਨ 1942, ਆਦਿ। ਘਟਨਾਵਾਂ ਅਤੇ ਉਨ੍ਹਾਂ ਨਾਲ ਸੰਬੰਧਤ ਹਾਲਾਤ ਨੂੰ ਇਸ ਸਿਧਾਂਤ ਨਾਲ ਇਕਸੁਰ ਕਰਨਾ ਬੜਾ ਕਠਿਨ ਹੈ ਕਿ ਇਕ ਅੜੀਅਲ ਸਾਮਰਾਜੀ ਸ਼ਕਤੀ ਕੋਲੋਂ ਖੋਹ ਕੇ ਆਜ਼ਾਦੀ ਪ੍ਰਾਪਤ ਕੀਤੀ ਗਈ। ਭਾਰਤ ਦੀ ਆਜ਼ਾਦੀ ਪ੍ਰਾਪਤੀ ਬਾਰੇ ਪ੍ਰਚੱਲਤ ਮੱਤ ਜਿੰਨਾ ਆਮ ਲੋਕਾਂ ਵਿਚ ਮਕਬੂਲ ਹੈ, ਓਨਾ ਹੀ ਨਾ ਮੰਨਣ ਯੋਗ ਵੀ ਹੈ।

ਮਿਸਾਲ ਵਜੋਂ, ਕਿੰਨੀ ਵੀ ਲੀਪਾ-ਪੋਤੀ ਕਰ ਲਉ, 1857 ਦੇ ਗ਼ਦਰ ਨੂੰ ਆਜ਼ਾਦੀ ਦੀ ਪਹਿਲੀ ਜੰਗ ਸਾਬਤ ਨਹੀਂ ਕੀਤਾ ਜਾ ਸਕਦਾ। ਮੋਹਨਚੰਦ ਕਰਮਚੰਦ ਗਾਂਧੀ ਦੀ ਅਗਵਾਈ ਵੀ ਬਹੁਤ ਸਾਰੇ ਸਵਾਲਾਂ ਦਾ ਉੱਤਰ ਮੰਗਦੀ ਹੈ। ਅਸਲ ਵਿਚ ਇਹ ਇਕ ਉਸ ਪ੍ਰਕਾਰ ਦੀ ਹੀ ਬੁਝਾਰਤ ਹੈ, ਜਿਸ ਤਰ੍ਹਾਂ ਦੀ ਕਿ ਕਾਂਗਰਸ ਪਾਰਟੀ ਦੀ ਕਾਇਮੀ। ਜਿਸ ਸਾਲ ਮਹਾਤਮਾ ਗਾਂਧੀ ਨੂੰ ਅੰਗਰੇਜ਼ਾਂ ਦੀਆਂ ਜੰਗੀ ਕੋਸ਼ਿਸ਼ਾਂ ਵਿਚ ਮਦਦਗਾਰ ਹੋਣ ਸਦਕਾ 'ਕੇਸਰ-ਏ-ਹਿੰਦ' ਦੇ ਖ਼ਿਤਾਬ ਨਾਲ ਨਿਵਾਜਿਆ ਜਾ ਰਿਹਾ ਸੀ, ਉਸ ਸਾਲ ਗ਼ਦਰ ਅਤੇ ਬੱਬਰ ਅਕਾਲੀ ਲਹਿਰਾਂ ਨਾਲ ਸੰਬੰਧਤ ਸੈਂਕੜੇ ਸੁਤੰਤਰਤਾ ਸੰਗਰਾਮੀਏ ਪੰਜਾਬ ਤੋਂ ਦੂਰ ਜੇਲ੍ਹਾਂ ਵਿਚ ਸੜ ਰਹੇ ਸਨ ਅਤੇ ਉਨ੍ਹਾਂ 'ਚੋਂ ਚੁਣ ਚੁਣ ਕੇ ਜਥੇ, ਆਜ਼ਾਦੀ ਦੀ ਕੀਮਤ ਤਾਰਨ ਲਈ ਸੂਲੀ ਉੱਤੇ ਚੜ੍ਹ ਰਹੇ ਸਨ। ਅੰਗਰੇਜ਼ੀ ਸਰਕਾਰ ਨਾਲ ਗਾਂਧੀ ਦੇ ਨੇੜੇ ਦੇ ਸੰਬੰਧ ਜੇ ਭਗਤ ਸਿੰਘ ਨੂੰ ਫਾਂਸੀ ਦਿੱਤੇ ਜਾਣ ਦੇ ਸੰਦਰਭ ਵਿਚ ਵੇਖੀਏ ਤਾਂ ਆਜ਼ਾਦੀ ਦੀ ਲੜਾਈ ਲੜਨ ਪ੍ਰਤੀ ਵਚਨਬੱਧ ਲੀਡਰਸ਼ਿਪ ਦਾ ਸਿਧਾਂਤ ਚਕਨਾਚੂਰ ਹੋ ਜਾਂਦਾ ਹੈ। ਫਿਰ ਪੱਕੇ ਦੇਸ਼ ਭਗਤ ਅਤੇ ਸਾਫ਼ ਸੁਥਰੀ ਛਵੀ ਵਾਲੇ ਆਗੂ ਸੁਭਾਸ਼ ਚੰਦਰ ਬੋਸ ਨੂੰ, ਕਾਂਗਰਸ ਦਾ ਪ੍ਰਧਾਨ ਚੁਣੇ ਜਾਣ ਮਗਰੋਂ ਵੀ, ਰੱਦ ਕਰਨ ਬਾਰੇ ਕੀ ਕਹੀਏ?

ਭਾਰਤ ਦੀ ਬੇਰਹਿਮ ਅਤੇ ਖ਼ੂਨੀ ਵੰਡ, ਜਿਸ ਨੇ ਦੇਸ਼ ਨੂੰ ਤਿੰਨ ਟੁਕੜਿਆਂ ਵਿਚ ਵੰਡ ਦਿੱਤਾ, ਕਿਸੇ ਵੀ ਤਰ੍ਹਾਂ ਸੁਤੰਤਰਤਾ ਦੀ ਧਰਮ ਨਿਰਪੱਖ, ਕੌਮੀ ਲਹਿਰ ਦੇ ਸਿਧਾਂਤ ਨੂੰ ਠੀਕ ਸਾਬਤ ਨਹੀਂ ਕਰ ਸਕਦੀ। ਅੰਤਮ ਨਤੀਜਾ ਜੋ ਸਾਹਮਣੇ ਆਇਆ, ਉਸ ਨੂੰ ਘੱਟੋ ਘੱਟ 10 ਲੱਖ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ (ਜ਼ਿਆਦਾਤਰ ਸਿੱਖਾਂ ਤੇ ਮੁਸਲਮਾਨਾਂ) ਦੇ ਕਤਲੇਆਮ ਦੇ ਸੰਦਰਭ ਵਿਚ ਵੇਖਿਆਂ, ਉਸ ਦੇ ਸੋਹਿਲੇ ਗਾਉਣੇ ਤਾਂ ਦੂਰ ਦੀ ਗੱਲ ਹੈ, ਉਸ ਨੂੰ ਹਜ਼ਮ ਕਰਨਾ ਵੀ ਔਖਾ ਲੱਗਦਾ ਹੈ। ਵੱਡੇ ਦੇਸ਼-ਭਗਤ ਆਗੂਆਂ ਨੇ ਵੱਸੋਂ ਦੇ ਤਬਾਦਲੇ ਦੀ ਗੱਲ ਕਿਉਂ ਨਾ ਸੋਚੀ? ਉਹ ਕਾਹਦੇ ਦੇਸ਼-ਭਗਤ ਸਨ, ਜੋ ਉਨ੍ਹਾਂ ਸਾਰੀ ਸਿਖ ਅਤੇ ਮੁਸਲਮਾਨ ਵੱਸੋਂ ਦੀ ਮੁਕੰਮਲ ਤਬਾਹੀ ਲਈ ਜਾਣ ਬੁਝ ਕੇ ਕੰਮ ਕੀਤਾ—ਹਾਲਾਂਕਿ ਦੋਹਾਂ ਦੇ ਪੂਰਵਜ ਇਨ੍ਹਾਂ ਨਾਲ ਸਾਂਝੇ ਹੀ ਸਨ?

ਇਸੇ ਤਰ੍ਹਾਂ ਆਜ਼ਾਦੀ ਮਗਰੋਂ ਦੇ ਇਨ੍ਹਾਂ ਦੇ ਰਵਈਏ ਦੇ ਕਈ ਪੱਖ ਬਿਲਕੁਲ ਸਮਝ ਵਿਚ ਨਹੀਂ ਆਉਂਦੇ। ਸਰਕਾਰੀ ਦਹਿਸ਼ਤ, ਜਿਸ ਦਾ ਆਧਾਰ ਹੀ ਹਿੰਸਾ ਹੈ, ਇਕ ਅਜਿਹਾ

ਪੱਖ ਹੈ। ਸਾਦ ਮੁਰਾਦੇ ਅੰਦਾਜ਼ੇ ਮੁਤਾਬਿਕ 1947 ਮਗਰੋਂ ਸਰਕਾਰੀ ਕਾਰਵਾਈ ਦੌਰਾਨ ਏਨੇ ਬੰਦੇ ਮਰੇ ਹਨ, ਜਿੰਨੇ ਅੰਗਰੇਜ਼ੀ ਕਾਲ ਦੇ 200 ਸਾਲ ਦੇ ਸਮੇਂ ਵਿਚ ਵੀ ਨਹੀਂ ਸਨ ਮਰੇ। ਜਦੋਂ ਇਹ ਲੇਖ ਲਿਖਿਆ ਜਾ ਰਿਹਾ ਹੈ, ਮਹਾਂਰਾਸ਼ਟਰ ਅਤੇ ਹੋਰ ਰਾਜਾਂ ਵਿਚ, ਡਾ. ਅੰਬੇਦਕਰ ਦੇ ਬੁੱਤ ਦਾ ਅਪਮਾਨ ਕਰਨ ਵਿਰੁੱਧ ਰੋਸ ਪ੍ਰਗਟ ਕਰਨ ਵਾਲੇ ਦਲਿਤਾਂ ਨੂੰ ਬੜੀ ਬੇਰਹਿਮੀ ਨਾਲ ਗੋਲੀਆਂ ਨਾਲ ਭੁੰਨਿਆ ਜਾ ਰਿਹਾ ਹੈ। ਬੰਬਈ ਵਿਚ ਪਹਿਲੇ ਦਿਨ ਹੀ ਪੁਲਿਸ ਨੇ ਇਸ ਸੰਬੰਧ ਵਿਚ 50 ਗੋਲੀਆਂ ਚਲਾਈਆਂ। ਇਸ ਨਾਲ ਘੱਟੋ ਘੱਟ 17 ਦਲਿਤ ਮਾਰੇ ਗਏ ਅਤੇ ਘੱਟੋ ਘੱਟ ਇਕ ਜੀਵਤ ਵਿਅਕਤੀ ਨੂੰ ਕੰਨ ਵਿਚ ਗੋਲੀ ਲੱਗੀ। ਪ੍ਰਤੱਖ ਹੈ ਕਿ ਪੁਲਿਸ ਨੇ ਲੋਕਾਂ ਨੂੰ ਮਾਰ ਦੇਣ ਦੇ ਇਰਾਦੇ ਨਾਲ ਗੋਲੀ ਚਲਾਈ। ਨਿਸ਼ਾਨਾ ਸਿਰਾਂ ਨੂੰ ਬਣਾਇਆ ਗਿਆ। ਇਹ ਸਭ ਕੁਝ ਆਜ਼ਾਦੀ ਦੇ 50ਵੇਂ ਸਾਲ ਵਿਚ ਉਸ ਸ਼ਹਿਰ ਵਿਚ ਹੋ ਰਿਹਾ ਹੈ, ਜੋ ਆਜ਼ਾਦੀ ਅੰਦੋਲਨ ਦੇ ਕਈ ਇਤਿਹਾਸਕ ਛਿਣਾਂ ਨਾਲ ਜੁੜਿਆ ਰਿਹਾ ਹੈ ਅਤੇ ਇਹ ਉਸ ਵਿਅਕਤੀ ਦੇ ਬੁੱਤ ਨਾਲ ਸੰਬੰਧਤ ਹੋ ਰਿਹਾ ਹੈ, ਜੋ ਆਜ਼ਾਦ ਭਾਰਤ ਦੇ ਨਵੇਂ ਸੰਵਿਧਾਨ ਦਾ ਨਿਰਮਾਤਾ ਸੀ। ਇਹ ਵੀ ਬਿਆਨ ਕਰਨਾ ਔਖਾ ਹੈ ਕਿ ਆਜ਼ਾਦ ਭਾਰਤ ਵਿਚ ਗ਼ਰੀਬੀ ਅਤੇ ਅਨਪੜ੍ਹਤਾ ਵਿਚ ਦਿਨੋ ਦਿਨ ਵਾਧਾ ਕਿਉਂ ਹੋ ਰਿਹਾ ਹੈ?

1947 ਮਗਰੋਂ ਹਿੰਦੁਸਤਾਨ ਦੀ ਰਾਜਨੀਤੀ ਦੇ ਦੋ ਮੁੱਖ ਲੱਛਣ—ਫ਼ਿਰਕੂ ਖਿਚਾਅ ਅਤੇ ਹਿੰਸਾ, ਰਹੇ ਹਨ। ਕੋਈ ਵੀ ਰਾਜਸੀ ਸਮੱਸਿਆ ਹੱਲ ਨਹੀਂ ਕੀਤੀ ਗਈ। ਉਦੋਂ ਤਕ ਕੋਈ ਸਮੱਸਿਆ ਰਾਸ਼ਟਰੀ ਚਿੰਤਾ ਦਾ ਵਿਸ਼ਾ ਨਹੀਂ ਬਣੀ, ਜਦ ਤਕ ਕਿ ਉਸ ਲਈ ਟਨਾਂ ਮੂੰਹੀਂ ਲਹੂ ਨਹੀਂ ਵੀਟ ਦਿੱਤਾ ਗਿਆ। ਭਾਵੇਂ ਇਹ ਮੀਜ਼ੋਰਮ ਹੋਵੇ, ਨਾਗਾਲੈਂਡ ਹੋਵੇ, ਆਸਾਮ, ਪੰਜਾਬ ਜਾਂ ਕਸ਼ਮੀਰ ਹੋਵੇ, ਕੋਸ਼ਿਸ਼ ਇਹੀ ਰਹੀ ਹੈ ਕਿ ਹਰ ਔਖੇ ਪ੍ਰਸ਼ਨ ਨੂੰ ਅਲਮਾਰੀ ਵਿਚ ਬੰਦ ਕਰ ਦਿੱਤਾ ਜਾਵੇ। ਸਰਕਾਰੀ ਦਮਨ ਅਤੇ ਪੁਲਿਸ ਜਬਰ ਹੀ ਘੱਟ-ਗਿਣਤੀਆਂ, ਦਲਿਤਾਂ ਅਤੇ ਕਬਾਇਲੀਆਂ ਦੀਆਂ ਰਾਜਸੀ, ਸਮਾਜਿਕ ਅਤੇ ਧਾਰਮਿਕ ਸਮੱਸਿਆਵਾਂ ਦਾ ਇੱਕੋ ਇਕ ਉੱਤਰ ਨਵੇਂ ਭਾਰਤ ਵਿਚ ਦਿੱਤਾ ਗਿਆ ਹੈ। ਅੱਧੀ ਸਦੀ ਵਿਚ, ਭਾਰਤ ਨੇ ਗਵਾਂਢੀ ਦੇਸ਼ਾਂ ਨਾਲ ਚਾਰ ਲੜਾਈਆਂ ਲੜੀਆਂ। ਭਾਰਤੀ ਫ਼ੌਜਾਂ ਨੇ ਹਰਿਮੰਦਰ ਉੱਤੇ ਹਮਲਾ ਕੀਤਾ, ਅਕਾਲ ਤਖ਼ਤ ਨੂੰ ਤਬਾਹ ਕਰ ਦਿੱਤਾ ਅਤੇ ਬਾਬਰੀ ਮਸਜਿਦ ਨੂੰ ਉਨ੍ਹਾਂ ਸਾਰਿਆਂ ਨੂੰ ਨਾਲ ਲੈ ਕੇ ਢਹਿ ਢੇਰੀ ਕਰ ਦਿੱਤਾ, ਜਿਨ੍ਹਾਂ ਨੇ ਸੰਵਿਧਾਨ ਦੀ ਪਾਲਣਾ ਕਰਨ ਅਤੇ ਅਮਨ ਕਾਨੂੰਨ ਦੀ ਰਾਖੀ ਕਰਨ ਦੀਆਂ ਸਹੁੰਆਂ ਚੁੱਕੀਆਂ ਹੋਈਆਂ ਸਨ।

ਕੋਈ ਵੀ ਦੇਸ਼, ਜੋ ਆਜ਼ਾਦੀ ਦੀ ਪ੍ਰਾਪਤੀ ਲਈ ਜਾਨਾਂ ਹੂਲ ਕੇ ਲੜਿਆ ਹੋਇਆ ਹੋਵੇ, ਉਹ ਆਪਣੇ ਸ਼ਹਿਰੀਆਂ ਦੀ ਆਜ਼ਾਦੀ ਨੂੰ ਏਨੀ ਹੌਲੀ ਨਹੀਂ ਸਮਝਦਾ ਕਿ 'ਟਾਡਾ' ਅਤੇ ਇਹੋ ਜਿਹੇ ਹੋਰ ਕਾਲੇ ਕਾਨੂੰਨ ਬਣਾ ਕੇ ਉਨ੍ਹਾਂ ਦੀ ਆਜ਼ਾਦੀ ਨੂੰ ਖ਼ਤਮ ਕਰ ਦੇਵੇ। ਆਜ਼ਾਦੀ ਤੋਂ ਪਹਿਲਾਂ ਜਿਹੜੇ ਬਹੁ-ਸਭਿਆਚਾਰੀ ਸਮਾਜ ਦੀ ਸਥਾਪਨਾ ਦੇ ਦਮਗਜੇ ਮਾਰੇ ਜਾ ਰਹੇ ਸਨ, ਉਹ ਕਿਤੇ ਵੇਖਣ ਨੂੰ ਨਹੀਂ ਮਿਲ ਰਿਹਾ। ਜਿਹੜੇ ਵੀ ਆਦਰਸ਼ਾਂ ਦਾ ਢੋਲ ਪਿੱਟਿਆ ਗਿਆ ਸੀ, ਉਹ ਸੁਪਨਾ ਬਣ ਗਏ ਹਨ। ਜਿਹੜੇ ਵੀ ਦੇਵਤੇ ਸਿਰਜਨ ਦਾ 47 ਤੋਂ ਪਹਿਲਾਂ ਕਿਆਸ ਕੀਤਾ ਗਿਆ ਸੀ, ਉਹ ਸਾਰੇ ਮਰ ਗਏ ਲੱਗਦੇ ਹਨ। ਨਿਤਸ਼ੇ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ, ਸਾਡਾ ਪਾਖੰਡ ਅਤੇ ਦੋਗਲਾਪਨ ਵੇਖ ਕੇ, ਉਹ ਏਨਾ ਹੱਸੇ ਕਿ ਉਨ੍ਹਾਂ ਦੀ ਬਹੁਤ ਜ਼ਿਆਦਾ ਹੱਸਣ ਨਾਲ ਹੀ ਮੌਤ ਹੋ ਗਈ।

ਉਪਰੋਕਤ ਹਾਲਾਤ ਵਿਚ, ਅਜਿਹਾ ਕੋਈ ਸਿਧਾਂਤ ਜੋ ਇਹ ਕਹੇ ਕਿ ਭਾਰਤ ਨੇ 'ਆਤਮਿਕ ਸ਼ਕਤੀ' ਦੇ ਸਹਾਰੇ, ਆਦਰਸ਼ਾਂ ਦੀ ਟੀਸੀ 'ਤੇ ਅੱਪੜ ਕੇ ਇਕ ਵਿਦੇਸ਼ੀ ਤਾਕਤ ਨੂੰ ਇਥੋਂ ਕੱਢ ਮਾਰਿਆ, ਕਿਸੇ ਤਰ੍ਹਾਂ ਵੀ ਠੀਕ ਨਹੀਂ ਜੱਚ ਸਕਦਾ।

ਭਾਰਤ ਦੇ ਸੁਤੰਤਰਤਾ ਸੰਗਰਾਮ ਬਾਰੇ ਸੱਚ ਹੌਲੀ ਹੌਲੀ ਨਜ਼ਰ ਆਉਣ ਲੱਗ ਪਿਆ ਹੈ—ਘੱਟੋ ਘੱਟ, ਘੱਟ-ਗਿਣਤੀਆਂ ਦੀ ਸਮਝ ਵਿਚ ਤਾਂ ਆ ਗਿਆ ਹੈ। ਉਨ੍ਹਾਂ ਨੂੰ ਆਜ਼ਾਦੀ ਮਗਰੋਂ ਦੇ ਹਾਲਾਤ ਇਸ ਸਿਧਾਂਤ ਨਾਲ ਜ਼ਿਆਦਾ ਮੇਲ ਖਾਂਦੇ ਪ੍ਰਤੀਤ ਹੁੰਦੇ ਹਨ ਕਿ ਭਾਰਤ ਦੀ ਆਜ਼ਾਦੀ ਬਸਤੀਵਾਦ ਦੇ ਖ਼ਾਤਮੇ ਦਾ ਇਕ ਅੰਗ ਸੀ, ਹੋਰ ਕੁਝ ਨਹੀਂ ਅਤੇ ਬਸਤੀਵਾਦ ਦਾ ਖ਼ਾਤਮਾ ਸਾਰੇ ਸੰਸਾਰ ਵਿਚ ਹੀ ਹੋਣਾ ਸ਼ੁਰੂ ਹੋ ਗਿਆ ਸੀ। ਇਸੇ ਵਰਤਾਰੇ ਦੀ ਅਗਲੀ ਕੜੀ ਹਾਂਗਕਾਂਗ ਵਿਚ ਹੁਣੇ ਹੁਣੇ ਵੇਖਣ ਨੂੰ ਮਿਲੀ ਹੈ। ਦੇਸ਼ ਛੱਡ ਕੇ ਜਾ ਰਹੇ ਅੰਗਰੇਜ਼ਾਂ ਪ੍ਰਤੀ ਜੋ ਵਤੀਰਾ ਅਸੀਂ ਧਾਰਨ ਕੀਤਾ ਅਤੇ ਜੋ ਹਾਂਗਕਾਂਗ ਨੇ ਕੀਤਾ, ਉਹ ਵੀ ਵੇਖਣ ਵਾਲਾ ਸੀ। ਚੀਨੀਆਂ ਨੇ ਏਨੀ ਹੀ ਕਸਰ ਛੱਡੀ ਕਿ ਬਰਤਾਨਵੀ ਗਵਰਨਰ ਕ੍ਰਿਸਟੋਫ਼ਰ ਪੈਟਨ ਨੂੰ ਬੱਸ ਲੱਤ ਮਾਰਨੋਂ ਰਹਿ ਗਏ, ਜਦ ਕਿ ਭਾਰਤੀ ਆਗੂਆਂ ਨੇ ਆਪਣਾ ਆਭਾਰ ਪ੍ਰਗਟ ਕਰਨ ਦਾ ਹਰ ਸੰਭਵ ਢੰਗ ਵਰਤਿਆ ਅਤੇ ਉਨ੍ਹਾਂ ਦੇ ਅੰਤਮ ਵਾਇਸਰਾਏ ਨੂੰ ਆਜ਼ਾਦ ਭਾਰਤ ਦਾ ਪਹਿਲਾ ਗਵਰਨਰ ਜਨਰਲ ਵੀ ਬਣਾ ਲਿਆ। ਪਾਕਿਸਤਾਨ ਤਕ ਨੇ ਵੀ ਉਸ ਵਿਅਕਤੀ ਪ੍ਰਤੀ ਆਪਣੀ ਅਧੀਨਗੀ ਪ੍ਰਗਟ ਕਰਨ ਦਾ ਹੀਆ ਨਾ ਕੀਤਾ, ਭਾਵੇਂ ਕਿ ਉਸ ਨੇ ਪਾਕਿਸਤਾਨ ਦਾ ਗਵਰਨਰ ਜਨਰਲ ਬਣਨ ਦੀ ਪੂਰੀ ਬੇਸ਼ਰਮੀ ਨਾਲ ਕੋਸ਼ਿਸ਼ ਕੀਤੀ ਸੀ। ਤੇ ਭਾਰਤੀ ਕਿਹੜੀ ਗੱਲੋਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਸਨ ? ਦੋ ਸੌ ਸਾਲ ਤੋਂ ਵੱਧ ਦੀ ਗ਼ੁਲਾਮੀ ਲਈ ?

ਪਿੱਛੇ ਵੱਲ ਵੇਖਿਆਂ, ਬਰਤਾਨਵੀ ਬਸਤੀਵਾਦ ਦੇ ਖ਼ਾਤਮੇ ਦਾ ਅਮਲ ਉਸ ਦਿਨ ਤੋਂ ਹੀ ਸ਼ੁਰੂ ਹੋ ਗਿਆ ਸੀ, ਜਦੋਂ ਬਰਤਾਨੀਆ ਦੇ ਬਾਦਸ਼ਾਹ ਨੇ ਈਸਟ ਇੰਡੀਆ ਕੰਪਨੀ ਦਾ ਪ੍ਰਬੰਧ 1858 ਵਿਚ ਆਪਣੇ ਹੱਥਾਂ ਵਿਚ ਲੈ ਲਿਆ ਸੀ। ਇੰਡੀਅਨ ਨੈਸ਼ਨਲ ਕਾਂਗਰਸ ਨੂੰ ਬਸਤੀਵਾਦੀ ਸ਼ਕਤੀ ਨੇ ਇਸ ਲਈ ਕਾਇਮ ਕੀਤਾ ਸੀ, ਤਾਂਕਿ ਇਨਕਲਾਬੀ ਤੱਤਾਂ ਤੋਂ ਆਪਣੀ ਰਾਖੀ ਕੀਤੀ ਜਾ ਸਕੇ। ਬਰਤਾਨਵੀ ਦ੍ਰਿਸ਼ਟੀਕੋਣ ਤੋਂ, ਕਾਂਗਰਸ ਲੀਡਰਸ਼ਿਪ ਲਈ ਕਰਨ ਵਾਲਾ ਜ਼ਿਆਦਾ ਮਹੱਤਵਪੂਰਨ ਕੰਮ ਇਹ ਸੀ ਕਿ ਸੁਭਾਸ਼ ਚੰਦਰ ਬੋਸ ਅਤੇ ਭਗਤ ਸਿੰਘ ਵਰਗੇ ਇਨਕਲਾਬੀਆਂ ਦੇ ਪ੍ਰਭਾਵ ਨੂੰ ਵਧਣੋਂ ਫੁਲਣੋਂ ਰੋਕੇ, ਉਨ੍ਹਾਂ ਨੂੰ ਲੋਕਾਂ ਤੋਂ ਦੂਰ ਕਰੇ ਅਤੇ ਰਾਜਸੀ ਤੌਰ 'ਤੇ ਖ਼ਤਮ ਕਰ ਦੇਵੇ। ਬਦਲੇ ਵਿਚ ਅੰਗਰੇਜ਼ਾਂ ਨੇ ਸੱਤਾ ਇਸ ਦੇ ਆਗੂਆਂ ਦੇ ਹੱਥ ਸੌਂਪਣਾ ਅਤੇ ਘੱਟ-ਗਿਣਤੀਆਂ, ਕਬਾਇਲੀਆਂ ਤੇ ਦਲਿਤਾਂ ਉੱਤੇ ਇਸ ਦਾ ਦਬਦਬਾ ਬਣਾਈ ਰੱਖਣਾ ਮੰਨਿਆ। ਅੰਗਰੇਜ਼ਾਂ ਅਤੇ ਕਾਂਗਰਸੀ ਲੀਡਰਾਂ ਦੋਹਾਂ ਨੇ ਆਪਣਾ ਰੋਲ ਵਧੀਆ ਢੰਗ ਨਾਲ ਨਿਭਾਇਆ। ਉਨ੍ਹਾਂ ਨੇ ਆਪਸ ਵਿਚ ਤਲਵਾਰਾਂ ਭਿੜਾਈਆਂ, ਇਕ ਦੂਜੇ ਉੱਤੇ ਵਾਰ ਵੀ ਕੀਤੇ, ਗ੍ਰਿਫ਼ਤਾਰੀਆਂ ਵੀ ਹੋਈਆਂ ਤੇ ਹੜਤਾਲਾਂ ਵੀ ਹੋਈਆਂ, ਪਰ ਇਹ ਸਭ ਕੁਝ ਵਿਖਾਵੇ ਲਈ ਹੀ ਸੀ। ਲੀਡਰਾਂ ਦੀ ਜੇਲ੍ਹ ਵਿਚ ਬੜੀ ਚੰਗੀ ਦੇਖ ਭਾਲ ਹੁੰਦੀ ਰਹੀ। ਸਿਹਤ ਦੀਆਂ ਸਹੂਲਤਾਂ ਅਤੇ ਪੜ੍ਹਨ ਲਈ ਸਮੱਗਰੀ ਦਾ ਪੂਰਾ ਪ੍ਰਬੰਧ ਕੀਤਾ ਜਾਂਦਾ ਸੀ ਤੇ ਕਈ ਵਾਰ ਇਹ ਨਿਵਾਜ਼ਸ਼ਾਂ ਸਭ ਤੋਂ ਵੱਡਾ ਹਾਕਮ ਆਪ ਨਿੱਜੀ ਤੌਰ 'ਤੇ ਪੇਸ਼ ਕਰਦਾ ਸੀ। ਜਿਹੜੇ ਇਸ ਖੇਡ ਨੂੰ ਚੰਗੀ ਤਰ੍ਹਾਂ ਖੇਡਦੇ ਸਨ, ਉਨ੍ਹਾਂ ਦੇ ਨਾਂ ਅਤੇ ਰੁਤਬੇ ਦੀ ਰਾਖੀ ਵੀ ਕੀਤੀ ਜਾਂਦੀ ਸੀ ਅਤੇ ਚਮਕਾਇਆ ਵੀ ਜਾਂਦਾ ਸੀ। ਇਕ ਦੂਜੇ ਦੀ ਪਰੇਸ਼ਾਨੀ ਬਣਨ ਵਾਲੇ ਪਲਾਂ ਨੂੰ ਰਲ ਮਿਲ

ਕੇ ਅੱਗੇ ਲੰਘਾ ਦਿੱਤਾ ਜਾਂਦਾ ਸੀ। ਚੌਰਾ ਚੌਰੀ ਦੀ ਘਟਨਾ ਮਗਰੋਂ ਅੰਦੋਲਨ ਵਾਪਸ ਲੈਣਾ ਅਤੇ ਜੰਗੀ ਯਤਨਾਂ ਦੀ ਬੇਦਿਲੀ ਜਿਹੀ ਨਾਲ ਅਤੇ ਪਛੜ ਕੇ ਕੀਤੀ ਵਿਰੋਧਤਾ, ਦੋ ਆਮ ਜਾਣੀਆਂ ਜਾਂਦੀਆਂ ਮਿਸਾਲਾਂ ਹਨ। ਜਵਾਬ ਵਿਚ, ਅੰਗਰੇਜ਼ ਵੀ ਲੀਡਰਾਂ ਨੂੰ ਮਹੱਤਵਪੂਰਣ ਮੌਕਿਆਂ 'ਤੇ ਗ੍ਰਿਫ਼ਤਾਰ ਕਰ ਕੇ ਜਾਂ ਗੱਲਬਾਤ ਲਈ ਸੱਦਾ ਦੇ ਕੇ ਉਨ੍ਹਾਂ ਦੇ ਵਕਾਰ ਵਿਚ ਵਾਧਾ ਕਰਦੇ ਰਹਿੰਦੇ ਸਨ।

ਪਾਕਿਸਤਾਨ ਬਣਾਉਣ ਦੇ ਬੜੇ ਹੀ ਮਹੱਤਵਪੂਰਨ ਪ੍ਰਸ਼ਨ ਬਾਰੇ ਵੀ, ਅੰਗਰੇਜ਼ੀ ਸਰਕਾਰ ਨੇ ਉਦੋਂ ਤਕ ਕੋਈ ਕਾਰਵਾਈ ਨਾ ਕੀਤੀ, ਜਦ ਤਕ ਕਿ ਕਾਂਗਰਸੀ ਲੀਡਰਾਂ ਨੇ ਪੱਕਾ ਇਸ਼ਾਰਾ ਨਾ ਦੇ ਦਿੱਤਾ ਕਿ ਉਹ ਮੁਸਲਮਾਨਾਂ ਤੋਂ ਛੁਟਕਾਰਾ ਪ੍ਰਾਪਤ ਕਰਨਾ ਚਾਹੁੰਦੇ ਸਨ, ਕਿਉਂਕਿ ਮੁਸਲਮਾਨ ਬਿਨਾਂ ਸ਼ਰਤ ਈਨ ਮੰਨਣ ਲਈ ਤਿਆਰ ਨਹੀਂ ਸਨ ਹੋਏ। ਕੈਬਨਿਟ ਮਿਸ਼ਨ ਯੋਜਨਾ ਨੂੰ ਪਹਿਲਾਂ ਦਿੱਤੀ ਪ੍ਰਵਾਨਗੀ ਵਾਪਸ ਲੈਣ ਬਾਰੇ ਨਹਿਰੂ ਦਾ ਬਿਆਨ ਪਾਕਿਸਤਾਨ ਦੇ ਹੱਕ ਵਿਚ ਕਾਰਵਾਈ ਕਰਨ ਦਾ ਇਸ਼ਾਰਾ ਹੀ ਸੀ। ਮੁਨਸ਼ੀ ਅਨੁਸਾਰ, ਹਮਾਇਤ ਵਾਪਸ ਲੈਣ ਦਾ ਬਿਆਨ ਕਾਂਗਰਸ ਦੀ ਸਹੀ ਅਕਾਸੀ ਕਰਦਾ ਸੀ ਕਿ ਇਹ ਹੁਣ ਪਾਕਿਸਤਾਨ ਦੀ ਕਾਇਮੀ ਦੇ ਹੱਕ ਵਿਚ ਹੈ।

ਉਹ ਦਿਆਨਤਦਾਰ, ਭੋਲੇ ਭਾਲੇ ਨੌਜੁਆਨ, ਜੋ ਸ਼ੁਧ ਹਿਰਦੇ ਨਾਲ ਅੰਦੋਲਨ ਵਿਚ ਕੁੱਦੇ ਸਨ ਅਤੇ ਜਿਨ੍ਹਾਂ ਦੇ ਮਨਾਂ ਵਿਚ ਦੇਸ਼ ਦੀ ਭਲਾਈ ਤੋਂ ਬਿਨਾਂ ਹੋਰ ਕੋਈ ਵਿਚਾਰ ਨਹੀਂ ਸੀ, ਉਹ ਅਲੱਗ-ਥਲੱਗ ਹੋ ਕੇ ਰਹਿ ਗਏ ਤੇ ਅਖ਼ੀਰ ਅੰਗਰੇਜ਼ ਸਰਕਾਰ ਤੇ ਕਾਂਗਰਸ ਦੇ ਲੀਡਰਾਂ ਦੇ ਆਪਸੀ ਸਮਝੌਤੇ ਗਿਣੀ ਮਿਥੀ ਨੀਤੀ ਅਨੁਸਾਰ ਖ਼ਤਮ ਕਰ ਦਿੱਤੇ ਗਏ। ਇਨ੍ਹਾਂ ਮਾਮਲਿਆਂ ਵਿਚ ਉਹ ਇਕ ਦੂਜੇ ਨੂੰ ਕਿਵੇਂ ਸਹਿਯੋਗ ਦੇਂਦੇ ਸਨ, ਇਸ ਉੱਤੋਂ ਹੁਣੇ ਜਿਹੇ ਏ.ਜੀ. ਨੂਰਾਨੀ ਨੇ ਆਪਣੀ ਪੁਸਤਕ *ਭਗਤ ਸਿੰਘ ਉੱਤੇ ਮੁਕੱਦਮਾ* ਵਿਚ ਬੜੀ ਚੰਗੀ ਤਰ੍ਹਾਂ ਪਰਦਾ ਚੁੱਕਿਆ ਹੈ। ਗਾਂਧੀ ਨੇ ਵਾਇਸਰਾਏ ਨੂੰ ਇਸ਼ਾਰਾ ਦਿੱਤਾ ਕਿ ਕਾਂਗਰਸ ਭਗਤ ਸਿੰਘ ਦੇ ਅਦਾਲਤੀ ਕਤਲ ਵਿਚ ਪੂਰਾ ਸਾਥ ਦੇਵੇਗੀ। ਅਸਲ ਸ੍ਰੋਤਾਂ ਦਾ ਹਵਾਲਾ ਦੇ ਕੇ ਨੂਰਾਨੀ ਦੱਸਦਾ ਹੈ ਕਿ ਗਾਂਧੀ ਨੇ ਹੋਮ ਮੈਂਬਰ ਸਰ ਹਰਬਰਟ ਐਮਰਸਨ ਰਾਹੀਂ ਲਾਰਡ ਇਰਵਿਨ ਨੂੰ ਵਿਸ਼ਵਾਸ ਦਿਵਾਇਆ ਸੀ ਕਿ, "ਭਗਤ ਸਿੰਘ ਦੇ ਮਾਮਲੇ ਤੇ, ਸਰਕਾਰ ਦੇ ਅੜੀਅਲ ਰਵਈਏ ਵਿਰੁੱਧ ਕਾਂਗਰਸੀਆਂ ਨੂੰ ਗਰਮਾ ਗਰਮ ਭਾਸ਼ਣ ਕਰਨ ਤੋਂ ਰੋਕਣ ਲਈ" ਗਾਂਧੀ ਵੱਲੋਂ ਪੂਰੀ ਵਾਹ ਲਾਈ ਜਾਏਗੀ। ਮਾਰਚ 20, 1931 ਨੂੰ ਉਸੇ ਨੇ ਐਮਰਸਨ ਨੂੰ ਲਿਖਿਆ ਕਿ ਉਹ ਭਗਤ ਸਿੰਘ ਨੂੰ ਫਾਂਸੀ ਦਿੱਤੇ ਜਾਣ ਮਗਰੋਂ ਪੈਦਾ ਹੋਣ ਵਾਲੇ ਰੋਹ ਬਾਰੇ ਸਰਕਾਰ ਨੂੰ ਸਾਲਾਹ ਦੇਵੇ ਕਿ, "ਇਸ ਨੂੰ ਕਿਵੇਂ ਵੱਧ ਤੋਂ ਵੱਧ ਨਰਮ ਕੀਤਾ ਜਾ ਸਕਦਾ ਹੈ।" ਜਵਾਬ ਵਿਚ ਵਾਇਸਰਾਏ ਨੇ ਸਹਿਮਤੀ ਪ੍ਰਗਟ ਕੀਤੀ ਕਿ ਉਹ ਅਜਿਹਾ ਪ੍ਰਭਾਵ ਦੇਵੇਗਾ ਕਿ ਗਾਂਧੀ ਨੇ ਵਾਇਸਰਾਏ ਨੂੰ ਭਗਤ ਸਿੰਘ ਦੀ ਜਾਨ ਬਖ਼ਸ਼ੀ ਲਈ ਕਿਹਾ ਸੀ।

ਗਾਂਧੀ ਨੇ ਇਸ ਮਤਲਬ ਦਾ ਇਕ ਅਖ਼ਬਾਰੀ ਬਿਆਨ ਜਾਰੀ ਕੀਤਾ ਕਿ ਉਸ ਨੇ ਭਗਤ ਸਿੰਘ ਦੀ ਮੌਤ ਦੀ ਸਜ਼ਾ ਘੱਟ ਕਰਨ ਲਈ ਪੂਰਾ ਜ਼ੋਰ ਲਾਇਆ ਸੀ। ਉਨ੍ਹਾਂ ਦੇ ਆਪਸੀ ਸਮਝੌਤੇ ਅਨੁਸਾਰ, ਵਾਇਸਰਾਏ ਨੇ ਉਸ ਬਾਰੇ 'ਸੱਚ ਛੁਪਾ ਲਿਆ'। ਗਾਂਧੀ ਦੀ 'ਦੋਗਲੀ ਨੀਤੀ' ਨੂੰ ਡੀ.ਪੀ. ਦਾਸ ਨੇ *ਮੇਨਸਟਰੀਮ* ਦੇ 15 ਅਗਸਤ, 1970 ਦੇ ਪਰਚੇ ਵਿਚ ਇਸ ਤਰ੍ਹਾਂ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ : "ਭਾਰਤ ਦੇ ਇਤਿਹਾਸ ਵਿਚ ਅਤੇ ਸਾਡੇ ਧਰਮ ਵਿਚ ਵੀ ਅਜਿਹੀਆਂ ਮਿਸਾਲਾਂ ਦੀ ਕੋਈ ਕਮੀ ਨਹੀਂ, ਜਦੋਂ

ਕਿਸੇ ਮਹਾਨ ਉਦੇਸ਼ ਲਈ ਛੋਟਾ ਜਿਹਾ ਝੂਠ ਬੋਲਣਾ ਜਾਂ ਧੋਖਾ ਦੇਣਾ ਜਾਇਜ਼ ਮੰਨਿਆ ਗਿਆ ਸੀ। ਗਾਂਧੀ ਸਾਹਮਣੇ ਮਹਾਂਭਾਰਤ ਦੇ ਯੁਧਿਸ਼ਟਰ ਦੀ ਮਿਸਾਲ ਸੀ। ਯੁਧਿਸ਼ਟਰ ਨੇ ਇਕ ਸੱਚ ਨੂੰ ਬੋਲਣ ਸਮੇਂ ਆਵਾਜ਼ ਨੂੰ ਇਸ ਤਰ੍ਹਾਂ ਬਦਲਿਆ ਜੋ ਕਿ ਕੌਰਵਾਂ ਦੇ ਮੁਖੀ ਦਰੋਣਾਚਾਰੀਆ ਨੂੰ ਚਿੱਤ ਕਰਨ ਲਈ ਇਕ ਮਹਾਂ ਝੂਠ ਤੋਂ ਘੱਟ ਨਹੀਂ ਸੀ। ਜੇ ਇਸ ਨੂੰ ਪੁਰਾਤਨ ਹਿੰਦੂ ਅਤੇ ਨਵੇਂ ਯੁਗ ਦੇ ਸੁਧਾਰਵਾਦੀਏ ਮਾਫ਼ ਕਰ ਸਕਦੇ ਹਨ ਤਾਂ ਭਗਤ ਸਿੰਘ ਦੇ ਮਾਮਲੇ ਬਾਰੇ ਗਾਂਧੀ ਦੇ (ਝੂਠੇ) ਬਿਆਨ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ ਜਾਣਾ ਚਾਹੀਦਾ। ਵਾਨਰਾਂ ਦੇ ਰਾਜਾ ਬਾਲੀ ਦੀ ਰਾਮ ਵੱਲੋਂ ਕੀਤੀ ਹੱਤਿਆ ਨੂੰ ਹੀ ਲਉ। ਇਸ ਕਤਲ ਨੂੰ ਵੀ ਰਾਜ ਸ਼ਕਤੀ ਦੀ ਨੀਤੀ ਵਜੋਂ ਜਾਇਜ਼ ਠਹਿਰਾਇਆ ਗਿਆ।"

ਇਹ ਸੱਚਮੁੱਚ ਆਤਮਿਕ ਗਿਰਾਵਟ ਦੀ ਹੱਦ ਹੈ। ਨਾ ਕੇਵਲ ਇਹ ਕਿ ਸਾਡੇ ਸਿਆਸਤਦਾਨ ਆਤਮਿਕ ਤੌਰ 'ਤੇ ਭ੍ਰਿਸ਼ਟ ਹੋ ਚੁੱਕੇ ਬੌਣੇ ਲੋਕ ਹਨ, ਸਗੋਂ ਉਨ੍ਹਾਂ ਨੂੰ ਇਹ ਵੀ ਯਕੀਨ ਹੈ ਕਿ ਉਨ੍ਹਾਂ ਦੇ ਦੇਵਤੇ ਅਤੇ ਅਵਤਾਰ ਵੀ ਉਨ੍ਹਾਂ ਵਰਗੇ ਹੀ ਸਨ। ਇਹ ਹਾਲਤ ਸੀ ਸੁਤੰਤਰਤਾ ਸੰਗਰਾਮ ਦੇ ਮਹਾਂਰਥੀਆਂ ਦੀ—ਉਨ੍ਹਾਂ ਦੀ ਥਾਂ ਲੈਣ ਵਾਲਿਆਂ ਦਾ ਤਾਂ ਕਹਿਣਾ ਹੀ ਕੀ ਹੈ। ਕੁਝ ਕੁ ਚੰਗੇ ਲੋਕਾਂ ਨੂੰ ਛੱਡ ਕੇ, ਉਨ੍ਹਾਂ ਨੇ ਰਾਜ ਦਾ ਖ਼ਜ਼ਾਨਾ ਦਿਲ ਖੋਲ੍ਹ ਕੇ ਲੁੱਟਿਆ ਹੈ। ਜਿਹੜੇ ਘੁਟਾਲੇ ਹੁਣੇ ਹੁਣੇ ਪ੍ਰਗਟ ਹੋਏ ਹਨ, ਉਨ੍ਹਾਂ ਵਿੱਚੋਂ ਕੋਈ ਵੀ ਅਜਿਹਾ ਨਹੀਂ, ਜਿਸ ਵਿਚ 2 ਹਜ਼ਾਰ ਕਰੋੜ ਤੋਂ ਘੱਟ ਦੀ ਰਕਮ ਦਾ ਗ਼ਬਨ ਹੋਵੇ। ਲੀਡਰ, ਹਰਾਮ ਦੀ ਕਮਾਈ ਨਾਲ ਐਸ਼ਾਂ ਕਰਦੇ ਹਨ, ਜਦ ਕਿ ਆਮ ਜਨਤਾ ਅਜਿਹੇ ਜ਼ੁਲਮ ਹੇਠ ਪਿਸ ਰਹੀ ਹੈ, ਜਿਸ ਬਾਰੇ ਵਿਦੇਸ਼ੀ ਰਾਜ ਵਿਚ ਵੀ ਕਦੇ ਕੁੱਝ ਨਹੀਂ ਸੀ ਸੁਣਿਆ। ਜਿਹੋ ਜਿਹੀ ਆਜ਼ਾਦੀ ਦੀ ਲੜਾਈ ਅਸੀਂ ਲੜੀ ਸੀ, ਇਹ ਉਸ ਦਾ ਕੁਦਰਤੀ ਨਤੀਜਾ ਹੈ, ਜੋ ਸਾਡੇ ਸਾਹਮਣੇ ਆਇਆ ਹੈ। ਸਾਡੀ ਲੜਾਈ ਵਿਖਾਵੇ ਦੀ ਅਤੇ ਧੋਖੇ, ਫ਼ਰੇਬ ਵਾਲੀ ਸੀ—ਅਤੇ ਇਹੀ ਹਾਲਾਤ ਹੈ ਸਾਡੇ ਲੰਮੇ ਚੌੜੇ ਲਿਖਤੀ ਸੰਵਿਧਾਨ ਵਿਚ ਨਿਸ਼ਚਿਤ ਕੀਤੇ ਗਏ ਵੱਡੇ ਟੀਚਿਆਂ ਦੀ। ਜੋ ਕੁਝ ਅੱਖ ਨੂੰ ਦਿੱਸਦਾ ਹੈ, ਉਹ ਅਸਲੀਅਤ ਨਹੀਂ। ਆਜ਼ਾਦੀ ਨੇ ਭਾਰਤੀਆਂ ਨੂੰ ਗ਼ੁਲਾਮੀ ਤੋਂ ਵੀ ਜ਼ਿਆਦਾ ਗ਼ੁਲਾਮ ਬਣਾ ਲਿਆ ਹੈ।

ਇਹ ਕੋਈ ਹੈਰਾਨੀ ਵਾਲੀ ਗੱਲ ਪ੍ਰਤੀਤ ਨਹੀਂ ਹੁੰਦੀ ਕਿ ਮਨੁੱਖਤਾ ਅਤੇ ਦੇਸ਼ ਦੇ ਸੱਚੇ ਹਿਤੈਸ਼ੀਆਂ ਨੂੰ ਦੇਸ਼-ਵਿਰੋਧੀ, ਅਤਿਵਾਦੀ ਕਹਿ ਕੇ ਠੁਕਰਾ ਦਿੱਤਾ ਜਾਂਦਾ ਹੈ, ਜਦ ਕਿ ਉਹ ਜਿਨ੍ਹਾਂ ਨੇ ਇਸ ਦੇਸ਼ ਦਾ ਲਹੂ ਪੀ ਕੇ ਇਸ ਨੂੰ ਰਕਤ-ਹੀਣ ਕਰ ਦਿੱਤਾ ਹੈ ਅਤੇ ਦੇਸ਼ ਵਿਚ ਝਗੜੇ ਫ਼ਸਾਦ ਕਰਾਉਣ ਤੋਂ ਵੱਧ ਕੁਝ ਨਹੀਂ ਕੀਤਾ, ਉਨ੍ਹਾਂ ਨੂੰ ਮਹਾਨ ਦੇਸ਼-ਭਗਤ ਕਿਹਾ ਜਾਂਦਾ ਹੈ:

"ਮੇਰੇ ਮਿੱਤਰ, ਤੇਰੇ ਦਰਬਾਰ ਵਿਚ ਮੈਂ ਇਕ ਦਿਨ ਅਜਬ ਤਮਾਸ਼ਾ ਡਿੱਠਾ। ਮੈਂ ਸੱਚੇ ਤੇ ਭਲੇ ਲੋਕਾਂ ਨੂੰ ਖ਼ਵਾਰ ਹੁੰਦਿਆਂ ਵੇਖਿਆ ਅਤੇ ਮੌਕਾ-ਪ੍ਰਸਤਾਂ ਨੂੰ ਤੇਰੇ ਮੋਢੇ ਨਾਲ ਮੋਢਾ ਖਹਿੰਦਿਆਂ ਵੇਖਿਆ ('ਅਜਬ ਤਮਾਸ਼ਾ ਡਿੱਠਮ ਸੱਜਣ, ਹਿਕ ਦਿਹੁੰ ਤੈਂ ਦਰਬਾਰੀ। ਇਬਨ-ਉਲ-ਵਕਤ ਮੁਅਜ਼ਜ਼ ਥੀਂਦੇ, ਜਾਨ ਨਿਸਾਰ ਖ਼ੁਆਰੀ।')।"

ਇਸ ਵਿਚ ਕੋਈ ਅਤਿਕਥਨੀ ਨਹੀਂ, ਜੇ ਕਿਹਾ ਜਾਏ ਕਿ 1947 ਤੋਂ ਪਹਿਲਾਂ ਭਾਰਤੀ ਲੋਕ ਕੇਵਲ ਸਿਆਸੀ ਤੌਰ 'ਤੇ ਗ਼ੁਲਾਮ ਸਨ, ਪਰ ਉਸ ਮਗਰੋਂ ਉਹ ਕਈ ਪ੍ਰਕਾਰ ਦੀ ਗ਼ੁਲਾਮੀ ਵਿਚ ਜਕੜੇ ਜਾ ਚੁੱਕੇ ਹਨ। ਗ਼ੁਲਾਮੀ ਦੀਆਂ ਪਰਤਾਂ ਲਾਹੀ ਜਾਉ, ਲਾਹੀ ਜਾਉ, ਪਿਆਜ਼ ਦੇ ਛਿਲਕਿਆਂ ਵਾਂਗ ਕਦੇ ਖ਼ਤਮ ਹੀ ਨਹੀਂ ਹੁੰਦੀਆਂ।

ਵਿਸ਼ਾਲ ਭਾਰਤੀ ਉਪ-ਮਹਾਂਦੀਪ ਦੇ ਸਮਾਜ ਅਤੇ ਧਰਮ ਦੁਆਲੇ ਜਿਥੇ ਹੋਰ ਕਈ ਬੁਝਾਰਤਾਂ ਨੇ ਡੇਰਾ ਲਾਇਆ ਹੋਇਆ ਹੈ, ਉਥੇ ਇਕ ਬੁਝਾਰਤ ਜੋ ਅਜੇ ਤੀਕ ਸੁਲਝਾਈ ਨਹੀਂ ਜਾ ਸਕੀ, ਉਹ ਇਹ ਹੈ ਕਿ ਭਾਰਤ ਦੀ ਆਜ਼ਾਦੀ ਦੀ ਲੜਾਈ ਅਸਲ ਵਿਚ ਕਿਸ ਪ੍ਰਕਾਰ ਦੀ ਸੀ। ਜੋ ਰਵਾਇਤੀ ਸਪੱਸ਼ਟੀਕਰਨ ਦਿੱਤੇ ਜਾਂਦੇ ਹਨ, ਉਹ ਕਾਫ਼ੀ ਨਹੀਂ। ਸਿਖ ਜੋ ਇਕ ਵੱਡੀ ਸੇਵਾ ਸੱਚ ਦੀ ਕਰ ਸਕਦੇ ਹਨ, ਉਹ ਇਹ ਹੈ ਕਿ ਇਸ ਮਹੱਤਵਪੂਰਨ ਪ੍ਰਸ਼ਨ ਬਾਰੇ ਡੂੰਘੀ ਖੋਜ ਪੜਤਾਲ ਕੀਤੀ ਜਾਵੇ। ਇਸ ਸਮੱਸਿਆ ਨੂੰ, ਸਿਖ ਇਤਿਹਾਸ ਦੀਆਂ ਤਾਜ਼ਾ ਘਟਨਾਵਾਂ ਦੇ ਦ੍ਰਿਸ਼ਟੀਕੋਣ ਤੋਂ ਵੀ ਸਮਝਣਾ ਜ਼ਰੂਰੀ ਹੋ ਗਿਆ ਹੈ।

•

ਸਾਈਮਨ ਕਮਿਸ਼ਨ ਦੇ ਬਾਈਕੌਟ ਦਾ ਰਹੱਸ

ਸਾਡੇ ਇਤਿਹਾਸ ਦੇ ਕਈ ਸਰਗ ਅਜਿਹੇ ਹਨ, ਜਿਨ੍ਹਾਂ ਨੂੰ ਆਮ ਪ੍ਰਚੱਲਤ ਵਿਚਾਰਧਾਰਾ ਦੇ ਸੰਦਰਭ ਵਿਚ ਸਮਝਣਾ ਅਸੰਭਵ ਹੈ। ਇਹ ਏਸ ਲਈ ਕਿ ਏਸ ਵਿਚਾਰਧਾਰਾ ਦਾ ਅਸਲ ਮੰਤਵ ਕੇਵਲ ਕਾਂਗਰਸ ਪਾਰਟੀ ਦੀ ਪਿੱਠ ਠੋਕਣਾ ਅਤੇ ਉਸ ਨੂੰ ਅੰਗਰੇਜ਼ਾਂ ਕੋਲੋਂ ਰਾਜ ਖੋਹ ਲੈਣ ਵਾਲੀ ਸਿਆਸੀ ਜਮਾਤ ਸਥਾਪਿਤ ਕਰਨਾ ਹੈ। ਆਜ਼ਾਦੀ ਪ੍ਰਤਿ ਸਹੀ ਧਾਰਨਾ ਨੂੰ ਪ੍ਰਵਾਨ ਕਰਨਾ ਅਜੇ ਨਕਾਰਖ਼ਾਨੇ ਵਿਚ ਤੂਤੀ ਵਜਾਉਣ ਵਾਲਾ ਕਰਮ ਹੋਵੇਗਾ। ਅਸਲੀਅਤ ਨੂੰ ਪ੍ਰਵਾਨ ਕਰਨ ਲਈ ਅਜੇ ਵੱਡੇ ਜਿਗਰੇ ਦੀ ਲੋੜ ਹੈ। ਪਰ ਗੱਲ ਤਾਂ ਚੱਲਦੀ ਹੀ ਰਹਿਣੀ ਚਾਹੀਦੀ ਹੈ।

ਆਪਣੇ ਸ੍ਵੈਭਿਮਾਨ ਨੂੰ ਠੁਮਣਾ ਦੇਣ ਲਈ ਬਣਾਈ ਆਜ਼ਾਦੀ ਦੀ ਭਾਵਨਾ ਦੀ ਰੇਤ ਦੀ ਕੰਧ ਵਾਂਗ ਢਹਿ ਢੇਰੀ ਹੋਣ ਤੋਂ ਥਰ ਥਰ ਕੰਬਦੇ ਹਨ ਸਾਡੇ ਬੁੱਧੀਜੀਵੀ। ਆਪਣੇ ਵਿਚਾਰਾਂ ਨੂੰ ਸੱਚ ਦੀ ਹਵਾ ਤੋਂ ਬਚਾਉਣ ਲਈ ਰੂੰ ਵਿਚ ਵਲ੍ਹੇਟ ਕੇ ਸੱਤ ਕੋਠੜੀਆਂ ਦੇ ਗਰਭ ਵਿਚ ਸੰਭਾਲ ਸੰਭਾਲ ਕੇ ਰੱਖ ਰਹੇ ਹਨ। ਪਰ ਇਸਦਾ ਨਤੀਜਾ ਇਹ ਹੈ ਕਿ ਅਨੇਕਾਂ ਕਾਂਗਰਸੀ ਸੂਰਮੇ ਰੰਗ-ਬਰੰਗੇ ਪਲਾਸਟਿਕ ਦੇ ਕਵਚ ਪਾ ਕੇ ਇਤਿਹਾਸ ਦੇ ਮੰਚ ਉੱਤੇ ਲੱਕੜ ਦੀਆਂ ਤਲਵਾਰਾਂ ਨਾਲ ਲੀਰਾਂ ਦੇ ਗੁੱਡਿਆਂ ਉੱਤੇ ਫ਼ਤਹਿ ਹਾਸਲ ਕਰਦੇ ਦਨਦਨਾਉਂਦੇ ਘੁੰਮ ਰਹੇ ਹਨ। ਬੰਦ ਬੰਦ ਕਟਵਾਉਣ ਵਾਲਿਆਂ ਨੂੰ, ਖ਼ੂਨ ਦਾ ਆਖ਼ਰੀ ਕਤਰਾ ਆਜ਼ਾਦੀ ਦੇ ਸੰਕਲਪ ਅਰਪਣ ਕਰਨ ਵਾਲਿਆਂ ਨੂੰ, ਇਤਿਹਾਸ ਦੇ ਹਨੇਰੇ ਖੂੰਜਿਆਂ ਵਿਚ ਧਕਿਆ ਜਾ ਰਿਹਾ ਹੈ। ਗ਼ੁਲਾਮੀ ਦੀ ਛੱਟ ਨੂੰ ਸਹੇੜਨ ਵਾਲੇ, ਗ਼ੁਲਾਮੀ ਨੂੰ ਗਹਿਣਾ ਸਮਝ ਕੇ ਇਕ ਹਜ਼ਾਰ ਸਾਲ ਹੰਢਾਉਣ ਵਾਲੇ ਅੱਜ ਆਜ਼ਾਦੀ ਦੇ ਅਸਲ ਵਾਰਸ ਅਖਵਾਉਂਦੇ ਹਨ ਅਤੇ ਆਪਣੇ ਜਨਮ ਸਮੇਂ ਤੋਂ ਮਨੁੱਖ ਮਾਤਰ ਦੀ ਬਿਹਤਰੀ ਲਈ ਜੂਝਦਿਆਂ ਨੂੰ ਟਿੱਚਰਾਂ ਕਰ ਰਹੇ ਹਨ।

ਵੀਹਵੀਂ ਸਦੀ ਦਾ ਸੂਰਜ ਆਜ਼ਾਦ ਮਾਨਵ ਦਾ ਸੁਪਨਾ ਅਰਸ਼ਾਂ ਵਿਚ ਬਿਖੇਰਦਾ ਚੜ੍ਹਿਆ ਸੀ। ਸਭ ਬਸਤੀਵਾਦੀ ਸਮਝ ਗਏ ਸਨ ਕਿ ਨਵੇਂ ਮਾਹੌਲ ਵਿਚ ਉਹਨਾਂ ਲਈ ਬਸਤੀਆਂ ਉੱਤੇ ਕਬਜ਼ੇ ਰੱਖਣੇ ਅਸੰਭਵ ਹਨ। ਅੰਗਰੇਜ਼ ਬਾਕੀਆਂ ਨਾਲੋਂ ਥੋੜ੍ਹਾ ਪਹਿਲੋਂ ਇਹ ਸਮਝ ਗਏ ਸਨ। ਹਿੰਦੁਸਤਾਨ ਵਿਚ ਜਮਹੂਰੀ ਖ਼ਿਆਲ 1901 ਤੋਂ ਹੀ ਪਨਪਣ ਲੱਗ ਪਏ ਸਨ। 1909 ਦੇ ਮਸ਼ਹੂਰ ਮਿੰਟੋ-ਮੌਰਲੇ ਸੁਧਾਰ ਕਾਨੂੰਨਾਂ ਨੇ ਪਹਿਲੀ ਵਾਰੀ ਕੌਮਾਂ ਨੂੰ ਨੁਮਾਇੰਦਗੀ ਦੇਣ ਦੀ ਅਤੇ ਸੂਬਿਆਂ ਨੂੰ ਖ਼ੁਦ-ਮੁਖ਼ਤਿਆਰੀ ਦੇਣ ਦੀ ਪਿਰਤ ਪਾਈ। ਕੇਂਦਰੀ ਕਾਨੂੰਨ ਘਾੜਨੀ ਸਭਾ ਨੂੰ ਵੀ ਵਸੀਹ ਅਧਿਕਾਰ ਦਿੱਤੇ ਗਏ ਸਨ। ਉਸ ਸਮੇਂ ਹੀ ਇਹ ਪਿਰਤ ਪੈ ਚੁੱਕੀ ਸੀ ਕਿ ਕੋਈ ਹਰ ਦਸ ਸਾਲ ਬਾਅਦ ਏਸ ਬੁਨਿਆਦੀ ਕਾਨੂੰਨ

* *ਪੰਜਾਬੀ ਟ੍ਰਿਬਿਊਨ*, ਅਕਤੂਬਰ 8, 2000 'ਚੋਂ ਧੰਨਵਾਦ ਸਹਿਤ।

ਨੂੰ ਸੋਧ ਕੇ ਲੋਕਾਂ ਨੂੰ ਹੋਰ ਅਧਿਕਾਰ ਦਿੱਤੇ ਜਾਇਆ ਕਰਨਗੇ। ਅਗਸਤ 1917 ਵਿਚ ਅੰਗਰੇਜ਼ੀ ਐਲਾਨ ਕੀਤਾ ਗਿਆ ਸੀ ਕਿ ਹਿੰਦੁਸਤਾਨੀਆਂ ਨੂੰ ਸਰਕਾਰ ਚਲਾਉਣ ਦੇ ਹੌਲੀ ਹੌਲੀ ਅਧਿਕਾਰ ਦੇਣਾ ਇੰਗਲਿਸਤਾਨ ਦੀ ਸਰਕਾਰ ਦੀ ਬੁਨਿਆਦੀ ਨੀਤੀ ਹੈ।

ਏਸ ਐਲਾਨ ਤੋਂ ਬਾਅਦ ਹਿੰਦ ਦੇ ਸੈਕਟਰੀ ਔਵ ਸਟੇਟ ਐਡਵਿਨ ਮੌਂਟਾਗੂ ਅਤੇ ਗਵਰਨਰ ਜਨਰਲ ਹਿੰਦ ਚੈਮਸਫ਼ੋਰਡ ਨੇ ਹਿੰਦੁਸਤਾਨ ਦਾ ਸਾਂਝਾ ਦੌਰਾ ਕੀਤਾ ਅਤੇ ਕਈ ਸੰਸਥਾਵਾਂ, ਲੋਕਾਂ ਆਦਿ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਏਸ ਦੌਰੇ ਦੀ ਰਪਟ ਉੱਤੇ ਆਧਾਰਿਤ ਸੀ 1919 ਦਾ ਨਵਾਂ ਬਣਿਆ ਗਵਰਨਮੈਂਟ ਔਵ ਇੰਡੀਆ ਐਕਟ। ਏਸ ਐਕਟ ਰਾਹੀਂ ਹਿੰਦੁਸਤਾਨ ਦੀ ਕੇਂਦਰੀ ਅਤੇ ਸੂਬਾਈ ਦੂਹਰੀ ਸਰਕਾਰ (Dyarchy) ਸਥਾਪਿਤ ਕੀਤੀ। ਦਸ ਸਾਲਾਂ ਬਾਅਦ ਏਸ ਵਿਵਸਥਾ ਦਾ ਲੋਕਾਂ ਦੇ ਅਧਿਕਾਰਾਂ ਨੂੰ ਵਧਾਉਣ ਦੀ ਮਾਤ੍ਰਾ ਤਹਿ ਕਰਨ ਲਈ ਜਾਇਜ਼ਾ ਲਿਆ ਜਾਣਾ ਸੀ। ਏਸ ਮੰਤਵ ਦੀ ਪੂਰਤੀ ਲਈ ਜੌਨ ਸਾਈਮਨ ਦੀ ਸਦਾਰਤ ਹੇਠ ਬਰਤਾਨੀਆ ਪਾਰਲੀਮੈਂਟ ਦੇ ਛੇ ਮੈਂਬਰਾਂ ਦਾ ਇਕ ਕਮਿਸ਼ਨ ਬਣਿਆ, ਜੋ ਸਾਈਮਨ ਕਮਿਸ਼ਨ ਕਹਾਇਆ।

ਇਹ ਕਮਿਸ਼ਨ 3 ਫ਼ਰਵਰੀ, 1928 ਨੂੰ ਹਿੰਦੁਸਤਾਨ ਆਇਆ। ਏਸ ਨੇ ਵੀ ਹਿੰਦੁਸਤਾਨ ਦਾ ਦੌਰਾ ਕਰਕੇ ਲੋਕ ਰਾਇ ਜਾਣਨ ਦੀ ਕੋਸ਼ਿਸ਼ ਕੀਤੀ ਅਤੇ ਅੰਤ ਜੂਨ 1930 ਵਿਚ ਆਪਣੀ ਰਪਟ ਪੇਸ਼ ਕੀਤੀ। ਇਹ ਰਪਟ ਬੜੇ ਉੱਚ ਪਾਏ ਦੀ ਸੀ ਅਤੇ ਏਸ ਦਾ ਹਿੰਦੁਸਤਾਨ ਦੀ ਸੰਵਿਧਾਨਿਕ ਉੱਨਤੀ ਵਿਚ ਵਿਸ਼ੇਸ਼ ਸਥਾਨ ਹੈ। ਇਹ ਰਪਟ 1935 ਦੀ ਗਵਰਨਮੈਂਟ ਔਵ ਇੰਡੀਆ ਐਕਟ ਦਾ ਆਧਾਰ ਬਣੀ ਅਤੇ ਆਖ਼ਰ 1950 ਦੇ ਸੰਵਿਧਾਨ ਉੱਤੇ ਵੀ ਏਸ ਨੇ ਭਰਪੂਰ ਅਸਰ ਪਾਇਆ। ਏਸ ਰਪਟ ਕਾਰਨ ਬਰਮਾ ਹਿੰਦ ਤੋਂ ਵੱਖ ਹੋਇਆ ਅਤੇ ਏਸ ਉਪ-ਦੀਪ ਦੇ ਇਤਿਹਾਸ ਵਿਚ ਇਕ ਨਵਾਂ ਮੋੜ ਆਇਆ। ਮਸ਼ਹੂਰ ਇਤਿਹਾਸਕਾਰ ਪੀ.ਈ. ਰੋਬਰਟਸ ਏਸ ਰਪਟ ਬਾਰੇ ਕਹਿੰਦਾ ਹੈ ਕਿ ਇਹ ਹਿੰਦੁਸਤਾਨ ਦੇ ਸਰਕਾਰੀ ਪੱਤਰਾਂ ਵਿੱਚੋਂ ਸਦਾ ਹੀ ਸਿਰਮੌਰ ਮੰਨੀ ਜਾਂਦੀ ਰਹੇਗੀ। ਏਸ ਤਰ੍ਹਾਂ ਹੀ ਪ੍ਰਸਿੱਧ ਸਮਾਜ ਸ਼ਾਸਤਰੀ ਪ੍ਰੋਫ਼ੈਸਰ ਕੀਥ ਦਾ ਕਹਿਣਾ ਹੈ ਕਿ 'ਏਸ ਨੂੰ ਮੰਨਣ ਨਾਲ ਹਿੰਦੁਸਤਾਨ ਦੇ ਸੂਬਿਆਂ ਨੂੰ ਖ਼ੁਦ-ਮੁਖ਼ਤਿਆਰੀ ਬਹੁਤ ਪਹਿਲਾਂ ਹੀ ਮਿਲ ਜਾਣੀ ਸੀ' ਅਤੇ ਮੁਕੰਮਲ ਆਜ਼ਾਦੀ ਦਾ ਰਾਹ ਪੱਧਰਾ ਹੋ ਜਾਣਾ ਸੀ।

ਪਰ ਹਿੰਦੁਸਤਾਨ ਨੇ ਕਾਂਗਰਸ ਦੀ ਅਗਵਾਈ ਹੇਠ ਏਸ ਨੂੰ ਨਹੀਂ ਮੰਨਿਆ। ਉਹਨਾਂ ਕਮਿਸ਼ਨ ਦੀ ਆਮਦ ਦੀ ਖ਼ਬਰ ਸੁਣ ਕੇ ਹੀ ਇਤਰਾਜ਼ ਕੀਤਾ ਕਿ ਏਸ ਵਿਚ ਕਿਸੇ ਵੀ ਹਿੰਦੁਸਤਾਨੀ ਨੂੰ ਮੈਂਬਰ ਨਹੀਂ ਰੱਖਿਆ ਗਿਆ। ਸਾਈਮਨ ਕਮਿਸ਼ਨ ਨੇ ਤੁਰੰਤ ਇਕ ਹਿੰਦੁਸਤਾਨੀ ਨੂੰ ਮੈਂਬਰ ਬਣਾ ਲੈਣ ਦੀ ਪੇਸ਼ਕਸ਼ ਕੀਤੀ, ਪਰੰਤੂ ਏਸ ਨੂੰ ਅਣਗੌਲਿਆ ਕਰਕੇ ਆਪਣਾ ਵਿਰੋਧ ਹੋਰ ਪ੍ਰਚੰਡ ਕਰ ਦਿੱਤਾ। ਆਖ਼ਰ ਬਾਈਕੌਟ ਦਾ ਨਾਅਰਾ ਲੱਗਿਆ ਅਤੇ ਤਹਿ ਹੋਇਆ ਕਿ ਕਮਿਸ਼ਨ ਨੂੰ ਥਾਂ ਥਾਂ ਕਾਲੇ ਝੰਡੇ ਵਿਖਾਏ ਜਾਣ ਅਤੇ ਏਸ ਵਿਰੁੱਧ 'ਸ਼ੇਮ! ਸਾਈਮਨ ਵਾਪਸ ਜਾਓ' ਦੇ ਨਾਅਰੇ ਲਗਾਏ ਜਾਣ। ਚੇਤੇ ਰਹੇ ਕਿ ਏਸ ਕਮਿਸ਼ਨ ਦਾ ਇਕ ਮੈਂਬਰ ਕਲੈਮੰਟ ਐਟਲੀ ਵੀ ਸੀ, ਜਿਸ ਦੇ ਪ੍ਰਧਾਨ ਮੰਤਰੀ ਹੁੰਦਿਆਂ ਆਖ਼ਰ ਹਿੰਦੁਸਤਾਨ ਆਜ਼ਾਦ ਹੋਇਆ। ਸਾਈਮਨ ਕਮਿਸ਼ਨ ਤੋਂ ਬਾਅਦ ਕ੍ਰਿਪਸ ਮਿਸ਼ਨ ਹਿੰਦੁਸਤਾਨ ਏਸੇ ਕੰਮ ਲਈ ਆਇਆ ਅਤੇ ਆਖ਼ਰ ਬ੍ਰਿਟਿਸ਼ ਕੈਬਨਿਟ ਮਿਸ਼ਨ ਵੀ। ਫੇਰ ਕਦੇ ਕਿਸੇ ਨੇ ਇਤਰਾਜ਼ ਨਾ ਕੀਤਾ ਕਿ ਇਹਨਾਂ ਕਮਿਸ਼ਨਾਂ ਵਿਚ ਹਿੰਦੁਸਤਾਨੀਆਂ ਨੂੰ ਯੋਗ ਨੁਮਾਇੰਦਗੀ ਨਹੀਂ ਦਿੱਤੀ ਗਈ ਅਤੇ ਨਾ ਹੀ ਇਹਨਾਂ ਦੇ ਬਾਈਕੌਟ ਦੀ ਗੱਲ ਗੰਭੀਰਤਾ ਨਾਲ ਚੱਲੀ।

ਹਿੰਦੁਸਤਾਨ ਦੀ 'ਜੰਗੇ ਆਜ਼ਾਦੀ' ਦਾ ਇਹ ਵੱਡਾ ਰਹੱਸ ਜਾਣਨ ਦੀ ਚੇਸ਼ਟਾ ਅੰਤ ਵਿਚ ਕਰਾਂਗੇ, ਕਿਉਂਕਿ ਉਸਦਾ ਥਹੁ ਪਾਏ ਬਿਨਾਂ ਅਖੌਤੀ ਜੰਗੇ ਆਜ਼ਾਦੀ ਦੀ ਅਸਲ ਧਾਰਨਾ ਨੂੰ ਨਹੀਂ ਜਾਣਿਆ ਜਾ ਸਕਦਾ। ਲੌਰਡ ਇਰਵਿਨ ਨੇ ਬਰਤਾਨੀਆ ਦੀ ਹਕੂਮਤ ਨਾਲ ਮਸ਼ਵਰੇ ਉਪਰੰਤ ਐਲਾਨ ਕੀਤਾ ਸੀ ਕਿ 1917 ਵਾਲੇ ਐਲਾਨ ਦਾ ਅਰਥ ਇਹੋ ਹੈ ਕਿ ਹਿੰਦੁਸਤਾਨ ਨੂੰ ਡੁਮਿਨੀਅਨ ਸਟੇਟਸ ਦਿੱਤਾ ਜਾਵੇ। ਏਵੇਂ ਹੀ ਸਾਈਮਨ ਕਮਿਸ਼ਨ ਨੇ ਸਮਝਿਆ ਸੀ ਅਤੇ ਰਪਟ ਤੋਂ ਵੀ ਜ਼ਾਹਿਰ ਹੈ ਕਿ ਕਮਿਸ਼ਨ ਦੀ ਏਹੋ ਅੰਤਰੀਵ ਭਾਵਨਾ ਸੀ। 1928-29 ਵਿਚ ਕਾਂਗਰਸ ਪਾਰਟੀ ਦੀ ਵੀ ਇਹੋ ਵੱਡੀ ਸਿਆਸੀ ਮਹੱਤਵ ਆਕਾਂਸ਼ਾ ਸੀ ਕਿ ਹਿੰਦੁਸਤਾਨ ਨੂੰ ਡੁਮਿਨੀਅਨ ਦਰਜਾ ਪ੍ਰਾਪਤ ਹੋਵੇ। ਫੇਰ ਸਾਈਮਨ ਨਾਲ ਝਗੜਾ ਕੀ ਸੀ ?

ਜਾਪਦਾ ਇਹ ਹੈ ਕਿ ਨਾ-ਮਿਲਵਰਤਣ, ਬਾਈਕੌਟ ਇਤਿਆਦਿ ਅੰਦੋਲਨ ਚਲਾ ਕੇ ਕਾਂਗਰਸ ਸਾਬਤ ਕਰਨਾ ਚਾਹੁੰਦੀ ਸੀ ਕਿ ਉਹ ਵੱਧ ਤੋਂ ਵੱਧ ਹਿੰਦੁਸਤਾਨੀਆਂ ਨੂੰ ਏਸ ਰਾਹ ਉੱਤੇ ਤੋਰ ਸਕਦੀ ਹੈ। ਇਹਨਾਂ ਦੇ ਮੁਕਾਬਲੇ ਵਿਚ ਹਿੰਦੁਸਤਾਨ ਦੀ ਆਜ਼ਾਦੀ ਦੇ ਹੋਰ ਵਾਰਸ ਇਹ ਸਿਆਸਤ ਨਹੀਂ ਸਨ ਖੇਡ ਸਕਦੇ। ਇਹ ਸਮਝਦੇ ਸਨ ਕਿ ਇਹ ਸਾਬਤ ਕਰਕੇ ਉਹ ਅੰਗਰੇਜ਼ ਨੂੰ ਵਿਖਾ ਦੇਣਗੇ ਕਿ ਉਹ ਕੇਵਲ ਉਹ ਹੀ ਉਹਨਾਂ ਦੇ ਜਾਇਜ਼ ਸਿਆਸੀ ਵਾਰਿਸ ਹਨ। ਇਉਂ ਸਮੁੱਚੇ ਹਿੰਦੁਸਤਾਨ ਦੀ ਵਾਗਡੋਰ ਉਨ੍ਹਾਂ ਦੇ ਹੱਥ ਆ ਜਾਵੇਗੀ। ਉਸ ਸਮੇਂ ਦੇ ਗੇੜ ਵਿਚ ਸਿਖ, ਦਲਿਤ ਅਤੇ ਮੁਸਲਮਾਨ ਆਪਣੀ ਆਪਣੀ ਆਜ਼ਾਦੀ ਲਈ ਹੰਭਲਾ ਤਾਂ ਮਾਰ ਰਹੇ ਸਨ, ਪਰ ਸਭਨਾਂ ਦਾ ਡਰ ਮੌਜੂਦ ਸੀ। ਕਾਂਗਰਸ ਆਪਣੇ ਪ੍ਰਭਾਵ ਦੇ ਠੋਸ ਵਿਖਾਵੇ ਕਰ ਕੇ ਸੱਤਾ ਹੱਥ ਲੈਣ ਦੇ ਮਨਸੂਬੇ ਨੂੰ ਸਿਰੇ ਚਾੜ੍ਹਨਾ ਚਾਹੁੰਦੀ ਸੀ। ਏਸ ਲਈ ਸਮਾਂ ਅਤੇ ਮੌਕੇ ਦੀ ਲੋੜ ਸੀ। ਨਹੀਂ ਤਾਂ ਖ਼ਤਰਾ ਸੀ ਕਿ ਅੰਗਰੇਜ਼ ਧਰਮ ਨਿਆਂ ਨੂੰ ਵਾਚ ਕੇ ਕਿਤੇ ਦੂਜੇ ਲੋਕਾਂ ਨੂੰ ਬਣਦੇ ਹੱਕ ਦੇ ਕੇ ਨਾ ਚਲੇ ਜਾਣ। ਏਸ ਲਈ ਅੰਗਰੇਜ਼ਾਂ ਨੂੰ ਭੰਬਲਭੂਸੇ ਵਿਚ ਪਾ ਕੇ ਆਪਣੀ ਸ਼ਕਤੀ ਦੇ ਮੁਜ਼ਾਹਿਰੇ ਕਰਦੇ ਰਹਿਣਾ ਅਜੇ ਜ਼ਰੂਰੀ ਸੀ ਤਾਂ ਕਿ ਵਾਹਦ ਅਧਿਕਾਰ ਪ੍ਰਾਪਤ ਕੀਤੇ ਜਾ ਸਕਣ। ਅੰਗਰੇਜ਼ ਨੇ 1932 ਦੀ ਕਮਿਊਨਲ ਅਵੌਰਡ ਅਤੇ ਬਾਕੀ ਸੰਵਿਧਾਨਿਕ ਦਸਤਾਵੇਜ਼ਾਂ ਰਾਹੀਂ ਬਾਅਦ ਵਿਚ ਪ੍ਰਗਟ ਕੀਤਾ ਕਿ ਉਹਨਾਂ ਦੇ ਮਨ ਵਿਚ ਉਹੋ ਸਕੀਮ ਸੀ, ਜਿਸ ਤੋਂ ਕਿ ਕਾਂਗਰਸ ਤ੍ਰੈਹਿੰਦੀ ਸੀ।

ਗਾਂਧੀ ਅਤੇ ਕਾਂਗਰਸ ਨੇ ਏਸ ਮੰਤਵ ਸਿੱਧੀ ਲਈ ਸਾਈਮਨ ਕਮਿਸ਼ਨ ਦਾ ਬਾਈਕੌਟ ਕੀਤਾ। ਪੁਰਾਣੇ ਵਰਤਾਰੇ ਤੋਂ ਆਸ ਸੀ ਕਿ ਮੁਸਲਮਾਨ ਬਾਈਕੌਟ ਨਹੀਂ ਕਰਨਗੇ, ਪਰੰਤੂ 1927 ਵਿਚ ਕਾਂਗਰਸ ਨਾਲ ਹੋਏ ਸਮਝੌਤੇ ਨੂੰ ਸਿਰੇ ਚੜ੍ਹਾਉਣ ਲਈ ਜਿਨਾਹ ਨੇ ਬਰਕਨਹੈੱਡ, ਇਰਵਿਨ ਅਤੇ ਸਾਈਮਨ ਦੀਆਂ ਆਸਾਂਵਾਂ ਉੱਤੇ ਪਾਣੀ ਫੇਰ ਦਿੱਤਾ। ਸਿੱਖਾਂ ਵਾਂਗ ਮੁਸਲਮਾਨਾਂ ਦੇ ਇਕ ਧੜੇ ਨੇ ਹੀ ਕਮਿਸ਼ਨ ਨਾਲ ਮੇਲ ਰੱਖਿਆ। ਕਾਂਗਰਸ ਨੂੰ ਮੁਸਲਮਾਨਾਂ ਦਾ ਬਾਈਕੌਟ ਲਾਹੇਵੰਦ ਸੀ, ਕਿਉਂਕਿ ਇਉਂ ਕਰਕੇ ਉਹ ਆਪਣੀ ਵੱਖਰੀ ਤਾਕਤ ਨਹੀਂ ਸਨ ਵਿਖਾ ਸਕਦੇ ਅਤੇ ਨਾਲੋ ਨਾਲ ਅੰਗਰੇਜ਼ ਨੂੰ ਆਪਣੇ ਵਿਰੁੱਧ ਵੀ ਕਰ ਰਹੇ ਸਨ। ਅਜਿਹੀਆਂ ਕੂਟਨੀਤੀਆਂ, ਸ਼ੜਯੰਤਰਾਂ, ਡੂੰਘੀਆਂ ਸਿਆਸੀ ਚਾਲਾਂ ਵਿਚ ਜੜ੍ਹ ਸੀ ਸਾਈਮਨ ਕਮਿਸ਼ਨ ਦੇ ਬਾਈਕੌਟ ਦੀ। ਲੰਮੀ ਨਜ਼ਰ ਵੇਖਿਆਂ ਏਸ ਦਾ ਲਾਭ ਕਾਂਗਰਸ ਨੂੰ ਅੰਗਰੇਜ਼ਾਂ ਤੋਂ ਬਾਅਦ ਹਿੰਦੂ ਸਾਮਰਾਜ ਸਥਾਪਿਤ ਕਰਨ ਵਿਚ ਹੀ ਸਹਾਈ ਹੋ ਸਕਦਾ ਸੀ।

ਸਿੱਖਾਂ ਨੇ ਝੱਟ ਪਿੱਛੋਂ ਹੀ 31 ਦਸੰਬਰ, 1929 ਨੂੰ ਲਾਹੌਰ ਕਾਂਗਰਸ ਸੈਸ਼ਨ ਦੇ ਮੌਕੇ ਉੱਤੇ ਕਾਂਗਰਸ ਦੀ ਨਹਿਰੂ ਰਪਟ ਵਿਰੁੱਧ ਵੱਡਾ ਜਲੂਸ ਕੱਢ ਕੇ ਕੁਝ ਸਮੇਂ ਲਈ ਆਪਣੀ ਵੱਖਰੀ ਹੋਂਦ ਕਾਇਮ ਕਰ ਲਈ। ਇਹ ਵੱਖਰੀ ਗੱਲ ਹੈ ਕਿ ਉਹ ਏਸਦਾ ਭਰਪੂਰ ਲਾਭ ਨਹੀਂ ਲੈ ਸਕੇ। ਦਲਿਤਾਂ ਨੂੰ ਡਰਾ ਧਮਕਾ ਕੇ, ਮਰਨ ਵਰਤ ਦੇ ਹੱਥਕੰਡਿਆਂ ਆਦਿ ਰਾਹੀਂ ਪੂਨਾ ਪੈਕਟ ਦੀਆਂ ਮਿੱਠੀਆਂ ਗੋਲੀਆਂ ਨਾਲ ਕਾਬੂ ਕਰ ਲਿਆ ਗਿਆ। ਮੁਸਲਮਾਨਾਂ ਨੂੰ 1945 ਦੀ ਸ਼ਿਮਲਾ ਕਾਨਫ਼ਰੰਸ ਵੇਲੇ ਪਤਾ ਲੱਗਿਆ ਕਿ ਹਿੰਦੁਸਤਾਨ ਦੀ ਪ੍ਰਭੁਸੱਤਾ ਦੇ ਹਿੱਸੇਦਾਰ ਬਣਨ ਲਈ ਉਹਨਾਂ ਨੂੰ ਕਿਸੇ ਨਾ ਕਿਸੇ ਵੇਲੇ ਸਿੱਧੇ ਹੱਥ ਕਰਨੇ ਹੀ ਪੈਣਗੇ। ਆਖ਼ਰ ਉਹਨਾਂ 1946 ਦੇ ਡਾਇਰੈਕਟ ਐਕਸ਼ਨ ਰਾਹੀਂ ਆਪਣੀ ਸਾਖ ਬਹਾਲ ਕੀਤੀ ਅਤੇ ਪਾਕਿਸਤਾਨ ਹਾਸਲ ਕਰਨ ਵਿਚ ਕਾਮਯਾਬ ਹੋਏ। ਲਾਲਾ ਲਾਜਪਤ ਰਾਏ ਕੱਟੜ ਹਿੰਦੂ ਵਿਚਾਰਧਾਰਾ ਦਾ ਧਾਰਨੀ ਸੀ ਅਤੇ ਉਹ ਜਾਣਦਾ ਸੀ ਕਿ ਆਖ਼ਰ ਹਿੰਦੁਸਤਾਨ ਨੂੰ ਹਿੰਦੂ ਅਤੇ ਮੁਸਲਮਾਨ ਦੋ ਭਾਗਾਂ ਵਿਚ ਵੰਡਣਾ ਹੀ ਪਵੇਗਾ। ਉਸਦੇ ਅਜਿਹੇ ਵਿਚਾਰਾਂ ਨੂੰ ਭਗਤ ਸਿੰਘ ਅਤੇ ਉਸਦੀ ਨੌਜਵਾਨ ਸਭਾ ਵਾਲੇ ਖਾੜਕੂ ਸਖ਼ਤ ਨਫ਼ਰਤ ਕਰਦੇ ਸਨ। ਲਾਜਪਤ ਰਾਏ ਨੂੰ ਨੌਜਵਾਨਾਂ ਵੱਲੋਂ ਲਿਖੀ ਖੁੱਲ੍ਹੀ ਚਿੱਠੀ ਵੀ ਉਸਦੇ ਡੂੰਘੇ ਵਿਰੋਧ ਵਿਚ ਹੈ। ਭਗਤ ਸਿੰਘ ਏਸ ਵੇਲੇ ਆਪਣੇ ਆਪ ਨੂੰ ਨਾਸਤਕ ਸਮਝਦਾ ਸੀ ਅਤੇ ਏਸ ਲਈ ਵੀ ਵਿਰੋਧ ਵਿਚ ਸੀ। ਵੈਸੇ ਵੀ ਗਵਰਨਰ ਜਨਰਲ ਲੌਰਡ ਇਰਵਿਨ ਦੀ ਟਿੱਪਣੀ ਅਨੁਸਾਰ 1928 ਤਕ ਭਾਰਤ ਨੌਜਵਾਨ ਸਭਾ ਦਾ ਪ੍ਰੋਗਰਾਮ ਕਾਂਗਰਸ ਨਾਲ ਇੰਨ-ਬਿੰਨ (identical) ਮਿਲਦਾ ਸੀ।

ਇਉਂ ਹਾਲਾਂਕਿ ਸਾਈਮਨ ਕਮਿਸ਼ਨ ਹਿੰਦੁਸਤਾਨ ਦੇ ਹਰ ਪੱਖੋਂ ਹੱਕ ਵਿਚ ਸੀ, ਏਸ ਦੀ ਰਪਟ ਵੀ ਹਿੰਦੁਸਤਾਨ ਦੇ ਸੰਵਿਧਾਨ ਦਾ ਸਥਾਈ ਆਧਾਰ ਬਣੀ, ਫਿਰ ਵੀ ਇਸ ਦਾ ਬਾਈਕੌਟ ਖਾਂਦੇ ਦੀ ਦਾੜ੍ਹੀ ਹਿਲਣ ਵਰਗਾ ਬਹਾਨਾ ਘੜ ਕੇ ਕੀਤਾ ਗਿਆ। ਏਸੇ ਲੜੀ ਵਿਚ ਆਈਆਂ, ਏਹੋ ਜਿਹੀਆਂ ਕਮਿਸ਼ਨਾਂ ਦਾ ਬੜਾ ਮਾਣ ਸਤਿਕਾਰ ਕੀਤਾ ਜਾਂਦਾ ਰਿਹਾ। ਇਤਿਹਾਸ ਦੇ ਭੂਲ-ਭੁਲੱਈਆਂ ਵਿਚ ਵੀ ਕੁਝ ਕਿਥੇ ਕਿਥੇ ਲੁਕਿਆ ਪਿਆ ਹੈ, ਕਉਣ ਜਾਣੇ। ਸਾਈਂ ਬੁਲ੍ਹੇ ਸ਼ਾਹ ਹਕੀਕਤ ਦੀ ਅਜਿਹੀ ਵਿਡੰਬਨਾ ਵੱਲ ਇਸ਼ਾਰਾ ਕਰਦੇ ਹੀ ਫ਼ੁਰਮਾਉਂਦੇ ਹਨ: "ਬੁਲ੍ਹਿਆ ਕੀ ਜਾਣਾ ਮੈ ਕਉਣ ?"

ਦੋ ਕੌਮਾਂ ਦੀ ਦਾਸਤਾਨ*

1. ਸਿਖ ਸਾਮਰਾਜ ਨਾਲ ਗ਼ਦਾਰੀ ਦੇ ਇਵਜ਼ਾਨੇ ਵਜੋਂ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਨੌਕਰ ਗੁਲਾਬ ਸਿੰਘ ਨੂੰ ਮਹਾਰਾਜੇ ਦਾ ਖ਼ਿਤਾਬ ਤੇ ਜੰਮੂ ਕਸ਼ਮੀਰ ਦਾ ਰਾਜ ਬਖ਼ਸ਼ਿਆ। ਸਿੱਖਾਂ ਦੀ ਗੁਰੂ ਪ੍ਰਤੀ ਵਫ਼ਾਦਾਰੀ ਦੇ ਪ੍ਰਤੀਕ ਸ੍ਰੀ ਅੰਮ੍ਰਿਤਸਰ ਵਰਗੇ ਪਰਮ ਪਵਿੱਤਰ ਸਥਾਨ 'ਤੇ ਗ਼ਦਾਰ ਦੀ ਤਾਜਪੋਸ਼ੀ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ 'ਤੇ ਗੁਲਾਬ ਸਿੰਘ ਡੋਗਰੇ ਨੇ ਅੰਗਰੇਜ਼ਾਂ ਪ੍ਰਤੀ ਵਫ਼ਾਦਾਰੀ ਦੀ ਕਸਮ ਖਾਂਦਿਆਂ ਕਿਹਾ ਕਿ ਮੈਂ ਅੰਗਰੇਜ਼ ਸਰਕਾਰ ਦਾ 'ਜ਼ਰ-ਖ਼ਰੀਦ' ਗ਼ੁਲਾਮ ਹਾਂ। ਏਹੋ ਉਸ ਨੇ ਔਰ ਉਸ ਦੇ ਵੰਸ਼ਜ਼ਾਂ ਨੇ ਬਣੇ ਰਹਿਣਾ ਸਦਾ ਲੋਚਿਆ। ਜੰਗੇ-ਆਜ਼ਾਦੀ ਦੇ ਦੌਰਾਨ ਦੇਸ਼ ਭਗਤਾਂ ਨੇ ਜੋ ਕਸ਼ਮੀਰ ਰਾਜ ਵਿਚ ਕਸ਼ਟ ਉਠਾਏ, ਉਹ ਇਤਿਹਾਸ ਦਾ ਹਿੱਸਾ ਹਨ।

2. ਭਾਰਤ ਨੂੰ ਆਜ਼ਾਦੀ ਦੇ ਮਿਲਦਿਆਂ ਹੀ ਗੁਲਾਬ ਸਿੰਘ ਦੇ ਵੰਸ਼ਜ਼ ਹਰੀ ਸਿੰਘ ਨੇ ਖ਼ੁਦ-ਮੁਖ਼ਤਿਆਰ ਰਹਿਣ ਲਈ ਇਕ ਤਕੜਾ ਹੰਭਲਾ ਮਾਰਿਆ। ਪਰ ਮੁਸਲਮਾਨ ਬਹੁ-ਗਿਣਤੀ ਹਮ-ਮਜ਼੍ਹਬ ਪਾਕਿਸਤਾਨ ਨਾਲ ਮਿਲਣਾ ਚਾਹੁੰਦੀ ਸੀ। ਉਸ ਨੇ ਇਹਨਾਂ ਦੇ ਇਰਾਦੇ ਨਕਾਰਾ ਕਰਨ ਲਈ ਕਸ਼ਮਕਸ਼ ਕੀਤੀ, ਜਿਸ ਦਾ ਨਤੀਜਾ ਅੱਧਾ ਕਸ਼ਮੀਰ ਪਾਕਿਸਤਾਨ ਦੇ ਕਬਜ਼ੇ ਵਿਚ ਆ ਗਿਆ ਅਤੇ ਅੱਜ ਤਕ ਪਾਕਿਸਤਾਨ ਦਾ ਹਿੱਸਾ 'ਆਜ਼ਾਦ ਕਸ਼ਮੀਰ' ਅਖਵਾਉਂਦਾ ਹੈ। ਹਿੰਦੁਸਤਾਨ ਵਿਚ ਰਹਿ ਚੁੱਕੇ ਕਸ਼ਮੀਰੀ ਮੁਸਲਮਾਨ ਵੀ ਖ਼ੁਦ-ਮੁਖ਼ਤਿਆਰ ਹੋਣਾ ਜਾਂ ਘੱਟੋ ਘੱਟ ਪਾਕਿਸਤਾਨ ਜਾਣਾ 1947 ਤੋਂ ਲੈ ਕੇ ਅੱਜ ਤਕ ਲੋਚਦੇ ਰਹੇ ਹਨ। ਉਹਨਾਂ ਦੇ ਵੱਡੇ ਲੀਡਰ ਜਨਾਬ ਸ਼ੇਖ਼ ਅਬਦੁੱਲਾ ਨੂੰ ਦੇਸ਼ ਧਰੋਹੀ ਦੇ ਦੋਸ਼ ਵਿਚ ਲਗਾਤਾਰ ਦੋ ਦਹਾਕੇ ਜੇਲ੍ਹ ਵਿਚ ਰੱਖਿਆ ਗਿਆ। ਪਰੰਤੂ ਕਸ਼ਮੀਰੀ ਮੁਸਲਮਾਨਾਂ ਨੂੰ ਖ਼ੁਸ਼ ਕਰਨ ਵਾਸਤੇ ਸੰਵਿਧਾਨ ਵਿਚ ਵਿਸ਼ੇਸ਼ ਧਾਰਾ 370 ਰੱਖੀ ਗਈ, ਜਿਸ ਅਧੀਨ ਉਨ੍ਹਾਂ ਨੂੰ ਨੀਮ ਆਜ਼ਾਦੀ ਦਿੱਤੀ ਗਈ। ਫਿਰ ਵੀ ਉਨ੍ਹਾਂ ਦਾ ਪੂਰਨ ਆਜ਼ਾਦੀ ਲਈ ਜੋਸ਼ ਮੱਠਾ ਨਹੀਂ ਹੋਇਆ। ਆਖ਼ਰ ਸ਼ੇਖ਼ ਸਾਹਿਬ ਨੂੰ ਰਿਹਾਅ ਕਰ ਕੇ ਮੁੱਖ ਮੰਤਰੀ ਬਣਾਇਆ ਗਿਆ। ਪਰ ਏਸ ਹਠੀ ਆਗੂ ਨੇ ਗੁਰੂ ਤੇਗ਼ ਬਹਾਦਰ ਦੇ ਅਸੂਲਾਂ 'ਤੇ ਚੱਲਦਿਆਂ ਆਪਣਾ ਸਿਰੜ ਨਾ ਛੱਡਿਆ। ਉਨ੍ਹਾਂ ਦੀ ਸਿੰਘ ਗਰਜਨਾ ਕਿ ਜੇ ਧਾਰਾ 370 ਨੂੰ ਖ਼ਾਰਜ ਕੀਤਾ ਗਿਆ ਤਾਂ ਕਸ਼ਮੀਰ ਪੂਰਨ ਆਜ਼ਾਦੀ ਦੀ ਲੜਾਈ ਆਰੰਭ ਦੇਵੇਗਾ, ਅਮੂਮਨ ਅਖ਼ਬਾਰਾਂ ਵਿਚ ਛਪਦੀ ਰਹਿੰਦੀ ਹੈ।

ਇਹ ਲੇਖ ਗਿਆਨੀ ਜ਼ੈਲ ਸਿੰਘ ਨੇ 1980-81 ਵਿਚ ਲਿਖਵਾਇਆ ਅਤੇ ਉਦੈ ਸਿੰਘ ਦੇ ਨਾਂ ਹੇਠ ਛਾਪ ਕੇ ਵੰਡਿਆਂ।

3. ਕਸ਼ਮੀਰੀਆਂ ਦੀ ਇਸ ਸ਼ਲਾਘਾ ਯੋਗ ਜੱਦੋ-ਜਹਿਦ ਵਿਚ ਦੋ ਨੁਕਤੇ ਗ਼ੌਰ ਦੇ ਕਾਬਲ ਹਨ। ਇਕ ਤਾਂ ਇਹ ਕਿ ਕਸ਼ਮੀਰ ਦਾ ਜਨਮ ਗ਼ਦਾਰੀ ਦੇ ਬੀ ਤੋਂ ਹੋਇਆ ਅਤੇ ਓਸ ਦਿਨ ਤੋਂ ਅੱਜ ਤਕ ਕਸ਼ਮੀਰ, ਹਿੰਦੁਸਤਾਨ ਦੇ ਨੁਕਤੇ ਨਜ਼ਰੀਆ ਤੋਂ ਵੇਖਿਆਂ ਨੰਗਾ ਚਿੱਟਾ ਗ਼ਦਾਰ ਰਿਹਾ। ਇਹ ਗੱਲ ਯਕੀਨੀ ਹੈ ਕਿ ਸਵਤੰਤਰ ਹੋ ਕੇ ਵੀ ਕਸ਼ਮੀਰ ਦੇ ਸੰਬੰਧ ਹਮ-ਮਜ਼ਹਬ ਪਾਕਿਸਤਾਨ ਨਾਲ ਹਿੰਦੁਸਤਾਨ ਨਾਲੋਂ ਚੰਗੇ ਰਹਿਣਗੇ ਅਰ ਇਹ ਭੀ ਹਿੰਦੁਸਤਾਨ ਗ਼ਦਾਰੀ ਹੀ ਸਮਝੂ।

4. ਏਸ ਦੇ ਮੁਕਾਬਲੇ ਵਿਚ ਤੱਕੋ ਪੰਜਾਬ ਵੱਲ। ਦਿੱਲੀ ਦੇ ਮੁਗ਼ਲ ਸ਼ਹਿਨਸ਼ਾਹ ਨੇ ਚਾਰ ਮਹੱਲ ਯਾਨੀ ਪੰਜਾਬ ਦਾ ਦਿਲ ਅਹਿਮਦ ਸ਼ਾਹ ਅਬਦਾਲੀ ਨੂੰ ਦੇ ਦਿੱਤਾ ਸੀ ਅਤੇ ਬਾਕੀ ਉੱਤੇ ਵੀ ਉਸ ਦਾ ਹੱਕ ਅਮਲੀ ਤੌਰ ਉੱਤੇ ਮੰਨ ਲਿਆ ਸੀ। ਉਸ ਨੇ ਆਪਣਾ ਸੂਬੇਦਾਰ ਏਥੇ ਨਿਯੁਕਤ ਕੀਤਾ। ਘੋੜਿਆਂ ਦੀਆਂ ਕਾਠੀਆਂ ਉੱਤੇ ਘਰ ਕਰਨ ਵਾਲੇ ਫਾਕੇ ਕੱਟਦੇ ਫ਼ਕੀਰ ਸਿੰਘਾਂ ਨੇ ਅਬਦਾਲੀ ਦੇ ਸੂਬੇਦਾਰ ਨੂੰ ਕੱਢ ਕੇ ਪੰਜਾਬ ਨੂੰ ਹਿੰਦੁਸਤਾਨ ਵਿਚ ਮਿਲਾਇਆ। ਸ: ਜੱਸਾ ਸਿੰਘ ਦੀ ਕਮਾਨ ਹੇਠ ਸਿੱਖਾਂ ਦੇ ਰਾਜਸੀ ਜੀਵਨ ਦੀ ਸ਼ੁਰੂਆਤ ਦੀ ਇਹ ਪਹਿਲੀ ਬਖ਼ਸ਼ਿਸ਼ ਹਿੰਦੁਸਤਾਨ ਨੂੰ ਸੀ। ਇਉਂ ਸਦੀਆਂ ਤੋਂ ਹਿੰਦੁਸਤਾਨ ਦਾ ਧਨ ਤੇ ਇੱਜ਼ਤ ਲੁੱਟਣ ਵਾਲੇ ਜਾਬਰਾਂ ਦੇ ਸਿੱਖਾਂ ਨੇ ਮੂੰਹ ਮੋੜੇ। ਜਦੋਂ ਸਾਰਾ ਹਿੰਦੁਸਤਾਨ ਅੰਗਰੇਜ਼ਾਂ ਦੀ ਗ਼ੁਲਾਮੀ ਦੇ ਜੂਲੇ ਹੇਠ ਸੀ, ਉਦੋਂ ਏਸ ਭੂ-ਖੰਡ ਦੀ ਅਣਖ ਦਾ ਇੱਕੋ ਇਕ ਰਾਖਾ ਪੰਜਾਬ ਬਣਿਆ।

5. ਅੰਗਰੇਜ਼ਾਂ ਨਾਲ ਲੜੀ ਆਜ਼ਾਦੀ ਦੀ ਜੰਗ ਵਿਚ ਸਿੱਖਾਂ ਨੇ ਵਧ ਚੜ੍ਹ ਕੇ ਹਿੱਸਾ ਪਾਇਆ। ਸਮੁੱਚੇ ਹਿੰਦੁਸਤਾਨ ਦੀਆਂ ਕੁਰਬਾਨੀਆਂ ਨਾਲੋਂ ਸਿੱਖਾਂ ਦੀਆਂ ਕੁਰਬਾਨੀਆਂ ਵੱਧ ਸਨ। ਜੋ ਆਜ਼ਾਦੀ ਜੱਦੋ-ਜਹਿਦ ਨਾਲ ਮਿਲੀ ਹੈ, ਤਾਂ ਨਿਸਚੇ ਹੀ ਇਹ ਸਿੱਖਾਂ ਦੀ ਦੂਸਰੀ ਵੱਡੀ ਦਾਤ ਹਿੰਦੁਸਤਾਨ ਨੂੰ ਹੈ। ਉਸ ਸਮੇਂ ਪੂਰਨ ਸੂਝ ਬੂਝ ਰੱਖਦਿਆਂ ਸਿੱਖਾਂ ਨੇ ਆਪਣੇ ਆਪ ਨੂੰ ਆਪਣੇ ਜਨਮ ਸਿੱਧ ਹੱਕ ਤੀਜੀ ਕੌਮ ਦੇ ਅਧਿਕਾਰਾਂ ਤੋਂ ਵੰਚਿਤ ਰੱਖਿਆ। ਪਾਕਿਸਤਾਨ ਦੀ ਦਿਲ-ਖਿਚਵੀਂ ਪੇਸ਼ਕਸ਼ ਨੂੰ ਠੁਕਰਾ ਕੇ ਹਿੰਦੁਸਤਾਨ ਵਿਚ ਰਹਿਣਾ ਮਨਜ਼ੂਰ ਕੀਤਾ। ਵੰਡ ਕਾਰਣ ਟੁੱਟੇ ਲੱਕ ਵਾਲੇ ਸਿਖ ਕੁਝ ਸਾਲਾਂ ਵਿਚ ਹੀ ਸਾਰੇ ਹਿੰਦੁਸਤਾਨ ਦੇ ਅੰਨ-ਦਾਤੇ ਬਣ ਗਏ ਅਤੇ ਅੰਨ ਦੀ ਉਪਜ ਵਿਚ ਉਹ ਕ੍ਰਾਂਤੀ ਲਿਆਏ, ਜਿਸ ਕਾਰਣ ਭਾਰਤ ਦਾ ਸਿਰ ਸੰਸਾਰ ਸਾਹਮਣੇ ਉੱਚਾ ਹੋਇਆ ਅਤੇ ਉਸ ਨੂੰ ਮੰਗਣ ਵਾਲਾ ਠੂਠਾ ਫੜਨ ਦੀ ਲੋੜ ਨਾ ਰਹੀ। ਨਿਰੋਲ ਆਪਣੇ ਬਾਹੂਬਲ ਦੇ ਭਰੋਸੇ ਸਿੱਖਾਂ ਛੋਟੀ ਸਨਅਤ ਉਸਾਰੀ, ਜੋ ਅੱਜ ਭਾਰਤ ਦੀ ਰੀੜ੍ਹ ਦੀ ਹੱਡੀ ਬਣੀ ਹੋਈ ਹੈ। ਖੇਡਾਂ ਦੇ ਮੈਦਾਨ ਵਿਚ ਜੋ ਸਨਮਾਨ ਭਾਰਤ ਨੇ ਪ੍ਰਾਪਤ ਕੀਤਾ, ਉਹ ਸਿੱਖਾਂ ਕਾਰਣ। ਪਾਕਿਸਤਾਨ ਅਤੇ ਚੀਨ ਨਾਲ ਲੜਾਈਆਂ ਵਿਚ ਸਭ ਤੋਂ ਅੱਗੇ ਹੋ ਕੇ ਸਿਖ ਲੜੇ। ਪਿਛਲੇ ਹਜ਼ਾਰ ਵਰ੍ਹਿਆਂ ਵਿਚ ਜੋ ਇੱਕੋ ਇਕ ਜੰਗ (ਬੰਗਲਾ ਦੇਸ਼ ਦੀ ਜੰਗ) ਹਿੰਦੁਸਤਾਨ ਨੇ ਜਿੱਤੀ, ਉਸ ਦਾ ਸਿਹਰਾ ਸਿਖ ਫ਼ੌਜਾਂ ਅਤੇ ਸਿਖ ਜਰਨੈਲਾਂ ਸਿਰ ਹੈ। ਐਮਰਜੈਂਸੀ ਦੌਰਾਨ ਇਹਨਾਂ ਦੇ ਪਾਏ ਹਿੱਸੇ ਦੀ ਲਿਖਤ ਤੋਂ ਅਜੇ ਸਿਆਹੀ ਵੀ ਨਹੀਂ ਸੁੱਕੀ। ਜ਼ਮਾਨਾ ਗਵਾਹ ਹੈ ਕਿ ਕੇਵਲ ਇਨ੍ਹਾਂ ਨੇ ਆਜ਼ਾਦੀ ਦਾ ਦੀਵਾ ਬਲਦਾ ਰੱਖਿਆ।

6. ਏਨਾ ਕੁਝ ਹੁੰਦਿਆਂ ਹੋਇਆਂ ਵੀ ਬਾਕੀ ਹਿੰਦੁਸਤਾਨ ਨੇ ਸਿੱਖਾਂ ਨੂੰ ਕਦੇ

ਕਾਬਲੇ-ਇਤਬਾਰ ਨਾ ਸਮਝਿਆ। ਸਾਰੇ ਭਾਰਤ ਵਿਚ ਬੋਲੀ ਦੇ ਆਧਾਰ 'ਤੇ ਸੁਤੇ-ਸਿੱਧ ਹੀ ਸੂਬੇ ਬਣਾਉਣ ਤੋਂ ਬਾਅਦ ਵੀ ਸਿੱਖਾਂ ਨੂੰ ਪੰਜਾਬੀ ਸੂਬੇ ਦੀ ਲੰਮੀ ਲੜਾਈ ਵਿਚ ਉਲਝਾਈ ਰੱਖਿਆ ਅਤੇ ਬੇ-ਓੜਕ ਕੁਰਬਾਨੀਆਂ ਮੰਗੀਆਂ। ਸਿੱਖਾਂ ਦੇ ਸਭ ਤੋਂ ਵੱਧ ਹਿੰਦੂ ਦਮ ਭਰਨ ਵਾਲੇ ਲੀਡਰ ਮਾਸਟਰ ਤਾਰਾ ਸਿੰਘ ਨੂੰ ਪਾਕਿਸਤਾਨ ਦਾ ਏਜੰਟ ਕਹਿ ਕੇ ਭੰਡਿਆ ਜਾਂਦਾ ਰਿਹਾ। ਸਿਖ ਕੌਮ ਨੂੰ ਖ਼ੁਆਰ ਅਤੇ ਕੱਖਾਂ ਤੋਂ ਹੌਲੇ ਕਰ ਕੇ ਮਾਰਨ ਦੀ ਜੋ ਨੀਤੀ ਕਾਂਗਰਸ ਸਰਕਾਰ ਨੇ ਬਣਾਈ ਸੀ ਅਤੇ ਜਿਸ ਅਧੀਨ ਆਜ਼ਾਦੀ ਦੀ ਸਵੇਰ ਨੂੰ ਸਿੱਖਾਂ ਨੂੰ ਜ਼ਰਾਇਮ-ਪੇਸ਼ਾ ਕਰਾਰ ਦਿੱਤਾ ਗਿਆ ਸੀ, ਉਹ ਅੱਜ ਵੀ ਉਸੇ ਤਰ੍ਹਾਂ ਚੱਲ ਰਹੀ ਹੈ। ਨਵੀਂ ਬਣੀ ਜਨਤਾ ਸਰਕਾਰ ਦੇ ਪ੍ਰਧਾਨ ਮੰਤਰੀ ਪੰਜਾਬ ਦੇ ਪਹਿਲੇ ਦੌਰੇ ਵਿਚ ਕਹਿ ਗਏ ਸਨ, ਜੁ ਪੰਜਾਬੀ ਸੂਬਾ ਬਣਾਉਣਾ ਇਕ ਗ਼ਲਤੀ ਸੀ। ਲੁਧਿਆਣੇ ਆਪ ਨੇ ਫ਼ੁਰਮਾਇਆ ਕਿ ਸਿੱਖਾਂ ਨੂੰ ਅਕਾਲੀ ਦਲ ਖ਼ਤਮ ਕਰ ਕੇ ਜਨਤਾ ਪਾਰਟੀ ਵਿਚ ਸ਼ਾਮਿਲ ਹੋ ਜਾਣਾ ਚਾਹੀਦਾ ਹੈ। ਦੋਵੇਂ ਬਿਆਨਾਂ ਦਾ ਰਲਵਾਂ ਬੋਝ ਹੈ : "ਜੇ ਸਿਖ ਆਪਣੀਆਂ ਜਥੇਬੰਦੀਆਂ ਖ਼ਤਮ ਕਰ ਕੇ ਜਨਤਾ ਪਾਰਟੀ ਵਿਚ ਨਾ ਮਿਲੇ ਤਾਂ ਪੰਜਾਬੀ ਸੂਬੇ ਦੀ ਗ਼ਲਤੀ ਨੂੰ ਦਰੁਸਤ ਕਰ ਕੇ ਉਹਨਾਂ ਨੂੰ ਗਲੀਆਂ ਦੇ ਕੱਖਾਂ ਵਾਂਗ ਫੇਰ ਰੋਲਿਆ ਜਾਵੇਗਾ।" ਅਜੋਕੀ ਕਾਂਗਰਸ ਸਰਕਾਰ ਨੇ ਪੰਜਾਬ ਨੂੰ ਪੈਸੇ ਪੱਖੋਂ ਨੰਗ ਅਤੇ ਧਰਮ ਪੱਖੋਂ ਬੇਅਣਖ ਕਰਨ ਦੀ ਨੀਤੀ ਅਪਣਾ ਕੇ ਹੁਣ ਫੇਰ ਸਿੱਖਾਂ ਨੂੰ ਜ਼ਿੰਦਗੀ ਮੌਤ ਦੀ ਲੜਾਈ ਲੜਨ ਲਈ ਮਜਬੂਰ ਕਰ ਦਿੱਤਾ ਹੈ।

7. ਕਸ਼ਮੀਰ ਤੇ ਪੰਜਾਬ ਦੀ ਇਸ ਦਾਸਤਾਨ ਨੂੰ ਪੜ੍ਹ ਕੇ ਨੈਸ਼ਨਲਿਸਟ ਸਿਖ ਤੇ ਹਿੰਦੂ ਦੱਸਣ ਕਿ ਕੀ ਸਿੱਖਾਂ ਨਾਲ ਵਿਤਕਰਾ ਨਹੀਂ ਹੋ ਰਿਹਾ ? ਕੀ ਸਾਡੇ ਉੱਤੇ ਭਾਰਤ ਸਰਕਾਰ ਨੂੰ ਓਨਾ ਹੀ ਯਕੀਨ ਹੈ, ਜਿੰਨਾ ਇਨ੍ਹਾਂ ਨੂੰ ਕਸ਼ਮੀਰ ਦੇ ਮੁਸਲਮਾਨਾਂ 'ਤੇ ਹੈ ? ਕੀ ਸਾਡੀ ਘਾਲ ਕਮਾਈ ਦਾ ਇਹੋ ਸਹੀ ਇਵਜ਼ਾਨਾ ਹੈ ?

8. ਅੱਜ ਅਸੀਂ ਸਰਹੰਦ ਦੀ ਮਿੱਟੀ ਨੂੰ ਮੱਥੇ ਲਾ ਕੇ ਪ੍ਰਣ ਕਰਦੇ ਹਾਂ ਕਿ ਅੱਗੋਂ ਹਿੰਦੂਆਂ ਦਾ ਭਰੋਸਾ ਜਿੱਤਣ ਦੀ ਹਰ ਕੋਸ਼ਿਸ਼ ਨੂੰ ਬੇਕਾਰ ਜਾਣਦੇ ਹੋਏ ਤਿਆਗਾਂਗੇ। ਹੁਣ ਤਾਂ ਤੁਸੀਂ ਭਰੋਸਾ ਦਿਵਾਉ ਕਿ ਤੁਹਾਨੂੰ ਸਾਡੇ ਉੱਤੇ ਭਰੋਸਾ ਹੈ। ਅਸੀਂ ਪੰਥ ਆਜ਼ਾਦ ਚਾਹੁੰਦੇ ਹਾਂ। ਪੰਥ ਸਾਨੂੰ ਅੱਵਲ, ਦੋਮ ਅਤੇ ਅੰਤ ਹੈ, ਪਰ ਅਸੀਂ ਅਜੇ ਤਕ ਭਾਰਤ ਦਾ ਅੰਗ ਬਣ ਕੇ ਰਹਿਣਾ ਚਾਹੁੰਦੇ ਹਾਂ। ਅਸੀਂ ਹਿੰਦੁਸਤਾਨ ਅਤੇ ਸਾਰੇ ਸੰਸਾਰ ਦੀ ਸੇਵਾ ਦੇ ਸੱਚੇ ਦਿਲੋਂ ਚਾਹਵਾਨ ਹਾਂ। ਪਿਛਲੀਆਂ ਪੰਜ ਸਦੀਆਂ ਸਾਡੀ ਜ਼ਬਾਨ 'ਤੇ ਉਹੋ ਰਿਹਾ ਹੈ, ਜੋ ਸਾਡੇ ਦਿਲ ਵਿਚ ਸੀ।

9. ਜੇ ਸਾਡੇ ਉੱਤੇ ਭਰੋਸਾ ਕਰਨ ਦੇ ਚਾਹਵਾਨ ਹੋ ਤਾਂ ਅਸੀਂ ਤੁਹਾਨੂੰ ਪਹਿਲਾ ਕਦਮ ਦੱਸਦੇ ਹਾਂ ਕਿ ਕਿਵੇਂ ਤੁਹਾਡੀ ਨੀਯਤ ਉੱਤੇ ਸਾਡਾ ਯਕੀਨ ਬੱਝੂ। ਸਾਰੇ ਭਾਰਤ ਵਿਚ ਸਿੱਖਾਂ ਨੂੰ ਉਹਨਾਂ ਦੀ ਗਿਣਤੀ ਅਨੁਸਾਰ ਨੁਮਾਇੰਦਗੀ ਦਿਓ ਅਤੇ ਭਾਰਤ ਦੇ ਸੰਵਿਧਾਨ ਦੀ ਜੰਮੂ ਕਸ਼ਮੀਰ ਮੁਤੱਲਕ 370ਵੀਂ ਧਾਰਾ ਵਿਚ ਜਿਥੇ ਜਿਥੇ ਪਹਿਲਾਂ ਜੰਮੂ ਅਤੇ ਕਸ਼ਮੀਰ ਲਿਖਿਆ ਹੋਇਆ ਹੈ, ਉਥੇ ਉਥੇ ਨਾਲੋ ਨਾਲ 'ਸੂਬਾ ਪੰਜਾਬ' ਲਿਖ ਦਿਉ। ਤਾਂ ਅਸੀਂ ਜਾਣਾਂਗੇ ਕਿ ਤੁਹਾਡੀ ਨੀਅਤ ਨੇਕ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਧਾਰਾ 370 ਕੇਵਲ 1950 ਵਾਲੀ ਹੀ ਹੋ ਸਕਦੀ ਹੈ।

10. ਕਈ ਮੱਕਾਰ ਸਿਖ ਅਜੇ ਵੀ ਹਿੰਦੂ ਸਰਕਾਰ ਉੱਤੇ ਅਥਾਹ ਵਿਸ਼ਵਾਸ ਰੱਖਦੇ ਹਨ ਅਤੇ ਉਸ ਦੀ ਹਾਮੀ ਭਰਦੇ ਹਨ। ਕਈ ਹਿੰਦੂ ਸੱਚੇ-ਝੂਠੇ ਦਿਲੋਂ ਹਿੰਦੂਆਂ ਨੂੰ ਸਿੱਖਾਂ ਦੇ ਖ਼ੈਰ-ਖ਼ਵਾਹ ਸਮਝਦੇ ਹਨ। ਸਾਡੀ ਦੋਹਾਂ ਨੂੰ ਲਲਕਾਰ ਹੈ ਕਿ ਜਾਂ ਤਾਂ ਸਾਡੀ ਮਾਮੂਲੀ ਮੰਗ ਸਰਕਾਰ ਤੋਂ ਮਨਵਾ ਕੇ ਵਿਖਾਉ ਜਾਂ ਅੱਗੇ ਤੋਂ ਨਿੱਤਰ ਕੇ ਸਾਹਮਣੇ ਆਓ, ਝੂਠੀ ਦਿਆਨਤਦਾਰੀ ਮੱਕਾਰੀ ਦੇ ਬੁਰਕੇ ਛੱਡੋ ਅਤੇ ਮਰਦਾਂ ਵਾਂਗ ਸਿਖ ਕੌਮ ਦੇ ਜਾਇਜ਼ ਹੱਕਾਂ ਲਈ ਡੱਟ ਜਾਉ।

•

ਸਚ ਕੀ ਬਾਣੀ ਨਾਨਕੁ ਆਖੈ*

ਜਿਥੇ ਅਦੁੱਤੀ ਇਨਕਲਾਬੀ ਤੱਥਾਂ ਨਾਲ ਭਰਪੂਰ ਸਿਖ ਇਤਿਹਾਸ ਇਕ ਗੌਰਵਮਈ ਵਿਰਸਾ ਹੋ ਨਿਬੜਦਾ ਹੈ, ਉਥੇ ਏਸ ਦੇ ਅਨੇਕਾਂ ਪੱਖ ਐਸੇ ਵੀ ਹਨ, ਜਿਨ੍ਹਾਂ ਨੂੰ ਘੱਟੋ ਘੱਟ ਰਹੱਸਮਈ ਘਟਨਾਵਾਂ ਦੀ ਉਪਜ ਹੀ ਆਖਿਆ ਜਾ ਸਕਦਾ ਹੈ। ਇਹਨਾਂ ਵਿਚ ਦਸਮੇਸ਼ ਦੇ ਖ਼ਾਸ ਸਿੰਘਾਂ ਦਾ ਮੁਸ਼ਕਲ ਸਮੇਂ ਬੰਦੇ ਦਾ ਸਾਥ ਛੱਡ ਜਾਣਾ, ਘੋੜ ਚੜ੍ਹਿਆਂ ਦਾ ਮੁੱਦਕੀ ਵਿਚ ਅੰਗਰੇਜ਼ ਫ਼ੌਜ ਉੱਤੇ ਹਮਲਾ ਨਾ ਕਰਨ ਤੋਂ ਲੈ ਕੇ 1947 ਵਿਚ ਸਭ ਕੁਝ ਹੁੰਦਿਆਂ-ਸੁੰਦਿਆਂ ਨਿਤਾਣੇ ਹੋ ਜਾਣਾ ਆਦਿ ਘਟਨਾਵਾਂ ਆਉਂਦੀਆਂ ਹਨ।

ਮਾਸਟਰ ਤਾਰਾ ਸਿੰਘ ਜੀ ਨੇ ਪੂਰੀ ਤਨਦੇਹੀ ਨਾਲ ਬੋਲੀ ਉੱਤੇ ਆਧਾਰਿਤ ਪੰਜਾਬੀ ਸੂਬੇ ਦੀ ਲੜਾਈ ਲੜੀ। ਮੰਜ਼ਿਲ ਨੇੜੇ ਆਉਂਦਿਆਂ ਹੀ ਸਿਖ ਸਿਆਸਤ ਨੇ ਉਸ ਮੋਢੀ (ਸੰਤ ਫਤਹਿ ਸਿੰਘ) ਨੂੰ ਅੱਗੇ ਲਾ ਲਿਆ, ਜਿਸ ਨੇ ਵਿਰੋਧੀ ਕਾਂਗਰਸ ਪਾਰਟੀ ਦੀ ਮਨਮਰਜ਼ੀ ਦਾ ਲੰਗੜਾ ਲੂਲਾ ਪੰਜਾਬੀ ਸੂਬਾ "ਸਾਡੇ ਘਰ ਬੜਾ ਸੋਹਣਾ ਕਾਕਾ ਹੋਇਆ" ਆਖ ਕੇ ਝੋਲੀ ਪੁਆ ਲਿਆ। ਪੰਜਾਬੀ ਸੂਬੇ ਨੂੰ ਮੁਕੰਮਲ ਕਰਨ ਖ਼ਾਤਰ ਸਿਖ ਅੱਜ ਤਕ ਘੱਟੋ ਘੱਟ ਸਵਾ ਲੱਖ ਸਿਰ ਦੇ ਚੁੱਕੇ ਹਨ। ਏਸੇ ਤਰ੍ਹਾਂ 1973 ਤੋਂ ਲੈ ਕੇ 1995 ਤਕ ਅਕਾਲੀ ਹਿੰਦੁਸਤਾਨ ਨੂੰ ਬਹੁ-ਸੰਘੀ ਰਾਜ ਮਨਵਾਉਣ ਲਈ ਲੜਦੇ ਰਹੇ। 1996 ਵਿਚ ਜਦੋਂ ਫ਼ੈਡਰਲ ਢਾਂਚੇ ਦੀਆਂ ਮੁੱਦਈ ਸਿਆਸੀ ਜਮਾਤਾਂ ਦੀ ਸਰਕਾਰ ਬਣਦੀ ਨਜ਼ਰ ਆਈ ਤਾਂ ਇਹ ਉਹਨਾਂ ਨਾਲੋਂ ਤੋੜ ਵਿਛੋੜਾ ਕਰ ਕੇ ਉਸ ਪਾਰਟੀ ਨਾਲ ਜਾ ਖੜੇ ਜੋ ਮੁਕੰਮਲ ਤੌਰ ਉੱਤੇ (ਫ਼ੈਡਰਲਇਜ਼ਮ) ਸੰਘਵਾਦ ਦੇ ਵਿਰੁੱਧ ਹੈ। ਲੱਖਾਂ ਲੋਕਾਂ ਦੀ ਕੁਰਬਾਨੀ ਮਿੱਟੀ ਵਿਚ ਮਿਲ ਗਈ। ਏਵੇਂ ਹੋਇਆ ਜਿਵੇਂ ਤਾਂ ਹੋਣਾ ਸੀ ਜੇ ਸ਼੍ਰੀ ਕ੍ਰਿਸ਼ਨ ਮਹਾਂਭਾਰਤ ਦੇ ਸੋਲ੍ਹਵੇਂ ਦਿਨ ਪਾਂਡਵਾਂ ਦਾ ਸਾਥ ਛੱਡ ਕੇ ਕੌਰਵਾਂ ਦੀ ਪਿੱਠ ਉੱਤੇ ਜਾ ਖੜਦੇ। ਧਰਮ ਯੁੱਧ ਮੋਰਚਾ ਆਦਿ ਦੀਆਂ ਮੰਗਾਂ ਅਸੰਗਤ ਹੋ ਗਈਆਂ ਅਤੇ ਹੁਣ ਕਦੇ ਵੀ ਦੁਬਾਰਾ ਮੋਰਚਾ ਨਾ ਲਾਉਣ ਦੀਆਂ ਕਸਮਾਂ ਖਾਧੀਆਂ ਜਾ ਰਹੀਆਂ ਹਨ। ਕਿਥੇ ਗਏ ਓਹ ਲੋਕ ਜੋ ਧਰਮ ਯੁੱਧ ਵਿਚ ਗਾਨੇ ਬੰਨ੍ਹ ਬੰਨ੍ਹ ਕੇ ਪੁੱਤਾਂ ਨੂੰ ਤੋਰਦੇ ਸਨ, ਸਾਲਾਂ ਬੱਧੀ ਜੇਲ੍ਹਾਂ ਦੇ ਤਸੀਹੇ ਸਹਿੰਦੇ ਸਨ ? ਧਰਮ ਯੁੱਧ ਦੇ ਸ਼ਹੀਦਾਂ ਦੀਆਂ ਲਾਸ਼ਾਂ ਅਜੇ ਮੈਦਾਨ ਵਿਚ ਪਈਆਂ ਹਨ, ਕਿਸੇ ਇਕ ਮਸਲੇ ਦਾ ਹੱਲ ਨਹੀਂ ਹੋਇਆ ਅਤੇ ਮੋਢੀਆਂ ਦੇ ਮੂੰਹੋਂ ਇਹ ਸੁਣ ਕੇ ਲੋਕ ਖ਼ਾਮੋਸ਼ ਹਨ ਕਿ ਅੱਗੋਂ ਤੋਂ ਮੋਢੀ ਹਿੰਦੁਸਤਾਨ ਨੂੰ ਇਕ ਕੇਂਦਰੀ ਸਮਾਜ ਬਣਾਉਣ ਵਾਲਿਆਂ ਨਾਲ ਹਨ। ਕੀ ਹੁਣ ਇਹ ਅਕਾਲੀ ਹਿੰਦੁਸਤਾਨ ਨੂੰ ਹਿੰਦੂ ਰਾਸ਼ਟਰ ਬਣਾਉਣ

---

* *ਪੰਜਾਬੀ ਟ੍ਰਿਬਿਊਨ* 11 ਅਗਸਤ, 1996 ਐਤਵਾਰ ਨੂੰ ਛਪਿਆ ਇਹ ਲੇਖ ਦਰਅਸਲ ਪ੍ਰਧਾਨ ਮੰਤਰੀ ਦੇਵਗੌੜਾ ਦੀ ਸਰਕਾਰ ਨੂੰ ਦਿੱਤੇ ਮੈਮੋਰੈਂਡਮ ਦਾ ਖੁਲ੍ਹਾ ਪੰਜਾਬੀ ਅਨੁਵਾਦ (ਅਸਲ ਅੰਗਰੇਜ਼ੀ 'ਚ) ਹੈ। ਮੁੱਢ ਵਿਚ ਬੱਝੀ ਭੂਮਿਕਾ ਬਾਅਦ ਵਿਚ ਲਿਖੀ ਗਈ।

ਖ਼ਾਤਰ ਅਤੇ ਮਸਜਿਦਾਂ ਢਾਹੁਣ ਖ਼ਾਤਰ ਅਗਲਾ ਮੋਰਚਾ ਲਾਉਣਗੇ ਅਤੇ ਕੀ ਧਰਮ ਯੁੱਧ ਮੋਰਚੇ ਵਾਂਗ ਹੀ ਵਰਕਰ ਕੁਰਬਾਨੀਆਂ ਕਰਨਗੇ ?

ਅਕਾਲੀ ਦਲ ਦੇ ਅਸਲ ਸਿਧਾਂਤਕ ਪੱਖ ਨੂੰ ਪ੍ਰਚੰਡ ਕਰਨ ਲਈ ਅਤੇ ਦਲ ਦੇ ਇਤਿਹਾਸਕ, ਸਰਬ ਕਲਿਆਣਕਾਰੀ ਮੁੱਦਿਆਂ ਨੂੰ ਉਜਾਗਰ ਕਰਨ ਖ਼ਾਤਰ ਪਿੱਛੇ 2 ਅਗਸਤ ਨੂੰ ਸ਼੍ਰੋਮਣੀ ਅਕਾਲੀ ਦਲ (ਪੰਥਕ) ਨੇ ਜੋ ਯਾਦ ਪੱਤਰ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਸੰਸਦ ਭਵਨ ਜਾ ਕੇ ਭੇਟ ਕੀਤਾ, ਓਸਦੇ ਮੁੱਖ ਅੰਸ਼ ਏਸ ਪ੍ਰਕਾਰ ਹਨ : (ਖੁੱਲ੍ਹਾ ਅਨੁਵਾਦ)

1. ਅਸੀਂ ਸੰਸਾਰ ਨੂੰ ਇਹ ਦੱਸਣ ਲਈ ਉਤਾਵਲੇ ਹਾਂ ਕਿ 1947 ਤੋਂ ਲੈ ਕੇ ਅੱਜ ਤਕ ਸਿੱਖਾਂ ਉੱਤੇ ਕੈਸੇ ਕੈਸੇ ਕਹਿਰ ਢਹੇ ਹਨ। ਦੂਸਰੇ ਭਾਰਤਵਾਸੀ ਵੀ ਇਹ ਜਾਣਨ ਕਿ ਸਿੱਖਾਂ ਨਾਲ 1947 ਤੋਂ ਪਹਿਲਾਂ ਕੀਤੇ ਵਾਅਦਿਆਂ ਦਾ ਕੀ ਬਣਿਆ ? ਕੀ ਏਸ ਦਾ ਕੋਈ ਯੋਗ ਪ੍ਰਬੰਧ ਨਹੀਂ ਹੋ ਸਕਦਾ ? ਅਸੀਂ ਸ੍ਰੀ ਦਰਬਾਰ ਸਾਹਿਬ ਉੱਤੇ 1984 ਦੇ ਹਮਲੇ ਦੇ ਪਿਛੋਕੜ ਦਾ ਪੂਰਾ ਲੇਖਾ-ਜੋਖਾ ਸਾਰੇ ਭਾਰਤ ਦੇ ਸਨਮੁਖ ਖੜ ਕੇ ਕਰਨਾ ਚਾਹੁੰਦੇ ਹਾਂ।
2. ਸਾਰੇ ਸੰਸਾਰ ਦੇ ਇਤਿਹਾਸ ਵਿਚ ਮਨੁੱਖ ਆਪਣੇ ਤੋਂ ਵਿਛੜਿਆਂ ਦੇ ਮਰਨ ਸੰਸਕਾਰ ਕਰਦਾ ਆਇਆ ਹੈ। ਅਸੀਂ ਓਸ ਬਦਨਸੀਬ ਕੌਮ ਵੱਲੋਂ ਤੁਹਾਡੇ ਕੋਲੋਂ 1983 ਤੋਂ ਲੈ ਕੇ ਅੱਜ ਤਕ ਸਰਕਾਰ ਵੱਲੋਂ ਮਾਰੇ ਲੋਕਾਂ ਦੀ ਲਿਸਟ ਮੰਗਦੇ ਹਾਂ, ਤਾਂਕਿ ਅਸੀਂ ਅੰਤਮ ਅਰਦਾਸ ਤਾਂ ਕਰ ਸਕੀਏ। ਵੇਖੋ ਸਾਡੀ ਬਦ-ਕਿਸਮਤੀ ਕਿ ਜਿਸ ਬਹੁ-ਗਿਣਤੀ ਦੇ ਮਰਨੇ ਅਸੀਂ 500 ਸਾਲ ਮਰਦੇ ਰਹੇ, ਅੱਜ ਵੱਡਾ ਤੁਹਫ਼ਾ ਸਮਝ ਕੇ, ਆਪਣੇ ਸ਼ਹੀਦਾਂ ਦੇ ਥਹੁ ਪਤੇ ਅਸੀਂ ਓਸੇ ਬਹੁ-ਗਿਣਤੀ ਦੇ ਪ੍ਰਧਾਨ ਮੰਤਰੀ ਕੋਲੋਂ ਮੰਗ ਰਹੇ ਹਾਂ। ਸੁਪਰੀਮ ਕੋਰਟ ਨੇ ਹੁਣੇ 984 ਦੀ ਦੱਸ ਪਾਈ ਹੈ, ਪਰ ਪੰਜਾਬ ਦਾ ਹਰ ਬਾਸ਼ਿੰਦਾ ਜਾਣਦਾ ਹੈ ਕਿ ਇਹ ਬਰਫ਼ ਦੇ ਤੋਦੇ ਦਾ ਸੌਵਾਂ ਹਿੱਸਾ ਹੀ ਹੈ। ਕੀ ਬੇ-ਜ਼ਾਨ ਲਾਸ਼ਾਂ ਨੂੰ ਲੱਭਦਾ ਲੱਭਦਾ ਸਰਦਾਰ ਖਾਲੜਾ ਵੀ ਉਹਨਾਂ ਸੰਗ ਅਭੇਦ ਹੋ ਗਿਆ ?
3. ਤੁਹਾਨੂੰ ਇਹ ਜਾਣ ਕੇ ਦੁੱਖ ਹੋਵੇਗਾ ਕਿ ਜਿਸ ਅਦੁੱਤੀ ਦਰਬਾਰ ਸਾਹਿਬ ਵਿਚ ਤੁਸੀਂ ਮੱਥਾ ਟੇਕਣ ਗਏ ਸੀ ਅਤੇ ਜਿਥੇ ਹਿੰਦੁਸਤਾਨ ਦੇ ਤਿੰਨ ਪ੍ਰਧਾਨ ਮੰਤਰੀ ਅਕੀਦਤ ਲਈ ਪਿਛਲੇ ਸਮਿਆਂ ਵਿਚ ਪਹੁੰਚ ਚੁੱਕੇ ਹਨ, ਓਹ ਪਵਿੱਤਰ ਦਰਬਾਰ, ਬੰਦੀ ਜੀਵਨ ਬਤੀਤ ਕਰ ਰਿਹਾ ਹੈ। ਅੰਦਰ ਬਾਹਰ ਪੁਲਿਸ ਦੇ ਘੇਰੇ ਹਨ, ਜਿਵੇਂ ਕਿ ਫ਼ੌਜ ਦੇ ਘੇਰੇ ਵਿਚ ਜੰਗੀ ਕੈਦੀ ਹੋਣ। ਪ੍ਰਧਾਨ ਮੰਤਰੀ ਜੀ, ਜਿਨ੍ਹਾਂ ਦਾ ਦਰਬਾਰ ਕੈਦੀ ਹੋਵੇ, ਉਹ ਸਿਖ ਭਾਰਤ ਵਿਚ ਕਿਵੇਂ ਆਪਣੇ ਆਪ ਨੂੰ ਸੁਤੰਤਰ ਮਹਿਸੂਸ ਕਰ ਸਕਦੇ ਹਨ ? ਇਹ ਸੌੜੇਪਣ ਦੀਆਂ, ਹੇਠੀਆਂ, ਮਜਬੂਰੀਆਂ ਭਰੀਆਂ ਸਿਆਸਤਾਂ ਤਿਆਗੋ ਅਤੇ ਨਵੀਆਂ ਹੌਸਲੇ ਵਾਲੀਆਂ ਪੁਲਾਂਘਾਂ ਪੁੱਟੋ। ਅਸੀਂ ਸ੍ਰੀ ਦਰਬਾਰ ਸਾਹਿਬ ਦੀ ਓਹੋ ਸ਼ਾਨੋ ਸ਼ੌਕਤ ਵਾਪਸ ਹੁੰਦੀ ਵੇਖਣ ਲਈ ਉਤਾਵਲੇ ਹਾਂ।
4. ਹਮਲੇ ਲਈ ਮੁਆਫ਼ੀ ਮੰਗਣ ਦਾ ਮੁਆਮਲਾ ਪਹਿਲਾਂ ਹੀ ਤੁਹਾਡੇ ਵਿਚਾਰ ਅਧੀਨ ਹੈ। ਏਸ ਬਾਰੇ ਅਸੀਂ ਏਹੋ ਆਖਣਾ ਹੈ ਕਿ ਇਕ ਮਹਾਨ ਸੰਸਕ੍ਰਿਤੀ ਦੇ ਮਹਾਨ ਸਪੂਤ ਨੂੰ ਏਹੋ ਸੋਭਦਾ ਹੈ ਕਿ ਵੱਡਾ ਦਿਲ ਕਰ ਕੇ ਉਹ ਤਹਿ ਦਿਲੋਂ ਮੁਆਫ਼ੀ ਮੰਗੇ।

ਸੰਗ ਦਿਲੀ ਨਾਲ ਉਚਾਰੇ ਟੁੱਟੇ, ਦਮ ਤੋੜਦੇ ਲਫ਼ਜ਼ ਪੰਜਾਬ ਦਾ ਦਿਲ ਨਹੀਂ ਜਿੱਤ ਸਕਦੇ।

5. ਹਜ਼ਾਰਾਂ ਸਿਖ ਅੱਜ ਹਿੰਦੁਸਤਾਨ ਅਤੇ ਹਿੰਦੁਸਤਾਨ ਤੋਂ ਬਾਹਰ ਕੈਦੀ ਡੱਕੇ ਹੋਏ ਹਨ। ਕਿਸੇ ਦਾ ਕੋਈ ਜੁਰਮ ਨਹੀਂ; ਪਰ ਵੱਡੇ ਤੋਂ ਵੱਡੇ ਜੁਰਮ ਦੇ ਹਾਣ ਦੀ ਕੈਦ ਤੋਂ ਵੀ ਵੱਧ ਕੈਦਾਂ ਕੱਟ ਚੁੱਕੇ ਹਨ। ਮਹਾਨ ਸਭਿਅਤਾ ਅਤੇ ਵੱਡਾ ਲੋਕਤੰਤਰ ਅਖਵਾਉਣ ਵਾਲੇ ਮੁਲਕ ਨੂੰ ਏਹੋ ਸੋਭਦਾ ਹੈ ਕਿ ਤੁਰੰਤ ਕਾਲ ਕੋਠੜੀਆਂ ਦੇ ਦਰਵਾਜ਼ੇ ਖੋਲ੍ਹੇ। ਰਣਜੀਤ ਸਿੰਘ ਅਤੇ ਸੁਖਵਿੰਦਰ ਸਿੰਘ ਵਰਗੇ ਨੌਜੁਆਨਾਂ ਨੂੰ, ਜੋ ਬੇਕਸੂਰ ਦਸ ਸਾਲਾਂ ਤੋਂ ਤਾੜੇ ਹੋਏ ਹਨ, ਛੱਡਿਆ ਜਾਵੇ। ਸੁੱਖੀ, ਕੁੱਕੀ ਵਰਗੇ ਹਜ਼ਾਰਾਂ ਹੋਰ ਵੀ ਹਨ।

6. ਪਿਛਲੇ ਸਮਿਆਂ ਵਿਚ ਪੰਜਾਬ ਦੇ ਪਾਣੀ ਨੂੰ ਬੰਦੂਕ ਦੀ ਨੋਕ ਉੱਤੇ ਲੁੱਟਿਆ ਗਿਆ ਹੈ। ਸਾਡੇ ਕਠਪੁਤਲੀਆਂ ਵਰਗੇ ਮੁੱਖ ਮੰਤਰੀਆਂ ਨੂੰ ਗਵਾਂਢੀ ਸੂਬਿਆਂ ਨੂੰ ਪਾਣੀ ਦੇਣ ਲਈ ਓਵੇਂ ਮਜਬੂਰ ਕੀਤਾ ਗਿਆ, ਜਿਵੇਂ ਕਿ ਕਦੇ ਸਾਡੇ ਦਲੀਪ ਸਿੰਘ ਨੂੰ ਕੋਹਿਨੂਰ ਭੇਟ ਕਰਨ ਲਈ ਕੀਤਾ ਗਿਆ ਸੀ। ਅਸੀਂ ਪਾਣੀ ਨੂੰ ਬਚਾਉਣ ਲਈ ਪਾਣੀ ਨਾਲੋਂ ਵੱਧ ਖ਼ੂਨ ਡੋਲ੍ਹ ਚੁੱਕੇ ਹਾਂ। ਤੁਸੀਂ ਸਾਡਾ ਖ਼ੂਨ ਤਾਂ ਮੋੜ ਨਹੀਂ ਸਕਦੇ, ਪਾਣੀ ਤਾਂ ਮੋੜੋ, ਜੋ ਹਰ ਨੈਤਿਕਤਾ ਹਰ ਕਾਨੂੰਨ ਅਨੁਸਾਰ ਕੇਵਲ ਅਤੇ ਕੇਵਲ ਸਾਡਾ ਹੈ।

7. ਅਸੀਂ ਚੰਡੀਗੜ੍ਹ ਬਾਰੇ ਬਾਰ ਬਾਰ ਸੁਣ ਚੁੱਕੇ ਹਾਂ ਕਿ "ਚੰਡੀਗੜ੍ਹ ਤਾਂ ਹੈ ਹੀ ਪੰਜਾਬ ਦਾ ਅਤੇ ਆਖ਼ਰ ਪੰਜਾਬ ਨੂੰ ਮਿਲ ਕੇ ਹੀ ਰਹੇਗਾ।" ਸਾਡਾ ਲਾਹੌਰ ਤਾਂ ਮੁਲਕਾਂ ਦੀ ਵੰਡ ਵਿਚ ਕਿਧਰੇ ਹੋਰ ਚਲਾ ਗਿਆ, ਪਰ ਚੰਡੀਗੜ੍ਹ ਨੂੰ ਤਾਂ ਵਾਪਸ ਕਰਨ ਦਾ ਫ਼ੈਸਲਾ ਵੀ ਬੇਹਾ ਹੋ ਚੱਲਿਆ ਹੈ। ਸ਼ਾਇਦ ਕੁਦਰਤ ਨੇ ਜਨਵਰੀ 1986 ਦੇ ਫ਼ੈਸਲੇ ਨੂੰ ਤੁਹਾਡੇ ਕੋਲੋਂ ਹੀ ਲਾਗੂ ਕਰਵਾਉਣਾ ਹੋਵੇ। ਨਾਲੋ ਨਾਲ ਪੰਜਾਬੀ ਬੋਲਦੇ ਇਲਾਕੇ ਵੀ ਸਾਨੂੰ ਮਿਲ ਜਾਣ ਤਾਂ ਸੋਹ ਦਾ ਤੱਕਲਾ ਕਈ ਵਿਹੜਿਆਂ ਵਿੱਚੋਂ ਸਦਾ ਲਈ ਚੁੱਕਿਆ ਜਾਵੇ।

8. ਸਾਨੂੰ ਬਹੁਤ ਖ਼ੁਸ਼ੀ ਹੈ ਕਿ ਖ਼ੁਦ-ਮੁਖ਼ਤਿਆਰੀ ਬਾਰੇ ਤੁਹਾਡੀ ਸਰਕਾਰ ਸੰਜੀਦਾ ਹੈ। ਤੁਸੀਂ ਜੇ 1973 ਦੇ ਸ: ਕਪੂਰ ਸਿੰਘ ਵਾਲੇ ਮਤੇ ਅਨੁਸਾਰ ਖ਼ੁਦ-ਮੁਖ਼ਤਿਆਰੀ ਦੇ ਸਕੋ, ਤਾਂ ਏਸ ਮੁਲਕ ਉੱਤੇ ਵੱਡਾ ਪਰਉਪਕਾਰ ਕਰੋਗੇ ਅਤੇ ਏਸ ਦੀ ਉਮਰ ਦਰਾਜ਼ ਹੋਵੇਗੀ।

9. 1984 ਵਿਚ ਦਿੱਲੀ 'ਹੈਂਸੀਆਰੀ' ਨੇ ਰੱਜ ਕੇ ਸਿੱਖਾਂ ਦਾ ਕਤਲੇਆਮ ਕੀਤਾ। ਪਿੱਛੇ ਜਿਹੇ ਸੁਪਰੀਮ ਕੋਰਟ ਨੇ ਹੁਕਮ ਕੀਤਾ ਹੈ ਕਿ ਮਕਤੂਲਾਂ ਦੇ ਵਾਰਸਾਂ ਨੂੰ ਸਾਢੇ ਤਿੰਨ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ। ਬੇ-ਕਸੂਰਾਂ ਦੇ ਵਾਰਸਾਂ ਨੂੰ ਘੱਟੋ ਘੱਟ ਦਸ ਲੱਖ ਮੁਆਵਜ਼ਾ ਹੀ ਜਾਇਜ਼ ਹੈ।

10. 1947 ਵਿਚ ਅਸਾਡੇ ਸੈਂਕੜੇ ਪਵਿੱਤਰ ਗੁਰ-ਅਸਥਾਨ ਪਾਕਿਸਤਾਨ ਰਹਿ ਗਏ ਸਨ। ਏਵੇਂ ਓਧਰਲੇ ਲੋਕਾਂ ਦੇ ਕਈ ਪਵਿੱਤਰ ਅਸਥਾਨ ਏਧਰ ਰਹਿ ਗਏ ਹਨ। ਸਿਖ ਰੋਜ਼ ਅਰਦਾਸਾਂ ਕਰਦੇ ਹਨ ਕਿ ਉਹਨਾਂ ਨੂੰ ਓਧਰਲੇ ਗੁਰਧਾਮਾਂ ਦੇ "ਖੁਲ੍ਹੇ ਦਰਸ਼ਨ ਦੀਦਾਰੇ" ਹੋਣ। ਕੀ ਸ਼ਰਧਾਲੂਆਂ ਲਈ ਦੋਨਾਂ ਪਾਸਿਆਂ ਤੋਂ ਵੀਜ਼ੇ ਖ਼ਤਮ ਕਰਨ ਦਾ ਅਮਲ ਦੋਹਾਂ ਗਵਾਂਢੀ ਮੁਲਕਾਂ ਦੀ ਸ਼ਾਨ ਦੇ ਹਾਣ ਦਾ ਨਾ ਹੋਵੇਗਾ। ਤੁਸੀਂ ਵੀਜ਼ੇ ਮੇਟ ਦਿਉ ਅਤੇ ਪਾਕਿਸਤਾਨ ਨੂੰ ਵੀ ਆਖੋ ਕਿ ਸ਼ਰਧਾ ਦੇ ਉਦਾਲਿਓਂ

ਵੀਜ਼ਿਆਂ ਦੀ ਕੰਧ ਨੂੰ ਢਾਹ ਦੇਵੇ। ਤੁਹਾਡੇ ਵਿਦੇਸ਼ ਮੰਤਰਾਲੇ ਨੇ ਡਾ. ਖੜਕ ਸਿੰਘ ਨੂੰ ਚਿੱਠੀ ਲਿਖੀ ਹੈ ਕਿ ਪਾਕਿਸਤਾਨ ਨਹੀਂ ਮੰਨਦਾ। ਤੁਸੀਂ ਏਧਰਲੇ ਦਸ ਕੁ ਸਿਰ-ਕੱਢ ਪੰਜਾਬੀਆਂ ਦਾ ਗ਼ੈਰ-ਸਰਕਾਰੀ ਵਫ਼ਦ ਉਧਰਲੇ ਪੰਜਾਬੀਆਂ ਨਾਲ ਦਿਲੀ ਖ਼ਿਆਲ ਸਾਂਝੇ ਕਰਨ ਲਈ ਭੇਜੋ। ਅਸੀਂ ਵੇਖਾਂਗੇ ਕਿ ਇਹ ਵੱਡੇ ਫ਼ੰਨੇ ਖ਼ਾਨ ਸਾਡੀ ਪਿਆਰ ਦੀ ਗਲਵਕੜੀ ਵਿੱਚੋਂ ਨਿਕਲ ਕੇ ਕਿਵੇਂ ਭੱਜਦੇ ਹਨ!

11. ਫ਼ੌਜੀ ਹਮਲੇ ਵੇਲੇ ਫ਼ੌਜ ਸਿਖ ਰੈਫ਼ਰੈਂਸ ਲਾਇਬ੍ਰੇਰੀ ਤੋਂ ਹਜ਼ਾਰਾਂ ਕੀਮਤੀ ਦਸਤਾਵੇਜ਼ ਲੁੱਟ ਕੇ ਲੈ ਗਈ ਸੀ। ਇਹਨਾਂ ਵਿਚ ਸ੍ਰੀ ਗੁਰੂ ਸਾਹਿਬਾਨ ਦੀ ਆਪਣੀ ਲਿਖਤ ਵਾਲੀਆਂ ਕਈ ਬੀੜਾਂ ਵੀ ਹਨ। ਇਹ ਤੁਰੰਤ ਵਾਪਸ ਕੀਤੀਆਂ ਜਾਣ।

12. ਜਸਵੰਤ ਸਿੰਘ ਖਾਲੜਾ ਪੰਜਾਬ ਦਾ ਸਾਊ ਸਪੂਤ ਹੈ। ਉਹ ਲੋਕਾਂ ਦੇ ਹੱਕਾਂ ਲਈ ਲੜਦਾ ਹੈ। ਉਸਨੂੰ 6 ਸਤੰਬਰ ਨੂੰ ਓਸਦੇ ਘਰੋਂ ਪੁਲਿਸ ਨੇ ਚੁੱਕਿਆ। ਅਜੇ ਤਕ ਕੋਈ ਥਹੁ-ਪਤਾ ਨਹੀਂ। ਓਸਦੀ ਬੁੱਢੀ ਮਾਂ ਰੋ ਰੋ ਕੇ ਅੰਨ੍ਹੀ ਹੋ ਚੁੱਕੀ ਹੈ ਅਤੇ ਓਸਦਾ 88 ਸਾਲਾ ਬਾਪ ਆਪਣੇ ਪੁੱਤ ਦੀ ਕਨਸੋਅ ਸੁਣਨ ਲਈ ਦਰ ਦਰ ਭਟਕ ਰਿਹਾ ਹੈ। ਏਸ ਦਾ ਵੀ ਸਾਨੂੰ ਕੁਝ ਪਤਾ ਤਾਂ ਦਿਓ।

13. ਸ਼੍ਰੋਮਣੀ ਅਕਾਲੀ ਦਲ (ਪੰਥਕ) ਨੇ ਆਪਣੀ 30 ਜੁਲਾਈ ਦੀ ਜਲੰਧਰ ਮੀਟਿੰਗ ਵਿਚ ਸਾਨੂੰ ਹਿਦਾਇਤ ਕੀਤੀ ਹੈ ਕਿ ਅਸੀਂ 984 ਲਾਵਾਰਿਸ ਕਰ ਕੇ ਸਾੜੀਆਂ ਨੌਜੁਆਨਾਂ ਦੀਆਂ ਲਾਸ਼ਾਂ ਦਾ ਮਸਲਾ ਤੁਹਾਡੇ ਧਿਆਨ ਵਿਚ ਲਿਆਈਏ। ਐਡਾ ਵੱਡਾ ਜ਼ੁਲਮ ਵੇਖ ਕੇ ਸੁਪਰੀਮ ਕੋਰਟ ਕੰਬ ਗਿਆ (Shudder to think) ਅਤੇ ਮਾਨਯੋਗ ਜੱਜਾਂ ਆਖਿਆ ਕਿ ਇਹ ਨਸਲਕੁਸ਼ੀ ਨਾਲੋਂ ਵੀ ਵੱਡਾ ਜੁਰਮ ਹੈ।

ਇਹ ਸਭ ਉਹਨਾਂ ਲੋਕਾਂ ਨਾਲ ਹੋਇਆ, ਜੋ ਪਿਛਲੀਆਂ ਪੰਜ ਸਦੀਆਂ ਤੋਂ ਹਿੰਦੁਸਤਾਨ ਦੇ ਧਰਮ ਤੇ ਅਣਖ ਦੇ ਰਾਖੇ ਹਨ। ਭਾਈ ਸੰਤੋਖ ਸਿੰਘ ਜੀ ਨੇ ਠੀਕ ਹੀ ਆਖਿਆ ਹੈ: 'ਪਾਪ ਹੂ ਪ੍ਰਪੱਕ ਜਾਤੇ, ਧਰਮ ਧਸਕ ਜਾਤੇ, ਵਰਣ ਗਰਕ ਜਾਤੇ ਸਹਿਤ ਬਿਧਾਨ ਕੀ। ਦੇਵੀ ਦੇਵ ਦੇਹੁਰੇ ਸੰਤੋਖ ਸਿੰਘਾ ਦੂਰ ਹੋਤੇ ਰੀਤ ਮਿਟ ਜਾਤੀ ਕਥਾ ਬੇਦਨ ਪੁਰਾਣ ਕੀ। ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸ਼ੂਰ, ਮੂਰਤ ਨ ਹੋਤੀ, ਜੋ ਪੈ ਕਰੁਣਾ ਨਿਧਾਨ ਕੀ।' ਅਸੀਂ ਤਾਂ ਓਹ ਸਾਂ, ਜਿਨ੍ਹਾਂ ਦੇ ਗੁਰਦੁਆਰੇ ਕੌਮੀ ਚਿੰਨ੍ਹ ਬਣਨੇ ਚਾਹੀਦੇ ਸਨ ਅਤੇ ਜਿਹਨਾਂ ਦੇ ਪਰਉਪਕਾਰਾਂ ਉੱਤੋਂ ਸਦਾ ਹਿੰਦੁਸਤਾਨ ਨੇ ਜਿੰਦ ਵਾਰਨੀ ਸੀ। ਅਸੀਂ ਇਹ ਬੋਲੀ ਪਛਾਣਦੇ ਹਾਂ:

ਮਲੇਰਕੋਟਲੇ ਦੇ ਨਵਾਬ ਦਾ ਹਾਅ ਦਾ ਨਾਅਰਾ ਅੱਜ ਤਕ ਸਾਡੇ ਕੰਨਾਂ ਵਿਚ ਗੂੰਜਦਾ ਹੈ। 1947 ਵੇਲੇ ਹਰ ਪਾਸੇ ਚੜ੍ਹੀ ਮਜ਼੍ਹਬੀ ਜਨੂੰਨ ਦੀ ਹਨੇਰੀ ਵੀ ਸਾਨੂੰ ਏਨਾ ਪਾਗਲ ਨਾ ਕਰ ਸਕੀ ਕਿ ਨਾਅਰੇ ਦੀ ਗੂੰਜ ਸਾਡੇ ਕੰਨੀ ਨਾ ਪਵੇ। ਅਸੀਂ ਮਲੇਰਕੋਟਲੇ ਦੀ ਜੂਹ ਅੰਦਰ ਹਰ ਬੱਚੇ, ਬੁੱਢੇ, ਤ੍ਰੀਮਤ, ਨੌਜੁਆਨ ਦੇ ਮੂੰਹੋਂ ਹਾਅ ਦਾ ਨਾਅਰਾ ਸੁਣਿਆ ਅਤੇ ਕਿਸੇ ਦਾ ਵਾਲ ਵੀ ਵਿੰਗਾ ਨਹੀਂ ਹੋਣ ਦਿੱਤਾ। ਹੁਣ ਹਿੰਦੁਸਤਾਨ ਦੀ ਆਤਮਾ ਦੱਸੇ ਕਿ ਕੀ ਸਿੱਖਾਂ ਦੇ ਹਿੰਦੂਆਂ ਉੱਤੇ ਪਰਉਪਕਾਰ ਏਦੂੰ ਵੀ ਘੱਟ ਸਨ? ਅਸੀਂ ਹਾਅ ਦੇ ਨਾਅਰੇ ਉੱਤੇ ਸਬਰ ਨਾ ਕੀਤਾ, ਜਿਥੇ ਤੁਹਾਡਾ ਪਸੀਨਾ ਵਗਿਆ ਉਥੇ ਅਸਾਡਾ ਖ਼ੂਨ। ਕੀ ਅਸੀਂ ਏਸ ਸਲੂਕ ਦੇ ਹੱਕਦਾਰ ਹਾਂ, ਜੋ 1983 ਤੋਂ 1996 ਤਕ ਤੁਹਾਡੀ ਪੁਲਿਸ ਨੇ ਸਾਡੇ ਨਾਲ ਕੀਤਾ ਹੈ। ਇਹਨਾਂ ਸਮਿਆਂ ਵਿਚ ਅਸੀਂ ਹਿਟਲਰ ਵੀ ਵੇਖਿਆ ਅਤੇ ਪੋਲਪੋਟ ਵੀ।

ਪ੍ਰਧਾਨ ਮੰਤਰੀ ਜੀ ਤੁਹਾਡਾ ਏਸ ਖ਼ੂਨ-ਖ਼ਰਾਬੇ ਵਿਚ ਕੋਈ ਹੱਥ ਨਹੀਂ। ਤੁਸੀਂ ਜ਼ਾਲਮਾਂ ਨੂੰ ਨੰਗਾ ਕਰੋ। ਇਕ ਕਮਿਸ਼ਨ ਤਿੰਨ ਹਿੱਸਿਆਂ ਵਿਚ ਬਿਠਾਓ, ਜੋ 1947 ਤੋਂ 1966, 1967 ਤੋਂ 1984 ਅਤੇ 1984 ਤੋਂ 1996 ਤਕ ਹੋਏ ਜ਼ੁਲਮਾਂ ਦਾ ਇਤਿਹਾਸ ਫਰੋਲੇ। ਸਾਨੂੰ ਇਹ ਵੀ ਦੱਸੇ ਕਿ ਸਾਡੇ ਕਿਹੜੇ ਕਿਹੜੇ ਆਗੂਆਂ ਨੂੰ ਕਿਨ੍ਹੇ ਕਿਨ੍ਹੇ ਖ਼ਰੀਦ ਕੇ ਆਪਣੇ ਗੁਨਾਹਾਂ ਉੱਤੇ ਗੁੰਮਨਾਮੀ ਦਾ ਪਰਦਾ ਪਾਇਆ ? ਸਾਡੇ ਆਗੂ ਵਿਕਾਊ ਹੋਣਗੇ ਸਾਡੇ ਲੋਕ ਨਹੀਂ। ਉਹਨਾਂ ਤਾਂ ਸਵਾ ਲੱਖ ਤੋਂ ਵੱਧ ਸ਼ਹੀਦੀਆਂ ਦਿੱਤੀਆਂ ਹਨ। ਸ਼ਹੀਦੀਆਂ ਲਈ ਤਤਪਰ ਲੋਕਾਂ ਨੂੰ ਗ਼ੁਲਾਮ ਨਹੀਂ ਰੱਖਿਆ ਜਾ ਸਕਦਾ। ਉਹਨਾਂ ਦੇ ਦਿਲ ਜਿੱਤੋ। ਤੁਹਾਡੇ ਵਰਗੇ ਵੱਡੇ ਦਿਲ ਵਾਲੇ ਕਿਸਾਨ ਕੋਲੋਂ ਹਿੰਦੁਸਤਾਨ ਦੀ ਪੁਰਾਤਨ ਸਭਿਅਤਾ ਏਹੋ ਮੰਗ ਕਰਦੀ ਹੈ।

•

ਹੰਸਾ ਸੇਤੀ ਚਿਤੁ ਉਲਾਸਹਿ*

ਫ਼ੀਸਾਗੋਰਸ ਤੋਂ ਲੈ ਕੇ ਮੁਹੰਮਦ ਸਾਹਿਬ ਤਕ ਕਿਸੇ ਵੀ ਪੈਗ਼ੰਬਰ ਧਰਮੋਪਦੇਸ਼ਕ ਦਾ ਸਿਧਾਂਤ ਓਸਦੇ ਆਪਣੇ ਹੱਥ ਦਾ ਲਿਖਿਆ ਜਾਂ ਆਪਣੀ ਨਿਗਰਾਨੀ ਹੇਠ ਲਿਖਵਾਇਆ ਨਹੀਂ ਮਿਲਦਾ। ਏਸ ਸੂਚੀ ਵਿਚ ਮੂਸਾ, ਕਨਫ਼ਿਊਸ਼ਸ਼, ਬੁੱਧ ਅਤੇ ਯਸੂ ਮਸੀਹ ਵੀ ਆ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਸੰਸਾਰ ਦੇ ਧਰਮਾਂ ਵਿਚ ਇਕ ਵਿਲੱਖਣ ਘਟਨਾ ਹੈ। ਇਹ ਪੰਜਵੇਂ ਪਾਤਿਸ਼ਾਹ ਹਜ਼ੂਰ ਤ੍ਰੈਕਾਲ ਦਰਸ਼ੀ ਦੀ ਦੂਰ-ਦ੍ਰਿਸ਼ਟੀ ਅਤੇ ਵਿਗਿਆਨਕ ਯੁਗ ਦੀ ਲੋੜ ਨੂੰ ਸਦੀਆਂ ਪਹਿਲਾਂ ਜਾਣਨ ਦਾ ਕ੍ਰਿਸ਼ਮਾ ਹੈ। ਸਠਵਿਆਂ ਵਿਚ ਗੁਰਬਾਣੀ ਤੋਂ ਪ੍ਰਭਾਵਿਤ ਹੋ ਕੇ, ਗੁਰਬਾਣੀ ਉਲਥੇ ਦੀ ਭੂਮਿਕਾ ਲਿਖਦਿਆਂ ਜਗਤ ਪ੍ਰਸਿੱਧ ਇਤਿਹਾਸਕਾਰ ਆਰਨਲਡ ਟੌਇਨਬੀ ਨੇ ਲਿਖਿਆ ਕਿ, "ਆਉਣ ਵਾਲੇ ਸਮਿਆਂ ਦੇ ਧਾਰਮਿਕ ਵਿਚਾਰ ਵਟਾਂਦਰੇ ਵਿਚ ਸਿੱਖਾਂ ਅਤੇ ਇਹਨਾਂ ਦੇ ਧਰਮ ਗ੍ਰੰਥ ਕੋਲ ਕਹਿਣ ਲਈ ਬਹੁਤ ਕੁਝ ਹੋਵੇਗਾ।" ਪਰਲ ਐੱਸ. ਬੱਕ ਦੇ ਗੁਰਬਾਣੀ ਸੰਬੰਧੀ ਵਿਚਾਰ ਵੀ ਓਦੋਂ ਨਵੇਂ ਨਵੇਂ ਪ੍ਰਚੱਲਤ ਹੋਏ ਸਨ। ਇਹਨੀਂ ਦਿਨੀਂ ਡਾਕਟਰ ਭਾਈ ਜੋਧ ਸਿੰਘ ਨੇ ਇਹ ਦਾਅਵਾ ਕਿ ਕੇਵਲ ਸਿਖ ਹੀ ਹਨ, ਜਿਨ੍ਹਾਂ ਕੋਲ ਆਪਣੇ ਪੈਗ਼ੰਬਰ ਦੀ ਲਿਖੀ ਧਰਮ ਪੁਸਤਕ ਹੈ, ਅਕਾਦਮਿਕ ਪੱਧਰ ਉੱਤੇ ਦੁਹਰਾਇਆ। ਸ਼ਾਇਦ ਇਹਨਾਂ ਭਾਵਨਾਵਾਂ ਦੇ ਨਿਰੋਧ ਵਜੋਂ ਈਸਾਈ ਮਿਸ਼ਨਰੀਆਂ ਆਦਿ ਨੇ ਸਿਖ ਇਤਿਹਾਸ ਅਤੇ ਸਿਖ ਸਿਧਾਂਤ ਨੂੰ ਵਿਗਾੜਨ ਦਾ ਵੱਡਾ ਯਤਨ ਆਰੰਭ ਕੀਤਾ।

ਈਸਾਈ ਮੱਤ ਇਤਿਹਾਸ ਆਧਾਰਿਤ ਹੈ। ਅੰਜੀਲ ਵਿਚ ਯਸੂ ਸੰਬੰਧੀ ਕੁਝ ਇਤਿਹਾਸਕ ਮਨੌਤਾਂ ਦਾ ਜ਼ਿਕਰ ਕਰ ਕੇ ਲਿਖਿਆ ਮਿਲਦਾ ਹੈ ਕਿ "ਜੇ ਇਹ ਸੱਚੀਆਂ ਨਹੀਂ ਤਾਂ ਸਾਡਾ ਈਮਾਨ ਵੀ ਝੂਠਾ ਹੈ।" ਇਹਨਾਂ ਵਿਚ ਹਨ ਸ੍ਰੀ ਯਸੂ ਦਾ ਕੁਆਰੀ ਕੁੱਖੋਂ ਜਨਮ, ਮਰ ਕੇ ਜਿਊ ਉੱਠਣਾ ਅਤੇ ਸਣਦੇਹ ਸਵਰਗ ਨੂੰ ਚੜ੍ਹਾਈ। ਅਜਿਹੀਆਂ ਘਟਨਾਵਾਂ ਦੀ ਇਤਿਹਾਸਕ ਪ੍ਰਮਾਣੀਕਤਾ ਉੱਤੇ ਈਸਾਈ ਧਰਮ ਦੀ ਸਚਾਈ ਪੂਰਨ ਤੌਰ ਉੱਤੇ ਨਿਰਭਰ ਹੈ। ਅਜਿਹੀ ਪਿੱਠ ਭੂਮੀ ਦੀ ਉਪਜ ਵਿਦਵਾਨਾਂ ਨੇ ਪਹਿਲੋਂ ਪਹਿਲ ਸਿਖ ਇਤਿਹਾਸ ਉੱਤੇ ਹਮਲੇ ਸ਼ੁਰੂ ਕੀਤੇ। ਜਨਮਸਾਖੀਆਂ ਨੂੰ ਲੈ ਕੇ ਵੱਡਾ ਵਾ-ਵਰੋਲਾ ਉਭਾਰਿਆ ਗਿਆ। ਸਿੱਟਾ ਕੱਢਿਆ ਗਿਆ ਕਿ ਇਹ ਇਤਿਹਾਸ ਨਹੀਂ ਹਨ, ਹਾਲਾਂਕਿ ਇਹਨਾਂ ਨੂੰ ਲਿਖਣ ਵਾਲਿਆਂ ਦੀ ਕਦੇ ਇਹ ਧਾਰਨਾ ਨਹੀਂ ਸੀ ਰਹੀ ਕਿ ਉਹ ਇਤਿਹਾਸ ਲਿਖ ਰਹੇ ਹਨ। 'ਆਪੇ ਮੈਂ ਪੈਰੀਂ ਪੈਨੀ ਆਂ ਆਪੇ ਬੁੱਢ ਸੁਹਾਗਣ' ਦੀ ਇਹ ਨੀਤੀ ਕੋਈ ਦੋ ਦਹਾਕੇ ਚੱਲਦੀ ਰਹੀ। ਆਖ਼ਰ ਇਹਨਾਂ ਵਿਦਵਾਨਾਂ ਨੂੰ ਵੀ ਪਤਾ ਚੱਲ ਗਿਆ ਕਿ

---

* ਡਾਕਟਰ ਪਿਆਰ ਸਿੰਘ ਵਲੋਂ ਆਦਿ ਗ੍ਰੰਥ ਦੀ ਅਸਲ ਬੀੜ ਦੀ ਪ੍ਰਮਾਣਿਕਤਾ ਨੂੰ ਨਕਾਰਨ ਦੇ ਕੋਝੇ ਯਤਨ ਦੇ ਜਵਾਬ ਵਿਚ ਇਹ ਲੇਖ ਲਿਖਿਆ ਗਿਆ, 4 ਅਕਤੂਬਰ, 1992 ਨੂੰ *ਪੰਜਾਬੀ ਟ੍ਰਿਬਿਊਨ* ਵਿਚ ਛਪਿਆ।

ਸਿਖ ਇਤਿਹਾਸ ਨੂੰ ਵਿਗਾੜਨ ਨਾਲ ਸਿਖ ਧਰਮ ਦੀ ਸਾਰਥਿਕਤਾ ਨੂੰ ਖੋਰਾ ਨਹੀਂ ਲੱਗ ਸਕਦਾ, ਕਿਉਂਜੁ ਇਹ ਧਰਮ ਸ਼ਬਦ ਆਧਾਰਿਤ ਹੈ, ਤਾਰੀਖ਼ ਮੁਥਾਜ ਨਹੀਂ। ਪਾਣੀ ਵਿੱਚੋਂ ਇਹ ਮਧਾਣੀ ਕੱਢ ਲਈ ਗਈ।

ਨਵਾਂ ਹਮਲਾ ਖੱਬੀ ਬਾਹੀ ਤੋਂ ਸ਼ੁਰੂ ਕੀਤਾ ਗਿਆ। ਏਸ ਦਾ ਸਬੱਬ ਭਾਈ ਜੋਧ ਸਿੰਘ ਦਾ ਉਪਰੋਕਤ ਕਥਨ ਬਣਿਆ। ਜਿਸ ਦੇ ਜੁਆਬ਼ ਵਜੋਂ ਬਟਾਲਾ ਮਿਸ਼ਨ ਦੇ ਲੋਲਿਨ ਅਤੇ ਆਰਚਰ ਨੇ ਕਰਤਾਰਪੁਰੀ ਬੀੜ ਬਾਰੇ ਨਿਰਮੂਲ ਸ਼ੰਕੇ ਖੜੇ ਕਰਦਿਆਂ ਏਸ ਦੇ ਪਾਠ ਨੂੰ ਘੋਖਣ ਦੇ ਸੁਝਾਅ ਦਿੱਤੇ ਹੋਏ ਸਨ। ਲੋਲਿਨ ਦੀ ਅੰਤਮ ਬੀਮਾਰੀ ਦੇ ਦੌਰਾਨ ਅਤੇ ਓਸਦੀ ਮੌਤ ਤੋਂ ਬਾਅਦ ਉਹਨਾਂ ਦਾ ਨਾਂਅ ਵਰਤ ਕੇ ਇਹਨਾਂ ਸੁਝਾਵਾਂ ਨੂੰ ਬੇਹੱਦ ਵੱਡੇ ਕਰ ਕੇ ਪ੍ਰਚਾਰਿਆ ਗਿਆ। ਇਉਂ ਸ੍ਰੀ ਕਰਤਾਰਪੁਰੀ ਬੀੜ ਦੀ ਪ੍ਰਮਾਣੀਕਤਾ ਨੂੰ ਵੰਗਾਰਨ ਦਾ ਅੰਗਰੇਜ਼ੀ ਦੌਰ ਚੱਲਿਆ। ਬਿਨਾਂ ਵੇਖੇ ਏਸ ਨੂੰ ਨਕਲ ਅਤੇ ਭਾਈ ਬੰਨੋ ਵਾਲੀ ਬੀੜ ਨੂੰ ਅਸਲ ਬੀੜ ਪ੍ਰਚਾਰਨ ਦੀ ਭਰਪੂਰ ਕੁਚੇਸ਼ਟਾ ਕੀਤੀ ਗਈ। ਚੇਤੇ ਰਹੇ ਕਿ ਭਾਈ ਬੰਨੋ ਵਾਲੀ ਬੀੜ ਓਹੀ ਹੈ, ਜਿਸ ਨੂੰ ਆਦਿ ਕਾਲ ਤੋਂ ਹੀ ਨਕਲ ਅਤੇ ਖਾਰੀ ਬੀੜ ਸਰਬ-ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਹੈ। ਪਰ ਬੀੜ ਦੇ ਲਿਖਾਰੀ ਭਾਈ ਗੁਰਦਾਸ ਦਾ ਸਿੰਘਨਾਦ ਹੈ, "ਕੂੜ ਨ ਪਹੁੰਚੈ ਸਚ ਨੋ ਸਉ ਘਾੜਤ ਘੜੀਐ।"

1987 ਵਿਚ ਸ: ਦਲਜੀਤ ਸਿੰਘ ਨੇ ਆਪਣੀ ਬਿਬੇਕ ਬੁੱਧੀ, ਪਾਰਖੂ ਨਜ਼ਰ ਅਤੇ ਪ੍ਰਬੀਣ ਕਾਨੂੰਨੀ ਮੁਹਾਰਤ ਨੂੰ ਵਰਤਦਿਆਂ ਸੁਪਰੀਮ ਕੋਰਟ ਦੇ ਜੱਜ ਵਾਂਗ ਸ੍ਰੀ ਕਰਤਾਰਪੁਰੀ ਬੀੜ ਨੂੰ ਇਕ ਦਸਤਾਵੇਜ਼ ਮੰਨ ਕੇ ਜੋ ਫ਼ੈਸਲਾ ਦਿੱਤਾ, ਉਸ ਨੂੰ ਝੁਠਲਾਉਣਾ ਨਾ ਕਿਸੇ ਦੇਸੀ ਅੰਗਰੇਜ਼ ਦੇ ਵੱਸ ਸੀ, ਨਾ ਕਿਸੇ ਵਲਾਇਤੀ ਪਾਇਲੇਟ (ਈਸਾ ਨੂੰ ਸੂਲੀ ਟੰਗਣ ਵਾਲੇ ਰੋਮਨ ਗਵਰਨਰ) ਦੇ। ਉਹਨਾਂ ਦੋ ਦਰਜਨ ਦੇ ਕਰੀਬ ਐਸੇ ਨੁਕਤੇ ਦਰਸਾਏ, ਜਿਹੜੇ ਕਿ ਪਹਿਲੀ ਅਸਲ ਬੀੜ ਵਿਚ ਹੀ ਹੋ ਸਕਦੇ ਸਨ। ਖ਼ੂਬੀ ਇਹ ਕਿ ਇਹਨਾਂ ਵਿੱਚੋਂ ਇਕ ਵੀ ਕਿਸੇ ਨਕਲ ਵਿਚ ਨਹੀਂ ਸੀ ਹੋ ਸਕਦਾ ਅਤੇ ਨਾ ਹੀ ਚਾਰ ਸੌ ਸਾਲਾਂ ਵਿਚ ਹੋਈਆਂ ਹਜ਼ਾਰਾਂ ਨਕਲਾਂ ਵਿਚ ਹੈ ਸੀ। ਉਹ ਕਹਿੰਦੇ ਹਨ ਕਿ ਏਸ ਬੀੜ ਦੇ ਕੁਲ 1948 ਸਫ਼ੇ ਹਨ। ਇਹਨਾਂ ਵਿੱਚੋਂ 1362 ਲਿਖੇ ਹੋਏ ਹਨ ਅਤੇ 453 ਬਿਲਕੁਲ ਕੋਰੇ ਪਏ ਹਨ। ਜੇ ਅੱਧ ਲਿਖਿਆਂ ਵਿਚ ਖ਼ਾਲੀ ਥਾਵਾਂ ਮਿਣ ਲਈਏ ਤਾਂ 133 ਪੱਤਰੇ ਹੋਰ ਕੋਰੇ ਨਿਕਲਦੇ ਹਨ। ਏਸ ਤੋਂ ਸਪੱਸ਼ਟ ਹੈ ਕਿ ਇਹ ਬੀੜ ਪਹਿਲੋ ਪਹਿਲ ਲਿਖੀ ਜਾ ਰਹੀ ਹੈ, ਕਿਉਂਜੁ ਲਿਖਾਰੀ ਕਿਤੇ ਲੋੜੋਂ ਵੱਧ ਕਾਗ਼ਜ਼ ਵਰਤਦਾ ਹੈ। ਬਾਅਦ ਵਿਚ ਕਿਸੇ ਲਿਖਾਰੀ ਨੇ ਏਨੇ ਪੱਤਰੇ ਖ਼ਾਲੀ ਨਹੀਂ ਛੱਡੇ, ਕਿਉਂਕਿ ਸਭ ਨੂੰ ਪਤਾ ਸੀ ਕਿ ਲਿਖਤ ਕਿੰਨਿਆਂ ਪੱਤਰਿਆਂ ਉੱਤੇ ਮੁਕੰਮਲ ਹੋ ਜਾਵੇਗੀ। ਇਕ ਹੋਰ ਸਬੂਤ ਹੈ, 778 ਸਫ਼ੇ ਦੇ ਹਾਸ਼ੀਏ ਵਿਚ ਲਿਖਿਆ ਇਹ ਨੋਟ ਕਿ ਮਹੱਲੇ ਪਹਿਲੇ ਦਾ 799 ਸਫ਼ੇ ਵਾਲਾ ਸ਼ਬਦ ਏਥੇ ਬਾਈਵਾਂ ਸ਼ਬਦ ਪੜ੍ਹਿਆ ਜਾਵੇ ਅਤੇ ਏਥੇ ਦਰਜ ਬਾਈਵਾਂ ਸ਼ਬਦ ਸਫ਼ਾ 788 ਉੱਤੇ ਬਾਈਏਂ ਅਤੇ ਚੌਵ੍ਹੀਵੇਂ ਸ਼ਬਦਾਂ ਦੇ ਵਿਚਾਲੇ ਪੜ੍ਹਿਆ ਜਾਵੇ। ਫੇਰ ਸਫ਼ਾ 799 ਉੱਤੇ ਲਿਖੀ ਸੂਚਨਾ ਕਿ ਏਥੇ ਲਿਖਿਆ ਸ਼ਬਦ 778 ਉੱਤੇ ਬਾਈਵਾਂ ਸ਼ਬਦ ਪੜ੍ਹਿਆ ਜਾਵੇ। ਏਸੇ ਹਾਲਤ ਮੁਤਾਬਿਕ ਤਤਕਰੇ ਵਿਚ ਸੋਧਾਂ ਹਨ (ਤਤਕਰਾ ਬਾਹਰੋਂ ਚੁੱਕ ਕੇ ਲਿਖਣ ਦਾ ਇਲਜ਼ਾਮ ਲਾਉਣ ਵਾਲੇ ਕੀ ਏਸ ਤੱਥ ਤੋਂ ਜਾਣੂ ਹਨ ?)। ਏਸ ਤੋਂ ਬਾਅਦ ਕਦੇ ਵੀ ਕਿਸੇ ਬੀੜ ਵਿਚ ਇਹ ਨੋਟ ਲਿਖਣ ਦੀ ਲੋੜ ਨਹੀਂ ਪਈ, ਕਿਉਂਕਿ ਪਿੱਛੋਂ ਆਉਣ ਵਾਲੇ ਲਿਖਾਰੀ ਨੇ ਸੋਧ ਕੇ ਹੀ ਨਕਲ ਕੀਤੀ।

ਕੋਈ ਸੁੱਧ-ਬੁੱਧ ਰੱਖਣ ਵਾਲਾ ਉਪਰੋਕਤ ਤੱਥਾਂ ਨੂੰ ਝੁਠਲਾ ਨਹੀਂ ਸਕਦਾ। ਸੁਧਾ ਨੰਗੇ ਹੋਣ ਦੀ ਸ਼ਰਮ ਤਾਂ ਅੰਗਰੇਜ਼ਾਂ ਨੂੰ ਵੀ ਹੁੰਦੀ ਹੈ। ਵਿਦੇਸ਼ੀ ਖੋਜੀਆਂ ਨੇ ਮੋੜੇ ਪਾਏ ਅਤੇ ਗਧੇ ਦੇ ਗਲ ਲੱਗ ਕੇ ਮੁੜ ਆਏ। ਆਖਣ ਲੱਗੇ ਕਿ ਭਾਈ ਜੋਧ ਸਿੰਘ ਦਾ 1968 ਵਿਚ ਦਿੱਤਾ ਤਰਕ ਠੀਕ ਸੀ। ਏਸ ਲਈ ਹੁਣ 1987 ਵਿਚ ਅਸੀਂ ਓਸ ਨੂੰ ਮੰਨ ਕੇ ਕਰਤਾਰਪੁਰੀ ਬੀੜ ਦੀ ਅਸਲੀਅਤ ਨੂੰ ਤਸਲੀਮ ਕਰਦੇ ਹਾਂ। ਉਹਨਾਂ ਦੇ ਦੇਸੀ ਅਕਾਦਮਿਕ ਬੂਟ ਚੱਟਾਂ ਨੂੰ ਇਹ ਸਮਝ ਅਜੇ ਵੀ ਨਹੀਂ ਆਈ। ਸ: ਦਲਜੀਤ ਸਿੰਘ ਦੀ ਪਰਮ ਪਰਉਪਕਾਰੀ ਪੁਸਤਕ ਦਾ ਹਵਾਲਾ ਦਿੰਦਾ ਹੋਇਆ ਪਿਆਰ ਸਿੰਘ ਲਿਖਦਾ ਹੈ, "ਲੇਖਕ ਦਾ ਦਾਅਵਾ ਹੈ ਕਿ 'ਕਰਤਾਰਪੁਰੀ ਬੀੜ ਦੇ ਅਨੇਕ ਅਜਿਹੇ ਲੱਛਣ ਹਨ, ਜਿਨ੍ਹਾਂ ਵਿੱਚੋਂ ਇਕ ਵੀ ਉਤਾਰੇ ਵਾਲੀ ਬੀੜ ਵਿਚ ਨਹੀਂ ਹੋ ਸਕਦੇ ਸਨ।' ਇਹ ਬੜਾ ਤਕੜਾ ਦਾਅਵਾ ਹੈ। ਇਸ ਸੰਬੰਧੀ ਕੋਈ ਨਿਰਣਾ ਲੈਣਾ ਸਾਡੇ ਲਈ ਏਥੇ ਸੰਭਵ ਨਹੀਂ ਹੈ।" ਇਉਂ ਆਪਣੇ ਖੋਜੀ ਹੋਣ ਦੇ ਦਾਅਵੇ ਨੂੰ ਚੁਰਾਹੇ ਵਿਚ ਭੰਨਦਾ ਹੋਇਆ ਪਿਆਰ ਸਿੰਘ ਵਿਰੋਧੀ ਵਿਚਾਰਧਾਰਾ ਦਾ ਈਮਾਨਦਾਰੀ ਨਾਲ ਮੁਲਾਂਕਣ ਕਰਨ ਦੇ ਖੋਜੀ ਦੇ ਪਹਿਲੇ ਅਤੇ ਮੁੱਢਲੇ ਕਰਤੱਵ ਨੂੰ ਤਿਲਾਂਜਲੀ ਦਿੰਦਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਧਾਰ ਉੱਤੇ ਆਪਣਾ ਘਾਤ ਲਾ ਕੇ ਹਮਲਾ ਜਾਰੀ ਰੱਖਦਾ ਹੈ। ਅਜਿਹੇ ਲੇਖਕ ਨੂੰ ਸੁਹਿਰਦ, ਸੱਚਾ ਖੋਜੀ ਅਤੇ ਸ਼ਰਧਾਵਾਨ ਦੱਸਣ, ਪ੍ਰਚਾਰਨ ਵਾਲੇ ਜ਼ਰਾ ਆਪਣੀ ਪੀੜ੍ਹੀ ਹੇਠ ਸੋਟਾ ਤਾਂ ਫੇਰਨ।

ਹੁਣ ਦੁਸ਼ਮਣ ਕੋਲ ਲੁਕਵਾਂ ਵਾਰ ਕਰਨ ਤੋਂ ਬਿਨਾਂ ਕੋਈ ਚਾਰਾ ਨਾ ਰਿਹਾ। ਉਹਨਾਂ ਖਰੜੇ ਦੇ ਸੰਕਲਪ ਨੂੰ ਆਪਣਾ ਬ੍ਰਹਮ ਅਸਤਰ ਬਣਾਇਆ। ਗ੍ਰੰਥ ਸਾਹਿਬ ਦੇ 400 ਸਾਲਾ ਇਤਿਹਾਸ ਵਿਚ ਪਹਿਲੀ ਵਾਰ ਗ੍ਰੰਥ ਸੰਬੰਧੀ ਖਰੜੇ ਦੇ ਸੰਕਲਪ ਨੂੰ ਉਭਾਰਿਆ ਅਤੇ ਪ੍ਰਚਾਰਿਆ ਗਿਆ। ਏਸ ਸੰਬੰਧ ਵਿਚ ਇਹ ਸੰਕਲਪ ਮੁੱਢੋਂ ਅਸੰਗਤ ਹੈ, ਕਿਉਂਜੁ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਸਿਲਸਿਲੇ ਵਾਰ ਗੁਰੂ ਵਿਅਕਤੀਆਂ ਰਾਹੀਂ ਹੁੰਦੀ ਹੋਈ ਪੰਜਵੇਂ ਮਹੱਲੇ ਤਕ ਪਹੁੰਚ ਚੁੱਕੀ ਸੀ ਅਤੇ ਪੰਜਵੇਂ ਪਾਤਿਸ਼ਾਹ ਨੇ ਆਪਣੀ ਬਾਣੀ ਖ਼ੁਦ ਲਿਖਵਾਉਣੀ ਸੀ। ਖਰੜਾ ਕਾਸਦਾ ਤਿਆਰ ਕਰਨਾ ਸੀ ? ਏਸ ਸੰਕਲਪ ਨੂੰ ਉਭਾਰਨ ਦੇ ਦੋ ਮੁਖ ਕਾਰਣ ਸਨ : ਪਹਿਲਾ ਤਾਂ ਇਹ ਸਾਬਤ ਕਰਨਾ ਕਿ ਗੁਰਬਾਣੀ ਮਹਾਂਵਾਕਾਂ ਅਨੁਸਾਰ ਧੁਰ ਕੀ ਬਾਣੀ ਨਹੀਂ, ਬਲਕਿ ਦੁਨਿਆਵੀ ਪੱਧਰ ਉੱਤੇ ਖਰੜਿਆਂ ਦੀ ਸੋਧ ਸੁਧਾਈ ਕਰ ਕੇ ਜੋੜੀ ਕਵਿਤਾ ਹੈ। ਆਪਣੀ ਪੁਸਤਕ ਵਿਚ ਪਿਆਰ ਸਿੰਘ ਬਾਰ ਬਾਰ ਇਹ ਪ੍ਰਭਾਵ ਦਿੰਦਾ ਹੈ, "ਮੂਲ ਮੰਤਰ ਵਿਚ 'ਗੁਰਪ੍ਰਸਾਦਿ' ਦੀ ਥਾਂ 'ਸਤਿਗੁਰ ਪ੍ਰਸਾਦਿ' ਵਰਤੇ ਜਾਣ ਦੀ ਪ੍ਰਥਾ ਓਦੋਂ ਚੱਲੀ ਹੋਵੇਗੀ, ਜਦੋਂ ਸਿੱਖਾਂ ਦੀ ਨਿਸ਼ਠਾ ਨੂੰ ਵੰਗਾਰਨ ਵਾਲੇ ਝੂਠੇ ਦਾਅਵੇਦਾਰ ਪੈਦਾ ਹੋ ਗਏ ਹੋਣਗੇ। ਉਦੋਂ ਸ਼ਰਧਾਵਾਨਾਂ ਦਾ ਆਪਣੇ ਗੁਰੂ ਨੂੰ ਵਿਸ਼ੇਸ਼ਤਾ ਦੇਣ ਲਈ 'ਗੁਰੂ' ਦੀ ਥਾਂ 'ਸਤਿਗੁਰੂ' ਕਹਿਣਾ ਬੜਾ ਸੁਭਾਵਿਕ ਸੀ। ਕਿਆਸ ਹੈ ਕਿ ਇਹ ਰੁਚੀ ਸ੍ਰੀ ਗੁਰੂ ਅਮਰਦਾਸ ਜੀ ਦੇ "ਸਤਿਗੁਰੂ ਬਾਝਹੁ ਹੋਰ ਕਚੀ ਬਾਣੀ" ਦਾ ਹੋਕਾ ਦੇਣ ਮਗਰੋਂ ਉਗਮੀ।" (ਸਫ਼ਾ 170)। ਕੀ ਪਿਆਰ ਸਿੰਘ ਦੇ ਸਮਰਥਕ ਜਾਣਦੇ ਹਨ ਕਿ ਓਸਦੀ ਸਾਰੀ ਖੋਜ ਏਸੇ ਤਰ੍ਹਾਂ ਕਿਆਸ ਅਰਾਈਆਂ ਉੱਤੇ ਆਧਾਰਿਤ ਗੱਪ-ਸ਼ੱਪ ਹੈ ?

ਦੂਜਾ, ਸੱਚੀ ਬਾਣੀ ਨੂੰ ਮਸ਼ਕੂਕ ਕਰਨ ਦਾ ਇਹੋ ਤਰੀਕਾ ਬਚਿਆ ਸੀ ਕਿ ਖਰੜੇ ਦੇ ਸੰਕਲਪ ਨਾਲ ਏਸ ਦੀ ਪ੍ਰਮਾਣੀਕਤਾ ਨੂੰ ਖੋਰਿਆ ਜਾਵੇ। ਬਿਨਾਂ ਕਿਸੇ ਘੋਖ ਪਰਖ ਦੇ ਕਿਸੇ ਪੋਥੀ ਨੂੰ 1604 ਤੋਂ ਪਹਿਲਾਂ ਹੋਂਦ ਵਿਚ ਆਇਆ ਖਰੜਾ ਪ੍ਰਵਾਨ ਕੀਤਾ ਜਾਂ ਘੱਟੋ ਘੱਟ ਪ੍ਰਚਾਰਿਆ ਜਾ ਸਕਦਾ ਹੈ। ਏਸ ਲਈ ਖਰੜਿਆਂ ਦੀ ਗਿਣਤੀ ਦਰਜਨਾਂ ਵਿਚ

ਹੋ ਸਕਦੀ ਹੈ। ਖਰੜਿਆਂ ਦੇ ਗਧੀ ਗੇੜ ਵਿਚ ਪਾ ਕੇ ਵੇਖਣ ਦੀ ਸਿਫ਼ਾਰਸ਼ ਕਰਨ ਵਾਲਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਸ਼ਬਦ ਗੁਰੂ ਦੇ ਪ੍ਰਮਾਣੀਕ ਸਰੂਪ ਨਾਲ ਖਲਵਾੜ ਕਰ ਰਹੇ ਹਨ। ਓਸ ਸ਼ਬਦ ਗੁਰੂ ਨਾਲ ਜਿਸਦੇ ਲੜ ਲੱਗ ਕੇ ਸਿੱਖਾਂ ਦੀਆਂ ਦਰਜਨਾਂ ਪੁਸ਼ਤਾਂ ਤਰੀਆਂ ਹਨ ਅਤੇ ਆਉਣ ਵਾਲੀਆਂ ਹਜ਼ਾਰਾਂ ਪੀੜ੍ਹੀਆਂ ਓਸ ਉੱਤੇ ਮੁਕਤੀ ਦੀਆਂ ਆਸਾਂ ਲਾਈ ਬੈਠੀਆਂ ਹਨ। ਚਾਰ ਕੌਡੀਆਂ ਬਦਲੇ ਕਿਸੇ ਕੱਚ ਘੜ ਸੰਕਲਪ ਦੇ ਆਸਰੇ ਕਰੋੜਾਂ ਲੋਕਾਂ ਦੇ ਨਿੱਗਰ ਅਬਿਚਲ ਨੀਂਵ ਉੱਤੇ ਉਸਰੇ ਸੱਚੇ ਸੁੱਚੇ ਧਾਰਮਿਕ ਵਿਚਾਰਾਂ ਦੀ ਪੁਖਤਾਈ ਨੂੰ ਠੇਸ ਮਾਰਨ ਵਾਲੇ ਕੀ ਜਾਣਨ ਕਿ ਉਹ ਕਿਥੇ ਕਿਥੇ ਲਾਂਬੂ ਲਾ ਰਹੇ ਹਨ। 'ਇਸ਼ਕ ਨਗੀਨਾ ਸੋਈ ਸਮਝਣ ਜੋ ਹੋਵਣ ਆਪ ਨਗੀਨੇ। ਇਸ਼ਕ ਮੁਸ਼ਕ ਦੀ ਸਾਰ ਕੀ ਜਾਣਨ ਇਹ ਕਾਇਰ ਲੋਕ ਕਮੀਨੇ।'

ਖਰੜਾ ਸੰਕਲਪ ਏਥੇ ਮੂਲੋਂ ਅਸੰਗਤ ਹੈ। ਧੁਰ ਕੀ ਬਾਣੀ ਦੇ ਵੀ ਕਦੇ ਖਰੜੇ ਬਣੇ ਹਨ ? ਪਿਛਲੇ ਚਾਰ ਸੌ ਸਾਲਾਂ ਵਿਚ ਏਸ ਸੰਕਲਪ ਦਾ ਕੋਈ ਆਧਾਰ ਨਹੀਂ ਮਿਲਦਾ। ਖੋਜ ਕਿਆਸ ਅਰਾਈਆਂ ਉੱਤੇ ਆਧਾਰਿਤ ਨਹੀਂ ਹੁੰਦੀ। ਏਸ ਸੰਬੰਧ ਵਿਚ ਖਰੜੇ ਦੀ ਜਾਂ ਕਿਸੇ 'ਪੁਰਾਤਨ ਵਿਲੱਖਣ' ਬੀੜ ਦੀ ਹੋਂਦ ਮੰਨਣਾ ਹੀ ਕੁਫ਼ਰ ਹੈ। ਅਗਲੀ ਗੱਲ ਇਹ ਕਿ ਇਕ ਤਾਂ ਕਰੇਲਾ ਦੂਜਾ ਅੱਧ ਪੱਕਿਆ (ਨੀਮ ਚੜ੍ਹਾ)। ਖਰੜਾ/ਵਿਲੱਖਣ ਬੀੜ ਪਸ਼ੌਰਾ ਸਿੰਘ ਤੇ ਪਿਆਰ ਸਿੰਘ ਨੇ ਉਸ ਨੂੰ ਪ੍ਰਵਾਨ ਕੀਤਾ, ਜਿਸ ਦਾ ਕੋਈ ਇਤਿਹਾਸ ਨਹੀਂ, ਜਿਸਦੇ ਲਿਖਾਰੀ ਦਾ ਕੋਈ ਥਹੁ ਪਤਾ ਨਹੀਂ, ਜਿਸ ਵਿਚ ਕੋਈ ਲਿਖਣ ਮਿਤੀ ਨਹੀਂ ਲਿਖੀ ਅਤੇ ਜਿਸ ਨੂੰ ਕਿਸੇ ਵਪਾਰੀ ਨੇ ਰਾਜਸਥਾਨ ਵਿਚ ਮੀਣਿਆਂ ਦੇ ਡੇਰੇ ਤੋਂ ਖ਼ਰੀਦਿਆ। ਏਸ ਪੋਥੀ ਦੀ ਮੀਣਾ ਮਲਕੀਅਤ ਨੂੰ ਪੂਰਨ ਤੌਰ ਉੱਤੇ ਗੁਪਤ ਰੱਖਿਆ ਗਿਆ, ਜੋ ਮੁੱਢਲੇ ਖੋਜ ਨੇਮਾਂ ਦੀ ਘੋਰ ਉਲੰਘਣਾ ਅਤੇ ਮੰਦ-ਭਾਵਨਾ ਦਾ ਪ੍ਰਤੀਕ ਕਰਮ ਹੈ। ਯੂਨੀਵਰਸਿਟੀ ਨੇ ਏਸ ਨੂੰ ਪਿਆਰ ਸਿੰਘ ਦੀ ਸਿਫ਼ਾਰਸ਼ ਉੱਤੇ ਖ਼ਰੀਦਿਆ। ਹੋਰ ਹੈਰਾਨੀ ਏਸ ਗੱਲ ਦੀ ਹੈ ਕਿ ਵੇਚਣ ਵਾਲੇ ਨੇ ਜੋ ਨੋਟ ਵੇਚਣ ਦੇ ਇਸ਼ਤਿਹਾਰ ਦੇ ਤੌਰ ਉੱਤੇ ਪੋਥੀ ਨਾਲ ਚਿਪਕਾਇਆ ਸੀ, ਪਿਆਰ ਸਿੰਘ ਤੇ ਪਸ਼ੌਰਾ ਸਿੰਘ ਨੇ ਮੂਲ ਰੂਪ ਵਿਚ ਓਹੋ ਮੁੱਦੇ 'ਖੋਜ' ਦੁਆਰਾ ਉਭਾਰੇ। ਏਸ ਪੋਥੀ ਵਿਚ ਛੇਵੀਂ ਪਾਤਿਸ਼ਾਹੀ ਦੇ ਦਸਤਖ਼ਤ ਦਰਸਾਏ ਗਏ ਹਨ ਅਤੇ ਪੰਜਾਂ ਪਾਤਿਸ਼ਾਹੀਆਂ ਤਕ ਦੇ ਅੰਤਮ ਕੌਤਕ ਇੱਕੋ ਸਿਆਹੀ ਇੱਕੋ ਹੱਥ ਦੇ ਲਿਖੇ ਹੋਏ ਹਨ। ਲਿਖਾਰੀ ਦਾ ਸਪੱਸ਼ਟ ਸੰਕੇਤ ਹੈ ਕਿ ਉਹ ਇਹ ਪੋਥੀ ਛੇਵੇਂ ਪਾਤਿਸ਼ਾਹ ਦੇ ਵੇਲੇ ਤਿਆਰ ਕਰ ਰਿਹਾ ਹੈ, ਪਰ ਦੋਨੋਂ ਖੋਜੀ ਓਸ ਨੂੰ ਪੁਰਾਤਨ ਵਿਲੱਖਣ ਮੰਨਣ ਲਈ ਬਾਜ਼ਿਦ ਹਨ। 'ਮੁੱਦਈ ਸੁਸਤ ਗਵਾਹ ਚੁਸਤ।'

ਦੂਜਾ ਵਿਲੱਖਣ ਤੱਥ ਏਸ ਪੋਥੀ ਦਾ ਇਹ ਹੈ ਕਿ ਯੂਨੀਵਰਸਿਟੀ ਦੀ ਸੂਚੀ ਵਿਚ ਚੜ੍ਹਨ ਤੋਂ ਪਹਿਲਾਂ ਏਸ ਦੀ ਕਨਸੋਅ ਸੱਤ ਸਮੁੰਦਰੋਂ ਪਾਰ ਪਸ਼ੌਰਾ ਸਿੰਘ ਨੂੰ ਮਿਲ ਗਈ ਅਤੇ ਓਸ ਨੇ ਤੁਰੰਤ ਥੀਸਸ ਲਿਖਣ ਦਾ ਇੰਤਜ਼ਾਮ ਕਰ ਲਿਆ। ਓਧਰ ਓਸ ਨੇ ਸੰਖੇਪ (synopsis) ਲਿਖ ਕੇ ਰਜਿਸਟਰਡ ਕਰਵਾਇਆ, ਏਧਰ ਓਸੇ ਸਾਲ ਪਿਆਰ ਸਿੰਘ ਨੇ 'ਖੋਜ' ਆਰੰਭ ਕਰ ਦਿੱਤੀ। ਵੇਖੋ ਕਿੰਨੇ ਸ਼ੁਹਲੇ ਹਨ ਸਾਡੇ ਅਕਾਦਮਿਕ ਅਦਾਰੇ! ਜੋ ਏਸ ਖੋਜ ਹੋੜ ਨੂੰ ਦਿੱਬ ਦ੍ਰਿਸ਼ਟੀ ਦਾ ਕ੍ਰਿਸ਼ਮਾ ਸਮਝਣਾ ਚਾਹੇ ਸਮਝ ਲਵੇ। ਲੇਕਿਨ ਤੱਥ ਓਸ ਦਾ ਸਮਰਥਨ ਕਰਦੇ ਹਨ, ਜੋ ਏਸ ਨੂੰ ਸਾਜ਼ਿਸ਼ ਦੀ ਇਕ ਕੜੀ ਦੇ ਰੂਪ ਵਿਚ ਵੇਖਦਾ ਹੈ। ਅਸੀਂ ਦੋਨਾਂ ਪੱਖਾਂ ਦੇ ਅਕਾਦਮਿਕ ਹੱਕ ਬਰਕਰਾਰ ਰੱਖਦੇ ਹੋਏ ਤੱਤ ਭੜੱਤ ਖੋਜ ਦੇ ਸੰਦਰਭ ਵਿਚ ਇਕ ਹੋਰ ਨੁਕਤਾ ਉਭਾਰਨਾ ਹੈ। ਯਸੂ ਮਸੀਹ ਦੇ ਜੀਵਨ ਅਤੇ ਸਿਖਿਆ

ਸੰਬੰਧੀ ਅੰਧ ਮਹਾਂਸਾਗਰ ਦਸਤਾਵੇਜ਼ (Dead Sea Scrolls) 1949 ਵਿਚ ਲੱਭੇ ਸਨ ਅਤੇ ਉਨ੍ਹਾਂ ਦਾ ਮੁਲਾਂਕਣ ਅਜੇ ਤਕ ਇਕ ਅੰਤਰ-ਰਾਸ਼ਟਰੀ ਟੀਮ ਵੱਲੋਂ ਕੀਤਾ ਜਾ ਰਿਹਾ ਹੈ। ਸਾਰਾ ਪੱਛਮੀ ਸੰਸਾਰ ਸਾਹ ਰੋਕ ਕੇ 1991 ਤਕ ਸਿਰਫ਼ ਦਸਤਾਵੇਜ਼ਾਂ ਦੇ ਦਰਸ਼ਨਾਂ ਨੂੰ ਤਰਸਦਾ ਰਿਹਾ। ਪਰ ਵੇਖੋ ਸਾਡੇ ਪੱਛਮੀ ਤਰਜ਼ ਦੇ ਖੋਜੀਆਂ ਨੂੰ ਇਹਨਾਂ ਦੀ ਦਿੱਬ ਦ੍ਰਿਸ਼ਟੀ ਨੇ ਬਿਨਾਂ ਇਤਿਹਾਸ ਬਿਨਾਂ ਤਾਰੀਖ਼ ਦੇ ਖਰੜੇ ਦੇ ਮੁਲਾਂਕਣ ਦੀ ਕੋਈ ਲੋੜ ਨਹੀਂ ਸਮਝੀ। ਪੁਰਾਤਨ ਵਿਲੱਖਣ ਅਤੇ ਖਰੜਾ ਪ੍ਰਵਾਨ ਕਰਦਿਆਂ ਕੰਨੋ ਕੰਨੀਂ ਭਿਣਕ ਨਹੀਂ ਪੈਣ ਦਿੱਤੀ। ਬਿਨਾਂ ਵੇਖੇ ਕਰਤਾਰਪੁਰੀ ਬੀੜ ਰੱਦ, ਬਿਨਾਂ ਮੁਲਾਂਕਣ ਪੋਥੀ ਪ੍ਰਵਾਨ—ਅੰਤਾਂ ਦੀ ਕਾਹਲੀ—ਠਰ੍ਹੰਮਾ ਕੌਣ ਕੁੱਤਾ ਜੋ ਸਾਡੇ ਖੋਜੀਆਂ ਦੇ ਕੋਲ ਦੀ ਵੀ ਲੰਘ ਜਾਵੇ। ਸ: ਪ੍ਰੀਤਮ ਸਿੰਘ ਵਾਰੇ ਵਾਰੇ ਜਾਣ ਐਸੇ ਕਾਪਰਨੀਕਸ ਦੇ, ਪਰ ਕੀ ਉਹ ਗੱਡੇ ਨੂੰ ਜਹਾਜ਼ ਤਾਂ ਨਹੀਂ ਕਹਿ ਰਹੇ ? 'ਕਿਥੇ ਰਾਮ ਰਾਮ ਕਿਥੇ ਟੈਂ ਟੈਂ !'

ਅਜਿਹੀ ਹੱਥ-ਲਿਖਤ ਦੇ ਆਸਰੇ, ਅਜਿਹੀ ਖੋਜ ਦੇ ਆਧਾਰ ਉੱਤੇ ਚੁਣੌਤੀ ਦਿੱਤੀ ਜਾ ਰਹੀ ਹੈ ਪ੍ਰਮਾਣੀਕ ਕਰਤਾਰਪੁਰੀ ਬੀੜ ਨੂੰ, ਜਿਸਦਾ ਚਾਰ ਸਦੀਆਂ ਦਾ ਸਿਲਸਿਲੇਵਾਰ ਇਤਿਹਾਸ ਹੈ। ਜਿਸ ਉੱਤੇ ਸੰਪੂਰਨ ਦੀ ਤਾਰੀਖ਼ ਸਪੱਸ਼ਟ ਲਿਖੀ ਹੈ, ਜਿਸ ਉੱਤੇ ਸੱਚੇ ਪਾਤਿਸ਼ਾਹ ਦੇ ਆਪਣੇ ਦਸਤਖ਼ਤ ਹਨ। ਦਸਤਖ਼ਤਾਂ ਬਾਰੇ ਕੋਰਾ ਝੂਠਾ ਬੋਲਦਾ ਹੋਇਆ 'ਨਿਪਟ ਖੋਜੀ' ਪਿਆਰ ਸਿੰਘ ਲਿਖਦਾ ਹੈ ਕਿ ਇਹ ਵੱਖ ਕਾਗ਼ਜ਼ ਉੱਤੇ ਲੈ ਕੇ ਬੀੜ ਵਿਚ ਚਿਪਕਾਏ ਗਏ ਹਨ। ਇਹ ਕਥਨ ਇਹਨਾਂ ਦੇ ਗੁਰੂ ਘੰਟਾਲ ਮੈਕਲਿਉਡ ਦੇ ਤਹਿ ਕੀਤੇ ਖੋਜ ਮਿਆਰਾਂ ਅਨੁਸਾਰ ਤਾਂ ਹੈ, ਪਰ ਸੱਚ ਤੱਥ ਦੇ ਨੇੜੇ-ਤੇੜੇ ਨਹੀਂ। ਚੇਤੇ ਰਹੇ ਕਿ ਮੈਕਲਉਡ ਨੇ ਲਿਖਿਆ ਸੀ ਕਿ "ਰੁਣ ਝੁੰਝਨੜਾ" ਵਾਲੇ ਸ਼ਬਦ ਦੇ ਤਿੰਨ ਸਲੋਕ ਹੜਤਾਲ ਫੇਰ ਕੇ ਮਿਟਾਏ ਗਏ ਹਨ—ਇਹ ਵੀ ਸੁਧਾ ਝੂਠ ਸੀ। ਇਹ ਕੈਸੇ ਖੋਜ ਨੇਮ ਹਨ, ਜਿਨ੍ਹਾਂ ਦਾ ਪਾਲਣ ਕਰਦਿਆਂ ਝੂਠ ਨੂੰ ਸੱਚ ਤੇ ਦਿਨ ਨੂੰ ਰਾਤ ਆਖਣਾ ਪੈਂਦਾ ਹੈ ?

ਪੰਜਵੇਂ ਮਹੱਲੇ ਨੇ ਤਕਰੀਬਨ ਅੱਧੇ ਗ੍ਰੰਥ ਦੀ ਰਚਨਾ ਕੀਤੀ ਹੈ। ਜਿਥੇ ਭਗਤ ਬਾਣੀ ਉੱਤੇ ਟਿੱਪਣੀ ਦੀ ਲੋੜ ਪਈ, ਓਥੇ ਸੂਚਨਾ ਦਿੱਤੀ, 'ਨਾਲ ਰਲਾਇ ਲਿਖਿਆ ਮਹਲਾ ੫'। ਭਾਈ ਮਰਦਾਨੇ ਨੂੰ ਨਾਨਕ ਛਾਪ ਵਰਤਣ ਦਾ ਹੱਕ ਹਾਸਲ ਸੀ (ਧੰਨ, ਧੰਨ, ਧੰਨ ਭਾਈ ਮਰਦਾਨਾ), ਪਰੰਤੂ ਸੱਚੇ ਪਾਤਿਸ਼ਾਹ ਸਪੱਸ਼ਟ ਕਰਨਾ ਨਹੀਂ ਭੁੱਲੇ ਕਿ ਬਿਹਾਗੜੇ ਦੀ ਵਾਰ ਦੇ ਤਿੰਨ ਸਲੋਕ ਭਾਈ ਮਰਦਾਨੇ ਦੀ ਰਚਨਾ ਹਨ। ਕੋਈ ਮਹਾਂ ਗੁਰਨਿੰਦਕ ਅਤੇ ਢੀਠ ਕਾਫ਼ਰ ਹੀ ਏਨੇ ਸਬੂਤ ਹੁੰਦਿਆਂ ਕਹਿ ਸਕਦਾ ਹੈ ਕਿ ਜਪੁਜੀ ਦੇ ਆਦਿ ਵਿਚ ਸਲੋਕ ਪੰਜਵੇਂ ਪਾਤਿਸ਼ਾਹ ਨੇ ਆਪ ਰਚ ਕੇ ਗੁਰੂ ਨਾਨਕ ਹਜ਼ੂਰ ਦੇ ਨਾਂਅ ਪਾਇਆ ਜਾਂ ਅਨੰਦ ਸਾਹਿਬ ਦੀ 40ਵੀਂ ਪਉੜੀ ਜਾਂ ਸਿਧ ਗੋਸਟਿ ਦੀ 73ਵੀਂ ਪਉੜੀ ਕ੍ਰਮਵਾਰ ਆਪ ਰਚ ਕੇ ਤੀਜੇ ਅਤੇ ਪਹਿਲੇ ਪਾਤਿਸ਼ਾਹ ਦੇ ਨਾਮ ਮੜ੍ਹ ਦਿੱਤੀਆਂ। (*ਗਾਥਾ ਸ੍ਰੀ ਆਦਿ ਗ੍ਰੰਥ*, ਪੰਨਾ 94)। ਏਸ ਵਿਸ਼ੇ ਉੱਤੇ 'ਦਸ ਗੁਰ ਇਕ ਜੋਤਿ' ਸਿਧਾਂਤ ਦੀ ਓਟ ਲੈਣਾ ਸ਼ੈਤਾਨ ਦੇ ਆਇਤਾਂ ਪੜ੍ਹਨ ਤੁੱਲ ਹੈ। ਕਿਸੇ ਅਸੰਗਤ ਸਿਧਾਂਤ ਅਤੇ ਮੁੱਢੋਂ ਮੰਦੀ ਖੋਜ ਦੀ ਓਟ ਲੈ ਕੇ ਸ਼ਰਧਾਵਾਨ ਗੁਰਸਿੱਖਾਂ ਨੂੰ ਵਰਗਲਾਉਣਾ ਕਿਧਰ ਦਾ ਖੋਜ ਕਾਰਜ ਅਤੇ ਕਿਧਰ ਦਾ ਸਾਊਪੁਣਾ ਹੈ ? ਇਹ ਤਾਂ ਠੀਕ ਹੈ ਕਿ ਅਸੀਂ ਅੱਜ ਆਪਣੇ ਸਿਆਸੀ ਆਗੂਆਂ ਦੀ ਨਾਦਾਨੀ ਕਾਰਣ ਕਿਸੇ ਦੀ ਅੱਡੀ ਹੇਠ ਕਰਾਹ ਰਹੇ ਹਾਂ, ਪਰ ਇਹ ਠੀਕ ਨਹੀਂ ਕਿ ਅਸੀਂ ਏਨਾ ਨਿੱਘਰ ਗਏ ਹਾਂ ਕਿ ਕਿਸੇ ਖੋਜੀ ਬੁਰਕੇ ਵਾਲੇ ਗੁਰਨਿੰਦਕ ਦੇ ਜਾਂ ਕਿਸੇ ਨਿਪਟ ਬ੍ਰਹਮ ਗਿਆਨੀ ਦੇ ਨਾਜਾਇਜ਼ ਡਰੋਂ ਆਪਣੇ ਗੁਰੂ ਨੂੰ ਆਖੇਪਕਾਰ ਮੰਨਣ ਲਈ ਮਜਬੂਰ

ਹੋ ਗਏ ਹੋਈਏ। ਅਸੀਂ ਅਜੇ ਵੀ ਮੁਕੰਮਲ ਤੌਰ ਉੱਤੇ ਤਰਕ ਯੁਕਤ ਅਤੇ ਬੜੇ ਸਮਰੱਥ ਹਾਂ। ਗਿਰਝਾਂ ਨੂੰ ਆਖੋ ਨਾ ਜੁੜਨ, ਅਜੇ ਉਹ ਸਮਾਂ ਨਹੀਂ ਆਇਆ। ਦਸ ਗੁਰ ਇਕ ਜੋਤਿ ਦਾ ਅਮਲ ਜੇ ਗੁਰਬਾਣੀ ਦੇ ਸੰਦਰਭ ਵਿਚ ਲਾਗੂ ਕਰਨਾ ਹੁੰਦਾ ਤਾਂ ਸਾਰੇ ਗੁਰੂ ਗ੍ਰੰਥ ਦੀ ਬਾਣੀ ਮਹੱਲਿਆਂ ਤੋਂ ਬਿਨਾਂ ਨਾਨਕ ਨਾਂਅ ਛਾਪ ਹੇਠ ਲਿਖੀ ਹੋਣੀ ਸੀ।

ਬਤੌਰ ਸੰਪਾਦਕ ਦੇ ਪੰਜਵੇਂ ਪਾਤਿਸ਼ਾਹ ਦਾ ਮੁੱਖ ਮੰਤਵ ਰਿਹਾ ਹੈ ਕਿ ਬਾਣੀ ਉਸੇ ਨਾਂਅ ਚੜ੍ਹੇ, ਜਿਸਦੀ ਉਹ ਰਚਨਾ ਹੋਵੇ। ਇਹੋ ਅਜੋਕੇ ਯੁਗ ਦੇ ਮਿਆਰ ਹਨ। ਉਹਨਾਂ ਇੱਕੋ ਨਾਂਅ ਉੱਤੇ ਹਰ ਕਿਸੇ ਵੱਲੋਂ ਰਚਨਾ ਕਰਨ ਦੀ ਅ-ਵਿਗਿਆਨਕ ਰੀਤ ਨੂੰ ਤੋੜਿਆ ਕਿਉਂ ਜੁ ਏਸ ਨੇ ਕਬੀਰ ਬੀਜਕ ਤੋਂ ਲੈ ਕੇ ਪੁਰਾਨਾਂ, ਵੇਦਾਂ ਤਕ ਨੂੰ ਆਖੇਪ ਕਰਨ ਦਾ ਰਾਹ ਖੋਲ੍ਹਿਆ ਸੀ। 'ਦਸ ਗੁਰ ਇਕ ਜੋਤਿ' ਦੇ ਸਿਧਾਂਤ ਨੂੰ ਏਥੇ ਗ਼ੈਰ-ਪ੍ਰਸੰਗਕ ਜਾਣ ਕੇ ਉਨ੍ਹਾਂ ਬਾਕਾਇਦਾ ਮਹੱਲਿਆਂ ਦੀ ਬਾਣੀ ਤਰਤੀਬ ਨਾਲ ਚਾੜ੍ਹੀ। ਉਹਨਾਂ ਨੂੰ ਹਜ਼ੂਰ ਪਹਿਲੇ ਅਤੇ ਤੀਜੇ ਪਾਤਿਸ਼ਾਹ ਦੇ ਦੋ ਬਚਨ ਮਿਲੇ, ਜੋ ਸਨ: "ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ" ਅਤੇ "ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ"। ਇਹ ਨਾ ਸ਼ਬਦ ਸਨ, ਨਾ ਵਾਰਾਂ, ਨਾ ਸਲੋਕ, ਨਾ ਬੰਦ ਅਤੇ ਨਾ ਹੀ ਕਵਿਤਾ। ਤਾਂ ਵੀ ਸੱਚੇ ਪਾਤਿਸ਼ਾਹ ਨੇ ਇਹਨਾਂ ਨੂੰ ਇੰਨ ਬਿੰਨ ਵਾਰਾਂ ਤੇ ਵਧੀਕ ਸਲੋਕਾਂ ਵਿਚ ਚੜ੍ਹਾ ਕੇ ਸੰਪਾਦਨ ਦਾ ਉਹ ਮਿਆਰ ਕਾਇਮ ਕੀਤਾ, ਜੋ ਵੱਡੇ ਵੱਡੇ ਉਮਰਾਂ ਗਾਲਣ ਵਾਲੇ ਪ੍ਰੋਫ਼ੈਸਰ ਨਹੀਂ ਸਮਝ ਪਾ ਰਹੇ। ਏਸ ਤੱਥ ਤੋਂ ਸਾਹਿਬਾਂ ਸਪਸ਼ਟ ਕੀਤਾ ਕਿ ਜੋ ਕੁਝ ਵੀ ਪ੍ਰਮਾਣੀਕ ਗੁਰਬਾਣੀ ਲੱਭੀ, ਉਹ ਓਸ ਮਹੱਲੇ ਦੇ ਨਾਂਅ ਦਰਜ ਕਰ ਦਿੱਤੀ ਗਈ ਅਤੇ ਇਹ ਕਿ ਹਰ ਮਹੱਲੇ ਦੇ ਨਾਂਅ ਹੇਠ ਓਸ ਮਹੱਲੇ ਦੀ ਬਾਣੀ ਦਰਜ ਕਰਨਾ ਗੁਰ-ਆਸ਼ਾ ਹੈ। ਗੁਰਬਾਣੀ ਸੰਪਾਦਨ ਵਿਸ਼ੇ ਸੰਬੰਧੀ ਏਕ ਜੋਤਿ ਸੰਕਲਪ ਨੂੰ ਵਿਸਾਰਨਾ ਜਾਂ ਇਉਂ ਪ੍ਰਗਟ ਕਰਨਾ ਹੀ ਸਿੱਖੀ ਵਿਧਾਨ ਹੈ।

ਮੋਹਣ ਪੋਥੀਆਂ ਦਾ ਆਸਰਾ ਵੀ ਝੂਠਾ ਹੈ ਅਤੇ ਪ੍ਰੋ. ਸਾਹਿਬ ਸਿੰਘ ਅਨੁਸਾਰ ਸ਼ਬਦ ਦੀ ਗ਼ਲਤ ਵਿਆਖਿਆ ਉੱਤੇ ਆਧਾਰਿਤ ਹੈ। *ਮੋਹਣ ਪੋਥੀਆਂ, ਪ੍ਰਾਣ ਸੰਗਲੀ* ਆਦਿ ਪੁਸਤਕਾਂ ਵਿੱਚੋਂ ਨਿਸ਼ਚੇ ਹੀ ਪੰਜਵੇਂ ਪਾਤਿਸ਼ਾਹ ਨੂੰ ਕੁਝ ਨਹੀਂ ਲੱਭਾ। ਉਹਨਾਂ ਯਕੀਨਨ ਇਹਨਾਂ ਦਾ ਮੁਲਾਂਕਣ ਕੀਤਾ ਅਤੇ ਅਧੂਰੀਆਂ ਊਣੀਆਂ ਜਾਣ ਕੇ ਛੱਡ ਦਿੱਤਾ। ਹੁਣ ਇਹਨਾਂ ਦਾ ਬਾਵੰਡਰ ਰਚਾਉਣ ਦਾ ਅਰਥ ਹੈ ਕਿ ਚਾਰ ਸੌ ਸਾਲ ਬਾਅਦ ਸਾਡੇ ਪ੍ਰੋਫ਼ੈਸਰ ਗੁਰੂ ਸਾਹਿਬ ਨਾਲੋਂ ਬਿਹਤਰ ਜਾਣਦੇ ਹਨ ਕਿ ਸੱਚੀ ਬਾਣੀ ਕਿਹੜੀ ਹੈ। ਜੇ ਪੋਥੀਆਂ ਹਜ਼ੂਰ ਦੇ ਧਿਆਨ ਵਿਚ ਨਾ ਆਈਆਂ ਹੁੰਦੀਆਂ ਤਾਂ ਵੀ ਇਹ ਧਾਰਨਾ ਬਣਾਉਣੀ ਸੁਧਾ ਕੁਫ਼ਰ ਸੀ। *ਮੋਹਣ ਪੋਥੀਆਂ* ਕਿਸੇ ਮੀਣੇ ਦੀ ਆਖੇਪ ਰਚਨਾ ਜਾਪਦੀਆਂ ਹਨ। ਇਹਨਾਂ ਵਿਚ ਕੱਚੀ ਬਾਣੀ ਨੂੰ ਸੱਚੀ ਬਾਣੀ ਨਾਲ ਮਿਲਾ ਕੇ ਲਿਖਿਆ ਹੋਇਆ ਹੈ, ਜੋ ਕਿ ਗੁਰੂ ਗ੍ਰੰਥ ਸਾਹਿਬ ਰਚਨਾ ਦਾ ਵੱਡਾ ਸਬੱਬ ਬਣਿਆ। ਪੋਥੀ ਦੇ ਸ਼ੁਰੂ ਵਿਚ ਲਿਖਿਆ ਗਿਆ ਹੈ ਕਿ ਜੋ ਸਿਖ ਸਾਡੀ ਗੁਰਪ੍ਰਣਾਲੀ (ਹੱਡੀ/ਹੁੰਡੀ) ਨੂੰ ਨਹੀਂ ਮੰਨੇਗਾ, ਉਹ ਨਰਕ ਨੂੰ ਜਾਵੇਗਾ। ਦੱਸੋ ਕਿਹੜਾ ਜਗਤ ਗੁਰੂ ਇਹ ਲਿਖ ਸਕਦਾ ਸੀ। ਤੀਸਰੇ ਪਾਤਿਸ਼ਾਹ ਹਜ਼ੂਰ ਦੀ ਤਾਂ ਅਨਮਤੀਆਂ ਦੇ ਸੰਬੰਧ ਵਿਚ ਵੀ ਅਰਦਾਸ ਹੈ, "ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ"। ਪੋਥੀ ਲਿਖਣ ਦੀ ਤਾਰੀਖ਼ ਨੂੰ ਬੜੀ ਸਫ਼ਾਈ ਨਾਲ ਪਾਣੀ ਨਾਲ ਮਿਟਾਇਆ ਗਿਆ ਹੈ। ਦੁਬਾਰੇ ਲਿਖਿਆ ਸੰਮਤ 1652/1595 ਵੀ ਏਸ ਨੂੰ ਪੰਜਵੇਂ ਪਾਤਿਸ਼ਾਹ ਦੀ ਸਮਕਾਲੀ ਬਣਾਉਂਦਾ ਹੈ। ਏਸ ਵਿਚ ਪੰਜਵੇਂ ਪਾਤਿਸ਼ਾਹ ਦੇ ਸ਼ਬਦ ਦੀ ਹੋਂਦ ਵੀ ਇਹੋ ਸੰਕੇਤ ਕਰਦੀ ਹੈ। 'ਤੇਲੀ ਉਇ ਤੇਲੀ ਤੇਰੇ ਸਿਰ ਉੱਤੇ ਕੋਹਲੂ' ਵਰਤ

ਕੇ ਹਰ ਪੱਖੋਂ ਅਵੇਸਲੇ ਸਿੱਖਾਂ ਦੇ ਧਾਰਮਿਕ ਨਿਸ਼ਚੇ ਨੂੰ ਡੁਲਾਉਣ ਦੀ ਕੁਚੇਸ਼ਟਾ ਕਰਨ ਵਾਲੇ ਵੀ ਜੇ ਸ਼ਰਧਾਵਾਨ ਹਨ, ਤਾਂ ਸੱਚਮੁੱਚ ਦੇ ਸ਼ਰਧਾਵਾਨਾਂ ਦੀ ਕੀ ਪਰਿਭਾਸ਼ਾ ਹੈ ?

ਸ੍ਰੀ ਕਰਤਾਰਪੁਰੀ ਬੀੜ ਦੀ ਪ੍ਰਮਾਣੀਕਤਾ ਨੂੰ ਖੰਡਨ ਲਈ ਦਮਦਮੀ ਬੀੜ ਦਾ ਸਹਾਰਾ ਲਿਆ ਗਿਆ ਹੈ। ਹੈ ਕਿਸੇ ਨੂੰ ਪਤਾ ਕਿ ਇਹ ਬੀੜ ਕਿਥੇ ਹੈ ? ਇਤਿਹਾਸ ਦੱਸਦਾ ਹੈ ਕਿ ਇਹ 1762 ਦੇ ਵੱਡੇ ਘੱਲੂਘਾਰੇ ਵਿਚ ਅਲੋਪ ਹੋ ਗਈ ਸੀ। ਦੋ ਸਦੀਆਂ ਦੀ ਖੋਜ ਦੱਸਦੀ ਹੈ ਕਿ ਏਸ ਦਾ ਕੋਈ ਪ੍ਰਮਾਣੀਕ ਉਤਾਰਾ ਨਹੀਂ। ਹੋਰ ਵੀ ਸ਼ੰਕੇ ਹਨ। ਏਸ ਉੱਤੇ ਟੇਕ ਰੱਖਣ ਵਾਲੇ ਸਪੱਸ਼ਟ ਕਰਨ ਕਿ ਉਨ੍ਹਾਂ ਦਾ ਅਸਲ ਮੰਤਵ ਕੀ ਹੈ, ਇਹ ਪੈਂਤਰਾ ਕਿਸ ਟੀਚੇ ਉੱਤੇ ਪਹੁੰਚਣ ਲਈ ਹੈ ? ਕਦੇ ਕਿਸੇ ਅਰਜੁਨ ਨੇ ਸੂਰਮੇ ਸ਼ਿਖੰਡੀ ਦਾ ਉਹਲਾ ਲੈ ਕੇ ਭੀਸ਼ਮ ਪਿਤਾਮਾ ਨੂੰ ਤੀਰਾਂ ਨਾਲ ਵਿੰਨ੍ਹਿਆ ਸੀ। ਕੀ ਸ਼ਰਧਾਵਾਨਾਂ ਦੀ ਨਵੀਂ ਪਨੀਰੀ ਅਲੋਪ ਹੋ ਚੁੱਕੀ ਬੀੜ ਦਾ ਆਸਰਾ ਲੈ ਕੇ ਇੱਕੋ ਇਕ ਪ੍ਰਮਾਣੀਕ ਗ੍ਰੰਥ ਨੂੰ ਖ਼ਤਮ ਕਰਨਾ ਤਾਂ ਨਹੀਂ ਲੋਚਦੀ ? ਗੁਰੂ ਗ੍ਰੰਥ ਨੂੰ ਮੱਥਾ ਟੇਕਣ ਵਾਲਾ ਪਿਆਰ ਸਿੰਘ ਦੱਸੇਗਾ ਕਿ ਉਹ ਕਿਹੜੀ ਬੀੜ ਨੂੰ ਪ੍ਰਮਾਣੀਕ ਸਮਝ ਕੇ ਮੱਥਾ ਟੇਕਦਾ ਹੈ ? ਕੀ ਉਸਦੀ ਸ਼ਰਧਾ ਦੇ ਗਵਾਹ ਇਹ ਦੱਸ ਸਕਦੇ ਹਨ ? ਨਾਲ ਲੱਗਦਾ ਸਵਾਲ ਹੈ ਕਿ ਕੀ 'ਲੱਤੋਂ ਫੜ ਕੇ ਗਲੀਏਂ ਘਸੀਟਣ' ਨੂੰ ਵੀ ਮੱਥਾ ਟੇਕਣਾ ਆਖਦੇ ਹਨ ? ਜੇ ਕੋਈ ਬੀੜ ਵੀ ਪ੍ਰਮਾਣੀਕ ਨਹੀਂ ਤਾਂ ਕੀ ਹੁਣ ਪਿਆਰ ਸਿੰਘ ਪੰਜਵੇਂ ਪਾਤਿਸ਼ਾਹ ਨਾਲੋਂ ਵੱਧ ਸਮਰੱਥਾ ਰੱਖਦਾ ਹੈ, ਜੋ ਓਸ ਨੂੰ ਸੰਪੂਰਨ ਕਰੇਗਾ ?

ਈਮਾਨਦਾਰੀ ਨਾਲ ਖੋਜ ਕਰਨ ਦੇ ਦਾਅਵੇਦਾਰ ਜਾਣਦੇ ਹਨ ਕਿ ਤੱਥਾਂ ਅਤੇ ਸਮੱਗਰੀ ਦੀ ਪੁਣ-ਛਾਣ ਕਰ ਕੇ, ਘੋਖ ਪਰਖ ਕੇ ਖੋਜ ਭਾਵਨਾ ਬਣਾਈ ਜਾਂਦੀ ਹੈ। ਇਹ ਕਦੇ ਵੀ ਨਹੀਂ ਹੁੰਦਾ ਕਿ ਧਾਰਨਾ ਪਹਿਲਾਂ ਬਣਾ ਲਈ ਜਾਵੇ ਜਾਂ ਕਿਤੋਂ ਉਧਾਰੀ ਲੈ ਲਈ ਜਾਵੇ ਅਤੇ ਓਸ ਨੂੰ ਹਰੂੰ ਮਰੂੰ ਸਿੱਧ ਕਰਨ ਲਈ ਖੋਜ ਹੋਵੇ। ਦੋ ਦਹਾਕੇ ਪਹਿਲਾਂ ਬਣੀ ਮਨੋ-ਕਲਪਿਤ ਪੂਰਵ-ਧਾਰਨਾ ਦੇ ਖੰਭ ਦੀਆਂ ਡਾਰਾਂ ਬਣਾ ਬਣਾ ਤੋਰੀ ਜਾਣ ਨੂੰ ਖੋਜ ਨਹੀਂ ਕਿਹਾ ਜਾ ਸਕਦਾ।

ਪਿਆਰ ਸਿੰਘ ਦੀ ਖੋਜ ਸੰਬੰਧੀ ਬਹੁਤਾ ਸ਼ੋਰੋਗੁੱਲ ਲਫ਼ਜ਼ ਕੁਫ਼ਰ ਨੂੰ ਲੈ ਕੇ ਮਚਿਆ ਹੈ। ਇਕ ਵਿਦਵਾਨ ਸੱਜਣ ਕਹਿਣ ਲੱਗੇ ਕਿ ਲਫ਼ਜ਼ ਬੜਾ ਸਖ਼ਤ ਹੈ। ਜੇ ਸ਼ਬਦ ਸਖ਼ਤ ਅਤੇ ਮੁਲਾਇਮ ਹੁੰਦੇ ਤਾਂ ਲੁਗਾਤ ਕਿਤੋਂ ਕੇਲੇ ਵਰਗੀ ਕਿਤੋਂ ਪੱਥਰ ਵਰਗੀ ਹੁੰਦੀ, ਕਈ ਸ਼ਬਦਾਂ ਦੇ ਸੰਗਸਾਰ ਕੀਤੇ ਗਲੀਏਂ ਪਏ ਤੜਫਦੇ। ਪਰਖਣਾ ਇਹ ਬਣਦਾ ਹੈ ਕਿ ਲਫ਼ਜ਼ ਢੁੱਕਵਾਂ ਹੈ ਜਾਂ ਨਹੀਂ, ਕੀਤੀ ਕਰਤੂਤ ਦੀ ਸਹੀ ਤਸਵੀਰ ਵਿਖਾਉਂਦਾ ਹੈ ਜਾਂ ਨਹੀਂ ? ਜੋ ਕੁਝ ਪਿਆਰ ਸਿੰਘ ਤੇ ਪਸ਼ੌਰਾ ਸਿੰਘ ਨੇ ਕੀਤਾ ਹੈ, ਉਹ ਸ਼ਬਦਾਵਲੀ ਅਨੁਸਾਰ ਬਲਾਸਫੈਮੀ (blasphemy) ਦੀ ਜ਼ੱਦ ਵਿਚ ਆਉਂਦਾ ਹੈ। ਏਸ ਅੰਗਰੇਜ਼ੀ ਲਫ਼ਜ਼ ਦਾ ਪੰਜਾਬੀ ਸਮਾਨ-ਅੰਤਰ ਲਫ਼ਜ਼ ਹੈ 'ਧਰਮ ਨਿੰਦਿਆ', 'ਕੁਫ਼ਰ' ਜਾਂ 'ਗੁਰੂ ਨਿੰਦਿਆ'। ਕੁਫ਼ਰ ਕਾਨੂੰਨੀ ਸ਼ਬਦਾਵਲੀ ਹੈ ਅਤੇ ਏਸ ਦਾ ਬਦਲ ਨਹੀਂ। ਏਵੇਂ ਇਹ ਵੀ ਯਕੀਨੀ ਹੈ ਕਿ 'ਕੁਫ਼ਰ' ਕਾਨੂੰਨਨ ਜੁਰਮ ਹੈ ਅਤੇ ਜ਼ਮਾਨੇ ਦੇ ਹਰ ਦੌਰ ਵਿਚ ਕੁਫ਼ਰ ਦੀ ਸਜ਼ਾ ਸੰਸਾਰਿਕ ਜਾਂ ਧਾਰਮਿਕ ਅਦਾਲਤਾਂ ਦਿੰਦੀਆਂ ਆਈਆਂ ਹਨ ਅਤੇ ਅੱਗੋਂ ਸਦਾ ਦਿੰਦੀਆਂ ਰਹਿਣਗੀਆਂ। ਕਦੇ ਕੋਈ ਜੇਬ ਕਟੀਆ, ਮੱਕਾਰੀ ਦਾ ਬੁਰਕਾ ਪਾ ਕੇ ਮੁਆਫ਼ੀ ਮੰਗ ਕੇ ਕਾਨੂੰਨ ਦੀ ਜ਼ੱਦ ਤੋਂ ਬਚਦਾ ਕਿਸੇ ਨੇ ਵੇਖਿਆ ਹੈ ? ਜੇ ਇਉਂ ਹੋਣ ਲੱਗ ਪਵੇ ਤਾਂ ਕਾਨੂੰਨ ਹੀ ਪ੍ਰਭਾਵਹੀਣ ਨਹੀਂ ਹੋ ਜਾਵੇਗਾ ! ਏਥੇ ਉਹੀ ਜੰਗਲ ਦਾ ਰਾਜ ਪਰਤ ਆਵੇਗਾ, ਜਿਸ

ਵਿੱਚੋਂ ਮਨੁੱਖੀ ਸਭਿਅਤਾ ਸਦੀਆਂ ਦੇ ਤਰੱਦਦ ਪਿੱਛੋਂ ਉਭਰੀ ਹੈ। ਜੇ ਮੁਜਰਮ ਨੂੰ ਕੋਈ ਸਜ਼ਾ ਨਾ ਦਿੱਤੀ ਜਾ ਸਕੇ ਅਤੇ ਉਹ ਬੇ-ਖ਼ੌਫ਼ ਸਾਊਆਂ ਦੇ ਸਿਰ ਉੱਤੇ ਦਨਦਨਾਉਂਦਾ ਰਹੇ ਤਾਂ ਸਮਾਜ ਦਾ ਕੀ ਹਸ਼ਰ ਹੋਵੇਗਾ ? ਮੂੰਹ ਸੁਆਰ ਕੇ ਕਿਸੇ ਗੋਲ-ਮਟੋਲ ਗੱਲਾਂ ਕਰਨ ਵਾਲੇ ਨੇ ਕਦੇ ਏਸ ਤਰਫ਼ ਵੀ ਵਿਚਾਰ ਕੀਤੀ ਹੈ ?

ਪੱਛਮ ਵਿਚ ਸਿਖਿਆ ਪ੍ਰਾਪਤ ਵਿਤੰਡਾਵਾਦ ਸ਼ਾਸਤਰੀ ਤਾਂ ਪਤਾ ਨਹੀਂ ਕੀ ਆਖਣ, ਪਰੰਤੂ ਖੋਜ ਮਿਆਰਾਂ ਤੋਂ ਵਾਕਫ਼ ਗੁਰੂ ਦੀ ਟਕਸਾਲ ਦੇ ਚੰਡੇ ਸਿਖ ਭਲੀ ਭਾਂਤੀ ਜਾਣਦੇ ਹਨ ਕਿ ਅੰਨ੍ਹੇ ਸਾਂਚੇ (Model) ਉੱਤੇ ਮਾਰੀਆਂ ਅੰਨ੍ਹੀਆਂ ਸੱਟਾਂ ਖੋਜ ਨਹੀਂ, ਬਲਕਿ ਭੈਅ (ਅਨੁਸ਼ਾਸਨ) ਰਹਿਤ ਘੜੀ, ਕੱਚ ਨਾਲੋਂ ਕੱਚੀ ਘਾੜਤ ਹੈ। ਮਹਾਂਵਾਕ ਜਗਤ ਪ੍ਰਸਿੱਧ ਹਨ, "ਭੈ ਬਿਨੁ ਘਾੜਤ ਕਚੁ ਨਿਕਚ॥ ਅੰਧਾ ਸਚਾ ਅੰਧੀ ਸਟ॥" ਕੱਚੀ ਬਾਣੀ ਦੇ ਕੱਚ ਦੇ ਵਣਜਾਰੇ ਕਿਧਰੇ ਹੋਰ ਜਾ ਹੋਕਰੇ ਲਾਉਣ। ਇਹਨਾਂ ਦੇ ਕੂੜ ਦਾ ਖ਼ਰੀਦਦਾਰ ਏਥੇ ਹੈ ਨਹੀਂ। ਅਣਭੋਲ ਅਤੇ ਇਤਬਾਰ ਕਰਦੇ ਭੋਲੇ ਭਾਲੇ ਸ਼ਰਧਾਵਾਨਾਂ ਨੂੰ ਲਫ਼ਜ਼ੀ ਹੇਰਾ ਫੇਰੀ ਦੀਆਂ ਚੁਸਤੀਆਂ, ਚਲਾਕੀਆਂ ਰਾਹੀਂ ਵਰਗਲਾਉਣਾ ਨਾ ਕਿਸੇ ਖੋਜੀ ਦਾ ਕੰਮ ਹੈ, ਨਾ ਕਿਸੇ ਗਹਿਰ ਗੰਭੀਰ ਜਗਿਆਸੂ ਦਾ ਅਤੇ ਨਾ ਹੀ ਈਮਾਨਦਾਰ ਸਾਊ ਮਨੁੱਖ ਦਾ। ਜੇ ਖੋਜ ਸਾਰਥਿਕ ਹੈ ਅਤੇ ਸੱਚ ਪੱਲੇ ਹੈ ਤਾਂ ਮੱਕਾਰੀ ਦਾ ਬੁਰਕਾ ਕਿਸ ਕੰਮ ਦਾ ? ਸਭ ਦੇ ਪੜਦੇ ਕੱਜਣ ਵਾਲਾ ਯਕੀਨਨ ਤੁਹਾਡੀ ਵੀ ਪੈਜ ਰੱਖ ਲਵੇਗਾ ! ਪੱਤ ਪ੍ਰੇਮ ਦੇ ਪਟੋਲਿਆਂ ਨਾਲ ਢੱਕੀ ਜਾਂਦੀ ਹੈ, ਵਿਤੰਡਾਵਾਦ ਦੇ ਨਿਰਾਰਥਕ ਕਰਮ ਨਾਲ ਨਹੀਂ। ਹੈਂਕੜ ਨਾਲ ਤਾਂ ਬਿਲਕੁਲ ਹੀ ਨਹੀਂ। ਸਿੱਖੀ ਸੁਭਾਅ ਦੇ ਇਹ ਸਾਦੇ ਜਿਹੇ ਮਿਆਰ ਹਨ ਅਤੇ ਜੇ ਗਹੁ ਨਾਲ ਵਿਚਾਰੋ ਤਾਂ ਆਧੁਨਿਕ ਨਿਰਪੱਖ ਖੋਜ ਦੇ ਵੀ ਏਹੋ ਨੇਮ ਹਨ।

•

ਅਕਾਲ ਤਖ਼ਤ ਦਾ ਇਤਿਹਾਸਕ ਮਹੱਤਵ*

ਮੀਰੀ ਪੀਰੀ ਦਾ ਲਖਾਇਕ, ਸ੍ਰੀ ਅਕਾਲ ਤਖ਼ਤ, ਧਰਮ ਨਾਲ ਸੰਬੰਧਤ ਸੰਸਥਾਵਾਂ 'ਚੋਂ ਅਲੌਕਿਕ ਸੰਸਥਾ ਹੈ। 'ਅਕਾਲ' ਦਾ ਸ਼ਬਦੀ ਅਰਥ ਹੈ—ਉਹ ਜਿਸ ਨੂੰ ਕਾਲ ਨਾ ਖਾ ਸਕਦਾ ਹੋਵੇ ਤੇ ਇਨ੍ਹਾਂ ਅਰਥਾਂ ਵਿਚ ਇਹ ਉਸ ਅਕਾਲ ਪੁਰਖ ਦਾ ਤਖ਼ਤ ਹੈ, ਜਿਸ ਨੂੰ ਸਿੱਖੀ ਵਿਚ ਇੱਕੋ ਇਕ ਸਰਬ-ਸ਼ਕਤੀਮਾਨ ਸੱਚਾ ਪਾਤਿਸ਼ਾਹ ਮੰਨਿਆ ਗਿਆ ਹੈ। ਦੁਨਿਆਵੀ ਹਾਕਮਾਂ ਵੱਲੋਂ ਸਰਬ-ਸ਼ਕਤੀਮਾਨ ਹੋਣ ਦੇ ਦਾਅਵਿਆਂ ਨੂੰ ਝੂਠੇ ਅਤੇ ਖੋਖਲੇ ਦੱਸਿਆ ਗਿਆ ਹੈ "ਕੋਊ ਹਰਿ ਸਮਾਨਿ ਨਹੀ ਰਾਜਾ॥ ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥" ਸਾਰੀ ਮਨੁੱਖਤਾ ਦਾ ਸਾਂਝਾ ਮਾਤਾ-ਪਿਤਾ ਹੋਣ ਕਰ ਕੇ ਰਾਜਸੀ ਸ਼ਕਤੀ ਦੇ ਪ੍ਰਤੀਕ ਤਖ਼ਤ ਤੋਂ, ਉਹ ਅਕਾਲ ਪੁਰਖ ਸਭ ਮਨੁੱਖਾਂ ਦੇ ਸਾਂਝੇ ਭਲੇ ਲਈ, ਜਾਗੇ ਹੋਏ ਧਰਮੀ ਬੰਦਿਆਂ ਨੂੰ ਅਗਵਾਈ ਪ੍ਰਦਾਨ ਕਰਦਾ ਹੈ।

ਅਕਾਲ ਤਖ਼ਤ ਨਾਲ ਕੁੱਝ ਹੱਦ ਤਕ ਮਿਲਦੀ ਜੁਲਦੀ ਕਥਾ 'ਆਰਕ ਔਵ ਕਵੈਨੈਂਟ' ਦੀ ਹੈ, ਜਿਸ ਦਾ ਬਿਆਨ ਸੈਮੇਟਿਕ ਸਾਹਿਤ ਵਿਚ ਮਿਲਦਾ ਹੈ। ਕਾਨੂੰਨ ਦੀਆਂ ਧਾਰਾਵਾਂ ਦੇ ਭੰਡਾਰ ਵਜੋਂ ਇਹ ਰੱਬ ਦੇ ਤਖ਼ਤ ਦਾ ਦੂਜਾ ਰੂਪ ਮੰਨਿਆ ਜਾਂਦਾ ਸੀ। ਇਹ ਇਕ ਲੱਕੜ ਦਾ ਬਕਸਾ ਸੀ, ਜਿਸ ਉੱਤੇ ਸੋਨਾ ਚੜ੍ਹਿਆ ਹੋਇਆ ਸੀ। ਇਸ ਦੇ ਢੱਕਣ ਉੱਤੇ ਦੋ ਸੁਨਹਿਰੀ ਪੰਛੀ ਚੈਰੂਬਮ ਸਨ, ਜਿਨ੍ਹਾਂ ਦੇ ਫੈਲੇ ਹੋਏ ਅਤੇ ਉਪਰ ਵੱਲ ਉਠਦੇ ਖੰਭਾਂ ਉੱਤੇ ਜਿਉਵਾਹ (ਦੇਵਤਾ) ਬੈਠਦਾ ਹੁੰਦਾ ਸੀ, ਜਦੋਂ ਵੀ ਉਹ ਧਰਤੀ ਉੱਤੇ ਉਤਰਦਾ ਸੀ।

ਬੀਤੇ ਵਿਚ, ਅਕਾਲ ਤਖ਼ਤ ਪ੍ਰਤੀ ਅਗਿਆਨਤਾ ਕਾਰਣ, ਅਫ਼ਗਾਨਾਂ, ਮੁਗ਼ਲਾਂ ਤੇ ਬਰਤਾਨਵੀ ਸਾਮਰਾਜ ਨਾਲ ਖ਼ੂਨੀ ਟਕਰਾਅ ਵੀ ਹੋਏ। 1947 ਮਗਰੋਂ ਹਾਲਾਤ ਵਿਚ ਕੋਈ ਸੁਧਾਰ ਨਹੀਂ ਹੋਇਆ। ਅਕਾਲ ਤਖ਼ਤ ਅਤੇ ਸਰਕਾਰ ਵਿਚਕਾਰ ਸਿਖ ਇਤਿਹਾਸ ਦੀ ਸਭ ਤੋਂ ਵੱਡੀ ਖ਼ੂਨੀ ਟੱਕਰ ਜੂਨ 1984 ਵਿਚ ਹੋਈ। ਸ਼ਾਇਦ ਸਿੱਖਾਂ ਲਈ ਸਮਾਂ ਆ ਗਿਆ ਹੈ ਕਿ ਉਹ ਤਖ਼ਤ ਬਾਰੇ ਦੂਜੇ ਧਰਮਾਂ ਵਾਲਿਆਂ ਅਤੇ ਰਾਜਸੀ ਅਹਿਲਕਾਰਾਂ ਨੂੰ ਜਾਣਕਾਰੀ ਦੇਣ। ਮੀਰੀ ਪੀਰੀ ਦੇ ਜਿਸ ਸਿਧਾਂਤ ਦੀ ਬੁਨਿਆਦ ਉੱਤੇ ਇਹ ਤਖ਼ਤ ਖੜਾ ਹੈ, ਉਸ ਬਾਰੇ ਚਾਨਣ ਪਾਉਣ ਨਾਲ ਆਪਸੀ ਸੂਝ ਵਿਚ ਵਾਧਾ ਹੋ ਸਕਦਾ ਹੈ। ਘੱਟੋ ਘੱਟ ਇਸ ਨਾਲ ਭਵਿੱਖ ਦੇ ਕਿਸੇ ਟਕਰਾਅ ਨੂੰ ਸਭਿਅਕ ਧਰਾਤਲ 'ਤੇ ਲਿਜਾਣਾ ਜ਼ਰੂਰ ਸੰਭਵ ਹੋ ਜਾਏਗਾ।

---

* ਅਕਾਲ ਤਖ਼ਤ ਦੇ ਅਸਤਿਤ੍ਵ ਅਤੇ ਇਸ ਦੇ ਤਾਰੀਖ਼ੀ ਮਹੱਤਵ ਨੂੰ ਬਿਆਨ ਕਰਦਾ ਇਹ ਲੇਖ, ਇਸ ਮਹਾਨ ਸੰਸਥਾ ਬਾਰੇ ਕਈ ਪ੍ਰਚੱਲਤ ਭਰਾਂਤੀਆਂ ਨੂੰ ਨਵਿਰਤ ਕਰਦਾ ਹੈ। *ਸਪੋਕਸਮੈਨ ਵੀਕਲੀ* ਦੇ ਮਾਸਕ ਅੰਕ, ਫ਼ਰਵਰੀ 1999 ਵਿਚ ਛਪਿਆ।

ਅਕਾਲ ਤਖ਼ਤ ਦੇ ਰਹੱਸ ਨੂੰ ਸਮਝਣ ਲਈ ਇਸ ਦੇ ਇਤਿਹਾਸ ਨੂੰ ਅਤੇ ਉਸ ਧਾਰਮਿਕ ਫ਼ਲਸਫ਼ੇ ਨੂੰ ਸਮਝਣਾ ਜ਼ਰੂਰੀ ਹੈ, ਜੋ ਇਸ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ। ਇਹ ਮੀਰੀ ਪੀਰੀ ਦੇ ਸਿਧਾਂਤ ਦਾ ਮੁਜੱਸਮਾ ਹੈ, ਜੋ ਕਿ ਹਲਤ-ਪਲਤ ਦੀ ਏਕਤਾ ਦਾ ਸੁਨੇਹਾ ਦੇਣ ਵਾਲਾ ਸਿਧਾਂਤ ਹੈ। ਇਹ ਸਿਖ ਚੇਤਨਾ ਦਾ ਬਹੁਤ ਹੀ ਜ਼ਰੂਰੀ ਅੰਗ ਹੈ। ਵਾਹਿਗੁਰੂ ਸਾਰੀ ਕਾਇਨਾਤ ਦਾ ਜਨਮ ਦਾਤਾ ਅਤੇ ਪਾਲਣਹਾਰਾ ਹੈ। ਉਹ ਇਸਤਰੀ ਜਾਂ ਮਰਦ ਕਿਸੇ ਵੀ ਰੂਪ ਵਿਚ (ਕਿਉਂਕਿ ਸਿੱਖੀ ਵਿਚ ਦੁਹਾਂ ਵਿਚਕਾਰ ਕੋਈ ਅੰਤਰ ਨਹੀਂ) ਸਾਰੇ ਸੰਸਾਰੀ ਅਤੇ ਰੂਹਾਨੀ ਵਰਤਾਰੇ ਦਾ ਸ੍ਰੋਤ ਹੈ। ਲੋੜ ਤੋਂ ਵੱਧ ਮਾਇਆ ਵਿਚ ਖੱਚਤ ਹੋਣ ਕਰ ਕੇ ਮਨ ਵਿਚ ਉਪਜੇ ਵਿਗਾੜ ਨੂੰ ਹੀ ਬੁਰਾਈ ਦੱਸਿਆ ਗਿਆ ਹੈ। ਬੋਧੀ ਮੂਰਤੀ-ਕਲਾ ਵਿਚ, ਭਾਰੀ ਭਰਕਮ ਯਾਕਸ਼ੀ ਪੰਛੀ ਜੋ ਆਪਣੀਆਂ ਹੀ ਇਛਾਵਾਂ ਦੇ ਭਾਰ ਹੇਠ ਦੱਬਿਆ ਧਰਤੀ ਵੱਲ ਝੁਕ ਰਿਹਾ ਹੈ, ਮਨੁੱਖ ਦੀ ਇਸ ਵਿਡੰਬਨਾ ਨੂੰ ਬਿਆਨ ਕਰਦਾ ਹੈ। ਇਸ ਵਿਗਾੜ ਸਦਕਾ ਹੀ ਅਕਾਲ ਪੁਰਖ ਦੀ ਰਜ਼ਾ ਨਾਲ ਟੱਕਰ ਅਟੱਲ ਹੋ ਜਾਂਦੀ ਹੈ। ਇਸ ਟੱਕਰ ਨੂੰ ਸਹਿਜ ਸੁਭਾਅ ਰੋਕਣਾ ਹੀ ਧਰਮ ਦੇ ਪ੍ਰਚਾਰ ਅਤੇ ਸੁਚੱਜੀ ਪ੍ਰੇਰਨਾ ਦਾ ਮੁੱਖ ਕੰਮ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਸਦਾ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹੀ ਕਾਰਜ ਹੈ।

ਬੁਰਾਈ ਦੇ ਪਸਾਰੇ ਨਾਲ ਰਾਜਸੀ, ਸਮਾਜਿਕ ਅਤੇ ਧਾਰਮਿਕ ਉਪੱਦਰ ਸ਼ੁਰੂ ਹੋ ਜਾਂਦਾ ਹੈ, ਜੋ ਕਿ ਰੱਬ ਦੀ ਰਜ਼ਾ ਦੇ ਉਲਟ ਹੈ, ਜੋ ਹਰ ਮਨੁੱਖ ਨੂੰ ਵਿਚਾਰਾਂ ਦੀ ਸੁਤੰਤਰਤਾ, ਡਰ ਅਤੇ ਭੈਅ ਤੋਂ ਮੁਕਤੀ ਅਤੇ ਇਕ ਨਿਆਂ-ਆਧਾਰਿਤ ਸਮਾਜ ਵਿਚ ਰਹਿਣ ਦਾ ਅਧਿਕਾਰ ਦੇਂਦੀ ਹੈ। ਹਰ ਵਿਅਕਤੀ ਉੱਤੇ ਉਸ ਦੀ ਸ੍ਵੈ-ਇੱਛਾ ਨਾਲ ਅਤੇ ਉਸ ਦੇ ਭਲੇ ਲਈ ਹੀ ਰਾਜ ਸੱਤਾ ਦਾ ਬੋਝ ਪਾਇਆ ਜਾਣਾ ਚਾਹੀਦਾ ਹੈ। ਅਕਾਲ ਪੁਰਖ ਦੇ 'ਹੁਕਮ' ਦਾ ਰਾਹ ਰੋਕਣ ਵਾਲੀਆਂ ਰੁਕਾਵਟਾਂ ਤੋੜਨ ਦੀ ਮੰਗ ਕਰਨ ਵਾਲੀਆਂ ਸਥਿਤੀਆਂ ਆਪੇ ਪੈਦਾ ਹੋ ਜਾਂਦੀਆਂ ਹਨ। ਮਾਨਵੀ ਹੱਕਾਂ ਉੱਤੇ ਛਾਪੇ ਦਾ ਵਿਰੋਧ ਕਰਦਿਆਂ ਸ਼ਹੀਦੀ ਪ੍ਰਾਪਤ ਕਰਨਾ ਹੀ ਸਭ ਤੋਂ ਉੱਤਮ ਰੂਹਾਨੀ ਤਸਕੀਨ ਵਾਲੀ ਅਵਸਥਾ ਮੰਨੀ ਜਾਂਦੀ ਹੈ। ਬਾਬਰ ਦੇ ਹਮਲੇ ਸਮੇਂ ਗੁਰੂ ਨਾਨਕ ਵੱਲੋਂ ਉਚਾਰੀ ਬਾਣੀ, ਜੋ ਅਕਸਰ ਦੁਹਰਾਈ ਜਾਂਦੀ ਹੈ, ਉਸ ਦਾ ਇਹੀ ਅੰਤਰੀਵ ਭਾਵ ਹੈ। ਇਹ ਗੁਰੂ ਦਾ ਮੱਤ ਹੈ ਕਿ ਬੁਰਾਈ ਦਾ ਸਖ਼ਤੀ ਨਾਲ ਟਾਕਰਾ ਕੀਤਾ ਜਾਏ ਤੇ ਉਸ ਨੂੰ ਨਸ਼ਟ ਕੀਤਾ ਜਾਏ। ਸ੍ਵੈ-ਇੱਛਾ ਨਾਲ ਵਾਹਿਗੁਰੂ ਦੀ ਮਿਹਰ ਭਰੀ ਰਜ਼ਾ ਨੂੰ ਲਾਗੂ ਕਰਨ ਲਈ ਤਿਆਰ ਹੋਣਾ, ਉਸ ਨੂੰ ਮੂਰਤੀਮਾਨ ਕਰਨਾ ਹੈ ਅਤੇ ਸਿੱਖੀ ਦੀ ਵਿਚਾਰਧਾਰਾ ਦਾ ਨਿਚੋੜ ਹੈ।

ਅਕਾਲ ਪੁਰਖ ਨੂੰ ਉਪਰੋਕਤ ਵਿਚਾਰ ਦੀ ਰੌਸ਼ਨੀ ਵਿਚ ਚਿਤਵਿਆ ਗਿਆ ਹੈ। ਅੱਜ ਦੀ ਭਾਸ਼ਾ ਵਿਚ, ਇਹ ਧਾਰਮਿਕ ਤੌਰ 'ਤੇ ਜਾਗੇ ਹੋਏ ਉਨ੍ਹਾਂ ਲੋਕਾਂ ਦਾ ਮੁੱਖ ਕੇਂਦਰ ਹੈ, ਜੋ ਜ਼ੁਲਮ ਦਾ ਟਾਕਰਾ ਕਰਨ ਲਈ ਵਚਨਬੱਧ ਹਨ। ਆਦਰਸ਼ਕ ਤੌਰ 'ਤੇ ਇਸ ਦੀ ਕਾਰਜ ਸਮਰੱਥਾ ਦੀਆਂ ਹੱਦਾਂ ਸਾਰੇ ਧਾਰਮਿਕ, ਨਸਲੀ ਅਤੇ ਹੋਰ ਵਖਰੇਵਿਆਂ ਤੋਂ ਉਪਰ ਹਨ। ਇਸ ਦੀ ਦਿਲਚਸਪੀ ਬ੍ਰਹਿਮੰਡ ਵਿਆਪੀ ਹੈ, ਜੋ ਕਿ ਅਕਾਲ ਪੁਰਖ ਦੀ ਵੀ ਹੈ। ਇਸ ਤਰ੍ਹਾਂ ਦੇ ਪ੍ਰਭਾਵ ਅਧੀਨ ਸਿੱਖਾਂ ਨੇ ਸੱਚਮੁੱਚ ਦੇ ਹੈਰਾਨੀਜਨਕ ਕਾਰਨਾਮੇ ਕਰ ਵਿਖਾਏ ਹਨ। ਉਨ੍ਹਾਂ ਨੇ ਚੰਗੇ ਕਿਲ੍ਹਾਬੰਦ ਕੀਤੇ ਨਗਰ ਕਸੂਰ ਉੱਤੇ ਇਕ ਇਕੱਲੀ ਉਧਾਲੀ ਗਈ ਬ੍ਰਾਹਮਣ ਲੜਕੀ ਨੂੰ ਛੁਡਾਉਣ ਲਈ ਹੱਲਾ ਬੋਲ ਦਿੱਤਾ ਅਤੇ ਅਜਿਹੇ ਹੀ ਇਕ ਮਾਮਲੇ ਵਿਚ ਤਿੰਨ ਦਰਿਆਵਾਂ ਨੂੰ ਪਾਰ ਕਰ ਗਏ। ਪਾਣੀਪਤ ਦੀ ਤੀਜੀ ਲੜਾਈ ਦਾ ਜੇਤੂ

ਅਹਿਮਦ ਸ਼ਾਹ ਅਬਦਾਲੀ ਜਦੋਂ 22,000 ਇਸਤਰੀਆਂ ਚੁੱਕ ਕੇ ਲੁੱਟ ਦੇ ਮਾਲ ਵਜੋਂ ਨਾਲ ਲਿਜਾ ਰਿਹਾ ਸੀ ਤਾਂ ਅਕਾਲ ਤਖ਼ਤ ਦੇ ਇਕ ਮਤੇ ਤੋਂ ਸੇਧ ਲੈ ਕੇ ਉਨ੍ਹਾਂ ਅਬਦਾਲੀ ਉੱਤੇ ਹਮਲਾ ਕਰ ਦਿੱਤਾ। ਅਗਲੇ ਹੀ ਸਾਲ ਗ਼ੁੱਸੇ ਵਿਚ ਲੋਹੇ ਲਾਖੇ ਹੋਏ ਅਬਦਾਲੀ ਨੇ ਉਨ੍ਹਾਂ ਦਾ ਦਰਬਾਰ ਸਾਹਿਬ ਢਾਹ ਦਿੱਤਾ ਤੇ 60,000 ਸਿੱਖਾਂ ਨੂੰ ਜਾਨਾਂ ਦੇਣੀਆਂ ਪਈਆਂ। ਹੁਣੇ ਪਿੱਛੇ ਜਿਹੇ ਅੰਗਰੇਜ਼ ਸਰਕਾਰ ਵਿਰੁੱਧ ਸਾਰੇ ਸ਼ਾਂਤਮਈ ਮੋਰਚੇ ਅਕਾਲ ਤਖ਼ਤ ਤੋਂ ਹੀ ਜਾਰੀ ਹੁੰਦੇ ਰਹੇ। 1947 ਮਗਰੋਂ ਵੀ ਇਹ ਰਵਾਇਤ ਜਾਰੀ ਰੱਖੀ ਗਈ।

ਕਿਸੇ ਵੀ ਹਾਲਤ ਵਿਚ ਸਿੱਖਾਂ ਨੇ ਅਕਾਲ ਤਖ਼ਤ ਉੱਤੇ ਆਜ਼ਾਦੀ ਨਾਲ ਜੁੜ ਬੈਠਣ, ਖੁੱਲ੍ਹ ਕੇ ਵਿਚਾਰਾਂ ਕਰਨ ਅਤੇ ਉਨ੍ਹਾਂ ਦੀ ਮਰਜ਼ੀ ਵਿਰੁੱਧ ਉਨ੍ਹਾਂ ਉੱਤੇ ਰਾਜ ਕਰਨ ਵਾਲਿਆਂ ਦਾ ਡੱਟ ਕੇ ਮੁਕਾਬਲਾ ਕਰਨ ਦਾ ਆਪਣਾ ਅਧਿਕਾਰ ਨਹੀਂ ਛਡਿਆ।

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਗੁਰੂ ਦੀ ਵਸੀਅਤ ਮੁਤਾਬਿਕ ਅਕਾਲ ਤਖ਼ਤ ਦੀ ਉਸਾਰੀ 1606 ਵਿਚ ਕੀਤੀ ਗਈ। ਛੇਵੇਂ ਗੁਰੂ ਨੂੰ ਉਨ੍ਹਾਂ ਦੀ ਹਦਾਇਤ ਸੀ ਕਿ ਮੁਗ਼ਲ ਹਕੂਮਤ ਦੇ ਜ਼ੁਲਮ ਦਾ ਟਾਕਰਾ ਹਥਿਆਰਾਂ ਨਾਲ ਕੀਤਾ ਜਾਵੇ। ਤਖ਼ਤ ਦੀ ਉਸਾਰੀ ਗੁਰੂ ਨੇ ਆਪ ਅਤੇ ਸਿਖ ਵਿਦਵਾਨ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਨੇ ਕੀਤੀ, ਜੋ ਗੁਰੂ ਨਾਨਕ ਤੋਂ ਲੈ ਕੇ ਗੁਰੂ ਹਰਿਗੋਬਿੰਦ ਤਕ ਨੂੰ ਗੁਰਗੱਦੀ 'ਤੇ ਬਿਠਾਉਣ ਦੀ ਰਸਮ ਅਦਾ ਕਰਦੇ ਰਹੇ ਸਨ। *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਅਨੁਸਾਰ, "ਕਿਸੇ ਚੌਥੇ ਵਿਅਕਤੀ ਨੂੰ ਇਸ ਦੀ ਉਸਾਰੀ ਵਿਚ ਸ਼ਾਮਿਲ ਨਹੀਂ ਸੀ ਕੀਤਾ ਗਿਆ।" ਇਸ ਰਾਹੀਂ ਸੁਨੇਹਾ ਇਹੀ ਦਿੱਤਾ ਗਿਆ ਕਿ ਪਵਿੱਤਰ ਅਸਥਾਨ (ਦਰਬਾਰ ਸਾਹਿਬ) ਵਿਚਲੇ ਸਾਰੇ ਨਵੇਂ ਵਾਧੇ ਸ਼ੁਰੂ ਵਿਚ ਬਣਾਈ ਯੋਜਨਾ ਅਨੁਸਾਰ ਹੀ ਸਨ। ਭਾਈ ਗੁਰਦਾਸ ਨੇ ਆਪਣੀ ਇਕ ਰਚਨਾ ਵਿਚ ਬਾਹਰੋਂ ਨਜ਼ਰ ਆਉਂਦੇ ਗੁਰੂ ਹਰਿਗੋਬਿੰਦ ਸਾਹਿਬ ਦੇ ਵੱਖਰੇ (ਲੜਾਕੂ) ਅੰਦਾਜ਼ ਦਾ ਜ਼ਿਕਰ ਕਰ ਕੇ ਲਿਖਿਆ ਹੈ ਕਿ ਇਹ ਸਿੱਖੀ ਦੇ ਮੁੱਢ ਤੋਂ ਪ੍ਰਚਾਰੇ ਜਾਂਦੇ ਰਹੇ ਸਿਧਾਂਤਾਂ ਤੋਂ ਹੱਟ ਕੇ ਕੁਝ ਨਹੀਂ ਸੀ।

ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰ ਕੇ ਹਰ ਰੋਜ਼ ਸ੍ਰੀ ਅਕਾਲ ਤਖ਼ਤ ਉੱਤੇ ਸੁਸ਼ੋਭਿਤ ਹੋਣ ਦੀ ਰੀਤ ਚਲਾਈ। ਨੇਕੀ ਲਈ ਲੜਨ ਵਾਲੇ ਸੂਰਮਿਆਂ ਦੀ ਉਸਤਤ ਵਿਚ ਵਾਰਾਂ ਗਾਉਣ ਦੀ ਪ੍ਰਥਾ ਤਖ਼ਤ ਤੋਂ ਚਾਲੂ ਕੀਤੀ ਗਈ। ਤਖ਼ਤ ਤੋਂ ਹੁਕਮਨਾਮੇ ਜਾਰੀ ਕਰ ਕੇ, ਗੁਰੂ ਜੀ ਨੇ ਬਹਾਦਰੀ ਦੇ ਕਾਰਨਾਮਿਆਂ ਨੂੰ ਉਤਸ਼ਾਹਿਤ ਕੀਤਾ। ਸਭ ਤੋਂ ਪਹਿਲੇ ਹੁਕਮਨਾਮੇ, ਜੋ ਉਪਲਬਧ ਹਨ, ਉਹ ਆਪ ਵੱਲੋਂ ਹੀ ਜਾਰੀ ਹੋਏ ਸਨ। ਆਪ ਨੇ ਭੇਟਾ ਵਜੋਂ ਤਖ਼ਤ ਵੱਲੋਂ ਕਾਇਮ ਕੀਤੀ ਜਾ ਰਹੀ ਫ਼ੌਜ ਦੀ ਵਰਤੋਂ ਲਈ ਸ਼ਸਤਰ ਅਤੇ ਘੋੜੇ ਭੇਜਣ ਦੀ ਹਦਾਇਤ ਵੀ ਕੀਤੀ। ਮਾਹਰਾਂ ਦੀ ਨਿਗਰਾਨੀ ਹੇਠ ਜੰਗੀ ਮਸ਼ਕਾਂ, ਘੋੜ ਸਵਾਰੀ ਅਤੇ ਤੀਰ-ਅੰਦਾਜ਼ੀ ਸਿਖਾਈ ਜਾਂਦੀ ਰਹੀ। ਚੋਖੀ ਤਿਆਰੀ ਉਪਰੰਤ ਗੁਰੂ ਜੀ ਨੇ ਮੁਗ਼ਲਾਂ ਵਿਰੁੱਧ ਤਿੰਨ ਲੜਾਈਆਂ ਲੜੀਆਂ। ਉਨ੍ਹਾਂ ਦੇ ਮਗਰਲੇ ਤਿੰਨ ਗੁਰੂਆਂ ਨੇ ਲੜਾਈਆਂ ਨਹੀਂ ਲੜੀਆਂ, ਪਰ 2200 ਚੰਗੇ ਸੁਸਿਖਿਅਤ ਘੋੜ-ਸਵਾਰਾਂ ਦੀ ਫ਼ੌਜ ਕਾਇਮ ਰੱਖੀ, ਜੋ ਜ਼ੁਲਮ ਦਾ ਟਾਕਰਾ ਕਰਨ ਦੇ ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਦੀ ਸੂਚਕ ਸੀ।

ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਦੀ ਸ਼ਹਾਦਤ ਮਗਰੋਂ ਸਰਗਰਮ ਮੁਕਾਬਲੇ ਫਿਰ ਤੋਂ ਸ਼ੁਰੂ ਕਰ ਦਿੱਤੇ। ਭਾਵੇਂ ਗੁਰੂ ਹਰਿਗੋਬਿੰਦ ਸਾਹਿਬ ਮਗਰੋਂ ਕੋਈ ਗੁਰੂ ਤਖ਼ਤ 'ਤੇ ਨਹੀਂ ਬੈਠੇ, ਪਰ ਉਨ੍ਹਾਂ ਨੇ ਹੁਕਮਨਾਮੇ ਜਾਰੀ ਕਰਨ ਦੀ ਪ੍ਰਥਾ ਜਾਰੀ ਰੱਖੀ।

ਇਹ ਬਿਲਕੁਲ ਜਾਇਜ਼ ਸੀ, ਕਿਉਂਕਿ ਤਖ਼ਤ ਉਥੇ ਹੀ ਸੀ, ਜਿਥੇ ਗੁਰੂ ਸੀ। ਇਕ ਜ਼ਰੂਰੀ ਹੁਕਮਨਾਮਾ ਗੁਰੂ ਜੀ ਨੇ ਉਦੋਂ ਜਾਰੀ ਕੀਤਾ, ਜਦੋਂ ਚਾਰ ਦਿਨ ਦੀ ਲੰਮੀ ਥਕਾ ਦੇਣ ਵਾਲੀ ਯਾਤਰਾ ਮਗਰੋਂ ਕਿਸੇ ਨਾ-ਮਾਲੂਮ ਸਥਾਨ 'ਤੇ ਸਨ ਤੇ ਇਸ ਤਰ੍ਹਾਂ ਉਨ੍ਹਾਂ ਨੇ 'ਤਖ਼ਤੇ ਰਵਾਂ' (ਚਲਦਾ ਤਖ਼ਤ) ਦੀ ਪ੍ਰਥਾ ਸ਼ੁਰੂ ਕੀਤੀ। ਇਹ ਪ੍ਰਥਾ ਖ਼ਾਲਸੇ ਦੇ ਬੜੇ ਕੰਮ ਆਈ, ਜਦੋਂ ਗੁਰੂ-ਪਦ ਖ਼ਾਲਸੇ ਨੂੰ ਮਿਲ ਗਿਆ। ਹਾਕਮਾਂ ਨਾਲ ਟੱਕਰ ਲੈਣ ਦਾ ਮੁੱਖ ਟਿਕਾਣਾ ਬੜੇ ਔਖੇ ਤੇ ਭੀਆਵਲੇ ਰਾਹਾਂ 'ਤੇ ਕਈ ਵਾਰ ਲਿਜਾਣਾ ਪਿਆ ਤੇ ਬਦਲਣਾ ਪਿਆ ਜਿਥੇ ਪਹੁੰਚਣਾ ਵੀ ਮੁਸ਼ਕਲ ਸੀ। ਕਈ ਵਾਰ ਤਖ਼ਤ ਦੀ ਹੋਂਦ ਉਦੋਂ ਲੱਖੀ ਜੰਗਲ ਦੇ ਕੰਡਿਆਲੇ ਰਾਹਾਂ 'ਤੇ, ਰਾਜਸਥਾਨ ਦੇ ਰੇਤੀਲੇ ਮੈਦਾਨਾਂ ਵਿਚ ਅਤੇ ਸ਼ਿਵਾਲਿਕ ਪਹਾੜੀਆਂ ਦੇ ਟੋਇਆਂ, ਖੋਭਿਆਂ ਵਿਚ ਹੁੰਦੀ ਸੀ।

ਅਕਾਲ ਤਖ਼ਤ ਦੁਬਾਰਾ 1710 ਤੋਂ 1845 ਤਕ ਸਿੱਖਾਂ ਕੋਲ ਰਿਹਾ। ਇਹ ਸੁਨਹਿਰੀ ਸਮਾਂ ਸੀ, ਜਿਸ ਵਿਚ ਇਸ ਦੀ ਕਾਰਜ-ਸ਼ੈਲੀ ਦੀਆਂ ਬਹੁਤੀਆਂ ਰਵਾਇਤਾਂ ਹੋਂਦ ਵਿਚ ਆਈਆਂ। ਕਈ ਬੜੇ ਇਤਿਹਾਸਕ ਨਿਰਣੇ ਲਏ ਗਏ। ਅਫ਼ਗਾਨ ਸਾਮਰਾਜ (ਜਿਸ ਵਿਚ ਸਾਰਾ ਪੰਜਾਬ, ਜੰਮੂ ਅਤੇ ਕਸ਼ਮੀਰ ਸ਼ਾਮਿਲ ਸਨ) ਉੱਤੇ ਕਬਜ਼ਾ ਕਰਨ ਦੇ ਫ਼ੈਸਲੇ ਲਏ ਗਏ। ਅੰਦਰੂਨੀ ਤੌਰ 'ਤੇ ਦਲ ਖ਼ਾਲਸਾ ਜਾਂ ਸਿਖ ਫ਼ੌਜ ਦਾ ਪੁਨਰ-ਗਠਨ ਕੀਤਾ ਗਿਆ। ਬੰਦਾ ਬਹਾਦਰ ਦੇ ਕੁਝ ਭੁੱਲੜ ਸਾਥੀਆਂ ਦੇ ਮਨਮਤੀ ਵਿਚਾਰਾਂ ਵਾਲੇ ਸਾਥੀਆਂ ਦੇ ਯਤਨਾਂ ਨੂੰ ਦਬਾਅ ਦਿੱਤਾ ਗਿਆ। ਸਿੱਖਾਂ ਦੇ ਧਾਰਮਿਕ ਅਨੁਸ਼ਾਸਨ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੇ ਢੰਗ ਵੀ ਤਿਆਰ ਕਰ ਲਏ ਗਏ।

ਖ਼ਾਲਸਾ ਜੀ ਨੂੰ ਗੁਰੂ-ਪਦ ਮਿਲਣ ਦੇ ਨਤੀਜੇ ਵਜੋਂ, ਇਹ ਗੱਲ ਪ੍ਰਵਾਨ ਕਰ ਲਈ ਗਈ ਕਿ ਸਿੱਖਾਂ ਸੰਬੰਧੀ ਮਹੱਤਵਪੂਰਨ ਫ਼ੈਸਲੇ ਸਾਰੇ ਸਿੱਖਾਂ ਵੱਲੋਂ ਸਾਂਝੇ ਤੌਰ 'ਤੇ ਅਰਥਾਤ ਸਰਬੱਤ ਖ਼ਾਲਸਾ ਵੱਲੋਂ ਲਏ ਜਾਣ। ਖ਼ਾਲਸੇ ਦੀ ਇਕੱਤਰਤਾ ਵਿਚ ਸਾਰੇ ਸਿਖ ਬਰਾਬਰ ਸਨ ਅਤੇ ਫ਼ੈਸਲੇ ਸਰਬ-ਸੰਮਤੀ ਨਾਲ ਲਏ ਜਾਂਦੇ ਸਨ, ਪਰ ਇਹ ਯਕੀਨੀ ਜ਼ਰੂਰ ਬਣਾ ਲਿਆ ਜਾਂਦਾ ਸੀ ਕਿ ਇਹ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਅਨੁਸਾਰ ਹੋਣ। ਸਾਰਿਆਂ ਨੂੰ ਆਪਣੀ ਰਾਏ ਪ੍ਰਗਟ ਕਰਨ ਦਾ ਬਰਾਬਰ ਹੱਕ ਸੀ, ਜਦ ਤਕ ਕਿ ਫ਼ੈਸਲੇ ਨੂੰ ਗੁਰਮਤੇ ਦੇ ਰੂਪ ਵਿਚ ਲਿਖਤੀ ਰੂਪ ਨਹੀਂ ਸੀ ਦਿੱਤਾ ਜਾਂਦਾ। ਇਸ ਉਪਰੰਤ ਇਸ ਨੂੰ ਜਥੇਦਾਰ ਦੇ ਹਵਾਲੇ ਕੀਤਾ ਜਾਂਦਾ ਸੀ, ਜੋ ਇਸ ਬਾਰੇ ਐਲਾਨ ਕਰਦਾ ਸੀ ਤੇ ਇਸ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹੁੰਦਾ ਸੀ।

ਜਦੋਂ ਸਿੱਖਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੋ ਗਿਆ ਤਾਂ ਸਾਰੇ ਸਿੱਖਾਂ ਦੀ ਇਕੱਤਰਤਾ ਬੁਲਾਉਣੀ ਅਸੰਭਵ ਹੋ ਗਈ। 'ਸਰਬੱਤ ਖ਼ਾਲਸਾ' ਦਾ ਅਰਥ 'ਆਗੂਆਂ ਦੀ ਪ੍ਰਤੀਨਿਧ ਇਕੱਤਰਤਾ' ਲਿਆ ਜਾਣ ਲੱਗਾ। ਇਸ ਵਿਚ ਸ਼ਾਮਿਲ ਹੋਣ ਤੋਂ ਪਹਿਲਾਂ ਸਰਦਾਰ ਆਪਣੇ ਸਾਥੀਆਂ ਦੀ ਰਾਏ ਜਾਣ ਲੈਂਦੇ ਸਨ। ਇਸ ਤਰ੍ਹਾਂ ਸਿੱਧਾ ਲੋਕਰਾਜ, ਪ੍ਰਤੀਨਿਧ ਲੋਕਰਾਜ ਵਿਚ ਬੜੀ ਆਸਾਨੀ ਨਾਲ ਤਬਦੀਲ ਹੋ ਗਿਆ। ਭਾਈ ਮਨੀ ਸਿੰਘ ਦੀ ਸ਼ਹਾਦਤ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਸਰਬੱਤ ਖ਼ਾਲਸਾ ਵੱਲੋਂ ਆਪਸੀ ਸਹਿਮਤੀ ਨਾਲ ਥਾਪੇ ਜਾਣ ਲੱਗੇ।

ਸਿਖ ਰਾਜ ਸਮੇਂ, ਅਕਾਲ ਤਖ਼ਤ ਦੇ ਰਖਵਾਲੇ ਅਕਾਲੀ ਸੋਚੀ ਸਮਝੀ ਯੋਜਨਾ ਅਧੀਨ ਰਣਜੀਤ ਸਿੰਘ ਪ੍ਰਤੀ ਅਪਮਾਨਜਨਕ ਢੰਗ ਨਾਲ ਵਿਹਾਰ ਕਰਦੇ ਰਹੇ, ਭਾਵੇਂ ਕਿ ਉਹ ਉਸ ਨੂੰ 'ਸਰਕਾਰ ਖ਼ਾਲਸਾ ਜੀਓ' ਦਾ ਮੁਖੀ ਪ੍ਰਵਾਨ ਕਰਦੇ ਸਨ। ਐਮਿਲੀ ਈਡਨ

ਲਿਖਦੀ ਹੈ ਕਿ ਉਹ ਅਕਸਰ ਉਸ ਨਾਲ ਧੌਲ-ਧੱਪਾ ਵੀ ਕਰਦੇ ਰਹਿੰਦੇ ਸਨ ਤੇ ਉਸ ਦੇ ਬਾਡੀਗਾਰਡ ਬੜੀ ਮੁਸ਼ਕਲ ਨਾਲ ਉਸ ਨੂੰ ਅਕਾਲੀਆਂ ਤੋਂ ਬਚਾਂਦੇ ਸਨ। ਉਹ ਰਣਜੀਤ ਸਿੰਘ ਨੂੰ ਨੁਕਸਾਨ ਨਹੀਂ ਸੀ ਪਹੁੰਚਾਣਾ ਚਾਹੁੰਦੇ, ਪਰ ਉਸ ਨੂੰ ਲਗਾਤਾਰ ਯਾਦ ਕਰਵਾਉਂਦੇ ਰਹਿਣਾ ਚਾਹੁੰਦੇ ਸਨ ਕਿ ਖ਼ਾਲਸਾ ਸਦਾ ਸੁਤੰਤਰ ਹੈ ਤੇ ਰਣਜੀਤ ਸਿੰਘ ਕੇਵਲ ਉਨ੍ਹਾਂ ਦੀ ਮਰਜ਼ੀ ਨਾਲ ਹੀ ਉਨ੍ਹਾਂ ਉੱਤੇ ਰਾਜ ਕਰਦਾ ਹੈ। ਰਣਜੀਤ ਸਿੰਘ ਵੱਲੋਂ ਲੜੀਆਂ ਗਈਆਂ ਲੜਾਈਆਂ ਵਿਚ ਜਥੇਦਾਰ ਅਕਾਲ ਤਖ਼ਤ ਦੀ ਅਗਵਾਈ ਹੇਠ ਇਹੀ ਅਕਾਲੀ ਅਗਲੀ ਕਤਾਰ ਵਿਚ ਹੋ ਕੇ ਜੂਝਦੇ ਸਨ। ਧਾਰਮਿਕ ਖੇਤਰ ਵਿਚ ਅਕਾਲ ਤਖ਼ਤ ਨੇ ਆਪਣੀ ਸੁਤੰਤਰਤਾ ਦਾ ਪ੍ਰਗਟਾਵਾ ਕੀਤਾ ਤੇ ਇਸ ਦਾ ਐਲਾਨ ਇਸ ਤਰ੍ਹਾਂ ਕੀਤਾ ਕਿ ਰਣਜੀਤ ਸਿੰਘ ਨੂੰ ਵੀ ਜਵਾਬ ਦੇਣ ਲਈ ਬੁਲਾ ਭੇਜਿਆ। ਇਕ ਵਾਰ ਉਸ ਨੂੰ ਦਰੱਖ਼ਤ ਨਾਲ ਬੰਨ੍ਹ ਕੇ ਕੋਰੜੇ ਮਾਰਨ ਦਾ ਹੁਕਮ ਵੀ ਸੁਣਾਇਆ ਗਿਆ। ਰਣਜੀਤ ਸਿੰਘ ਨੂੰ ਸੱਚਮੁੱਚ ਦਰੱਖ਼ਤ ਨਾਲ ਬੰਨ੍ਹਿਆ ਵੀ ਗਿਆ, ਪਰ ਕੋਰੜੇ ਮਾਰਨ ਦੀ ਸਜ਼ਾ ਮਾਫ਼ ਕਰ ਦਿੱਤੀ ਗਈ।

ਅੰਗਰੇਜ਼ ਸਰਕਾਰ ਨੇ ਅਕਾਲ ਤਖ਼ਤ ਦੇ ਜਥੇਦਾਰ ਆਪ ਥਾਪ ਕੇ, ਤਖ਼ਤ ਨੂੰ ਕਾਬੂ ਵਿਚ ਕਰਨ ਦਾ ਯਤਨ ਕੀਤਾ। ਉਹ ਕੁਝ ਸਮੇਂ ਲਈ ਸਫਲ ਵੀ ਰਹੇ, ਪਰ ਜਲ੍ਹਿਆਂਵਾਲਾ ਕਾਂਡ ਦੇ ਦੋਸ਼ੀ ਬ੍ਰਿਗੇਡੀਅਰ ਜਨਰਲ ਡਾਇਰ ਨੂੰ ਉਥੋਂ ਸਿਰੋਪਾਉ ਦਿਵਾ ਕੇ ਹੱਦਾਂ ਬੰਨੇ ਟੱਪ ਗਏ। ਨਤੀਜੇ ਵਜੋਂ, 1920 ਵਿਚ ਤਖ਼ਤ ਨੂੰ ਬਰਤਾਨਵੀ ਕੰਟਰੋਲ ਹੇਠੋਂ ਆਜ਼ਾਦ ਕਰਵਾ ਲਿਆ ਗਿਆ ਅਤੇ ਇਹ 'ਭਾਰਤ ਦੀ ਆਜ਼ਾਦੀ' ਲਈ ਕਈ ਸ਼ਾਂਤਮਈ ਲੜਾਈਆਂ ਦਾ ਆਰੰਭ ਸਥਾਨ ਬਣ ਗਿਆ। (ਮਹਾਤਮਾ ਗਾਂਧੀ)।

ਅੱਜ ਪ੍ਰਚੱਲਤ ਕਈ ਧਾਰਮਿਕ ਰਵਾਇਤਾਂ, ਇਸ ਦੀ ਉਪਰੋਕਤ ਆਜ਼ਾਦੀ ਮਗਰੋਂ, ਦੁਬਾਰਾ ਚਾਲੂ ਕਰ ਦਿੱਤੀਆਂ ਗਈਆਂ। ਅਨਿਆਂ ਅਤੇ ਜਬਰ ਦਾ ਮੁਕਾਬਲਾ ਕਰਨ ਲਈ ਲੜਨ ਵਾਲੇ ਵਾਲੰਟੀਅਰਾਂ ਦਾ ਇਹ ਫਿਰ ਤੋਂ ਕੇਂਦਰ ਬਣ ਗਿਆ। ਸਦੀਆਂ ਦੇ ਰੂਹਾਨੀ ਤਜਰਬੇ ਸਦਕਾ ਸਿੱਖਾਂ ਨੂੰ ਇਹ ਗੁੜ੍ਹਤੀ ਮਿਲੀ ਹੋਈ ਹੈ ਕਿ ਉਹ ਆਪਣੀ ਵਫ਼ਾਦਾਰੀ ਸਭ ਤੋਂ ਪਹਿਲਾਂ ਅਕਾਲ ਪੁਰਖ ਨੂੰ ਸੌਂਪਣ ਤੇ ਫਿਰ ਆਪਣੀ ਆਤਮਾ ਅਤੇ ਨੇਕ ਕੰਮਾਂ ਨੂੰ। ਰਾਜ, ਭਾਵੇਂ ਉਹ ਅਫ਼ਗਾਨਾਂ, ਮੁਗ਼ਲਾਂ, ਸਿੱਖਾਂ, ਅੰਗਰੇਜ਼ਾਂ ਜਾਂ ਭਾਰਤੀਆਂ ਦਾ ਹੋਵੇ, ਸਿੱਖਾਂ ਦੀ ਵਫ਼ਾਦਾਰੀ ਉੱਤੇ ਉਸ ਅਨੁਪਾਤ ਅਨੁਸਾਰ ਹੀ ਦਾਅਵਾ ਕਰ ਸਕਦਾ ਹੈ, ਜਿਸ ਅਨੁਪਾਤ ਨਾਲ ਉਹ ਉਨ੍ਹਾਂ ਆਦਰਸ਼ਾਂ ਪ੍ਰਤੀ ਵਚਨਬੱਧ ਹੈ। ਸਿਧਾਂਤਕ ਤੌਰ 'ਤੇ, ਜੇ ਕੱਲ ਨੂੰ ਸਿਖ ਰਾਜ ਹੋਂਦ ਵਿਚ ਆ ਜਾਏ ਤਾਂ ਵੀ ਸਥਿਤੀ ਇਹੀ ਰਹੇਗੀ।

ਇਹ ਗੱਲ ਹਿੰਦੁਸਤਾਨ ਦੀ ਸਥਿਰਤਾ ਅਤੇ ਅਖੰਡਤਾ ਲਈ ਜ਼ਰੂਰੀ ਹੈ ਕਿ ਸਿਖ ਵਿਚਾਰਧਾਰਾ ਦੇ ਇਸ ਪੱਖ ਨੂੰ ਸਮਝਿਆ ਜਾਵੇ। ਅਜੋਕੇ ਯੁਗ ਦੀ ਸਭ ਤੋਂ ਉਚੇਰੀ ਲੋਕਰਾਜੀ ਰਾਜਸੀ ਵਿਚਾਰਧਾਰਾ ਨਾਲ ਇਹ ਵਿਚਾਰ ਪੂਰੀ ਤਰ੍ਹਾਂ ਮੇਲ ਖਾਂਦੇ ਹਨ। ਸਿੱਖਾਂ ਦਾ ਇਹ ਵਿਸ਼ਵਾਸ ਕਿ ਰਾਜ ਲੋਕਾਂ ਦੀ ਭਲਾਈ ਲਈ ਕਾਇਮ ਕੀਤੀਆਂ ਸੰਸਥਾਵਾਂ ਵਿੱਚੋਂ ਇਕ ਹੈ ਅਤੇ ਇਸ ਨੂੰ ਲੋਕਾਂ ਦੀ ਮੁਕੰਮਲ ਨਿਵੇਕਲੀ ਵਫ਼ਾਦਾਰੀ ਉੱਤੇ ਹੱਕ ਨਹੀਂ ਜਤਾਣਾ ਚਾਹੀਦਾ, ਅਜੋਕੀ ਰਾਜਸੀ ਵਿਚਾਰਧਾਰਾ ਨਾਲੋਂ ਓਪਰਾ ਨਹੀਂ। ਅਕਾਲ ਤਖ਼ਤ ਵਰਗੀਆਂ ਸੰਸਥਾਵਾਂ ਰਾਜ ਨੂੰ ਵਾਰ ਵਾਰ ਇਹ ਯਾਦ ਕਰਵਾ ਕੇ ਮਜ਼ਬੂਤ ਹੀ ਕਰਦੀਆਂ ਹਨ ਕਿ ਵਫ਼ਾਦਾਰੀ ਸਦਾ ਕਮਾਈ ਜਾਂਦੀ ਹੈ। ਇਕ ਸੱਚੇ ਲੋਕਰਾਜ ਵਿਚ ਇਹ ਧਾਰਨਾ ਦਲੀਲ ਦੀ ਕਿਸੇ ਵੀ ਕਸਵੱਟੀ ਉੱਤੇ ਖਰੀ ਉਤਰ ਸਕਦੀ ਹੈ।

ਜਥੇਦਾਰਾਂ ਦੀ ਬਾਂਹ ਮਰੋੜਨ, ਸਿਖ ਲੀਡਰਾਂ ਨੂੰ ਖ਼ਰੀਦਣ, ਫੁੱਟ ਦੇ ਬੀਜ ਬੀਜਣ, ਗ਼ਲਤ ਸੂਚਨਾ ਰਾਹੀਂ ਲੋਕ-ਰਾਏ ਨੂੰ ਭੰਬਲਭੂਸੇ ਵਿਚ ਪਾਉਣ ਦੇ ਸਾਰੇ ਹਰਬੇ ਵੱਖ ਵੱਖ ਰੰਗਾਂ ਰੂਪਾਂ ਵਾਲੇ ਆਗੂਆਂ ਨੇ ਅਜ਼ਮਾ ਕੇ ਵੇਖ ਲਏ ਹਨ। ਕੀ ਅੱਜ ਦੇ ਸੱਤਾਧਾਰੀ ਏਨੇ ਸੂਝਵਾਨ ਹੋ ਗਏ ਹਨ ਕਿ ਅਰਥ-ਭਰਪੂਰ ਸੰਵਾਦ ਅਤੇ ਦਰਿਆ-ਦਿਲੀ ਦੇ ਜ਼ਿਆਦਾ ਭਰੋਸੇਯੋਗ ਬਦਲ ਨੂੰ ਅਜ਼ਮਾਉਣ ਲਈ ਆਪਣੇ ਆਪ ਨੂੰ ਤਿਆਰ ਕਰ ਸਕਣ ?

•

ਖ਼ਾਲਸੇ ਦੀ ਰਹਿਤ—ਕ੍ਰਿਪਾਨ*

ਖ਼ਾਲਸੇ ਦੀ ਰਹਿਤ ਨਾਲ ਸੰਬੰਧਤ ਦੋ ਅਹਿਮ ਨੁਕਤੇ ਹਨ: ਪਹਿਲਾ, ਕੀ ਅੰਤਮ ਸੱਚ ਜਾਣਿਆ ਜਾ ਸਕਦਾ ਹੈ ? ਦੂਜਾ ਇਹ ਕਿ ਇਸ ਨੂੰ ਕੌਣ ਜਾਣ ਸਕਦਾ ਹੈ, ਅਤੇ ਇਹ ਕਿਸ ਦੀ ਮਲਕੀਅਤ ਹੈ ? ਖ਼ਾਸ ਤੌਰ 'ਤੇ ਸਾਮੀ ਧਰਮਾਂ ਨੂੰ ਮੰਨਣ ਵਾਲੇ ਯਹੂਦੀਆਂ, ਈਸਾਈਆਂ ਅਤੇ ਮੁਸਲਮਾਨਾਂ ਦਾ ਇਹ ਦ੍ਰਿੜ੍ਹ ਨਿਸ਼ਚਾ ਹੈ ਕਿ ਸੱਚ ਜਾਣਿਆ ਜਾ ਸਕਦਾ ਹੈ ਤੇ ਉਨ੍ਹਾਂ ਦੇ ਪੈਗ਼ੰਬਰਾਂ ਨੇ ਇਸ ਨੂੰ ਮੁਕੰਮਲ ਤੌਰ 'ਤੇ ਜਾਣ ਲਿਆ ਹੈ; ਅਤੇ ਹੁਣ ਇਹ ਉਨ੍ਹਾਂ ਦੇ ਪੈਰੋਕਾਰਾਂ ਦੀ ਹੀ ਨਵੇਕਲੀ ਮਲਕੀਅਤ ਹੈ। ਤਬਲੀਗ਼ ਦੇ ਚਾਅ ਵਿਚ ਗਾਨੇ ਬੰਨ੍ਹ ਕੇ ਖੰਡਾ ਵਾਹੁੰਦੇ ਗ਼ਾਜ਼ੀਆਂ ਤੋਂ ਲੈ ਕੇ ਨਰਭਖਣੇ ਕਬੀਲਿਆਂ ਵਿਚ ਸਿਰ ਤਲੀ ਉੱਤੇ ਰੱਖ ਕੇ ਅੰਜੀਲਾਂ ਵੰਡਦੇ ਪਾਦਰੀਆਂ ਦਾ ਮੁੱਢਲਾ ਪ੍ਰੇਰਨਾ ਸ੍ਰੋਤ ਇਹੋ ਸਿਧਾਂਤ ਹੈ।

ਤਕਰੀਬਨ ਇਹੋ ਨਿਸ਼ਚਾ ਪ੍ਰਮੁਖ ਆਰੀਆ ਧਰਮਾਂ ਦਾ ਹੈ। ਬ੍ਰਾਹਮਣਵਾਦ ਇਕ ਕਦਮ ਅਗਾਂਹ ਹੈ। ਇਸ ਦਾ ਯਕੀਨ ਹੈ ਕਿ ਵੇਦਾਂ ਦੇ ਪੂਰਨ ਸੱਚ ਦੇ ਅਸਲ ਵਾਰਿਸ ਕੇਵਲ ਇਕ ਭੂਗੋਲਿਕ ਖਿਤੇ ਦੇ ਲੋਕ ਹੀ ਹਨ। ਗਾਡੀ ਰਾਹ ਅਖਵਾਉਣ ਵਾਲੇ ਸਿਖ ਧਰਮ ਦੀ ਮੁੱਢਲੀ ਧਾਰਨਾ ਹੈ, "ਤੂ ਅਮਿਤਿ ਅਤੋਲੁ ਅਪਰੰਪਰ ਸੁਆਮੀ ਬਹੁ ਜਪੀਐ ਥਾਹ ਨ ਪਾਇਆ ॥" ਅਤੇ "ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥" ਕਿਸੇ ਕੋਲ ਭੀ ਮੁਕੰਮਲ ਸੱਚ ਨਹੀਂ ਹੈ। ਸਾਰੀ ਮਨੁੱਖਤਾ ਦਾ ਆਧਾਰ ਬਣਨ ਵਾਲਾ ਸੱਚ ਕੇਵਲ ਸਾਰੇ ਧਰਮਾਂ ਦੇ ਪੈਗ਼ੰਬਰਾਂ ਰਾਹੀਂ ਦਰਸਾਏ ਸੱਚ ਦਾ ਸੁਚੱਜਾ ਸੁਮੇਲ ਹੀ ਹੋ ਸਕਦਾ ਹੈ। ਕਿਸੇ ਨਵੇਕਲੇ ਸੱਚ ਨੂੰ ਪ੍ਰਚਾਰਨ ਦਾ ਦਾਈਆ ਨਿਰਮੂਲ ਹੈ। ਪਰਮ ਪੁਰਖ ਦੀ ਮਰਜ਼ੀ ਇਹੋ ਹੈ ਕਿ ਅਜਿਹੇ ਸਰਬ ਸਾਂਝੇ ਸੱਚ ਉੱਤੇ ਆਧਾਰਿਤ ਮਨੁੱਖ ਮਾਤਰ ਦੇ ਸਾਂਝੇ ਸਮਾਜ ਦਾ ਸਾਂਝਾ ਸਭਿਆਚਾਰ ਉਸਰੇ। "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥" ਦਾ ਅੰਤਰੀਵ ਭਾਵ ਇਹੋ ਹੈ। ਅਜਿਹੇ 'ਬੇਗਮਪੁਰੇ' ਲਈ ਢੁਕਵਾਂ ਸਭਿਆਚਾਰ ਉਸਾਰਨ ਦੀ ਅਤੇ ਏਸ ਨੂੰ ਕਾਇਮ ਰੱਖਣ ਦੀ ਜ਼ਿੰਮੇਦਾਰੀ ਗੁਰੂ ਸਾਹਿਬ ਦੀ ਸੀ, ਜੋ ਉਨ੍ਹਾਂ ਨੇ ਆਪਣੇ ਤੋਂ ਬਾਅਦ ਗੁਰੂ ਖ਼ਾਲਸਾ ਦੇ ਮੋਢਿਆਂ ਉੱਤੇ, ਖ਼ਾਲਸੇ ਨੂੰ ਆਪਣਾ ਰੂਪ ਜਾਣ ਕੇ ਰੱਖੀ। ਖ਼ਾਲਸੇ ਨੇ ਖਮੀਰ ਦਾ ਕੰਮ ਕਰਨਾ ਹੈ, ਅਜਿਹੇ ਉੱਤਮ ਸਭਿਆਚਾਰ ਨੂੰ ਉਸਾਰਨ ਅਤੇ ਪ੍ਰਫੁੱਲਤ ਕਰਨ ਵਿਚ। ਉਸ ਨੇ ਵਿਸ਼ਵਵਿਆਪੀ ਸਮਾਜ ਦੇ ਸੰਗਠਨ ਦਾ ਮੁੱਢ ਬਣਨਾ ਹੈ ਅਤੇ ਅਜਿਹੇ ਸਭਿਆਚਾਰ ਵਾਲੇ ਸਮਾਜ ਦੀ ਸਦਾ ਰੱਖਿਆ ਕਰਨੀ

---

* ਹਿੰਦ ਸਰਕਾਰ ਅਤੇ ਸਰਦਾਰ ਸਿਮਰਨਜੀਤ ਸਿੰਘ ਮਾਨ ਵੱਲੋਂ ਪਾਰਲੀਮੈਂਟ ਵਿਚ ਦਾਖ਼ਲੇ ਲਈ ਜਿਸ ਢੰਗ ਨਾਲ ਕ੍ਰਿਪਾਨ ਦੀ ਲੰਬਾਈ ਨੂੰ ਮੁੱਦਾ ਬਣਾਇਆ ਗਿਆ, ਉਸ 'ਤੇ ਪੜਚੋਲਵੀਂ ਨਜ਼ਰ ਨਾਲ ਇਸ ਲੇਖ ਵਿਚ ਟਿੱਪਣੀ ਕੀਤੀ ਗਈ ਹੈ। 13 ਅਪਰੈਲ, 1990 ਨੂੰ ਵਿਸਾਖੀ ਵਾਲੇ ਦਿਨ *ਪੰਜਾਬੀ ਟ੍ਰਿਬਿਊਨ* ਵਿਚ ਛਪਿਆ।

ਹੈ। ਇਹ ਹੈ ਸਾਹਿਬਾਂ ਦੇ ਖ਼ਾਲਸਾ ਸਾਜਣ ਦਾ ਅਸਲ ਮਨੋਰਥ, ਜਿਸ ਦੀ ਮਨਜ਼ੂਰੀ ਖ਼ੁਦ ਪਰਮਾਤਮਾ ਨੇ ਦਿੱਤੀ ਸੀ, "ਗੁਰਬਰ ਅਕਾਲ ਕੇ ਹੁਕਮ ਸੋਂ ਉਪਜਿਓ ਬਿਗਿਆਨਾ। ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।" 'ਰਾਜ ਕਰੇਗਾ ਖ਼ਾਲਸਾ' ਵਾਲੇ ਦੋਹਰੇ ਦਾ ਵੀ ਗੁੱਝਾ ਭਾਵ ਏਹੋ ਹੈ।

ਇਓਂ ਵਿਚਾਰਿਆਂ ਖ਼ਾਲਸੇ ਦੀ ਰਹਿਤ ਦੇ ਅਹਿਮ ਪਹਿਲੂਆਂ ਦਾ ਖ਼ਾਲਸਾ ਸਾਜਣ ਦੇ ਅਸਲ ਮੰਤਵ ਨਾਲ ਸੁਮੇਲ ਹੋਣਾ ਅਤਿ ਜ਼ਰੂਰੀ ਹੈ ਅਤੇ ਹੈ ਵੀ ਏਵੇਂ ਹੀ।

ਰਹਿਤ ਦੇ ਡੂੰਘੇ ਰਹੱਸਾਂ ਨੂੰ ਸਮਝਣ ਵਾਲੇ ਜਾਣਦੇ ਹਨ ਕਿ ਖ਼ਾਲਸਾ ਰਹਿਤ ਦੇ ਬਾਹਰਮੁਖੀ ਦੋ ਅਹਿਮ ਪਹਿਲੂ ਹਨ : ਮਨ ਦੀ ਰਹਿਤ ਅਤੇ ਤਨ ਦੀ ਰਹਿਤ। ਤਨ ਉੱਤੇ ਧਾਰਨ ਕੀਤਾ ਰਹਿਤ ਦਾ ਹਿੱਸਾ ਬਿਲਕੁਲ ਢੌਂਗ ਅਤੇ ਵਿਖਾਵਾ ਹੋ ਨਿਬੜਦਾ ਹੈ, ਜੇ ਉਹ ਆਪਣੀ ਹੋਂਦ ਦੁਆਰਾ ਮਨ ਦੀ ਰਹਿਤ ਦੀ ਪ੍ਰੇਰਣਾ ਦਾ ਸ੍ਰੋਤ ਨਾ ਬਣੇ ਜਾਂ ਉਸ ਨੂੰ ਪ੍ਰਪੱਕ ਨਾ ਕਰ ਸਕੇ। ਜਨੇਊਧਾਰੀਆਂ ਨੂੰ ਸਾਹਿਬ ਨਾਨਕ ਨੇ ਏਸੇ ਲਈ ਨਕਾਰਿਆ ਸੀ ਕਿ ਉਹ ਕੇਵਲ ਉਸ ਨੂੰ ਧਾਗਾ ਸਮਝ ਕੇ ਗਲ ਵਿਚ ਲਟਕਾਈ ਫਿਰਦੇ ਸਨ। ਜਨੇਊ ਉਨ੍ਹਾਂ ਨੂੰ ਗੁਣਾਂ ਆਦਿ ਦਾ ਧਾਰਨੀ ਬਣਨ ਵਿਚ ਸਹਾਇਤਾ ਕਰਨੋਂ ਰਹਿ ਗਿਆ ਸੀ, ਜਿਹੜੇ ਗੁਣਾਂ ਨੂੰ ਧਾਰਨ ਦੇ ਸਦੀਵੀ ਪ੍ਰਤੀਕ ਦੇ ਤੌਰ ਉੱਤੇ ਜਨੇਊ ਪਾਇਆ ਜਾਂਦਾ ਸੀ ਜਾਂ ਜਿਨ੍ਹਾਂ ਗੁਣਾਂ ਨੂੰ ਆਪਣੀ ਹੋਂਦ ਰਾਹੀਂ ਉਸ ਨੇ ਪਾਉਣ ਵਾਲੇ ਦੇ ਮਨ ਵਿਚ ਉਕਰਨਾ ਸੀ। ਇਓਂ ਵੇਖਿਆਂ ਸੱਚਮੁੱਚ ਹੀ ਜਨੇਊ ਵਿਚ ਜਤ ਦੀ ਗੰਢ ਨਹੀਂ ਸੀ, ਸਤ ਦਾ ਵੱਟ ਨਹੀਂ ਸੀ।

ਕ੍ਰਿਪਾਨ ਸਿੱਖੀ ਦੀਆਂ ਦੋ ਅਹਿਮ ਰਹਿਤਾਂ ਵਿੱਚੋਂ ਹੈ। ਇਹ ਤਨ ਦੀ ਰਹਿਤ ਹੈ। ਮਨ ਦੀ ਰਹਿਤ, ਜਿਸ ਨੂੰ ਏਸ ਨੇ ਕ੍ਰਿਪਾਨਧਾਰੀ ਦੇ ਮਨ ਵਿਚ ਵਸਾਉਣਾ ਹੈ ਜਾਂ ਜਿਸ ਮਾਨਸਿਕ ਰਹਿਤ ਦਾ ਸੁੱਚਾ ਨਿਸ਼ਾਨਾ ਜਾਂ ਪ੍ਰਤੀਕ ਇਸ ਨੇ ਬਣਨਾ ਹੈ, ਦੀ ਵਿਆਖਿਆ ਸਿਖ ਧਰਮ ਅਨੁਸਾਰ ਇਓਂ ਪ੍ਰਵਾਨ ਹੈ :

ਪਹਿਲਾ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਖੜਗ ਲਫ਼ਜ਼ ਕਈ ਵਾਰ ਵਰਤਿਆ ਗਿਆ ਹੈ। ਇਥੇ ਅਤੇ ਧਾਰਮਿਕ ਲਹਿਰਾਂ ਦੇ ਇਤਿਹਾਸ ਵਿਚ ਕ੍ਰਿਪਾਨ ਦਾ ਸਮਾਨ ਸਾਰਥਕ ਇਹ ਸਬਦ 'ਧਰਮ ਦੇ ਸੱਚੇ ਸੁੱਚੇ ਗਿਆਨ' ਜਾਂ 'ਧਾਰਮਿਕ ਫ਼ਲਸਫ਼ੇ ਦੇ ਅੰਤਰੀਵ ਭਾਵ' ਲਈ ਹੀ ਵਰਤਿਆ ਗਿਆ ਹੈ। ਦਸਵੇਂ ਪਾਤਿਸ਼ਾਹ ਦੇ 'ਜੈ ਤੇਗੰ' ਵਾਲੇ ਸ਼ਬਦ ਵਿਚ ਵੀ ਤੇਗ਼ ਦਾ ਇਹੋ ਅਰਥ ਹੈ। ਮੁੱਢ ਕਦੀਮ ਤੋਂ ਚਲੀ ਆਉਂਦੀ ਖ਼ਾਲਸਾ ਰਾਜ ਦੀ ਮੁਹਰ ਵਿਚ ਵੀ 'ਤੇਗੋ ਨਾਨਕ' ਸ਼ਬਦਾਂ ਨੂੰ ਏਸੇ ਸੰਕੇਤ ਲਈ ਵਰਤਿਆ ਗਿਆ ਹੈ। ਏਸ ਸੰਦਰਭ ਵਿਚ ਕ੍ਰਿਪਾਨ ਦੀ ਰਹਿਤ ਦਾ ਪ੍ਰਮੁਖ ਸੰਕੇਤ ਇਹ ਹੈ ਕਿ ਮਾਨਸਿਕ ਤੌਰ ਉੱਤੇ ਇਸ ਦਾ ਧਾਰਨੀ ਬ੍ਰਹਮ ਗਿਆਨ ਦਾ ਜਾਣਨ ਵਾਲਾ ਜਾਂ ਉਸ ਨੂੰ ਜਾਣਨ ਦੇ ਰਾਹ ਉੱਤੇ ਚੱਲ ਰਿਹਾ ਗਹਿਰ ਗੰਭੀਰ ਜਗਿਆਸੂ ਹੈ। ਦੂਜਾ, ਕ੍ਰਿਪਾਨ ਆਦਿ ਕਾਲ ਤੋਂ ਹੀ ਆਹਮੋ-ਸਾਹਮਣੇ ਲਲਕਾਰ ਕੇ ਲੜਨ ਵਾਲਾ ਹਥਿਆਰ ਪ੍ਰਵਾਨ ਕੀਤਾ ਗਿਆ ਹੈ। ਕ੍ਰਿਪਾਨ ਧਾਰ ਕੇ ਸਿਖ ਪ੍ਰਗਟ ਕਰਦਾ ਹੈ ਕਿ ਉਹ ਬਦੀ ਨਾਲ ਜੰਗ ਲਈ ਹਰ ਵਕਤ ਤਿਆਰ ਹੈ ਅਤੇ ਸਾਹਮਣੇ ਫੱਟ ਖਾਣ ਜਾਂ ਦੇਣ ਦੀ ਆਪਣੇ ਬਜ਼ੁਰਗਾਂ ਦੀ ਪ੍ਰਵਾਨ ਪ੍ਰਥਾ ਵਿਚ ਯਕੀਨ ਰੱਖਦਾ ਹੈ, ਨਾ ਕਿ ਲੁਕਵੇਂ ਵਾਰ ਕਰਨ ਵਿਚ। ਕਾਜ਼ੀ ਨੂਰ ਮੁਹੰਮਦ ਆਪਣੇ *ਜੰਗਨਾਮੇ* ਵਿਚ ਚਿਤਰਦਾ ਹੈ ਕਿ ਸਿੰਘ ਰਣ ਵਿੱਚੋਂ ਭੱਜੇ ਜਾਂਦੇ ਦੀ ਪਿੱਠ ਉੱਤੇ ਕਦੇ ਵਾਰ ਨਹੀਂ ਕਰਦੇ। ਕਾਦਰ ਯਾਰ, ਲਾਸਾਨੀ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ (ਜੁੱਗ

ਜੁੱਗ ਜੀਵੇ ਏਸ ਸਰਦਾਰ ਦੀ ਕੀਰਤੀ) ਬਾਰੇ ਕਹਿੰਦਾ ਹੈ, "ਐਪਰ ਇਕ ਸਰਦਾਰ ਅਜੀਬ ਯਾਰੋ, ਜ਼ਖ਼ਮ ਸਾਹਮਣੇ ਮੂੰਹ 'ਤੇ ਖਾਣ ਵਾਲਾ।" ਜੰਗ ਦੇ ਮੈਦਾਨ ਤੋਂ ਬਾਹਰ ਕ੍ਰਿਪਾਨਧਾਰੀ ਖ਼ਾਲਸਾ ਇਹ ਦਰਸਾਉਂਦਾ ਹੈ ਕਿ ਉਹ ਸਪੱਸ਼ਟ-ਗੋ ਹੈ। ਉਸ ਦੇ ਮਨ, ਬਚਨ ਅਤੇ ਕਰਮ ਵਿਚ ਰਾਈ ਭਰ ਵੀ ਵਿੱਥ ਨਹੀਂ ਹੈ। ਏਸੇ ਗੁਣ ਨੂੰ ਪ੍ਰਗਟ ਕਰਨ ਲਈ ਉਹ ਕ੍ਰਿਪਾਨਧਾਰੀ ਹੈ। ਜੋ ਕ੍ਰਿਪਾਨਧਾਰੀ ਬਦੀ ਨਾਲ ਜੂਝਦੇ ਨਹੀਂ ਅਤੇ ਧੜੇਬੰਦੀਆਂ ਵਿਚ ਪੈ ਕੇ ਇਕ ਦੂਜੇ ਦੀ ਲਾਹ-ਪਾਹ ਕਰਨ ਤੋਂ ਸੰਕੋਚ ਨਹੀਂ ਕਰਦੇ, ਕ੍ਰਿਪਾਨ ਦੀ ਰਹਿਤ ਦੇ ਧਾਰਨੀ ਨਹੀਂ ਅਖਵਾ ਸਕਦੇ।

ਤੀਜਾ, ਸਿੱਖੀ ਪਰੰਪਰਾ ਅਨੁਸਾਰ ਖ਼ਾਲਸਾ ਮੁਕੰਮਲ ਤੌਰ ਉੱਤੇ ਖ਼ੁਦ-ਮੁਖ਼ਤਿਆਰ ਹੈ, ਕਿਸੇ ਦਾ ਗ਼ੁਲਾਮ ਨਹੀਂ। ਇਹੋ ਪ੍ਰਭਾਵ ਦੇਣ ਲਈ ਉਹ ਕ੍ਰਿਪਾਨ ਪਹਿਨਦਾ ਹੈ। ਏਸੇ ਭਾਵਨਾ ਅਧੀਨ ਦਸਵੇਂ ਪਾਤਿਸ਼ਾਹ ਫ਼ੁਰਮਾਉਂਦੇ ਹਨ ਕਿ ਖੜਕ ਦਾ ਕਾਠ (ਹੱਥ ਜਾਂ ਮੁੱਠ) ਹੱਥ ਵਿੱਚੋਂ ਛੱਡਣ ਵਾਲੇ (ਪਰਾਧੀਨਾਂ) ਨੂੰ ਖੜਗ ਦੀ ਧਾਰ ਧੌਣ ਉੱਤੇ ਸਹਿਣੀ ਪੈਂਦੀ ਹੈ। ਸਵਿਟਜ਼ਰਲੈਂਡ ਵਿਚ ਜਿਥੇ ਸਿੱਧਾ ਲੋਕਤੰਤਰ ਹੈ, ਲੋਕ ਕਾਨੂੰਨ ਘਾੜਨੀ ਸਭਾ ਵਿਚ ਖ਼ਾਸ ਤੌਰ ਉੱਤੇ ਕ੍ਰਿਪਾਨਾਂ ਪਾ ਕੇ ਜਾਂਦੇ ਹਨ, ਇਹ ਦੱਸਣ ਲਈ ਕਿ ਉਹ ਮਾਨਸਿਕ ਤੌਰ ਉੱਤੇ ਆਜ਼ਾਦ ਹਨ ਅਤੇ ਕਿਸੇ ਜਾਬਰ ਦੇ ਅਧੀਨ ਨਹੀਂ। ਇਸੇ ਭਾਵਨਾ ਨੂੰ *ਪੰਥ ਪ੍ਰਕਾਸ਼* ਵਿਚ ਇਉਂ ਪ੍ਰਗਟ ਕੀਤਾ ਗਿਆ ਹੈ: 'ਸ਼ਹਿਨਸ਼ਾਹ ਖ਼ੁਦ ਹੀ ਕੋ ਭਾਖਤ। ਕਾਣ ਨਾ ਕਿਸਹੂ ਕੀ ਯਹ ਰਾਖਤ।' ਕ੍ਰਿਪਾਨਧਾਰੀ ਖ਼ਾਲਸਾ ਇਹ ਪ੍ਰਭਾਵ ਦੇਣ ਲਈ ਹੀ ਕ੍ਰਿਪਾਨ ਰੱਖਦਾ ਹੈ ਕਿ ਉਹ ਕਿਸੇ ਪੱਖੋਂ ਕਿਸੇ ਦਾ ਗ਼ੁਲਾਮ ਨਹੀਂ, ਬਲਕਿ ਪਰਮਾਤਮਾ ਦੀ ਸ਼ਹਿਨਸ਼ਾਹੀ ਦਾ ਆਜ਼ਾਦ ਬਾਸ਼ਿੰਦਾ ਹੈ ਅਤੇ ਇਹੋ ਹੈ ਸਿੱਖੀ ਦੀ ਏਸ ਰਹਿਤ ਦਾ ਇਕ ਅਹਿਮ ਪਹਿਲੂ। ਮਾਨਸਿਕ ਤੌਰ ਉੱਤੇ ਗ਼ੁਲਾਮੀ ਕਬੂਲਣ ਵਾਲਾ, ਵਹਿਮਾਂ, ਭਰਮਾਂ, ਕੁਰੀਤੀਆਂ ਨਸ਼ਿਆਂ ਆਦਿ ਦਾ ਗ਼ੁਲਾਮ, ਦੂਸਰਿਆਂ ਦੇ ਟੁਕੜਿਆਂ ਉੱਤੇ ਪਲਦਾ, ਕੁਰਸੀ ਲਈ ਲਿਲਕੜੀਆਂ ਕੱਢਣ ਵਾਲਾ ਕ੍ਰਿਪਾਨ ਦੀ ਰਹਿਤ ਵਿਚ ਪ੍ਰਪੱਕ ਨਹੀਂ ਅਖਵਾ ਸਕਦਾ।

ਕ੍ਰਿਪਾਨਧਾਰੀ ਖ਼ਾਲਸੇ ਦਾ ਚੌਥਾ ਦਾਅਵਾ ਇਹ ਹੈ ਕਿ ਉਹ ਮੁਕੰਮਲ ਤੌਰ ਉੱਤੇ ਪਰਮਾਤਮਾ ਦੇ ਹੁਕਮ ਨੂੰ ਵਰਤਾਉਣ ਵਾਲਾ ਹੋਣ ਦੀ ਹੈਸੀਅਤ ਵਿਚ ਮੁਰਦੇ ਵਾਂਗ ਪਰਮਾਤਮਾ ਰੂਪੀ ਗੋਰ (ਕਬਰ) ਗੁਰੂ ਵਿਚ ਸਮਾਇਆ ਹੋਇਆ ਹੈ। ਸਮਾਜ ਨੂੰ ਇਕ ਖਿੜੀ ਗੁਲਜ਼ਾਰ ਬਣਾਉਣਾ ਉਸ ਦਾ ਧਰਮ ਹੈ, "ਸਭ ਪ੍ਰਥਵੀ ਕੀਨੀ ਗੁਲਜਾਰੇ", ਭਾਈ ਗੁਰਦਾਸ ਦੂਜੇ ਫ਼ੁਰਮਾਉਂਦੇ ਹਨ। ਉਹ ਕ੍ਰਿਪਾਨ ਕੇਵਲ ਅਤੇ ਕੇਵਲ ਬਦੀ ਦੇ ਟਾਕਰੇ ਲਈ ਵਰਤਦਾ ਹੈ ਅਤੇ ਸਦਾ ਅਕਾਲ ਦੇ ਹੁਕਮ ਅਨੁਸਾਰ ਵਰਤਣ ਦੇ ਹੱਕ ਦਾ ਦਾਅਵੇਦਾਰ ਹੈ। ਇਸ ਮੰਤਵ ਲਈ ਉਹ ਹਮ-ਖ਼ਿਆਲਾਂ ਨੂੰ ਲਾਮਬੰਦ ਕਰ ਕੇ ਅਜਿਹੀ ਜਥੇਬੰਦੀ ਬਣਾਉਣਾ ਲੋਚਦਾ ਹੈ, ਜੋ ਬੇਖ਼ੌਫ਼ ਦਿਆਲੂ ਪਰਮਾਤਮਾ ਜੀ ਸਮਤਾ ਨੂੰ ਚਾਰੋਂ ਪਾਸੇ ਵਰਤਾ ਸਕੇ। "ਪੈ ਕੋਇ ਨ ਕਿਸੈ ਰਞਾਣਦਾ" ਪੰਜਵੇਂ ਪਾਤਿਸ਼ਾਹ ਦੇ ਅਮਿਟ ਵਾਕ ਹਨ। ਕਿਸੇ ਜਾਤੀ ਮਨੋਰਥ ਲਈ ਸ਼ਸਤਰ ਚੁੱਕਣ ਵਾਲਾ ਕ੍ਰਿਪਾਨ ਦੀ ਰਹਿਤ ਦਾ ਧਾਰਨੀ, ਸਿੰਘ ਨਹੀਂ ਅਖਵਾ ਸਕਦਾ।

ਕ੍ਰਿਪਾਨਧਾਰੀ ਖ਼ਾਲਸਾ ਦੱਸਣਾ ਚਾਹੁੰਦਾ ਹੈ ਕਿ ਉਸ ਦਾ ਵੈਰ ਅੱਤਿ ਨਾਲ ਹੈ, ਕਿਸੇ ਮਨੁੱਖ ਜਾਂ ਫ਼ਿਰਕੇ ਨਾਲ ਨਹੀਂ। ਉਹ ਦੁਸ਼ਟ-ਦਮਨ ਕ੍ਰਿਪਾਨਧਾਰੀ ਗੁਰੂ ਦੇ ਬਿਰਦ ਦਾ ਵਾਰਸ ਹੈ। ਗੁਰੂ ਹਜ਼ੂਰ ਨਿਰਪੱਖ ਨਿਰਵੈਰ ਸਨ, ਜਿਹੋ ਜਿਹਾ ਕਿ ਪਰਮਾਤਮਾ ਆਪ

ਹੈ। ਸੰਸਾਰ ਦੇ ਇਤਿਹਾਸ ਦਾ ਇਕ ਲਾਸਾਨੀ ਦ੍ਰਿਸ਼ ਉਹ ਸੀ, ਜਦੋਂ ਛੇਵੇਂ ਪਾਤਿਸ਼ਾਹ ਪੈਂਦੇ ਖ਼ਾਨ ਦੇ ਡਿਗਦਿਆਂ ਹੀ ਘੋੜੇ ਤੋਂ ਉਤਰ ਕੇ ਥੱਲੇ ਆ ਗਏ ਅਤੇ ਝੱਟ ਜ਼ਖ਼ਮੀ ਖ਼ਾਨ ਦਾ ਸਿਰ ਆਪਣੀ ਪਾਕ ਗੋਦ ਵਿਚ ਰੱਖ ਲਿਆ। ਉਸ ਦੇ ਮੁੱਖ ਉੱਤੇ ਢਾਲ ਦੀ ਛਾਂ ਕਰਦਿਆਂ ਹੋਇਆਂ ਹਜ਼ੂਰ ਨੇ ਫ਼ਰਮਾਇਆ, "ਪੈਂਦੇ ਖ਼ਾਨ ਪੜ੍ਹ ਕਲਮਾ।" ਪੈਂਦੇ ਖ਼ਾਨ ਦਾ ਢੁਕਵਾਂ ਉੱਤਰ ਸੀ, "ਤੇਰੀ ਕ੍ਰਿਪਾਨ ਹੀ ਹੁਣ ਕਲਮਾ ਹੋਈ ਕਰੁਣਾ ਨਿਧਾਨ।"

ਇਸ ਵਿਚ ਮੁੱਢੋਂ ਸ਼ੰਕਾ ਨਹੀਂ ਕਿ ਉਪਰੋਕਤ ਗੁਣਾਂ ਨੂੰ ਧਾਰਨ ਕਰੇ ਬਿਨਾਂ ਜੋ ਸਿਖ ਕ੍ਰਿਪਾਨਧਾਰੀ ਹੁੰਦਾ ਹੈ ਅਤੇ ਇਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਆਪਣੇ ਜੀਵਨ ਦਾ ਪ੍ਰਮੁਖ ਕਰਤੱਵ ਨਹੀਂ ਬਣਾਉਂਦਾ, ਰਹਿਤਵਾਨ ਗੁਰੂ ਕਾ ਸਿੰਘ ਨਹੀਂ ਅਖਵਾ ਸਕਦਾ।

ਹੁਣ ਆਈਏ ਕ੍ਰਿਪਾਨ ਦੀ ਲੰਬਾਈ ਵੱਲ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1936 ਵਿਚ ਸ਼੍ਰੋਮਣੀ ਸਿਖ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਤਾਂਕਿ ਸਿਖ ਰਹਿਤ ਮਰਿਆਦਾ ਨੂੰ ਤਰਤੀਬ ਦੇ ਕੇ ਸਪੱਸ਼ਟ ਕੀਤਾ ਜਾ ਸਕੇ। ਇਕ ਲੰਬਾ ਅਰਸਾ ਵਿਚਾਰਨ ਘੋਖਣ ਤੋਂ ਬਾਅਦ ਇਸ ਕਮੇਟੀ ਨੇ ਇਕ ਖਰੜਾ ਤਿਆਰ ਕੀਤਾ ਅਤੇ ਇਸ ਨੂੰ ਦੇਸ਼-ਵਿਦੇਸ਼ ਸਿੱਖਾਂ ਦੀ ਰਾਇ ਜਾਣਨ ਲਈ ਭੇਜਿਆ ਗਿਆ। ਸਭ ਸੰਪ੍ਰਦਾਵਾਂ ਅਤੇ ਸ਼੍ਰੋਮਣੀ ਗੁਰਸਿੱਖਾਂ ਦੀ ਰਾਇ ਲਈ ਗਈ। ਅੰਤ ਇਸ ਨੂੰ ਸ਼੍ਰੋਮਣੀ ਕਮੇਟੀ ਦੀ ਰਹੁ-ਰੀਤ ਸੰਬੰਧੀ ਸਬ-ਕਮੇਟੀ ਨੇ ਵਿਚਾਰਿਆ। ਏਨਾ ਤਰੱਦਦ ਸਾਰੇ ਪੰਥ ਨੇ ਇਹ ਜਾਣਨ ਲਈ ਕੀਤਾ ਕਿ ਦਸਵੇਂ ਪਾਤਿਸ਼ਾਹ ਨੇ 1699 ਵਿਚ ਅੰਮ੍ਰਿਤ ਛਕਾਉਣ ਵੇਲੇ ਕਿਹੜੀ ਖ਼ਾਲਸਾ ਰਹਿਤ ਪ੍ਰਚੱਲਤ ਕੀਤੀ ਸੀ। ਸਮੁੰਦਰ ਮੰਥਨ ਦੀ ਏਸ ਘਾਲਣਾ ਦਾ ਅੰਤਮ ਸਿੱਟਾ ਹੈ *ਸਿਖ ਰਹਿਤ ਮਰਿਆਦਾ* ਨਾਮਕ ਪੁਸਤਿਕਾ, ਜੋ 1945 ਤੋਂ ਲੈ ਕੇ ਅੱਜ ਤਕ ਲੱਖਾਂ ਦੀ ਗਿਣਤੀ ਵਿਚ ਵੰਡੀ ਜਾ ਚੁੱਕੀ ਹੈ। ਏਸ ਅਹਿਮ ਕਿਤਾਬਚੇ ਦੇ ਸਫ਼ਾ 32 ਉੱਤੇ ਲਿਖਿਆ ਹੋਇਆ ਹੈ, "ਕ੍ਰਿਪਾਨ ਦੀ ਲੰਬਾਈ ਦੀ ਕੋਈ ਹੱਦ ਨਹੀਂ ਹੋ ਸਕਦੀ।" ਸਰਦਾਰ ਕਪੂਰ ਸਿੰਘ ਤਕ ਸਾਰੇ ਸਿਖ ਵਿਦਵਾਨ ਸਹਿਮਤ ਹਨ ਕਿ ਇਹੋ ਸਿੱਖੀ ਦੀ ਧਾਰਨਾ ਹੈ।

ਤ੍ਰੈਕਾਲ ਦਰਸ਼ੀ ਦਸਵੇਂ ਪਾਤਿਸ਼ਾਹ ਜਾਣਦੇ ਸਨ ਕਿ ਬਦੀ ਨੇਕੀ ਦੇ ਸਦਾ ਚੱਲਣ ਵਾਲੇ ਯੁੱਧ ਵਿਚ ਕਈ ਪੜਾਅ ਅਜਿਹੇ ਆਉਣਗੇ, ਜਦੋਂ ਕਿ ਜ਼ੁਬਾਨ ਰਾਹੀਂ, ਕਲਮ ਰਾਹੀਂ, ਜਲੂਸਾਂ, ਧਰਨਿਆਂ, ਸਿਆਸੀ ਜਮਾਤਾਂ ਦੀਆਂ ਨੀਤੀਆਂ, ਤਰਕ-ਵਿਤਰਕ ਰਾਹੀਂ ਇਸ ਮਹਾਂਯੁੱਧ ਵਿਚ ਜੂਝਣਾ ਪਵੇਗਾ। ਅੱਜ ਮਨੁੱਖੀ ਅਧਿਕਾਰਾਂ ਦੀ ਪੈਰਵੀ ਕਰਨ ਵਾਲਾ, ਸਿਆਸੀ ਪਾਰਟੀਆਂ ਦੀਆਂ ਨੀਤੀਆਂ ਬਣਾਉਣ ਵਾਲਾ ਓਨਾ ਹੀ ਬਦੀ ਵਿਰੁੱਧ ਲੜ ਸਕਦਾ ਹੈ, ਜਿੰਨਾ ਇਕ ਫ਼ੌਜੀ ਜਰਨੈਲ ਜੰਗ ਦੇ ਮੁਹਾਜ਼ ਉੱਤੇ। ਅਨਿਆਂ, ਧੱਕੇ, ਜ਼ੁਲਮ ਵਿਰੁੱਧ ਲੋਕ ਰਾਇ ਬਣਾਉਣਾ ਆਪਣੇ ਆਪ ਵਿਚ ਇਕ ਮਹਾਂਯੁੱਧ ਹੈ। ਇਸ ਲਈ ਸਾਹਿਬਾਂ ਨੇ ਅੰਮ੍ਰਿਤ ਦੀ ਰਹਿਤ ਨੂੰ ਸੰਪੂਰਨ ਕਰਨ ਵਾਲੀ ਕ੍ਰਿਪਾਨ ਦੀ ਕੋਈ ਲੰਬਾਈ ਨਿਸ਼ਚਿਤ ਨਹੀਂ ਕੀਤੀ, ਕਿਉਂਜੁ ਹਰ ਵੇਲੇ ਮੈਦਾਨਿ-ਜੰਗ ਵਿਚ ਵਰਤੀ ਜਾਣ ਵਾਲੀ ਕ੍ਰਿਪਾਨ ਦੇ ਮੁੱਠੇ ਉੱਤੇ ਹੱਥ ਰੱਖੀ ਰੱਖਣਾ ਗ਼ੈਰ-ਜ਼ਰੂਰੀ ਵੀ ਹੈ ਅਤੇ ਅਸੰਭਵ ਵੀ। ਸਾਹਿਬਾਂ ਦੇ ਆਤਮਾ ਨੂੰ ਝੰਜੋੜ ਕੇ ਰੱਖ ਦੇਣ ਵਾਲੇ ਅੰਤਮ ਕੌਤਕ ਦੀ ਸਾਖੀ ਵੀ ਇਸੇ ਸੱਚਾਈ ਵੱਲ ਸੰਕੇਤ ਕਰਦੀ ਹੈ।

ਸਾਹਿਬਾਂ ਨੇ ਆਪਣੀ ਚਿਖਾ ਵਾਸਤੇ ਆਪ ਚੰਦਨ ਦੀ ਲੱਕੜ ਮੰਗਵਾਈ। ਆਪ ਕੜਾਹ ਪ੍ਰਸਾਦ ਦੀ ਦੇਗ ਤਿਆਰ ਕਰਵਾਈ ਅਤੇ ਕਨਾਤ ਅੰਗੀਠੇ ਦੇ ਦੁਆਲੇ ਤਣਵਾਈ। ਖ਼ੁਦ ਇਸ਼ਨਾਨ ਕਰ ਕੇ ਜਿਗਾ ਤੋੜੇ ਕਲਗ਼ੀ ਸਜਾਈ, ਵਾਕ ਲੈ ਕੇ, ਘੋੜੇ

ਉੱਤੇ ਅਸਵਾਰ ਹੋ ਕੇ ਕਨਾਤ ਦੇ ਸਾਹਮਣੇ ਖੜੇ ਸਿੰਘਾਂ ਨੂੰ ਉਪਦੇਸ਼ ਕਰ ਕੇ ਫ਼ਤਹਿ ਬੁਲਾਉਂਦੇ ਆਪ ਦਵਾਰ ਤਕ ਪਹੁੰਚੇ। ਘੋੜੇ ਤੋਂ ਉਤਰ ਕੇ ਆਪ ਚਿਖਾ ਉੱਤੇ ਜਾ ਬਿਰਾਜੇ ਅਤੇ ਭਾਈ ਸੰਤੋਖ ਸਿੰਘ ਦੇ ਕਹਿਣ ਅਨੁਸਾਰ, 'ਯੋਗ ਅਗਨੀ ਤੂਰਨ ਉਪਜਾਈ।' ਇਉਂ ਅਲੋਪ ਹੋਇਆ ਉਹ ਕਾਮਲ ਇਨਸਾਨ ਜਿਸ ਦਾ ਸਾਨੀ ਕੋਈ ਕਦੇ ਨਾ ਸੀ ਅਤੇ ਨਾ ਹੋਵੇਗਾ। ਜਿਸ ਵੇਲੇ ਹਜ਼ੂਰ ਦਾ ਅੰਗੀਠਾ ਫਰੋਲਿਆ ਗਿਆ ਤਾਂ ਉਸ ਵਿੱਚੋਂ ਦਸਤਾਰ ਵਿਚ ਸਜਾਉਣ ਵਾਲੀ ਕੇਵਲ ਚਾਰ ਕੁ ਇੰਚ ਦੀ ਕ੍ਰਿਪਾਨ ਨਿਕਲੀ, ਜੋ ਅੱਜ ਤਕ ਵੀ ਸ੍ਰੀ ਹਜ਼ੂਰ ਸਾਹਿਬ ਚਾਂਦੀ ਦੇ ਬਕਸੇ ਵਿਚ ਸੰਭਾਲ ਕੇ ਰੱਖੀ ਹੋਈ ਹੈ; ਅਤੇ ਜਿਸ ਦੇ ਦਰਸ਼ਨ ਰੋਜ਼ ਰਹਿਰਾਸ ਤੋਂ ਬਾਅਦ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਕੀ ਕ੍ਰਿਪਾਨ ਦੀ ਲੰਬਾਈ ਸੰਬੰਧੀ ਐਸੀ ਕੋਈ ਗੱਲ ਹੈ, ਜੋ ਹਜ਼ੂਰ ਅਣਕਹੀ ਛੱਡ ਗਏ ਹੋਣ ?

•

ਸਿੰਬਲਾ ਤੂੰ ਮਾਣ ਨਾ ਕਰੀਂ*

ਅਖ਼ਬਾਰੀ ਰਪੋਟਾਂ ਤੋਂ ਜ਼ਾਹਿਰ ਹੈ ਕਿ ਸ੍ਰੀ ਅਕਾਲ ਤਖ਼ਤ ਤੋਂ ਆਕੀ ਹੋ ਕੇ ਸ੍ਰੀ ਪ੍ਰਕਾਸ਼ ਸਿੰਘ ਬਾਦਲ 6 ਮਈ, 1994 ਨੂੰ ਇਕ ਬਹੁਤ ਵੱਡੇ ਜਲੂਸ ਨੂੰ ਨਾਲ ਲੈ ਕੇ ਸ੍ਰੀ ਅਕਾਲ ਤਖ਼ਤ ਪਹੁੰਚ ਰਹੇ ਹਨ। 'ਸ੍ਰੀ ਆਸਾ ਦੀ ਵਾਰ' ਦਾ ਫ਼ੁਰਮਾਨ ਹੈ ਕਿ "ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥" ਇਕ ਪਾਸੇ ਅਕਾਲ ਤਖ਼ਤ ਨੂੰ ਸਰਬਉੱਚ ਮੰਨਣ ਦੇ ਫੋਕੇ ਦਾਅਵੇ ਅਤੇ ਦੂਸਰੇ ਪਾਸੇ ਇੰਤਜ਼ਾਮ ਕਰਨਾ ਸ੍ਰੀ ਅਕਾਲ ਜੀ ਦੇ ਤਖ਼ਤ ਨੂੰ ਅੱਖਾਂ ਵਿਖਾਉਣ ਦਾ, ਇਹ ਕਿਸੇ ਅਕਾਲੀ ਅਖਵਾਉਣ ਵਾਲੇ ਨੂੰ ਨਹੀਂ ਸ਼ੋਭਦਾ। ਅਕਾਲ ਤਖ਼ਤ 'ਤੇ ਇਉਂ ਪੇਸ਼ ਹੋਣਾ, "ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ" ਹੈ। ਮਿਰਗ ਨੂੰ ਤੀਰ ਮਾਰਨ ਲੱਗਿਆਂ ਬਧਕ ਗੋਡੇ ਟੇਕ ਕੇ ਸਿਰ ਝੁਕਾ ਕੇ ਹੀ ਮਾਰਦਾ ਹੈ। ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚਾਹੀਦਾ ਹੈ ਕਿ ਸਿਖ ਇਤਿਹਾਸ ਤੋਂ ਕੁਝ ਸਬਕ ਸਿੱਖਣ ਅਤੇ 'ਗੋਡਸੇ ਨਮਸਕਾਰ' ਤੋਂ ਬਾਜ਼ ਆਉਣ। ਇਕ ਵੇਲੇ ਮਾਤਾ ਗੰਗਾ ਜੀ ਵੀ ਬਾਬਾ ਬੁੱਢਾ ਜੀ ਤੋਂ ਪੁੱਤਰ ਦਾ ਵਰਦਾਨ ਲੈਣ ਲਈ ਲਾਓ ਲਸ਼ਕਰ ਸਮੇਤ ਗਏ ਸਨ। ਜੇ ਸ੍ਰੀ ਅਕਾਲ ਤਖ਼ਤ ਨੇ ਕੈਰੀ ਅੱਖ ਨੂੰ ਸੁੱਚੇ ਰੋਹ ਦਾ ਨਿਸ਼ਾਨਾ ਬਣਾ ਲਿਆ ਤਾਂ ਸ੍ਰੀ ਬਾਦਲ ਦੇ ਲਸ਼ਕਰ ਦੀਆਂ ਧੂੜਾਂ ਕਿਸੇ ਭੈੜੇ ਸੁਪਨੇ ਦਾ ਆਖ਼ਰੀ ਤਮਾਸ਼ਾ ਹੋ ਨਿਬੜਨਗੀਆਂ।

ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਲਮ ਹੋਣਾ ਚਾਹੀਦਾ ਹੈ ਕਿ ਖ਼ਾਲਸੇ ਦੀਆਂ ਲੋਕਰਾਜੀ ਕਦਰਾਂ-ਕੀਮਤਾਂ ਅਨੁਸਾਰ ਉਹਨਾਂ ਦੀ 'ਪਾਰਟੀ' ਨਹੀਂ ਉਸਰੀ। ਉਨ੍ਹਾਂ ਨਾ ਮੈਂਬਰ ਭਰਤੀ ਕੀਤੇ ਹਨ, ਨਾ ਕੋਈ ਵਿਧਾਨ ਹੇਠ ਬਾਕਾਇਦਾ ਚੋਣਾਂ ਕਰਵਾਈਆਂ ਹਨ, ਨਾ ਕਿਸੇ ਨੇ ਉਨ੍ਹਾਂ ਨੂੰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਚੁਣਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਦੀ ਘੋਰ ਉਲੰਘਣਾ ਵਿਚ ਨਿਜੀ ਹਉਮੈ ਕਾਰਣ ਉਸਰੇ ਦਲਾਂ ਨੂੰ ਖ਼ਤਮ ਕਰ ਕੇ ਵਿਧੀ ਅਤੇ ਆਈਨ ਅਨੁਸਾਰ ਸਾਰੇ ਅਕਾਲੀਆਂ ਨੂੰ ਇਕ ਮੰਚ ਉੱਤੇ ਬਿਠਾਉਣਾ ਕੌਮ ਦੀ ਸਿਆਸੀ ਨੁਮਾਇੰਦਾ ਜਮਾਤ ਸੁਰਜੀਤ ਕਰਨੀ ਤੇ ਏਕਾ ਲਹਿਰ ਦਾ ਮੁੱਖ ਮੰਤਵ ਹੈ। ਏਸ ਦੇ ਵਿਰੁੱਧ ਖੜੇ ਹੋ ਕੇ ਸ੍ਰੀ ਪ੍ਰਕਾਸ਼ ਸਿੰਘ ਬਾਦਲ ਇਹ ਪ੍ਰਭਾਵ ਦੇ ਰਹੇ ਹਨ ਕਿ ਉਹ ਸੰਗਤ ਦੇ ਵਿਰੋਧ ਵਿਚ ਹਨ ਅਤੇ ਹਰ ਹੀਲੇ ਆਪਣਾ ਨਾਮਜ਼ਦ ਕੀਤਾ ਅਕਾਲੀ ਦਲ ਕਾਇਮ ਰੱਖਣਾ ਚਾਹੁੰਦੇ ਹਨ। ਜਿਹੜੇ ਉਨ੍ਹਾਂ ਦੇ ਨਾਲ ਵਹੀਰਾਂ ਘੱਤ ਕੇ ਜਾਣਗੇ, ਉਹ ਵੀ ਬੀਜ ਰੂਪ ਵਿਚ ਇਹੋ ਆਖਣਗੇ ਕਿ "ਖ਼ਾਲਸਾ ਰਵਾਇਤਾਂ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਈਨ ਤੇ, ਆਮ ਲੋਕਰਾਜੀ ਕਦਰਾਂ-ਕੀਮਤਾਂ ਨੂੰ ਵਿਸਾਰ ਕੇ ਸ੍ਰੀ ਪ੍ਰਕਾਸ਼ ਸਿੰਘ

* 'ਅੰਮ੍ਰਿਤਸਰ ਅਕਾਲੀ ਦਲ' ਸਿਰਜਣ ਦੀ ਪ੍ਰਕਿਰਿਆ ਦੌਰਾਨ ਸ: ਪ੍ਰਕਾਸ਼ ਸਿੰਘ ਬਾਦਲ ਵੱਲੋਂ 6 ਮਈ, 1994 ਨੂੰ ਵੱਡਾ ਜਥਾ ਲੈ ਕੇ ਅਕਾਲ ਤਖ਼ਤ ਵੱਲ ਕੂਚ ਦੇ ਸੰਬੰਧ ਵਿਚ ਲਿਖਿਆ ਗਿਆ ਇਹ ਲੇਖ ਉਸੇ ਦਿਨ *ਪੰਜਾਬੀ ਟ੍ਰਿਬਿਊਨ* ਵਿਚ ਛਪਿਆ।

ਬਾਦਲ ਨੂੰ ਆਪਣਾ ਨਿਜੀ ਦਲ ਕਾਇਮ ਕਰਨ ਦਾ ਅਧਿਕਾਰ ਦਿੱਤਾ ਜਾਵੇ, ਕਿਉਂਕਿ ਉਹ ਕੌਮ ਨੂੰ ਭੰਬਲਭੂਸੇ ਵਿਚ ਪਾ ਕੇ ਹਿੰਦੂਆਂ ਨੂੰ ਝੂਠੇ ਸੱਚੇ ਲਾਰੇ ਲਾ ਕੇ (ਅਕਾਲ ਤਖ਼ਤ ਦੇ ਵਿਰੋਧ ਦੇ ਖਾਣ ਵਾਲੇ ਦੰਦ ਵਿਖਾ ਕੇ) ਵੋਟਾਂ ਬਟੋਰਨ ਦੀ ਕਲਾ ਵਿਚ ਪ੍ਰਵੀਨ ਹਨ।" ਇਹ ਕਿੰਨਾ ਕੁ ਸਾਰਥਕ ਮੰਤਕ ਹੈ, ਕਿੰਨੀ ਕੁ ਕੌਮ ਅਤੇ ਦੇਸ਼ ਦੇ ਭਲੇ ਦੀ ਗੱਲ ਹੈ, ਏਸ ਨੂੰ ਪ੍ਰਗਟ ਕਰ ਕੇ ਗ਼ੁਲਾਮ ਜ਼ਿਹਨੀਅਤ ਵਾਲੇ ਟਿੱਡੀ ਦਲ ਆਪਣੇ ਆਕਾ ਨੂੰ ਤਾਂ ਪ੍ਰਸੰਨ ਕਰ ਲੈਣਗੇ, ਪਰ ਮਨੁੱਖੀ ਜੀਵਨ ਦਾ ਮਨੋਰਥ ਤਾਂ ਸੱਚ ਉੱਤੇ ਪਹਿਰਾ ਦੇ ਕੇ ਸ੍ਰੀ ਅਕਾਲ ਪੁਰਖ ਨੂੰ ਰੀਝਾਉਣਾ ਹੈ।

ਸ੍ਰੀ ਪ੍ਰਕਾਸ਼ ਸਿੰਘ ਦਾ ਮੰਤਕ ਕਿ ਗੁਰਦੁਆਰਾ ਚੋਣਾਂ ਦੇ ਦੰਗਲ ਵਿੱਚੋਂ ਅਸਲੀ ਅਕਾਲੀ ਆਗੂ ਉਭਰਨਗੇ, ਬੁਨਿਆਦੀ ਤੌਰ ਉੱਤੇ ਗ਼ੈਰ-ਜ਼ਿੰਮੇਵਾਰ ਅਤੇ ਸਿਆਸੀ ਸੂਝ ਤੋਂ ਅੱਤ ਕੋਰਾ ਹੈ। ਫ਼ਰਜ਼ ਕਰੋ, ਜੇ ਏਵੇਂ ਹੋ ਸਕਦਾ ਹੋਵੇ ਤਾਂ ਕੀ ਕਾਂਗਰਸੀ ਏਨੇ ਮੂਰਖ ਹਨ ਕਿ ਉਹ ਚੋਣਾਂ ਹੋਣ ਦੇਣਗੇ? ਉਹ ਕਦਾਚਿਤ ਪਾਇਦਾਰ ਸਿਖ ਆਗੂ ਉਭਾਰ ਕੇ ਆਪਣੇ ਹੱਥਾਂ ਨਾਲ ਆਪ ਫਾਂਸੀ ਦਾ ਰੱਸਾ ਗਲ ਨਹੀਂ ਪਾਉਣਗੇ। ਕਾਂਗਰਸ ਵਾਸਤੇ ਲਾਜ਼ਮੀ ਨਹੀਂ ਕਿ ਉਹ ਕਮੇਟੀ ਦੀਆਂ ਚੋਣਾਂ ਸੰਬੰਧੀ ਹਾਈ ਕੋਰਟ ਦਾ ਹੁਕਮ ਮੰਨਣ। ਇਹ ਮੰਨ ਲੈਣਾ ਵੀ ਖ਼ਾਮ ਖ਼ਿਆਲੀ ਹੋਵੇਗੀ ਕਿ 'ਅਸਲ ਅਕਾਲੀ ਦਲ' ਉਭਰ ਕੇ ਆ ਜਾਵੇਗਾ। ਚੋਣਾਂ ਸ਼ਾਇਦ ਸਾਧੂ ਸੰਤ ਗਠਜੋੜ ਨੂੰ ਜਾਂ ਕਾਂਗਰਸੀ ਗਠਜੋੜ ਨੂੰ ਅੱਗੇ ਲੈ ਆਉਣ। ਕੱਲ੍ਹ ਨੂੰ ਸ਼੍ਰੋਮਣੀ ਕਮੇਟੀ ਕਾਂਗਰਸੀ ਹੱਥਾਂ ਵਿਚ ਹੋਵੇ ਅਤੇ ਅਕਾਲ ਤਖ਼ਤ ਉੱਤੇ ਕੋਈ ਨਿਰੰਕਾਰੀ ਜਾਂ ਰਾਧਾ ਸੁਆਮੀ ਬੈਠਾ ਹੋਵੇ ਤਾਂ ਸ੍ਰੀ ਪ੍ਰਕਾਸ਼ ਸਿੰਘ ਦੀ ਨਗੌਰੀ ਬਲਦ ਵਾਂਗ ਧੁਰਲੀ ਮਾਰ ਕੇ ਅੱਗੇ ਨਿਕਲ ਜਾਣ ਦੀ ਠੁੱਲ੍ਹੀ ਸਿਆਸੀ ਨੀਤੀ ਨੂੰ ਸਿਖ ਕੌਮ ਕੀ ਬੈਠ ਕੇ ਚੱਟੇਗੀ? ਇਹ ਵੀ ਹੋ ਸਕਦਾ ਹੈ ਕਿ ਸਾਰੇ ਧੜਿਆਂ ਦੇ ਵੀਹ ਵੀਹ ਬੰਦੇ ਸ਼੍ਰੋਮਣੀ ਕਮੇਟੀ ਵਿਚ ਚੁਣੇ ਜਾਣ। ਅਜਿਹਾ ਲੋਕ ਫ਼ਤਵਾ ਅਣਹੋਣਾ ਨਹੀਂ ਅਤੇ ਫੇਰ ਬਾਦਲੀ ਮੰਤਕ ਦਾ ਕੀ ਹਸ਼ਰ ਹੋਵੇਗਾ?

ਦੋ ਵਾਰ ਸਾਬਕਾ ਮੁੱਖ ਮੰਤਰੀ ਹੋਣਾ ਕੋਈ ਬਹੁਤੀ ਵਜ਼ਨਦਾਰ ਦਲੀਲ ਨਹੀਂ ਕਿ ਸ੍ਰੀ ਪ੍ਰਕਾਸ਼ ਸਿੰਘ ਦੀ ਹੀ ਗੱਲ ਹਰ ਝਗੜੇ ਵਿਚ ਮੰਨੀ ਜਾਵੇ। ਨਮਰੂਦ, ਫ਼ਰਾਊਨ ਕੋਲ ਵੀ ਇਹ ਸ਼ਕਤੀ ਨਹੀਂ, ਜੋ ਸ੍ਰੀ ਅਕਾਲ ਤਖ਼ਤ ਨੂੰ ਝੁਕਾ ਸਕੇ। ਕੀ ਪੰਜਵੇਂ ਪਾਤਿਸ਼ਾਹ ਦਾ ਕਾਤਲ ਅਤੇ ਔਰੰਗਜ਼ੇਬ ਝੁਕਾ ਸਕੇ ਸਨ? ਸ੍ਰੀ ਪ੍ਰਕਾਸ਼ ਸਿੰਘ ਨੂੰ ਮਾਣ ਹੈ ਕਿ ਉਨ੍ਹਾਂ ਸਦਾ ਕੌਮ ਨੂੰ ਸਹੀ ਅਗਵਾਈ ਦਿੱਤੀ। ਏਸ ਮੰਤਕ ਦਾ ਖੋਖਲਾਪਣ ਤਾਂ ਸਪੱਸ਼ਟ ਹੀ ਹੈ। ਜਦੋਂ ਦੇ ਇਹ ਸਿਆਸਤ ਵਿਚ ਮੂਹਰੇ ਆਏ ਹਨ, ਉਦੋਂ ਦਾ ਕੌਮੀ ਸਿਆਸਤ ਦਾ ਰੁਝਾਨ ਨਿਰੰਤਰ ਗਿਰਾਵਟ ਵੱਲ ਹੈ। ਅਕਾਲ ਤਖ਼ਤ ਵੀ ਢਹਿ ਚੁੱਕਿਆ ਹੈ। ਇਨ੍ਹਾਂ ਦੇ ਨਾਮਜ਼ਦ ਪਾਰਲੀਮੈਂਟ ਮੈਂਬਰ ਗੂੰਗੇ ਬਣ ਕੇ ਕੁਰਸੀਆਂ ਉੱਤੇ ਸੁੱਤੇ ਰਹੇ ਹਨ ਅਤੇ ਇਨ੍ਹਾਂ ਦੀਆਂ ਦੋ ਦੋ ਸਰਕਾਰਾਂ ਪੰਜਾਬ ਵਿਚ ਪੰਜਾਬੀ ਲਾਗੂ ਨਹੀਂ ਕਰ ਸਕੀਆਂ। ਐਮਰਜੈਂਸੀ ਕਿਸੇ ਦੀ ਜੰਗ ਸੀ, ਅਕਾਲੀ ਦਲ ਨੂੰ ਬਲਦੀ ਦੇ ਬੂਥੇ ਝੋਕ ਕੇ ਲੱਖਾਂ ਲੋਕਾਂ ਦਾ ਘਾਣ ਕਰਵਾਉਣਾ ਕਿਵੇਂ ਵੀ ਜਾਇਜ਼ ਨਹੀਂ ਸੀ। ਸ੍ਰੀ ਦੇਵੀ ਲਾਲ ਕੋਲੋਂ ਕਰੋੜ ਰੁਪਿਆ ਪ੍ਰਵਾਨ ਕਰਨਾ ਹੀ ਇਕ ਐਡਾ ਵੱਡਾ ਅਪਰਾਧ ਹੈ ਕਿ ਏਸ ਬਦਲੇ ਸਿਆਸੀ ਨੇਤਾ ਦਾ ਸਦਾ ਲਈ ਛੇਕਿਆ ਜਾਣਾ ਜਾਇਜ਼ ਹੈ। ਪੰਜਾਬ ਦੀ ਧਰਤੀ ਨਾਲ ਕੀ ਇਹ ਸਭ ਤੋਂ ਵੱਡਾ ਧ੍ਰੋਹ ਨਹੀਂ ਸੀ? ਅਜਿਹੀ ਅਗਵਾਈ ਉੱਤੇ ਕਾਹਦਾ ਮਾਣ? ਨਾਲੇ ਕੀ ਬਣਿਆ ਸਿੱਖੀ ਦੇ ਉਸ ਨਿਚੋੜ ਦਾ ਜੋ ਕਹਿੰਦਾ ਹੈ, "ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥" ਦੂਜੀ ਸੰਸਾਰ

ਜੰਗ ਜਿੱਤਣ ਵਾਲਾ ਚਰਚਿਲ, ਅੰਗਰੇਜ਼ ਕੌਮ ਨੇ 1945 ਤੋਂ ਬਾਅਦ ਤੁਰੰਤ ਲਾਹ ਕੇ ਪਰ੍ਹੇ ਸੁੱਟ ਦਿੱਤਾ ਸੀ। 'ਸਿੰਬਲਾ ਤੂੰ ਮਾਣ ਨਾ ਕਰੀਂ ਫਲ ਨੀਵਿਆਂ ਰੁੱਖਾਂ ਨੂੰ ਲੱਗਦੇ।'

ਦੋ ਹਜ਼ਾਰ ਸਾਲ ਪਹਿਲਾਂ ਕਿਸੇ ਆਮ ਆਦਮੀ ਨੇ ਸੀਜ਼ਰ ਮਹਾਨ ਦੀ ਆਸਤੀਨ ਫੜ ਕੇ ਆਖਿਆ ਸੀ ਕਿ ਉਹ 15 ਮਾਰਚ ਤੋਂ ਡਰੇ। ਅੱਜ ਮੈਂ ਸ੍ਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਆਖਣਾ ਹੈ ਕਿ 6 ਮਈ ਦੇ ਮਨਸੂਬੇ ਤੋਂ ਡਰੋ। ਕੂੜੇ ਦਾਅਵੇ ਅਤੇ ਕੂੜੇ ਲਾਲਚ ਛੱਡੋ। ਸੰਗਤਾਂ ਸ੍ਰੀ ਦਸਮੇਸ਼ ਸਰਬੰਸਦਾਨੀ ਦੇ ਵਰਦਾਨ ਅਨੁਸਾਰ ਆਪਣੀ ਸਿਆਸੀ ਸ਼ਕਤੀ ਨੂੰ ਆਪਣੇ ਹੱਥ ਲੈਣ ਲਈ ਪਰ ਤੋਲ ਰਹੀਆਂ ਹਨ। ਛਾਲ ਮਾਰ ਕੇ ਇਨ੍ਹਾਂ ਨਾਲ ਆ ਮਿਲੋ। "ਜਿਸੁ ਠਾਕੁਰ ਸਿਉ ਨਾਹੀ ਚਾਰਾ॥ ਤਾ ਕਉ ਕੀਜੈ ਸਦ ਨਮਸਕਾਰਾ॥" ਗੁਰਵਾਕ ਅਟੱਲ ਹਨ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸੱਚ ਦੇ ਰਾਖੇ ਸਿੱਖੀ ਦੀ ਵਿਰਾਸਤ ਦੇ ਧਾਰਨ ਵਾਲੇ ਹਨ। ਸ੍ਰੀ ਗੁਰੂ ਰਾਮਦਾਸ, ਸ੍ਰੀ ਗੁਰੂ ਹਰਿਗੋਬਿੰਦ ਨੂੰ ਅੱਖਾਂ ਵਿਖਾ ਕੇ ਵਿਰੋਧੀਆਂ ਦੀ ਖ਼ੁਸ਼ਨੂਦੀ ਹਾਸਲ ਕਰਨ ਦੇ ਚਾਹਵਾਨੋਂ ਲੋਕਾਂ ਦੇ ਕਹਿਰ ਤੋਂ ਡਰੋ, ਕਿਉਂ ਜੁ ਖ਼ਲਕਤ ਦੀ ਆਵਾਜ਼ ਖ਼ਾਲਕ ਦਾ ਨਗਾਰਾ ਹੈ।

•

ਬੱਬਰ ਅਕਾਲੀ ਲਹਿਰ*

ਇਕ ਪੱਛਮੀ ਸਿਆਣੇ ਨੇ ਸੱਚ ਕਿਹਾ ਸੀ, "ਜੇ ਆਪਣੇ ਆਪ ਨੂੰ ਆਪਣੇ ਆਪ ਤੋਂ ਉੱਚਾ ਨਾ ਚੁੱਕੇ ਤਾਂ ਮਨੁੱਖ ਕਿੰਨੀ ਨੀਚ ਵਸਤੂ ਹੈ।" ਬੱਬਰ ਅਕਾਲੀ ਲਹਿਰ ਉਹਨਾਂ ਨਿਰਭੈ ਯੋਧਿਆਂ ਦੀ ਚਲਾਈ ਹੋਈ ਲਹਿਰ ਸੀ, ਜਿਨ੍ਹਾਂ ਨੂੰ ਲੋਕਾਂ ਦੇ ਦੁਖ ਨੇ ਦੁਖੀ ਕੀਤਾ, ਜਿਨ੍ਹਾਂ ਕੌਮ ਦੀ ਬੇ-ਇਜ਼ਤੀ ਨੂੰ ਨਾ ਸਹਾਰਦਿਆਂ ਹੋਇਆਂ ਜਾਨਾਂ 'ਤੇ ਖੇਡ ਕੇ ਵੀ ਉਸ ਦੀ ਅਣਖ ਨੂੰ ਬਰਕਰਾਰ ਰੱਖਣ ਲਈ ਇਕ ਸ਼ਾਨਦਾਰ ਹੰਭਲਾ ਮਾਰਿਆ। ਬੱਬਰ ਅਕਾਲੀਆਂ ਨੇ ਗ਼ੁਲਾਮੀ ਦੇ ਜੀਵਨ ਵਿਚ ਅੱਡੀਆਂ ਰਗੜ ਰਗੜ ਕੇ ਜੀਣ ਨਾਲੋਂ, ਸੂਰਮਿਆਂ ਵਾਂਗ ਤਲਵਾਰਾਂ ਦੀਆਂ ਧਾਰਾਂ 'ਤੇ ਨੱਚਦੇ ਹੋਏ, ਆਪਣੇ ਜੀਵਨ ਦੀ ਅਹੂਤੀ ਦੇਣ ਨੂੰ ਚੰਗਾ ਸਮਝਿਆ।

ਗ਼ੁਲਾਮ ਨੂੰ ਤਾਂ ਸੁਪਨੇ ਵਿਚ ਵੀ ਸੁੱਖ ਨਹੀਂ ਮਿਲਦਾ। 'ਪਰਾਧੀਨ ਸੁਪਨੇ ਹੂੰ ਸੁਖ ਨਾਹਿ।' ਪਰ ਗ਼ੁਲਾਮੀ ਦੀਆਂ ਕੜੀਆਂ ਕੇਵਲ ਉੱਨਤ ਆਤਮਾਵਾਂ ਅਤੇ ਬਲਵਾਨ ਡੌਲੇ ਹੀ ਤੋੜ ਸਕਦੇ ਹਨ। ਸਦੀ ਦਾ ਮੋੜ ਪੈਣ ਨਾਲ ਪੰਜਾਬ ਵਿਚ ਜਾਗ੍ਰਤੀ ਆਉਣੀ ਸ਼ੁਰੂ ਹੋਈ। ਪਹਿਲਾਂ ਪਹਿਲ ਇਹ ਜਾਗ੍ਰਤੀ ਧਾਰਮਿਕ ਰੂਪ ਵਿਚ ਆਈ। ਨਿਰੰਕਾਰੀ ਅਤੇ ਨਾਮਧਾਰੀ ਲਹਿਰਾਂ ਨਿਰੋਲ ਧਾਰਮਿਕ ਲਹਿਰਾਂ ਸਨ। ਇਸ ਉਪਰੰਤ ਸਿੰਘ ਸਭਾ ਲਹਿਰ ਚੱਲੀ, ਜਿਸ ਨੇ ਸਮਾਜ ਸੁਧਾਰ ਅਤੇ ਵਿਦਿਅਕ ਉੱਨਤੀ ਦਾ ਬੀੜਾ ਚੁੱਕਿਆ, ਹੌਲੀ ਹੌਲੀ ਇਹ ਜਾਗ੍ਰਤੀ ਸਿਆਸੀ ਰੂਪ ਵਟਾਉਂਦੀ ਗਈ। ਸਰਕਾਰ ਨੇ ਇਹਨਾਂ ਨਵੇਂ ਪੁੰਗਰਦੇ ਵਿਚਾਰਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਵਿਨਾਸ਼ ਦਾ ਸਮਾਂ ਆਉਂਦਾ ਹੈ ਤਾਂ ਮਨੁੱਖ ਦੀ ਬੁੱਧੀ ਪਲਟ ਜਾਂਦੀ ਹੈ। 'ਵਿਨਾਸ਼ ਕਾਲੇ ਵਿਪਰੀਤ ਬੁੱਧੀ।' ਅੰਗਰੇਜ਼ ਸਰਕਾਰ ਧਰਮ ਵਰਗੇ ਪਵਿੱਤਰ ਮਸਲਿਆਂ ਵਿਚ ਵੀ ਦਖ਼ਲ ਦੇਣ ਲੱਗ ਪਈ। ਧਰਮ ਵਿਚ ਦਖ਼ਲ ਨਾ ਸਹਾਰਦੇ ਹੋਏ, ਅਕਾਲੀਆਂ ਨੇ ਸਰਕਾਰ ਨਾਲ ਕਈ ਸਿੱਧੀਆਂ ਟੱਕਰਾਂ ਲਈਆਂ। ਗੁਰਦੁਆਰਾ ਸੁਧਾਰ ਲਹਿਰ ਵਿਚ ਸਿੱਖਾਂ ਨੇ ਸ਼ਾਂਤਮਈ ਰਹਿੰਦੇ ਹੋਏ ਜਬਰ ਦਾ ਟਾਕਰਾ ਸਬਰ ਨਾਲ ਕੀਤਾ; ਡਾਂਗਾਂ ਦੇ ਵਾਰ ਹੋਏ, ਗੋਲੀਆਂ ਉਡ ਉਡ ਕੇ ਹਿੱਕਾਂ ਨੂੰ ਆਈਆਂ, ਘੋੜੀਆਂ ਦੇ ਸੁੰਬਾਂ ਨੇ ਪਸਲੀਆਂ ਭੰਨੀਆਂ ਅਤੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਵੀ ਹੋਈ। ਜਬਰ ਅਤੇ ਸਬਰ ਦੇ ਏਸ ਘੋਲ ਵਿੱਚੋਂ ਬੱਬਰ ਅਕਾਲੀ ਲਹਿਰ ਨੇ ਜਨਮ ਲਿਆ।

ਅਕਾਲੀਆਂ ਵਿਚ ਕਈ ਗਰਮ ਖ਼ਿਆਲੀਏ ਸਨ, ਜਿਨ੍ਹਾਂ ਨੂੰ ਤਨ ਦੀ ਪੀੜ ਤਾਂ ਪੋਂਹਦੀ ਤਕ ਨਹੀਂ ਸੀ, ਪਰ ਜਿਨ੍ਹਾਂ ਦੇ ਮਨ ਦੀ ਪੀੜ ਅਸਹਿ ਹੋ ਗਈ, ਉਹ ਆਪਣੇ

---

* ਬੱਬਰਾਂ ਦੇ ਦਿਲ ਹਿਲਾਊ ਕਾਰਨਾਮੇ, ਮੁਲਕ ਦੀ ਆਜ਼ਾਦੀ ਵਿਚ ਉਨ੍ਹਾਂ ਦਾ ਯੋਗਦਾਨ ਅਤੇ ਇਸ ਬਦਲੇ ਅੰਗਰੇਜ਼ ਸਰਕਾਰ ਦਾ ਤਸ਼ੱਦਦ ਬਰਦਾਸ਼ਤ ਕਰਨ ਦੀ ਕਹਾਣੀ ਇਸ ਲੇਖ ਵਿਚ ਦਰਜ ਹੈ। ਮੂਲ ਰੂਪ ਵਿਚ ਰੇਡੀਓ ਵਾਰਤਾ ਵਜੋਂ 1970 ਵਿਚ ਅਕਾਸ਼ਵਾਣੀ ਜਲੰਧਰ ਤੋਂ ਵੀ ਨਸ਼ਰ ਹੋ ਚੁੱਕੀ ਹੈ।

ਆਪ ਨੂੰ ਪੁੱਛਣ ਲੱਗੇ :

ਅੱਖੀਂ ਵੇਖ ਬੇਅਦਬੀਆਂ ਚੁੱਪ ਬੈਠਾ, ਕਾਇਰ ਹੋ ਕੇ ਝੱਟ ਟਪਾਇਆ ਕਿਉਂ ?
ਮੂਹਰੇ ਬਾਂਦਰਾਂ ਦੇ ਕਰੇਂ ਹਜ਼ੂਰ ਵਾਲੀ, ਸਿੰਘ ਨਾਮ ਤੂੰ ਅੱਜ ਸਦਾਇਆ ਕਿਉਂ ?

ਗੁਰਵਾਕ ਵੀ ਹੈ, "ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" ਇਨ੍ਹਾਂ ਗਰਮ ਖ਼ਿਆਲੀਆਂ ਨੇ ਆਪਣੇ ਤਰੀਕੇ ਨਾਲ ਬੇਪਤੀ ਕਰਨ ਵਾਲਿਆਂ ਨੂੰ ਸਬਕ ਸਿਖਾਉਣ ਦੀ ਸੋਚੀ। ਜਥੇਦਾਰ ਕਿਸ਼ਨ ਸਿੰਘ ਗੜਗੱਜ ਅਤੇ ਬਾਬੂ ਸੰਤਾ ਸਿੰਘ ਨੇ ਦੁਆਬੇ ਵਿਚ 'ਬੱਬਰ ਅਕਾਲੀ ਦਲ' ਦੀ ਨੀਂਹ ਇਸ ਮੰਤਵ ਲਈ ਰੱਖੀ।

ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਵਾਸਤੇ ਬੱਬਰਾਂ ਨੇ ਅਗਸਤ 1922 ਵਿਚ ਇਕ ਛੋਟਾ ਜਿਹਾ ਅਖ਼ਬਾਰ ਚਾਲੂ ਕੀਤਾ, ਜਿਸ ਦਾ ਨਾਂ *ਬੱਬਰ ਅਕਾਲੀ* ਰੱਖਿਆ ਗਿਆ। ਸ: ਕਰਮ ਸਿੰਘ ਦੌਲਤਪੁਰ (ਜ਼ਿਲ੍ਹਾ ਜਲੰਧਰ, ਹੁਣ, ਨਵਾਂ ਸ਼ਹਿਰ) ਏਸ ਅਖ਼ਬਾਰ ਦੇ ਸੰਪਾਦਕ ਸਨ। *ਬੱਬਰ ਅਕਾਲੀ* ਸਾਈਕਲੋ ਸਟਾਇਲ ਮਸ਼ੀਨ 'ਤੇ ਛਾਪਿਆ ਜਾਂਦਾ ਸੀ, ਜਿਸ ਨੂੰ ਬੱਬਰ 'ਉਡਾਰੂ ਪ੍ਰੈਸ' ਜਾਂ 'ਸਫ਼ਰੀ ਮਸ਼ੀਨ' ਆਖਦੇ ਸਨ।

ਆਉ, ਬੱਬਰ ਅਕਾਲੀਆਂ ਦੇ ਜਜ਼ਬਾਤ ਨੂੰ ਇਸ ਅਖ਼ਬਾਰ ਵਿਚ ਛਪੀਆਂ ਹੋਈਆਂ ਕਵਿਤਾਵਾਂ ਰਾਹੀਂ ਜਾਨਣ ਦੀ ਕੋਸ਼ਿਸ਼ ਕਰੀਏ।

ਬੱਬਰ ਅਕਾਲੀ ਦੇਸ਼ ਦੀ ਆਜ਼ਾਦੀ ਲਈ ਬੜੀ ਤੜਪ ਰੱਖਦੇ ਸਨ ਅਤੇ ਓਹਨਾਂ ਦਾ ਨਿਸ਼ਚਾ ਸੀ ਕਿ ਆਜ਼ਾਦੀ ਦੇ ਆਸ਼ਕ ਖ਼ੂਨ ਦੀ ਝਨਾਂ ਵਿਚ ਟੁੱਬੀ ਲਾ ਕੇ ਹੀ ਮੰਜ਼ਿਲ ਤਕ ਪਹੁੰਚ ਸਕਦੇ ਹਨ।

ਸ਼ਾਂਤਮਈ ਨੇ ਹਿੰਦ ਜਗਾ ਦਿੱਤਾ, ਹੁਣ ਤਾਂ ਸ਼ੁਰੂ ਹੋ ਜਾਓ ਦੂਜੇ ਦਾਅ ਲੋਕੋ।
ਮਾਰੇ ਬਿਨਾ ਕਦੀ ਨਹੀਂ ਕੰਮ ਸਰਨਾ, ਲਓ ਜ਼ਾਲਮਾਂ ਵੱਡੀਆਂ ਪਾ ਲੋਕੋ।

ਜ਼ੁਲਮ ਦਾ ਨਾਸ਼ ਕਰਨ ਵਾਸਤੇ ਓਹ ਜ਼ਾਲਮਾਂ ਦਾ ਨਾਸ਼ ਕਰਨਾ ਜ਼ਰੂਰੀ ਸਮਝਦੇ ਸਨ।

ਥਾਉਂ ਥਾਈਂ ਬਣਾ ਕੇ ਜਜਿਆਂ ਨੂੰ, ਵੀਰੋ ਜ਼ਾਲਮਾਂ ਤਾਈਂ ਖਪਾਣ ਲੱਗ ਪਉ।
ਦੇਸ਼ ਭਗਤਾਂ ਨੂੰ ਜਿਨ੍ਹਾਂ ਨੇ ਦੁੱਖ ਦਿੱਤਾ, ਓਹਨਾਂ ਜ਼ਾਲਮਾਂ ਦੀ ਧੌਣ ਲਾਹਣ ਲੱਗ ਪਉ।

ਉਹਨਾਂ ਦੀ ਵੰਗਾਰ ਕੇਵਲ ਇਕ ਫ਼ਿਰਕੇ ਤਕ ਸੀਮਿਤ ਨਹੀਂ ਸੀ, ਸਗੋਂ ਉਹ ਸਾਰੇ ਭਾਰਤ-ਵਾਸੀਆਂ ਨੂੰ ਇਕਮੁੱਠ ਹੋ ਕੇ ਆਜ਼ਾਦੀ ਲਈ ਹੰਭਲਾ ਮਾਰਨ ਲਈ ਪ੍ਰੇਰਦੇ ਸਨ।

ਅੰਤ ਨੂੰ ਸਤਿ ਸ੍ਰੀ ਅਕਾਲ ਦੇ ਨਾਅਰੇ ਲਾਉਂਦੇ ਹੋਏ, ਭਾਈ ਕਰਮ ਸਿੰਘ ਦੌਲਤਪੁਰ, ਸ: ਬਿਸ਼ਨ ਸਿੰਘ ਮਾਂਗਟ, ਸ: ਉਦੇ ਸਿੰਘ, ਸ: ਮਹਿੰਦਰ ਸਿੰਘ ਤੇ ਇਕ ਹੋਰ ਬੱਬਰ ਸ਼ਹੀਦ ਹੋ ਗਏ।

ਨਵੰਬਰ 1922 ਵਿਚ ਬੱਬਰ ਲਹਿਰ 'ਤੇ ਕਾਬੂ ਪਾਉਣ ਵਾਸਤੇ ਡੀ.ਆਈ.ਜੀ., ਡੀ.ਸੀ. ਜਲੰਧਰ, ਡੀ.ਸੀ. ਹੁਸ਼ਿਆਰਪੁਰ ਅਤੇ ਹੋਰ ਵੱਡੇ ਅਫ਼ਸਰਾਂ ਦੀ ਮੀਟਿੰਗ ਹੋਈ। ਏਸ ਮੀਟਿੰਗ ਦੇ ਫ਼ੈਸਲਿਆਂ ਅਨੁਸਾਰ ਪੁਲਿਸ ਦੀ ਖ਼ਾਸ ਧਾੜ ਦਾ ਪ੍ਰਬੰਧ ਕੀਤਾ ਗਿਆ; ਬੱਬਰਾਂ ਦੀਆਂ ਗ੍ਰਿਫ਼ਤਾਰੀਆਂ ਲਈ ਇਨਾਮ ਰੱਖੇ ਗਏ।

ਪਰ ਬੱਬਰ ਅਕਾਲੀਆਂ ਨੇ ਆਪਣਾ ਧਰਮ ਯੁੱਧ ਜਾਰੀ ਰੱਖਿਆ। ਜਿਹੜੇ ਕੌਮਾਂ ਨੂੰ ਜਿਊਣਾ ਸਿਖਾਉਣ ਲਈ ਮੈਦਾਨ ਵਿਚ ਨਿਤਰਦੇ ਹਨ, ਉਹ ਸਿਰ 'ਤੇ ਕਫਣ ਬੰਨ੍ਹ ਕੇ ਹੀ ਆਉਂਦੇ ਹਨ। "ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥" ਆਜ਼ਾਦੀ ਦੀ ਸ਼ਮ੍ਹਾ ਮੱਚਦੀ ਰਹੀ, ਪਰਵਾਨੇ ਸੜਦੇ ਰਹੇ। 12 ਦਸੰਬਰ, 1922 ਨੂੰ ਪਿੰਡ ਮੁੰਡੇਰ

ਵਿਚ ਪੁਲਿਸ ਦੀ ਇਕ ਟੁਕੜੀ ਨੇ ਮੁਕਾਬਲੇ ਤੋਂ ਬਾਅਦ ਇਕ ਮਕਾਨ ਨੂੰ ਅੱਗ ਲਾ ਕੇ, ਵਿਚ ਲੁਕੇ ਹੋਏ ਬੱਬਰਾਂ ਭਾਈ ਬੰਤਾ ਸਿੰਘ, ਭਾਈ ਨੱਥਾ ਸਿੰਘ ਅਤੇ ਭਾਈ ਜਵਾਲਾ ਸਿੰਘ ਨੂੰ ਸਾੜ ਦਿੱਤਾ। ਕੇਵਲ ਭਾਈ ਵਰਿਆਮ ਸਿੰਘ ਨੂੰ ਅੱਗ ਨਾ ਸਾੜ ਸਕੀ। ਉਹ ਗੋਲੀਆਂ ਦੇ ਵਰ੍ਹਦੇ ਮੀਂਹ ਵਿਚ ਦੀ ਹਰਨ ਹੋ ਗਿਆ। ਇਸ ਚੱਕਰਵਰਤੀ ਦੀ ਗ੍ਰਿਫ਼ਤਾਰੀ ਲਈ ਸਰਕਾਰ ਨੇ ਤਿੰਨ ਮੁਰੱਬੇ ਜ਼ਮੀਨ ਦਾ ਇਨਾਮ ਮਿਥਿਆ। ਅੰਤ ਜੂਨ 1924 ਨੂੰ ਪਿੰਡ ਧੁੱਗਾਂ ਵਿਚ ਭਾਈ ਵਰਿਆਮ ਸਿੰਘ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ।

24 ਅਕਤੂਬਰ, 1923 ਨੂੰ ਭਾਈ ਧੰਨਾ ਸਿੰਘ ਬਹਿਬਲਪੁਰ ਦਾ ਮੰਨਣਹਾਣਾ ਪਿੰਡ ਵਿਚ ਹੋਣ ਦਾ ਪਤਾ ਲੱਗਿਆ, ਪੁਲਿਸ ਪਹੁੰਚ ਗਈ। ਜਿੰਨੀ ਦੇਰ ਤਕ ਕੋਲ ਬਰੂਦ ਸਿੱਕਾ ਰਿਹਾ, ਧੰਨਾ ਸਿੰਘ ਨੇ ਪੁਲਿਸ ਦਾ ਮੁਕਾਬਲਾ ਕੀਤਾ। ਅੰਤ ਓਸ ਨੂੰ ਨਿਹੱਥਾ ਸਮਝ ਕੇ ਪੁਲਿਸ ਵਾਲੇ ਨੇੜੇ ਆਏ ਤਾਂ ਓਸਨੇ ਆਪਣੀ ਕੱਛ ਵਿਚ ਲੁਕਾ ਕੇ ਰੱਖੇ ਬੰਬ ਨੂੰ ਚਲਾ ਦਿੱਤਾ, ਜਿਸ ਨਾਲ ਪੰਜ ਪੁਲਿਸ ਕਰਮਚਾਰੀ ਤੇ ਇਕ ਅੰਗਰੇਜ਼ ਥਾਂ 'ਤੇ ਮਾਰੇ ਗਏ। ਭਾਈ ਧੰਨਾ ਸਿੰਘ ਵੀ "ਅਤ ਹੀ ਰਨ ਮੈ ਤਬ ਜੂਝ ਮਰੋ" ਵਾਲਾ ਪ੍ਰਣ ਪੂਰਾ ਕਰ ਗਿਆ।

ਪੁਲਿਸ ਹੋਰ ਸਰਗਰਮ ਹੋ ਗਈ, ਜਿਸ ਦਾ ਨਤੀਜਾ ਸੰਤ ਕਰਤਾਰ ਸਿੰਘ ਬੱਬਰ ਪਿੰਡ ਪ੍ਰਾਗਪੁਰ ਦੀ ਗ੍ਰਿਫ਼ਤਾਰੀ ਵਿਚ ਨਿਕਲਿਆ। ਇਹ ਕਸੌਟੀ 'ਤੇ ਪੂਰਾ ਨਾ ਉਤਰਿਆ। "ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥" ਉਹ ਪੁਲਿਸ ਦਾ ਗਵਾਹ ਬਣ ਗਿਆ। ਉਸ ਕੋਲੋਂ ਸੂਹ ਲੈ ਕੇ ਪੁਲਿਸ ਨੇ 89 ਬੱਬਰ ਗ੍ਰਿਫ਼ਤਾਰ ਕਰ ਲਏ। ਏਹਨਾਂ ਉੱਤੇ ਮੁਕੱਦਮੇ ਚੱਲੇ; ਪੰਜਾਂ ਨੂੰ ਫਾਂਸੀ, ਗਿਆਰਾਂ ਨੂੰ ਉਮਰ ਕੈਦ ਅਤੇ ਬਾਕੀਆਂ ਨੂੰ ਲੰਮੀਆਂ ਸਜ਼ਾਵਾਂ ਦੇਣ ਦਾ ਫ਼ੈਸਲਾ ਹੋਇਆ। 27 ਫ਼ਰਵਰੀ, 1926 ਨੂੰ ਜਥੇਦਾਰ ਕਿਸ਼ਨ ਸਿੰਘ ਗੜਗੱਜ, ਬਾਬੂ ਸੰਤਾ ਸਿੰਘ, ਸ: ਕਰਮ ਸਿੰਘ, ਸ: ਨੰਦ ਸਿੰਘ ਅਤੇ ਸ: ਦਲੀਪ ਸਿੰਘ ਧਾਮੀਆਂ ਨੂੰ ਫਾਂਸੀ ਲਾ ਦਿੱਤਾ ਗਿਆ।

ਅਮਲੀ ਤੌਰ 'ਤੇ ਇਹ ਬੱਬਰ ਅਕਾਲੀ ਲਹਿਰ ਦਾ ਅੰਤ ਸੀ, ਹਾਲਾਂਕਿ ਕੁਝ ਬੱਬਰਾਂ ਨੇ 1926 ਤੋਂ ਬਾਅਦ ਵੀ ਆਪਣਾ ਕੰਮ ਜਾਰੀ ਰੱਖਿਆ। ਬੇਲਾ ਸਿੰਘ ਅਤੇ ਅਨੂਪ ਸਿੰਘ ਵਰਗੇ ਗ਼ਦਾਰ ਏਸ ਤੋਂ ਪਿੱਛੋਂ ਸੋਧੇ ਗਏ। ਬੱਬਰ ਅਕਾਲੀ ਰਤਨ ਸਿੰਘ ਨੇ 1932 ਵਿਚ ਸੂਰਮਗਤੀ ਪਾਈ।

1940 ਤਕ ਸਰਕਾਰ ਨੇ ਆਪਣੀ ਜਾਣੇਂ ਸਾਰੇ ਬੱਬਰ ਮਾਰ ਲਏ ਸਨ, ਪਰ ਉਹ ਅਜੇ ਵੀ ਜ਼ਿੰਦਾ ਹਨ ਅਤੇ ਪਰਲੋ ਤਕ ਜ਼ਿੰਦਾ ਰਹਿਣਗੇ। ਕੌਮ ਦੀ ਅਣਖ, ਦੇਸ਼ ਦੀ ਆਜ਼ਾਦੀ ਤੇ ਲੋਕਾਂ ਦੇ ਭਲੇ ਲਈ ਸ਼ਹੀਦ ਹੋਣ ਵਾਲੇ ਵੀ ਕਦੇ ਮਰੇ ਹਨ ? ਨਹੀਂ ! ਅੱਗ, ਗੋਲੀ, ਫਾਂਸੀ ਤੇ ਉਮਰ ਕੈਦ ਇਹਨਾਂ ਲਈ ਨਵੇਂ ਜੀਵਨ ਦਾ ਆਰੰਭ ਹੁੰਦੀ ਹੈ। ਤਾਹੀਏਂ ਤਾਂ ਇਹ ਅੰਗਿਆਰਾਂ ਵਿਚ ਹੱਸਦੇ, ਗੋਲੀਆਂ ਅੱਗੇ ਹਿੱਕਾਂ ਤਾਣਦੇ, ਫਾਂਸੀ ਦੇ ਰੱਸਿਆਂ ਨੂੰ ਚੁੰਮਦੇ ਅਤੇ ਸਜ਼ਾਵਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਵੇਖੇ ਜਾਂਦੇ ਹਨ। ਇਹੋ ਜਿਹੇ ਫੁਲ ਮਨੁੱਖਤਾ ਦੇ ਬੂਟੇ ਉੱਤੇ ਕਈ ਸਦੀਆਂ ਬਾਅਦ ਇਕ ਅੱਧ ਵਾਰ ਮਸਾਂ ਲੱਗਦੇ ਹਨ।

•

ਇਕ ਅਨੋਖੀ ਸ਼ਹਾਦਤ*

ਕਈ ਇਤਿਹਾਸਕ ਕਾਰਣਾਂ ਕਰ ਕੇ ਸਿਖ ਪੰਥ ਦੇ ਇਕ ਮਹਾਨ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੀ ਵਸੀਅਤ ਦੀ ਸੰਭਾਲ ਕਰਨ ਦਾ ਕੰਮ ਮੇਰੇ ਜ਼ਿੰਮੇ ਆ ਪਿਆ। ਖੋਜ ਦੇ ਕੰਮ ਵਿਚ ਰੁੱਝੇ ਹੋਏ ਹੋਣ ਦੇ ਸਮੇਂ ਦੌਰਾਨ ਮੇਰੇ ਸਾਹਮਣੇ ਸ਼ਹੀਦ ਫੇਰੂਮਾਨ ਦੇ ਇਕ ਸਮਕਾਲੀ ਭਾਈ ਨੰਦ ਸਿੰਘ ਨਾਲ ਸੰਬੰਧਤ ਕੁਝ ਦਸਤਾਵੇਜ਼ ਆ ਗਏ। ਭਾਈ ਨੰਦ ਸਿੰਘ ਨੇ ਵੀ ਫੇਰੂਮਾਨ ਵਾਂਗ ਹੀ ਸ਼ਹੀਦੀ ਦਾ ਜਾਮ ਪੀਤਾ ਸੀ। ਉਸ ਵੱਲੋਂ ਸ਼ਹਾਦਤ ਦਾ ਰਾਹ ਧਾਰਨ ਕਰਨ ਦੇ ਕਾਰਣ ਵੀ ਉਹੀ ਸਨ, ਜਿਨ੍ਹਾਂ ਨੇ ਫੇਰੂਮਾਨ ਨੂੰ ਇਸ ਰਾਹ ਤੋਰਿਆ ਅਤੇ ਉਸ ਨੇ ਵੀ ਫੇਰੂਮਾਨ ਵਾਂਗ ਹੀ ਪੂਰੀ ਸ਼ਾਨ ਨਾਲ ਦਰਪੇਸ਼ ਮਸਲੇ ਦਾ ਟਾਕਰਾ ਆਪਣੇ ਸਰੀਰ ਦੀ ਅਹੂਤੀ ਦੇ ਕੇ ਕੀਤਾ। ਮੈਂ ਫ਼ੈਸਲਾ ਕੀਤਾ ਕਿ ਫੇਰੂਮਾਨ ਬਾਰੇ ਤਿਆਰੀ ਅਧੀਨ ਲਿਖਤ ਵਿਚ ਭਾਈ ਨੰਦ ਸਿੰਘ ਨੂੰ ਵੀ ਸ਼ਾਮਿਲ ਕਰ ਲਵਾਂ। ਪਰ ਛੇਤੀ ਹੀ ਮੈਨੂੰ ਗਿਆਨ ਹੋ ਗਿਆ ਕਿ ਮੈਂ ਭਾਈ ਨੰਦ ਸਿੰਘ ਨਾਲ ਪੂਰਾ ਨਿਆਂ ਨਹੀਂ ਸੀ ਕਰ ਰਿਹਾ।

ਇਹ ਨਿਸ਼ਚਿਤ ਹੈ ਕਿ ਧਰਮ ਦੇ ਖੇਤਰ ਵਿਚ ਕੋਈ ਵੱਡਾ ਛੋਟਾ ਨਹੀਂ ਹੁੰਦਾ। ਜਿਵੇਂ ਰੱਬ ਦੇ ਅਵਤਾਰਾਂ ਦੀ ਦਰਜਾਬੰਦੀ ਨਹੀਂ ਕੀਤੀ ਜਾ ਸਕਦੀ, ਇਸੇ ਤਰ੍ਹਾਂ ਸ਼ਹੀਦ ਖ਼ਾਸ ਤੌਰ 'ਤੇ ਆਪਣੇ ਅੰਤ ਸਮੇਂ, ਜਦ ਉਹ ਅਕਾਲ ਪੁਰਖ ਨਾਲ ਇਕਮਿਕ ਹੋ ਰਹੇ ਹੁੰਦੇ ਹਨ, ਦਿੱਬ-ਦ੍ਰਿਸ਼ਟੀ ਦੀ ਸੋਝੀ ਵੀ ਉਨ੍ਹਾਂ ਨੂੰ ਮਹਾਂਪੁਰਸ਼ਾਂ ਵਾਂਗ ਹੀ ਹੋ ਰਹੀ ਹੁੰਦੀ ਹੈ। ਇਸੇ ਲਈ ਉਨ੍ਹਾਂ ਦੀ ਦਰਜਾਬੰਦੀ ਵੀ ਨਹੀਂ ਕੀਤੀ ਜਾ ਸਕਦੀ ਕਿ ਕੌਣ ਵੱਡਾ ਤੇ ਕੌਣ ਛੋਟਾ ਸ਼ਹੀਦ ਸੀ। ਇਹ ਉੱਤਰ ਹੈ ਮੇਰੇ ਅੰਦਰੋਂ ਉਪਜੀ ਉਸ ਪਹਿਲੀ ਤਰੰਗ ਦਾ ਕਿ ਕਈ ਤਰ੍ਹਾਂ ਨਾਲ ਭਾਈ ਨੰਦ ਸਿੰਘ ਦੀ ਸ਼ਹੀਦੀ ਫੇਰੂਮਾਨ ਦੀ ਸ਼ਹੀਦੀ ਨਾਲੋਂ ਵੀ ਵੱਡੀ ਘਟਨਾ ਸੀ ਅਤੇ ਉਹ ਸ਼ਾਇਦ ਜ਼ਿਆਦਾ ਵੱਡਾ ਸ਼ਹੀਦ ਸੀ। ਪਰ ਉਸ ਬਾਰੇ ਵੱਖਰੇ ਤੌਰ 'ਤੇ ਲਿਖਣ ਦੀ ਲੋੜ ਵਿਚ ਕੋਈ ਫ਼ਰਕ ਨਹੀਂ ਪੈਂਦਾ।

ਉਸ ਬਾਰੇ ਲਿਖਣ ਦਾ ਯਤਨ ਕਰਨ ਸਮੇਂ ਇਕ ਹੋਰ ਗੱਲ ਵੀ ਸੋਚ ਦੀਆਂ ਤਰਬਾਂ ਨੂੰ ਛੇੜ ਗਈ, ਜੋ ਮੈਨੂੰ ਯਕੀਨ ਕਰਵਾ ਗਈ ਕਿ ਮੇਰਾ ਫ਼ੈਸਲਾ ਠੀਕ ਸੀ। ਮੈਂ ਮਹਿਸੂਸ ਕੀਤਾ ਕਿ ਜਿਥੇ ਸਿੱਖੀ ਦਾ ਰੂਹਾਨੀ ਵਿਰਸਾ ਸ਼ਹੀਦ ਪੈਦਾ ਕਰਨ ਵਿਚ ਆਪਣਾ ਸਾਨੀ ਨਹੀਂ ਰੱਖਦਾ, ਉਥੇ ਸਿੱਖਾਂ ਦੀ ਆਪਣੇ ਸ਼ਹੀਦਾਂ ਨੂੰ ਯਾਦ ਰੱਖਣ ਦੀ ਸ਼ਕਤੀ ਵੀ ਬੜੀ ਸੀਮਿਤ ਹੈ। ਮੈਂ ਭਾਈ ਨੰਦ ਸਿੰਘ ਬਾਰੇ ਚੰਗੇ ਜਾਣਕਾਰ ਲੋਕਾਂ ਕੋਲੋਂ ਹੋਰ ਵਧੇਰੀ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਤਾਂ ਮੈਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਈ ਕਿ ਉਹ

---

* ਸਿਖ ਕੌਮ ਵੱਲੋਂ ਅਨੇਕਾਂ ਧਰਮ-ਭਰਾਵਾਂ ਦੀ ਸਿਰਲੱਥ ਕੁਰਬਾਨੀ ਨੂੰ ਅਣਗੌਲਿਆਂ ਕਰ ਕੇ ਮਨੋਂ ਭੁਲਾਉਣ ਦੀ ਮੁਜਰਮਾਨਾ ਅਣਗਹਿਲੀ ਨੂੰ ਇਹ ਲੇਖ ਇਕ ਮਿਸਾਲ ਵਜੋਂ ਪੇਸ਼ ਕਰਦਾ ਹੈ। *ਸਪੋਕਸਮੈਨ ਵੀਕਲੀ* ਦੇ ਮਾਸਕ ਅੰਕ ਅਪ੍ਰੈਲ 1995 ਵਿਚ ਛਪਿਆ।

ਤਾਂ ਉਸ ਦਾ ਨਾਂ ਵੀ ਭੁੱਲ ਚੁੱਕੇ ਸਨ। ਮੈਨੂੰ ਵਾਰ ਵਾਰ ਪੁੱਛਿਆ ਜਾਂਦਾ ਸੀ, "ਨੰਦ ਸਿੰਘ ? ਕਿਹੜਾ ਨੰਦ ਸਿੰਘ !!" ਹੈਰਾਨੀ ਇਸ ਲਈ ਵੀ ਹੋਈ ਕਿ ਆਪਣੇ ਸਮੇਂ ਦੇ ਸਭ ਤੋਂ ਵੱਡੇ ਅਕਾਲੀ ਮਾਸਟਰ ਤਾਰਾ ਸਿੰਘ, ਭਾਈ ਨੰਦ ਸਿੰਘ ਦੀ ਸ਼ਹੀਦੀ ਤੋਂ ਏਨਾ ਪ੍ਰਭਾਵਿਤ ਹੋਏ ਸਨ ਕਿ ਉਨ੍ਹਾਂ ਨੇ ਇਸ ਨੂੰ ਸਿਖ ਇਤਿਹਾਸ ਦੀਆਂ ਬਹੁਤ ਵੱਡੀਆਂ ਘਟਨਾਵਾਂ 'ਚੋਂ ਇਕ ਦੱਸਿਆ ਸੀ। ਇਸ ਘਟਨਾ ਨੂੰ ਕਾਨੀ-ਬੱਧ ਕਰਨ ਦਾ ਇਕ ਹੋਰ ਕਾਰਣ ਇਹ ਵੀ ਬਣਿਆ। ਮੈਨੂੰ ਇਸ ਗੱਲ ਦਾ ਪੂਰਾ ਗਿਆਨ ਹੈ ਕਿ ਇਹ ਲਿਖਤ ਭਾਈ ਨੰਦ ਸਿੰਘ ਨਾਲ ਪੂਰਾ ਨਿਆਂ ਨਹੀਂ ਕਰ ਸਕੇਗੀ। ਇਹ ਤਾਂ ਕੇਵਲ ਇਕ ਸ਼ੁਰੂਆਤ ਕਰਨ ਵਜੋਂ ਹੀ ਹੈ। ਕਿਸੇ ਦਿਨ ਕੋਈ ਮਹਾਨ ਕਵੀ ਇਸ ਨੂੰ ਮਹਾਂ-ਕਾਵਿ ਦਾ ਰੂਪ ਦੇਵੇਗਾ ਅਤੇ ਦੱਖਣੀ ਭਾਰਤ ਵਿਚ ਕਿਸੇ ਦਿਨ ਭਾਈ ਨੰਦ ਸਿੰਘ ਅਤੇ ਉਸ ਦੇ ਮਹਾਨ ਕਾਰਨਾਮੇ ਦੀ ਕੋਈ ਵਧੀਆ ਯਾਦਗਾਰ ਕਾਇਮ ਕਰਨ ਦਾ ਯਤਨ ਕੀਤਾ ਜਾਵੇਗਾ।

ਮਾਸਟਰ ਤਾਰਾ ਸਿੰਘ ਨੇ ਭਾਈ ਨੰਦ ਸਿੰਘ ਬਾਰੇ ਜਜ਼ਬਿਆਂ ਨਾਲ ਭਰਪੂਰ ਤਿੰਨ ਲੇਖ ਲਿਖੇ। ਇਹ ਲੇਖ *ਜਥੇਦਾਰ* ਅਖ਼ਬਾਰ ਵਿਚ ਛਪੇ ਸਨ।

ਭਾਈ ਨੰਦ ਸਿੰਘ ਸੱਚ ਦੀ ਭਾਲ ਕਰਨ ਵਾਲਾ ਸ਼ੁੱਧ ਹਿਰਦੇ ਵਾਲਾ ਜਗਿਆਸੂ ਪ੍ਰਤੀਤ ਹੁੰਦਾ ਹੈ। ਉਸ ਨੇ ਸਿੱਖੀ ਬਾਰੇ ਸੁਣਿਆ ਅਤੇ ਖੋਜ ਕਰਦਾ ਉੱਤਰ ਵੱਲ ਆ ਗਿਆ। ਉਸ ਨੂੰ ਗੁਰੂਆਂ ਦਾ ਗਾਡੀ-ਰਾਹ ਪਸੰਦ ਆ ਗਿਆ ਅਤੇ ਸਿੱਖਾਂ ਵਿਚ ਸ਼ਾਮਿਲ ਹੋ ਗਿਆ। ਉਸ ਦਾ ਵਿਸ਼ਵਾਸ ਸੀ ਕਿ ਸਿਖ ਭਾਵੇਂ ਕਿੰਨੇ ਵੀ ਖ਼ਤਰਿਆਂ ਵਿਚ ਨਾ ਘਿਰ ਜਾਣ, ਇਸ ਗਾਡੀ-ਰਾਹ ਦਾ ਤਿਆਗ ਨਹੀਂ ਕਰਦੇ। ਉਹ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਖ਼ਾਲਸਾ ਸੱਜ ਗਿਆ ਅਤੇ ਬਹਾਦਰਪੁਰ ਵਿਚ ਰਹਿਣ ਲੱਗਾ, ਜੋ ਅੰਮ੍ਰਿਤਸਰ ਦੇ ਬਹੁਤ ਨੇੜੇ ਸੀ। ਅਜਿਹੇ ਸੰਕੇਤ ਮਿਲਦੇ ਹਨ ਕਿ ਸ਼ੁਰੂ ਵਿਚ ਉਹ ਸੰਤ ਫ਼ਤਹਿ ਸਿੰਘ ਦੇ ਸੰਤ ਰੂਪ ਤੋਂ ਬਹੁਤ ਪ੍ਰਭਾਵਿਤ ਸੀ। ਅੰਮ੍ਰਿਤਸਰ ਲਗਾਤਾਰ ਆਉਣ ਜਾਣ ਨਾਲ ਉਸ ਦਾ ਸਿਖ ਰਾਜਨੀਤੀ ਦੇ ਉਤਾਰ ਚੜ੍ਹਾਅ ਨਾਲ ਵੀ ਪੂਰਾ ਵਾਹ ਬਣਿਆ ਰਿਹਾ।

27 ਦਸੰਬਰ, 1966 ਵਾਲੇ ਦਿਨ ਉਹ ਸੰਤ ਫ਼ਤਹਿ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਅਗਨ-ਕੁੰਡਾਂ ਵਿਚ ਜ਼ਿੰਦਾ ਸੜ ਮਰਨ ਦਾ ਨਜ਼ਾਰਾ ਵੇਖਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜਾ। ਜੋ ਕੁਝ ਉਥੇ ਉਸ ਨੇ ਵੇਖਿਆ, ਉਸ ਨਾਲ ਉਸ ਦਾ ਦਿਲ ਢਹਿ ਢੇਰੀ ਹੋ ਗਿਆ। ਇਸ ਬਾਰੇ ਉਸ ਨੇ ਆਪਣੇ ਮਨ ਦੀ ਵੇਦਨਾ ਆਪਣੇ ਮਿੱਤਰ ਨਰਿੰਦਰ ਸਿੰਘ ਐਡਵੋਕੇਟ ਕੋਲ ਵੀ ਬਿਆਨ ਕੀਤੀ।

ਉਸ ਦੇ ਮਨ ਦੀਆਂ ਭਾਵਨਾਵਾਂ ਵੀ ਉਹੀ ਸਨ, ਜੋ ਉਸ ਦੇ ਸਮਕਾਲੀ ਫੇਰੂਮਾਨ ਦੀਆਂ ਸਨ। ਉਸ ਨੇ ਪ੍ਰਣ ਵੀ ਉਹੀ ਲਿਆ, ਜੋ ਫੇਰੂਮਾਨ ਨੇ ਲਿਆ ਸੀ। ਇਹ ਜਾਣ ਕੇ ਉਸ ਦੇ ਦਿਲ ਨੂੰ ਬੜਾ ਧੱਕਾ ਲੱਗਾ ਕਿ ਸਿਖ ਲੀਡਰਾਂ ਨੇ ਅਰਦਾਸ ਕਰ ਕੇ ਪ੍ਰਣ ਤੋੜਿਆ ਸੀ। ਉਸ ਦਾ ਵਿਚਾਰ ਸੀ ਕਿ ਜੇ ਇਸ ਦਾ ਪਸ਼ਚਾਤਾਪ ਨਾ ਕੀਤਾ ਗਿਆ ਤਾਂ ਗੁਰੂ ਆਪਣੇ ਸਿੱਖਾਂ ਨੂੰ ਕੰਡ ਦੇ ਜਾਵੇਗਾ। ਉਸ ਨੇ ਸੰਤ ਫ਼ਤਹਿ ਸਿੰਘ ਨੂੰ ਇਕ ਚਿੱਠੀ ਲਿਖ ਕੇ ਬੁਜ਼ਦਿਲੀ ਵਿਖਾਉਣ ਵਿਰੁੱਧ ਰੋਸ ਪ੍ਰਗਟ ਕੀਤਾ ਤੇ ਪੇਸ਼ਕਸ਼ ਕੀਤੀ ਕਿ ਜੇ ਸੰਤ ਫ਼ਤਹਿ ਸਿੰਘ ਆਪ ਆਪਣੇ ਪ੍ਰਣ 'ਤੇ ਕਾਇਮ ਰਹਿਣ ਨੂੰ ਤਿਆਰ ਨਹੀਂ ਤਾਂ ਇਸ ਕੰਮ ਲਈ ਉਹ (ਨੰਦ ਸਿੰਘ) ਆਪ ਅੱਗੇ ਆਉਣ ਨੂੰ ਤਿਆਰ ਹੈ। ਸੰਤ ਨੇ ਚਿੱਠੀ ਦਾ ਕੋਈ ਜਵਾਬ ਨਾ ਦਿੱਤਾ ਤੇ ਮਗਰੋਂ ਕਹਿ ਦਿੱਤਾ ਕਿ ਉਸ ਨੂੰ ਤਾਂ ਅਜਿਹੀ ਕੋਈ ਚਿੱਠੀ ਮਿਲੀ ਹੀ ਨਹੀਂ ਸੀ। ਪਰ ਇਹ ਚਿੱਠੀ ਸੰਤ ਦੇ ਦਫ਼ਤਰ 'ਚੋਂ ਮਿਲ ਗਈ ਤੇ ਅਖ਼ਬਾਰਾਂ

ਵਿਚ ਪ੍ਰਕਾਸ਼ਤ ਵੀ ਹੋ ਗਈ। ਉਹ ਕਿਉਂਕਿ ਇਕ ਗੁਰਦੁਆਰੇ ਵਿਚ ਗ੍ਰੰਥੀ ਵਜੋਂ ਸੇਵਾ ਕਰ ਰਿਹਾ ਸੀ, ਉਸ ਦਾ ਵਿਚਾਰ ਸੀ ਕਿ ਗੁਰੂ ਦੇ ਪੰਥ ਦੀ ਮਰਿਆਦਾ ਬਾਰੇ ਗੱਲ ਕਰਨਾ ਉਸ ਦੀ ਜ਼ਿੰਮੇਵਾਰੀ ਸੀ। ਸਾਡੇ ਆਪਣੇ ਸਮੇਂ ਵਿਚ ਵੀ, ਅਜੋਕੀ ਅਕਾਲੀ ਰਾਜਨੀਤੀ ਵਿਚ ਪਸਰੇ ਰੋਲ-ਘਚੋਲੇ ਨੂੰ ਸਮਾਪਤ ਕਰਨ ਲਈ ਅਕਾਲ ਤਖ਼ਤ ਦੇ ਜਥੇਦਾਰ ਨੂੰ ਦਖ਼ਲ ਦੇਣ ਲਈ ਹੁਣੇ ਪਿੱਛੇ ਜਿਹੇ ਰਾਜ਼ੀ ਕਰਨਾ ਪਿਆ ਸੀ। 13 ਅਪ੍ਰੈਲ, 1967 ਵਾਲੇ ਦਿਨ ਉਸ ਨੇ ਉਹੀ ਅਰਦਾਸ ਦੁਹਰਾਈ, ਜਿਸ ਨੂੰ ਸੰਤ ਨੇ ਵਿਚੇ ਛੱਡ ਦਿੱਤਾ ਸੀ ਅਤੇ ਆਤਮ-ਦਾਹ ਕਰ ਲਿਆ—ਸੰਸਾਰ ਨੂੰ ਇਹ ਦੱਸਣ ਲਈ ਕਿ ਸਿਖ ਆਪਣੇ ਗੁਰੂ ਨਾਲ ਕੀਤੇ ਬਚਨ ਦੀ ਪਾਲਣਾ ਮਰ ਕੇ ਵੀ ਕਰਦੇ ਹਨ ਅਤੇ ਸਿਖ ਦੀ ਧਾਰਮਿਕ ਪ੍ਰਤਿਗਿਆ ਕੋਈ ਮਾਮੂਲੀ ਗੱਲ ਨਹੀਂ ਹੁੰਦੀ। ਜਦੋਂ ਵੀ ਅਤੇ ਜੇ ਕਦੀ ਵੀ ਸਿਖ ਆਪਣੀ ਹੁਣ ਵਾਲੀ ਬੇਜਾਨ ਅਵਸਥਾ ਵਿੱਚੋਂ ਬਾਹਰ ਨਿਕਲੇ ਤਾਂ ਉਹ ਗੁਰੂ ਦੇ ਇਸ ਨਿਮਾਣੇ ਅਤੇ ਸਾਦ-ਮੁਰਾਦੇ ਸਿਖ ਨੂੰ ਉਪਰ ਚੁੱਕ ਕੇ ਇਕ ਬੇਗ਼ਰਜ਼ ਨਾਇਕ ਵਾਲਾ ਰੁਤਬਾ ਦੇਣਗੇ, ਕਿਉਂਕਿ ਅਜਿਹੇ ਲੋਕ ਕਿਸੇ ਵੀ ਕੌਮ ਅੰਦਰ ਬੜੀ ਮੁੱਦਤ ਮਗਰੋਂ ਹੀ ਪੈਦਾ ਹੁੰਦੇ ਹਨ। ਇਹ ਅਜਿਹੇ ਵਿਅਕਤੀ ਹੁੰਦੇ ਹਨ, ਜਿਨ੍ਹਾਂ ਤੋਂ ਸੱਚ ਅਤੇ ਧਰਮ ਨੂੰ ਮੰਨਣ ਵਾਲੇ ਸਭ ਲੋਕਾਂ ਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ। ਸਾਰੇ ਧਰਮਾਂ ਦੇ ਪੈਰੋਕਾਰਾਂ ਨੂੰ ਅਜਿਹੀ ਪਵਿੱਤਰ ਅਗਵਾਈ ਦੇਣ ਲਈ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਿਰਜਣਾ ਕੀਤੀ ਸੀ।

ਇਸ ਮਹਾਨ ਸ਼ਹੀਦ ਦੀ ਸ਼ਹਾਦਤ ਦਾ ਕੁਝ ਵਿਸਥਾਰ ਰੂਪ ਮੈਂ ਤਿਆਰ ਕੀਤਾ ਸੀ। ਇਹ ਸ: ਕਪੂਰ ਸਿੰਘ ਦੀ ਪੁਸਤਕ *ਸਾਚੀ ਸਾਖੀ* ਦੀ ਅਠਵੀਂ ਅੰਤਿਕਾ ਵਿਚ ਵੇਖਿਆ ਜਾ ਸਕਦਾ ਹੈ। ਆਪਣੇ ਆਪ ਵਿਚ ਇਹ ਇਕ ਇਤਿਹਾਸਕ ਮਹੱਤਤਾ ਵਾਲੀ ਦਸਤਾਵੇਜ਼ ਹੈ। ਭਾਈ ਨੰਦ ਸਿੰਘ ਵੱਲੋਂ ਲਿਖੇ ਗਏ ਦੋ ਪੱਤਰਾਂ ਦਾ ਵੀ ਉਸ ਵਿਚ ਪੂਰਾ ਵੇਰਵਾ ਹੈ। ਇਹ ਪੱਤਰ ਮਨੁੱਖੀ ਜਜ਼ਬਿਆਂ ਦਾ ਬੜਾ ਸ਼ਕਤੀਸ਼ਾਲੀ ਪ੍ਰਗਟਾਵਾ ਕਰਦੇ ਹਨ ਅਤੇ ਸਾਹਮਣੇ ਖੜੀ ਨਿਸ਼ਚਿਤ ਮੌਤ ਦਾ ਮੁਕਾਬਲਾ ਧੀਰਜ ਅਤੇ ਹੌਸਲੇ ਨਾਲ ਕਰਨ ਦੀ ਜੁਗਤ ਦੱਸਦੇ ਹਨ।

•

ਅਨੰਦਪੁਰ ਸਾਹਿਬ ਦੇ ਮਤੇ ਦੀ ਭੰਨ-ਤੋੜ*

ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਤਲਵੰਡੀ ਦਲ ਵੱਲੋਂ ਮੋਰਚਾ ਅੱਜ-ਕੱਲ੍ਹ ਲੱਗਿਆ ਹੋਇਆ ਹੈ। ਸ: ਸੁਖਜਿੰਦਰ ਸਿੰਘ ਨੇ ਵੀ ਏਸ ਮੋਰਚੇ ਵਾਸਤੇ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ ਹੈ ਅਤੇ ਸ: ਸੁਖਜਿੰਦਰ ਸਿੰਘ ਅਕਾਲੀ ਦਲ ਨੇ ਸ਼੍ਰੋਮਣੀ ਅਕਾਲੀ ਦਲ ਵਿਚ ਸਮਾਉਣ ਦਾ ਐਲਾਨ ਵੀ ਕੀਤਾ ਹੈ। ਸੰਤ ਸਿਪਾਹੀ, ਸਤਿਵਾਦੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਵੀ ਏਸ ਮੋਰਚੇ ਵਿਚ ਭਰਪੂਰ ਹਿੱਸਾ ਪਾ ਰਹੇ ਹਨ ਅਤੇ ਮੋਰਚੇ ਦੇ ਪਹਿਲੇ ਮਹੀਨੇ ਹੀ ਕਰੀਬ 12 ਹਜ਼ਾਰ ਸਿਖ, ਹਿੰਦੂ ਅਤੇ ਮੁਸਲਮਾਨ ਪੰਜਾਬ ਅਤੇ ਹਰਿਆਣੇ ਵਿੱਚੋਂ ਗ੍ਰਿਫ਼ਤਾਰੀਆਂ ਦੇ ਚੁੱਕੇ ਹਨ। ਏਨਾ ਕੁਝ ਹੋ ਚੁੱਕਣ ਉੱਤੇ ਤਾਂ ਅਨੰਦਪੁਰ ਸਾਹਿਬ ਦੇ ਮਤੇ ਦੀ ਰੂਪ-ਰੇਖਾ ਸਪੱਸ਼ਟ ਹੋ ਜਾਣੀ ਚਾਹੀਦੀ ਸੀ, ਪਰੰਤੂ ਅਜਿਹਾ ਅਜੇ ਤਕ ਹੋ ਨਹੀਂ ਸਕਿਆ। ਅਨੰਦਪੁਰ ਸਾਹਿਬ ਦੇ ਮਤੇ ਬਾਰੇ ਵਾਦ-ਵਿਵਾਦ ਅਜੇ ਜਾਰੀ ਹੈ ਅਤੇ ਅਖ਼ਬਾਰਾਂ ਨੇ ਇਸ ਨੂੰ ਚਰਚਾ ਦਾ ਵਿਸ਼ਾ ਬਣਾਇਆ ਹੈ। ਬਿਨਾਂ ਇਹ ਜਾਣਿਆਂ ਕਿ ਇਹ ਮਤਾ ਹੈ ਕੀ, ਕਈ ਪਾਸਿਆਂ ਤੋਂ ਇਸ ਨੂੰ ਬੇਹੱਦ ਭੰਡਿਆ ਅਤੇ ਏਨੇ ਹੀ ਜ਼ੋਰ ਸ਼ੋਰ ਨਾਲ ਸਲਾਹਿਆ ਵੀ ਜਾ ਚੁੱਕਾ ਹੈ।

ਸਮਾਂ ਆ ਗਿਆ ਹੈ ਕਿ ਏਸ ਮਤੇ ਬਾਰੇ ਬਹਿਸ ਨੂੰ ਤੱਥਾਂ ਉੱਤੇ ਆਧਾਰਿਤ ਸੇਧ ਦਿੱਤੀ ਜਾਵੇ ਤਾਂ ਕਿ ਸਹੀ ਪ੍ਰਸਥਿਤੀ ਸਮਝਣ ਵਿਚ ਸਹੂਲਤ ਮਿਲੇ।

ਐਸ ਵੇਲੇ ਅਨੰਦਪੁਰ ਸਾਹਿਬ ਦੇ ਮਤੇ ਦੇ ਨਾਮ ਹੇਠ ਤਿੰਨ ਭਿੰਨ-ਭਿੰਨ ਦਸਤਾਵੇਜ਼ ਸਾਨੂੰ ਪ੍ਰਾਪਤ ਹੋਏ ਹਨ। ਤਿੰਨ ਦਸਤਾਵੇਜ਼ ਇਹ ਹਨ : (1) ਸਿਰਦਾਰ ਕਪੂਰ ਸਿੰਘ ਵਲੋਂ ਪ੍ਰਗਟ ਕੀਤਾ ਮਤਾ, (2) ਤਲਵੰਡੀ ਦਲ (ਖ਼ਾਸਕਰ ਡਾਕਟਰ ਭਗਤ ਸਿੰਘ) ਦਾ ਪ੍ਰਵਾਣਿਤ ਮਤਾ, ਅਤੇ (3) ਸ਼੍ਰੋਮਣੀ ਅਕਾਲੀ ਦਲ ਦਾ ਨਵਾਂ ਪਾਲਿਸੀ ਪ੍ਰੋਗਰਾਮ, ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਅਨੰਦਪੁਰ ਸਾਹਿਬ ਦਾ ਮਤਾ ਤਸਲੀਮ ਕਰਦਾ ਹੈ। ਅਨੰਦਪੁਰ ਸਾਹਿਬ ਦਾ ਮਤਾ ਸਿਰਦਾਰ ਸਾਹਿਬ ਦੀ ਲਿਖਤ ਹੈ ਅਤੇ ਉਹਨਾਂ ਵੱਲੋਂ ਦਰਸਾਏ ਮਤੇ ਨੂੰ ਆਧਾਰ ਬਣਾ ਕੇ ਹੀ ਬਾਕੀ ਦੋਨਾਂ ਮਤਿਆਂ ਨੂੰ ਇਸ ਨਾਲ ਮੇਲ ਕੇ ਸਮਝਣਾ ਬਿਹਤਰ ਰਹੇਗਾ।

ਤਲਵੰਡੀ ਦਲ ਵਾਲਾ ਅਨੰਦਪੁਰ ਸਾਹਿਬ ਦਾ ਮਤਾ ਤਾਂ ਮੁਖ ਤੌਰ ਉੱਤੇ ਡਾਕਟਰ ਭਗਤ ਸਿੰਘ ਵਲੋਂ ਤਿਆਰ ਕੀਤਾ ਖਰੜਾ ਹੀ ਹੈ। ਸਪੱਸ਼ਟ ਤਾਂ ਨਹੀਂ, ਜਿਵੇਂ ਕਿ ਤਲਵੰਡੀ ਦਲ ਦੀ ਨੀਤੀ ਅਤੇ ਉਹਨਾਂ ਵੱਲੋਂ ਕੀਤੇ ਜਾ ਰਹੇ ਸਤਿਆਗ੍ਰਹਿ ਬਾਰੇ ਸਾਰਾ ਕੁਝ ਹੀ ਧੁੰਦਲਾ ਧੁੰਦਲਾ ਜਿਹਾ ਹੈ, ਪਰੰਤੂ ਜੋ ਵੀ ਤੱਤ ਅਸਾਨੂੰ ਪ੍ਰਾਪਤ ਹੁੰਦੇ ਹਨ, ਉਹਨਾਂ ਦੇ ਆਧਾਰ ਉੱਤੇ ਤਾਂ ਕਿਹਾ ਜਾ ਸਕਦਾ ਹੈ ਕਿ ਤਲਵੰਡੀ ਦਲ ਨੂੰ ਆਪਣੀ ਪਾਰਟੀ ਦੇ ਐਮ.ਐਲ.ਏ. ਦੁਆਰਾ

---

* ਸੁਆਰਥੀ, ਮੌਕਾਪ੍ਰਸਤ ਅਤੇ ਦੂਰ-ਅੰਦੇਸ਼ੀ ਤੋਂ ਕੋਰੀ ਸਿਖ ਲੀਡਰਸ਼ਿਪ ਵੱਲੋਂ ਅਨੰਦਪੁਰ ਸਾਹਿਬ ਦੇ ਬੁਨਿਆਦੀ ਮਤੇ ਵਿਚ ਕੀਤੀ ਭੰਨ-ਤੋੜ ਦਾ ਕਿੱਸਾ ਇਸ ਲੇਖ ਵਿਚ ਦਰਜ ਹੈ। 1983 ਵਿਚ ਛਪਵਾ ਕੇ ਵੰਡਿਆ ਗਿਆ।

ਪ੍ਰਚੱਲਤ ਕੀਤਾ ਮਤਾ ਇੰਨ-ਬਿੰਨ ਪ੍ਰਵਾਨ ਨਹੀਂ। ਪਰੰਤੂ ਇਸ ਵਿਚ ਵੀ ਸ਼ੱਕ ਨਹੀਂ ਕਿ ਡਾਕਟਰ ਭਗਤ ਸਿੰਘ ਨੇ ਏਸ ਪਾਰਟੀ ਦੇ ਸਾਧਨ ਵਰਤ ਕੇ ਏਸ ਪਾਰਟੀ ਦੇ ਨਾਂ ਹੇਠ ਉਸ ਮਤੇ ਨੂੰ ਪ੍ਰਚੱਲਤ ਕੀਤਾ ਹੈ, ਜਿਸ ਨੂੰ ਉਹ ਅਜੇ ਵੀ ਅਨੰਦਪੁਰ ਸਾਹਿਬ ਦਾ ਅਸਲੀ ਮਤਾ ਪ੍ਰਚਾਰ ਰਹੇ ਹਨ। ਇਸ ਮਤੇ ਦੀ ਵਿਰੋਧਤਾ ਕਰਕੇ ਸ: ਅਮਰ ਸਿੰਘ ਅੰਬਾਲਵੀ ਵਰਗੇ ਕੁਝ ਹੋਰ ਵਰਕਰ ਵੀ ਤਲਵੰਡੀ ਦਲ ਨੂੰ ਛੱਡ ਚੁੱਕੇ ਹਨ। ਸ: ਅੰਬਾਲਵੀ, ਜੋ ਸ਼੍ਰੋਮਣੀ ਅਕਾਲੀ ਦਲ ਦਾ ਨਵਾਂ ਪਾਲਿਸੀ ਪ੍ਰੋਗਰਾਮ ਦਾ ਖਰੜਾ ਤਿਆਰ ਕਰਨ ਵਾਲੀ ਕਮੇਟੀ ਦੇ ਮੈਂਬਰ ਸਨ, ਦਾ ਕਹਿਣਾ ਹੈ ਕਿ ਡਾਕਟਰ ਭਗਤ ਸਿੰਘ ਦੁਆਰਾ ਪ੍ਰਚੱਲਤ ਕੀਤਾ ਮਤਾ ਉਹਨਾਂ ਦੇ ਆਪਣੇ ਦਿਮਾਗ਼ ਦੀ ਕਾਢ ਹੈ ਅਤੇ ਅਸਲੀ ਮਤਾ ਕਦਾਚਿਤ ਨਹੀਂ। ਉਹ 'ਪਾਲਿਸੀ ਪ੍ਰੋਗਰਾਮ' ਨੂੰ ਹੀ ਅਨੰਦਪੁਰ ਸਾਹਿਬ ਦਾ ਅਸਲੀ ਮਤਾ ਮੰਨਦੇ ਹਨ। ਤਲਵੰਡੀ ਦਲ ਦੱਬੇ ਲਫ਼ਜ਼ਾਂ ਵਿਚ ਅਤੇ ਪੋਲੇ ਪੋਲੇ ਪੈਰੀਂ ਇਸ ਮਤੇ ਨੂੰ ਭੰਡ ਚੁੱਕਾ ਹੈ, ਪਰੰਤੂ ਇਸ ਦੀ ਥਾਵੇਂ ਉਹਨਾਂ ਵੱਲੋਂ ਕੋਈ ਐਸਾ ਮਤਾ ਪ੍ਰਚੱਲਤ ਨਹੀਂ ਕੀਤਾ ਗਿਆ, ਜਿਸ ਨੂੰ ਕਿ ਤਲਵੰਡੀ ਦਲ ਦੁਆਰਾ ਪ੍ਰਵਾਣਿਤ ਕੀਤਾ ਮਤਾ ਕਿਹਾ ਜਾ ਸਕੇ। ਡਾਕਟਰ ਭਗਤ ਸਿੰਘ ਦਾ ਕਹਿਣਾ ਹੈ ਕਿ ਉਹਨਾਂ ਦੁਆਰਾ ਪ੍ਰਚੱਲਤ ਕੀਤਾ ਮਤਾ ਤਲਵੰਡੀ ਦਲ ਵੱਲੋਂ ਪ੍ਰਵਾਣਿਤ ਜਾਣ ਕੇ ਉਹ ਆਪਣੇ ਦਲ ਵੱਲੋਂ ਪੰਜਾਬ ਵਿਧਾਨ ਸਭਾ ਦੀ ਮੇਜ਼ ਉੱਤੇ ਰੱਖ ਚੁੱਕੇ ਹਨ ਅਤੇ ਕਈ ਪੱਤਰਾਂ ਨਾਲ ਨੱਥੀ ਕਰਕੇ ਪ੍ਰਧਾਨ ਮੰਤਰੀ ਨੂੰ ਵੀ ਭਿਜਵਾ ਚੁੱਕੇ ਹਨ।

ਸਿਰਦਾਰ ਕਪੂਰ ਸਿੰਘ ਵੱਲੋਂ ਮਾਨਤਾ ਪ੍ਰਾਪਤ ਮਤੇ ਨਾਲ ਏਸ ਮਤੇ ਦਾ ਟਾਕਰਾ ਕੀਤਿਆਂ ਸਪੱਸ਼ਟ ਹੁੰਦਾ ਹੈ ਕਿ ਦੋਨਾਂ ਮਤਿਆਂ ਦੇ ਪਹਿਲੇ ਅੱਧ (ਕੁਝ ਕੁ ਗ਼ੈਰ-ਜ਼ਰੂਰੀ ਲਫ਼ਜ਼ਾਂ ਨੂੰ ਛੱਡ ਕੇ) ਆਪਸ ਵਿਚ ਇੰਨ-ਬਿੰਨ ਮਿਲਦੇ ਹਨ। ਬਹੁਤ ਵੱਡਾ ਫ਼ਰਕ ਹੈ ਤਾਂ ਕੇਵਲ ਅੰਤ ਤੋਂ ਤੀਸਰੇ ਪੈਰੇ ਦਾ ਹੀ ਹੈ, ਜਿਸ ਵਿਚ ਸਿੱਖਾਂ ਲਈ ਇਲਾਕਿਆਂ ਦੀ ਮੰਗ ਕੀਤੀ ਗਈ ਹੈ। ਡਾਕਟਰ ਭਗਤ ਸਿੰਘ ਵਾਲਾ ਮਤਾ ਸਿੱਖਾਂ ਲਈ ਬਾਕੀ ਇਲਾਕਿਆਂ ਤੋਂ ਇਲਾਵਾ ਕੁੱਲੂ ਘਾਟੀ ਅਤੇ ਉੱਤਰ ਪ੍ਰਦੇਸ਼ ਦੇ ਤਰਾਈ ਦੇ ਇਲਾਕੇ ਵੀ ਮੰਗਦਾ ਹੈ। ਦੂਜਾ ਵੱਡਾ ਫ਼ਰਕ ਏਸ ਦੇ ਅਗਲੇ ਪੈਰੇ ਵਿਚ ਹੈ, ਜਿਸ ਵਿਚ ਉਹਨਾਂ ਹੱਕਾਂ ਦਾ ਵੇਰਵਾ ਹੈ, ਜਿਸ ਦਾ ਕੇਂਦਰ ਕੋਲ ਰਹਿਣਾ ਵਾਜਬ ਮੰਨਿਆ ਗਿਆ ਹੈ। ਤਲਵੰਡੀ ਦਲ ਕਰੰਸੀ ਛਾਪਣ ਦਾ ਹੱਕ ਕੇਂਦਰ ਨੂੰ ਦੇਣ ਦਾ ਹਾਮੀ ਨਹੀਂ।

ਤਲਵੰਡੀ ਦਲ ਵਾਲੇ ਮਤੇ ਦਾ ਅੰਦਰੋਂ-ਬਾਹਰੋਂ ਸਭ ਤੋਂ ਵੱਧ ਵਿਰੋਧ ਇਲਾਕੇ ਨੂੰ ਲੈ ਕੇ ਹੀ ਹੋਇਆ ਹੈ। ਉਹ ਏਨਾ ਇਲਾਕਾ ਮੰਗਦੇ ਹਨ ਕਿ ਇਸ ਵਿਚ ਸਿਖ ਇਕ ਨਿਗੂਣੀ ਘੱਟ-ਗਿਣਤੀ ਬਣ ਕੇ ਰਹਿ ਜਾਣਗੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਨੇ ਵੀ ਏਸ ਪੱਖੋਂ ਨਿਖੇਧੀ ਕੀਤੀ ਹੈ ਅਤੇ ਕਿਹਾ ਕਿ ਤਲਵੰਡੀ ਦਲ ਦੇ ਆਗੂ 'ਮਹਾਂ ਪੰਜਾਬ' ਬਣਾਉਣ ਉੱਤੇ ਤੁਲੇ ਹੋਏ ਜਾਪਦੇ ਹਨ। ਡਾਕਟਰ ਭਗਤ ਸਿੰਘ ਦਾ ਕਹਿਣਾ ਹੈ ਕਿ ਇਲਾਕੇ ਵੱਧ ਹੋਣ ਨਾਲ ਸਿੱਖਾਂ ਦੀ ਰਾਜਸੀ ਤਾਕਤ ਨੂੰ ਠੇਸ ਨਹੀਂ ਪਹੁੰਚੇਗੀ, ਕਿਉਂਕਿ ਵਿਧਾਨ ਘੜਨ ਦੇ ਹੱਕ ਇਨ੍ਹਾਂ ਕੋਲ ਹੋਣਗੇ ਅਤੇ ਇਹ ਅਜਿਹਾ ਵਿਧਾਨ ਬਣਾ ਸਕਣਗੇ, ਜਿਸ ਰਾਹੀਂ ਇਨ੍ਹਾਂ ਦੇ ਸੰਪੂਰਨ ਅਧਿਕਾਰ ਕਾਇਮ ਰਹਿ ਸਕਣ। ਗੱਲੀਂ ਬਾਤੀਂ ਇਹ ਹੋ ਸਕਦਾ ਹੈ, ਪਰੰਤੂ ਕਰਨ ਲੱਗਿਆਂ ਬੇਹੱਦ ਕਠਿਨਾਈਆਂ ਸਾਹਮਣੇ ਆਉਣਾ ਐਨ ਪ੍ਰਤੱਖ ਹੈ। ਨਿਰੋਲ ਸਿਧਾਂਤਕ ਪੱਖ ਤੋਂ ਵੀ ਲੋਕਾਂ ਨੂੰ ਉਹਨਾਂ ਦੀ ਮਰਜ਼ੀ ਦੇ ਵਿਰੁੱਧ ਦਬਾ ਕੇ ਰੱਖਣ ਵਾਲਾ ਵਿਧਾਨ ਖ਼ਾਲਸੇ ਦੇ ਸਰਬੱਤ ਦੇ ਭਲੇ ਅਤੇ ਕੁਲ ਮਨੁੱਖ ਮਾਤਰ ਦੀ ਬਰਾਬਰੀ ਦੇ ਅਸੂਲ ਨੂੰ ਵਿਸਾਰ ਕੇ ਹੀ ਘੜਿਆ ਜਾ ਸਕਦਾ ਹੈ, ਜਿਸ ਵਿਚ

ਸਿਖ ਪੱਚੀ ਪ੍ਰਤੀਸ਼ਤ ਹੁੰਦੇ ਹੋਏ ਵੀ ਬੇਖਟਕੇ ਰਾਜ ਕਰ ਸਕਣ। ਇਹ ਅੱਜ ਦੇ ਲੋਕ ਯੁਗ ਦੀ ਰੀਤ ਅਨੁਸਾਰ ਵੀ ਨਹੀਂ। ਉਹਨਾਂ ਦੀ ਦੂਸਰੀ ਦਲੀਲ ਕਿ ਪਹਿਲੋਂ ਬਹੁਤੇ ਇਲਾਕੇ ਲਿਖ ਲੈਣੇ ਚਾਹੀਦੇ ਹਨ ਤਾਂ ਕਿ ਮਾਮਲਾ ਨਿਬੇੜਨ ਲਈ ਛੋਟ ਕੀਤੀ ਜਾ ਸਕੇ, ਵੀ ਨਿਮੰਤਕ ਅਨੁਸਾਰ ਅਢੁਕਵੀਂ ਅਤੇ ਬੇਲੋੜੀ ਜਾਪਦੀ ਹੈ ਕਿ ਇਹ ਸਦੀਆਂ ਤੋਂ ਬੰਜਰ ਭੂਮੀ ਸੀ ਅਤੇ ਸਿੱਖਾਂ ਨੇ ਪਹਿਲੋਂ ਪਹਿਲ ਏਸ ਨੂੰ ਤੋੜਿਆ ਹੈ, ਇਸ ਲਈ ਸਿਖ ਇਸ ਦੀ ਮਾਲਕੀ ਦੇ ਹੱਕਦਾਰ ਹਨ। ਇਹ ਦਲੀਲ ਮੰਤਕ ਅਨੁਸਾਰ ਤਾਂ ਹੈ, ਪਰੰਤੂ ਇਹ ਸਾਰਾ ਮਾਮਲਾ ਨਿਰੀਆਂ ਦਲੀਲਾਂ ਨਾਲ ਨਿਬੜਨ ਵਾਲਾ ਹੈ ਨਹੀਂ। ਮੌਜੂਦਾ ਹਾਲਾਤ ਦੌਰਾਨ ਅਸੀਂ ਦਲੀਲ ਵੀ ਉਹਨਾਂ ਨੂੰ ਪੇਸ਼ ਕਰਨੀ ਹੈ, ਜਿਹਨਾਂ ਨੂੰ ਮੰਨਣ ਨਾਲ ਕਸਰ ਲੱਗਣੀ ਹੈ ਅਤੇ ਹੱਥੋਂ ਕੁਝ ਦੇਣਾ ਪੈਣਾ ਹੈ। ਹਿੰਦੂ ਕਦੀ ਅਜਿਹੀ ਦਲੀਲ ਮੰਨਣ ਲਈ ਤਿਆਰ ਨਹੀਂ ਹੋਣਗੇ, ਜਿਸ ਅਨੁਸਾਰ ਏਸ ਖਿੱਤੇ ਦੀ ਪੰਝੱਤਰ ਪ੍ਰਤੀਸ਼ਤ ਅਬਾਦੀ ਸਿੱਖਾਂ ਦੇ ਮੁਕਾਬਲੇ ਵਿਚ ਘਟੀਆ ਪ੍ਰਵਾਨ ਕੀਤੀ ਜਾਵੇ; ਅਤੇ ਕੇਵਲ ਇਹੋ ਮੰਤਕ ਹੀ ਸਿੱਖਾਂ ਨੂੰ ਕੁਝ ਵੀ ਦੇਣ ਵਿਰੁੱਧ ਅਕੱਟ ਦਲੀਲ ਹੈ। ਲੋਕਤੰਤਰੀ ਵਸੀਲਿਆਂ ਨਾਲ ਅਜਿਹਾ ਰਾਜ ਕਾਇਮ ਕਰ ਸਕਣਾ ਸੰਭਵ ਨਹੀਂ ਜਾਪਦਾ ਹੈ। ਮਤੇ, ਮੰਗਾਂ ਉਹੋ ਹੀ ਹੋਣੇ ਵਾਜਬ ਹਨ, ਜਿਨ੍ਹਾਂ ਨੂੰ ਸਾਰਥਕ ਕਰ ਸਕਣਾ ਸੰਭਵ ਤਾਂ ਹੋਵੇ, ਨੋਟ ਛਾਪਣ ਦਾ ਅਧਿਕਾਰ ਕੇਂਦਰ ਨੂੰ ਦੇਣਾ ਨਾ ਦੇਣਾ ਵੱਡੇ ਵਾਦ-ਵਿਵਾਦ ਦਾ ਵਿਸ਼ਾ ਨਹੀਂ ਬਣਨਾ ਚਾਹੀਦਾ, ਕਿਉਂਕਿ ਜੇ ਮਤੇ ਦੇ ਬਾਕੀ ਵਧੇਰੇ ਮਹੱਤਵਪੂਰਨ ਵਿਸ਼ਿਆਂ ਦਾ ਕੋਈ ਹੱਲ ਨਿਕਲ ਆਇਆ ਤਾਂ ਏਸ ਨੂੰ ਸਦਭਾਵਨਾ ਨਾਲ ਨਿਬੇੜਨਾ ਮਾਮੂਲੀ ਗੱਲ ਹੋਵੇਗੀ।

ਸਿਰਦਾਰ ਕਪੂਰ ਸਿੰਘ ਵਾਲੇ ਮਤੇ ਅਤੇ ਅਕਾਲੀ ਦਲ ਵਾਲੇ ਮਤੇ ਵਿਚ ਇਸ ਪੱਖੋਂ ਜ਼ਿਆਦਾ ਫ਼ਰਕ ਨਹੀਂ। ਸ਼੍ਰੋਮਣੀ ਅਕਾਲੀ ਦਲ ਵਾਲਾ ਮਤਾ ਮੁੱਖ ਰੂਪ ਵਿਚ ਘੱਟ ਇਲਾਕਿਆਂ ਦੀ ਮੰਗ ਕਰਦਾ ਹੈ ਅਤੇ ਦੂਸਰਾ ਜ਼ਿਆਦਾ ਇਲਾਕਿਆਂ ਦੀ। ਦਲ ਵਾਲੇ ਮਤੇ ਵਿਚ ਪੰਜਾਬੀ ਰੀਜਨ ਨੂੰ ਮੁਕੰਮਲ ਕਰਕੇ ਓਸ ਵਿਚ ਕੇਵਲ ਗੰਗਾਨਗਰ ਦੀਆਂ ਸਿਖ ਵਸੋਂ ਵਾਲੀਆਂ ਛੇ ਤਹਿਸੀਲਾਂ ਉੱਤੇ ਹੀ ਸਿੱਖਾਂ ਦਾ ਹੱਕ ਦਰਸਾਇਆ ਗਿਆ ਹੈ। ਸਿਰਦਾਰ ਕਪੂਰ ਸਿੰਘ ਵਾਲਾ ਮਤਾ ਨਿਰਸੰਕੋਚ ਖ਼ਾਲਸਾ ਪੰਥ ਦੇ ਗੌਰਵਮਈ ਸਥਾਨ ਦੇ ਸੰਦਰਭ ਵਿਚ ਉਸਾਰਿਆ ਗਿਆ ਹੈ। ਜਾਪਦਾ ਇਉਂ ਹੈ ਕਿ ਇਲਾਕਿਆਂ ਪੱਖੋਂ ਸ਼੍ਰੋਮਣੀ ਅਕਾਲੀ ਦਲ ਵਾਲਾ ਮਤਾ ਸਿਰਦਾਰ ਕਪੂਰ ਸਿੰਘ ਵਾਲੇ ਮਤੇ ਨਾਲ ਵਧੇਰੇ ਮੇਲ ਖਾਂਦਾ ਹੈ। ਸਿਰਦਾਰ ਕਪੂਰ ਸਿੰਘ ਦਾ ਸੁਭਾਅ ਵੀ ਅਜਿਹਾ ਹੈ ਕਿ ਉਹ ਹਰ ਲਿਖਤ ਨੂੰ ਮੁੜ ਮੁੜ ਵਿਚਾਰਦੇ ਹਨ ਅਤੇ ਲਿਖਤ ਦੇ ਐਨ ਛਪ ਜਾਣ ਤਕ ਸੁਧਾਈ ਕਰਦੇ ਰਹਿੰਦੇ ਹਨ। ਉਂਜ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਲਾਕਿਆਂ ਦੀ ਮੰਗ ਵਧਾਉਣ ਦੀ ਗੱਲ ਤਾਂ ਸਮਝ ਵਿਚ ਆਉਂਦੀ ਹੈ, ਪਰੰਤੂ ਘਟਾਉਣ ਵਾਲੀ ਉੱਕਾ ਹੀ ਬੇਤੁਕੀ ਜ਼ਾਹਿਰ ਹੈ। ਇਕ ਹੋਰ ਪੱਖੋਂ ਵੀ ਏਸ ਵਿਚਾਰ ਦੀ ਪੁਸ਼ਟੀ ਹੁੰਦੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਦਿੱਲੀ ਵਿਚ 20 ਜੁਲਾਈ, 1966 ਨੂੰ ਇਕ ਅਨੰਦਪੁਰ ਸਾਹਿਬ ਦੇ ਮਤੇ ਨਾਲ ਮਿਲਦਾ-ਜੁਲਦਾ ਮਤਾ ਪਾਸ ਕੀਤਾ ਸੀ ਕਿ ਜਿਸ ਵਿਚ ਇਹਨਾਂ ਇਲਾਕਿਆਂ ਦੀ ਮੰਗ ਕੀਤੀ ਗਈ ਸੀ। ਕੇਵਲ ਗੰਗਾਨਗਰ ਜ਼ਿਲ੍ਹਾ ਹੀ ਪੂਰਾ ਮੰਗਿਆ ਗਿਆ ਸੀ। ਬਾਅਦ ਵਿਚ ਇਹ ਮਤਾ ਸ਼੍ਰੋਮਣੀ ਅਕਾਲੀ ਦਲ ਦੇ ਸਤਾਰ੍ਹਵੇਂ ਸਾਲਾਨਾ ਇਜਲਾਸ ਵਿਚ ਲੁਧਿਆਣੇ 11 ਦਸੰਬਰ, 1966 ਨੂੰ ਪ੍ਰਵਾਨ ਕੀਤਾ ਗਿਆ ਸੀ। ਅਨੰਦਪੁਰ ਸਾਹਿਬ ਦੇ ਮਤੇ ਵਾਂਗ ਇਹ ਮਤਾ ਵੀ ਸਿਰਦਾਰ ਕਪੂਰ ਸਿੰਘ ਨੇ ਲਿਖਿਆ ਸੀ। ਕੇਂਦਰ ਨੂੰ ਦਿੱਤੇ

ਜਾਣ ਵਾਲੇ ਅਧਿਕਾਰਾਂ ਵਿਚ ਨਾ-ਮਲੂਮ ਫ਼ਰਕ ਤਾਂ ਹੈ, ਪਰੰਤੂ ਇਹ ਫ਼ਰਕ ਵਾਦ-ਵਿਵਾਦ ਦੀ ਹੱਦ ਤਕ ਵਧਣ ਵਾਲਾ ਫ਼ਰਕ ਵੀ ਨਹੀਂ ਅਤੇ ਏਸ ਵਿਚਾਰ ਵਿਚ ਏਨੇ ਫ਼ਰਕ ਨੂੰ ਅੱਖੋਂ ਉਹਲੇ ਕੀਤਾ ਜਾਣਾ ਹੀ ਯੋਗ ਹੈ।

ਹੁਣ ਸਮਾਂ ਆਇਆ ਹੈ ਇਹ ਦੱਸਣ ਦਾ ਕਿ ਅਸੀਂ ਸਿੱਧਾ ਹੀ ਕਿਉਂ ਨਹੀਂ ਕਹਿੰਦੇ ਕਿ ਫਲਾਣਾ ਮਤਾ ਅਨੰਦਪੁਰ ਸਾਹਿਬ ਦਾ ਅਸਲੀ ਮਤਾ ਹੈ ਅਤੇ ਉਸ ਦੀਆਂ ਇਹ ਇਹ ਮੱਦਾਂ ਹਨ ? ਕਾਸ਼ ਕਿ ਅਜਿਹਾ ਹੋ ਸਕਦਾ! ਸਿਰਦਾਰ ਕਪੂਰ ਸਿੰਘ ਕਹਿੰਦੇ ਹਨ ਕਿ ਅਨੰਦਪੁਰ ਸਾਹਿਬ ਦੇ ਮਤੇ ਦਾ ਖਰੜਾ ਉਹਨਾਂ ਨੇ ਤਿਆਰ ਕੀਤਾ ਸੀ ਅਤੇ ਇਸੇ ਨੂੰ ਹੀ ਅਕਾਲੀ ਦਲ ਵੱਲੋਂ ਮਾਨਤਾ ਪ੍ਰਾਪਤ ਹੋਈ ਸੀ। ਦਲ ਵਾਲੇ ਮਤੇ ਬਾਰੇ ਉਹ ਕਹਿੰਦੇ ਹਨ ਕਿ ਇਹ ਕੇਵਲ 'ਪਾਲਿਸੀ ਪ੍ਰੋਗਰਾਮ' ਹੈ, ਜਿਹੜਾ ਕਿ ਇਸ ਮਤੇ ਉੱਤੇ ਆਧਾਰਿਤ ਹੈ। ਵਰਕਿੰਗ ਕਮੇਟੀ ਦੀ ਪ੍ਰਵਾਨਗੀ ਉਪਰੰਤ ਗਿਆਨੀ ਅਜਮੇਰ ਸਿੰਘ ਸਕੱਤਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਛਾਪੇ ਮਤੇ ਉੱਤੇ ਅੰਕਿਤ ਇਹ ਸ਼ਬਦ ਸਿਰਦਾਰ ਕਪੂਰ ਸਿੰਘ ਦੇ ਬਚਨਾਂ ਦੀ ਪੁਸ਼ਟੀ ਕਰਦੇ ਜਾਪਦੇ ਹਨ, "ਸ਼੍ਰੋਮਣੀ ਅਕਾਲੀ ਦਲ ਦਾ ਨਵਾਂ ਪਾਲਿਸੀ ਪ੍ਰੋਗਰਾਮ।" ਅਸਲੀ ਮਤਾ ਰਜਿਸਟਰ ਉੱਤੇ ਲਿਖਿਆ ਹੋਇਆ ਸੀ ਅਤੇ ਇਹ ਰਜਿਸਟਰ ਓਸ ਵਕਤ ਦੇ ਸਕੱਤਰ ਮਰਹੂਮ ਗਿਆਨੀ ਅਜਮੇਰ ਸਿੰਘ ਕੋਲ ਸੀ। ਸ਼੍ਰੋਮਣੀ ਅਕਾਲੀ ਦਲ ਅਤੇ ਤਲਵੰਡੀ ਦਲ, ਦੋਨਾਂ ਕੋਲ ਸ਼ਾਇਦ ਇਹ ਰਜਿਸਟਰ ਹੈ ਨਹੀਂ। ਦੋਨੋਂ ਹੀ ਦਲ ਉਸ ਮਤੇ ਨੂੰ ਆਪਣੇ ਆਪਣੇ ਖ਼ਿਆਲ ਅਨੁਸਾਰ ਢਾਲ ਚੁੱਕੇ ਹਨ, ਏਸ ਲਈ ਰਜਿਸਟਰ ਜਾਂ ਅਸਲੀ ਮਤੇ ਨੂੰ ਪ੍ਰਾਪਤ ਕਰ ਸਕਣ ਦੀ ਸੰਭਾਵਨਾ ਨੂੰ ਸਦਾ ਲਈ ਉੱਕਾ ਤਿਆਗ ਦੇਣਾ ਹੀ ਵਾਜਬ ਹੈ। ਦੋਨੋਂ ਦਲ, ਸ਼ਾਇਦ ਇਕ ਦੂਜੇ ਵੱਲੋਂ ਝੂਠਾ ਕੀਤੇ ਜਾ ਸਕਣ ਦੀ ਸੰਭਾਵਨਾ ਨੂੰ ਵਿਚਾਰ ਕੇ, ਅਸਲੀ ਮਤੇ ਦੀ ਹੋਂਦ ਤੋਂ ਮੁਨਕਰ ਹਨ, ਜਾਂ ਫੇਰ ਉਸ ਨੂੰ ਪ੍ਰਾਪਤ ਹੁੰਦਾ ਨਾ ਵੇਖ ਕੇ ਮੁੱਢੋਂ ਵਿਸਾਰ ਚੁੱਕੇ ਹਨ। ਅਠਾਰ੍ਹਵੀਂ ਸਰਬ ਹਿੰਦ ਅਕਾਲੀ ਕਾਨਫ਼ਰੰਸ ਦੇ ਮੁਖ ਮਤੇ ਨੂੰ ਪੇਸ਼ ਕਰਦੇ ਹੋਏ ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਹਿੰਦੇ ਹਨ ਕਿ 'ਪਾਲਿਸੀ ਪ੍ਰੋਗਰਾਮ' ਹੀ ਬਾਅਦ ਵਿਚ ਅਨੰਦਪੁਰ ਸਾਹਿਬ ਦਾ ਮਤਾ ਕਹਾਇਆ।

ਏਸੇ ਕਾਨਫ਼ਰੰਸ ਦੇ ਮੁੱਢਲੇ ਸਿਆਸੀ ਮਤੇ ਵਿਚ ਲਿਖਿਆ ਹੈ ਕਿ ਅਨੰਦਪੁਰ ਸਾਹਿਬ ਦੇ ਮਤੇ ਦੇ ਮੁੱਢ ਬਟਾਲੇ ਵਾਲੀ 1968 ਦੀ ਅਕਾਲੀ ਕਾਨਫ਼ਰੰਸ ਦੇ ਉਸ ਮਤੇ ਨੂੰ ਅਕਾਲੀ ਦਲ ਤਸਲੀਮ ਕਰਦਾ ਹੈ, ਜਿਸ ਰਾਹੀਂ ਰਾਜਾਂ ਵਾਸਤੇ ਵੱਧ ਅਧਿਕਾਰ ਮੰਗੇ ਗਏ ਸਨ। ਏਸ ਮਤੇ ਬਾਰੇ 27 ਅਪ੍ਰੈਲ, 1969 ਨੂੰ ਜਲੰਧਰ ਵਿਚ ਪ੍ਰੈਸ ਸਟੇਟਮੈਂਟ ਜਾਰੀ ਕਰਦੇ ਹੋਏ ਸਿਰਦਾਰ ਕਪੂਰ ਸਿੰਘ ਕਹਿੰਦੇ ਹਨ ਕਿ ਬਟਾਲਾ ਕਾਨਫ਼ਰੰਸ ਦਾ ਮਤਾ ਰਾਜਾਂ ਲਈ ਵੱਧ ਅਧਿਕਾਰ ਮੰਗ ਕੇ ਕੇਂਦਰ ਨੂੰ ਕਮਜ਼ੋਰ ਕਰਦਾ ਹੈ ਅਤੇ ਇਹ ਕੌਮਨਿਸਟਾਂ ਦੀ ਚਾਲ ਹੈ। ਉਹਨਾਂ ਅਨੁਸਾਰ ਇਹ ਮੰਗ ਸਿਖ ਹੋਮਲੈਂਡ ਦੀ ਮੰਗ ਤੋਂ ਬਿਲਕੁਲ ਵੱਖਰੀ ਕਿਸਮ ਦੀ ਹੈ। 1968 ਦੀ ਬਟਾਲਾ ਕਾਨਫ਼ਰੰਸ ਦੇ ਮਤੇ ਰਾਹੀਂ ਪਹਿਲਾਂ ਤਾਂ ਉਹ ਇਲਾਕੇ ਪੰਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਕੀਤੀ ਗਈ ਸੀ, ਜੋ ਮੁੱਢਲੇ ਤੌਰ ਉੱਤੇ ਪੰਜਾਬੀ ਰੀਜਨ ਦਾ ਹਿੱਸਾ ਸਨ। ਇਹ ਇਲਾਕੇ ਓਹੀ ਹਨ, ਜੋ ਅਨੰਦਪੁਰ ਸਾਹਿਬ ਦੇ ਮਤੇ ਵਿਚ ਪੰਜਾਬ ਨਾਲ ਜੋੜਨ ਦੀ ਮੰਗ ਕੀਤੀ ਗਈ ਹੈ। ਏਸ ਮਤੇ ਵਿਚ ਵੱਧ ਅਧਿਕਾਰ ਵੀ ਮੰਗੇ ਗਏ ਹਨ ਅਤੇ ਦਿੱਲੀ ਦੀ ਸਰਦਾਰੀ ਦੀ ਥਾਂ ਸ੍ਰੀ ਅੰਮ੍ਰਿਤਸਰ ਦੀ ਸਰਦਾਰੀ ਨੂੰ ਮਨਜ਼ੂਰ ਕਰਨ ਦੀ ਗੱਲ ਕੀਤੀ ਗਈ ਹੈ। ਇਉਂ ਬਟਾਲੇ ਵਾਲੇ ਮਤੇ ਅਤੇ ਸਿਰਦਾਰ ਕਪੂਰ ਸਿੰਘ ਵਾਲੇ

ਮਤੇ ਵਿਚ ਬੁਨਿਆਦੀ ਭੇਦ ਬਿਲਕੁਲ ਹੀ ਕੋਈ ਨਹੀਂ। ਉਪਰੋਕਤ ਤਿੰਨੇ ਤੱਤ ਤਿੰਨਾਂ ਮਤਿਆਂ ਵਿਚ ਮਿਲਦੇ ਹਨ।

ਦਸੰਬਰ 17, 1973 ਦੀ ਚਿੱਠੀ ਰਾਹੀਂ ਪਾਲਿਸੀ ਪ੍ਰੋਗਰਾਮ ਦਾ 16-17 ਅਕਤੂਬਰ, 1973 ਵਿਚ ਪ੍ਰਵਾਨ ਕੀਤਾ ਖਰੜਾ ਭੇਜਦੇ ਹੋਏ ਅਕਾਲੀ ਦਲ ਦੇ ਸਕੱਤਰ ਅਜਮੇਰ ਸਿੰਘ ਲਿਖਦੇ ਹਨ, 'ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ 11-12-1972 ਦੇ ਮਤੇ ਅਨੁਸਾਰ' ਇਹ 'ਪਾਲਿਸੀ ਪ੍ਰੋਗਰਾਮ' ਤਿਆਰ ਕੀਤਾ ਗਿਆ ਹੈ। ਏਸ ਤੋਂ ਜ਼ਾਹਿਰ ਹੁੰਦਾ ਹੈ ਕਿ ਸ਼ਾਇਦ 11 ਦਸੰਬਰ ਦੇ ਮਤੇ ਵਿਚ ਸੇਧਾਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਦੇ ਆਧਾਰ ਉੱਤੇ ਨਵਾਂ ਪਾਲਿਸੀ ਪ੍ਰੋਗਰਾਮ ਤਹਿ ਕੀਤਾ ਜਾਣਾ ਸੀ। ਸਿਰਦਾਰ ਕਪੂਰ ਸਿੰਘ ਦੀ ਗੱਲ ਬਾਤ ਤੋਂ ਜਾਪਦਾ ਹੈ ਕਿ ਉਹਨਾਂ ਵਾਲਾ ਮਤਾ ਹੀ ਸੇਧਾਂ ਦੇ ਰੂਪ ਵਿਚ ਦਿੱਤਾ ਗਿਆ ਸੀ, ਜਿਸ ਨੂੰ ਆਧਾਰ ਬਣਾ ਕੇ ਪਾਲਿਸੀ ਪ੍ਰੋਗਰਾਮ ਬਣਿਆ। ਉਨ੍ਹਾਂ ਦਾ ਇਹ ਕਹਿਣਾ ਸੰਭਵ ਵੀ ਜਾਪਦਾ ਹੈ ਅਤੇ ਦਲੀਲ ਉੱਤੇ ਵੀ ਪੂਰਾ ਢੁਕਦਾ ਹੈ। ਪਰੰਤੂ ਏਸ ਵਾਦ-ਵਿਵਾਦ ਵਿਚ ਪੈਣ ਦੀ ਕੋਈ ਡੂੰਘੀ ਜਾਂ ਬੁਨਿਆਦੀ ਲੋੜ ਨਹੀਂ ਜਾਪਦੀ, ਕਿਉਂਕਿ ਜੋ ਅਕਾਲੀ ਦਲ ਬਜ਼ਿਦ ਹੈ ਕਿ 'ਪਾਲਿਸੀ ਪ੍ਰੋਗਰਾਮ ਹੀ ਅਨੰਦਪੁਰ ਸਾਹਿਬ ਦਾ ਮਤਾ ਹੈ'। ਆਖ਼ਰ ਤਾਂ ਅਕਾਲੀ ਦਲ ਨੇ ਹੀ ਫ਼ੈਸਲਾ ਕਰਨਾ ਹੈ ਕਿ ਕਿਹੜਾ ਉਹਨਾਂ ਦਾ ਮਤਾ ਹੈ ਅਤੇ ਕਿਹੜਾ ਨਹੀਂ, ਅਜਿਹੇ ਮਤੇ ਦਾ ਕੀ ਨਾਂਅ ਰੱਖਣਾ ਹੈ। ਅੱਗੇ ਕੀਤੀ ਗਈ ਵਿਚਾਰ ਤੋਂ ਸਪੱਸ਼ਟ ਹੋ ਜਾਵੇਗਾ ਕਿ ਇਹਨਾਂ ਦੋਨਾਂ ਮਤਿਆਂ ਨੇ ਪਰਸਪਰ ਵਿਰੋਧੀ ਤਾਂ ਕੀ ਹੋਣਾ ਸੀ, ਦੋਨਾਂ ਵਿਚ ਕੋਈ ਡੂੰਘਾ ਮਤਭੇਦ ਵੀ ਨਹੀਂ। ਇਸ ਲਈ ਨਾ ਹੀ ਬਹੁਤੀ ਏਸ ਸੰਭਾਵਨਾ ਨੂੰ ਰੱਦ ਕਰਨ ਦੀ ਲੋੜ ਜਾਪਦੀ ਹੈ ਕਿ ਅਨੰਦਪੁਰ ਸਾਹਿਬ ਦਾ ਮੁੱਢਲਾ ਮਤਾ 'ਪਾਲਿਸੀ ਪ੍ਰੋਗਰਾਮ' ਦੀ ਬੁਨਿਆਦ, ਸਿਰਦਾਰ ਕਪੂਰ ਸਿੰਘ ਵਾਲਾ ਹੀ ਹਾਮੀ ਹੈ।

ਸਿਰਦਾਰ ਕਪੂਰ ਸਿੰਘ ਦੇ ਮਤੇ ਦੇ ਪਹਿਲੇ ਪੰਜ ਪੈਰੇ ਇਤਿਹਾਸਕ ਪਿੱਠ-ਭੂਮੀ ਨਾਲ ਸੰਬੰਧਤ ਹਨ, ਜਿਸ ਨੂੰ 'ਪਾਲਿਸੀ ਪ੍ਰੋਗਰਾਮ' ਵਿਚ ਬੇਲੋੜਾ ਵਾਦ-ਵਿਵਾਦ ਖੜਾ ਕਰਨ ਦੇ ਕਾਬਲ ਜਾਣ ਕੇ ਇੰਨ-ਬਿੰਨ ਦੁਹਰਾਇਆ ਨਹੀਂ ਗਿਆ, ਪਰੰਤੂ ਉੱਕਾ ਵਿਸਾਰਿਆ ਵੀ ਨਹੀਂ ਗਿਆ। ਬੀਜ ਰੂਪ ਵਿਚ ਸੰਦਰਭ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਵਿਚ ਕਿ ਇਹ ਮੁੱਖ ਮੰਗ ਕੀਤੀ ਗਈ ਹੈ। ਰਾਜਸੀ ਨਿਸ਼ਾਨੇ ਨੂੰ ਦਰਸਾਉਂਦਾ ਹੋਇਆ ਪਾਲਿਸੀ ਪ੍ਰੋਗਰਾਮ "ਖ਼ਾਲਸਾ ਜੀ ਦੇ ਇਸ ਜਨਮ-ਸਿੱਧ ਅਧਿਕਾਰ ਨੂੰ ਚਿਤਾਰਦਾ ਹੈ ਜੋ ਕਿ ਸਾਹਿਬ ਦਸਮ ਪਾਤਿਸ਼ਾਹ ਦੇ ਆਦੇਸ਼ਾਂ, ਸਿਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ ਮਨ ਮੰਦਿਰ ਵਿਚ ਉਕਰਿਆ ਚਲਿਆ ਆ ਰਿਹਾ ਹੈ।" ਇਹ ਸ਼ਬਦ ਸਿਰਦਾਰ ਕਪੂਰ ਸਿੰਘ ਦੇ ਪਹਿਲੇ ਦੋ ਪੈਰਿਆਂ ਦਾ ਸੰਖੇਪ ਰੂਪ ਹੀ ਹਨ। ਇਹਨਾਂ ਦੋ ਪੈਰਿਆਂ ਦੀ ਇਤਿਹਾਸਕ ਸਦਾਰਤ ਤੋਂ ਮੁਨਕਰ ਹੋਣਾ ਵੀ ਜਾਂ ਕਮ ਵਾਕਫ਼ੀਅਤ ਦਾ ਨਤੀਜਾ ਹੋ ਸਕਦਾ ਹੈ ਜਾਂ ਨਿਰਾ ਧੋਖਾ ਦੇਣ ਦੀ ਚਾਹ। ਇਹਨਾਂ ਵਿਚ 'ਸਿਖ ਇਕ ਕੌਮ' ਦੇ ਸਿਧਾਂਤ ਨੂੰ ਸਪੱਸ਼ਟ ਪ੍ਰਚਾਰਿਆ ਗਿਆ ਹੈ, ਜਿਸ ਨੂੰ ਸ਼ਾਇਦ ਸੰਨ 1972-73 ਵਿਚ ਅਕਾਲੀ ਦਲ ਖੁੱਲ੍ਹੇ-ਆਮ ਪ੍ਰਚਾਰਨ ਨੂੰ ਤਿਆਰ ਨਹੀਂ ਸੀ। ਪਰੰਤੂ ਹੁਣ ਸ਼੍ਰੋਮਣੀ ਕਮੇਟੀ ਦੇ ਏਸ ਵਿਸ਼ੇ ਸਬੰਧੀ ਮਤੇ ਨੂੰ ਅਕਾਲੀ ਦਲ ਦੇ ਮੌਜੂਦਾ ਪ੍ਰਧਾਨ ਸੰਤ ਹਰਚੰਦ ਸਿੰਘ ਜੀ ਖ਼ੁਦ ਪ੍ਰਵਾਨ ਕਰ ਚੁੱਕੇ ਹਨ। ਇਤਿਹਾਸਕ ਤੱਤ ਕਿਸੇ ਦੀ ਪ੍ਰਵਾਨਗੀ ਨਾ-ਪ੍ਰਵਾਨਗੀ ਦੇ ਮੁਥਾਜ ਨਹੀਂ। ਸਮਝਣਾ ਚਾਹੀਦਾ ਹੈ ਕਿ ਏਸ ਪੱਖੋਂ ਦੋਨੋਂ ਮਤੇ ਇਕ ਹਨ, ਨੰਗੀ ਚਿੱਟੀ ਸੱਚਾਈ ਉੱਤੇ ਆਧਾਰਿਤ ਹਨ ਅਤੇ ਇਹਨਾਂ ਵਿਚ ਏਥੋਂ ਤਕ ਕਿ ਆਪਸੀ ਵਿਰੋਧ ਦੀ ਉੱਕਾ ਹੀ ਅਣਹੋਂਦ ਹੈ।

ਤੀਸਰੇ ਚੌਥੇ ਅਤੇ ਪੰਜਵੇਂ ਪੈਰਿਆਂ ਉੱਤੇ ਦੋ ਸੰਗੀਨ ਦੋਸ਼ ਲਾਏ ਗਏ ਹਨ। ਪਹਿਲਾਂ ਤਾਂ ਇਹ ਕਿ ਉਹ ਖ਼ਾਲਸਾ ਪੰਥ ਨੂੰ ਖੇਰੂੰ ਖੇਰੂੰ ਕਰਕੇ ਸਿੱਖਾਂ ਨੂੰ ਸਮੂਲ ਨਸ਼ਟ ਕਰਨਾ ਚਾਹੁੰਦੇ ਹਨ ਅਤੇ ਅਜਿਹਾ ਕਰਨ ਲਈ ਕਿਰਿਆਸ਼ੀਲ ਹਨ। ਦੂਜਾ ਇਹ ਕਿ ਇਸੇ ਪ੍ਰਯੋਜਨ ਦੀ ਪੂਰਤੀ ਲਈ ਉਹਨਾਂ ਨੇ ਸਾਰੇ ਰਸਮਾਂ ਵਾਅਦੇ ਛਿੱਕੇ ਉੱਤੇ ਟੰਗ ਕੇ ਸਿੱਖਾਂ ਉੱਤੇ ਸੰਵਿਧਾਨ ਉਹਨਾਂ ਦੀ ਮਰਜ਼ੀ ਦੇ ਖ਼ਿਲਾਫ਼ ਠੋਸਿਆ ਹੋਇਆ ਹੈ। ਇਹ ਦੋਨੋਂ ਦੋਸ਼ ਪਾਲਿਸੀ ਪ੍ਰੋਗਰਾਮ ਵਿਚ ਕਿਧਰੇ ਵੀ ਸਪੱਸ਼ਟ ਰੂਪ ਵਿਚ ਨਹੀਂ ਦਿਸਦੇ। ਅਜਿਹੇ ਅਰਥ-ਭਰਪੂਰ ਇਸ਼ਾਰੇ ਤਾਂ ਹਨ, ਜੋ ਕਿ ਇਹਨਾਂ ਦੋਸ਼ਾਂ ਦੇ ਸੰਦਰਭ ਵਿਚ ਹੀ ਸਾਰਥਕ ਹੁੰਦੇ ਹਨ। ਅਤੇ ਇਹਨਾਂ ਦੇ ਮੰਤਕ ਉੱਤੇ ਹੀ ਆਧਾਰਿਤ ਹੋ ਸਕਦੇ ਹਨ। ਆਪਣਾ ਸੰਵਿਧਾਨ ਘੜ ਸਕਣ ਦੀ ਸ਼ਕਤੀ ਪ੍ਰਾਪਤ ਕਰਨ ਲਈ ਯਤਨਸ਼ੀਲ ਹੋਣਾ ਅਤੇ ਖ਼ਾਲਸਾ ਜੀ ਦੇ ਬੋਲ ਬਾਲੇ ਦੀ ਲੋਚਾ, ਇਹੋ ਦਰਸਾਉਂਦੀ ਹੈ। ਪਰੰਤੂ ਇਹਨਾਂ ਦੋਨਾਂ ਦੋਸ਼ਾਂ ਨੂੰ ਪਾਲਿਸੀ ਪ੍ਰੋਗਰਾਮ ਵਿਚ ਖੁੱਲ੍ਹਾ ਅਤੇ ਨਿਝੱਕ ਹੋ ਕੇ, ਠੋਕ ਵਜਾ ਕੇ ਨਹੀਂ ਲਗਾਇਆ ਗਿਆ। ਪਹਿਲੇ ਦੋਸ਼ ਬਾਰੇ ਸੰਖੇਪ ਵਿਚ ਏਨਾ ਹੀ ਕਹਿਣਾ ਠੀਕ ਹੈ ਕਿ ਕੇਵਲ ਪੰਜਾਬੀ ਸੂਬੇ ਦਾ ਇਤਿਹਾਸ ਹੀ ਏਸ ਦੋਸ਼ ਦੀ ਭਰਪੂਰ ਪ੍ਰੋੜ੍ਹਤਾ ਕਰਦਾ ਹੈ। ਅਕਤੂਬਰ 1947 ਵਿਚ ਪੰਜਾਬ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਫਿਰਤੂ ਪੱਤਰ, ਜਿਸ ਵਿਚ ਸਿਖ ਕੌਮ ਨੂੰ ਜਰਾਇਮ ਪੇਸ਼ਾ ਕਰਾਰ ਦਿੱਤਾ ਗਿਆ ਸੀ, ਏਸ ਸੰਬੰਧ ਵਿਚ ਇਕ ਅਕੱਟ ਦਲੀਲ ਹੈ। ਜੇ ਕੇਵਲ ਅਸੀਂ ਮਹਾਤਮਾ ਗਾਂਧੀ ਦੇ ਸਿੱਖਾਂ ਸੰਬੰਧੀ ਕਹੇ ਸਾਰੇ ਸ਼ਬਦ ਇਕੱਠੇ ਕਰ ਲਈਏ ਤਾਂ ਵੀ ਸਾਨੂੰ ਸਿੱਖਾਂ ਨੂੰ ਖ਼ਤਮ ਕਰਕੇ ਸਾਹਿਬ ਦਸਵੇਂ ਪਾਤਿਸ਼ਾਹ ਦੇ ਕੰਮ ਨੂੰ ਤਹਿਸ-ਨਹਿਸ ਕਰਨ ਦੀ ਕੁਚੇਸ਼ਟਾ ਉਹਨਾਂ ਸ਼ਬਦਾਂ ਵਿਚ ਅਤੇ ਉਹਨਾਂ ਦੀ ਜਨਮਦਾਤੀ ਮਨੋਭਾਵਨਾ ਵਿਚ ਸਪੱਸ਼ਟ ਵਿਖਾਈ ਦੇਵੇਗੀ। ਏਸ ਦੋਸ਼ ਬਾਰੇ ਅੰਤ ਵਿਚ ਫੇਰ ਵਿਚਾਰ ਕੀਤੀ ਜਾਵੇਗੀ। ਅਸੀਂ ਹੁਣੇ ਫੇਰ ਜ਼ਿਕਰ ਕਰਾਂਗੇ, ਪਰੰਤੂ ਵਿਸਤਾਰ ਜਾਣਨ ਲਈ ਸਿਰਦਾਰ ਕਪੂਰ ਸਿੰਘ ਦਾ ਪੰਜਾਬੀ ਸੂਬੇ ਬਾਰੇ ਪਾਰਲੀਮੈਂਟ ਵਿਚ ਦਿੱਤਾ ਭਾਸ਼ਣ ਗਹੁ ਨਾਲ ਪੜ੍ਹ ਕੇ ਕੋਈ ਸ਼ੰਕਾ ਰਹਿਣ ਦੀ ਸੰਭਾਵਨਾ ਨਹੀਂ ਰਹਿੰਦੀ। ਸ਼੍ਰੋਮਣੀ ਅਕਾਲੀ ਦਲ ਦਾ ਇਹਨਾਂ ਤੱਤਾਂ ਨੂੰ ਆਪਣੀ ਪਾਲਿਸੀ ਪ੍ਰੋਗਰਾਮ ਵਿਚ ਥਾਂ ਦੇਣਾ ਸਿਆਣਪ ਭਰਪੂਰ ਨਹੀਂ ਕਿਹਾ ਜਾ ਸਕਦਾ। ਦੁਨੀਆ ਦੀਆਂ ਨਿਗਾਹਾਂ ਵਿਚ, ਉੱਚੀ ਰਾਜਸੀ ਪੱਧਰ ਉੱਤੇ, ਅਨੰਦਪੁਰ ਸਾਹਿਬ ਦੇ ਮਤੇ ਵਿਚ ਦੱਸੇ ਅਧਿਕਾਰ ਪ੍ਰਾਪਤ ਕਰ ਲੈਣ ਦੇ ਹੱਕਦਾਰ ਅਸੀਂ ਤਾਹੀਏਂ ਹੀ ਅਖਵਾ ਸਕਦੇ ਹਾਂ, ਜੇ ਇਹਨਾਂ ਦੋਨਾਂ ਦੋਸ਼ਾਂ ਨੂੰ ਸ਼ੱਕ ਦੀ ਬਿਨਾਅ ਤੋਂ ਪਰ੍ਹੇ ਸਿਰਫ਼ ਤੱਥਾਂ ਦੇ ਆਧਾਰ ਉੱਤੇ ਸਾਬਤ ਕਰ ਸਕੀਏ। ਇਹ ਅਣਗਹਿਲੀ ਅਕਾਲੀ ਦਲ ਨੂੰ ਅੱਜ ਨਹੀਂ ਤਾਂ ਕੱਲ੍ਹ ਦੂਰ ਕਰਨੀ ਹੀ ਪਵੇਗੀ। ਪਰੰਤੂ ਅਜੇ ਤਕ ਵੀ ਦੋਨਾਂ ਮਤਿਆਂ ਵਿਚ ਕੋਈ ਆਪਾ-ਵਿਰੋਧੀ ਤੱਥ ਨਜ਼ਰ ਨਹੀਂ ਆਇਆ।

ਰਾਜਸੀ ਨਿਸ਼ਾਨੇ ਦੀ ਲਿਖਤ ਬਾਰੇ ਏਨਾ ਹੀ ਕਹਿਣਾ ਕਾਫ਼ੀ ਹੈ ਕਿ ਇਹ ਨਿਸ਼ਚੇ ਹੀ ਸਿਰਦਾਰ ਕਪੂਰ ਸਿੰਘ ਦੀ ਹੈ; ਇਹ ਕੇਵਲ ਉਹਨਾਂ ਦੀ ਸ਼ਬਦਾਵਲੀ ਹੀ ਹੋ ਸਕਦੀ ਹੈ ਅਤੇ ਇਹ ਉਹਨਾਂ ਦੀ ਸੋਚ ਅਨੁਸਾਰ ਹੈ। ਏਸ ਤੋਂ ਇਲਾਵਾ ਮਾਸਟਰ ਅਕਾਲੀ ਦਲ ਅਤੇ ਅਕਾਲੀ ਦਲ ਦੇ ਏਕਤਾ ਦੇ ਲਿਖਤੀ ਸਮਝੌਤੇ ਵਿਚ ਵੀ ਕਰੀਬ ਕਰੀਬ ਇਨ੍ਹਾਂ ਹੀ ਲਫ਼ਜ਼ਾਂ ਵਿਚ ਏਹੋ ਨਿਸ਼ਾਨਾ ਮਿਥਿਆ ਹੋਇਆ ਹੈ। ਏਕਤਾ ਵਾਲੀ ਲਿਖਤ ਬਾਰੇ ਅਸੀਂ ਜਾਣਦੇ ਹਾਂ ਕਿ ਸਿਰਦਾਰ ਕਪੂਰ ਸਿੰਘ ਦੀ ਕਿਰਤ ਹੈ।

ਰਾਜਸੀ ਨਿਸ਼ਾਨੇ ਵਿਚ ਹੀ ਸ਼ਬਦ 'ਮਕਸਦ ਖ਼ਾਲਸਾ ਜੀ ਦਾ ਬੋਲ ਬਾਲਾ ਹੈ'

ਆਉਂਦੇ ਹਨ, ਜਿਨ੍ਹਾਂ ਦੇ ਉਦਾਲੇ ਹਿੰਦੂ ਪ੍ਰੈਸ ਵਿਚ ਅਤੇ ਆਮ ਹਿੰਦੂ ਸਿਆਸਤਦਾਨਾਂ ਵਿਚ ਕਾਫ਼ੀ ਤੂਫ਼ਾਨ ਉਠਿਆ ਹੈ। ਜਦੋਂ ਅਕਾਲੀਆਂ ਨਾਲ ਗੱਲ-ਬਾਤ ਦੇ ਦੌਰਾਨ ਭਾਰਤ ਦੀ ਪ੍ਰਧਾਨ ਮੰਤਰੀ ਨੇ ਏਸ ਦਾ ਸਪੱਸ਼ਟੀਕਰਣ ਪੁੱਛਿਆ ਤਾਂ ਸੰਤ ਜੀ ਨੇ ਕਿਹਾ ਕਿ ਸਿਖ ਰੋਜ਼ ਇਹਨਾਂ ਲਫ਼ਜ਼ਾਂ ਵਿਚ ਦੋ ਵੇਲੇ ਅਰਦਾਸ ਕਰਦੇ ਹਨ ਅਤੇ ਹਰ ਸਿਆਸੀ ਜਮਾਤ ਚਾਹੁੰਦੀ ਹੈ ਕਿ ਉਹ ਰਾਜ ਕਰੇ, ਉਸਦਾ ਰਾਜਸੀ ਦਬਦਬਾ ਹੋਵੇ, ਉਸਦੇ ਬੋਲ ਬਾਲੇ ਹੋਣ। ਕੀ ਸਿੱਖਾਂ ਨੂੰ ਇਹ ਖ਼ਾਹਿਸ਼ ਰੱਖਣ ਦਾ ਅਧਿਕਾਰ ਨਹੀਂ ਹੈ। ਏਸ ਦੇ ਅਰਥਾਂ ਬਾਰੇ ਵੀ ਕਾਫ਼ੀ ਬਹਿਸ ਚੱਲੀ ਹੈ। ਏਸ ਦੇ ਸਿੱਧੇ ਅਰਥ ਉਹੋ ਹਨ ਜੋ ਕਿ 'ਰਾਜ ਕਰੇਗਾ ਖ਼ਾਲਸਾ' ਦੇ ਹਨ। ਖ਼ਾਲਸੇ ਕੋਲ ਅਤਿਅੰਤ ਨਿਆਂਕਾਰੀ ਫ਼ਲਸਫ਼ਾ ਹੈ, ਜਿਸਦੇ ਸੰਸਾਰ ਵਿਚ ਫੈਲਣ ਨਾਲ ਸਾਰਾ ਸੰਸਾਰ ਇਕ ਗੁਲਜ਼ਾਰ ਵਾਂਗ ਖਿੜ ਉਠੇਗਾ। ਖ਼ਾਲਸਾ ਐਸਾ ਰਾਜ ਕਾਇਮ ਕਰਨਾ ਚਾਹੁੰਦਾ ਹੈ, ਜਿਸ ਵਿਚ ਰਾਜਸੀ, ਸਮਾਜਿਕ ਅਤੇ ਆਰਥਿਕ ਵਿਤਕਰੇ ਬਿਲਕੁਲ ਖ਼ਤਮ ਹੋ ਜਾਣ। ਹਰ ਕੋਈ ਜਾਣੇ ਕਿ ਉਸਦਾ ਆਪਣਾ ਰਾਜ ਹੈ, "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥" ਖ਼ਾਲਸੇ ਦਾ ਰਾਜ ਹੋਵੇਗਾ, ਜਿਸ ਵਿਚ ਧੱਕਾ ਬਿਲਕੁਲ ਨਹੀਂ ਹੋ ਸਕੇਗਾ। "ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥" ਹਿੰਦੁਸਤਾਨ ਦੇ ਤਖ਼ਤੇ ਉੱਤੇ ਸਦੀਆਂ ਤੋਂ ਜਲਦੀ ਜਨੂੰਨੀ ਅੱਗ ਨੂੰ ਆਪਣੇ ਖ਼ੂਨ ਨਾਲ ਠੰਡੀ ਕਰ ਕੇ ਸਿੱਖਾਂ ਨੇ ਇਕ ਸਾਮਰਾਜ ਕਾਇਮ ਕੀਤਾ ਸੀ, ਜਿਸ ਵਿਚ ਬਹੁ-ਗਿਣਤੀ ਆਧਾਰਿਤ ਪ੍ਰਚੱਲਤ ਲੋਕਤੰਤਰੀ ਰਵਾਇਤਾਂ ਅਤੇ ਇਥੋਂ ਦੀਆਂ ਸਰਕਾਰਾਂ ਦੇ ਢੰਗ ਤਰੀਕਿਆਂ ਮੁਤਾਬਿਕ ਨਾ ਜਾਤ-ਪਾਤ ਦੀਆਂ ਵੰਡੀਆਂ ਸਨ, ਨਾ ਮਜ਼੍ਹਬੀ ਫ਼ਲਸਫ਼ੇ ਦੀਆਂ ਅਜਿਹੇ ਵਿਸ਼ਵ ਕਲਿਆਣਕਾਰੀ ਉਪਦੇਸ਼ਾਂ ਦੇ ਵਾਧੇ ਹਿੱਤ ਜੇ ਖ਼ਾਲਸਾ ਰਾਜ ਲੋਚਦਾ ਹੈ ਤਾਂ ਕਿਸ ਪੱਖੋਂ ਇਤਰਾਜ਼ ਹੋ ਸਕਦਾ ਹੈ। ਖ਼ਾਲਸਾ ਜੀ ਕੇ ਬੋਲ ਬਾਲੇ ਦਾ ਸਪੱਸ਼ਟ ਇੱਕੋ ਇਕ ਅਰਥ ਹੈ ਕਿ ਖ਼ਾਲਸੇ ਦੇ ਹੱਥ ਫ਼ੈਸਲਾ ਕਰਨ ਦੀ ਸ਼ਕਤੀ ਹੋਣੀ ਚਾਹੀਦੀ ਹੈ ਅਤੇ ਕੋਈ ਐਸਾ ਫ਼ੈਸਲਾ ਲਾਗੂ ਨਹੀਂ ਹੋ ਸਕਦਾ, ਜੋ ਏਸ ਦੇ ਅਸੂਲਾਂ ਦੇ ਵਿਰੁੱਧ ਹੋਵੇ।

ਅੰਗਰੇਜ਼ ਕੋਲੋਂ ਰਾਜਸੀ ਸੱਤਾ ਲੈਣ ਦੇ ਤਿੰਨ ਹੀ ਅਧਿਕਾਰੀ ਸਨ—ਮੁਸਲਮਾਨ, ਹਿੰਦੂ ਅਤੇ ਸਿਖ। ਮੁਸਲਮਾਨਾਂ ਦੇ ਪਾਕਿਸਤਾਨ ਅਤੇ ਬੰਗਲਾ ਦੇਸ਼ ਵਿਚ ਬੋਲ ਬਾਲੇ ਹਨ ਅਤੇ ਕੋਈ ਕੁਸਕਦਾ ਤਕ ਨਹੀਂ, ਹਿੰਦੂਆਂ ਦੇ ਭਾਰਤ ਵਿਚ ਬੋਲ ਬਾਲੇ ਹਨ ਅਤੇ ਇਹ ਕਿਸੇ ਨੂੰ ਇਤਰਾਜ਼ਯੋਗ ਨਹੀਂ ਲੱਗਦਾ। ਫੇਰ ਸਿੱਖਾਂ ਦੇ ਬੋਲ ਬਾਲੇ ਕਹਿਣ ਵਾਲਿਆਂ ਉੱਤੇ ਐਨੀ ਕਰੋਪੀ ਕਿਉਂ ? ਇਹ ਤਾਂ ਲੋਕਰਾਜ ਦਾ ਮੁੱਢਲਾ ਅਸੂਲ ਹੈ ਕਿ ਰਾਜਸੀ ਸ਼ਕਤੀ ਉਹਨਾਂ ਲੋਕਾਂ ਦੇ ਹੱਥ ਹੋਣੀ ਚਾਹੀਦੀ ਹੈ, ਜਿਨ੍ਹਾਂ ਉੱਤੇ ਏਸ ਦਾ ਅਸਰ ਪੈਣਾ ਹੋਵੇ। ਜਿਸ ਰਾਜਸੀ ਸ਼ਕਤੀ ਨੇ ਖ਼ਾਲਸੇ ਦੇ ਜੀਵਨ ਅਤੇ ਭਵਿੱਖ ਉੱਤੇ ਅਸਰ-ਅੰਦਾਜ਼ ਹੋਣਾ ਹੋਵੇ, ਉਸ ਦਾ ਖ਼ਾਲਸਾ ਜੀ ਦੇ ਹੱਥਾਂ ਵਿਚ ਹੋਣਾ ਐਨ ਲੋਕਰਾਜ ਦੇ ਸਿਧਾਂਤਾਂ ਅਨੁਸਾਰ ਹੈ। ਭਾਰਤ ਬਾਰੇ ਬਰਤਾਨੀਆ ਦੀ ਪਾਰਲੀਮੈਂਟ ਵਿਚ ਬੋਲਦੇ ਹੋਏ ਚਰਚਲ ਨੇ 12 ਦਸੰਬਰ, 1940 ਨੂੰ ਕਿਹਾ ਸੀ, "ਮੈਨੂੰ ਪੱਕਾ ਯਕੀਨ ਹੈ ਕਿ ਜੇ ਕਾਂਗਰਸ ਪਾਰਟੀ ਨੇ ਪੱਛਮੀ ਮਾਪਦੰਡ ਪੱਧਤੀ ਯਾ ਪੱਛਮ ਦੀਆਂ ਮੌਜੂਦਾ ਪ੍ਰਚੱਲਤ ਲੋਕਰਾਜੀ ਪ੍ਰਣਾਲੀਆਂ ਮੁਤਾਬਿਕ ਆਜ਼ਾਦ ਭਾਰਤ ਵਿਚ ਬਹੁ-ਗਿਣਤੀ ਦਾ ਹਿੰਦੂ ਰਾਜ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਛੇਤੀ ਹੀ ਅਜਿਹੀ ਸਥਿਤੀ ਬਣ ਜਾਵੇਗੀ, ਜੋ ਹਰ ਸੂਰਤ ਵਿਚ ਭਾਰਤ ਦੀ ਏਕਤਾ ਲਈ ਮਾਰੂ ਸਾਬਤ ਹੋਵੇਗੀ।"

ਭਾਰਤ ਵਿਚ ਜੋ ਵੀ ਨੇਕ ਦਿਲ ਇਨਸਾਨ ਅਜਿਹੇ ਦਿਨ ਨੂੰ ਪਿਛਾਂਹ ਪਾਉਣਾ ਚਾਹੁੰਦੇ ਹਨ, ਜ਼ਰੂਰੀ ਹੀ ਖ਼ਾਲਸਾ ਜੀ ਦੇ ਬੋਲ ਬਾਲੇ ਦੀ ਹਮਾਇਤ ਕਰਨਗੇ।

ਸਿਰਦਾਰ ਕਪੂਰ ਸਿੰਘ ਵਾਲੇ ਮਤੇ ਦੇ ਛੇਵੇਂ ਪੈਰੇ ਵਿਚ ਮੰਗ ਕੀਤੀ ਗਈ ਹੈ ਕਿ ਅਜਿਹਾ ਖ਼ੁਦ-ਮੁਖ਼ਤਿਆਰ ਖਿੱਤਾ ਉੱਤਰੀ ਭਾਰਤ ਵਿਚ ਬਣਾਇਆ ਜਾਵੇ, ਜਿਸ ਵਿਚ ਕਿ ਖ਼ਾਸ ਤੌਰ ਉੱਤੇ ਸਿੱਖਾਂ ਦੇ ਹੱਕਾਂ ਦੀ ਰੱਖਿਆ ਕਰਨਾ ਰਾਜਸੀ ਵਿਧਾਨ ਦਾ ਮਕਸਦ ਹੋਵੇ। ਇੰਨ-ਬਿੰਨ ਏਹੋ ਕੁਝ ਅਕਾਲੀ ਦਲ ਦਾ ਪਾਲਿਸੀ ਪ੍ਰੋਗਰਾਮ ਰਾਜਸੀ ਨਿਸ਼ਾਨੇ ਦੇ ਸਿਰਲੇਖ ਥੱਲੇ ਮੱਦ (ੳ) ਵਿਚ ਪ੍ਰਾਪਤ ਕਰਨਾ ਚਾਹੁੰਦਾ ਹੈ। ਆਪਣੇ ਧਰਮ ਅਤੇ ਸਭਿਆਚਾਰ ਦੀ ਰਾਖੀ ਹੀ ਹਰ ਦੇਸ਼ ਦੇ ਰਾਜਸੀ ਵਿਧਾਨ ਦਾ ਮੁੱਢਲਾ ਮਕਸਦ ਹੁੰਦਾ ਹੈ; ਅਤੇ ਸਦਾ ਰਹੇਗਾ।

ਸੱਤਵੇਂ ਪੈਰੇ ਵਿਚ ਓਸ ਇਲਾਕੇ ਦੀ ਮੰਗ ਕੀਤੀ ਗਈ ਹੈ, ਜੋ ਏਸ ਖ਼ੁਦ-ਮੁਖ਼ਤਿਆਰ ਖਿੱਤੇ ਦਾ ਹਿੱਸਾ ਹੋਣੇ ਚਾਹੀਦੇ ਹਨ। 'ਪਾਲਿਸੀ ਪ੍ਰੋਗਰਾਮ' ਵਿਚ ਜਿਨ੍ਹਾਂ ਇਲਾਕਿਆਂ ਦੀ ਮੰਗ ਕੀਤੀ ਗਈ ਹੈ, ਉਹ ਏਸ ਮਤੇ ਵਿਚ ਮੰਗੇ ਇਲਾਕਿਆਂ ਨਾਲੋਂ ਘੱਟ ਹਨ। ਪਾਲਿਸੀ ਪ੍ਰੋਗਰਾਮ ਵਿਚ ਮੰਗੇ ਇਲਾਕਿਆਂ ਨੂੰ ਸਹੀ ਮੰਨਣਾ ਚਾਹੀਦਾ ਹੈ, ਕਿਉਂਕਿ ਅਕਾਲੀ ਦਲ ਦੀ ਏਹੋ ਮੰਗ ਰਹੀ ਹੈ ਅਤੇ ਸਿਰਦਾਰ ਕਪੂਰ ਸਿੰਘ ਦੁਆਰਾ ਲਿਖੇ ਗਏ ਸਤਾਰ੍ਹਵੀਂ ਸਰਬ ਹਿੰਦ ਅਕਾਲੀ ਕਾਨਫ਼ਰੰਸ ਦੇ ਮਤੇ ਵਿਚ ਵੀ ਏਹੀ ਇਲਾਕੇ ਮੰਗੇ ਸਨ। ਮੁੱਖ ਤੌਰ 'ਤੇ ਬੀਤੇ ਸਮੇਂ ਦੇ ਪੰਜਾਬ ਰੀਜਨ ਨੂੰ ਸੰਪੂਰਨ ਕਰਨ ਦੀ ਅਕਾਲੀ ਦਲ ਦੀ ਸ਼ੁਰੂ ਤੋਂ ਹੀ ਖ਼ਾਹਿਸ਼ ਰਹੀ ਹੈ। ਏਵੇਂ ਗੰਗਾਨਗਰ ਨੂੰ ਪੰਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਵੀ ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਦੀ ਹੈ। ਬੋਲੀਆਂ ਦੇ ਆਧਾਰ ਉੱਤੇ ਸੂਬਿਆਂ ਦੀ ਹੱਦਬੰਦੀ ਕਰਨ ਵਾਲੇ ਕਮਿਸ਼ਨ ਨੂੰ ਦਿੱਤੇ ਗਏ ਯਾਦ-ਪੱਤਰ ਨਾਲ ਲੱਗੇ ਨਕਸ਼ੇ ਵਿਚ ਵੀ ਗੰਗਾਨਗਰ ਨੂੰ ਪੰਜਾਬੀ ਸੂਬੇ ਦਾ ਹਿੱਸਾ ਵਿਖਾਇਆ ਗਿਆ ਸੀ। ਇਲਾਕਿਆਂ ਦਾ ਮਸਲਾ, ਆਖ਼ਰ ਗੱਲ ਬਾਤ ਰਾਹੀਂ ਨਿਬੜਨਾ ਹੈ, ਪਰੰਤੂ ਭਾਰਤ ਸਰਕਾਰ ਦੇ, ਗੰਗਾਨਗਰ ਨੂੰ ਪੰਜਾਬ ਵਿਚ ਸ਼ਾਮਿਲ ਨਾ ਕਰਨ ਦੇ ਕੁਝ ਗੰਭੀਰ ਸੰਕੇਤ ਮਿਲਦੇ ਹਨ, ਜਿਨ੍ਹਾਂ ਵਿੱਚੋਂ ਦੋ ਬਾਰੇ ਅਸੀਂ ਵਿਚਾਰ ਕਰ ਲਈਏ ਤਾਂ ਠੀਕ ਰਹੇਗਾ। ਪਹਿਲਾਂ ਤਾਂ ਇਹ ਕਿ ਸੰਤ ਫ਼ਤਹਿ ਸਿੰਘ ਦੇ ਮਰਨ ਵਰਤ ਅਤੇ ਸੜ ਮਰਨ ਦੇ ਪ੍ਰਣ ਤੋਂ ਬਾਅਦ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਿਲ ਕਰਨ ਦਾ ਫ਼ੈਸਲਾ ਕਰ ਦਿੱਤਾ, ਪਰੰਤੂ ਬਦਲੇ ਵਿਚ ਪੰਜਾਬ ਦੇ ਕਰੀਬ ਡੇਢ ਸੌ ਪਿੰਡ ਹਰਿਆਣੇ ਨੂੰ ਦੇਣੇ ਕੀਤੇ। ਇਹਨਾਂ ਪਿੰਡਾਂ ਦਾ ਹਰਿਆਣਾ ਨਾਲ ਸੰਪਰਕ ਬਣਾਉਣ ਲਈ ਪੰਜਾਬ ਦੀ ਭੂਮੀ ਉੱਤੇ ਹਰਿਆਣਾ ਲਈ ਲਾਂਘਾ ਦਿੱਤਾ ਗਿਆ। ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਇਹ ਪਿੰਡ ਅਤੇ ਲਾਂਘਾ ਕੇਵਲ ਗੰਗਾਨਗਰ ਨੂੰ ਪੰਜਾਬ ਨਾਲੋਂ ਬਿਲਕੁਲ ਵੱਖ ਕਰਨ ਲਈ ਦਿੱਤਾ ਗਿਆ ਹੈ, ਤਾਂਕਿ ਪੰਜਾਬ ਕਦੇ ਵੀ ਗੰਗਾਨਗਰ ਨੂੰ ਪੰਜਾਬ ਨਾਲ ਜੋੜਨ ਦੀ ਗੱਲ ਨਾ ਕਰ ਸਕੇ। ਦੂਜਾ ਇਹ ਕਿ ਕੁਝ ਸਮੇਂ ਤੋਂ ਪੰਜਾਬ ਦੇ ਗੰਗਾਨਗਰ ਨਾਲ ਲੱਗਦੇ ਇਲਾਕਿਆਂ ਫ਼ਾਜ਼ਿਲਕਾ, ਅਬੋਹਰ ਨੂੰ ਹਰਿਆਣੇ ਵਿਚ ਸ਼ਾਮਿਲ ਕਰਨ ਲਈ ਕੇਂਦਰ ਦੇ ਇਸ਼ਾਰੇ ਉੱਤੇ ਮੁਹਿੰਮ ਚੱਲ ਰਹੀ ਹੈ।

ਅਠਵੇਂ ਪੈਰੇ ਵਿਚ ਸਿਰਦਾਰ ਕਪੂਰ ਸਿੰਘ ਮੰਗ ਕਰਦੇ ਹਨ ਕਿ ਏਸ ਖ਼ੁਦ-ਮੁਖ਼ਤਿਆਰ ਖਿੱਤੇ ਨੂੰ ਆਪਣਾ ਵਿਧਾਨ ਆਪ ਬਣਾਉਣ ਦਾ ਹੱਕ ਹੋਵੇ। ਨਾਲੋ ਨਾਲ ਉਹ ਕੇਵਲ ਚਾਰ ਮਹਿਕਮਿਆਂ ਵਿਚ ਕੇਂਦਰ ਦੇ ਦਖ਼ਲ ਨੂੰ ਪ੍ਰਵਾਨ ਕਰਦੇ ਹੋਏ ਬਾਕੀ ਸਾਰੇ ਅਧਿਕਾਰ

ਉਪਰੋਕਤ ਖਿੱਤੇ ਕੋਲ ਰੱਖਣ ਦੇ ਹਾਮੀ ਹਨ। ਇਹ ਦੋਨੋਂ ਮੰਗਾਂ ਇੰਨ-ਬਿੰਨ ਏਸੇ ਤਰ੍ਹਾਂ ਪਾਲਿਸੀ ਪ੍ਰੋਗਰਾਮ ਦੇ ਰਾਜਸੀ ਨਿਸ਼ਾਨੇ ਦੀ ਪੂਰਤੀ ਲਈ ਪ੍ਰਯੋਜਨਾ ਵਾਲੇ ਅੰਕ (ਅ) ਵਿਚ ਤੁਸੀਂ ਵੇਖੋਗੇ। ਜਿਸ ਕਮੇਟੀ ਦੇ ਪਾਲਿਸੀ ਪ੍ਰੋਗਰਾਮ ਦਾ ਖਰੜਾ ਤਿਆਰ ਕੀਤਾ ਹੈ, ਓਸਦੇ ਕਈ ਮੈਂਬਰਾਂ ਦਾ ਕਹਿਣਾ ਹੈ ਕਿ ਸ਼ਬਦ 'ਕਰੰਸੀ' ਨੂੰ ਏਸ ਅੰਕ ਵਿੱਚੋਂ ਕੱਢ ਕੇ ਕੇਵਲ ਤਿੰਨ ਮਹਿਕਮਿਆਂ ਵਿਚ ਕੇਂਦਰ ਦਾ ਦਖ਼ਲ ਮੰਨਣ ਦਾ ਫ਼ੈਸਲਾ ਹੋ ਚੁੱਕਾ ਸੀ, ਪਰੰਤੂ ਗ਼ਲਤੀ ਨਾਲ ਲਫ਼ਜ਼ ਵਿਚੇ ਰਹਿ ਗਿਆ ਹੈ। ਤਲਵੰਡੀ ਦਲ ਵਾਲੇ ਮਤੇ ਵਿਚ 'ਕਰੰਸੀ' ਨਹੀਂ ਹੈ, ਪਰੰਤੂ ਬਾਕੀ ਤਿੰਨ ਮਹਿਕਮੇ ਰੱਖੇ ਗਏ ਹਨ। ਖ਼ੈਰ ਇਹਨਾਂ ਮਹਿਕਮਿਆਂ ਬਾਰੇ ਵਿਚਾਰ ਕਰੀਏ ਕਿ ਇਹ ਘੱਟ ਕਿਉਂ ਕੀਤੇ ਗਏ। ਏਸ ਬਾਰੇ ਸਪੱਸ਼ਟ ਸੰਕੇਤ ਤਾਂ ਕਿਧਰੇ ਨਹੀਂ ਮਿਲਦੇ, ਪਰੰਤੂ ਏਸ ਦੇ ਇਤਿਹਾਸਕ ਸੰਦਰਭ ਬਾਰੇ ਬਿਲਕੁਲ ਸ਼ੰਕਾ ਨਹੀਂ।

ਦੂਜੀ ਜੰਗ ਤੋਂ ਬਾਅਦ ਬਰਤਾਨੀਆ ਵਿਚ ਸਿਆਸੀ ਹਾਲਾਤ ਇਕਦਮ ਬਦਲ ਗਏ ਅਤੇ ਹਿੰਦੁਸਤਾਨ ਨੂੰ ਆਜ਼ਾਦ ਕਰਨਾ, ਬਦਲੇ ਹਾਲਾਤ ਵਿਚ, ਜ਼ਰੂਰੀ ਸਮਝਿਆ ਜਾਣ ਲੱਗਾ। ਆਜ਼ਾਦ ਭਾਰਤ ਦਾ ਸੰਵਿਧਾਨ ਤਹਿ ਕਰਨ ਲਈ ਤਿੰਨ ਬਰਤਾਨਵੀ ਵਜ਼ੀਰਾਂ ਉੱਤੇ ਆਧਾਰਿਤ ਇਕ ਮਿਸ਼ਨ ਭਾਰਤ ਆਇਆ। ਇਹਨਾਂ ਕਬੀਨਾ ਦੇ ਦੂਤਾਂ ਨੇ 17 ਮਈ, 1946 ਨੂੰ ਇਕ ਬਿਆਨ ਦਿੱਤਾ, ਜਿਸ ਨੇ ਕਿ ਆਜ਼ਾਦ ਭਾਰਤ ਦੇ ਸੰਵਿਧਾਨ ਦਾ ਨੀਂਹ ਪੱਥਰ ਬਣਨਾ ਸੀ। ਉਹਨਾਂ ਨੇ ਏਸ ਬਿਆਨ ਦੀ ਪੰਦਰ੍ਹਵੀਂ ਮਦ ਦੇ ਪਹਿਲੇ ਅੰਕ ਵਿਚ ਲਿਖਿਆ ਕਿ ਕੇਂਦਰੀ ਸਰਕਾਰ ਕੋਲ ਕੇਵਲ ਤਿੰਨ ਮਹਿਕਮੇ ਰਹਿਣੇ ਚਾਹੀਦੇ ਹਨ ਅਤੇ ਬਾਕੀ ਸਾਰੇ ਅਧਿਕਾਰ ਸੂਬਿਆਂ ਦੀਆਂ ਸਭਾਵਾਂ ਕੋਲ ਹੋਣੇ ਚਾਹੀਦੇ ਹਨ। ਕੈਬਨਿਟ ਮਿਸ਼ਨ ਅਨੁਸਾਰ ਇਹ ਤਿੰਨ ਮਹਿਕਮੇ ਸਨ—ਵਿਦੇਸ਼ੀ ਮਾਮਲੇ, ਸੁਰੱਖਿਆ ਅਤੇ ਯਾਤਾਯਾਤ। ਏਸੇ ਆਧਾਰ ਉੱਤੇ ਆਜ਼ਾਦ ਭਾਰਤ ਦਾ ਸੰਵਿਧਾਨ ਬਣਾਉਣ ਵਾਸਤੇ 25 ਜੁਲਾਈ, 1946 ਨੂੰ ਵਿਧਾਨ ਘਾੜਨੀ ਸਭਾ ਹੋਂਦ ਵਿਚ ਆਈ। ਏਸ ਸਭਾ ਨੇ ਕਬੀਨਾ-ਦੂਤਾਂ ਦੇ ਪ੍ਰਸਤਾਵ ਅਨੁਸਾਰ ਵਿਧਾਨ ਘੜਨਾ ਸੀ। ਮਾਰਚ 1947 ਦੇ ਪਹਿਲੇ ਹਫ਼ਤੇ ਵਿਚ ਪ੍ਰਵਾਨ ਕੀਤੇ ਕਾਂਗਰਸ ਦੇ ਮਤੇ ਅਨੁਸਾਰ ਪੰਜਾਬ ਨੂੰ ਮੁਸਲਿਮ ਅਤੇ ਗ਼ੈਰ-ਮੁਸਲਿਮ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਇਹਨਾਂ ਹਿੱਸਿਆਂ ਨੂੰ ਉਹਨਾਂ ਦੀ ਮਰਜ਼ੀ ਅਨੁਸਾਰ ਹਿੰਦੁਸਤਾਨ ਜਾਂ ਪਾਕਿਸਤਾਨ ਵਿਚ ਸ਼ਾਮਿਲ ਹੋਣ ਦੀ ਇਜਾਜ਼ਤ ਸੀ। 9 ਦਸੰਬਰ, 1946 ਨੂੰ ਵਿਧਾਨ ਘਾੜਨੀ ਸਭਾ ਦੀ ਪਹਿਲੀ ਮੀਟਿੰਗ ਬਾਬੂ ਰਾਜਿੰਦਰ ਪ੍ਰਸ਼ਾਦ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਜਵਾਹਰ ਲਾਲ ਨਹਿਰੂ ਨੇ ਸਭਾ ਦਾ ਬੁਨਿਆਦੀ ਮਤਾ ਪੇਸ਼ ਕੀਤਾ, ਜਿਸ ਵਿਚ ਦੋ ਇਕਰਾਰ ਕੀਤੇ ਗਏ ਸਨ, ਇਕ ਤਾਂ ਇਹ ਕਿ ਘੱਟ-ਗਿਣਤੀਆਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾਣਗੇ ਅਤੇ ਦੂਸਰਾ ਇਹ ਕਿ ਆਜ਼ਾਦ ਭਾਰਤ ਦਾ ਸੰਵਿਧਾਨ ਸਹੀ ਅਰਥਾਂ ਵਿਚ ਸੰਘੀ (ਫ਼ੈਡਰਲ) ਹੋਵੇਗਾ, ਜਿਸ ਵਿਚ ਮਹਿਕਮਿਆਂ ਦੀ ਵੰਡ ਕਬੀਨਾ-ਦੂਤਾਂ ਦੇ ਬਿਆਨ ਅਨੁਸਾਰ ਹੋਵੇਗੀ। ਪਹਿਲੇ ਵਾਅਦੇ ਦਾ ਕੀ ਬਣਿਆ ਇਹ ਜਾਣਨ ਲਈ ਅਸੀਂ ਸਿਰਦਾਰ ਕਪੂਰ ਸਿੰਘ ਦਾ ਪਾਰਲੀਮੈਂਟ ਵਿਚ ਦਿੱਤਾ ਭਾਸ਼ਣ ਪੜ੍ਹ ਸਕਦੇ ਹਾਂ ਅਤੇ ਦੂਜੇ ਵਾਅਦੇ ਬਾਰੇ ਜਾਂ ਸਥਿਤੀ ਹੋਰ ਵੀ ਪ੍ਰਤੱਖ ਹੈ।

ਏਵੇਂ ਹੀ ਗੌਰਮਿੰਟ ਔਵ ਇੰਡੀਆ ਐਕਟ 2 ਅਗਸਤ, 1935 ਵਿਚ, ਭਾਰਤ ਨੂੰ ਇਕ ਸੰਘੀ ਰਾਜ ਤਸੱਵਰ ਕੀਤਾ ਗਿਆ ਸੀ ਅਤੇ ਏਹੋ ਸੰਘੀ ਆਧਾਰ ਆਜ਼ਾਦ ਭਾਰਤ ਦੇ ਸੰਵਿਧਾਨ ਦੇ 'ਦਾ ਇੰਡੀਅਨ ਇੰਡੀਪੈਂਡੈਂਸ ਐਕਟ 18 ਜੁਲਾਈ, 1947' ਵਿਚ ਪ੍ਰਵਾਨ ਕੀਤਾ ਗਿਆ ਸੀ। ਇਹੋ ਜਿਹੇ ਵਾਅਦੇ ਹੋਣ ਕਾਰਣ ਹੀ 27 ਜੂਨ, 1947 ਨੂੰ ਸਿੱਖਾਂ

ਨੇ ਪੰਜਾਬ ਦੇ ਗ਼ੈਰ-ਮੁਸਲਿਮ ਹਿੱਸੇ ਨੂੰ ਭਾਰਤ ਵਿਚ ਸ਼ਾਮਿਲ ਕਰਨ ਲਈ ਹਿੰਦੂਆਂ ਨਾਲ ਮਿਲ ਕੇ ਆਪਣਾ ਮੱਤ ਦਿੱਤਾ। ਅਨੰਦਪੁਰ ਸਾਹਿਬ ਦੇ ਮਤੇ ਦੀ ਇਹ ਮੱਦ ਅਜਿਹੇ ਗੰਭੀਰ ਵਾਅਦਿਆਂ ਕਾਨੂੰਨਾਂ ਦੀ ਯਾਦ ਕਰਵਾਉਂਦੀ ਹੈ। ਵੇਖੋ ਜ਼ਮਾਨੇ ਦੇ ਰੰਗ ਕਿ ਇਹ ਤੱਥ ਚਿਤਾਰਨ ਵਾਲਾ ਭੀ ਹੁਣ ਗ਼ਦਾਰ ਗਿਣਿਆ ਜਾਂਦਾ ਹੈ।

ਅਨੰਦਪੁਰ ਸਾਹਿਬ ਦੇ ਮਤੇ ਨੂੰ ਸਭ ਤੋਂ ਵੱਧ ਅੱਤਵਾਦੀ ਕਹਿ ਕੇ ਹੀ ਭੰਡਿਆ ਜਾਂਦਾ ਹੈ। ਸੱਚਾਈ ਇਹ ਹੈ ਕਿ ਤਿੰਨੋਂ ਦੇ ਤਿੰਨੋਂ ਅਨੰਦਪੁਰੀ ਮਤੇ ਜੇ ਦ੍ਰਿੜ੍ਹਤਾ ਨਾਲ ਇਕ ਜ਼ੁਬਾਨ ਹਨ ਤਾਂ ਕੇਵਲ ਭਾਰਤ ਦੇ ਏਕੇ ਦੇ ਸੰਕਲਪ ਉੱਤੇ। ਤਿੰਨੋਂ ਮਤੇ ਪੰਜਾਬ ਨੂੰ ਹਿੰਦੁਸਤਾਨ ਦਾ ਅਨਿਖੜਵਾਂ ਅੰਗ ਸਪੱਸ਼ਟ ਸ਼ਬਦਾਂ ਵਿਚ ਤਸੱਵਰ ਕਰਦੇ ਹਨ। ਪਰ ਵਾਅਦਾਸ਼ਿਕਨ ਸ਼ਾਇਦ ਜ਼ਲਾਲਤ ਵਿਚ ਦੜ ਵੱਟ ਕੇ ਦਿਨ ਕੱਟਣ ਵਾਲੇ ਉੱਤੇ ਵੀ ਝੂਠੇ ਹੋਣ ਦਾ ਇਲਜ਼ਾਮ ਬੇਖਟਕੇ ਲਾ ਸਕਦੇ ਹਨ।

ਦੂਸਰੇ ਦੋਨੋਂ ਮਤਿਆਂ ਵਿਚ ਤਾਂ ਖ਼ੁਦ-ਮੁਖ਼ਤਿਆਰੀ ਦੇ ਅਧਿਕਾਰ ਕੇਵਲ ਪੰਜਾਬ ਲਈ ਹੀ ਮੰਗੇ ਗਏ, ਕੇਵਲ ਪਾਲਿਸੀ ਪ੍ਰੋਗਰਾਮ ਹੀ ਬਾਕੀ ਸਾਰੇ ਸੂਬਿਆਂ ਲਈ ਵੱਧ ਅਧਿਕਾਰ ਮੰਗਦਾ ਹੈ। ਏਸ ਪ੍ਰੋਗਰਾਮ ਵਿਚ ਦੋ ਮੱਦਾਂ ਹਨ। ਰਾਜਸੀ ਨਿਸ਼ਾਨੇ ਅਧੀਨ ਮੱਦ ਤਾਂ ਸਪੱਸ਼ਟ ਹੀ ਹੈ, ਪਰੰਤੂ ਮੱਦ (ਅ) ਦੀ ਸ਼ਬਦਾਵਲੀ ਨੂੰ ਗਹੁ ਨਾਲ ਵਿਚਾਰਨ ਦੀ ਲੋੜ ਹੈ। ਇਹ ਸ਼ਬਦ ਹਨ, "ਇਸ ਨਵੇਂ ਪੰਜਾਬ ਤੇ ਦੇਸ਼ ਅਤੇ ਹੋਰ ਸੂਬਿਆਂ ਵਿਚ ਕੇਂਦਰ ਦਾ ਦਖ਼ਲ ਕੇਵਲ ਦੇਸ਼ ਦੇ ਡੀਫ਼ੈਂਸ, ਪ੍ਰਦੇਸੀ ਮਾਮਲਿਆਂ, ਤਾਰ, ਡਾਕ ਤੇ ਰੇਲਵੇ ਕਰੰਸੀ ਦੇ ਮਹਿਕਮਿਆਂ ਤੀਕ ਸੀਮਿਤ ਹੋਵੇ ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿਚ ਹੋਣ। ਇਹਨਾਂ ਦੇ ਪ੍ਰਬੰਧ ਲਈ ਪੰਜਾਬ ਨੂੰ ਆਪਣਾ ਆਈਨ ਆਪ ਬਣਾਉਣ ਦਾ ਪੂਰਨ ਅਧਿਕਾਰ ਹੋਵੇ।" ਵਾਕ ਬਣਤਰ ਦੇ ਹਿਸਾਬ ਨਾਲ ਉਤਲੇ ਵਾਕ ਵਿਚ ਤੇ ਦੇਸ਼ ਅਤੇ ਹੋਰ ਸੂਬਿਆਂ ਦੇ ਲਫ਼ਜ਼ ਬੇਲੋੜੇ ਹਨ, ਵਾਧੂ ਹਨ ਅਤੇ ਵਾਕ ਦੇ ਅੰਤਲੇ ਹਿੱਸੇ ਨਾਲ ਮੇਲ ਨਹੀਂ ਖਾਂਦੇ। ਸ਼ਾਇਦ ਇਹ ਕੇਵਲ ਟਾਈਪ ਦੀ ਗ਼ਲਤੀ ਹੈ, ਜਿਸ ਨੂੰ ਅਜੇ ਤਕ ਸੋਧਿਆ ਨਹੀਂ ਗਿਆ। ਪਰੰਤੂ ਇਹਨਾਂ ਸ਼ਬਦਾਂ ਦਾ ਮੌਜੂਦ ਹੋਣਾ ਦੱਸਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਤਾਂ ਬਾਕੀ ਹਿੰਦੁਸਤਾਨੀਆਂ ਨੂੰ ਸੰਤੁਸ਼ਟ ਕਰਨ ਹਿੱਤ ਵਿਆਕਰਣ ਦੀ ਟੰਗ ਤੋੜਨ ਤਕ ਵੀ ਗਿਆ, ਪਰੰਤੂ ਬਾਕੀਆਂ ਨੇ ਬਾਜ਼ੀਗਰ ਵਾਂਗੂ ਇੱਕੋ 'ਕੋ ਮਾਨੂੰ ਨਾ' ਦੀ ਰੱਟ ਲਾਈ ਹੋਈ ਹੈ।

ਹੁਣ ਤਕ ਅਸੀਂ ਅਨੰਦਪੁਰ ਸਾਹਿਬ ਦੇ ਪੂਰੇ ਮਤੇ ਉੱਤੇ ਸਵਿਸਤਾਰ ਵਿਚਾਰ ਕਰ ਚੁੱਕੇ ਹਾਂ। ਬਾਕੀ ਦੇ 'ਪਾਲਿਸੀ ਪ੍ਰੋਗਰਾਮ' ਬਾਰੇ ਨਾ ਕੋਈ ਮਤਭੇਦ ਹੈ ਅਤੇ ਨਾ ਹੀ ਉਹ ਮਤੇ ਪੱਖੋਂ ਏਨਾ ਮਹੱਤਵਪੂਰਨ ਹੈ। ਓਸ ਤਰ੍ਹਾਂ ਬਾਕੀ ਹਿੱਸੇ ਬਾਰੇ ਵੀ ਕਾਫ਼ੀ ਦਿਲਚਸਪ ਵਿਚਾਰ ਹੋ ਸਕਦੀ ਹੈ। ਉਦਾਹਰਣ ਦੇ ਤੌਰ ਉੱਤੇ 'ਨਵਾਂ ਪਾਲਿਸੀ ਪ੍ਰੋਗਰਾਮ' ਦੇ ਸ਼ਬਦ 'ਨਵਾਂ' ਨੂੰ ਵਿਚਾਰਨਾ ਹੀ ਕਾਫ਼ੀ ਰਹੇਗਾ। 'ਮਨੋਰਥ' ਅਧੀਨ ਆਉਂਦੇ ਕਰੀਬ ਸਾਰੇ ਹੀ ਮੱਦ ਸ਼੍ਰੋਮਣੀ ਅਕਾਲੀ ਦਲ ਦੇ ਕੇਵਲ ਪੁਰਾਣੇ ਚੋਣ-ਮੈਨੀਫ਼ੈਸਟੋ ਸਰਸਰੀ ਨਜ਼ਰ ਨਾਲ ਵੇਖਿਆਂ ਹੀ ਇੰਨ-ਬਿੰਨ ਏਵੇਂ ਲੱਭੇ ਜਾਂਦੇ ਹਨ। ਰਾਜਸੀ ਨਿਸ਼ਾਨੇ ਅਧੀਨ ਮੱਦ 1 (ਅ) ਵਿਚ ਅੰਕਿਤ ਕੀਤਾ ਸਿਧਾਂਤ ਕਿ ਟੈਕਸ ਨੁਮਾਇੰਦਗੀ ਦੇ ਹਿਸਾਬ ਨਾਲ ਲਾਇਆ ਜਾਵੇ, ਕਮ-ਅਜ਼-ਕਮ ਸਾਢੇ ਤਿੰਨ ਸੌ ਸਾਲ ਪੁਰਾਣਾ ਹੈ ਅਤੇ ਅਮਰੀਕਾ ਦੀ ਲੜਾਈ ਵਿਚ ਵਰਤਿਆ ਜਾ ਚੁੱਕਾ ਹੈ। ਭਾਰਤ ਵਿਚ ਸੰਘਵਾਦ ਦੇ ਸੰਕਲਪ ਬਾਰੇ ਤਾਂ ਵੇਖ ਹੀ ਚੁੱਕੇ ਹਾਂ ਕਿ ਸੰਨ 1935 ਦੇ ਵਿਧਾਨ ਵਿਚ ਵੀ ਇਹ ਮੌਜੂਦ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰੋਗਰਾਮ ਦਾ ਇਕ ਪੱਖ ਅਤਿਅੰਤ ਅਧੂਰਾ ਹੈ। ਖ਼ੁਦ-ਮੁਖ਼ਤਿਆਰੀ ਦੇ ਸਿੱਖਾਂ ਦੇ ਹੱਕ ਦੀ ਅਗਵਾਈ ਕਰਨੀ ਚਾਹੀਦੀ ਹੈ, ਨਹੀਂ ਤਾਂ, ਹੋਰ ਕਮੀਆਂ ਨੂੰ ਛੱਡ ਕੇ, ਮਤੇ ਦਾ ਸੰਕਲਪ ਅਕਾਲੀ ਦਲ ਨੂੰ ਬੇਲੋੜੀਆਂ ਉਲਝਣਾਂ ਵਿਚ ਪਾ ਸਕਦਾ ਹੈ। ਹੁਣ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਮੋਰਚਾ ਲਾਇਆ ਹੋਇਆ ਹੈ, ਕੱਲ੍ਹ ਨੂੰ ਕੇਂਦਰੀ ਸਰਕਾਰ ਪੰਜਾਬ ਨੂੰ ਸਾਰੇ ਮੰਗੇ ਗਏ ਅਧਿਕਾਰ ਦੇਣਾ ਮੰਨ ਲਵੇ ਤਾਂ ਕੀ ਬਾਕੀ ਸੂਬਿਆਂ ਨੂੰ ਉਹੋ ਅਧਿਕਾਰ ਦਿਵਾਉਣ ਲਈ ਮੋਰਚਾ ਜਾਰੀ ਰਹੇਗਾ ? ਜੇ ਮੋਰਚਾ ਵਾਪਸ ਲੈ ਲਿਆ ਜਾਵੇ ਤਾਂ ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਵਾਉਣ ਦੇ ਸੰਕਲਪ ਦਾ ਕੀ ਬਣੇਗਾ ? ਏਸ ਦੀ ਲੋੜ ਹੈ ਸਿਰਦਾਰ ਕਪੂਰ ਸਿੰਘ ਵਾਲੇ ਛੋਟੇ, ਸਪੱਸ਼ਟ ਅਤੇ ਤਰਕਯੁਕਤ ਮਤੇ ਨੂੰ ਅਪਨਾ ਲੈਣ ਦੀ।

ਏਸ ਮਤੇ ਦਾ ਆਖ਼ਰੀ ਪੈਰਾ ਵੀ ਬਹੁਤ ਮਹੱਤਵਪੂਰਨ ਹੈ। ਏਸ ਵਿਚ ਦੋ ਜਹਾਨ ਦੇ ਮਾਲਕ ਹਜ਼ੂਰ ਸੱਚੇ ਪਾਤਿਸ਼ਾਹ ਨੀਲੇ ਘੋੜੇ ਦੇ ਅਸਵਾਰ, ਇਤਿਹਾਸ ਦੇ ਰੱਬ ਤੋਂ, ਗੁਰੂ ਪਰਮੇਸ਼ਰ ਤੋਂ ਜਾਚਨਾ ਕੀਤੀ ਗਈ ਹੈ ਕਿ ਉਹ ਅਪਾਰ ਕਿਰਪਾ ਕਰਕੇ ਆਪਣਾ ਬਿਰਦ ਪਛਾਣਨ ਅਤੇ ਖ਼ਾਲਸਾ ਪੰਥ ਦੇ ਏਸ ਮਤੇ ਦੀ ਪ੍ਰਾਪਤੀ ਦੀ ਮੁਹਿੰਮ ਵਿਚ ਸਹਾਈ ਹੋਣ।

ਅੰਤ ਵਿਚ ਅਨੰਦਪੁਰ ਸਾਹਿਬ ਦੇ ਮਤੇ ਦੀ ਅਹਿਮੀਅਤ ਸੰਬੰਧੀ ਵੀ ਦੋ ਸ਼ਬਦ ਕਹਿਣੇ ਹੋਣਗੇ। ਇਹਨਾਂ ਤੋਂ ਇਹ ਵੀ ਪ੍ਰਗਟ ਹੋ ਜਾਵੇਗਾ ਕਿ ਏਸ ਦੀ ਅਣਹੋਂਦ ਕਿਵੇਂ ਪੰਥ ਨੂੰ ਖੇਰੂੰ ਖੇਰੂੰ ਕਰ ਸਕਦੀ ਹੈ। ਏਸ ਵਿਚ ਸ਼ੱਕ ਨਹੀਂ ਕਿ ਸਿਖ ਸੰਨ 1947 ਤੋਂ ਬਾਅਦ ਵੀ ਗ਼ੁਲਾਮ ਹਨ, ਕੇਵਲ ਗੋਰਿਆਂ ਦੀ ਥਾਂ ਹੁਣ ਕਾਲੇ ਮਾਲਕ ਹਨ। ਤਾਹੀਏਂ ਤਾਂ ਇਹਨਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੰਦੀਆਂ ਸਰਕਾਰੀ ਚਿੱਠੀਆਂ ਅਕਤੂਬਰ 1947 ਵਿਚ ਸਰਕਾਰ ਨੇ ਜਾਰੀ ਕਰ ਦਿੱਤੀਆਂ ਸਨ। ਓਦੋਂ ਤੋਂ ਲੈ ਕੇ ਅੱਜ ਤਕ ਉੱਚਤਮ ਬੁੱਧੀ ਵਾਲਾ ਸਿਖ ਮਾਮੂਲੀ ਤੋਂ ਮਾਮੂਲੀ ਅਹੁਦੇ ਉੱਤੇ ਵੀ ਅਸੁਰੱਖਿਅਤ ਹੈ, ਜਦੋਂ ਤਕ ਕਿ ਉਹ ਮੌਕੇ ਦੇ ਹਾਕਮ ਹਿੰਦੂ ਨੂੰ ਆਪਣੀ ਸਿਖ ਰਹੁ-ਰੀਤ ਨੂੰ ਮੁਕੰਮਲ ਤੌਰ ਉੱਤੇ ਤਿਆਗਣ ਦਾ ਭਰੋਸਾ ਨਾ ਕਰਵਾ ਦੇਵੇ। ਸਿਖ ਚਪੜਾਸੀ, ਸਿਪਾਹੀ ਜਾਂ ਕਲਰਕ ਉਦੋਂ ਤਕ ਪ੍ਰਵਾਨ ਨਹੀਂ ਚੜ੍ਹਦਾ, ਜਦੋਂ ਤਕ ਉਹ ਕਮ-ਅਜ਼-ਕਮ ਹਿੰਦੂ ਅਫ਼ਸਰ ਨੂੰ ਸਿਗਰਟਾਂ ਲਿਆ ਕੇ ਨਾ ਦੇਵੇ। ਕੁਰਹਿਤਾਂ ਕਰਕੇ ਤਰੱਕੀ ਪ੍ਰਾਪਤ ਕਰਨ ਵਾਲੇ ਅਫ਼ਸਰਾਂ ਦੀਆਂ ਕਹਾਣੀਆਂ ਤਾਂ ਹੁਣ ਆਮ ਹੋ ਗਈਆਂ ਹਨ। ਮੁਕਾਬਲੇ ਵਿਚ ਸਿੱਖੀ ਰਹੁ-ਰੀਤ ਦੇ ਧਾਰਨੀ ਅਫ਼ਸਰਾਂ ਲਈ ਕਿਤੇ ਵੀ ਢੋਈ ਨਹੀਂ। ਏਸ ਮੌਜੂਦਾ ਦੌਰ ਵਿਚ ਹੀ ਸੈਂਕੜੇ ਅੰਮ੍ਰਿਤਧਾਰੀ ਅਫ਼ਸਰਾਂ ਨੂੰ ਖ਼ੁਆਰ ਕੀਤਾ ਗਿਆ ਹੈ। ਸਰਦਾਰ ਸਿਮਰਨਜੀਤ ਸਿੰਘ ਵਰਗੇ ਆਈ.ਪੀ.ਐੱਸ. ਅਫ਼ਸਰ ਦਾ ਬੰਬਈ ਧੱਕਿਆ ਜਾਣਾ ਜਾਂ ਖ਼ਾਲਸੇ ਦੀ ਦੋਨਾਂ ਜਹਾਨਾਂ ਵਿਚ ਸਰਦਾਰੀ ਚਾਹੁਣ ਵਾਲੇ ਇਹਨਾਂ ਸਤਰਾਂ ਦੇ ਲਿਖਾਰੀ ਨੂੰ ਆਈ.ਏ.ਐੱਸ. ਤੋਂ ਅਸਤੀਫ਼ਾ ਦੇਣ ਵਾਸਤੇ ਮਜਬੂਰ ਕਰਨਾ ਤਾਂ ਕੇਵਲ ਬਰਫ਼ ਦੇ ਤਰਦੇ ਪਹਾੜ ਦਾ ਉਤਲਾ ਸਿਰਾ ਹੀ ਹੈ। ਸਿੱਖੀ ਦਾ ਮੁੱਢਲਾ ਅਸੂਲ ਕਿ ਖ਼ਾਲਸਾ ਦੋਨਾਂ ਜਹਾਨਾਂ ਵਿਚ ਸਰਬ ਸਮਰੱਥ ਹੈ ਅਤੇ ਰਾਜ ਕਰਨ ਦਾ ਜਨਮ ਤੋਂ ਹੀ ਅਧਿਕਾਰੀ ਹੈ। ਪਰੰਤੂ ਕਦੀ ਇਹ ਨਿਸ਼ਚਾ ਦ੍ਰਿੜ੍ਹਾ ਕੇ ਤਾਂ ਵੇਖੋ ! ਅੱਜ ਹਰੇਕ ਹਿੰਦੂ ਦਾ ਫ਼ੁਰਮਾਨ ਹੈ ਕਿ ਗੁੜ ਨੂੰ ਰੋੜੀ ਕਿਹਾ ਜਾਵੇ।

ਇਹੋ ਕੁਝ ਸਿਆਸੀ ਪੱਧਰ ਉੱਤੇ ਵਾਪਰ ਰਿਹਾ ਹੈ। ਨਿਗੂਣੀ ਯੂਥ ਕਾਂਗਰਸ ਦੇ ਨਿਮਾਣੇ ਅਹੁਦੇ ਤੋਂ ਲੈ ਕੇ ਰਾਸ਼ਟਰਪਤੀ ਦੇ ਪਦ ਤਕ ਪਹੁੰਚਣ ਲਈ ਸਿਖ ਨੂੰ ਮਰ ਮਰ

ਕੇ ਜਿਊਣਾ ਪੈਂਦਾ ਹੈ ਅਤੇ ਸਿਖੀ ਤਜਣ ਦਾ ਵਿਸ਼ਵਾਸ ਮੁੜ ਮੁੜ ਕੇ ਦਿਵਾਉਣਾ ਪੈਂਦਾ ਹੈ।

ਸਿਖ ਧਰਮ ਦੇ ਪ੍ਰਚਾਰਕ ਰਹਿ ਚੁੱਕੇ, ਕਾਂਗਰਸ ਵਿਚ ਸ਼ਾਮਿਲ ਹੋਏ, ਉੱਚੇ ਤੋਂ ਉੱਚੇ ਅਹੁਦੇ ਤਕ ਪਹੁੰਚਣ ਅਤੇ ਮਹਾਨ ਸਰਕਾਰੀ ਰੁਤਬੇ ਪ੍ਰਾਪਤ ਕਰਨ ਵਾਲੇ ਸਿਖ ਨੂੰ ਵੀ ਆਪਣੀਆਂ ਧੀਆਂ ਦੇ ਰਿਸ਼ਤੇ ਕਿਸੇ ਪਤਿਤ ਨਾਲ ਪ੍ਰਮੁਖ ਕਾਂਗਰਸੀ ਹਿੰਦੂ ਨੇਤਾਵਾਂ ਦੀ ਹਾਜ਼ਰੀ ਵਿਚ ਕਰਨੇ ਪੈਂਦੇ ਹਨ, ਤਾਂ ਜੋ ਉਹ ਐਸੇ 'ਸਿਖ' ਦੀ ਸਿਖ ਨਾ ਹੋਣ ਦੀ ਗਵਾਹੀ ਦੇ ਸਕਣ ਅਤੇ ਹੋਰ ਕਈ ਤਰ੍ਹਾਂ ਦੇ ਛੜਯੰਤਰ ਰਚਾਉਣੇ ਪੈਂਦੇ ਹਨ, ਜਿਸ ਦੇ ਫਲਸਰੂਪ ਸਿੱਖਾਂ ਦਾ ਕੌਮੀ ਜਜ਼ਬਾ ਤਹਿਸ-ਨਹਿਸ ਹੋ ਜਾਵੇ ਅਤੇ ਸਿਖ, ਗੁਰੂ ਸਾਹਿਬਾਨ ਦੇ ਸੰਦੇਸ਼ਾਂ ਤੋਂ ਅਵੇਸਲੇ ਹੋ ਕੇ ਹਿੰਦੂ ਧਰਮ ਦੇ ਖਾਰੇ ਸਾਗਰ ਵਿਚ ਗ਼ਰਕ ਹੋ ਜਾਣ ਅਤੇ ਆਪਣੀ ਪਛਾਣ ਭੁੱਲ ਜਾਣ।

ਕਿਸੇ ਵੇਲੇ ਸਿਖ ਹੋਮਲੈਂਡ ਦੇ ਹਾਮੀ ਰਹਿ ਚੁੱਕੇ ਪੰਥਕ ਨੇਤਾ ਦੇ ਸਪੁੱਤਰ ਆਪਣੇ ਆਪ ਨੂੰ ਪਤਿਤ ਕਰ ਕੇ ਕਾਂਗਰਸ ਵਿਚ ਸ਼ਾਮਿਲ ਹੋਣ ਦੀ ਪਹਿਲੀ ਸ਼ਰਤ ਪੂਰੀ ਕਰਕੇ, ਕਿਸੇ ਅਹੁਦੇ ਉੱਤੇ ਪਹੁੰਚਣ ਲਈ ਕਈ ਹੋਰ ਸਿੱਖੀ ਅਤੇ ਸਿੱਖਾਂ ਲਈ ਘਾਤਕ ਖ਼ੁਨਾਮੀਆਂ ਕਰਨ ਦਾ ਯਕੀਨ ਦੁਆਉਂਦੇ ਹਨ ਅਤੇ ਜੇ ਉਹ ਅਜਿਹਾ ਨਾ ਕਰਨ ਅਤੇ ਕਦੀ ਕਦੀ ਸਿੱਖੀ ਦਾ ਮੋਹ ਉਨ੍ਹਾਂ ਦੇ ਸਿਰ ਚੜ੍ਹ ਕੇ ਬੋਲ ਪਵੇ ਤਾਂ ਉਹਨਾਂ ਨੂੰ ਬਹੁਤ ਹੀ ਨਿਗੂਣੇ ਜਿਹੇ ਅਹੁਦਿਆਂ 'ਤੇ ਰਹਿ ਕੇ ਗੁਜ਼ਾਰਾ ਕਰਨਾ ਪੈਂਦਾ ਹੈ।

ਜਦੋਂ ਤਕ ਸਿਖ ਖ਼ੁਦ-ਮੁਖ਼ਤਿਆਰ ਨਹੀਂ ਹੋ ਜਾਂਦੇ, ਉਦੋਂ ਤਕ ਪੰਥ ਦੀ ਹਾਨੀ ਕਰਨ ਵਾਲੇ ਗ਼ਦਾਰਾਂ ਨੂੰ ਸਰਕਾਰਾਂ ਨਿਵਾਜਦੀਆਂ ਰਹਿਣਗੀਆਂ ਅਤੇ ਸ਼ੁਧ ਆਤਮਾ ਮਨੁੱਖ, ਸੱਚੇ ਪਾਤਿਸ਼ਾਹਾਂ ਦੇ ਵਚਨਾਂ ਉੱਤੇ ਡੱਟ ਕੇ ਪਹਿਰਾ ਦੇਣ ਵਾਲੇ ਸਿਖ ਏਵੇਂ ਘੱਟੇ ਵਿਚ ਰੁਲਦੇ ਰਹਿਣਗੇ। ਅੰਮ੍ਰਿਤ ਛਕਾਉਣ ਵਾਲੇ ਪਰਉਪਕਾਰੀ ਸੰਤ ਜਰਨੈਲ ਸਿੰਘ ਖ਼ਾਲਸਾ ਵਰਗੇ ਸਾਧੂ ਮੁਜਰਿਮ ਅਖਵਾਉਂਦੇ ਰਹਿਣਗੇ ਅਤੇ ਕੌਮ ਨੂੰ ਕੌਡੀਆਂ ਦੇ ਭਾਅ ਵੇਚਣ ਵਾਲੇ ਗੁਪਾਲ ਸਿੰਘ ਵਰਗੇ ਕਬੀਨਾ ਦੇ ਵਜ਼ੀਰਾਂ ਦੇ ਅਹੁਦੇ ਮਾਣਦੇ ਰਹਿਣਗੇ। ਜਿਸ ਪੰਥ ਦੇ ਘਟੀਆ ਤੋਂ ਘਟੀਆ ਜ਼ਿਹਨੀਅਤ ਵਾਲੇ ਚਾਪਲੂਸ, ਬੂਟ-ਚੱਟ ਹੀ ਨਿਰੰਤਰ ਮਾਣ ਸਤਿਕਾਰ ਪਾਉਂਦੇ ਰਹਿਣਗੇ, ਉਹ ਪੰਥ ਪੰਜਾਬ ਦੇ ਸੱਤਵੇਂ ਦਰਿਆ ਸਰਸਵਤੀ ਵਾਂਗ ਧਰਤੀ ਹੇਠਾਂ, ਭਾਵ ਕਿਤਾਬਾਂ ਦੇ ਪੰਨਿਆਂ ਵਿਚ ਹੀ ਵਗ ਸਕਦਾ ਹੈ। ਫਿਰ ਏਸ ਧਰਤੀ ਉੱਤੋਂ ਇਸ ਪੰਥ ਦੇ ਨਿਸ਼ਾਨ ਸਦਾ ਲਈ ਅਲੋਪ ਹੋ ਜਾਣਗੇ। ਐਵੇਂ ਤਾਂ ਨਹੀਂ ਸੀ ਸੱਚੇ ਪਾਤਿਸ਼ਾਹ ਨੇ ਫ਼ੁਰਮਾਇਆ :

ਰਾਜ ਬਿਨਾ ਨਹਿ ਧਰਮ ਚਲੈ ਹੈਂ॥
ਧਰਮ ਬਿਨਾ ਸਭ ਦਲੈ ਮਲੈ ਹੈਂ॥

•

ਅੰਧਾ ਸਚਾ ਅੰਧੀ ਸਟ*

ਸਿੱਖਾਂ ਨੂੰ ਸਦਾ ਗਿਲਾ ਰਿਹਾ ਹੈ ਕਿ ਰਾਜਸੀ ਸ਼ਕਤੀ ਦੇ ਬਲ ਬੋਤੇ, ਸਿਖ ਸਭਿਆਚਾਰ ਅਤੇ ਕਦਰਾਂ-ਕੀਮਤਾਂ ਨੂੰ ਭ੍ਰਸ਼ਟ ਕਰਨ ਹਿਤ, ਕੋਈ ਨਾ ਕੋਈ ਕੁਚੇਸ਼ਟਾ ਨਿੱਤ ਨਵੇਂ ਸੂਰਜ ਆਜ਼ਾਦ ਹਿੰਦੁਸਤਾਨ ਵਿਚ ਹੁੰਦੀ ਰਹਿੰਦੀ ਹੈ। ਅਜਿਹੀ ਜ਼ਹਿਰ ਨੂੰ ਸਦਾ ਹੀ 'ਲਿਖਣ ਬੋਲਣ ਦੀ ਆਜ਼ਾਦੀ', 'ਨਿਰਪੱਖ ਖੋਜ', 'ਸਾਹਿਤਕ ਮੁਲਾਂਕਣ' ਆਦਿ ਦੀਆਂ ਪੁੜੀਆਂ ਵਿਚ ਬੰਨ੍ਹ ਸ਼ਿੰਗਾਰ ਕੇ ਪੇਸ਼ ਕੀਤਾ ਜਾਂਦਾ ਹੈ, ਤਾਂਕਿ ਕਿਲ੍ਹੇਬੰਦ ਹੋ ਕੇ ਸਿੱਖੀ ਉੱਤੇ ਭਰਪੂਰ ਅਤੇ ਮਾਰੂ ਵਾਰ ਕੀਤੇ ਜਾ ਸਕਣ। ਕੋਸ਼ਿਸ਼ ਇਹ ਕੀਤੀ ਜਾਂਦੀ ਹੈ ਕਿ ਕਿਵੇਂ ਨਾ ਕਿਵੇਂ ਵਾਰ ਕਰਨ ਵੇਲੇ ਖ਼ੁਦ ਸਿਖ ਹੋਣ ਦਾ ਪੈਂਤੜਾ ਵੀ ਬਚਾਅ ਲਈ ਵਰਤਿਆ ਜਾ ਸਕੇ। ਪਿਛਲੇ ਦੋ ਚਾਰ ਕੁ ਸਾਲਾਂ ਵਿਚ ਜਿੰਨੇ ਸਿਖ ਸਭਿਆਚਾਰ ਉੱਤੇ ਹਮਲੇ ਹੋਏ ਹਨ, ਸਾਰਿਆਂ ਦਾ ਮੁੱਖ ਯਤਨ ਸਿਖ ਸਿਧਾਂਤਾਂ ਬਾਰੇ ਗ਼ਲਤ-ਫ਼ਹਿਮੀਆਂ ਪੈਦਾ ਕਰ ਕੇ ਉਹਨਾਂ ਦੀ ਸਾਰਥਕਤਾ ਨੂੰ ਖੋਹ ਲੈਣ ਦਾ ਰਿਹਾ ਹੈ। ਅਜਿਹੀ ਹਾਲਤ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੱਦੀ ਬੁੱਧੀਜੀਵੀ ਕਾਨਫ਼ਰੰਸ ਵਿਚ ਇਹ ਮਤਾ ਪਕਾਇਆ ਗਿਆ ਸੀ... "ਇਕੱਤਰਤਾ...ਗੰਭੀਰ ਚਿੰਤਾ ਪ੍ਰਗਟਾਉਂਦੀ ਹੈ ਕਿ...ਗਿਣੀ ਮਿੱਥੀ ਸਾਜ਼ਿਸ਼ ਅਧੀਨ ਫ਼ਿਰਕੂ ਜੁੰਡਲੀ ਸਿਖ ਕਦਰਾਂ ਨੂੰ ਛੁਟਿਆ ਕੇ ਤੇ ਤੱਥਾਂ ਨੂੰ ਤੋੜ ਭੰਨ ਕੇ...ਸਿੱਖਾਂ ਨੂੰ ਜਜ਼ਬ ਕਰ ਕੇ ਸਿਖ ਪੰਥ ਦੀ ਵੱਖਰੀ ਹੋਂਦ ਨੂੰ ਖ਼ਤਮ ਕਰਨਾ ਚਾਹੁੰਦੀ ਹੈ...।"

ਹਾਲ ਵਿਚ ਹੀ ਦਿੱਲੀ ਦੇ ਇਕ ਅੰਗਰੇਜ਼ੀ ਅਖ਼ਬਾਰ ਦੇ ਨਾਮਾਨਿਗਾਰ ਰਾਜ ਗਿੱਲ ਨੇ ਉਪਰੋਕਤ ਪਿਰਤ ਨੂੰ ਆਪਣੀ 1983 ਵਿਚ ਛਪੀ ਪੁਸਤਕ *ਦੇਗ ਤੇਗ* ਰਾਹੀਂ ਅਗਾਂਹ ਤੋਰਨ ਦਾ ਯਤਨ ਕੀਤਾ ਹੈ। ਇਸ ਕਿਤਾਬ ਨੂੰ 'ਨਾਵਲ' ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ, ਹਾਲਾਂਕਿ ਇਹ ਕੇਵਲ ਅਤੇ ਕੇਵਲ ਇਕ ਪ੍ਰਚਾਰ-ਚੀਥੜਾ ਹੈ। ਮੁੱਢੋਂ ਨਖਿਧ ਇਸ ਰਚਨਾ ਨੂੰ ਵੱਡੀ ਪੱਧਰ ਉੱਤੇ ਸਿੱਖਾਂ ਵਿਚ ਪ੍ਰਚਾਰਨ ਦੇ ਭਰਪੂਰ ਯਤਨ ਹੋ ਰਹੇ ਹਨ। ਇਸ ਕਿਤਾਬ ਦਾ ਅਖੌਤੀ 'ਸਾਹਿਤਕ ਮੁਲਾਂਕਣ' ਇਕ ਵਾਰੀ ਤਾਂ ਦਿੱਲੀ ਵਿਚ ਸਰਕਾਰ ਨਿਵਾਜ਼ ਪੰਜਾਬੀ ਲੇਖਕਾਂ ਦੀ ਸਭਾ ਵਿਚ ਕੀਤਾ ਜਾ ਚੁੱਕਾ ਹੈ ਅਤੇ 3 ਮਾਰਚ, 1984 ਨੂੰ ਫਿਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਭਾਈ ਵੀਰ ਸਿੰਘ ਵਿਭਾਗ ਵਿਚ ਕੀਤਾ ਗਿਆ ਹੈ।

ਰਾਜ ਗਿੱਲ ਦੀਆਂ ਪੰਜਾਬੀ ਵਿਚ ਲਿਖੀਆਂ ਕਹਾਣੀਆਂ ਆਦਿ ਪਿਛਲੇ ਕੁਝ ਕੁ ਸਾਲਾਂ ਤੋਂ ਗਾਹੇ-ਬਗਾਹੇ *ਪ੍ਰੇਰਨਾ* ਵਰਗੇ ਛੋਟੇ-ਮੋਟੇ ਰਸਾਲਿਆਂ ਵਿਚ ਛਾਪੀਆਂ ਗਈਆਂ

---

* ਸਿਖ ਸਿਧਾਂਤ ਵਿਚ ਗੰਧਲ ਅਤੇ ਖੋਟ ਪਾਉਣ ਦੀਆਂ ਕੁਝ ਲੇਖਕਾਂ ਦੀਆਂ ਕੁਚੇਸ਼ਟਾ ਭਰਪੂਰ ਕੋਸ਼ਿਸ਼ਾਂ ਦਾ ਮੂੰਹ ਤੋੜ ਜਵਾਬ ਇਸ ਲੇਖ ਵਿਚ ਦਿੱਤਾ ਗਿਆ ਹੈ, ਜੋ ਰਾਜ ਗਿੱਲ ਦੇ ਨਾਵਲ *ਦੇਗ ਤੇਗ* ਸੰਬੰਧਤ ਆਯੋਜਿਤ ਸੈਮੀਨਾਰ ਲਈ ਵਿਸ਼ੇਸ਼ ਤੌਰ 'ਤੇ ਲਿਖਿਆ ਗਿਆ। ਸਪਤਾਹਿਕ *ਪੰਜ ਪਾਣੀ* ਵਿਚ 1983 ਵਿਚ ਛਪਿਆ।

ਹਨ। ਇਹਨਾਂ ਰਚਨਾਵਾਂ ਦਾ ਖ਼ਾਸ ਪੱਖ ਇਹ ਹੈ ਕਿ ਇਹ ਸਾਹਿਤਕ ਪੱਧਰ ਤੋਂ ਬਹੁਤ ਨੀਵੀਆਂ, ਪੰਜਾਬੀ ਸਭਿਆਚਾਰ ਤੋਂ ਨਾਵਾਕਿਫ਼, ਸਿਖ ਕਦਰਾਂ-ਕੀਮਤਾਂ ਤੋਂ ਉੱਕਾ ਕੋਰੀਆਂ ਅਤੇ ਪੰਜਾਬੀ ਬੋਲੀ ਦੇ ਪੱਖੋਂ ਬੇਹੱਦ ਊਣੀਆਂ ਹੁੰਦੀਆਂ ਹਨ। ਇਹਨਾਂ ਦਾ ਸਿਧਾਂਤਕ ਪੱਖ ਵੀ ਨਿਰੋਲ ਨਿੱਗਰ, ਉਸਾਰੂ ਜਾਂ ਪ੍ਰਮਾਣਿਤ ਨਹੀਂ ਹੁੰਦਾ। ਪਾਠਕ ਦੇ ਮਨ ਵਿਚ ਰਹਿ ਰਹਿ ਕੇ ਸਵਾਲ ਉੱਠਦਾ ਹੈ ਕਿ ਇਹ ਲੇਖਕ ਪੰਜਾਬੀ ਸਾਹਿਤ ਜਗਤ ਵਿਚ ਥਾਂ ਬਣਾਉਣ ਲਈ ਏਨਾ ਤਰੱਦਦ ਕਿਉਂ ਕਰ ਰਿਹਾ ਹੈ ? ਹਾਲਾਂਕਿ ਪੰਜਾਬੀ ਸਾਹਿਤ ਜਗਤ ਨੂੰ ਦੇਣ ਲਈ ਏਸ ਕੋਲ ਕੁਝ ਵੀ ਨਹੀਂ। ਰਾਜ ਗਿੱਲ ਆਪ ਕਹਿੰਦਾ ਹੈ ਕਿ ਉਸ ਦੀ ਕਿਰਤ ਨੂੰ ਉਸ ਦੀ ਸ਼ਖ਼ਸੀਅਤ ਦੇ ਸੰਦਰਭ ਵਿਚ ਪੜਚੋਲਣਾ ਜ਼ਰੂਰੀ ਹੈ। ਇਸ ਲਈ ਵੀ ਇਹ ਦੱਸਣਾ ਜ਼ਰੂਰੀ ਹੈ ਕਿ ਜਿਵੇਂ ਉਸ ਦਾ ਨਾਂ 'ਸਿੰਘ' ਸ਼ਬਦ ਤੋਂ ਮਹਿਰੂਮ ਹੈ, ਉਵੇਂ ਸ਼ਕਲੋਂ ਸੂਰਤੋਂ ਵੀ ਉਹ ਸਿੱਖੀ ਦੇ ਪ੍ਰਵਾਣਤ, ਕੇਸਾਧਾਰੀ ਸਰੂਪ ਤੋਂ ਮੁਨਕਰ ਹੈ। ਸਿੱਖੀ ਪ੍ਰਤੀ ਇੰਨੀ ਘੱਟ ਸ਼ਰਧਾ ਰੱਖਦਿਆਂ ਕਿਉਂ ਉਹ ਬਾਰ ਬਾਰ ਸਿਖ ਸਿਧਾਂਤਾਂ ਉੱਤੇ ਟਿੱਪਣੀ ਕਰਨ ਲਈ ਬਜ਼ਿੱਦ ਹੈ ? ਇਸ ਦੀ ਸੋਝੀ ਓਸ ਦੀ 'ਪਾਲ ਪ੍ਰੀਤ ਪਬਲਿਸ਼ਰਜ਼, ਦਿੱਲੀ' ਵੱਲੋਂ ਛਪੀ ਹੱਥਲੀ ਕਿਤਾਬ ਨੂੰ ਪੜ੍ਹ ਕੇ ਸਹਿਜੇ ਹੀ ਹੋ ਜਾਂਦੀ ਹੈ।

ਹੁਣ ਇਸ ਪੁਸਤਕ ਦੇ ਸਮੁੱਚੇ ਸੰਦਰਭ ਨੂੰ ਸਮਝਣ ਦਾ ਯਤਨ ਕਰੀਏ।

240 ਸਫ਼ੇ ਦੇ ਇਸ ਪ੍ਰਚਾਰ-ਕਿਤਾਬਚੇ ਨੂੰ 'ਨਾਵਲ' ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ, ਹਾਲਾਂਕਿ ਏਸ ਨੂੰ ਸਾਹਿਤਕ ਪੱਖੋਂ ਵੀ ਨਾਵਲ ਨਹੀਂ ਸਿੱਧ ਕੀਤਾ ਜਾ ਸਕਦਾ।

ਭਾਸ਼ਾ ਪੱਖੋਂ ਇਹ ਪੁਸਤਕ ਕਿਸੇ ਪੰਜਾਬੀ ਤੋਂ ਉੱਕੇ ਨਾਵਾਕਿਫ਼ ਦੀ ਲਿਖੀ ਸਿੱਧ ਹੁੰਦੀ ਹੈ। ਛਾਪੇ ਦੀਆਂ ਗ਼ਲਤੀਆਂ ਤਾਂ ਹਨ ਹੀ, ਉਸ ਤੋਂ ਇਲਾਵਾ ਦਬਕੇ ਨੂੰ 'ਡੱਬਕਾ' (15), ਬਹਿਰੂਪੀਏ ਨੂੰ 'ਭਰੂਪੀਆ' (64), ਅਮਾਨਤ ਨੂੰ 'ਇਮਾਨਤ' (244), ਓਦਰਿਆ ਨੂੰ 'ਓਧਰਿਆ' (188), ਖ਼ੁਦਦਾਰ ਨੂੰ 'ਖ਼ੁਦਾਰ' (213), ਨਿੱਗਰ ਨੂੰ 'ਨਿੱਘਰ' (214) ਲਿਖਣਾ ਸ਼ਾਇਦ ਪੰਜਾਬੀ ਪੜ੍ਹਨ ਵਾਲਾ ਚੌਥੀ ਜਮਾਤ ਦਾ ਵਿਦਿਆਰਥੀ ਵੀ ਪ੍ਰਵਾਨ ਨਾ ਕਰ ਸਕੇ। ਰਾਜ ਗਿੱਲ ਆਪ ਵੀ ਕਹਿੰਦਾ ਸੀ ਕਿ ਉਸ ਨੂੰ ਪੰਜਾਬੀ ਵਿਚ ਲਿਖਣ ਲਈ ਪਹਿਲਾਂ ਅੰਗਰੇਜ਼ੀ ਵਿਚ ਲਿਖ ਕੇ ਫਿਰ ਉਰਦੂ ਵਿਚ ਉਲਥਾ ਕਰਨਾ ਪੈਂਦਾ ਹੈ। ਪੰਜਾਬ ਤੋਂ ਦੂਰ ਵੱਸਦਾ ਪੱਤਰਕਾਰ ਏਡੀ ਘਾਲਣਾ ਕਾਹਦੇ ਲਈ ਘਾਲ ਰਿਹਾ ਹੈ ?

ਜਿਵੇਂ ਪੰਜਾਬੀ ਸ਼ਬਦ-ਜੋੜ ਅਤੇ ਲਫ਼ਜ਼ਾਂ ਦੀ ਅਗਿਆਨਤਾ ਦੀ ਝਲਕ ਉਸ ਦੀ ਪੁਸਤਕ ਵਿੱਚੋਂ ਡੁਲ੍ਹ ਡੁਲ੍ਹ ਪੈਂਦੀ ਹੈ, ਇਵੇਂ ਹੀ ਪੰਜਾਬੀ ਮੁਹਾਵਰੇ ਦੀ ਉੱਕਾ ਨਾਵਾਕਫ਼ੀ ਵੀ ਕਪੜੇ ਪਾੜ ਪਾੜ ਨਿਰਜਿੰਦ ਅੱਖਾਂ ਨਾਲ ਝਾਕਦੀ ਸਪੱਸ਼ਟ ਨਜ਼ਰ ਆਉਂਦੀ ਹੈ। ਸਫ਼ਾ 9 ਉੱਤੇ ਕੀਤੀਆਂ ਵਿਲੱਖਣ ਅਰਦਾਸਾਂ ਇਸ ਪੁਸਤਕ ਦੀ ਦੇਣ ਹਨ ਅਤੇ ਇਵੇਂ ਹੀ ਗੁਰੂ ਰੂਪ ਸੰਗਤ ਨੂੰ ਸੰਬੋਧਨ ਕਰਨ ਦਾ ਤਰੀਕਾ, 'ਤੇ ਫੇਰ ਸੰਗਤੋ' (24), 'ਸੰਗਤੋ ਸੁਣੋ' (24), 'ਪਿਆਰੀ ਸੰਗਤੋ' (77 ਤੋਂ 198)। ਸਪੱਸ਼ਟ ਹੈ ਕਿ ਰਾਜ ਗਿੱਲ ਨੇ ਕਦੇ ਸਾਧ ਸੰਗਤ ਵਿਚ ਬੈਠ ਕੇ ਉਸ ਮਾਹੌਲ ਨੂੰ ਮਾਣਨ ਦੀ ਕੋਸ਼ਿਸ਼ ਨਹੀਂ ਕੀਤੀ, ਜਿਸ ਨੂੰ ਚਿਤਰਨ ਬਿਨਾਂ ਇਸ ਪੁਸਤਕ ਦੀ ਕਹਾਣੀ ਨੂੰ ਅਗਾਂਹ ਤੋਰਨਾ ਸੰਭਵ ਹੀ ਨਹੀਂ। ਏਸ ਦੇ ਪਾਤਰ 'ਹਵਾਈ ਜਹਾਜ਼ ਚੁਕਣਾ' (29) ਲੋਚਦੇ ਹਨ ਅਤੇ ਕਿਸੇ ਦੀ 'ਬਹਾਦਰੀ ਦੀ ਮਿਸਾਲ ਸਿਰਫ਼ ਬੰਦੇ ਬਹਾਦਰ ਤੋਂ ਦੂਸਰੀ' ਦੱਸਦੇ ਹਨ (14), ਕੁਝ ਕੁ 'ਮਨ ਹੀ ਮਨ ਵਿਚ ਬਾਬੇ ਬੰਦੇ ਅੱਗੇ ਅਰਦਾਸ' ਕਰਦੇ ਹਨ। ਪੰਜ ਪਿਆਰਿਆਂ ਵੱਲੋਂ ਨਿਰੰਕਾਰੀਆਂ

ਦਾ, 'ਹੁਕਾ ਪਾਣੀ ਛੇਕਣ' (93) ਦੀ ਗੱਲ ਕੀਤੀ ਗਈ ਹੈ। ਤਾਂਡਵ ਦੀ ਥਾਂ ਲੇਖਕ ਨੇ 'ਟਾਂਡਵ' ਦਾ ਸ਼ਬਦ ਅੰਗਰੇਜ਼ੀ ਸ਼ਬਦ-ਜੋੜ ਵਿੱਚੋਂ ਸਿੱਧਾ ਚੁੱਕਿਆ ਹੈ। ਮੁਹਾਵਰੇ ਪੱਖੋਂ ਪੰਜਾਬ ਦੀ ਮਾਮੂਲੀ ਵਾਕਫ਼ੀਅਤ ਰੱਖਣ ਵਾਲੇ ਲਈ ਇਹ ਕਿਤਾਬ ਸੱਚਮੁੱਚ ਹੀ 'ਭੂਤਰੇ ਸਾਹਨ ਨੂੰ ਲਾਲ ਕਪੜਾ' (57) ਹੈ।

ਲੇਖਕ *ਹਿੰਦੁਸਤਾਨ ਟਾਈਮਜ਼* ਦਾ ਵਿਸ਼ੇਸ਼ ਪੱਤਰ ਪ੍ਰੇਰਕ ਹੈ, ਪਰੰਤੂ ਉਸ ਦੀ ਵਾਪਰ ਰਹੀਆਂ ਘਟਨਾਵਾਂ ਬਾਰੇ ਆਮ ਵਾਕਫ਼ੀਅਤ ਵਿਚ ਪੂਰੇ ਨਾ ਹੋ ਸਕਣ ਵਾਲੇ ਘਾਪੇ ਹਨ; ਜਾਂ ਫਿਰ ਉਹ ਜਾਣ-ਬੁਝ ਕੇ ਇਕ ਅੱਖ ਮੀਟ ਰਿਹਾ ਹੈ। ਉਹ ਵੱਖਵਾਦ ਦੀ ਨੀਤੀ ਨੂੰ ਰੱਜ ਕੇ ਭੰਡਦਾ ਹੈ। ਹਾਲਾਂਕਿ ਅਜਿਹੀ ਨੀਤੀ ਦਾ ਕੋਈ ਸਮਰਥਕ ਅਜੇ ਤਕ ਨਿੱਤਰ ਕੇ ਪੰਜਾਬ ਦੇ ਸਿਆਸੀ ਪਿੜ ਵਿਚ ਨਹੀਂ ਉਤਰਿਆ। ਖਾੜਕੂ ਜਥੇਬੰਦੀਆਂ ਨੂੰ ਪਾਕਿਸਤਾਨ ਅਤੇ ਅਮਰੀਕਾ ਤੋਂ ਮਦਦ ਲੈਂਦਿਆਂ (18) ਕਈ ਵਾਰ ਵਿਖਾਇਆ ਗਿਆ ਹੈ। ਹਾਲਾਂਕਿ ਆਮ ਪੱਤਰਕਾਰ ਵੀ ਜਾਣਦੇ ਹਨ ਕਿ ਇਹ ਦੋਸ਼ ਉੱਕਾ ਨਿਰਮੂਲ ਹੈ। ਸਫ਼ਾ 84 ਉੱਤੇ ਅਕਾਲੀ ਲੀਡਰਾਂ ਅਤੇ ਜਥੇਦਾਰਾਂ ਵਿਚ ਮਤਭੇਦ ਦਰਸਾਏ ਗਏ ਹਨ, ਜਿਸ ਦੇ ਗੁੱਝੇ ਭਾਵ ਨੂੰ ਕਮ-ਅਜ਼-ਕਮ ਅਕਾਲੀ ਸਿਆਸਤ ਨੂੰ ਸਮਝਣ ਵਾਲਾ ਤਾਂ ਸਮਝਣੋਂ ਅਸਮਰਥ ਹੈ। ਗੁਰੂ ਸਾਹਿਬ ਤੋਂ ਕਰੀਬ ਸਵਾ ਸਦੀ ਬਾਅਦ ਲਿਖੇ ਭਾਈ ਸੰਤੋਖ ਸਿੰਘ ਦੇ *ਸੂਰਜ ਪ੍ਰਕਾਸ਼* ਨੂੰ ਲੇਖਕ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦੱਸਦਾ ਹੈ (145)। ਸਿਖ ਸਿਆਸਤ ਦੀ ਏਨੀ ਘੱਟ ਜਾਣਕਾਰੀ ਰੱਖਣ ਵਾਲਾ ਲੇਖਕ ਦਾਅਵਾ ਕਰਦਾ ਹੈ, "ਇਹ ਦੋਸ਼ ਕਿ ਕੇਂਦਰੀ ਸਰਕਾਰ ਸਦਾ ਸਿੱਖਾਂ ਦੇ ਵਿਰੁੱਧ ਰਹੀ ਸੀ, ਮੰਨਣ ਯੋਗ ਨਹੀਂ ਸੀ" (90)। ਕੀ ਪੁਸਤਕ ਲਿਖਣ ਦਾ ਇਹੋ ਮੂਲ ਮਕਸਦ ਤਾਂ ਨਹੀਂ? ਇਸ ਦਾਅਵੇ ਦੀ ਪ੍ਰੋੜ੍ਹਤਾ ਕਰਨ ਲਈ ਤਾਂ ਪਿਛਲੇ 37 ਸਾਲਾਂ ਦੇ ਇਤਿਹਾਸ ਤੋਂ ਖ਼ਾਸ ਤੌਰ ਉੱਤੇ ਉੱਕਾ ਹੀ ਕੋਰਾ ਹੋਣ ਦੀ ਲੋੜ ਹੈ। ਹਿੰਦੂ ਰਾਜਿਆਂ ਵਿਰੁੱਧ ਡੇਢ ਦਰਜਨ ਤੋਂ ਵੱਧ ਅਤੇ ਮੁਗ਼ਲਾਂ ਨਾਲ ਤਿੰਨ ਚਾਰ ਲੜਾਈਆਂ ਲੜਨ ਵਾਲੇ ਸਾਹਿਬ ਦਸਵੇਂ ਪਾਤਿਸ਼ਾਹ ਬਾਰੇ ਕੇਵਲ ਰਾਜ ਗਿੱਲ ਹੀ ਇਹ ਲਿਖ ਸਕਦਾ ਹੈ, "ਤਾਰੀਖ਼ ਗੁਆਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਦੇ ਵਿਰੁੱਧ ਜੰਗ ਹਿੰਦੂਆਂ ਦੀ ਰਖਸ਼ਾ ਲਈ ਕੀਤੀ" (86)। ਲੇਖਕ ਦੀ ਇਤਿਹਾਸਕ ਅਤੇ ਰਾਜਸੀ ਸੂਝ-ਬੂਝ ਵੀ ਉਸ ਦੀ ਪੰਜਾਬੀ ਬੋਲੀ ਦੇ ਗਿਆਨ ਵਾਂਗ ਹੀ ਅਧੂਰੀ ਹੈ। ਉਸ ਦੇ ਤਰਕ, ਉਸ ਦੇ ਧਾਰਮਿਕ ਗਿਆਨ ਅਤੇ ਰਾਜਨੀਤੀ ਦੀ ਸੂਝ ਦੇ ਦਿਵਾਲੇ ਦਾ ਪ੍ਰਤੀਕ ਇਕ ਫ਼ਿਕਰਾ ਲੱਭਣਾ ਹੋਵੇ ਤਾਂ ਇਹ ਹੈ—"ਖ਼ਾਲਿਸਤਾਨ ਦਾ ਨਾਅਰਾ ਧਰਮੀ ਨਾਅਰਾ ਨਹੀਂ ਸੀ" (87)। ਏਦੋਂ ਵੱਧ ਹੈ ਸਫ਼ਾ 88 ਉੱਤੇ ਲਿਖਿਆ ਇਹ ਵਾਕ "ਨਾ ਤੇ ਤਾਰੀਖ਼ੀ ਤੌਰ ਤੇ ਨਾ ਹੀ ਗੁਰਬਾਣੀ ਦੀ ਮਦਦ ਲੈ ਕੇ ਉਹ ਅੱਡ ਸਿਖ ਕੌਮ ਦੀ ਗੱਲ ਦਾ ਸਮਰਥਨ ਕਰ ਸਕਦੇ ਸੀ" ਜਾਂ ਫਿਰ "ਤੇ ਸੱਚੀ ਗੱਲ ਤੇ ਇਹ ਸੀ ਕਿ ਸਿਖ ਫ਼ੌਜਾਂ ਨੇ ਦਾੜ੍ਹੇ ਤੇ ਪੱਗਾਂ ਦਾ ਭੇਸ ਵੀ ਮੁਗ਼ਲਾਂ ਨੂੰ ਭੈ-ਭੀਤ ਕਰਨ ਲਈ ਕੀਤਾ ਸੀ" (178)। ਲੇਖਕ ਸਿੱਖੀ ਦੀ ਵਿਲੱਖਣਤਾ ਦਾ ਡਟ ਕੇ ਵਿਰੋਧ ਕਰਦਾ ਹੈ। "ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ॥" ਗੁਰਵਾਕ ਅਟੱਲ ਹਨ।

ਜੱਟਵਾਦ ਦਾ ਪ੍ਰਚਾਰ ਤਾਂ ਬਿਸਮਿੱਲਾ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਪੁਸਤਕ ਦੇ ਮੁੱਢਲੇ ਸਫ਼ਿਆਂ ਵਿਚ ਹੀ 'ਬੂਹੇ ਵਿਚ ਇਕ ਮੁਟਿਆਰ ਜੱਟ ਕੁੜੀ ਖਲੋਤੀ' ਵਖਾਈ ਜਾਂਦੀ ਹੈ। ਸਫ਼ਾ 152 ਤੋਂ 154 ਤਕ ਨਿਰੋਲ ਜੱਟਵਾਦ ਦਾ ਪ੍ਰਚਾਰ ਕੀਤਾ ਗਿਆ ਹੈ। ਅਜਿਹੇ

ਪ੍ਰਚਾਰ ਦੀ ਅਹਿਮੀਅਤ ਅਸੀਂ ਤਾਂ ਹੀ ਸਮਝ ਸਕਾਂਗੇ, ਜੇ ਅਸੀਂ ਇਸ ਨੂੰ ਦੇਸ਼ ਦੇ ਇਕ ਵੇਲਾ ਵਿਹਾ ਚੁੱਕੇ ਸਿਰਕੱਢ ਕਾਂਗਰਸੀ ਸਿਖ ਨੇਤਾ ਦੀ, ਜੱਟਾਂ ਅਤੇ ਗ਼ੈਰ-ਜੱਟਾਂ ਵਿਚ ਪਾੜਾ ਪਾ ਕੇ ਗ਼ੈਰ-ਜੱਟਾਂ ਨੂੰ ਕਾਂਗਰਸ ਵੱਲ ਖਿੱਚਣ ਦੀ, ਮੁੱਢ ਕਦੀਮੀ ਰਾਜਸੀ ਚਾਲ ਨਾਲ ਮਿਲਾ ਕੇ ਪੜ੍ਹੀਏ। ਉਂਜ ਅੱਜ ਦੇ ਜ਼ਮਾਨੇ ਵਿਚ, ਕਿਸੇ ਹੰਢੇ ਵਰਤੇ ਪੱਤਰਕਾਰ ਵੱਲੋਂ, ਘਟੀਆ ਕਿਸਮ ਦੇ ਨਕਲੀ ਪ੍ਰਚਾਰ ਦਾ, ਬਿਨਾਂ ਕਿਸੇ ਰਾਜਸੀ ਮੰਤਵ ਤੋਂ ਕੀਤੇ ਜਾਣਾ ਨਿਸ਼ਚੇ ਹੀ ਬੜੀ ਗ਼ੈਰ-ਕੁਦਰਤੀ ਗੱਲ ਹੈ।

ਦੇਗ ਤੇਗ਼ ਨੂੰ ਧਿਆਨ ਨਾਲ ਪੜ੍ਹਨ ਵਾਲਾ ਕੋਈ ਪਾਠਕ ਕਦੇ ਭੁੱਲ ਕੇ ਵੀ ਰਾਜ ਗਿੱਲ ਉੱਤੇ ਸਿਖ ਸਿਧਾਂਤ ਤੋਂ ਜਾਣੂ ਹੋਣ ਦਾ 'ਇਲਜ਼ਾਮ' ਨਹੀਂ ਲਗਾ ਸਕਦਾ। ਉਸ ਨੂੰ ਏਨਾ ਵੀ ਪਤਾ ਨਹੀਂ ਕਿ ਗੁਰੂ ਉੱਤੇ ਟਿੱਪਣੀ ਤਾਂ ਸੰਗਤ ਮਾਣ ਤਾਣ ਨੂੰ ਕਾਇਮ ਰੱਖ ਕੇ, ਦੱਬੀ ਜ਼ਬਾਨ ਵਿਚ, ਕਦੇ ਅੜੀ ਥੁੜੀ ਤੋਂ ਕਰ ਸਕਦੀ ਹੈ, ਪਰੰਤੂ ਸੰਗਤ ਉੱਤੇ ਟਿੱਪਣੀ ਕਰਨਾ ਤਾਂ ਗੁਰੂ ਦਾ ਆਪਣਾ ਬਿਰਦ ਵੀ ਨਹੀਂ। ਸਿੱਖੀ ਦੇ ਮੁੱਢਲੇ ਅਸੂਲਾਂ ਨੂੰ ਤਿਆਗ ਚੁੱਕੇ ਭਗੌੜਿਆਂ ਦੀ ਭਾਸ਼ਾ ਵਰਤਦਾ ਰਾਜ ਗਿੱਲ ਸਫ਼ਾ 26 ਉੱਤੇ ਲਿਖਦਾ ਹੈ, "ਸੰਗਤਾਂ ਦੇ ਹਜੂਮ ਤਾਂ ਮੱਝਾਂ ਦੇ ਇੱਜੜ ਵਰਗੇ ਹੁੰਦੇ ਹਨ।" ਕੌਣ ਸਮਝਾਵੇ ਅੰਨ੍ਹੇ ਬੋਲੇ ਨੂੰ ਕਿ ਨਾ ਤਾਂ ਸੰਗਤਾਂ ਦੇ ਹਜੂਮ ਹੁੰਦੇ ਹਨ ਅਤੇ ਨਾ ਹੀ ਮੱਝਾਂ ਦੇ ਇੱਜੜ। ਇਵੇਂ ਸਿਖ ਸਿਆਸਤ ਨੂੰ ਮੁੱਢੋਂ ਨਾ ਸਮਝਣ ਕਾਰਣ ਹੀ ਗਿੱਲ ਦੇ ਪਾਤਰਾਂ ਨੂੰ ਮਾਤ-ਭੂਮੀ ਦੀ ਬੜੀ 'ਡੂੰਘੀ' ਪਕੜ ਹੈ। ਉਹ ਇਹ ਇਤਿਹਾਸਕ ਤੱਥ ਵੀ ਵਿਸਾਰ ਚੁੱਕਿਆ ਹੈ ਕਿ ਕੱਲ੍ਹ ਹੀ ਪਿਉ ਦਾਦਿਆਂ ਦੀ ਪਿੱਤਰੀ ਭੂਮੀ ਨੂੰ ਛੱਡ ਕੇ ਕੇਵਲ ਸਿੱਖੀ ਸਿਧਾਂਤ ਨੂੰ ਸੁਰਜੀਤ ਰੱਖਣ ਖ਼ਾਤਰ ਕਰੀਬ ਕਰੀਬ ਦੁਨੀਆ ਦੀ ਅੱਧੀ ਸਿਖ ਵੱਸੋਂ ਪਾਕਿਸਤਾਨ ਛੱਡ ਕੇ ਹਿੰਦੁਸਤਾਨ ਆਈ ਸੀ। "ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥" ਦੇ ਸਮਝ ਸਕਣ ਦੀ ਸੋਝੀ ਦੀ ਆਸ ਲੇਖਕ ਕੋਲੋਂ ਰੱਖਣਾ ਕਿੱਕਰਾਂ ਤੋਂ ਬੇਰ ਲੱਭਣ ਵਾਲੀ ਗੱਲ ਹੋਵੇਗੀ।

ਸਿੱਖੀ ਦੇ ਦੇਗ ਤੇਗ਼ ਦੇ ਸਿਧਾਂਤ ਉੱਤੇ ਮਾਰੂ ਹਮਲਾ ਕਰਨ ਦੀ ਕੋਝੀ ਚਾਲ ਨਿਰੰਕਾਰੀਆਂ ਦੇ ਮੁਹਰੇ ਨਾਲ ਖੇਡਦਾ ਹੈ। ਅਕਾਲ ਤਖ਼ਤ ਸਾਹਿਬ ਤੋਂ ਨਿਰੰਕਾਰੀਆਂ ਵਿਰੁੱਧ ਜਾਰੀ ਹੋਏ ਹੁਕਮਨਾਮੇ ਸੰਬੰਧੀ ਲਿਖਦਾ ਹੋਇਆ ਤਾਂ ਲੇਖਕ ਆਮ ਸ਼ਿਸ਼ਟਾਚਾਰ ਨੂੰ ਛੱਡ ਕੇ ਸਭਿਅਤਾ ਦੇ ਹੱਦ ਬੰਨੇ ਵੀ ਟੱਪ ਜਾਂਦਾ ਹੈ। ਕਿਸੇ ਡੂੰਘੇ ਜਨੂੰਨ ਵਿਚ ਡੁੱਬਿਆ ਉਹ ਪੰਜ ਪਿਆਰਿਆਂ ਵਿਰੁੱਧ ਧੁਰ ਨਾਭੀ ਤੋਂ ਜ਼ਹਿਰ ਉਗਲਦਾ ਹੈ। ਇਹ ਉਸ ਦੀ ਆਤਮਾ ਦੀ ਆਵਾਜ਼ ਹੈ ਕਿ ਹੁਕਮਨਾਮਾ ਜਾਰੀ ਕਰਨ ਵਾਲੇ ਪੰਜ ਪਿਆਰੇ "ਨਰਕਾਂ ਦੀ ਅੱਗ ਵਿਚ ਭੁੱਜਣਗੇ...।" ਹੁਕਮਨਾਮੇ ਸੰਬੰਧੀ ਸਿਖ ਧਰਮ ਉੱਤੇ ਚੋਟ ਕਰਦਾ ਹੋਇਆ ਉਹ ਕਹਿੰਦਾ ਹੈ, "ਉਨ੍ਹਾਂ ਦਾ ਹੁਕਮ ਏਸ ਕਰ ਕੇ ਕੁੱਠਾ ਹੋ ਗਿਆ ਸੀ" (93)। ਸਿਖ ਦੁਸ਼ਮਣਾਂ ਦੀ ਮੰਨੀ ਪ੍ਰਮੰਨੀ ਚਾਲ ਨੂੰ ਵਰਤਦਾ ਹੋਇਆ ਅਤੇ ਸਿੱਖੀ ਦੇ ਗੜ੍ਹ ਵਿਚ ਹੀ ਮੋਰਚਾ ਲਾ ਕੇ ਏਸ ਦੇ ਮੁਨਾਰਿਆਂ ਨੂੰ ਢਾਹੁਣਾ ਲੋਚਦਾ ਹੋਇਆ ਉਹ ਫ਼ਤਵਾ ਲਾਉਂਦਾ ਹੈ, "ਹੁਕਮਨਾਮਾ ਦਸਵੇਂ ਗੁਰੂ ਦੀ ਮਰਿਆਦਾ ਦੇ ਵਿਰੁੱਧ ਹੈ" (94)। ਸਭ ਦਲੀਲਾਂ ਦੇ ਏਹੋ ਜਿਹੇ ਕਮੀਨੇ ਹਮਲੇ ਹੀ ਤਾਂ ਸਨ, ਜਿਨ੍ਹਾਂ ਨੇ ਕੁਝ ਸਿਖ ਨੌਜਵਾਨਾਂ ਨੂੰ ਹਿੰਸਾ ਦੇ ਰਸਤੇ ਤੋਰਿਆ ਸੀ! ਕੀ ਸਿਖ ਦੁਸ਼ਮਣਾਂ ਨੇ ਸਹੁੰ ਖਾਧੀ ਹੋਈ ਹੈ ਕਿ ਉਹ ਸਿੱਖਾਂ ਨੂੰ ਨਸ਼ਤਰਾਂ ਲਾ ਲਾ ਕੇ ਸਦਾ ਵੇਖਦੇ ਹੀ ਰਹਿਣਗੇ ਕਿ ਉਹਨਾਂ ਵਿਚ ਅਜੇ ਅਣਖ ਦੀ ਕਣੀ ਹੋਰ ਵੀ ਹੈ ਜਾਂ ਨਹੀਂ?

ਰਤਾ ਵੀ ਸ਼ੱਕ ਨਹੀਂ ਕਿ *ਦੇਗ ਤੇਗ* ਕੱਟੜ ਸਿਖ ਦੁਸ਼ਮਣ ਦੀ ਸਿੱਖੀ ਨੂੰ ਢਾਅ ਲਾਉਣ ਦੀ ਇਕ ਕੋਝੀ ਚਾਲ ਹੈ। ਕਿਤੇ ਇਹ ਨਿਰੰਕਾਰੀਆਂ ਵੱਲੋਂ ਛੱਡਿਆ ਤੀਰ ਤਾਂ ਨਹੀਂ? ਜਾਂ ਕੀ ਇਹ ਸਰਕਾਰੀ ਮਰਾਸੀਆਂ ਦੀ ਵਧਾਈ ਵੇਲ ਹੈ?

ਸੱਚ ਤਾਂ ਇਹ ਹੈ ਕਿ ਜਿਥੇ *ਦੇਗ ਤੇਗ* ਨੇ ਸਿੱਖੀ ਦੇ ਬਾਗ਼ ਨੂੰ ਉਜਾੜਿਆ ਹੋਇਆ ਵੇਖਣ ਦੀ ਰਾਜ ਗਿੱਲ ਦੀ ਤੀਬਰ ਇੱਛਾ ਨੂੰ ਨੰਗਿਆਂ ਕੀਤਾ ਹੈ, ਉਥੇ ਏਸ ਸੰਬੰਧੀ ਬੇਢੰਗੀ ਰਾਜਸੀ ਨੀਤੀ ਦਾ ਪਾਜ ਵੀ ਉਘਾੜ ਦਿੱਤਾ ਹੈ। ਅਜਿਹੀਆਂ ਕਿਰਤਾਂ ਸੰਬੰਧੀ ਗੁਰੂ ਦੇ ਅਟੱਲ ਬਚਨ ਹਨ ਕਿ ਝੂਠੇ ਸੱਚੇ ਵਿਚ ਅਗਿਆਨਤਾ ਦੀਆਂ ਸੱਟਾਂ ਲਾ ਕੇ ਬਣਾਈ ਕਿਰਤ ਕੱਚ ਵਾਂਗ ਕੱਚੀ ਰਹਿ ਜਾਂਦੀ ਹੈ। ਮਨਮੁਖ ਦੀ ਬੁੱਧੀ ਸੱਚ ਦੇ ਆਧਾਰ ਬਿਨਾਂ ਸੁਚੱਜਾ ਨਹੀਂ ਢਾਲਦੀ। ਮਨਮੁਖ ਫ਼ਜ਼ੂਲ ਬੋਲਦਾ ਹੈ ਤੇ ਉਸ ਦਾ ਉਪਦੇਸ਼ ਨਿਰਾ ਰੋਲ ਘਚੋਲਾ ਹੀ ਹੁੰਦਾ ਹੈ:

ਭੈ ਬਿਨੁ ਘਾੜਤ ਕਚੁ ਨਿਕਚ॥
ਅੰਧਾ ਸਚਾ ਅੰਧੀ ਸਟ॥
ਬੁਧੀ ਬਾਜੀ ਉਪਜੈ ਚਾਉ॥
ਸਹਸ ਸਿਆਣਪ ਪਵੈ ਨ ਤਾਉ॥
ਨਾਨਕ ਮਨਮੁਖਿ ਬੋਲਣੁ ਵਾਉ॥
ਅੰਧਾ ਅਖਰੁ ਵਾਉ ਦੁਆਉ॥

•

ਚਲੋ ਸਾਡੀ ਵੀ ਮੁਰਾਦ ਪੂਰੀ ਹੋਈ*

ਅਸੀਂ ਬਜਾਤੇ ਖ਼ੁਦ, ਮਾਲਵੇ ਦੀ ਰੇਗਿਸਤਾਨ ਨੂੰ ਲੱਗਦੀ ਇਕ ਕੁਢੱਬੀ ਜਿਹੀ ਨੁੱਕਰ ਦੇ ਵਾਸੀ ਹੋਣ ਕਾਰਣ, ਹਾਂ ਤਾਂ ਕੇਵਲ 'ਮੂੰਹ-ਬੋਲੇ' ਮਲਵਈ, ਪਰ ਆਪਣੇ ਤਸੱਵਰ ਵਿਚ ਆਪਣੇ ਆਪ ਨੂੰ ਡੂੰਘੇ ਮਾਲਵੇ ਦਾ ਠੇਠ ਮਲਵਈ ਸਮਝਦੇ ਹਾਂ। ਵੈਸੇ ਵੀ ਜੇ ਨਿਰਪੱਖ ਨਜ਼ਰੇ ਵੇਖਿਆ ਜਾਵੇ ਤਾਂ ਸਾਡਾ ਇਲਾਕਾ ਹੈ ਵੀ ਡੂੰਘੇ ਤੋਂ ਡੂੰਘੇ ਮਾਲਵੇ ਨਾਲੋਂ ਕਿਤੇ ਵੱਧ ਨਿਘਰਿਆ ਹੋਇਆ। ਇਥੇ ਜਹਾਲਤ, ਅਨਪੜ੍ਹਤਾ, ਹੈਂਕੜ, ਬੜ੍ਹਸ਼ਖ਼ ਮਾਰਨ, ਖੌਰੂ ਪੁੱਟਣ ਦੀਆਂ ਅਲਾਮਤਾਂ ਮਾਲਵੇ ਨਾਲੋਂ ਵੀ ਜ਼ਿਆਦਾ ਸੰਘਣੀਆਂ ਹਨ। ਸਾਡੇ ਵੀ 'ਜੱਗਾ ਮਾਰਿਆ ਬੋੜ੍ਹ ਦੀ ਛਾਵੇਂ, ਨੌਂ ਮਣ ਰੇਤ ਭਿੱਜ ਗੀ' ਦੀ ਹੇਕ ਹਰ ਪਿੰਡ ਵਿਚ ਸੁਣੀ ਜਾ ਸਕਦੀ ਹੈ। ਇਥੇ ਸੱਦਾ ਪੱਤਰਾਂ ਉੱਤੇ 'ਲਸੰਸਦਾਰ' ਦੇ ਤਖ਼ੱਲਸ ਦੀ ਵਰਤੋਂ ਹੁੰਦੀ ਹੈ। ਅਫ਼ੀਮ ਖਾਣਾ, ਬੋਤਲ ਪੱਟਣੀ, ਜੇਲ੍ਹ ਜਾਣਾ, ਟਕਸਾਲੀ ਅਨਪੜ੍ਹ ਹੋਣਾ, ਘੋਨ-ਮੋਨ ਹੋ ਕੇ ਦਾੜ੍ਹੀ ਦੇ ਖੱਤ ਕੱਢ ਕੇ ਰੱਖਣ ਆਦਿ ਦੀ ਉਹੋ ਠੁੱਕ ਹੈ, ਜੋ ਬਾਕੀ ਮਾਲਵੇ ਵਿਚ। ਭਰਾਵਾਂ ਨੂੰ ਖ਼ਾਸ ਤੌਰ ਉੱਤੇ ਮਤਰੇਏ ਭਰਾਵਾਂ ਨੂੰ ਅਤੇ ਬਹੁਤ ਵਾਰੀ ਸਕੇ ਪਿਉ ਨੂੰ ਵੀ ਅਸੀਂ ਖਾਲ ਦੇ ਨੱਕੇ ਉੱਤੇ ਓਵੇਂ ਹੀ ਚਿੱਪ ਦਿੰਦੇ ਹਾਂ, ਜਿਵੇਂ ਕਿ ਮਾਲਵੇ ਦੀ ਰੀਤ ਹੈ। ਏਥੇ ਵੀ 'ਪੁੱਤ ਸਰਦਾਰਾਂ ਦੇ ਖਾਣ ਬੱਕਰੇ ਤੇ ਪੀਣ ਸ਼ਰਾਬਾਂ'।

ਸਾਡੇ ਸਭਿਆਚਾਰ ਵਿਚ ਵੀ ਐਕਸੀਡੈਂਟ-ਸ਼ੁਦਾ ਆਦਮੀ ਦੀ ਮਾਲਵੇ ਵਾਂਗ ਹੀ ਬੱਲੇ ਬੱਲੇ ਹੈ। ਘਰ ਘਰ ਵਿਚ ਟੁੱਟੀਆਂ ਲੱਤਾਂ, ਕਾਣੀਆਂ ਅੱਖਾਂ, ਫਿੱਸੇ ਨੱਕਾਂ, ਮਧੋਲੀਆਂ ਪਸਲੀਆਂ ਵਾਲੇ ਐਕਸੀਡੈਂਟਦਾਰ ਮਿਲਦੇ ਹਨ। ਆਮ ਸ਼ੁਰੂਆਤ ਐਕਸੀਡੈਂਟਦਾਰ ਦੀ ਕਹਾਣੀ ਦਾ ਇਉਂ ਹੁੰਦਾ ਹੈ, "ਬਾਈ ਕੀ ਦੱਸੀਏ! ਇਕ ਦਿਨ ਤਕਾਲਾਂ ਦਾ ਵੇਲਾ ਸੀ, ਸੰਧੂਰੀ ਬੋਤਲ ਯਾਰ ਦੀ ਡੱਬ ਵਿਚ, ਅਧੀਆ ਅੰਦਰ, ਲਾਲ ਮਾਰੂਤੀ ਹੇਠਾਂ...।" ਵਿਚ ਵਿਚਾਲੇ ਆਵੇਗਾ। "ਧੂੜਾਂ ਪੱਟਦੇ, ਸਰੜ ਸਰੜ ਕਰਦੇ ਜਾ ਰਹੇ ਸਾਂ... ਇਕ ਪਤੰਦਰ, ਬੱਸ (ਮੋਟਰ ਸਾਈਕਲ, ਜ਼ਨਾਨੀ ਜੀ ਸਕੂਟਰੀ, ਟੁੱਟੇ ਜੇ ਟਰੈਕਟਰ, ਮਾਰੂਤੇ ਰੇੜ੍ਹੇ, ਗੱਡੇ) ਵਾਲਾ ਅੱਗੋਂ ਆਵੇ...।" ਆਖ਼ਰ ਚੀਸ ਵੱਟਣ ਨਾਲ ਸੁਣੋਗੇ, "ਆਹ ਹੱਡੀ ਚਹੁੰ ਥਾਵਾਂ ਤੋਂ ਟੁੱਟਗੀ...ਡਾਕਟਰਨੀ ਤਾਂ ਸਾਹ ਜਾ ਚੜ੍ਹਾ ਕੇ ਉਥੇ ਈ ਟੇਢੀ ਹੋ ਗਈ। ਮੈਂ ਡਾਕਟਰ ਨੂੰ ਆਖਿਆ...ਘਾਬਰ ਨਾ ਏਨੀ ਕੁ ਸੱਟ ਨਾਲ ਤਾਂ ਜੱਟ ਹਾੜ੍ਹੀ ਵੱਢ ਆਉਂਦਾ ਹੈ...ਪੰਜ ਸੱਤ ਪਸਲੀਆਂ ਟੁੱਟਣ ਨਾਲ ਜੱਟ ਨੂੰ ਕੁਸ ਨੀ ਹੁੰਦਾ...।" ਫੇਰ ਭੋਗ ਪੈਂਦਾ ਹੈ ਰਸਮੋ ਰਸਮੀ ਆਖੇ ਫ਼ਿਕਰੇ ਉੱਤੇ, "ਰੱਬ ਨੇ ਰੱਖ ਤੇ ਬਾਈ, ਕੁਈ ਦਿੱਤਾ ਲਿਆ ਅੱਗੇ ਆ ਗਿਆ।

---

* ਸਾਧਾਰਣ ਨਜ਼ਰੇ ਦੇਖਿਆਂ ਹਲਕੀ-ਫੁਲਕੀ ਸ੍ਵੈਜੀਵਨੀ-ਸ਼ੈਲੀ ਵਿਚ ਲਿਖਿਆ ਇਹ ਲੇਖ ਆਤਮਿਕ ਪੀੜ ਨਾਲ ਓਤ-ਪੋਤ ਵਿਅੰਗ ਨਾਲ ਭਰਪੂਰ ਅੰਤਰੀਵ ਗੰਭੀਰਤਾ ਰੱਖਦਾ ਹੈ। ਇਹ ਸ੍ਵੈਜੀਵਨੀਆਤਮਕ ਲੇਖ ਇੱਕੋ ਸਮੇਂ *ਪੰਜਾਬੀ ਟ੍ਰਿਬਿਊਨ* ਅਤੇ *ਅੱਜ ਦੀ ਆਵਾਜ਼* ਵਿਚ 22 ਜਨਵਰੀ, 1999 ਨੂੰ ਛਪਿਆ।

ਕਾਰ, ਜੀਪ ਤਾਂ ਬਾਬੇ ਬੁੱਧ ਰਾਮ ਦੇ ਗੜਵੇ ਵਾਂਗ ਮਾਂਜੀ ਗਈ...ਪਰ ਆਪਾਂ ਬਚ ਗੇ... ਕਿਸਮਤ ਵਿਚ ਹੋਊ ਤਾਂ ਹੋਰ ਆ ਜੂ।" ਜੇ ਕਿਤੇ ਕੋਈ ਕਰਮ ਸਿੰਘ ਹਿਸਟੋਰੀਅਨ ਵਰਗਾ ਸੁਘੜ ਇਤਿਹਾਸਕਾਰ ਯਤਨ ਕਰਕੇ ਮਾਲਵੇ ਦੇ ਐਕਸੀਡੈਂਟਦਾਰਾਂ ਦੇ ਬਿਆਨ ਇਕੱਠੇ ਕਰ ਲਵੇ ਤਾਂ ਚੰਗਾ ਖ਼ਾਸਾ ਹਾਦਸਾ ਸਾਹਿਤ ਇਕੱਤਰ ਹੋ ਸਕਦਾ ਹੈ।

ਆਪਣੇ ਤਸੱਵਰ ਵਿਚ ਤਾਂ ਅਸੀਂ ਪੱਕੇ ਮਲਵਈ ਸਾਂ, ਪਰ ਮਲਵਈ-ਪੁਣੇ ਦੀਆਂ ਪ੍ਰਤੀਕ ਅਲਾਮਤਾਂ ਤੋਂ ਉੱਕਾ ਸੱਖਣੇ। ਬਚਪਨ, ਜੁਆਨੀ ਪੜ੍ਹਨ ਲਿਖਣ ਵਿਚ ਰੋਲਣ ਤੋਂ ਬਾਅਦ ਢਲਦੀ ਉਮਰ ਅਸੀਂ ਮਾਲਵੇ ਦੀ ਰੂਹ ਉੱਤੇ ਹੱਥ ਰੱਖ ਕੇ ਕਸਮ ਖਾਧੀ ਕਿ ਮਲਵਈ ਸਭਿਆਚਾਰ ਅਨੁਸਾਰ ਇਕ ਇੱਜ਼ਤਦਾਰ ਆਦਮੀ ਬਣ ਕੇ ਜ਼ਮਾਨੇ ਨੂੰ ਵਿਖਾਵਾਂਗੇ। ਨੌਕਰੀ ਇਤਿਆਦਿ ਦਾ ਤਿਆਗ ਕਰਕੇ ਅਸੀਂ ਜਾ ਵੜੇ ਅਕਾਲੀਆਂ ਵਿਚ ਜਿਥੇ 'ਅਨਪੜ੍ਹਾਂ ਦੀ ਬਹਿ ਜਾ ਬਹਿ ਜਾ' ਸੀ। ਵਿਸ਼ੇਸ਼ ਯਤਨ ਕਰਕੇ ਅਸੀਂ ਸਾਲ ਦੀਆਂ ਦੋ ਜਮਾਤਾਂ ਭੁਲਾਉਂਦੇ ਭੁਲਾਉਂਦੇ ਮਸਾਂ ਦਸਾਂ ਸਾਲਾਂ ਵਿਚ ਮਨਫ਼ੀ ਚਾਰ ਕਲਾਸਾਂ ਉੱਤੇ ਪਹੁੰਚੇ। ਸਭ ਦੇ ਬਰਾਬਰ ਦੇ ਅਨਪੜ੍ਹ ਤਾਂ ਅਸੀਂ ਸਹਿਜੇ ਹੀ ਬਣ ਗਏ, ਪਰ ਧੜੇ ਪੱਖੋਂ ਮਾਰ ਖਾ ਗਏ। ਮਲਵਈ ਦਾ ਧੜਾ ਚਾਹੀਦੈ 'ਕਾਂਟੇ ਬੰਦੇ' ਨਾਲ ਜਿਹੜਾ ਸੱਤ ਪੱਤਣਾਂ ਦਾ ਤਾਰੂ ਹੋਵੇ, ਗੱਲ ਗੱਲ ਉੱਤੇ ਤਲਵਾਰ ਮਿਆਨੋਂ ਕੱਢੇ ਅਤੇ ਮਾਵਾਂ ਭੈਣਾਂ ਦੀਆਂ ਚਾਰ ਗਾਲ੍ਹਾਂ ਕੱਢ ਕੇ ਗਲਵਕੜੀ ਪਾਵੇ। ਤਾਂ ਜਾ ਕੇ ਬਣਦੀ ਐ ਬੰਦੇ ਦੀ। ਅਸੀਂ ਧੜਾ ਕਰ ਲਿਆ ਨਾਮ ਜਪਣ ਵਾਲੇ ਸੱਚੇ ਸੁੱਚੇ ਨਾਲ।

ਖ਼ੈਰ! ਸਾਡੀ ਕੱਚੀ ਸਿਆਸਤ ਨੇ ਜੇਲ੍ਹ ਯਾਤਰਾ ਦੇ ਕਈ ਮੌਕੇ ਪ੍ਰਦਾਨ ਕਰਕੇ ਸਾਡੇ ਮਲਵਈ ਖ਼ਾਸੇ ਨੂੰ ਕੁਝ ਹੱਦ ਤਕ ਚਮਕਾਇਆ। 'ਕੁਝ ਹੱਦ ਤਕ' ਦਾ ਵਿਸ਼ੇਸ਼ਣ ਲਿਖਣਾ ਪੈਂਦਾ ਹੈ, ਕਿਉਂਕਿ ਏਥੇ ਅਸਲ ਪੁੱਛ-ਗਿੱਛ ਤਾਂ ਡਾਕੇ, ਕਤਲ, ਅਫ਼ੀਮ ਦੀ ਤਸਕਰੀ ਜਾਂ ਸ਼ਰਾਬ ਦੇ ਧੰਦੇ ਵਿਚ ਜੇਲ੍ਹ ਜਾਣ ਵਾਲੇ ਦੀ ਹੀ ਹੈ। ਪਰ ਕਿਉਂਕਿ ਮਾਲਵੇ ਵਿਚ ਹਰ ਸਰੋਤਾ ਆਪਣੀ ਕਹਾਣੀ ਕਹਿਣ ਲਈ ਕਾਹਲਾ ਹੁੰਦਾ ਹੈ ਤੇ ਬਹੁਤੀ ਪੁੱਛ ਪੜਤਾਲ ਨਹੀਂ ਕਰਦਾ। ਅਸੀਂ ਇੱਜ਼ਤਦਾਰ ਬਣਨ ਵਿਚ ਸਫਲ ਹੋ ਗਏ। ਗੱਲਬਾਤ ਦੌਰਾਨ ਕਿਸੇ ਢੁਕਵੇਂ ਮੋੜ ਉੱਤੇ ਅਸੀਂ ਆਖ ਛੱਡਦੇ, "ਬਾਈ! ਮੈਨੂੰ ਵੀ ਕਈ ਵਾਰੀ ਜੇਲ੍ਹ ਜਾਣਾ ਪਿਐ..." ਜਾਂ "ਫਲਾਣੀ ਜੇਲ੍ਹ ਦਾ ਦਰੋਗਾ ਤਾਂ ਬੜਾ ਮਾੜਾ ਸੀ... ਕੁੱਤੇ ਦਾ ਵੱਢਿਆ... ਧੌਣ ਵਿਚ ਉਸਦੇ ਕਿੱਲਾ ਗੱਡਿਆ...।" ਇਹੋ ਜਿਹੀ ਭੂਮਿਕਾ ਬਣਾ ਕੇ ਜਦੋਂ ਅਸੀਂ ਜੇਲ੍ਹ ਯਾਤਰਾ ਦੀਆਂ ਫ਼ਰਜ਼ੀ ਹੱਡਬੀਤੀਆਂ ਸੁਣਾਉਂਦੇ ਤਾਂ ਅਹਿਸਾਸ ਹੁੰਦਾ ਕਿ ਮਲਵਈ ਸਭਿਆਚਾਰ ਨੂੰ ਚਾਰ ਚੰਨ ਲਾ ਰਹੇ ਹਾਂ। ਕਈ ਕਈ ਵਾਰੀ ਅਸੀਂ ਸ਼ੀਸ਼ੇ ਸਾਹਮਣੇ ਖੜ ਕੇ ਕਹਾਣੀ ਕਹਿਣ ਦੇ ਕਈ ਅੰਦਾਜ਼ਾਂ ਦੀ ਮਸ਼ਕ ਕਰਦੇ। ਪਰ ਅਸੀਂ ਕਦੇ ਕਿਸੇ ਨੂੰ ਨਾ ਦੱਸਦੇ ਕਿ ਨਿਗੂਣੇ ਮਨੁੱਖੀ ਅਧਿਕਾਰ ਮੁਜ਼ਾਹਰਿਆਂ ਆਦਿ ਦੇ ਸਿਲਸਿਲੇ ਵਿਚ ਜੇਲ੍ਹ ਗਏ ਸਾਂ। ਸਾਨੂੰ ਪੂਰਨ ਗਿਆਨ ਸੀ ਕਿ ਇਉਂ ਕੀਤਿਆਂ ਘੱਟੋ ਘੱਟ ਮਾਲਵੇ ਵਿਚ ਤਾਂ ਬੰਦੇ ਦੀ ਅੱਧੀ ਰਹਿ ਜਾਂਦੀ ਹੈ।

ਇਕ ਹੋਰ ਗੱਲ ਜੋ ਅਸੀਂ ਸਭ ਤੋਂ ਲੁਕਾਅ ਕੇ ਰੱਖਦੇ, ਉਹ ਸੀ ਗ਼ੈਰ-ਐਕਸੀਡੈਂਟਦਾਰ ਹੋਣ ਦੀ ਗੱਲ। ਬੰਦਾ ਮਾਲਵੇ ਦਾ ਜੰਮਪਲ ਹੋਵੇ, 1958 ਤੋਂ ਲੈ ਕੇ 1988 ਤਕ ਲਗਾਤਾਰ ਸਕੂਟਰ, ਮੋਟਰ ਸਾਈਕਲ, ਕਾਰ, ਜੀਪ, ਟਰੈਕਟਰ ਤਕ ਚਲਾ ਚੁੱਕਿਆ ਹੋਵੇ ਅਤੇ ਐਕਸੀਡੈਂਟਦਾਰ ਨਾ ਹੋਵੇ! ਇਹ ਇਕ ਦੁਖਦੀ ਰਗ ਸੀ। ਕਦੇ ਨਾ ਕਦੇ ਕੋਈ ਸ਼ਰੀਕ ਇਸ ਉੱਤੇ ਹੱਥ ਰੱਖ ਹੀ ਦਿੰਦਾ, "ਬਾਈ! ਤੈਨੂੰ ਵੀ ਸੁੱਖ ਨਾਲ ਪੱਚੀ, ਤੀਹ, ਪੈਂਤੀ ਸਾਲ

ਹੋ ਗਏ ਕਾਰਾਂ ਮੋਟਰਾਂ ਚਲਾਉਂਦੇ ਨੂੰ। ਪਰ ਅਜੇ ਤਕ ਤਾਂ ਰੱਬ ਦੀ ਮਿਹਰ ਰਹੀ ਹੈ।" ਸ਼ਰੀਕ ਕਦੋਂ ਕਿਸੇ ਨੂੰ ਬਖ਼ਸ਼ਦੇ ਨੇ। ਮਲਵਈ ਬੋਲੀ ਵਿਚੋ ਏਸ ਦਾ ਤਰਜਮਾ ਇਉਂ ਪ੍ਰਵਾਨ ਹੈ, "ਜਾਣਦੇ ਆਂ ਤੇਰੀ ਔਕਾਤ ਨੂੰ ਵੀ। ਦੱਸ ਜੇ ਪੱਚੀ, ਤੀਹ, ਪੈਂਤੀ ਸਾਲਾਂ ਵਿਚ ਇਕ ਵੀ ਐਕਸੀਡੈਂਟ ਕੀਤੈ।"

ਐਕਸੀਡੈਂਟਦਾਰ ਨਾ ਹੋਣ ਦੀ ਕਸਕ ਜਿਹੀ ਮਨ ਵਿਚ ਸਦਾ ਰਹਿੰਦੀ। ਇਹ ਰੁਤਬਾ ਹਾਸਲ ਕਰ ਸਕਣ ਦੀ ਕੋਈ ਸੂਰਤ ਵੀ ਨਹੀਂ ਸੀ ਬਣਦੀ। ਸਰਕਾਰ ਵੱਲੋਂ ਫੁੱਲ ਕਿਰਪਾ ਸੀ। ਪੈਟਰੋਲ ਵਿਚ ਮਿਲਾਵਟ ਐਨੀ ਵਧੀਆ ਕਿ ਪਲ ਵਿਚ ਚੀਤੇ ਵਾਂਗ ਦੌੜਦੀ ਕਾਰ ਨੂੰ ਘੁੱਗੀ, ਖਰਗੋਸ਼ ਬਣਾ ਕੇ ਅੱਗੋਂ ਆਉਂਦੇ ਟਰੱਕ ਦੇ ਪਹੀਏ ਹੇਠ ਦੇਣ ਦੇ ਸਮਰੱਥ। ਸੜਕ ਮਹਿਕਮੇ ਨੇ ਵੀ ਫੱਟੇ ਚੁੱਕੇ ਹੋਏ ਸਨ। ਐਸੀ ਤਰਤੀਬ ਨਾਲ ਟੋਏ ਪੁੱਟੇ ਹੁੰਦੇ ਹਨ ਕਿ ਸਿਆਣੇ ਤੋਂ ਸਿਆਣਾ ਡਰਾਈਵਰ ਵੀ ਹਾਦਸਾ ਕਰ ਗੁਜ਼ਰੇ। ਸੁਖ ਨਾਲ! ਪੁਲਿਸ ਵੱਲੋਂ ਵੀ ਕੋਈ ਕਸਰ ਨਹੀਂ ਸੀ। ਉਨ੍ਹਾਂ ਹਰ ਅਨਜਾਣ ਡਰਾਈਵਰ ਨੂੰ ਖਸਤਾ ਤੋਂ ਖਸਤਾ ਹਾਲਤ ਗੱਡੀ ਲੈ ਕੇ ਜੀ.ਟੀ. ਰੋਡ ਉੱਤੇ ਚੜ੍ਹਨ ਦਾ ਜਮਾਂਦਰੂ ਹੱਕ ਬਖ਼ਸ਼ਿਆ ਹੋਇਆ ਸੀ। ਪੰਜਾਹ ਸੌ ਰੁਪਏ ਦੀ ਲਾਗਤ ਨਾਲ ਕਮਸਿਨ ਬੱਚੇ, ਕੁੜੀਆਂ ਤੋਂ ਲੈ ਕੇ ਭੂਤਰੇ ਹੋਏ ਨੌਜਵਾਨਾਂ ਤਕ ਨੂੰ ਘਰ ਘਰ ਲਸੰਸ ਪਹੁੰਚਾ ਦਿੰਦੇ ਹਨ। ਟ੍ਰੈਫ਼ਿਕ ਡਿਊਟੀ ਵਾਲੇ ਕਰਮਚਾਰੀ ਵੀ ਹਾਦਸਾ ਕਰਨ ਦੇ ਮੁਕੰਮਲ ਅਧਿਕਾਰ ਦੀ ਰੱਖਿਆ ਕਰਦੇ ਹਨ। ਕਈ ਵਾਰੀ ਤਾਂ ਪੁੱਠੀਆਂ ਸਿੱਧੀਆਂ ਸੈਨਤਾਂ ਮਾਰ ਕੇ ਗੱਡੀਆਂ ਨੂੰ ਆਪਸ ਵਿਚ ਭਿੜਾਉਣ ਦੀ ਸਿਰੋਂ ਪਰ੍ਹੇ ਕੋਸ਼ਿਸ਼ ਕਰਦੇ ਹਨ। ਇਹੋ ਜਿਹੇ ਮੌਕੂਲ ਮਾਹੌਲ ਦੇ ਹੁੰਦਿਆਂ ਅਤੇ ਸਭ ਪਾਸੇ ਤੋਂ ਮੁਕੰਮਲ ਸਹਿਯੋਗ ਮਿਲਦਿਆਂ ਜੇ ਆਦਮੀ ਹਾਦਸਾ ਨਾ ਕਰ ਸਕੇ, ਫਿਰ ਵੀ ਭਲਾ ਆਪਣੀਆਂ ਨਿਗਾਹਾਂ ਵਿਚ ਕਿਉਂ ਨਾ ਡਿੱਗੇ? ਮਾਲਵੇ ਵਿਚ ਅਜਿਹੇ ਬੰਦੇ ਦੀ ਕੀ ਇੱਜ਼ਤ ਬਣੇ?

ਸੱਚਾਈ ਇਹ ਹੈ ਕਿ ਸਾਡੀ ਘਰਵਾਲੀ ਸਾਡੇ ਐਕਸੀਡੈਂਟਦਾਰੀ ਰੁਤਬਾ ਹਾਸਲ ਕਰਨ ਵਿਚ ਸਭ ਤੋਂ ਵੱਡੀ ਰੁਕਾਵਟ ਸੀ। ਨਾ ਤਾਂ ਸਫ਼ਰ ਦੌਰਾਨ ਉਹ ਆਪ ਸੌਂਦੀ ਨਾ ਪਲ ਭਰ ਲਈ ਵੀ ਧਿਆਨ ਸੜਕ ਤੋਂ ਪਾਸੇ ਜਾਣ ਦਿੰਦੀ। ਚੰਡੀਗੜ੍ਹ ਤੋਂ ਲੈ ਕੇ ਫ਼ਾਜ਼ਿਲਕਾ ਤਕ ਦੇ ਹਰ ਟੋਏ ਟਿੱਬੇ ਤੋਂ ਉਹ ਇਉਂ ਜਾਣੂ ਜਿਵੇਂ ਮਾਂ-ਪਿਉ ਜਾਏ ਹੋਣ। ਅੱਗੋਂ ਆਉਂਦੇ ਸਾਰਥੀ ਦੀ ਮਨੋ-ਅਵਸਥਾ ਪੜ੍ਹਨ ਦੀ ਉਹ ਮਾਹਿਰ। ਮੈਨੂੰ ਇਕ ਪਲ ਵੀ ਅਵੇਸਲਾ ਨਾ ਹੋਣ ਦਿੰਦੀ। "ਇਹ ਪੁਲੀ ਟੁੱਟੀ ਹੈ...ਇਹ ਡਰਾਈਵਰ ਇਕਦਮ ਸੱਜੇ ਨੂੰ ਮੁੜੇਗਾ...ਹੌਰਨ ਮਾਰੋ ਹੌਰਨ...ਖ਼ਾਲੀ ਦੇ ਪਰਲੇ ਪਾਸੇ ਟਰੱਕ ਡਿੱਗਿਆ ਪਿਆ ਹੈ..." ਆਦਿ ਆਦਿ। ਤੁਸੀਂ ਆਪੇ ਸਮਝੋ ਕਿ ਇਸ ਤਰ੍ਹਾਂ ਦੀ ਸੂਰਤ ਵਿਚ ਐਕਸੀਡੈਂਟ ਕਰਨ ਦੀ ਸਮਰੱਥਾ ਭਲਾ ਕਿਥੋਂ ਆਉਂਦੀ?

ਪਰ ਕਹਿੰਦੇ ਨੇ ਕਿ ਜਿਥੇ ਚਾਹ ਓਥੇ ਰਾਹ। ਅਸੀਂ ਕਈ ਵਿਉਂਤਾਂ ਬਣਾਈਆਂ। ਅਸਫਲ ਹੋਣ ਤੋਂ ਬਾਅਦ 'ਬੈਟਲ ਰਿਵਿਊ' ਹੰਢੇ ਜਰਨੈਲਾਂ ਵਾਂਗ ਕੀਤੇ। ਇਕ ਇਕ ਕਰਕੇ ਕਮਜ਼ੋਰੀਆਂ ਨੂੰ ਦੂਰ ਕੀਤਾ ਅਤੇ ਆਖ਼ਰ ਉਹ ਦਿਨ ਆ ਹੀ ਗਿਆ। ਅਸੀਂ ਆਪਣੀ ਘਰਵਾਲੀ ਨੂੰ ਸਵੇਰੇ ਸੁਵਖਤੇ ਲੋੜ ਤੋਂ ਬਹੁਤ ਪਹਿਲਾਂ ਜਗਾ ਲਿਆ। ਗਰਮ ਠੰਢੇ ਪਰਾਉਂਠੇ ਚਾਹ ਆਦਿ ਵਿਚ ਉਲਝਾ ਕੇ ਲੋੜੀਂਦਾ ਮਾਨਸਿਕ ਤਣਾਅ ਪੈਦਾ ਕੀਤਾ। ਛੇ ਕੁ ਵਾਰ ਆਨੇ-ਬਹਾਨੇ ਪੌੜੀਆਂ ਚੜ੍ਹਾ ਕੇ ਥਕਾਇਆ ਅਤੇ ਠੰਢੇ ਠੰਢੇ ਘਰੋਂ ਚਾਲੇ ਪਾਏ। ਰਾਹ ਵਿਚ ਮੁਕਤਸਰ ਤਕ, ਦੋ ਚਾਰ ਵਾਰੀ ਸਾਈਕਲ, ਗੱਡਿਆਂ ਵਾਲਿਆਂ ਨੂੰ ਵਾਲ ਵਾਲ

ਬਚਾਇਆ ਤਾਂ ਕਿ ਉਹ ਸਮਝੇ ਕਿ ਅੱਜ ਅਸੀਂ ਪੂਰੇ ਸਤਰਕ ਹਾਂ। ਉਸ ਨੂੰ ਕਈ ਵਾਰ ਖਾਣ ਪੀਣ ਲਈ ਮਜਬੂਰ ਕੀਤਾ। ਰਾਮਪੁਰਾ ਫੂਲ ਪਹੁੰਚਣ ਤਕ ਬੀਬੀ ਸੁਰਿੰਦਰਪਾਲ ਕੌਰ ਅਨੁਕੂਲ ਹੱਦ ਤਕ ਅੱਕ, ਥੱਕ, ਰੱਜ ਚੁੱਕੀ ਸੀ। ਉਥੇ ਅਸੀਂ ਉਸ ਨੂੰ ਦੋ ਮਲਵਈ ਗਲਾਸ ਗੰਨੇ ਦੇ ਰਸ ਦੇ ਹਾਜ਼ਮੇ ਦੇ ਬਹਾਨੇ ਪਿਲਾਏ। ਬੱਸ ਜੀ, ਕਹਾਣੀ ਫਿੱਟ ਹੋ ਗਈ। ਅੱਖਾਂ ਵਿੱਚੋਂ ਬੀਬੀ ਦੇ, ਨੀਂਦ ਡੁੱਲ੍ਹ ਡੁੱਲ੍ਹ ਕੇ ਬਾਹਰ ਆਵੇ ਪਰ ਉਹ ਫੇਰ ਵੀ ਸੰਵੇਂ ਨਾ, ਕਾਰ ਦੀਆਂ ਵਾਗਾਂ ਕੱਸੀ ਜਾਵੇ। ਇਹੋ ਜਿਹੇ ਸੰਕਟ ਸਮੇਂ ਹੀ ਤਾਂ ਪੀਰ ਫ਼ਕੀਰ ਕੰਮ ਆਉਂਦੇ ਹਨ। ਆਖ਼ਰ ਪ੍ਰੋਫ਼ੈਸਰ ਮੋਹਨ ਸਿੰਘ ਦਾ ਧਿਆਨ ਧਰਿਆ ਅਤੇ ਉਨ੍ਹਾਂ ਤੋਂ ਮੁਆਫ਼ੀ ਮੰਗ ਕੇ ਮਲਵਈ ਹੇਕ ਨਾਲ ਗਾਇਆ, 'ਵਾਗਾਂ ਛੱਡ ਦੇ ਨੀਂਦਰਾਂ ਵਾਲੀਏ ਨੀ, ਪੈਰ ਧਰਨ ਦੇ ਮੈਨੂੰ ਰੇਸ ਉੱਤੇ। ਮੇਰੇ ਮਲਵਈਪੁਣੇ 'ਤੇ ਬਣੀ ਹੈ ਭੀੜ ਭਾਰੀ, ਤੂੰ ਸੌਂ ਜਾ ਲੈ ਕੇ ਖੇਸ ਉੱਤੇ।' ਲੋਰੀ ਦੀ ਤਰਜ਼ ਵਿਚ ਗਾਏ ਇਸ ਗੀਤ ਨੇ ਮੁਅਜਜ਼ਾ ਕਰ ਵਿਖਾਇਆ।

ਧਨੌਲਾ ਨੇੜੇ ਸੀ। ਗੁਰਦੁਆਰਾ ਕਟਾਰ ਸਾਹਿਬ ਕੋਲ ਪਹੁੰਚ ਕੇ ਉਸਨੇ ਫੇਰ ਜਾਗ ਜਾਣਾ ਸੀ। ਸਾਡੇ ਕੋਲ ਕੁਝ ਕਰ ਗੁਜ਼ਰਨ ਲਈ ਚੰਦ ਲਮਹੇ ਹੀ ਸਨ। ਅਸੀਂ ਇਕ ਪਲ ਵੀ ਨਾ ਗੁਆਇਆ। ਕੁਦਰਤ ਵੀ ਬਹੁੜੀ। ਕਰਨੀ ਰੱਬ ਦੀ, ਸਾਹਮਣਿਉਂ ਆਵੇ ਜਮਦੂਤ ਦਾ ਵਾਹਣ। ਸੱਪ ਵਾਂਗੂ ਮੇਲ੍ਹਦੀ ਪੰਜਾਬ ਰੋਡਵੇਜ਼ ਦੀ ਬੱਸ। ਆਵੇ ਧੂੜਾਂ ਪੁੱਟਦੀ, ਸਵਾਰੀਆਂ ਨੂੰ ਗ਼ਜ਼ ਗ਼ਜ਼ ਉੱਚਾ ਉਛਾਲਦੀ, ਸਪੀਡ ਦੀ ਹਿੱਕ ਚੀਰਦੀ ਬਾਂਕੀ ਹਠੀਲੀ ਨਾਰ। ਡਰਾਈਵਰ ਵੀ ਪੱਕਾ ਮਲਵਈ। ਨੱਬੇ ਮੀਲ ਵਾਲੀ ਚਾਹ ਅਤੇ ਮੋਰ ਦੇ ਆਂਡੇ ਜਿੱਡਾ ਮਾਵਾ ਉਸਦੇ ਅੰਦਰ, ਅੱਗੋਂ ਸਾਡਾ ਵੀ ਪੂਰਾ ਬੰਦੋਬਸਤ। ਦੋਨਾਂ ਪਾਸਿਆਂ ਤੋਂ ਰਣ ਤੱਤੇ ਵਿਚ ਭਿੜਨ ਦੇ ਚਾਅ ਮਿਉਣ ਨਾ ਸਰੀਰਾਂ ਵਿਚ। ਐਨ ਮੌਕੇ ਉੱਤੇ ਆ ਕੇ ਇਕ ਵਾਰੀ ਤਾਂ ਸਾਡਾ ਮਨ ਕੀਤਾ ਕਿ ਆਪਣੀ ਘਰਵਾਲੀ ਨੂੰ ਜਗਾ ਕੇ ਪਾਣੀ ਦਾ ਗਲਾਸ ਮੰਗੀਏ, ਪਰ ਹੁਣ ਖੇਡ ਸਾਡੇ ਹੱਥ ਵਿਚ ਨਹੀਂ ਸੀ। ਡਰਾਈਵਰ ਸੂਰਮਾ ਵੰਗਾਰ ਕਬੂਲ ਕਰ ਚੁੱਕਾ ਸੀ। ਉਸ ਦੇ ਡੌਲੇ ਜੋਸ਼ ਨਾਲ ਫਰਕੇ ਅਤੇ ਠਾਹ ਆ ਕੇ ਬੱਸ ਸਾਡੀ ਕਾਰ ਦੀ ਸੱਜੀ ਲਾਲਟੈਣ ਵਿਚ ਵੱਜੀ। ਇਉਂ ਪੂਰੀ ਹੋਈ ਸਾਡੀ ਚਾਲੀ ਸਾਲਾਂ ਤੋਂ ਸੁਲਗ ਰਹੀ ਤਮੰਨਾ। ਅਸੀਂ ਬਣੇ ਐਕਸੀਡੈਂਟਦਾਰ।

ਰਾਹ ਵਿੱਚੋਂ ਹੀ ਬਣਦੀ ਵੱਢੀ ਦੇ ਕੇ ਸਰਕਾਰੀ ਡਾਕਟਰ ਕੋਲੋਂ ਪ੍ਰਭਾਵਸ਼ਾਲੀ ਝੂਠਾ ਸਰਟੀਫ਼ਿਕੇਟ ਬਣਵਾ ਲਿਆ। ਘਰ ਪਹੁੰਚਦਿਆਂ ਵਧਾਅ ਚੜ੍ਹਾਅ ਕੇ ਸੱਟਾਂ ਆਦਿ ਦਾ ਵੇਰਵਾ ਚਾਰ ਵੱਡੇ ਪੰਨਿਆਂ ਉੱਤੇ ਸੁਨਹਿਰੀ ਲਫ਼ਜ਼ਾਂ ਵਿਚ ਉਕਰਿਆ। ਰਾਤੋ ਰਾਤ ਸੰਖੇਪ ਚਿੱਠੀ ਅਤੇ ਜਾਅਲੀ ਸਰਟੀਫ਼ਿਕੇਟ ਨਾਲ ਨੱਥੀ ਕੀਤਾ। ਦਿਨ ਚੜ੍ਹਨ ਤੋਂ ਪਹਿਲਾਂ ਇਹ ਦਸਤਾਵੇਜ਼ ਸਾਰੇ ਦੋਸਤਾਂ, ਰਿਸ਼ਤੇਦਾਰਾਂ, ਜਾਣਨ ਵਾਲਿਆਂ ਅਤੇ ਏਥੋਂ ਤਕ ਕਿ ਰੇਲ ਗੱਡੀ ਵਿਚ ਸਰਸਰੀ ਮਿਲੇ ਲੋਕਾਂ ਨੂੰ ਵੀ ਭੇਜ ਦਿੱਤਾ। ਪੰਜ ਰੁਪਈਏ ਜਾ ਦਿੱਤੇ ਡਾਕੀਏ ਨੂੰ। ਇਕ ਵਾਰ ਤਾਂ ਸਾਰਾ ਡੂੰਘਾ ਮਾਲਵਾ ਹਿੱਲ ਗਿਆ। ਸਾਡਾ ਪਿੰਡੋ ਪਿੰਡ ਸਨਮਾਨ ਹੋਇਆ। ਘਰੇ ਸਿਰੋਪਿਆਂ ਦੇ ਅੰਬਾਰ ਲੱਗ ਗਏ। ਕਈ ਥਾਈਂ ਪੁਲਿਸ ਦੀ ਨਫ਼ਰੀ ਨੇ ਸਾਨੂੰ ਸਲਾਮੀ ਦਿੱਤੀ। ਪਰ ਪਤਲੇ ਮਾਲਵੇ, ਮਾਝੇ, ਦੁਆਬੇ, ਪੁਆਧ ਰਿਆੜਕੀ ਦੇ ਕੰਨਾਂ ਉੱਤੇ ਜੂੰ ਵੀ ਨਾ ਸਰਕੀ। ਏਸ ਗੱਲ ਦਾ ਅਹਿਸਾਸ ਹੁੰਦਿਆਂ ਹੀ ਅਸੀਂ ਉਪਰਲਾ ਲੇਖ ਬਣਾਇਆ। ਰੱਬ ਨੇ ਭਲਾ ਕੀਤਾ ਤਾਂ, 'ਡਾਲੀ ਡਾਲੀ ਪੱਤਾ ਪੱਤਾ ਬਾਤ ਹਮਾਰੀ ਜਾਨੇਗਾ। ਗੁਲ ਜਾਨੇਗਾ, ਫੁੱਲ ਜਾਨੇਗਾ, ਜੜ੍ਹ, ਟਹਿਣੀ, ਕੰਡਾ ਜਾਨੇਗਾ।'

ਕਿਛੁ ਸੁਣੀਐ ਕਿਛੁ ਕਹੀਐ

ISBN 81-7205-266-9
9 788172 052669